| 1981-82 | .. | 25.00 ( —do— ) |

## ANNEXURE IV

**Punjab State Handloom and Textile Development Corporation Ltd.**

| Year | | Profit/Loss |
|---|---|---|
| 1 | | 2 |
| | | (Rs. in lacs) |
| 1976-77 | .. | Nil |
| 1977-78 | .. | Nil |
| 1978-79 | .. | (—)5.55 |
| 1979-80 | .. | (—)10.58 |
| 1980-81 | .. | (—)30.66 |
| 1981-82 | .. | Under finalisation |

Original with;
Punjab Vidhan Sabha
Digitized by;
Panjab Digital Library

## ANNEXURE V

### Punjab State Electronics Development and Production Corporation Limited

| Year | | Profit/Loss |
|---|---|---|
| 1 | | 2 |
| | | (Rs. in lacs) |
| 1976-77 | .. | (—)1.88 |
| 1977-78 | .. | (—)3.38 |
| 1978-79 | .. | (—)2.85 |
| 1979-80 | .. | (—)2.6 |
| 1980-81 | .. | (—)1.78 |
| 1981-82 | .. | Accounts not yet finalised |

## ANNEXURE VI

### Punjab State Hosiery and Knitwear Development Corporation Ltd.

| Year | | Profit/Loss | |
|---|---|---|---|
| 1 | | 2 | |
| Commercial operations commenced w.e.f. 1st August, 1980 | | (Rs in lacs) | |
| 1980-81 | .. | (—) 2.18 | Tentative |
| 1981-82 | .. | (—)15.81 | |

## ANNEXURE VII

### Goindwal Industrial and Investment Corporation Ltd.

| Amount of Profit/Loss earned since inception, year-wise |
|---|
| The Corporation was incorporated on 31st August, 1981. Accounts of the Corporation for the year 1981-82 are under finalisation. |

Original with;
Punjab Vidhan Sabha
Digitized by;
Panjab Digital Library

[Finance Minister

## ANNEXURE VIII

### Punjab State Leather Development Corporation Ltd.

Amount of Profit/Loss earned since inception, year-wise

The Corporation adopted its first financial year from 23rd February, 1981 to 30th June, 1982. Its accounts are in the process of finalisation.

## ANNEXURE IX

### Punjab Export Corporation

| Year | | Profit/loss |
|---|---|---|
| 1 | | 2 |
| | | (Rs. in lacs) |
| 1963-64 | .. | (–) 0.88 |
| 1964-65 | .. | (—) 2.13 |
| 1965-66 | .. | (+) 0.83 |
| 1966-67 | .. | (+) 1.41 |
| 1967-68 | .. | (—) 6.43 |
| 1968-69 | .. | (—) 1.66 |
| 1969-70 | .. | (—) 1.10 |
| 1970-71 | .. | (—) 1.25 |
| 1971-72 | .. | (—) 0.50 |
| 1972-73 | .. | (+) 0.13 |
| 1973-74 | .. | (+) 0.08 |
| 1974-75 | .. | (—) 0.56 |
| 1975-76 | .. | (—) 1.38 |
| 1976-77 | .. | (—) 6.38 |
| 1977-78 | .. | (—) 9.17 |
| 1978-79 (Tentative) | .. | (—) 11.86 |
| 1979-80 (Tentative) | .. | (—) 5.74 |
| 1980-81 (Tentative) | .. | (—) 5.82 |
| 1981-82 (upto 20th October, 1981) (Tentative) | .. | (—) 1.90 |

Original with;
Punjab Vidhan Sabha
Digitized by;
Panjab Digital Library

## ANNEXURE X

**Punjab State Seeds Corporation Limited.**

The amount of loss/profit earned since the inception, year-wise :

(Rs. in lacs)

| Year | Before Taxation | | After Taxation | |
|---|---|---|---|---|
| | Profit | Loss | Profit | Loss |
| 1 | 2 | 3 | 4 | 5 |
| 1976-77 (Audited) .. | 1.43 | — | 0.61 | — |
| 1977-78 (Audited) .. | 1.23 | — | 0.79 | — |
| 1978-79 (Audited) .. | 5.86 | — | 2.16 | — |
| 1979-80 (Tentative) .. | 6.46 | — | 2.56 | — |
| 1980-81 (Tentative) .. | 6.38 | — | 2.53 | — |
| 1981-82 (Tentative being placed in the next BOD meeting) .. | 1.49 | — | 0.63 | — |

## ANNEXURE XI

**Punjab Land Development and Reclamation Corporation Ltd.**

The amount of profit/loss earned since the inception, year-wise:

(Rs. in lacs)

| Financial year | Annual net Profit/loss before (+) (—) taxes |
|---|---|
| 1 | 2 |
| 1965-66 .. | (—) 5.28 |
| 1966-67 .. | 0.98 |
| 1967-68 .. | (—) 3.18 |
| 1968-69 .. | (—) 2.44 |
| 1969-70 .. | (—) 4.01 |
| 1970-71 .. | (—) 10.37 |
| 1971-72 .. | 0.82 |

Original with;
Punjab Vidhan Sabha
Digitized by;
Panjab Digital Library

[Finance Minister

| 1 | | 2 | |
|---|---|---|---|
| 1972-73 | .. | 1.04 | |
| 1973-74 | .. | 2.45 | |
| 1974-75 | .. | (—) 0.71 | |
| 1975-76 | .. | (—) 3.18 | |
| 1976-77 | .. | 3.13 | |
| 1977-78 | .. | 3.05 | |
| 1978-79 | .. | 0.15 | |
| 1979-80 | .. | 43.36 | (Un-audited) |
| 1980-81 | .. | 35-00 | (—do—) |
| 1981-82 | .. | 55-00 | (—do—) |

## ANNEXURE—XII

**Punjab Agro Industries Corporation Ltd.**

| Financial Year | | Profit/Loss | |
|---|---|---|---|
| 1 | | 2 | |
| | | (Rs. in lacs) | |
| 1966-67 | .. | (—) 0.13 | |
| 1967-68 | .. | (+) 4.99 | |
| 1968-69 | .. | (+) 5.02 | |
| 1969-70 | .. | (+) 9.93 | |
| 1970-71 | .. | (—) 7.79 | |
| 1971-72 | .. | (+) 2.65 | |
| 1972-73 | .. | (+) 17.84 | |
| 1973-74 | .. | (+) 50.00 | |
| 1974-75 | .. | (+) 2.36 | |
| 1975-76 | .. | (—) 59.35 | |
| 1976-77 | .. | (—) 33.52 | |
| 1977-78 | .. | (—) 15.38 | |
| 1978-79 | .. | (+) 96.69 | |
| 1979-80 | .. | (+) 19.68 | (Tentative) |
| 1980-81 | .. | (+) 4.96 | (Tentative) |
| 1981-82 | .. | (+) 14.18 | (Tentative) |

Original with;
Punjab Vidhan Sabha
Digitized by;
Panjab Digital Library

ANNEXURE XIII

**Punjab State Warehousing Corporation Ltd.**

Amount of Profit/Loss earned since inception, yearwise :—

| Year | | Loss | Profit |
|---|---|---|---|
| 1 | | 2 | 3 |
| | | | (Rs. in Lacs) |
| 1967-68 (1-11-67 to 31-3-68) | .. | — | 2.67 |
| 1968-69 | .. | — | 6.31 |
| 1969-70 | .. | — | 10.74 |
| 1970-71 | .. | — | 20.19 |
| 1971-72 | .. | — | 9.23 |
| 1972-73 | .. | — | 23.09 |
| 1973-74 | .. | — | 3.78 |
| 1974-75 | .. | — | 3.40 |
| 1975-76 | .. | — | 48.62 |
| 1976-77 | .. | — | 49.34 |
| 1977-78 | .. | — | 63.95 |
| 1978-79 | .. | — | 54.82 |
| 1979-80 | .. | — | 22.66 |
| 1980-81 | .. | — | 47.88 |
| 1981-82 | .. | — | 36.20 |

ANNEXURE XIV

**Punjab Horticulture Corporation Ltd.**

The Corporation did not commence its business upto 31st March, 1982.

Original with;
Punjab Vidhan Sabha
Digitized by;
Panjab Digital Library

[Finance Minister]

ANNEXURE XV

**Financial Working Results of Composite P.S.E.B.**

(Rs. in Lacs)

| Year | Income | Expenditure including interest | App. to general reserve | Total | Annual Net Profit/Loss | Commulative Profit | Commulative Loss |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| 1958-59 (1-2-59 to 31-3-59) .. | 103 | 98 | — | 98 | 10 Profit | 10 | — |
| 1959-60 .. | 726 | 764 | — | 764 | 38 Loss | — | 38 |
| 960-61 .. | 825 | 836 | — | 836 | 11 Loss | — | 49 |
| 1961-62 .. | 999 | 1,231 | — | 1,231 | 232 Loss | — | 281 |
| 1962-63 .. | 1,220 | 1,241 | — | 1,241 | 21 Loss | — | 302 |
| 1963-64 .. | 1,519 | 1,485 | 25 | 1,510 | 9 Profit | 19 | — |
| 1964-65 .. | 1,715 | 1,632 | 50 | 1,682 | 33 Profit | 52 | — |
| 1965-66 . | 1,983 | 1,909 | 59 | 1,968 | 15 Profit | 67 | — |
| 1966-67 .. | 2,366 | 2,144 | 64 | 2,208 | 158 Profit | 225 | — |
| 1967-68 (4/67) . | 125 | 393 | — | 393 | 268 Loss | — | 570 |

Original with;
Punjab Vidhan Sabha
Digitized by;
Panjab Digital Library

## ANNEXURE XV

### Punjab State Electricity Board

(Rs. in Lacs)

| Financial Year | | Profit/Loss | |
|---|---|---|---|
| 1 | | 2 | |
| 1967-68 | .. | 106.00 | Profit |
| 1968-69 | .. | 38.00 | Profit |
| 1969-70 | .. | 307.00 | Loss |
| 1970-71 | .. | 886.00 | Loss |
| 1971-72 | . | 999.00 | Loss |
| 1972-73 | | 1,381.00 | Loss |
| 1973-74 | .. | 1,665.00 | Loss |
| 1974-75 | .. | 1,998.00 | Loss |
| 1975-76 | .. | 1,373.00 | Loss |
| 1976-77 | .. | 1,372.00 | Loss |
| 1977-78 | .. | 792.00 | Loss |
| 1978-79 | .. | 1,531.00 | Profit |
| 1979-80 | .. | 2,163.00 | Profit |
| 1980-81 | .. | 1,373.00 | Profit |
| 1981-82 (Un-audited) | .. | 199.00 | Loss |

## ANNEXURE XVI

### Punjab State Tubewell Corporation Ltd.

The amount of loss sustained since the inception, year-wise :—

| Financial Year | | Rs. in lacs |
|---|---|---|
| 1 | | 2 |
| 1971-72 | .. | 3.01 |
| 1972-73 | .. | 4.97 |
| 1973-74 | .. | 8.04 |
| 1974-75 | .. | 47.33 |
| 1975-76 | .. | 63.43 |
| 1976-77 | .. | 112.04 |
| 1977-78 | .. | 118.97 |
| 1978-79 | .. | 115.64 |
| 1979-80 | .. | 128.94 |
| 1980-81 | .. | 134.60 |
| 1981-82 | | about 176.00 (Accounts not finalised) |

Original with;
Punjab Vidhan Sabha
Digitized by;
Panjab Digital Library

[Finance Minister

## ANNEXURE XVII

Punjab Scheduled Castes Land Development and Finance Corporation, Chandigarh

| The amount of profit earned since the inception, year-wise | Year | Net profit | | |
|---|---|---|---|---|
| | 1 | 2 | | |
| | | Rs. | | |
| | 1970-71 | 36,814.96 | | |
| | 1971-72 | 1,12,887.82 | | |
| | 1972-73 | 10,418.52 | | |
| | 1973-74 | 1,09,489.82 | | |
| | 1974-75 | 1,43,384.37 | | |
| | 1975-76 | 1,86,232.25 | | |
| | 1976-77 | 1,55,797.31 | | |
| | 1977-78 | 1,52,177.23 | | |
| | 1978-79 | 3,58.244,98 | | |
| | 1979-80 | 7,62,146.25 | (*) | Net profit shown for 1979-80 is based on the Balance-sheet submitted to Audit Office for audit the result of which is yet to be conveyed by the A. G. Punjab since the authenticated accounts for the year 1979-80 have not yet been conveyed to this Corporation. |
| | 1980-81 | 37,75,314.26 | (**) | As per un-audited Balance-Sheet. |
| | 1981-82 | 5,50,000.00 | (***) | Approx. |

Original with;
Punjab Vidhan Sabha
Digitized by;
Panjab Digital Library

## ANNEXURE XVIII

**Punjab Backward Classes Land Development and Finance Corporation**

The amount of loss sustained since the inception, year-wise :—

| Financial year | | Rs. in lacs |
|---|---|---|
| 1 | | 2 |
| 1976-77 | .. | 1.05 |
| 1977-78 | .. | 3.12 |
| 1978-79 | .. | 5.61 |
| 1979-80 | .. | 7.49 |
| 1980-81 | .. | 4.59 |
| 1981-82 | .. | 2.75 |
| Total | .. | 24.61 |

## ANNEXURE XIX

**Punjab Women and Children Development and Welfare Corporation**

Amount of Profit/ Loss earned since inception, yearwise

(Rs. in Lacs)

| Year | | Loss | Profit |
|---|---|---|---|
| 1 | | 2 | 3 |
| | | Rs. | Rs. |
| 1979-80 | .. | 0.67 | — |
| 1980-81 | .. | 2.92 | — |
| 1981-82 | .. | Not yet finalised | |

Original with;
Punjab Vidhan Sabha
Digitized by;
Panjab Digital Library

[Finance Minister]

ANNEXURE XX

**Punjab State Civil Supplies Corporation Limited**

| Year | Profit/Loss accrued to the Corporation. (Rs. in Lacs) | | |
|---|---|---|---|
| 1 | 2 | | |
| 1974-75 | (+) | 79 | |
| 1975-76 | (+) | 77 | |
| 1976-77 | (—) | 28 | These figures are provisional and are subject to audit. |
| 1977-78 | (—) | 230 | |
| 31.12.78 | (—) | 329 | |
| 31-12-79 | (+) | 540 | |
| 31-12-80 | (+) | 36 | |
| 31-12-81 | (+) | 48 | |

ANNEXURE XXI

Statement showing the amount of loss/profit earned by the Pepsu Road Transpart Corporation, Patiala since the inception, year-wise.

| Year of Account | Amount of profit earned | Amount of Loss sufferred |
|---|---|---|
| 1 | 2 | 3 |
| | Rs. | Rs. |
| 1956-57 | 3,61,078 | |
| 1957-58 | 9,84,296 | |
| 1958-59 | 8,79,113 | |
| 1959-60 | 10,02,655 | |
| 1960-61 | 13,45,703 | |
| 1961-62 | 18,64,123 | |
| 1962-63 | 21,69,085 | |
| 1963-64 | 2,57,041 | |
| Total | 88,63,094 | The Profit of Rs.88,63,094 was paid to State Govt. |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 1964-65 | | 13,96,244 |
| 1965-66 | | 2,49,643 |
| 1966-67 | | 21,63,035 |
| 1967-68 | | 2,63,824 |
| 1968-69 | 7,63,894 | |
| 1969-70 | 56,160 | |
| 1970-71 | 8,78,769 | |
| 1971-72 | 9,55,734 | |
| 1972-73 | | 61,98,050 |
| 1973 74 | | 20,11,760 |
| 1974-75 | | 94,01,873 |
| 1975-76 | | 1,65,41,019 |
| 1976-77 | | 2,11,29,490 |
| 1977-78 | | 1,79,72,017 |
| 1978-79 | | 1,33,02,520 |
| 1979-80 | | 2,20,91,850 |
| 1980-81 | | 5,98,07,759 |
| 1981-82 | | 8,08,46,423 |
| Total | 26,54,557 | 25,33,75,507 |

(The Loss figure for 81-82 is as per provisional Balance sheet and subject to Audit).

## ANNEXURE XXII

### Punjab Housing Development Board

The amount of Profit and Loss, year-wise, is as under :

(Rs. in Lacs)

| Financial Year | | Profit/Loss |
|---|---|---|
| 1 | | 2 |
| | | Rs. |
| 1973-74 | .. | 2.74 Loss |
| 1974-75 | .. | 4.28 Loss |
| 1975-76 | .. | 16.25 Profit |
| 1976-77 | .. | 18.02 Profit |
| 1977-78 | .. | 6.09 Profit |
| 1978-79 | .. | 12.73 Loss |
| 1979-80 | .. | 0.86 Profit |
| 1980-81 | (Tentative) | 62.89 Profit |

The Balance sheet for 1981-82 is yet to be prepared.

Original with;
Punjab Vidhan Sabha
Digitized by;
Panjab Digital Library

[Finance Minister]

## ANNEXURE XXIII

**Punjab Water-Supply and Sewerage Board**

Amount of Profit/Loss earned since inception, year-wise

(Rs. in Lacs)

| Year | | Loss | Profit |
|---|---|---|---|
| 1976-77 | .. | — | 0.73 |
| 1977-78 | .. | — | 14.03 |
| 1978-79 | .. | 12.30 | — |
| 1979-80 | .. | — | 24.92 |
| 1980-81 | .. | — | 4.24 |
| 1981-82 | .. | — | 45.35 |

## ANNEXURE XXIV

**Punjab Tourism Development Corpn. Ltd.**

Amount of Profit/Loss earned since inception, yearwise :—

(Rs. in lacs)

| Year | | Loss | Profit |
|---|---|---|---|
| 1979-80 | .. | 18,46,124 | — |
| 1980-81 | .. | 22,50,712 | |
| 1981-82 (Tentative) | .. | 7,00,000 | |

## ANNEXURE XXV

**Punjab Film and News Corporation Ltd.**

Amount of Profit/Loss earned since inception year-wise :—

(Rs. in lacs)

| Year | | Loss | | Profit |
|---|---|---|---|---|
| 1973-74 | .. | 2.14 | | — |
| 1974-75 | .. | 1.84 | | — |
| 1975-76 | .. | 3.15 | | — |
| 1976-77 | .. | 5.86 | | — |
| 1977-78 | .. | 9.93 | | — |
| 1978-79 | .. | 8.49 | | — |
| 1979-80 | .. | 10.04 | Tentative | — |
| 1980-81 | .. | 7.91 | Tentative | — |
| 1981-82 | .. | 8.05 | Tentative | — |
| Total | .. | 57.41 | | |

Original with;
Punjab Vidhan Sabha
Digitized by;
Panjab Digital Library

## ANNEXURE XXVI

**Punjab Poultry Development Corpn. Ltd.**

Amount of Profit/Loss earned since inception, year-wise :—

(Rs. in Lacs)

| Year | | Loss | Profit |
|---|---|---|---|
| 1964-65 | .. | 0.02 | — |
| 1965-66 | .. | — | 1.44 |
| 1966-67 | .. | — | 3.28 |
| 1967-68 | .. | — | 0.04 |
| 1968-69 | .. | — | 0.17 |
| 1969-70 | .. | — | 5.80 |
| 1970-71 | .. | — | 1.70 |
| 1971-72 | .. | — | 3.09 |
| 1972-73 | .. | — | 5.45 |
| 1973-74 | .. | — | 7.24 |
| 1974-75 | .. | — | 7.85 |
| 1975-76 | .. | 3.83 | — |
| 1976-77 | .. | — | 2.42 |
| 1977-78 | .. | — | 8.53 |
| 1978-79 | .. | 4.74 | — |
| 1979-80 | .. | 1.67 | — |
| 1980-81 | .. | — | 2.37 |
| 1981-82 | .. | Accounts are under preparation | |

Original with;
Punjab Vidhan Sabha
Digitized by;
Panjab Digital Library

[Finance Minister]

## ANNEXURE XXVII

### Punjab Dairy Development Corporation Ltd.

| Financial year | | Proft/Loss | |
|---|---|---|---|
| 1966-67 | .. | (—) 4.01 | |
| 1967-68 | .. | (—) 8.63 | |
| 1968-69 | .. | (—) 3.42 | |
| 1969-70 | .. | (+) 10.32 | |
| 1970-71 | .. | (+) 4.60 | |
| 1971-72 | .. | (—) 0.33 | |
| 1972-73 | .. | (—) 9.66 | |
| 1973-74 | .. | (+) 1.87 | |
| 1974-75 | .. | (—) 18.07 | |
| 1975-76 | .. | (—) 79.11 | |
| 1976-77 | .. | (—) 118.15 | |
| 1977-78 | .. | (—) 85.50 | Provisional subject to audit |
| 1 78-79 | .. | (+) 21.17 | |
| 1979-80 | .. | (+) 21.61 | |
| 1980-81 | .. | (+) 11.02 | |
| 1981-82 | .. | (—) 92.25 | |

## ANNEXURE XXVIII

### Punjab Ex-Servicemen Corporation Ltd.

Amount of Profit Loss earned since inception year-wise

Rs. in Lacs

| Year | | Loss | Profit |
|---|---|---|---|
| 1979-80 | .. | 1.89 | — |
| 1980-81 | .. | 2.46 | — |
| 1981-82 | .. | 2.46 | — |

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਇਕ ਲਿਸਟ ਦਿੱਤੀ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ 28 ਪਬਲਿਕ ਐਂਟਰਪ੍ਰਾਈਜ਼ਜ਼ ਹਨ । ਇਸ ਲਿਸਟ ਨੂੰ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ 26 ਪਬਲਿਕ ਅੰਡਰਟੇਕਿੰਗ ਐਸੀਆਂ ਹਨ ਜਿਨ੍ਹਾਂ ਵਿੱਚ 116 ਕਰੋੜ ਰੁਪਏ ਦਾ ਘਾਟਾ ਹੋ ਚੁਕਾ ਹੈ। ਇਸ ਵੇਲੇ ਤਕ ਪੰਜਾਬ ਸਟੇਟ ਐਲਕਟ੍ਰੀ-

Original with;
Punjab Vidhan Sabha
Digitized by;
Panjab Digital Library

ਸਿਟੀ ਬੋਰਡ ਵਿੱਚ 77 ਕਰੋੜ ਰੁਪਏ, ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ ਵਿੱਚ 9 ਕਰੋੜ ਰੁਪਏ, ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ 25 ਕਰੋੜ ਦਾ ਘਾਟਾ ਹੋਇਆ ਹੈ । ਪੰਜਾਬ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੂੰ ਦੋ ਕਰੋੜ ਦੇ ਕਰੀਬ ਘਾਟਾ ਹੋਇਆ ਹੈ। ਇਹ ਜਿਹੜਾ ਅਣਗਿਣਤ ਲਾਸ ਕਾਰਪੋਰੇਸ਼ਨਾਂ ਦੀ ਮਾਰਫ਼ਤ ਹੋ ਰਿਹਾ ਹੈ ਔਰ ਸਟੇਟ ਐਕਸ-ਚੈਕਰ ਤੇ ਬੋਝ ਪੈ ਰਿਹਾ ਹੈ, ਕੀ ਇਸ ਦੇ ਬਾਰੇ ਸਰਕਾਰ ਨੇ ਕੋਈ ਕਿਸੇ ਕਿਸਮ ਦਾ ਰਸਤਾ ਇਖਤਿਆਰ ਕੀਤਾ ਹੈ, ਜਿਸ ਨਾਲ ਲਾਸਿਜ਼ ਘਟ ਸਕਣ ਜਾਂ ਕਾਰਪੋਰੇਸ਼ਨਾਂ ਜਿਨ੍ਹਾਂ ਵਿਚ ਘਾਟਾ ਪੈਂਦਾ ਹੈ ਉਨ੍ਹਾਂ ਨੂੰ ਬੰਦ ਕਰਨ ਬਾਰੇ ਸੋਚਿਆ ।

ਮੰਤਰੀ :ਪੰਜਾਬ ਸਰਕਾਰ ਇਸ ਗਲ ਤੋਂ ਜਾਣੂ ਹੈ ਕਿ 28 ਕਾਰਪੋਰੇਸ਼ਨਾਂ ਵਿਚੋਂ ਸਾਰੀਆਂ ਹੀ ਘਾਟ ਵਿਚ ਨਹੀਂ ਜਾਂਦੀਆਂ । 28 ਵਿਚੋਂ ਕੁਝ ਐਸੀਆਂ ਕਾਰਪੋਰੇਸ਼ਨਾਂ ਵੀ ਹਨ ਜੋ ਫਾਇਦੇ ਵਿਚ ਜਾਂਦੀਆਂ ਹਨ । ਪਹਿਲਾਂ ਸਿਰਫ ਦਸ ਐਸੀਆਂ ਸਨ ਜਿਹੜੀਆਂ ਪ੍ਰਾਫਿਟ ਵਿਚ ਜਾਂਦੀਆਂ ਸਨ । ਪਰ ਪੰਜਾਬ ਗੌਰਮਿੰਟ ਦੇ ਸਟੈਪਸ ਲੈਣ ਨਾਲ, ਇਨਸ-ਟਰੱਕਸ਼ਨਾਂ ਦੇਣ ਨਾਲ 28 ਵਿਚੋਂ 13 ਫਾਇਦੇ ਵਿਚ ਜਾਂਦੀਆਂ ਹਨ ਔਰ ਪੰਦਰਾਂ ਵਿਚ ਥੋੜ੍ਹਾ ਥੋੜ੍ਹਾ ਲਾਸ ਹੈ । ਲੇਕਿਨ ਤਿੰਨ ਕਾਰਪੋਰੇਸ਼ਨਾਂ ਇਨ੍ਹਾਂ ਵਿਚ ਇਨਕਲੂਡ ਨਹੀਂ ਹਨ ਪੀ. ਆਰ. ਟੀ. ਸੀ., ਪੰਜਾਬ ਸਟੇਟ ਇਲੈਕਟ੍ਰਿਕਸਿਟੀ ਬੋਰਡ ਔਰ ਟਿਊਬਵੈਲਜ਼ ਕਾਰਪੋਰੇਸ਼ਨ ਇਨ੍ਹਾਂ ਤਿੰਨਾਂ ਕਾਰਪੋਰੇਸ਼ਨ ਵਿਚ ਕਾਫੀ ਘਾਟਾ ਹੈ । 25 ਕਰੋੜ ਪੀ. ਆਰ. ਟੀ.ਸੀ. 54 ਕਰੋੜ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਔਰ 9 ਕਰੋੜ 12 ਲੱਖ ਪੰਜਾਬ ਸਟੇਟ ਟਿਊਬਵੈਲਜ਼ ਕਾਰਪੋਰੇਸ਼ਨ ਨੂੰ ਘਾਟਾ ਪਿਆ ਹੈ । ਸਪੀਕਰ ਸਾਹਿਬ, ਇਹ ਘਾਟਾ ਕਾਫੀ ਦੇਰ ਤੋਂ ਪੈ ਰਿਹਾ ਹੈ ਔਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਘਾਟੇ ਨੂੰ ਹੋਰ ਘੱਟ ਕੀਤਾ ਜਾਵੇ । ਲੇਕਿਨ ਮੈਂ ਇਹ ਜ਼ਿਕਰ ਜ਼ਰੂਰ ਕਰਾਂਗਾ ਕਿ ਕਾਰਪੋਰੇਸ਼ਨਾਂ ਜਾਂ ਬੋਰਡ ਸੈੱਟ ਅੱਪ ਕਰਨ ਦਾ ਮਕਸਦ ਨਫਾ ਕਮਾਉਣ ਜਾਂ ਉਨ੍ਹਾਂ ਨੂੰ ਕਮਰਸ਼ਿਅਲ ਲਾਈਨਜ਼ ਤੇ ਚਲਾਉਣ ਦਾ ਨਹੀਂ ਹੁੰਦਾ ਬਲਕਿ ਮਕਸਦ ਇਹ ਹੁੰਦਾ ਹੈ ਕਿ ਲੋਕਾਂ ਦੀ ਸੇਵਾ ਚੰਗੇ ਢੰਗ ਨਾਲ ਹੋ ਸਕੇ, ਦੇਸ਼ ਲਈ ਪ੍ਰੋਡਕਸ਼ਨ ਵਧਾਈ ਜਾ ਸਕੇ ।

ਸਪੀਕਰ ਸਾਹਿਬ, ਮੌਜੂਦਾ ਪੰਜਾਬ ਸਰਕਾਰ ਨੇ ਜਦੋਂ ਸੰਨ 1980 ਵਿਚ ਚਾਰਜ ਸੰਭਾਲਿਆ ਉਸ ਸਮੇਂ ਤੋਂ ਹੁਣ ਤਕ ਲਾਸਿਜ਼ ਘੱਟੇ ਹਨ। ਸੰਨ 1979-80 ਵਿਚ 3 ਕਰੋੜ 80 ਲੱਖ ਦਾ ਘਾਟਾ ਸੀ, ਜਿਹੜਾ ਸੰਨ 1980-81 ਵਿਚ ਘਟ ਕੇ 80 ਲੱਖ 82 ਹਜ਼ਾਰ ਹੋ ਗਿਆ । ਇਹ ਇਨ੍ਹਾਂ ਤਿੰਨਾ ਕਾਰਪੋਰੇਸ਼ਨਾਂ ਨੂੰ ਛਡ ਕੇ ਸੀ। ਸੰਨ 1981-82 ਵਿਚ ਇਹ ਘਾਟਾ 37,97,000 ਰੁਪਏ ਰਹਿ ਗਿਆ । ਉਨ੍ਹਾਂ ਤਿੰਨਾਂ ਅਦਾਰਿਆਂ ਨੂੰ ਇਸ ਵਿਚੋਂ ਐਕਸਕਲੂਡ ਕੀਤਾ ਹੈ । ਸੋ ਸਪੀਕਰ ਸਾਹਿਬ, ਤਿੰਨ ਕਰੋੜ ਤੋਂ ਘਾਟਾ 37 ਲੱਖ ਤੱਕ ਲੈ ਆਂਦਾ ਹੈ । ਇਸ ਦੀ ਵਜ੍ਹਾ ਇਹ ਹੈ ਕਿ ਸਮੇਂ ਸਮੇਂ ਤੇ ਚੈਕਿੰਗ ਕੀਤੀ ਹੈ । ਸੰਨ 1980 ਤੋਂ 1982 ਤਕ ਇਨਸਟਰੱਕਸ਼ਨਜ਼ ਦਿੱਤੀਆਂ ਔਰ ਇਨਸਟਰੱਕਸ਼ਨਜ਼ ਇਸ ਤਰ੍ਹਾਂ ਦੀਆਂ ਦਿੱਤੀਆਂ ਕਿ ਆਫੀਸਰਜ਼ ਆਪਣੇ ਖਰਚੇ ਸਰਕਾਰੀ ਅਫਸਰਾਂ ਦੇ ਮੁਤਾਬਕ ਕਾਰਪੋਰੇਸ਼ਨ ਦੇ ਮੁਤਾਬਿਕ ਹੀ ਕਰਨ ਔਰ ਆਪਣੇ ਬਜਟ ਵਿਚੋਂ ਹੀ ਕਰਨ, ਆਪਣੇ ਬਜਟ ਵਕਤ ਸਿਰ ਬਨਾਉਣ ਔਰ ਵਕਤ ਸਿਰ ਪਾਸ ਕਰਾਉਣ । ਇਹ 8 ਕਿਸਮ ਦੀਆਂ ਇਨਸਟਰੱਸ਼ਨਾਂ ਦਾ ਅਸਰ ਹੈ ਕਿ ਅਸੀਂ ਘਾਟੇ ਨੂੰ ਘੱਟ ਕਰਨ ਵਿਚ ਕਾਮਯਾਬ ਹੋਏ ਹਾਂ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਤਫਸੀਲ ਦੱਸੀ ਹੈ। ਇਹ ਤਿੰਨ ਚਾਰ ਕਾਰਪੋਰੇਸ਼ਨਾਂ ਐਸੀਆਂ ਵੇਖਣਗੇ ਕਿ ਜਿਨ੍ਹਾਂ ਵਿਚ ਚਾਰ ਸਾਲ ਘਾਟਾ ਪੈਂਦਾ ਹੈ ਫਿਰ ਦੋ ਸਾਲ ਨਫਾ ਹੋ ਜਾਂਦਾ ਹੈ, ਫਿਰ ਚਾਰ ਸਾਲ ਘਾਟਾ ਪੈ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਦਾ ਕਾਰਣ ਇਹ ਵੀ ਹੈ ਕਿ ਜਿਹੜੇ ਆਈ. ਏ. ਐਸ. ਅਫਸਰ ਹਨ, ਜਾਂ ਪੀ. ਸੀ. ਐਸ. ਅਫਸਰ ਹਨ ਉਹ ਫ਼ਰੀਕੁਐਂਟਲੀ ਟਰਾਂਸਫਰ ਕਰ ਦਿੱਤੇ ਜਾਂਦੇ ਹਨ ਔਰ ਐਮ. ਡੀ. ਜਾਂ ਹੋਰ ਅਫਸਰ ਐਕਸਪਰਟ ਨਹੀਂ ਲਗਾਏ ਜਾਂਦੇ। ਕੀ ਇਹ ਸਾਰੇ ਢਾਂਚੇ ਨੂੰ ਵੇਖਣ ਵਾਸਤੇ ਕੋਈ ਕਿਸੇ ਕਿਸਮ ਦੀ ਐਕਸਪਰਟ ਕਮੇਟੀ ਬਨਾਉਣਗੇ ਤਾਂਕਿ ਸਾਰੇ ਢਾਂਚੇ ਨੂੰ ਦਰੁਸਤ ਕੀਤਾ ਜਾ ਸਕੇ ?

**ਮੰਤਰੀ:** ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪੀ. ਆਰ. ਟੀ. ਸੀ., ਦੇ ਵਾਸਤੇ ਖਾਸ ਤੌਰ ਤੇ ਇਕ ਕਮੇਟੀ ਬਣਾ ਦਿੱਤੀ ਹੈ ਔਰ ਉਸ ਕਮੇਟੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਜੋ ਕੁਝ ਐਮ. ਐਲ. ਏ. ਸਾਹਿਬ ਨੇ ਫਰਮਾਇਆ ਹੈ, ਉਸ ਦੇ ਬਾਰੇ ਮੈਂ ਕਹਿਣਾ ਚਾਹਵਾਂਗਾ ਕਿ ਮਹਿਕਮੇ ਨੂੰ ਇਸਟਰੱਕਸ਼ਨਜ਼ ਦਿੱਤੀਆ ਹੋਈਆਂ ਹਨ ਔਰ ਉਨ੍ਹਾ ਨੂੰ ਰੀਵਿਊ ਕੀਤਾ ਜਾਂਦਾ ਹੈ। ਅਫਸਰਾਂ ਵਲੋਂ ਔਰ ਮਨਿਸਟਰ ਕਨਸਰਨਡ ਵਲੋਂ ਖੁਦ ਦਿਲਚਸਪੀ ਲੈ ਕੇ ਵੇਖਿਆ ਜਾਂਦਾ ਹੈ। ਇਹ ਵੀ ਵਜ੍ਹਾ ਹੈ ਕਿ ਘਾਟਾ 3 ਕਰੋੜ ਤੋਂ ਘਟ ਕੇ 37 ਲੱਖ ਰਹਿ ਗਿਆ ਹੈ।

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਆਈ. ਐਮ. ਐਫ. ਤੋਂ ਪੰਜਾਬ ਸਰਕਾਰ ਨੇ ਕਰਜ਼ਾ ਲਿਆ ਹੈ ਔਰ ਉਸ ਵਿਚ ਇਹ ਸ਼ਰਤ ਹੈ ਕਿ ਘਾਟਾ ਕਿਸ ਤਰ੍ਹਾਂ ਨਾਲ ਪੂਰਾ ਕਰਨਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਤਾਂ ਨਹੀਂ ਹੋਵੇਗਾ ਕਿ ਘਾਟੇ ਨੂੰ ਪੂਰਾ ਕਰਨ ਲਈ ਲੋਕਾਂ ਤੇ ਟੈਕਸ ਲਗਾਏ ਜਾਣਗੇ ?

**ਮੰਤਰੀ:** ਕੋਈ ਇਸ ਤਰ੍ਹਾਂ ਦੀ ਤਜ਼ਵੀਜ਼ ਨਹੀਂ ਹੈ ਜੀ।

**ਸ੍ਰੀ ਸੁਰਿੰਦਰ ਕਪੂਰ:** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੀ. ਐਸ. ਆਈ. ਡੀ. ਸੀ. ਵਲੋਂ ਕਿਨ੍ਹਾਂ ਹਾਲਾਤ ਹੇਠ ਪੰਜਾਬ ਸਪਿਨਿੰਗ ਐਂਡ ਵੀਵਿੰਗ ਮਿੱਲ, ਬਠਿੰਡਾ ਵੇਚੀ ਗਈ ਹੈ ਔਰ ਕੀ ਉਸ ਦੀ ਪੂਰੀ ਕੀਮਤ ਵਸੂਲ ਕੀਤੀ ਗਈ ਹੈ ?

**ਮੰਤਰੀ:** ਸਪੀਕਰ ਸਾਹਿਬ, ਇਸ ਦੇ ਵਾਸਤੇ ਸੈਪਰੇਟ ਨੋਟਿਸ ਚਾਹੀਦਾ ਹੈ ਜੀ।

**ਕਾਮਰੇਡ ਬਲਦੇਵ ਸਿੰਘ ਲੂੰਬਾ:** ਸਪੀਕਰ ਸਾਹਿਬ, ਸਰਕਾਰ ਨੇ ਬਿਜਲੀ ਬੋਰਡ ਦੇ 55 ਕਰੋੜ ਦੇ ਘਾਟੇ ਨੂੰ ਪੂਰਾ ਕਰਨ ਲਈ ਕੁਝ ਉਪਰਾਲੇ ਕੀਤੇ ਹੋਣਗੇ। ਇਸ ਲਈ ਉਹ ਉਪਰਾਲੇ ਹਾਊਸ ਨੂੰ ਦੱਸਣੇ ਚਾਹੀਦੇ ਹਨ। ਦੂਜੇ ਇਨ੍ਹਾਂ ਦੇ ਨਾਲਿਜ ਵਿਚ ਕੀ ਇਹ ਚੀਜ਼ ਹੈ ਕਿ ਬਿਜਲੀ ਦੀਆਂ ਤਾਰਾਂ ਨੂੰ ਉਪਰ ਕੁੰਡੀਆਂ ਲਗਾ ਕੇ ਬਿਜਲੀ ਦੇ ਘਾਟੇ ਨੂੰ ਜ਼ਿਆਦਾ ਕੀਤਾ ਜਾ ਰਿਹਾ ਹੈ ਔਰ ਇਸ ਤਰ੍ਹਾਂ ਨਾਲ ਇਲ-ਲੀਗਲ ਘਾਟਾ ਵੀ ਪੈ ਰਿਹਾ ਹੈ ? ਕੀ ਇਹ ਇਲ-ਲੀਗਲ ਘਾਟੇ ਨੂੰ ਲੀਗਲ ਡਿਕਲੇਅਰ ਕਰ ਦੇਣਗੇ ਤਾ ਕਿ ਬਿਜਲੀ ਬੋਰਡ ਦੇ ਘਾਟੇ ਦਾ ਕੁਝ ਹਿੱਸਾ ਪੂਰਾ ਹੋ ਜਾਵੇ ?

**ਮੰਤਰੀ:** ਸਪੀਕਰ ਸਾਹਿਬ, ਜੇਕਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਇਸ ਤਰ੍ਹਾਂ ਦਾ ਕੇਸ ਹੈ ਤਾਂ ਇਹ ਇਨਫਰਮੇਸ਼ਨ ਦੇ ਦੇਣ। ਲੇਕਿਨ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਪਿਛਲੇ ਸਾਲ ਔਰ ਇਸ ਸਾਲ ਫਾਰਮਰਜ਼ ਨੂੰ ਜਿਤਨੀ ਬਿਜਲੀ ਦੀ ਜ਼ਰੂਰਤ ਮਹਿਸੂਸ ਹੋਣੀ ਉਤਨੀ ਪੂਰੀ ਕੀਤੀ ਹੈ। ਪੰਜਾਬ ਸਰਕਾਰ ਨੂੰ ਇਸ ਗੱਲ ਦਾ ਫਖਰ ਹੈ ਕਿ ਉਹ ਜ਼ਰੂਰਤ ਇਸ ਨੇ ਪੂਰੀ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਹਿੰਦੋਸਤਾਨ ਨੂੰ ਹੋਰ ਅਨਾਜ ਮਿਲਿਆ ਹੈ। ਅਸੀਂ ਆਪਣੇ ਫਾਰਮਰਜ਼ ਨੂੰ ਹੋਰ ਤਕੜਾ ਕਰਨਾ ਚਾਹੁੰਦੇ ਹਾਂ। ਪੰਜਾਬ ਸਟੇਟ ਇਲੈਕਟ੍ਰਿਕਸਿਟੀ ਬੋਰਡ ਨੂੰ ਚਾਹੇ ਘਾਟਾ ਪੈਂਦਾ ਹੈ ਔਰ ਉਹ ਘਾਟਾ ਵੀ ਜ਼ਿਆਦਾ ਇਸ ਕਰਕੇ ਪੈਂਦਾ ਹੈ ਕਿ ਅਸੀਂ ਫਾਰਮਰਜ਼ ਨੂੰ ਫਲੈਟ ਰੇਟ ਤੇ ਬਿਜਲੀ ਦਿੰਦੇ ਹਾਂ। ਇਸ ਤਰ੍ਹਾਂ ਨਾਲ 90 ਕਰੋੜ ਦਾ ਘਾਟਾ ਵੀ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਨੂੰ ਪਿਛਲੇ ਸਾਲ ਬਰਦਾਸ਼ਤ ਕਰਨਾ ਪਿਆ ਸੀ। ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟ੍ਰਿਅਲਿਸਟਿਸ ਦੀ ਜਾਂ ਫਾਰ-ਮਰਜ਼ ਦੀ ਹੈਲਪ ਕਰਨ ਦੀ ਲੋੜ ਹੈ। ਨੇਸ਼ਨ ਦੀ ਸੇਵਾ ਕਰਨ ਵਾਸਤੇ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਨੂੰ ਕੁਝ ਘਾਟਾ ਵੀ ਬਰਦਾਸ਼ਤ ਕਰਨਾ ਪਵੇ ਤਾਂ ਉਸ ਦੇ ਵਾਸਤੇ ਵੀ ਪੰਜਾਬ ਗੌਰਮਿੰਟ ਹਿਚਕਚਾਏਗੀ ਨਹੀਂ।

ਸਪੀਕਰ ਸਾਹਿਬ ਜਿੱਥੋਂ ਤੱਕ ਲਾਈਨ ਲਾਸਿਜ਼, ਚੋਰੀ ਜਾਂ ਮਿਸਮੈਨੇਜਮੈਂਟ ਜਾਂ ਦੂਸਰੀਆਂ ਚੀਜ਼ਾਂ ਦਾ ਸਵਾਲ ਹੈ, ਪੰਜਾਬ ਸਰਕਾਰ ਦੇ ਇਹ ਨੋਟਿਸ ਵਿਚ ਹੈ ਔਰ ਪੰਜਾਬ ਸਰਕਾਰ ਇਸ ਦੇ ਵਾਸਤੇ ਸਤੱਰਕ ਹੈ। ਮੈਨੂੰ ਖੁਸ਼ੀ ਹੈ ਕਿ ਪਿਛਲੇ ਸਾਲ ਲਾਈਨ ਲਾਸਿਜ਼ 20% ਤੋਂ ਘੱਟ ਕੇ 18% ਰਹਿ ਗਏ ਹਨ ਔਰ ਚੋਰੀਆਂ ਵੀ ਕਾਫੀ ਪਕੜੀਆਂ ਗਈਆਂ ਹਨ। ਦੂਸਰੇ ਜੇਕਰ ਇਹ ਚੋਰੀ ਵਗੈਰਾ ਸਬੰਧੀ ਇਨਫਰਮੇਸ਼ਨ ਦੇਣ ਤਾਂ ਪੰਜਾਬ ਸਰਕਾਰ ਐਕਸ਼ਨ ਲਵੇਗੀ ਔਰ ਜੋ ਇਸ ਤਰ੍ਹਾਂ ਦੇ ਤਰੀਕੇ ਨਾਲ ਘਾਟਾ ਪੈਂਦਾ ਹੈ, ਉਸ ਨੂੰ ਦੂਰ ਕੀਤਾ ਜਾਵੇਗਾ।

**ਸ਼੍ਰੀ ਪਿਆਰਾ ਰਾਮ ਧਨੋਵਾਲੀਆ:** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 55 ਕਰੋੜ ਬਿਜਲੀ ਬੋਰਡ ਨੂੰ ਘਾਟਾ ਪੈਂਦਾ ਹੈ। ਇਹ ਵੀ ਠੀਕ ਹੈ ਕਿ ਅਸੀਂ ਕਿਸਾਨਾਂ ਨੂੰ ਘੱਟ ਰੇਟ ਤੇ ਬਿਜਲੀ ਦਿੰਦੇ ਹਾਂ। ਇਸ ਨਾਲ ਵੀ ਘਾਟਾ ਪੈਣਾ ਸੰਭਵ ਹੈ। ਪਰ ਪੀ. ਆਰ. ਟੀ. ਸੀ. ਦਾ ਘਾਟਾ ਬਦਸਤੂਰ ਹਰ ਸਾਲ ਵੱਧਦਾ ਜਾ ਰਿਹਾ ਹੈ। ਹੁਣ 25 ਕਰੋੜ ਵਜ਼ੀਰ ਸਾਹਿਬ ਨੇ ਦੱਸਿਆ ਹੈ। ਇਨ੍ਹਾਂ ਨੇ ਦੱਸਿਆ ਹੈ ਕਿ ਕੁਝ ਮਈਅਰਜ਼ ਅਡਾਪਟ ਕੀਤੇ ਸਨ। ਇਸ ਲਈ ਇਹ ਸਿਰਫ ਪੀ. ਆਰ. ਟੀ. ਸੀ. ਬਾਰੇ ਹੀ ਦੱਸ ਦੇਣ ਕੀ ਕੀ ਮਈਅਰਜ਼ ਲਏ ਗਏ ਹਨ ਅਤੇ ਜਾਂਚ ਲਈ ਕਿਹੜੀ ਕਮੇਟੀ ਬਣਾਈ ਗਈ ਹੈ ?

**Minister ;** The State Government has constituted a Committee comprising the Chief Secretary to Government, Punjab, Financial Commissioner Development, Finance Secretary, Secretary Industries, Private Secretary to Chief Minister and experts which the Committee may like to co-opt from the pool of officers.

ਇਹ ਸਾਰਾ ਕੁਝ ਹੋ ਚੁਕਿਆ ਹੈ ਔਰ ਉਹ ਕਮੇਟੀ ਜਿਹੜੀ ਹੈ ਇਹ ਪੰਜਾਬ ਸਟੇਟ ਵਿਚ ਪੀ. ਆਰ. ਟੀ. ਸੀ. ਦੇ ਕੰਮ ਦਾ ਜਾਇਜ਼ਾ ਲਵੇਗੀ ਔਰ ਜੋ ਕਮੀ ਵੇਖੇਗੀ ਉਸ ਨੂੰ ਦੂਰ ਕਰਨ ਦੀ ਸਫਾਰਸ਼ ਕਰੇਗੀ ਜਿਸ ਤੇ ਪੰਜਾਬ ਸਰਕਾਰ ਜ਼ਰੂਰ ਅਮਲ ਕਰੇਗੀ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿਘ:** ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਇਨ੍ਹਾਂ ਬੱਸਾਂ ਦੇ ਕਰਾਏ ਵਧਾਏ ਸਨ ਅਤੇ ਇਕ ਰੈਜ਼ੋਲਿਊਸ਼ਨ ਵੀ ਲਿਆਂਦਾ ਸੀ ਕਿ ਟ੍ਰਾਂਸਪੋਰਟ ਦਾ ਸਰਕਾਰੀਕਰਨ ਕਰਨਾ ਹੈ । ਪਰ ਅੱਜ ਉਸ ਦੇ ਬਾਵਜੂਦ ਵੀ 25 ਕਰੋੜ ਦਾ ਘਾਟਾ ਹੈ । ਕੀ ਹੁਣ ਇਹ ਸਰਕਾਰ ਟਾਂਸਪੋਰਟ ਦਾ ਜਲਦੀ ਸਰਕਾਰੀ ਕਰਨ ਕਰੇਗੀ ।

**ਮੰਤਰੀ:** ਸਪੀਕਰ ਸਾਹਿਬ, ਐਮ. ਐਲ. ਏ. ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਰਕਾਰ ਦੇ ਜਿਹੜੇ ਅਦਾਰੇ ਹੁੰਦੇ ਹਨ, ਉਹ ਸਿਰਫ਼ ਕਮਾਈ ਵਾਸਤੇ ਨਹੀਂ ਬਣਾਏ ਜਾਂਦੇ । ਸਰਕਾਰ ਚਾਹੁੰਦੀ ਹੈ ਕਿ ਪੰਜਾਬ ਰੋਡਵੇਜ ਜਾਂ ਪੈਪਸੂ ਰੋਡਵੇਜ਼ ਦੀਆਂ ਬੱਸਾਂ ਪਿੰਡਾਂ ਵਿਚ ਜਾਣ ਔਰ ਜਿਥੇ 4 ਸਵਾਰੀਆਂ ਵੀ ਹੋਣ ਉਹ ਵੀ ਚੁੱਕਣ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਸਰਕਾਰੀ ਅਦਾਰੇ ਲੋਕਾਂ ਦੀਆਂ ਸਹੂਲਤਾਂ ਵਾਸਤੇ ਬਣਾਏ ਜਾਂਦੇ ਹਨ, ਨਾਂ ਕਿ ਮੁਨਾਫਾ ਕਮਾਉਣ ਲਈ। ਬਾਕੀ ਮੈਂ ਇਹ ਕਹਿਣਾ ਚਾਹਵਾਂਗਾ ਕਿ ਜਿਥੇ ਗਲਤ ਤੌਰ ਤੇ ਘਾਟਾ ਪੈਂਦਾ ਹੈ ਉਸ ਨੂੰ ਅਸੀਂ ਰੋਕਣ ਦਾ ਪ੍ਰਬੰਧ ਕਰਦੇ ਹਾਂ ਔਰ ਜਿਥੇ ਲੋਕਾਂ ਨੂੰ ਸਹੂਲਤ ਮਿਲਦੀ ਹੈ ਉਥੇ ਖਰਚ ਵੀ ਪੂਰਾ ਕਰਦੇ ਹਾਂ ।

**ਪ੍ਰੋਫੈਸਰ ਬਲਵੰਤ ਸਿੰਘ:** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ।

**ਮੰਤਰੀ:** ਇਹ ਪੰਜਾਬ ਦੇ ਲੋਕਾਂ ਨਾਲ ਮਜ਼ਾਕ ਕਰਦੇ ਹਨ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ:** ਸਪੀਕਰ ਸਾਹਿਬ, ਲਾਇਨ ਲਾਸਿਜ਼ ਨੂੰ ਡਿਟੈਕਟ ਕਰਨ ਵਾਸਤੇ ਕੀ ਸਰਕਾਰ ਕੋਈ ਅਜਿਹਾ ਪ੍ਰਬੰਧ ਕਰੇਗੀ ਜਿਸ ਤੋਂ ਇਹ ਪਤਾ ਲਗ ਸਕੇ ਕਿ ਜਿਸ ਵੇਲੇ ਬਿਜਲੀ ਕਿਸੇ ਇੰਡਸਟਰੀਅਲ ਟਾਊਨ ਵਿਚ ਐਂਟਰ ਕਰੇ ਉਹ ਵੀ ਮੀਟਰ ਹੋ ਜਾਵੇ ਔਰ ਜਿਸ ਵੇਲੇ ਇੰਡਸਟਰੀ ਨੂੰ ਮਿਲੇ ਉਹ ਵੀ ਮੀਟਰ ਹੋਵੇ ਤਾਕਿ ਬਾਅਦ ਵਿਚ ਕੰਪੈਰੇਜ਼ਨ ਕਰਕੇ ਪਤਾ ਲਗ ਸਕੇ ਕਿ ਲਾਇਨ ਲਾਸਿਜ਼ ਕਿਥੇ ਔਰ ਕਿੰਨੇ ਹੋਏ ਹਨ ।

**ਮੰਤਰੀ:** ਸੁਝਾਵ ਚੰਗਾ ਹੈ, ਵਿਚਾਰ ਕੀਤਾ ਜਾ ਸਕਦਾ ਹੈ ।

**ਸਰਦਾਰ ਬੀਰਦਵਿੰਦਰ ਸਿੰਘ:** ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਵਿੱਤ ਮੰਤਰੀ ਸਾਹਿਬ, ਪੀ. ਆਰ. ਟੀ. ਸੀ. ਦੇ ਲਾਸਿਜ ਨੂੰ ਜਸਟੀਫਾਈ ਕਰ ਰਹੇ ਹਨ ਅਤੇ ਦੂਜੇ ਪਾਸੇ ਕਮੇਟੀ ਕਾਂਸਟੀਚਿਊਟ ਕਰ ਦਿੱਤੀ ਹੈ ਲਾਸਿਜ ਨੂੰ ਖਤਮ ਕਰਨ ਲਈ । ਕੀ ਇਨ੍ਹਾਂ ਦੋਨਾਂ ਗਲਾਂ ਵਿਚ ਫਰਕ ਨਹੀਂ ਹੈ ।

ਮੰਤਰੀ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ, ਮੇਰੀ ਗਲ ਦਾ ਸਿਰਫ ਇਕ ਪੱਖ ਹੀ ਸਮਝ ਸਕੇ ਹਨ । ਕਮੇਟੀ ਕਾਂਸਟੀਚਿਊਟ ਕਰਨ ਦਾ ਮਤਲਬ ਇਹ ਹੈ ਕਿ ਜਿਹੜੇ ਲਾਸਿਜ ਮਿਸ ਮੈਨੇਜਮੈਂਟ ਕਰਕੇ, ਵਰਕਸ਼ਾਪ ਵਿਚ ਗੜਬੜ ਹੋਣ ਕਰਕੇ ਜਾਂ ਜਿਹੜੀਆਂ ਸਵਾਰੀਆਂ ਬਗੈਰ ਟਿਕਟ ਦੇ ਚਲਦੀਆਂ ਹਨ, ਉਨ੍ਹਾਂ ਨੂੰ ਰੋਕਣ ਵਾਸਤੇ ਇਹ ਕਮੇਟੀ ਪ੍ਰਬੰਧ ਕਰੇਗੀ । ਕਮੇਟੀ ਇਹ ਵੇਖੇਗੀ ਕਿ ਇਹ ਲਾਸਿਜ ਕਿਸ ਤਰ੍ਹਾਂ ਖਤਮ ਹੋ ਸਕਦੇ ਹਨ ।

**ਕਾਮਰੇਡ ਕੁਲਵੰਤ ਸਿੰਘ:** ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਾਰਪੋਰੇਸ਼ਨਾਂ ਦੇ ਵਿਚ ਘਾਟਾ ਪੈ ਰਿਹਾ ਹੈ, ਕੀ ਇਸ ਵਾਸਤੇ ਜਿਹੜੇ ਵੱਡੇ ਵੱਡੇ ਅਫਸਰ ਮਨੇਜਿੰਗ ਡਾਇਰੈਕਟਰ ਵਗੈਰਾ ਉਥੇ ਲਾਏ ਹਨ ਉਨ੍ਹਾਂ ਦੀ ਜ਼ਿਮੇਵਾਰੀ ਨਹੀ ਜਿਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਹੁਣ ਤਕ ਉਨ੍ਹਾਂ ਦੀ ਬੈਲੈਂਸ ਸ਼ੀਟਸ ਵੀ ਤਿਆਰ ਨਹੀਂ ਕੀਤੀਆਂ ? ਕੀ ਇਸੇ ਘਾਟੇ ਨੂੰ ਖਤਮ ਕਰਾਉਣ ਲਈ ਕੋਈ ਅਮੈਂਡਮੈਂਟ ਲਿਆਉਣਗੇ ਜਿਸ ਨਾਲ ਕਿ ਇਹ ਵਡੇ ਅਫਸਰ ਘਟਾ ਕੇ ਜ਼ਿੰਮੇਵਾਰ ਬਣਾਏ ਜਾਣ ਅਤੇ ਇਨ੍ਹਾਂ ਕਾਰਪੋਰੇਸ਼ਨਾਂ ਦਾ ਕੰਮ ਠੀਕ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ ਇਹ ਜਿਹੜੇ ਪਬਲਿਕ ਅਦਾਰੇ ਹਨ, ਇਸ ਸਬੰਧ ਵਿਚ 20 ਪੁਆਇੰਟ ਪ੍ਰੋਗ੍ਰਾਮ ਦਾ ਇਹ ਹਿੱਸਾ ਹੈ ਕਿ ਇਨ੍ਹਾਂ ਦੀ ਕਾਰਵਾਈ ਅੱਛੀ ਹੋਣੀ ਚਾਹੀਦੀ ਹੈ ਔਰ ਘਾਟਾ ਬੰਦ ਹੋਣਾ ਚਾਹੀਦਾ ਹੈ । ਇਸ ਵਾਸਤੇ ਅਸੀਂ ਪਿਛਲੇ 2 ਸਾਲਾਂ ਵਿਚ ਕਈ ਇੰਸਟ੍ਰਕਸ਼ਨਜ਼ ਈਸ਼ੂ ਕੀਤੀਆਂ ਹਨ, ਜਿਸ ਨਾਲ ਜਿਹੜਾ ਘਾਟਾ 1979-80 ਵਿਚ 3 ਕਰੋੜ ਦਾ ਸੀ ਉਹ ਹੁਣ 37 ਲੱਖ ਦਾ ਰਹਿ ਗਿਆ ਹੈ ।

**ਸਰਦਾਰ ਦਿਲਬਾਗ ਸਿੰਘ** : ਮਨਿਸਟਰ ਸਾਹਿਬ, ਨੇ ਸਵਾਰੀਆਂ ਨੂੰ ਸਹੂਲਤਾਂ ਦੇਣ ਲਈ ਕਿਹਾ ਹੈ ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਕੀ ਕਦੇ ਇਨ੍ਹਾਂ ਨੇ ਰਸਤੇ ਵਿਚ ਖੜੀਆਂ ਬਸਾਂ ਨੂੰ ਧੱਕਾ ਮਾਰਕੇ ਲੈ ਜਾਂਦੇ ਵੇਖਿਆ ਹੈ, ਜਾਂ ਨਹੀਂ ? ਦੂਜਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ ਕਮੇਟੀ ਕਾਂਸਟੀਚਿਊਟ ਕੀਤੀ ਹੈ, ਜਿਸ ਵਿਚ ਡਿਵੈਲਪਮੈਂਟ ਕਮਿਸ਼ਨਰ ਔਰ ਚੀਫ ਸੈਕਟਰੀ ਸਾਹਿਬ ਲਏ ਹਨ । ਕੀ ਇਨ੍ਹਾਂ ਵਿਚ ਕਿਸੇ ਨੂੰ ਇਹ ਵੀ ਪਤਾ ਹੈ ਕਿ ਸਟੈਪਣੀ ਕਿਸ ਤਰ੍ਹਾਂ ਬਦਲਣੀ ਹੈ ? (ਹਾਸਾ)

**ਮੰਤਰੀ** : ਸਪੀਕਰ ਸਾਹਿਬ, ਇਹ ਬਹੁਤ ਵਡੇ ਟ੍ਰਾਂਸਪੋਰਟਰ ਹਨ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਕਮੇਟੀ ਵਿਚ ਇਨ੍ਹਾਂ ਅਫਸਰਾਂ ਤੋਂ ਇਲਾਵਾ ਐਕਸਪਰਟਸ ਵੀ ਲਏ ਹਨ ਜਿਹੜੇ ਜ਼ਰੂਰਤ ਪੈਣ ਤੇ ਸਟੈਪਣੀ ਬਦਲ ਸਕਦੇ ਹਨ । ਉਨ੍ਹਾਂ ਐਕਸਪਰਟਸ ਦੀ ਮਦੱਦ ਇਸ ਕਮੇਟੀ ਵਿਚ ਲਈ ਹੈ ।

## SHIFTING OF SYPHON

*1617 **Master Dalip Chand** : Will the Minister for Agriculture and Irrigation be pleased to state whether there is any proposal under the consideration of the Government to shift the syphon constructed on Bist Doab Canal at Village Mehandipur near Balachaur, if so, the time by which it is likly to be done ?

**ਚੌਧਰੀ ਕਾਂਸ਼ੀ ਰਾਮ** : ਨਹੀਂ ਜੀ ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, 1972 ਤੋਂ ਹਰ ਸਾਲ ਇਹ ਸਵਾਲ ਦਿੰਦਾ ਆ ਰਿਹਾ ਹਾਂ ਪਰ ਉਥੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਮੇਰੇ ਹਲਕੇ ਵਿਚ ਮੈਹਿੰਦੀਪੁਰ ਵਿਚ 200 ਏਕੜ ਜ਼ਮੀਨ ਅਜਿਹੀ ਹੈ, ਜਿਹੜੀ ਕਿ ਹਰ ਵੇਲੇ ਪਾਣੀ ਵਿਚ ਡੁੱਬੀ ਰਹਿੰਦੀ ਹੈ । ਕੀ ਮਨਿਸਟਰ ਸਾਹਿਬ ਉਥੇ ਕੋਈ ਸਾਈਫਨ ਦਾ ਪ੍ਰਬੰਧ ਕਰਕੇ ਉਸ ਜ਼ਮੀਨ ਨੂੰ ਕਾਬਲੇ ਕਾਸ਼ਤ ਬਣਾਉਣ ਦਾ ਪ੍ਰਬੰਧ ਕਰਨਗੇ ।

**ਮੰਤਰੀ** : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਉਥੇ ਸਾਈਫਨ ਦੀ ਰੀਮੌਡਲਿਗ ਦਾ ਕੰਮ ਔਰ ਰੀਡੀਜ਼ਾਈਨਿੰਗ ਦਾ ਕੰਮ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਚਮਨ ਲਾਲ :** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ 37 ਪਿੰਡ ਬੇਟ ਏਰੀਆ ਵਿਚ ਐਸੇ ਹਨ ਜਿਥੇ ਬਿਲਕੁਲ ਪਾਣੀ ਨਹੀਂ ਮਿਲਦਾ ਔਰ ਕੰਡੀ ਏਰੀਆ ਦੇ 24 ਪਿੰਡ ਐਸੇ ਹਨ ਜਿਥੇ ਬਿਲਕੁਲ ਪਾਣੀ ਨਹੀਂ ਮਿਲਦਾ । ਮੈਂ ਕਈ ਦਫ਼ਾ ਇਹ ਸਰਕਾਰ ਕੋਲ ਲਿਖ ਕੇ ਵੀ ਭੇਜ ਚੁਕਿਆ ਹਾਂ ਔਰ ਕੁਐਸਚਨ ਵੀ ਕਈ ਵਾਰ ਕਰ ਚੁੱਕਾ ਹਾਂ । ਪਰ ਹੁਣ ਤਕ ਉਥੇ ਪਾਣੀ ਦੇਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਮੈਂ ਪੁਛਣਾ ਹੈ ਕਿ ਕੀ ਮੇਰੇ ਨਾਲ ਕੋਈ ਨਰਾਜ਼ਗੀ ਹੈ ਜਿਸ ਕਰਕੇ ਮੇਰੇ ਇਲਾਕੇ ਵਿਚ ਕੰਮ ਨਹੀਂ ਹੋ ਰਿਹਾ ?

**ਮੰਤਰੀ :** ਮਾਨਯੋਗ ਮੈਂਬਰ ਸਾਹਿਬ ਨੇ ਜਿਹੜਾ ਸਪਲੀਮੈਂਟਰੀ ਕੀਤਾ ਹੈ ਉਸ ਦਾ ਸਵਾਲ ਦੇ ਨਾਲ ਸਬੰਧ ਤਾਂ ਨਹੀਂ ਹੈ ਪਰ ਕਿਉਂਕਿ ਪਾਣੀ ਦਾ ਮਸਲਾ ਹੈ ਇਸ ਲਈ ਮੈਂ ਦਸਦਾ ਹਾਂ ਕਿ ਅਜਿਹੀਆਂ ਥਾਵਾਂ ਤੇ ਐਗਰੀਕਲਚਰ ਡਿਪਾਰਟਮੈਂਟ ਡੀਪ ਟਿਊਬਵੈਲ ਬੋਰ ਕਰਦਾ ਹੈ ਔਰ ਜੋ ਉਥੇ ਪਾਣੀ ਫਿਟ ਫਾਰ ਇਰੀਗੇਸ਼ਨ ਹੁੰਦਾ ਹੈ ਤਾਂ ਉਥੋਂ ਲੋਕਾਂ ਕੋਲੋਂ ਪੈਸੇ ਇਨਸਟਾਲਮੈਂਟ ਵਿਚ ਚਾਰਜ ਕੀਤੇ ਜਾਂਦੇ ਹਨ ਔਰ ਜਿਥੇ ਪਾਣੀ ਫਿਟ ਫਾਰ ਇਰੀਗੇਸ਼ਨ ਨਹੀਂ ਹੁੰਦਾ ਤਾਂ ਇਹ ਖਰਚ ਗੌਰਮਿੰਟ ਆਪ ਸਫ਼ਰ ਕਰਦੀ ਹੈ ।

**ਕਾਮਰੇਡ ਅਮਰ ਸਿੰਘ :** ਸਪੀਕਰ ਸਾਹਿਬ, ਮੇਰੇ ਹਲਕੇ ਵਿਚ 30 ਪਿੰਡ ਐਸੇ ਹਨ ਜਿਥੇ ਹਰ ਵੇਲੇ ਪਾਣੀ ਖੜ੍ਹਾ ਰਹਿੰਦਾ ਹੈ ।

**ਮੰਤਰੀ :** ਸਪੀਕਰ ਸਾਹਿਬ, ਮੈਨੂੰ ਸਵਾਲ ਸਮਝ ਨਹੀਂ ਆਇਆ ।

**ਸ੍ਰੀ ਸਪੀਕਰ :** ਸਵਾਲ ਤਾਂ ਮੈਂ ਵੀ ਨਹੀਂ ਸਮਝਿਆ ।

**ਕਾਮਰੇਡ ਅਮਰ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਬਹੁਤ ਸਾਰੇ ਐਸੇ ਪਿੰਡ ਹਨ ਜਿਵੇਂ ਲਹਿਲ ਕਲਾਂ ਵਿਚ ਪਿਛਲੇ 30 ਸਾਲਾਂ ਤੋਂ ਪਾਣੀ ਖੜ੍ਹਾ ਹੈ ਅਤੇ ਇਹ ਤਬਾਹੀ ਕਰ ਰਿਹਾ ਹੈ । ਕੀ ਇਸ ਪਾਣੀ ਨੂੰ ਕਢੱਣ ਲਈ ਕੋਈ ਇੰਤਜ਼ਾਮ ਕਰਨਗੇ ।

**ਮੰਤਰੀ :** ਸਪੀਕਰ ਸਾਹਿਬ, ਜਿਸ ਪਾਣੀ ਨੂੰ ਪਿਛਲੇ 30 ਸਾਲਾਂ ਵਿਚ ਨਹੀਂ ਕਢਿਆ ਗਿਆ ਇਸ ਦੇ ਲਈ ਕੈਨਾਲਾਈਜੇਸ਼ਨ ਦੀ ਸਕੀਮ ਬਨਾਉਣੀ ਪਵੇਗੀ ।

**ਸ੍ਰੀ ਰਾਮ ਸਵਰੂਪ ਬਾਗੀ :** ਸਪੀਕਰ ਸਾਹਿਬ, ਸ੍ਰੀ ਚਮਨ ਲਾਲ ਜੀ ਦੇ ਸਵਾਲ ਨਾਲ ਮੇਰਾ ਵੀ ਸਬੰਧ ਹੈ ਕਿ ਸਾਡੇ ਧਾਰ ਬਲਾਕ ਵਿਚ ਪਾਣੀ ਕਢੱਣ ਦੀ ਸਕੀਮ ਬਣਾਈ ਜਾਵੇ ਤਾਂ ਕਿ ਹਜ਼ਾਰਾਂ ਏਕੜ ਜ਼ਮੀਨ ਨੂੰ ਖੇਤੀ ਦੇ ਯੋਗ ਬਣਾਇਆ ਜਾ ਸਕਦਾ ਹੈ । 20-ਨੁਕਾਤੀ ਪ੍ਰੋਗਰਾਮ ਦੇ ਅਧੀਨ ਪਛੜੇ ਹੋਏ ਇਲਾਕਿਆਂ ਨੂੰ ਸਰਕਾਰ ਨੇ ਪਹਿਲ ਦੇਣੀ ਹੈ । ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਆਪਣਾ ਇਥੇ ਦੌਰਾ ਰੱਖ ਕੇ ਅਫ਼ਸਰਾਂ ਦੀ ਟੀਮ ਨਾਲ ਲੈਕੇ ਇਸ ਦਾ ਮੁਆਇਨਾ ਕਰਨ ।

**ਮੰਤਰੀ :** ਸਪੀਕਰ ਸਾਹਿਬ, ਗੱਲ ਇਥੇ ਸਾਈਫਨ ਦੀ ਚਲ ਰਹੀ ਸੀ ਔਰ ਇਹ ਲਿਫਟ ਇਰੀਗੇਸ਼ਨ ਦੀ ਲੈ ਆਏ ਹਨ, ਜਦ ਕਿ ਇਹ ਲਿਫਟ ਇਰੀਗੇਸ਼ਨ ਅਵੇਲੇਬਿਲਟੀ ਆਫ ਇਲੈਕਟ੍ਰਿਸ਼ਿਟੀ ਤੋਂ ਹੋ ਸਕਦੀ ਹੈ । ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਅਸੀਂ ਇਲੈਕਟ੍ਰੀਸਿਟੀ ਵਿਚ ਸੈਲਫਸਫੀਸੈਂਟ ਨਹੀਂ ਹਾਂ । ਇਹ ਮੇਰੇ ਸਾਥੀ ਮੇਰੇ ਕੋਲ ਆ ਜਾਣ ਅਤੇ ਅਸੀਂ ਸੋਚ ਵਿਚਾਰ ਕਰਕੇ ਕੋਈ ਵਾਏਬਲ ਸਕੀਮ ਬਣਾ ਕੇ ਇੰਪਲੀਮੈਂਟ ਕਰ ਲਵਾਂਗੇ ।

ਕਾਮਰੇਡ ਬਲਦੇਵ ਸਿੰਘ ਲੂੰਬਾ: ਸਪੀਕਰ ਸਾਹਿਬ, ਕਾਮਰੇਡ ਅਮਰ ਸਿੰਘ ਜੀ ਨੇ ਸਵਾਲ ਬੜੀ ਗੰਭੀਰਤਾ ਨਾਲ ਕੀਤਾ ਸੀ ਪਰ ਵਜ਼ੀਰ ਸਾਹਿਬ ਨੇ ਇਸ ਦਾ ਜਵਾਬ ਹਾਸੇ

Original with;
Punjab Vidhan Sabha
Digitized by;
Panjab Digital Library

ਵਿਚ ਦੇ ਦਿੱਤਾ ਹੈ । ਇਹ ਜ਼ਮੀਨ 300 ਏਕੜ ਤੋਂ ਵੀ ਜ਼ਿਆਦਾ ਦੀ ਹੈ ਜਿਹੜੀ ਪਾਣੀ ਦੀ ਮਾਰ ਥੱਲੇ ਆਈ ਹੋਈ ਹੈ ਅਤੇ ਇਥੋਂ ਪਿਛਲੇ 30 ਸਾਲਾਂ ਤੋ ਪਾਣੀ ਨਹੀਂ ਕੱਢਿਆ ਗਿਆ । ਕੀ ਮਨਿਸਟਰ ਸਾਹਿਬ, ਕੋਈ ਅਫਸਰਾਂ ਦੀ ਟੀਮ ਭੇਜ ਕੇ ਇਸ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ?

**ਮੰਤਰੀ** : ਸਪੀਕਰ, ਸਾਹਿਬ ਪਿਛਲੇ ਸਾਲ ਮੇਰੇ ਕੋਲ ਕਾਮਰੇਡ ਸਾਹਿਬ ਆਪ ਇਕ ਐਪਲੀਕੇਸ਼ਨ ਲੈ ਕੇ ਆਏ ਸਨ ਅਤੇ ਮੈਂ ਮਾਰਕ ਕਰ ਦਿੱਤਾ ਸੀ ਕਿ Look into the matter and Provide him rescue ਇਸ ਤਰ੍ਹਾਂ ਕਰਵਾ ਕੇ ਇਹ ਲੈ ਗਏ ਸਨ ਅਤੇ ਮੈਂ ਟੈਲੀਫੂਨ ਵੀ ਕਰ ਦਿੱਤਾ ਸੀ ।

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਇਕ ਐਪਲੀਕੇਸ਼ਨ ਤੇ ਆਰਡਰ ਕਰਕੇ ਐਸ. ਈ. ਨੂੰ ਭੇਜ ਦਿੱਤੀ । ਕਿਉਂਕਿ ਉਹ ਕੰਮ ਨਹੀਂ ਹੋਇਆ ਜਿਸ ਕਰਕੇ ਮੈਂਬਰ ਸਾਹਿਬ ਨੇ ਫਿਰ ਇਸ ਹਾਊਸ ਵਿਚ ਉਠਾਇਆ ਹੈ । ਜਿਸ ਅਫਸਰ ਕੋਲ ਐਪਲੀਕੇਸ਼ਨ ਗਈ ਸੀ ਉਸ ਨੂੰ ਰਿਪੋਰਟ ਵਜ਼ੀਰ ਸਾਹਿਬ ਨੂੰ ਭੇਜਣੀ ਚਾਹੀਦੀ ਸੀ । ਕੀ ਹੁਣ ਇਹ ਇਸ ਕੰਮ ਨੂੰ ਪਹਿਲ ਦੇਣ ਲਈ ਤਿਆਰ ਹਨ ?

ਮੰਤਰੀ: ਸਪੀਕਰ ਸਾਹਿਬ, ਮਾਸਟਰ ਸਾਹਿਬ ਬੜੇ ਸੁਲਝੇ ਹੋਏ ਮੈਂਬਰ ਹਨ, ਇਨ੍ਹਾਂ ਨੂੰ ਮੇਰੀ ਗੱਲ ਨੂੰ ਤੋੜ ਮੋੜ ਕੇ ਪੇਸ਼ ਨਹੀਂ ਕਰਨਾ ਚਾਹੀਦਾ ਸੀ । ਮੈਂ ਦੱਸਦਾ ਹਾਂ ਕਿ ਮੈਂ ਮੈਂਬਰ ਸਾਹਿਬ ਦੀ ਐਪਲੀਕੇਸ਼ਨ ਤੇ ਮਾਰਕ ਕਰਕੇ ਦੇ ਦਿੱਤੀ ਸੀ ਅਤੇ ਸਬੰਧਤ ਅਫਸਰ ਨੂੰ ਟੈਲੀਫੂਨ ਵੀ ਕਰ ਦਿਤਾ ਸੀ । ਮੈਂ ਅਫ਼ਸਰਾਂ ਨੂੰ ਇਨ੍ਹਾਂ ਦੇ ਸਪੁਰਦ ਕਰ ਦਿੱਤਾ ਸੀ, ਪਰ ਇਹ ਹੁਣ ਮੈਨੂੰ ਦੱਸ ਰਹੇ ਹਨ । ਪਰ ਫਿਰ ਵੀ ਮੈਂ ਇਸ ਗੱਲ ਦਾ ਪਤਾ ਕਰ ਲਵਾਂਗਾ ।

---

**ਨਿਸ਼ਾਨ ਵਾਲਾ ਸਵਾਲ ਨੰ: 1624***

**ਸ੍ਰੀ ਸਪੀਕਰ**: ਇਸ ਸਵਾਲ ਦੇ ਉਤਰ ਲਈ ਦੋ ਦਿਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1626

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)

---

## HOUSES FOR THE INDUSTRIAL LABOUR IN THE STATE

*1614. **Shri Om Parkash Gupta**: Will the Minister for Welfare and Labour be pleased to state—

(a) the number of houses constructed for the industrial labour in the State during the last six years districtwise;

(b) the mode of allotment of the said houses and the number of the houses allotted during the said period districtwise

---

*For Starred Question No. 1624 and reply thereto please, see Appendix to this Debate.

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਤ ਰਾਮ: (ੳ) ਪਿਛਲੇ 6 ਸਾਲਾਂ ਦੌਰਾਨ ਉਦਯੋਗਿਕ ਕਿਰਤੀਆਂ ਲਈ ਹੇਠ ਲਿਖੇ ਜ਼ਿਲਿਆਂ ਵਿਚ 1638 ਮਕਾਨ ਬਣਾਏ ਗਏ ਸਨ :—

| ਲੜੀ ਨੰ: | ਜ਼ਿਲੇ ਦਾ ਨਾਂ | ਮਕਾਨਾਂ ਦੀ ਗਿਣਤੀ |
|---|---|---|
| 1. | ਰੋਪੜ (ਐਸ. ਏ. ਐਸ. ਨਗਰ) | .. 246 |
| 2. | ਜਲੰਧਰ | .. 180 |
| 3. | ਲੁਧਿਆਣਾ | .. 738 |
| 4. | ਅੰਮ੍ਰਿਤਸਰ (ਛੇਹਰਟਾ) | .. 402 |
| 5. | ਗੁਰਦਾਸਪੁਰ (ਬਟਾਲਾ) | .. 72 |
| | ਕੁਲ | .. 1638 |

(ਅ) ਸਬਸੀਡਾਈਜ਼ਡ ਇੰਡਸਟਰੀਅਲ ਹਾਊਸਿੰਗ ਸਕੀਮ ਹੇਠਾਂ ਯੋਗ ਕਿਰਤੀਆਂ ਨੂੰ ਮਕਾਨ 'ਪੰਜਾਬ ਇੰਡਸਟਰੀਅਲ ਹਾਊਸਿੰਗ ਰੂਲਜ਼, 1958 ਜਿਹੜੇ ਕਿ 11 ਜੁਲਾਈ, 1982 ਤੱਕ ਲਾਗੂ ਸਨ, ਹੁਣ ਇਹ ਰੂਲ ਨਿਰਸਨ ਹੋ ਚੁਕੇ ਹਨ ਅਤੇ ਇਨ੍ਹਾਂ ਦੀ ਥਾਂ ਮਿਤੀ 12 ਜੁਲਾਈ, 1982 ਤੋਂ ਪੰਜਾਬ ਇੰਡਸਟਰੀਅਲ ਹਾਊਸਿੰਗ ਰੂਲਜ਼, 1982 ਬਣ ਗਏ ਹਨ, ਦੇ ਉਪਬੰਧਾਂ ਮੁਤਾਬਕ ਅਲਾਟ ਕੀਤੇ ਜਾਂਦੇ ਹਨ। ਜ਼ਿਲੇਵਾਰ ਅਲਾਟ ਕੀਤੇ ਮਕਾਨਾਂ ਦੀ ਗਿਣਤੀ ਹੇਠਾਂ ਦਿਤੀ ਜਾਂਦੀ ਹੈ :—

| ਲੜੀ ਨੰ: | ਜ਼ਿਲੇ ਦਾ ਨਾਂ | ਅਲਾਟ ਕੀਤੇ ਮਕਾਨਾਂ ਦੀ ਗਿਣਤੀ |
|---|---|---|
| 1. | ਰੋਪੜ (ਐਸ. ਏ. ਐਸ. ਨਗਰ) | .. 180 |
| 2. | ਜਲੰਧਰ | .. 180 |
| 3. | ਲੁਧਿਆਣਾ | .. 264 |
| 4. | ਗੁਰਦਾਸਪੁਰ (ਬਟਾਲਾ) | .. 72 |
| | ਕੁਲ | .. 696 |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਰੋਪੜ ਵਿਚ 246 ਮਕਾਨਾਂ ਵਿਚੋਂ 180 ਅਲਾਟ ਕੀਤੇ ਗਏ, ਲੁਧਿਆਣੇ ਵਿਚ 738 ਵਿਚੋਂ 264 ਅਲਾਟ ਕੀਤੇ ਗਏ ਔਰ ਅੰਮ੍ਰਿਤਸਰ ਦੇ ਮਕਾਨਾਂ ਬਾਰੇ ਕੁਝ ਨਹੀਂ ਦਸਿਆ ਗਿਆ ਕਿ ਅਲਾਟ ਕੀਤੇ ਹਨ, ਜਾਂ ਨਹੀਂ । ਕੀ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਬਹੁਤ ਸਾਰੇ ਮਕਾਨਾਂ ਤੇ ਨਜਾਇਜ਼ ਕਬਜ਼ਾ ਖਾਸ ਤੌਰ ਤੇ ਲੁਧਿਆਣੇ ਵਿਚ ਹੋ ਗਿਆ ਹੈ ? ਇਹ ਜਿਹੜੇ ਲੁਧਿਆਣੇ ਵਿਚ 474 ਮਕਾਨ ਅਲਾਟ ਨਹੀਂ ਕੀਤੇ ਗਏ ਸਨ, ਉਨ੍ਹਾਂ ਤੇ ਨਜਾਇਜ਼ ਕਬਜ਼ਾ ਹੋ ਚੁਕਿਆ ਹੈ । ਕੀ ਇਹ ਆਪਣੇ ਅਲਾਟਮੈਂਟ ਸਿਸਟਮ ਨੂੰ ਠੀਕ ਕਰਨਗੇ ਅਤੇ ਇਹ ਅਲਾਟਮੈਂਟ ਕਦੋਂ ਤਕ ਕਰ ਦੇਣਗੇ ਅਤੇ ਜਿਹੜੀ ਲੇਬਰ ਨੇ ਅਪਲਾਈ ਕੀਤਾ ਸੀ ਕੀ ਉਨ੍ਹਾਂ ਨੂੰ ਹੀ ਅਲਾਟ ਕੀਤੇ ਜਾਣਗੇ ?

**ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਇਨ੍ਹਾਂ 474 ਅਨ-ਅਲਾਟਿਡ ਹਾਊਸਿਜ਼ ਵਿਚੋਂ 222 ਐਸੇ ਮਕਾਨ ਸਨ ਜਿਨ੍ਹਾਂ ਦੀ ਅਲਾਟਮੈਂਟ ਕਰਨੀ ਸੀ । ਪਰ ਕੁਝ ਲੇਬਰਰਜ਼ ਹਾਈ ਕੋਰਟ ਵਿਚ ਚਲੇ ਗਏ ਸਨ ਅਤੇ ਕੁਝ ਸੁਪਰੀਮ ਕੋਰਟ ਵਿਚ ਚਲੇ ਗਏ ਸਨ ਔਰ ਇਸ ਬਾਰੇ 22-7-82 ਨੂੰ ਸੁਪਰੀਮ ਕੋਰਟ ਦਾ ਫੈਸਲਾ ਹੋਇਆ ਹੈ । ਇਸ ਜਵਾਬ ਵਿਚ ਇਨਫਰਮੇਸ਼ਨ ਨਹੀਂ ਦਿਤੀ ਹੋਈ ਕਿਉਂਕਿ 2-4 ਦਿਨਾਂ ਦੇ ਵਿਚ 222 ਮਕਾਨਾਂ ਦੀ ਅਲਾਟਮੈਂਟ ਹੋ ਜਾਣੀ ਹੈ ਔਰ ਬਾਕੀ ਮਕਾਨ ਜਿਥੇ ਮੁਰੰਮਤ ਦੀ ਲੋੜ ਹੈ, ਉਨ੍ਹਾਂ ਦੀ ਮੁਰੰਮਤ ਕਰਵਾਕੇ ਛੇਤੀ ਤੋਂ ਛੇਤੀ ਅਲਾਟ ਕਰ ਦਿਤੇ ਜਾਣਗੇ । ਇਨ੍ਹਾਂ ਨੇ ਅੰਮ੍ਰਿਤਸਰ ਦੀ ਗੱਲ ਕੀਤੀ ਹੈ ਇਥੇ ਬੜੀ ਹਿੰਮਤ ਨਾਲ ਉਸਾਰੀ ਕੰਪਲੀਟ ਕਰਵਾਈ ਹੈ ਅਤੇ ਇਨ੍ਹਾਂ ਦੀ ਅਲਾਟਮੈਂਟ ਛੇਤੀ ਤੋਂ ਛੇਤੀ ਕਰ ਦੇਵਾਂਗੇ ।

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ 402 ਮਕਾਨਾਂ ਨੂੰ ਕੰਪਲੀਟ ਹੋਏ 3 ਸਾਲ ਹੋ ਗਏ ਹਨ ਪਰ ਉਨ੍ਹਾਂ ਨੂੰ ਹਾਲੇ ਤਕ ਅਲਾਟ ਨਾ ਕੀਤੇ ਜਾਣ ਦੇ ਕੀ ਕਾਰਣ ਹਨ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਮਕਾਨਾਂ ਦੇ ਵਿਚ ਮੁਰੰਮਤ ਰਹਿੰਦੀ ਸੀ ਅਤੇ ਬੜੀ ਹਿੰਮਤ ਨਾਲ ਇਸ ਨੂੰ ਕੰਪਲੀਟ ਕੀਤਾ ਹੈ । ਮੈਨੂੰ ਇਹ ਸਰਦਾਰ ਸਾਹਿਬ ਅੰਮ੍ਰਿਤਸਰ ਤਾਂ ਮਿਲੇ ਨਹੀਂ ਸਨ ਪਰ ਦੂਜੇ ਮੈਂਬਰ ਸਾਹਿਬ ਨੂੰ ਮੈਂ ਨਾਲ ਲੈ ਕੇ ਗਿਆ ਸੀ ਤਾਕਿ ਕੋਸ਼ਿਸ਼ ਕਰਕੇ ਇਹ ਕੰਮ ਮੁਕੰਮਲ ਕਰਵਾ ਸਕੀਏ ਔਰ ਇਸ ਦੀ ਅਲਾਟਮੈਂਟ ਛੇਤੀ ਤੋਂ ਛੇਤੀ ਕਰ ਦੇਵਾਂਗੇ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਸਵਾਲ ਦੇ ਪਾਰਟ ਬੀ ਵਿਚ ਮੈਂ ਪੁਛਿਆ ਸੀ ਕਿ—

"(b) the mode of allotment of the said houses and the number of the houses allotted during the said period districtwise."

ਇਨ੍ਹਾਂ ਨੇ ਰੂਲਜ਼ ਦੱਸ ਦਿਤੇ । ਇਨ੍ਹਾਂ ਨੇ ਕਿਹਾ ਕਿ ਰੂਲਜ਼ ਅਮੈਂਡ ਕਰ ਦਿਤੇ ਹਨ ਲੋਕ ਇਸ ਕਰਕੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਗਏ ਕਿਉਂਕਿ ਰੂਲਜ਼ ਦੀ ਉਲੰਘਣਾ ਕੀਤੀ ਗਈ ਸੀ । ਉਨ੍ਹਾਂ ਮਕਾਨਾਂ ਤੇ ਨਜਾਇਜ਼ ਕਬਜ਼ਾ ਲੋਕਾਂ ਦਾ ਕੀਤਾ ਹੋਇਆ ਹੈ ਮੇਰੇ ਹਿਸਾਬ ਨਾਲ ਉਥੇ ਕੋਈ ਮਕਾਨ ਖਾਲੀ ਨਹੀ ਹੈ। ਅੱਜ ਕੱਲ੍ਹ ਜਿਹੜਾ ਆਦਮੀ ਮਕਾਨ ਦਾ ਕਬਜ਼ਾ ਲੈਣ ਜਾਵੇਗਾ, ਉਹ ਮੌਤ ਨਾਲ ਲੈ ਕੇ ਜਾਵੇਗਾ ਇਸ ਲਈ ਕੀ ਸਰਕਾਰ ਉਨ੍ਹਾਂ ਮਕਾਨਾਂ ਨੂੰ ਖਾਲੀ ਕਰਵਾਕੇ ਗ਼ਰੀਬ ਮਜ਼ਦੂਰਾਂ ਨੂੰ ਕਬਜ਼ਾ ਦਿਵਾਏਗੀ

Original with;
Punjab Vidhan Sabha
Digitized by;
Panjab Digital Library

**ਮੰਤਰੀ** ਸਪੀਕਰ ਸਾਹਿਬ ਮੌਤ ਨੂੰ ਕੋਈ ਲੈਕੇ ਨਹੀਂ ਜਾਵੇਗਾ ਬਲਕਿ ਗੁਪਤਾ ਜੀ ਨੂੰ ਨਾਲ ਲੈ ਕੇ ਜਾਵਾਂਗੇ ਔਰ ਜੋ ਅਲਾਟਮੈਂਟ ਕੀਤੀ ਹੈ ਉਸਦਾ ਲਾਜ਼ਮੀ ਕਬਜ਼ਾ ਦਿਵਾਵਾਂਗੇ।

**ਸ੍ਰੀ ਸੁਰਿੰਦਰ ਕਪੂਰ :** ਸਪੀਕਰ ਸਾਹਿਬ, ਇੰਡਸਟਰੀਅਲ ਲੇਬਰ ਵਾਸਤੇ ਮਕਾਨ ਬਣਾਏ ਗਏ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇੰਡਸਟਰੀਅਲ ਲੇਬਰ ਬਠਿੰਡੇ ਬਾਰੇ ਵੀ ਮਕਾਨ ਬਣਾਉਣ ਵਾਸਤੇ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਇਸ ਬਾਰੇ ਅਲਹਿਦਾ ਕੁਐਸਚਨ ਦੇ ਦੇਣ।

**ਕਾਮਰੇਡ ਸਘੜ ਸਿੰਘ:** ਸਪੀਕਰ ਸਾਹਿਬ, ਪਿੰਡ ਕਾਂਜਲਾ, ਸਮਾਦਭਾਈ ਜ਼ਿਲ੍ਹਾ ਸੰਗਰੂਰ ਵਿਚ ਹਨ। ਉਥੇ ਜਿਹੜੇ ਮਕਾਨ ਬਣੇ ਹਨ ਉਨ੍ਹਾਂ ਨੂੰ ਸਪੀਕਰ ਸਾਹਿਬ ਕੋਈ ਲੈਣ ਲਈ ਤਿਆਰ ਨਹੀਂ ਹੈ।

**ਮੰਤਰੀ:** ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਸਿਆਣੇ ਅਤੇ ਸੁਲਝੇ ਹੋਏ ਹਨ। ਉਥੇ ਕੋਈ ਲੇਬਰ ਕਾਲੋਨੀ ਬਣੀ ਹੀ ਨਹੀਂ ਹੈ। ਜੇਕਰ ਉਥੇ ਕੋਈ ਲੇਬਰ ਕਲੋਨੀ ਬਣੀ ਹੁੰਦੀ ਤਾਂ ਮੈਂ ਜਵਾਬ ਦਿੰਦਾ।

**ਸ੍ਰੀ ਸੇਵਾ ਰਾਮ:** ਸਪੀਕਰ ਸਾਹਿਬ, ਪੰਜਾਬ ਵਿਚ ਜਿਹੜੀਆਂ ਲੇਬਰ ਕਾਲੋਨੀਜ਼ ਬਣੀਆਂ ਹੋਈਆਂ ਹਨ, ਉਨ੍ਹਾਂ ਦੀ ਹਾਲਤ ਬਹੁਤ ਖਸਤਾ ਹੈ। ਕੀ ਉਨ੍ਹਾਂ ਮਕਾਨਾਂ ਦੀ ਕੋਈ ਮੁਰੰਮਤ ਦਾ ਪ੍ਰਬੰਧ ਕਰਨਗੇ ? ਦੂਸਰਾ 6 ਸਾਲਾਂ ਵਿਚ ਸਿਰਫ 1638 ਮਕਾਨ ਬਣਾਏ ਹਨ ਜਦੋਂ ਕਿ ਲੇਬਰ ਦੀ ਤਾਦਾਦ ਦੱਸ ਲੱਖ ਹੈ। ਇਸ ਲਈ ਕੀ ਮਕਾਨ ਜਿਆਦਾ ਬਣਾਏ ਜਾਣਗੇ ਅਤੇ ਉਨ੍ਹਾ ਦੀ ਮੇਨਟੀਨੈਂਸ ਦਾ ਵੀ ਪ੍ਰਬੰਧ ਕੀਤਾ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਸਰਕਾਰ ਦਾ ਧਿਆਨ ਲੇਬਰ ਵੱਲ ਵੀ ਹੈ ਅਤੇ ਕਿਸਾਨ ਵੱਲ ਵੀ ਹੈ। ਐਸੀ ਕੋਈ ਗੱਲ ਨਹੀ ਹੈ। ਅਸੀ ਛੋਟੀ ਤੋਂ ਛੋਟੀ ਲੇਬਰ ਨੂੰ ਉਪਰ ਚੁਕਨਾ ਹੈ।

**ਸ੍ਰੀ ਸਪੀਕਰ :** ਮੰਤਰੀ ਜੀ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ 1638 ਮਕਾਨ ਬਣੇ ਹਨ ਜੋ ਕਿ ਥੋੜ੍ਹੇ ਹਨ ਇਸ ਲਈ ਹੋਰ ਮਕਾਨ ਬਣਾਓ।

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਆਨਰੇਬਲ ਮੈਂਬਰ ਸਾਹਿਬ ਅਲਹਿਦਾ ਕੁਐਸਚਨ ਦੇ ਦੇਣ।

**ਮੁੱਖ ਮੰਤਰੀ .** ਸਪੀਕਰ ਸਾਹਿਬ, ਇਸ ਵਿਚ ਥੋੜ੍ਹਾ ਜਿਹਾ ਕਨਫੀਊਜ਼ਨ ਹੈ। ਕੁਝ ਹਾਊਸਿਜ਼ ਜਿਹੜੇ ਹੋਮਲੈਸ ਹਨ ਉਨ੍ਹਾਂ ਲਈ ਬਣਾਏ ਗਏ ਹਨ। ਕੁਝ ਆਨਰੇਬਲ ਮੈਂਬਰਾਂ ਨੇ ਜ਼ਿਕਰ ਕੀਤਾ ਹੈ ਕਿ ਲੇਬਰ ਦੇ ਮਕਾਨਾਂ ਦੀ ਕਮੀ ਹੈ। ਸਪੀਕਰ ਸਾਹਿਬ ਮੇਰੀ ਰਾਏ ਹੈ ਕਿ ਜਿਹੜੇ ਮਕਾਨ ਬਣੇ ਹੋਏ ਹਨ ਉਨ੍ਹਾਂ ਦੀ ਮੁਰੰਮਤ ਕੀਤੀ ਜਾਵੇ ਅਤੇ ਉਸ ਤੋਂ ਬਾਦ ਕਮੀ ਦੂਰ ਕੀਤੀ ਜਾਵੇ (ਥੰਪਿੰਗ)।

**ਸ੍ਰੀ ਪਿਆਰਾ ਰਾਮ ਧਨੋਵਾਲੀਆ .** ਸਪੀਕਰ ਸਾਹਿਬ, ਵਜੀਰ ਸਾਹਿਬ ਨੇ ਫਰਮਾਇਆ ਹੈ ਕਿ ਕੁਲ 1638 ਮਕਾਨ ਬਣੇ ਹਨ ਅਤੇ 696 ਹਾਊਸ ਅਲਾਟ ਕੀਤੇ ਗਏ ਹਨ। ਪਰ ਸਵਾਲ

Original with;
Punjab Vidhan Sabha
Digitized by;
Panjab Digital Library

ਪੁਛਿਆ ਗਿਆ ਸੀ ਕਿ 942 ਮਕਾਨ ਜਿਹੜੇ ਬਾਕੀ ਰਹਿ ਗਏ ਹਨ ਉਨ੍ਹਾਂ ਤੇ ਨਜਾਇਜ ਕਬਜ਼ਾ ਕੀਤਾ ਹੋਇਆ ਹੈ । ਕੀ ਮਨਿਸਟਰ ਸਾਹਿਬ ਉਸ ਦੀ ਇਨਕੁਆਇਰੀ ਕਰਾਉਣਗੇ । ਦੂਜਾ ਸਪੀਕਰ ਸਾਹਿਬ, ਮਕਾਨਾਂ ਲਈ ਪੈਸਾ ਹਾਊਸਿੰਗ ਬੋਰਡ ਦਿੰਦਾ ਹੈ, ਪੀ. ਡਬਲਿਊ. ਡੀ. ਵਾਲੇ ਬਣਾਉਂਦੇ ਹਨ ਅਤੇ ਅਲਾਟਮੈਂਟ ਲੇਬਰ ਡਿਪਾਰਟਮੈਂਟ ਕਰਦਾ ਹੈ । ਇਹ ਜਿਹੜੇ ਤਿੰਨ ਚਾਰ ਡਿਪਾਰਟਮੈਂਟਸ ਹਨ ਇਨ੍ਹਾਂ ਵਿਚੋਂ ਇਸ ਕੰਮ ਲਈ ਇਕ ਡਿਪਾਰਟਮੈਂਟ ਹੋਣਾ ਚਾਹੀਦਾ ਹੈ ਚਾਹੇ ਉਹ ਲੇਬਰ ਡਿਪਾਰਟਮੈਂਟ ਹੋਵੇ, ਚਾਹੇ ਹਾਊਸਿੰਗ ਡਿਪਾਰਟਮੈਂਟ ਹੋਵੇ ਅਤੇ ਚਾਹੇ ਪੀ. ਡਬਲਿਊ. ਡੀ. ਹੋਵੇ । ਸਪੀਕਰ ਸਾਹਿਬ ਮਕਾਨ ਬਹੁਤ ਤਬਾਹ ਹੋ ਚੁਕੇ ਹਨ ਅਤੇ ਉਹ ਮਕਾਨ ਹੁਣ ਰਹਿਣ ਦੇ ਕਾਬਲ ਨਹੀਂ ਹਨ । ਬਾਕੀ ਉਨ੍ਹਾਂ ਮਕਾਨਾਂ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ । ਕੀ ਮੰਤਰੀ ਜੀ ਇਸ ਗੱਲ ਦੀ ਇਨਕੁਆਰੀ ਕਰਕੇ ਰਿਪੋਰਟ ਕਰਨਗੇ?

**ਮੰਤਰੀ:** ਸਪੀਕਰ ਸਾਹਿਬ, ਸ੍ਰੀ ਪਿਆਰਾ ਰਾਮ ਧਨੋਵਾਲਿਆ ਜੀ ਬੜੇ ਸੁਲਝੇ ਹੋਏ ਅਤੇ ਸਿਆਣੇ ਮੈਂਬਰ ਹਨ । ਮੈਂ ਤਾਂ ਕਹਿ ਰਿਹਾ ਹਾਂ ਕਿ ਜਲਦੀ ਤੋਂ ਜਲਦੀ ਅਲਾਟਮੈਂਟ ਕਰਕੇ ਕਬਜ਼ਾ ਦਿਵਾਵਾਂਗੇ । ਇਸ ਲਈ ਇਨਕੁਆਇਰੀ ਦੀ ਲੋੜ ਹੀ ਨਹੀਂ ਹੈ । ਦੂਸਰਾ ਮੈਂ ਸ੍ਰੀ ਪਿਆਰਾ ਰਾਮ ਧਨੋਵਾਲੀਆ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਪੀ. ਡਬਲਿਊ. ਡੀ. ਵਾਲੇ ਮਕਾਨ ਨਹੀਂ ਬਣਾਉਂਦੇ ਬਲਕਿ ਹਾਊਸਿੰਗ ਬੋਰਡ ਮਕਾਨ ਬਣਾਉਂਦਾ ਹੈ ।

**ਸ੍ਰੀ ਗੁਰਦਿਆਲ ਸੈਣੀ:** ਸਪੀਕਰ ਸਾਹਿਬ, ਮੈਂ ਵਜ਼ੀਰ ਸਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ 180 ਮਕਾਨ ਜਲੰਧਰ ਵਿਚ ਬਣੇ ਹਨ ਪਰ ਉਹ ਮਕਾਨ ਕਿਹੜੀ ਜਗ੍ਹਾ ਬਣੇ ਹਨ? ਦੂਸਰਾ ਛੇ ਸਾਲਾਂ ਵਿਚ ਸਿਰਫ 180 ਮਕਾਨ ਬਣਾਏ ਗਏ ਹਨ ਜਦ ਕਿ 50,000 ਲੇਬਰ ਅਤੇ ਇੰਡਸਟਰੀਅਲ ਵਰਕਰ ਉਥੇ ਹਨ । ਇਸ ਲਈ ਕੀ ਉਥੇ ਹੋਰ ਜ਼ਿਆਦਾ ਮਕਾਨ ਬਣਾਏ ਜਾਣਗੇ ?

**ਸ੍ਰੀ ਸਪੀਕਰ:** ਇਸ ਸਵਾਲ ਦਾ ਜਵਾਬ ਮੁੱਖ ਮੰਤਰੀ ਜੀ ਨੇ ਦੇ ਦਿਤਾ ਹੈ ਕਿ ਪਹਿਲਾਂ ਹਾਊਸਿੰਜ਼ ਨੂੰ ਠੀਕ ਕਰਾਵਾਂਗੇ ਅਤੇ ਫਿਰ ਮਕਾਨ ਬਣਾਵਾਂਗੇ ।

**ਸ੍ਰੀ ਗੁਰਦਿਆਲ ਸੈਣੀ:** ਸਪੀਕਰ ਸਾਹਿਬ, ਜਿਹੜੇ ਜਲੰਧਰ ਵਿਚ 180 ਮਕਾਨ ਬਣਾਏ ਗਏ ਹਨ, ਉਹ ਕਿਥੇ ਬਣਾਏ ਗਏ ਹਨ?

**ਸ੍ਰੀ ਸਪੀਕਰ:** ਜਿਹੜੀ ਸਟੇਟਮੈਂਟ ਸ੍ਰੀ ਗੁਰਦਿਆਲ ਸੈਣੀ ਜੀ ਮਨਿਸਟਰ ਸਾਹਿਬ ਨੇ ਦਿਤੀ ਹੈ, ਉਹ ਮਕਾਨ ਜ਼ਰੂਰ ਲੇਬਰ ਕਲੋਨੀਜ਼ ਵਿਚ ਬਣੇ ਹੋਣਗੇ । ਸਾਰੀ ਚੀਜ਼ ਰਿਕਾਰਡ ਹੋਈ ਹੋਵੇਗੀ ।

**ਚੌਧਰੀ ਮਾਤੂ ਰਾਮ:** ਸਪੀਕਰ ਸਾਹਿਬ, ਵੈਲਫੇਅਰ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਸਰਕਾਰ ਇੰਡਸਟਰੀਅਲ ਲੇਬਰ ਨੂੰ ਉਪਰ ਚੁਕੇਗੀ । ਉਸ ਲਈ ਸਰਕਾਰ ਨੇ ਜੋ ਸਕੀਮ ਬਣਾਈ ਹੈ, ਉਹ ਦਸਣ ।

(ਕੋਈ ਜਵਾਬ ਨਹੀਂ ਆਇਆ । )

**ਪ੍ਰੋਫੈਸਰ ਬਲਵੰਤ ਸਿੰਘ:** ਇਹ ਗਲਤ ਇਨਫਰਮੇਸ਼ਨ ਦੇ ਰਹੇ ਹਨ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਜਿਹੜੀ ਇਨਫਰਮੇਸ਼ਨ ਮੰਤਰੀ ਮਹੋਦਯ ਨੇ ਹਾਊਸ ਨੂੰ ਦਿਤੀ ਹੈ, ਉਹ ਬਿਲਕੁਲ ਠੀਕ ਹੈ । (ਵਿਘਨ)

**ਸ੍ਰੀ ਸੰਤਰਾਮ ਸਿੰਗਲਾ :** ਜਦੋਂ ਲੀਡਰ ਆਫ ਦੀ ਹਾਊਸ ਬੋਲ ਗਏ ਹਨ, ਫਿਰ ਇਸ ਦਾ ਕੀ ਫਾਇਦਾ ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 1627 ਅਤੇ 1630

(ਸਬੰਧਤ ਮਾਨਯੋਗ ਮੈਂਬਰ ਦੇ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤੇ ਗਏ)

---

## OPENING OF AN I. T. I. AT BALACHAUR

***1616. Master Dalip Chand :** Will the Minister of State for Rehabilitation and Industries be pleased to state whether there is any proposal under the consideration of the Government to open an I. T. I. at Balachaur, if so, by what time?

**ਸਰਦਾਰ ਦਰਸ਼ਨ ਸਿੰਘ ਕੇ. ਪੀ. :**—ਨਹੀਂ ਜੀ

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਅਜਿਹਾ ਕੋਈ ਸਬ-ਡਵੀਜ਼ਨ ਨਹੀਂ ਹੈ ਜਿਥੇ ਕਾਲਜ ਅਤੇ ਆਈ.ਟੀ.ਆਈ. ਨਾ ਹੋਣ । ਪਰ ਬਲਾਚੌਰ ਸਬ-ਡਵੀਜ਼ਨ ਵਿਚ ਨਾ ਕਾਲਿਜ ਹੈ ਅਤੇ ਨਾ ਹੀ ਆਈ.ਟੀ.ਆਈ. ਹੈ । ਚੀਫ ਮਨੀਸਟਰ ਸਾਹਿਬ ਦੀ ਮਿਹਰਬਾਨੀ ਕਰਕੇ ਉਥੇ 20 ਫੈਕਟਰੀਆਂ ਚਾਲੂ ਹਨ । ਇਨ੍ਹਾਂ ਫੈਕਟਰੀਆਂ ਵਿਚ ਉਥੇ ਦੇ ਲੜਕਿਆਂ ਨੂੰ ਇਸ ਕਰਕੇ ਨਹੀਂ ਰਖਿਆ ਜਾਂਦਾ ਕਿਉਂਕਿ ਉਨ੍ਹਾਂ ਕੋਲ ਕੋਈ ਡਿਪਲੋਮਾ ਨਹੀਂ ਹੈ । ਇਸ ਨੂੰ ਮੁੱਖ ਰਖਦੇ ਹੋਏ ਕੀ ਇਹ ਉਥੇ ਔਰ ਖਾਸ ਕਰਕੇ ਗੜ੍ਹਸ਼ੰਕਰ ਔਰ ਬਲਾਚੌਰ ਹਲਕੇ ਵਿਚ ਕੋਈ ਆਈ. ਟੀ. ਆਈ. ਖੋਲ੍ਹਣਗੇ ?

**ਰਾਜ ਮੰਤਰੀ :** ਰੋਪੜ, ਗੜ੍ਹਸ਼ੰਕਰ ਔਰ ਨਵਾਂ ਸ਼ਹਿਰ ਇਹ ਫੈਸਿਲਿਟੀ ਹੋਣ ਕਰਕੇ ਬਲਾਚੌਰ ਦਾ ਹਲਕਾ ਕਵਰ ਹੋ ਜਾਂਦਾ ਹੈ । ਇਸ ਕਰਕੇ ਇਥੇ ਆਈ. ਟੀ. ਆਈ. ਦੀ ਕੋਈ ਲੋੜ ਨਹੀਂ ਹੈ ।

**ਮਾਸਟਰ ਦਲੀਪ ਚੰਦ :** ਬਲਾਚੌਰ ਦੇ ਕਈ ਹਲਕੇ ਨਵਾਂ ਸ਼ਹਿਰ ਤੋਂ ਕਾਫੀ ਦੂਰ ਦੂਰ ਹਨ ਅਤੇ ਕੋਈ 15 ਕਿਲੋਮੀਟਰ ਦੀ ਦੂਰੀ ਤੇ ਹਨ । ਇਸ ਚੀਜ਼ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਇਹ ਬਲਾਚੌਰ ਵਾਸਤੇ ਉਥੇ ਆਈ. ਟੀ. ਆਈ. ਖੋਲ੍ਹਣ ਵਾਸਤੇ ਸੋਚਣਗੇ ?

**ਰਾਜ ਮੰਤਰੀ :** ਇਕ ਆਈ. ਟੀ. ਆਈ. ਖੋਲ੍ਹਣ ਤੇ 50 ਲੱਖ ਖਰਚ ਆਉਂਦਾ ਹੈ । ਗੜ੍ਹ-ਸ਼ੰਕਰ, ਰੋਪੜ ਅਰ ਨਵਾਂ ਸ਼ਹਿਰ ਬਲਾਚੌਰ ਦੇ ਨਜ਼ਦੀਕ ਹੋਣ ਦੇ ਬਾਵਜੂਦ ਵੀ ਇਥੇ ਇਹ ਖੋਲ੍ਹਣ ਵਾਸਤੇ ਵਿਚਾਰ ਕਰ ਲਵਾਂਗੇ ।

**ਪੰਡਿਤ ਸਰਵਣ ਰਾਮ :** ਇਨ੍ਹਾਂ ਨੇ ਗੜ੍ਹਸ਼ੰਕਰ ਦਾ ਨਾਂ ਲਿਆ ਹੈ ਪਰ ਉਥੇ ਕੋਈ ਆਈ. ਟੀ. ਆਈ. ਨਹੀਂ ਹੈ । ਬਲਾਚੌਰ ਵਿਖੇ ਆਈ. ਟੀ. ਆਈ. ਖੋਲ੍ਹਣ ਨਾਲ ਗੜ੍ਹਸ਼ੰਕਰ ਨੂੰ ਵੀ ਫਾਇਦਾ ਹੋ ਸਕਦਾ ਹੈ । ਉਥੇ ਫੈਕਟਰੀਆਂ ਕਈ ਹਨ ਪਰ ਬਗੈਰ ਡਿਪਲੋਮਾ

Original with;
Punjab Vidhan Sabha
Digitized by;
Panjab Digital Library

ਦੇ ਉਨ੍ਹਾਂ ਨੂੰ ਕੋਈ ਫੈਕਟਰੀਆਂ ਵਿਚ ਨੌਕਰੀ ਨਹੀਂ ਦਿੰਦਾ ਹੈ । ਕੰਡੀ ਦੇ ਇਲਾਕੇ ਨੂੰ ਇਸ ਵਿਚ ਪਹਿਲ ਦੇਣ ਵਾਸਤੇ ਇਹ ਜ਼ਰੂਰੀ ਹੈ ਕਿ ਉਥੇ ਆਈ. ਟੀ. ਆਈ. ਖੋਲ੍ਹਿਆ ਜਾਏ । ਕੀ ਇਹ ਇਸ ਤਰ੍ਹਾਂ ਕਰਨ ਨੂੰ ਤਿਆਰ ਹਨ ?

**ਰਾਜ ਮੰਤਰੀ:** ਕੰਡੀ ਏਰੀਆ ਔਰ ਧਾਰ ਬਲਾਕ ਦੇ ਹਿੱਤਾਂ ਨੂੰ ਮੁੱਖ ਰਖਦੇ ਹੋਏ ਹੀ ਗੜ੍ਹਸ਼ੰਕਰ, ਰੋਪੜ ਔਰ ਨਵਾਂ ਸ਼ਹਿਰ ਵਿਖੇ ਇਹ ਸੈਂਟਰਜ਼ ਖੋਲ੍ਹੇ ਹੋਏ ਹਨ । ਪੰਡਿਤ ਜੀ ਨੂੰ ਪਤਾ ਹੈ ਇਹ ਆਪ ਉਥੇ ਕਮੇਟੀ ਦੇ ਮੈਂਬਰ ਹਨ ਉਥੇ ਲੜਕੇ ਦਾਖ਼ਲ ਹੋਏ ਹਨ ।

**ਮਾਸਟਰ ਬਾਬੂ ਸਿੰਘ:** ਬਠਿੰਡਾ ਇੰਡਸਟ੍ਰੀਅਲੀ ਤੌਰ ਤੇ ਬੈਕਵਰਡ ਡਿਕਲੇਅਰ ਹੋਇਆ ਹੋਇਆ ਹੈ। ਉਸ ਏਰੀਆ ਨੂੰ ਡਿਵੈਲਪ ਕਰਨ ਵਾਸਤੇ ਕੀ ਰਾਮਪੁਰਾ ਫੂਲ ਅਤੇ ਭਗਤਾ-ਭਾਈਕਾ ਇਹ ਆਈ. ਟੀ. ਆਈ. ਖੋਲ੍ਹਣਗੇ ?

**ਰਾਜ ਮੰਤਰੀ:** ਪੰਜਾਬ ਦੇ ਹਰ ਜ਼ਿਲੇ ਵਿਚ ਦੋ-ਦੋ, ਤਿੰਨ-ਤਿੰਨ ਆਈ. ਟੀ. ਆਈ, ਚੱਲ ਰਹੇ ਹਨ । ਫ਼ਿਰ ਵੀ ਅਗਰ ਜ਼ਰੂਰਤ ਪਈ ਤਾਂ ਇਸ ਬਾਰੇ ਵਿਚਾਰ ਕਰ ਲਵਾਂਗੇ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ:** ਪੰਜਾਬ ਗੌਰਮਿੰਟ ਨੇ ਹੀਸੈਂਟਲੀ ਫੈਸਲਾ ਕਰਕੇ ਤਕਰੀਬਨ 400 ਸਕੂਲਾਂ ਵਿਚ ਵੋਕੇਸ਼ਨਲ ਐਜੂਕੇਸ਼ਨ ਜਾਰੀ ਕਰਨ ਦਾ ਪਰਬੰਧ ਕੀਤਾ ਹੈ । ਇਨ੍ਹਾਂ ਨੇ ਕਿਹਾ ਹੈ ਕਿ ਆਈ.ਟੀ.ਆਈ ਖੋਲ੍ਹਣ ਤੇ 50 ਲੱਖ ਲਗ ਜਾਂਦਾ ਹੈ । ਇਸ ਖਰਚ ਨੂੰ ਮੁੱਖ ਰਖਦੇ ਹੋਏ ਵੋਕੇਸ਼ਨਲ ਐਜੂਕੇਸ਼ਨ ਔਰ ਆਈ.ਟੀ.ਆਈ. ਟਰੇਨਿੰਗ ਨੂੰ ਕੋਆਰਡੀਨੇਟ ਕਰਕੇ ਕੋਈ ਸਕੀਮ ਬਨਾਉਣੀ ਚਾਹੀਦੀ ਹੈ । ਇਸ ਤਰ੍ਹਾਂ ਕਰਨ ਨਾਲ ਸੇਵਿੰਗ ਵਧ ਹੋਏਗੀ ਔਰ ਫ਼ਾਇਦਾ ਵੀ ਕਾਫ਼ੀ ਹੋਏਗਾ । ਕੀ ਇਸ ਤਰ੍ਹਾਂ ਕਰਨ ਨੂੰ ਇਹ ਤਿਆਰ ਹਨ ?

**ਰਾਜ ਮੰਤਰੀ:** ਆਈ. ਟੀ. ਆਈ. ਸੈਂਟਰਜ਼ ਦਾ ਕੰਮ ਵਖਰਾ ਹੈ ਔਰ ਵੋਕੇਸ਼ਨਲ ਐਜੂਕੇਸ਼ਨ ਦਾ ਕੰਮ ਵਖਰਾ ਹੈ । ਇਹ ਦੋਨੋਂ ਵਖਰੇ ਵਖਰੇ ਅਦਾਰੇ ਹਨ ।

**ਸਰਦਾਰ ਲੱਖਾ ਸਿੰਘ:** ਮੇਰੇ ਹਲਕੇ ਗੋਇੰਦਵਾਲ ਵਿਖੇ ਜਿਥੇ ਚੀਫ਼ ਮਨਿਸਟਰ ਸਾਹਿਬ ਨੇ 100 ਕਰੋੜ ਰੁਪਏ ਦਾ ਪਰਾਜੈਕਟ ਖੋਲ੍ਹਿਆ ਹੈ, ਕੀ ਉਥੇ ਆਈ. ਟੀ. ਆਈ. ਖੋਲ੍ਹਣ ਦਾ ਪਰਬੰਧ ਕਰਨਗੇ ?

**ਰਾਜ ਮੰਤਰੀ:** ਇਹ ਠੀਕ ਹੈ, ਇਸ ਤੇ ਵਿਚਾਰ ਕਰ ਲਵਾਂਗੇ ।

**ਸ੍ਰੀ ਰਾਮ ਸਵਰੂਪ ਬਾਗੀ:** ਮੈਂ ਚੀਫ ਮਨਿਸਟਰ ਸਾਹਿਬ ਦਾ ਬੜਾ ਥੈਂਕਫੁਲ ਹਾਂ ਕਿਉਂਕਿ ਇਨ੍ਹਾਂ ਨੇ ਧਾਰ ਬਲਾਕ ਵਿਖੇ ਸੈਂਟਰ ਵਿਚ ਦੋ ਕਲਾਸਿਜ਼ ਖੋਲ੍ਹਣ ਦਾ ਹੁਕਮ ਦਿੱਤਾ ਸੀ । ਪਰ ਉਥੇ ਦੀ ਬਿਲਡਿੰਗ ਬਰਾਏ ਨਾਮ ਹੈ ਔਰ ਉਹ ਇਨ-ਕੰਪਲੀਟ ਪਈ ਹੈ । ਫਿਰ ਬਾਅਦ ਵਿਚ ਇਹ ਮਹਿਕਮਾਂ ਕੇ. ਪੀ. ਸਾਹਿਬ ਕੋਲ ਆ ਗਿਆ । ਇਨ੍ਹਾਂ ਨੇ ਯਕੀਨ ਦਿਲਾਇਆ ਸੀ ਕਿ ਇਸ ਬਾਰੇ ਕਲਾਸਿਜ਼ ਖੋਲ੍ਹ ਦਿੱਤੀਆਂ ਜਾਣਗੀਆਂ । ਪਰ ਅਜੇ ਤਕ ਉਥੇ ਕਲਾਸਿਜ਼ ਖੋਲ੍ਹੀਆਂ ਨਹੀਂ ਗਈਆਂ । ਧਾਰ ਬਲਾਕ ਦਾ ਕੋਈ ਮੁੰਡਾ ਉਥੇ ਦਾਖਲ ਨਹੀਂ ਹੋ ਸਕਦਾ ਕਿਉਂਕਿ ਉਹ ਮੈਰਿਟ ਤੇ ਨਹੀਂ ਆ ਸਕਦੇ । ਕੀ ਮੰਤਰੀ ਜੀ ਉਥੇ ਧਾਰ ਬਲਾਕ ਵਿਚ ਜਲਦੀ ਆਈ. ਟੀ.ਆਈ. ਖੋਲ੍ਹਣਗੇ ਤਾਕਿ ਉਥੇ ਛੋਟੇ ਛੋਟੇ ਕੰਮ ਜਿਵੇਂ ਕਿ ਬਲੈਕ ਸਮਿਥੀ, ਕਾਰਪੈਂਟਰੀ ਆਦਿ ਉਹ ਬੱਚੇ ਸਿੱਖ ਸਕਣ ? ਇਸ ਦੇ ਨਾਲ ਹੀ ਕੀ ਉਥੇ ਦਾਖਲੇ ਵਾਸਤੇ ਉਨ੍ਹਾਂ ਮੁੰਡਿਆਂ ਲਈ ਮੈਰਿਟ ਦੀ ਕੰਡੀਸ਼ਨ ਉੜਾ ਦੇਣਗੇ ਕਿਉਂਕਿ ਉਹ ਮਾੜੇ ਹੋਣ ਕਰਕੇ ਮੈਰਿਟ ਤੇ ਨਹੀਂ ਆ ਸਕਦੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਜਿਥੋਂ ਤਕ ਉਥੇ ਆਈ. ਟੀ, ਆਈ. ਖੋਲ੍ਹਣ ਦਾ ਸਬੰਧ ਹੈ ਉਥੇ ਇਸ ਦੀ ਕੋਈ ਲੋੜ ਨਹੀਂ ਹੈ। ਇਹ ਧਾਰ ਬਲਾਕ ਨਹੀਂ ਹੈ।

**ਸਰਦਾਰ ਪ੍ਰਿਥੀਪਾਲ ਸਿੰਘ:** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਈ. ਟੀ. ਆਈ. ਵਿਚ ਕਿਹੜੀ ਕਿਹੜੀ ਦਸਤਕਾਰੀ ਸਿਖਾਈ ਜਾਂਦੀ ਹੈ ? ਕੀ ਉਥੇ ਲਕੜੀ ਦਾ ਕੰਮ ਅਤੇ ਲੋਹਾਰ ਦਾ ਕੰਮ ਸਿਖਾਇਆ ਜਾਂਦਾ ਹੈ ?

ਰਾਜ ਮੰਤਰੀ: ਇਸ ਸਬੰਧ ਵਿਚ ਵਖਰਾ ਨੋਟਿਸ ਦੇ ਦੇਣਾ ਚਾਹੀਦਾ ਹੈ। ਉਥੇ ਲੜਕੀਆਂ ਸਿਲਾਈ ਦਾ ਕੰਮ ਸਿਖਦੀਆਂ ਹਨ। ਹੋਰ ਟਰੈਕਟਰ ਚਲਾਉਣ ਦਾ ਕੰਮ ਅਤੇ ਮੋਟਰ ਮਕੈਨਿਕ ਦਾ ਕੰਮ ਆਦਿ ਉਥੇ ਸਿਖਾਇਆ ਜਾਂਦਾ ਹੈ।

**ਸ੍ਰੀ ਗੁਰਦਿਆਲ ਸੈਣੀ:** ਸਭ ਤੋਂ ਪਹਿਲਾਂ ਜਾਲੰਧਰ ਵਿਚ ਆਈ.ਟੀ.ਆਈ. ਬਣਿਆ ਸੀ। ਪਹਿਲਾਂ ਉਥੇ 22 ਕਲਾਸਿਜ਼ ਲਗਦੀਆਂ ਸਨ ਪਰ ਥੋੜਾ ਅਰਸਾ ਹੋਇਆ ਹੈ ਕਿ ਉਥੇ ਸਿਰਫ 5-6 ਆਈਟਮਜ਼ ਦੀਆਂ ਦੋ ਕਲਾਸਿਜ਼ ਹੀ ਰਹਿ ਗਈਆਂ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੋ ਗਿਆਨੀ ਜ਼ੈਲ ਸਿੰਘ ਵੇਲੇ ਉਥੇ ਕਲਾਸਿਜ਼ ਲਗਦੀਆਂ ਸਨ. ਕੀ ਉਨੀਆਂ ਹੀ ਕਲਾਸਿਜ਼ ਹੁਣ ਉਥੇ ਲਗਾਈਆਂ ਜਾਣਗੀਆਂ ?

**ਰਾਜ ਮੰਤਰੀ:** ਇਸ ਤੇ ਵਿਚਾਰ ਕਰ ਲਵਾਂਗੇ।

**ਮਾਸਟਰ ਚੰਦ ਸਿੰਘ:** ਡਿਸਟ੍ਰਿਕਟ ਹੈਡਕੁਆਰਟਰਜ਼ ਸੰਗਰੂਰ ਵਿਖੇ ਮੁੰਡਿਆਂ ਵਾਸਤੇ ਕੋਈ ਆਈ. ਟੀ. ਆਈ. ਨਹੀਂ ਹੈ। ਕੀ ਇਹ ਉਥੇ ਆਈ. ਟੀ. ਆਈ. ਖੋਲ੍ਹਣਗੇ ? ਦੂਸਰੇ ਬਰਨਾਲੇ ਵਿਖੇ ਆਈ. ਟੀ. ਆਈ. ਦੀ ਬਿਲਡਿੰਗ ਇਨ-ਕੰਪਲੀਟ ਪਈ ਹੈ, ਉਸ ਨੂੰ ਕੀ ਇਹ ਕੰਮਪਲੀਟ ਕਰਾਉਣਗੇ ?

**ਰਾਜ ਮੰਤਰੀ:** ਜ਼ਰੂਰੀ ਨਹੀਂ ਕਿ ਹਰ ਡਿਸਟ੍ਰਿਕਟ ਹੈਡ-ਕੁਆਰਟਰਜ਼ ਤੇ ਆਈ.ਟੀ.ਆਈ. ਖੋਲ੍ਹੀ ਜਾਏ। ਅਗਰ ਜ਼ਰੂਰਤ ਪਈ ਤਾਂ ਉਥੇ ਖੋਲ੍ਹ ਦਿਤੀ ਜਾਏਗੀ।

**ਕਾਮਰੇਡ ਬੂਟਾ ਸਿੰਘ:** ਸਪੀਕਰ ਸਾਹਿਬ, ਮਾਨਸਾ ਵਿਚ ਆਈ. ਟੀ. ਸੀ. ਨਾਮੀ ਛੋਟਾ ਜਿਹਾ ਸੈਂਟਰ ਚਲਦਾ ਹੈ, ਜਿਸ ਵਿਚ ਸਿਰਫ 2-3 ਕਿਸਮ ਦਾ ਹੀ ਕੰਮ ਸਿਖਾਇਆ ਜਾਂਦਾ ਹੈ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਹਾਲਾਤ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਜਿੰਨਾਂ ਚਿਰ ਵੱਡੀ ਆਈ. ਟੀ. ਆਈ. ਨਹੀਂ ਬਣਦੀ ਉਨਾਂ ਚਿਰ ਕੀ ਇਸ ਛੋਟੇ ਜਿਹੇ ਸੈਂਟਰ ਵਿਚ ਹੀ 2-3 ਹੋਰ ਟਰੇਡਾਂ ਚਾਲੂ ਕਰ ਦੇਣਗੇ ?

ਰਾਜ ਮੰਤਰੀ: ਇਹਦੇ ਬਾਰੇ ਵਿਚਾਰ ਕਰ ਲਵਾਂਗੇ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1629

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ।)

**Mr. Speaker:** Question Hour is over.

Original with;
Punjab Vidhan Sabha
Digitized by;
Panjab Digital Library

## ANNOUNCEMENT BY THE SPEAKER

**Mr. Speaker**: In accordance with an established convention, notices of questions received from the Hon. Members who are in jails have been entertained and dealt with. These questions will, however, be treated as Unstarred Questions and replies thereto as and when received from the Government will be sent to the Members concerned.

---

## PANEL OF CHAIRMEN

**Mr. Speaker**: Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen :—

1. Sh. Brahm Mohindra.
2. Sardar Pirthipal Singh.
3. Chaudhri Sajjan Kumar Jakhar.
4. Comrade Sarwan Singh Cheema.

---

## ANNOUNCEMENT BY THE SECRETARY

ਸ੍ਰੀ ਸਕੱਤਰ: ਮੈਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਚੌਥੇ (ਬਜਟ) ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿਲਾਂ ਦੀ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ।

### ਸਟੇਟਮੈਂਟ

ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਚੌਥੇ (ਬਜਟ) ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿਲ ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ, ਦਰਸਾਉਂਦਾ ਵਿਵਰਣ !

1. ਪੰਜਾਬ ਨਮਿੱਤਣ (ਨੰ: 2) ਬਿਲ, 1982 ।
2. ਪੰਜਾਬ ਨਮਿੱਤਣ (ਨੰ: 3) ਬਿਲ, 1982 ।
3. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ (ਆਰਜ਼ੀ ਅਧਿਲੰਘਣ) । ਸੋਧਨਾ ਬਿਲ, 1982 ।
4. ਪੰਜਾਬੀ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 1982 ।
5. ਪੰਜਾਬ ਆਮ ਵਿਕਰੀ ਕਰ (ਸੋਧਨਾ) ਬਿਲ, 1982 ।
6. ਪੰਜਾਬ ਨਿਊ ਟਾਊਨਸ਼ਿਪ (ਗਲੀਆਂ ਵਿਚ ਰੋਸ਼ਨੀ ਕਰਨਾ ਅਤੇ ਪਾਣੀ ਦੀ ਸਪਲਾਈ) ਫੀਸ (ਮਨਸੂਖੀ) ਬਿਲ, 1982 ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਕੱਤਰ]

7. ਪੰਜਾਬ ਰਾਜ ਭਾਸ਼ਾ (ਸੋਧਨਾ) ਬਿਲ, 1982 ।

8. ਪੰਜਾਬ ਮਨੋਰੰਜਨ ਕਰ (ਸੋਧਨਾ) ਬਿਲ, 1982 ।

9. ਪੰਜਾਬ ਵਿਧਾਨਕਾਰ (ਭੱਤੇ ਅਤੇ ਸਹੂਲਤਾਂ) ਪਰਿਵਰਤਨ ਬਿਲ, 1982 ।

---

**ਮਾਸਟਰ ਚੰਦ ਸਿੰਘ:** ** ** **

**ਸ੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਡਾਕਟਰ ਭਗਤ ਸਿੰਘ:** ਸਪੀਕਰ ਸਾਹਿਬ, ਮੈਂ ਜਿਹੜੀ ਐਡਜਰਨਮੈਂਟ ਮੋਸ਼ਨ ਦਿੱਤੀ ਹੈ ਇਹ ਵਾਕਿਆ ਹੀ ਸਾਰੇ ਅਪੋਜ਼ੀਸ਼ਨ ਦੇ ਮੈਂਬਰਾਂ ਦਾ ਜਾਇੰਟ ਰੈਜ਼ੋਲਿਊਸ਼ਨ ਹੈ ।

**ਸ੍ਰੀ ਸਪੀਕਰ:** ਇਹ ਅੰਡਰ ਕੰਸਿਡਰੇਸ਼ਨ ਹੈ ।

**ਡਾਕਟਰ ਭਗਤ ਸਿੰਘ:** ਇਹ ਅੰਡਰ ਕੰਸਿਡਰੇਸ਼ਨ ਨਹੀਂ ਚਾਹੀਦਾ । ਇਹ ਜਿਹੜੇ ਓਬਿਚਿਊਅਰੀ ਨੋਟਿਸ ਇਸ ਹਾਊਸ ਵਿਚ ਦਿੱਤੇ ਗਏ ਹਨ, ਉਹਨਾਂ ਦੇ ਵਿਚ ਇਹਨਾਂ ਬੱਸ ਹਾਦਸੇ ਵਿਚ ਮਰਨ ਵਾਲਿਆਂ ਦੇ ਨਾਮ ਵੀ ਦੇਣੇ ਚਾਹੀਦੇ ਸਨ । ਸਪੀਕਰ ਸਾਹਿਬ, ਤੁਸੀਂ ਰੂਲਜ਼ ਨੂੰ ਵੇਵ ਕਰਕੇ ਰੈਜ਼ੋਲਿਊਸ਼ਨ ਨੂੰ ਐਡਮਿਟ ਕਰੋ ਨਹੀਂ ਤਾਂ ਅਸੀਂ ਹਾਊਸ ਵਿਚ ਬੈਠਣ ਲਈ ਤਿਆਰ ਨਹੀਂ ਹੋਵਾਂਗੇ ।

**ਸ੍ਰੀ ਸਪੀਕਰ:** ਚੰਗਾ ਫਿਰ ਕਾਲ-ਅਟੈਨਸ਼ਨ ਨੋਟਿਸ ਲੈ ਆਓ। ਇਸਦਾ ਜਵਾਬ ਗੌਰਮਿੰਟ ਦ ਦੇਵੇਗੀ ।

**ਪ੍ਰੋਫੈਸਰ ਬਲਵੰਤ ਸਿੰਘ:** ** ** **

**ਸ੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਮੇਰਾ ਖਿਆਲ ਹੈ, ਜਿਸ ਮੁਆਮਲੇ ਨੂੰ ਏਥੇ ਉਠਾਇਆ ਜਾ ਰਿਹਾ ਹੈ, ਉਹ ਘੱਟੋ-ਘੱਟ ਬਹਿਸ ਦਾ ਕਾਰਨ ਨਹੀਂ ਬਨਣਾ ਚਾਹੀਦਾ । ਮੈਂ ਸਿਰਫ ਏਨਾ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਇਸਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਅਜੰਡੇ ਵਿਚ ਰਖ ਲਓ, ਤਾਂ ਠੀਕ ਹੈ ।

**ਸ੍ਰੀ ਸਪੀਕਰ:** ਇਹ ਅੰਡਰ ਕੰਸਿਡਰੇਸ਼ਨ ਹੈ।

**ਕਾਮਰੇਡ ਰਾਜ ਕੁਮਾਰ:** ਸਾਨੂੰ ਕੋਈ ਇਤਰਾਜ਼ ਨਹੀਂ, ਸਪੀਕਰ ਸਾਹਿਬ । ਤੁਸੀਂ ਇਸ ਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਰਖ ਕੇ ਟਾਈਮ ਅਲਾਟ ਕਰ ਦਿਓ ਤਾ ਵੀ ਠੀਕ ਹੈ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਮੈਂ ਇਸ ਨੂੰ ਅਕਸੈਪਟ ਕਰਕੇ ਹੀ ਰਖ ਸਕਦਾ ਹਾਂ। ਹਾਲੇ ਤੱਕ ਇਹ ਅੰਡਰ ਕੰਸਿਡਰੇਸ਼ਨ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਿਥੇ ਤੱਕ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਇਸਨੂੰ ਡਿਸਕਸ ਕਰਨਾ ਹੈ, ਇਸਤੇ ਸਾਨੂੰ ਕੋਈ ਇਤਰਾਜ਼ ਨਹੀਂ। ਪਰ ਇਸਤੇ ਕੋਈ ਵਾਕ-ਆਊਟ ਨਹੀਂ ਹੋਣਾ ਚਾਹੀਦਾ, ਕੋਈ ਕੰਟਰੋਵਰਸੀ ਨਹੀਂ ਹੋਣੀ ਚਾਹੀਦੀ। ਤੁਸੀਂ ਵੀ ਉਸ ਸਪਿਰਿਟ ਨੂੰ ਕਾਇਮ ਕਰੋ ਜਿਸ ਤੇ ਸਾਡੀ ਪ੍ਰਧਾਨ ਮੰਤਰੀ ਅਤੇ ਸੀ. ਐਮ. ਸਾਹਿਬ ਨੇ ਕੁਝ ਸ਼ਬਦ ਕਹੇ ਸਨ। ਤੁਹਾਡੇ ਕੋਲ ਇਖਤਿਆਰਾਤ ਹਨ ਕਿ ਤੁਸੀਂ ਕਿਸੇ ਵੀ ਰੂਲ ਨੂੰ ਵੇਵ ਕਰ ਸਕਦੇ ਹੋ। ਮੈਂ ਤੁਹਾਨੂੰ ਪ੍ਰੋਵਾਈਜ਼ੋ-71 ਦਾ ਹਵਾਲਾ ਦੇਂਦਾ ਹਾਂ ਜਿਸਦੇ ਮੁਤਾਬਿਕ ਕਿਸੇ ਨੋਟਿਸ ਦੀ ਲੋੜ ਨਹੀਂ।

**ਸ੍ਰੀ ਸਪੀਕਰ** : ਇਹ ਮੁਆਮਲਾ ਅੰਡਰ ਕੰਸਿਡਰੇਸ਼ਨ ਹੈ।

---

## OBSERVATION BY THE CHIEF MINISTER REGARDING THE DEATH OF 34 PERSONS IN BUS TRAIN ACCIDENT NEAR TARN TARAN.

**ਮੁੱਖ-ਮੰਤ੍ਰੀ (ਸਰਦਾਰ ਦਰਬਾਰਾ ਸਿੰਘ)**: I would like to make a submission. ਮੇਰੀ ਅਰਜ਼ ਹੈ ਕਿ ਇਸ ਹਾਊਸ ਵਿੱਚ ਐਡਜਰਨਮੈਂਟ ਹੋਣ ਤੋਂ ਪਹਿਲਾ ਅਸੀਂ ਏਥੇ ਓਬਿਚਿਊਅਰੀ ਨੋਟਿਸ ਦਿੱਤੇ ਸਨ ਔਰ ਜਿਹਨਾਂ ਵਿੱਚ ਅਸੀਂ ਉਹ ਜਿਹੜੇ 34 ਆਦਮੀ ਮਰੇ ਹਨ ਉਹਨਾਂ ਦੇ ਬਾਰੇ ਵਿੱਚ ਵੀ ਅਫਸੋਸ ਨਾਲ ਅਸੀਂ ਕਬੂਲ ਕੀਤਾ, ਉਹ ਇਸ ਖਿਆਲ ਨਾਲ ਕਿ ਭਾਵੇਂ ਇਸਦੀ ਰਵਾਇਤ ਨਹੀਂ ਪਰ ਰਵਾਇਤ ਸਿਰਫ ਅੱਜ ਵਾਸਤੇ ਬਣਾ ਦਿੱਤਾ ਜਾਵੇ। ਅਸੀਂ ਇਸਨੂੰ ਸਪੈਸ਼ਲੀ ਸ਼ਾਮਿਲ ਕੀਤਾ ਉਸ ਗੱਲ ਦਾ ਉਹਨਾਂ ਮਰਨ ਵਾਲਿਆਂ ਦੇ ਘਰਾਂ ਵਿੱਚ ਗੌਰਮਿੰਟ ਵਲੋਂ ਅਫਸੋਸ ਕੀਤਾ ਗਿਆ। ਜੋ ਕੁਝ ਮਦਦ ਗੌਰਮਿੰਟ ਵਲੋਂ ਦਿੱਤੀ ਗਈ, ਉਸਦਾ ਵੀ ਜ਼ਿਕਰ ਕੀਤਾ ਗਿਆ ਹੋਰ ਵੀ ਦੇਵਾਂਗੇ ਜੇ ਕਿਧਰੇ ਮਦੱਦ ਹੋ ਸਕਦੀ ਹੈ, ਉਹਨਾਂ ਲੋਕਾਂ ਦੇ ਇਲਾਜ ਲਈ ਵੀ ਮਦਦ ਦੇਵਾਂਗੇ ਜਿਹੜੇ ਹਸਪਤਾਲਾਂ ਵਿੱਚ ਪਏ ਹਨ। ਇਸ ਤੇ ਬਹਿਸ ਕਰਣ ਦੀ ਤਾਂ ਕੋਈ ਗੱਲ ਨਹੀਂ। ਹਾਂ, ਅਗਰ ਜੇ ਕੋਈ ਕਾਲ-ਅਟੈਨਸ਼ਨ ਨੋਟਿਸ ਦੇਣਾ ਹੈ, ਤਾਂ ਦੇ ਦੇਣ। ਮੈਂ ਉਸਦਾ ਜਵਾਬ ਦੇ ਦਿਆਂਗਾ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਕੰਡੋਲੈਂਸ ਪਹਿਲਾਂ ਹੋ ਗਈ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਦੀ ਇਹ ਇਨਟੈਨਸ਼ਨ ਨਹੀਂ ਸੀ।

**ਸ੍ਰੀ ਸਪੀਕਰ** : ਕਾਮਰੇਡ ਜੀ, ਪਲੀਜ਼।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਤੁਹਾਡੇ ਕੋਲ ਅਖਤਿਆਰ ਹੈ, ਤੁਸੀਂ ਸਾਰਾ ਕੁਝ ਕਟਾ ਸਕਦੇ ਹੋ ਪਰ ਪਹਿਲਾਂ ਮੇਰੀ ਗਲ ਤਾਂ ਸੁਣ ਲਵੋ। ਸੀ. ਐਮ. ਨੇ ਕਿਸੇ ਪ੍ਰੰਪਰਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅਸੀਂ ਇਸ ਦੇ ਨਾਲ ਇਸ ਮਤੇ ਨੂੰ ਨਾ ਕਰੀਏ। ਜੋ ਸਟੇਟਮੈਂਟ ਉਨ੍ਹਾਂ ਨੇ ਕੀਤਾ ਹੈ, ਉਸ ਦਾ ਮਤਲਬ ਮੈਂ ਇਹੀ ਸਮਝਦਾ ਹਾਂ ਕਿ ਉਨ੍ਹਾਂ ਨੇ ਉਸ ਮਤੇ ਵਿਚ ਇਸ ਨੂੰ ਸ਼ਾਮਿਲ ਕਰ ਲਿਆ ਹੈ

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਮੈਂ ਜੋ ਇਥੇ ਬੋਲਿਆ ਹੈ ਉਸ ਨੂੰ ਰਿਕਾਰਡ ਤੋਂ ਇਹ ਰੀਡ ਆਊਟ ਕਰ ਲੈਣ । ਮੈਂ ਕਿਹਾ ਸੀ ਕਿ ਇਸ ਨੂੰ ਅਗੇ ਵਾਸਤੇ ਪਰੈਸੀਡੈਂਟ ਨਾ ਬਣਾਇਆ ਜਾਵੇਂ । ਅੱਜ ਵਾਸਤੇ ਇਹ ਸ਼ਾਮਿਲ ਹੈ ਲੇਕਿਨ ਅਗੇ ਵਾਸਤੇ ਇਸ ਨੂੰ ਪਰੈਸੀਡੈਂਟ ਨਾ ਬਣਾਇਆ ਜਾਵੇ ।

**Comrade Raj Kumar :** That has become a part of the resolution.

## WALK-OUTS

**ਮਾਸਟਰ ਚੰਦ ਸਿੰਘ** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਉਨ੍ਹਾਂ ਨੂੰ ਕੰਪਨਸੇਸ਼ਨ ਦੇਣਾ ਹੈ, ਇਹ ਉਨ੍ਹਾਂ ਨਾਲ ਬਹੁਤ ਵਡੀ ਜ਼ਿਆਦਤੀ ਹੈ। ਕੰਪਨਸੇਸ਼ਨ ਜ਼ਿਆਦਾ ਦੇਣਾ ਚਾਹੀਦਾ ਹੈ । ਇਹ ਇਸ ਦੀ ਅਦਾਲਤੀ ਜਾਂਚ ਦੀ ਗਲ ਨਹੀਂ ਕਰ ਰਹੇ । ਇਸ ਤਰ੍ਹਾਂ ਲੋਕਾਂ ਨਾਲ ਇਹ ਬੇ-ਇਨਸਾਫੀ ਹੈ । ਜੇ ਇਹ ਸਾਡੀ ਗਲ ਸੁਣਨ ਲਈ ਤਿਆਰ ਨਹੀਂ ਹਨ ਅਤੇ ਇਸ ਦੀ ਅਦਾਲਤੀ ਜਾਂਚ ਦੀ ਗਲ ਕਰਨ ਨੂੰ ਇਹ ਤਿਆਰ ਨਹੀਂ ਹਨ ਅਤੇ ਤੁਸੀਂ ਵੀ ਸਾਡੀ ਗਲ ਸੁਣਨ ਲਈ ਤਿਆਰ ਨਹੀਂ ਹੋ ਤਾਂ ਫਿਰ ਅਸੀਂ ਇਸ ਦੇ ਖਿਲਾਫ ਅਤੇ ਤੁਹਾਡੇ ਸਖ਼ਤ ਰਵੱਈਏ ਦੇ ਖਿਲਾਫ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਸੀ.ਪੀ. ਆਈ. (ਐਮ) ਦੇ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ )

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਅਸੀਂ ਵੀ ਐਜ਼ ਏ ਪਰੋਟੈਸਟ ਵਾਕ-ਆਊਟ ਕਰਦੇ ਹਾਂ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਟੀ.) ਦੇ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ ।

---

## OBSERVATION BY THE CHIEF MINISTER REGARDING THE DEATH OF 34 PERSONS IN BUS-TRAIN ACCIDENT NEAR TARN TARAN (*Resumption*)

**Shri Gopal Krishan Chatrath :** The Chief Minister has made a categorical statement on the point. No discussion on that.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਸਮਝਦਾ ਸੀ ਕਿ ਇਹ ਮਾਮਲਾ ਖਤਮ ਹੋ ਗਿਆ ਹੈ । ਸੀ. ਐਮ. ਨੇ ਕੋਈ ਇਨਕੁਆਇਰੀ ਅਨਾਊਂਸ ਵੀ ਕੀਤੀ ਹੋਈ ਹੈ । ਮੈਂ ਨਹੀਂ ਸਮਝਦਾ ਕਿ ਇਸ ਮਾਮਲੇ ਉਤੇ ਗੌਰਮਿੰਟ ਨੂੰ ਸਟੇਟਮੈਂਟ ਦੇਣ

Original with;
Punjab Vidhan Sabha
Digitized by;
Panjab Digital Library

ਵਿਚ ਕੋਈ ਇਤਰਾਜ਼ ਹੋਵੇ । ਮੈਂ ਅਖਬਾਰਾਂ ਵਿਚ ਪੜ੍ਹਿਆ ਹੈ ਕਿ ਇਨ੍ਹਾਂ ਨੇ ਇਨਕੁਆਇਰੀ ਅਨਾਊਂਸ ਕੀਤੀ ਹੈ ।

ਮੁੱਖ ਮੰਤਰੀ : ਮੈਂ ਇਨਕੁਆਇਰੀ ਕਰਨ ਵਾਸਤੇ ਜ਼ਰੂਰ ਅਨਾਊਂਸ ਕੀਤਾ ਹੈ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੈਂ ਇਨਕੁਆਇਰੀ ਲਈ ਆਰਡਰ ਕੀਤੇ ਹਨ । ਉਹ ਇਨਕੁਆਰੀ ਕੀ ਹੈ ? Is it Magisterial enquiry, Judicial enquiry, departmental enquiry or party enquiry ?

**Chief Minister** (Sardar Darbara Singh) : Magisterial enpuiry.

ਕਾਮਰੇਡ ਰਾਜ ਕੁਮਾਰ : ਮੈਜਿਸਟੀਰੀਅਲ ਇਨਕੁਆਰੀ ਨਾਲ ਸੈਟਿਸਫੈਕਸ਼ਨ ਨਹੀਂ ਹੁੰਦੀ । ਇਸ ਤਰ੍ਹਾਂ ਦਾ ਰੇਲਵੇ ਦਾ ਐਕਸੀਡੈਂਟ ਇਕ ਨਹੀਂ ਬਲਕਿ ਕਈ ਐਕਸੀਡੈਂਟ ਹੁੰਦੇ ਹਨ । ਇਹ ਡੇਢ ਸਾਲ ਵਿਚ ਦੂਸਰਾ ਐਕਸੀਡੈਂਟ ਹੈ । ਧਾਰੀਵਾਲ ਕੋਲ ਬਿਧੀਪੁਰ ਵਿਖੇ ਇਹੋ ਜਿਹੇ ਐਕਸੀਡੈਂਟ ਵਿਚ 25 ਆਦਮੀ ਮਰ ਗਏ । ਇਹ ਠੀਕ ਹੈ ਕਿ ਰੇਲਵੇ ਦੀ ਐਡਮਨਿਸਟਰੇਸ਼ਨ ਸਾਡੇ ਇਖਤਿਆਰ ਵਿਚ ਨਹੀਂ ਹੈ, ਇਹ ਸੈਂਟਰ ਦੇ ਅਖਤਿਆਰ ਵਿਚ ਹੈ । ਪਰ ਸਾਨੂੰ ਇਹ ਕਹਿਣ ਦਾ ਅਖਤਿਆਰ ਹੈ ਕਿ ਜਿਹੜੀ ਰੇਲਵੇ ਪੰਜਾਬ ਵਿਚ ਹੈ ਉਸ ਦੀ ਐਡਮਨਿਸਟਰੇਸ਼ਨ ਠੀਕ ਹੋਣੀ ਚਾਹੀਦੀ ਹੈ। ਫਾਟਕ ਨਾਲ ਇੰਟਰ ਲਾਕਿੰਗ ਸਿਸਟਮ ਲਾਗੂ ਕਰੋ ਟਰੇਡ ਯੂਨੀਅਨ ਨੇ ਅਤੇ ਹੋਰ ਐਕਸਪਰਟ ਕਮੇਟੀ ਨੇ ਕਿਹਾ ਕਿ ਫਾਟਕ ਗੱਡੀ ਆਉਣ ਸਮੇਂ ਬੰਦ ਹੋਵੇ ਅਤੇ ਖੁਲ੍ਹਾ ਨਾ ਹੋਵੇ । ਗੌਰਮਿੰਟ ਨੂੰ ਇਸ ਨੂੰ ਪਰੈਸਟਿਜ ਦਾ ਮਾਮਲਾ ਨਹੀਂ ਬਣਾਉਣਾ ਚਾਹੀਦਾ । 36 ਆਦਮੀ ਐਕਸੀਡੈਂਟ ਨਾਲ ਮਰ ਗਏ ਹਨ । 9-10 ਆਦਮੀ ਹਸਪਤਾਲ ਵਿਚ ਪਏ ਹਨ, ਉਨ੍ਹਾਂ ਦਾ ਪਤਾ ਨਹੀਂ, ਕੀ ਹਾਲ ਹੋਣਾ ਹੈ । ਜਿਥੇ ਅਸੀਂ ਉਨ੍ਹਾਂ ਪ੍ਰਤੀ ਸਹਾਨਭੂਤੀ ਜ਼ਾਹਿਰ ਕੀਤੀ ਹੈ, ਅਫਸੋਸ ਜ਼ਾਹਿਰ ਕੀਤਾ ਹੈ ਉਥੇ ਸੈਂਟਰਲ ਗੌਰਮਿੰਟ ਦੀ ਵੀ ਜ਼ਿੰਮੇਵਾਰੀ ਹੈ । ਰੇਲਵੇ ਦਾ ਮਾਮਲਾ ਸੈਂਟਰ ਨਾਲ ਸਬੰਧਤ ਹੈ, ਇਸ ਲਈ ਉਨ੍ਹਾਂ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਕਿ ਇਹੋ ਜਿਹੇ ਐਕਸੀਡੈਂਟ ਨਾ ਹੋਣਾ। ਇੰਟਰ ਲਾਕਿੰਗ ਸਿਸਟਮ ਲਾਗੂ ਕੀਤਾ ਜਾਵੇ । ਫਾਟਕ ਅਤੇ ਸਿਗਨਲ ਦਾ ਆਪਸ ਵਿਚ ਇਸ ਤਰ੍ਹਾਂ ਦਾ ਕੁਨੈਕਸ਼ਨ ਹੋਵੇ, ਜਿਸ ਨਾਲ ਇਹੋ ਜਿਹਾ ਐਕਸੀਡੈਂਟ ਨਾ ਹੋਵੇ। ਗੌਰਮਿੰਟ ਨੂੰ ਇਸ ਬਾਰੇ ਸੀਰੀਅਸਲੀ ਸੋਚਣਾ ਚਾਹੀਦਾ ਹੈ ਅਤੇ ਇਸ ਦੇ ਉਤੇ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦਾ ਹੈ। ਮੈਂ ਅਗੇ ਨਹੀਂ ਜਾਣਾ ਚਾਹੁੰਦਾ।

**Mr. Speaker**: You can't move a motion now.

## WALK-OUT

**Comrade Raj Kumar**: We are also staging a walk out.

( At this stage, all the members of the C. P. I. present in the House staged a walk out ).

Original with;
Punjab Vidhan Sabha
Digitized by;
Panjab Digital Library

## PAPERS LAID ON THE TABLE

**Health Minister** (Shri Joginder Pal Pandey): Sir, I beg to lay on the Table :

1. (i) The Punjab Panchayat Samitis and Zila Parishads (Temporary Supersession) Amendment Ordinance, 1982 (Punjab Ordinance No.2 of 1982); and

   (ii) The Punjab Agricultural Produce Markets (Amendment) Ordinance, 1982 (Punjab Ordinance No.3 of 1982) as required under Article 213(2) (a) of the Constitution of India.

2. The Annual Audit Acounts of the Punjab Agricultural University for the years from 1971-72 to 1979-80, as required under section 34(5) of the Haryana and Punjab Agricultural Universities Act, 1970.

3. The Annual Report of the Punjab Agricultural University alongwith Government comments thereon from the years 1968-69 to 1978-79, as required under section 39 (3) of the Haryana and Punjab Agricultural Universities Act, 1970.

4. Third Annual Report of the Punjab State Seeds Corporation Limited for the year 1978-79, as required under Section 619-A (3) (b) of the Companies Act, 1956.

5. The Balance Sheets and Accounts of the Punjab School Education Board for the year 1980-81, as required under section 19(5) of the Punjab School Education Board Act, 1969,

6. 29th Annual Report of the Punjab Financial Corporation for the year 1981-82 as required under section 38(3) of the State Financial Corporations Act, 1951,

7. The Constitution (Forty-Sixth Amendment) Bill, 1982, as passed by Houses of Parliament,

8. The Punjab Municipal Corporation Services (Recruitment and Conditions of Service) (First Amendment) Rules, 1982, as required under section 397(2) of the Punjab Municipal Corporation Act, 1976

9. The Punjab Water Supply and Sewerage Board (Submission of Annual Report) Rules, 1982, as required under section 71(3) of the Punjab Water Supply and Sewerage Board Act, 1976.

10. The Punjab Water Supply and Sewerage Board (Provident Fund) Rules, 1982, as required under section 71 (3) of the Punjab Water Supply and Sewerage Board Act, 1976.

---

## PRESENTATION OF SUPPLEMENTARY ESTIMATES (1st INSTALMENT) FOR THE YEAR 1982-83

**Finance Minister** (Doctor Kewal Krishan) : Sir, I beg to present the Supplementary Estimates (1st Instalment) for the year 1982-83.

Original with;
Punjab Vidhan Sabha
Digitized by;
Panjab Digital Library

## PRESENTATION OF REPORT OF THE COMMITTEE ON ESTIMATES (1ST INSTALMENT) FOR THE YEAR 1982-83

**Chairman, Estimates Committee** (Sardar Birdevinder Singh): I beg to present the Report of the Committee on Estimates on the Supplementary Estimates (1st Instalment) for the year 1982-83.

---

## LEGISLATIVE BUSINESS

## THE PUNJAB TOWN IMPROVEMENT (AMENDMENT) BILL, 1982.

**Local Government Minister** (Shri Sardari Lal Kapur) : Sir, I beg to introduce the Punjab Town Improvement (Amendment) Bill.

Sir, I also beg to move—

That the Punjab Town Improvement (Amendment) Bill be taken into consideration at once.

**Mr. Speaker :** Motion moved.

That the Punjab Town Improvement (Amendment) Bill be taken into consideration at once.

**ਸ਼੍ਰੀ ਸਪੀਕਰ:** ਸ਼੍ਰੀ ਓਮ ਪ੍ਰਕਾਸ਼ ਗੁਪਤਾ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬ) : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਪੰਜਾਬ ਟਾਊਨ ਇਮਪਰੂਵਮੈਂਟ (ਅਮੈਂਡਮੈਂਟ) ਬਿਲ, ਜੋ ਕਿ ਅੱਜ ਸਦਨ ਦੇ ਸਾਹਮਣੇ ਲਿਆਂਦਾ ਹੈ, ਇਹ ਬਹੁਤ ਜ਼ਰੂਰੀ ਚੀਜ਼ ਸੀ, ਇਸ ਦੀ ਬੜੀ ਲੋੜ ਸੀ, ਕਿਉਂਕਿ ਬਹੁਤੀਆਂ ਥਾਵਾਂ ਤੇ ਇਮਪਰੂਵਮੈਂਟ ਟਰਸੱਟਾਂ ਨੇ ਬਹੁਤ ਅੱਛੇ ਕੰਮ ਕੀਤੇ ਹਨ। ਫਿਰ ਇਸ ਵਿਚ ਕੁਝ ਖਰਾਬੀਆਂ ਆ ਗਈਆਂ। ਜਦੋਂ ਸਰਕਾਰ ਬਦਲੀ ਅਤੇ ਨਵੀਂ ਸਰਕਾਰ ਆਈ ਤਾਂ ਉਸ ਨੇ ਇਮਪਰੂਵਮੈਂਟ ਟਰਸਟਾਂ ਦਾ ਮਿਸ-ਯੂਜ਼ ਕੀਤਾ ਔਰ ਇਹ ਮਿਸ-ਯੂਜ਼ ਕਰਕੇ ਜਿਹੜੇ ਗਲਤ ਕੰਮ ਹੋਏ ਹਨ। (ਵਿਘਨ)....

**ਮਾਸਟਰ ਬਾਬੂ ਸਿੰਘ:** ਆਨ ਏ ਪੁਆਇੰਟ ਆਫ ਆਰਡਰ, ਸਰ। ਤੁਸੀਂ ਚੈਂਬਰ ਵਿਚ ਆਉਣ ਵਾਲੇ ਵਿਜ਼ਿਟਰਜ਼ ਨੂੰ ਕੋਈ ਪਾਸ ਇਸ਼ੂ ਨਹੀਂ ਕੀਤਾ ਲੇਕਿਨ ਫਿਰ ਭੀ ਵਿਜ਼ਿਟਰਜ਼ ਗੈਲਰੀ ਵਿਚ ਇਹ ਕੌਣ ਬੈਠੇ ਹਨ ? ਕੀ ਇਹ ਪੁਲਿਸ ਵਾਲੇ ਆਦਮੀ ਹਨ ਜਾਂ ਕਿ ਗੌਰਮਿੰਟ ਦੇ ਫੇਵਰੇਟ ਆਦਮੀ ਹਨ ?

**ਸ਼੍ਰੀ ਸਪੀਕਰ :** ਮੈਂ ਪਤਾ ਕਰ ਲਵਾਂਗਾ।

**ਸ਼੍ਰੀ ਬੀਰਦਵਿੰਦਰ ਸਿੰਘ :** ਕੀ ਇਹ ਲੋਕ ਗੈਲਰੀਜ਼ ਵਿਚ ਬੈਠੇ ਇਸ ਤਰ੍ਹਾਂ ਇਸ਼ਾਰੇ ਕਰ ਸਕਦੇ ਹਨ ?

**ਮਾਸਟਰ ਚੰਦ ਸਿੰਘ:** ਪਾਸ ਬੜੀ ਜ਼ਿੰਮੇਵਾਰੀ ਨਾਲ ਇਸ਼ੂ ਹੋਣੇ ਚਾਹੀਦੇ ਹਨ। ਪਿਛਲੇ ਸਮੇਂ ਵਿਚ 10 ਸਾਲ ਦੇ ਵਿਚ ਸਾਡੇ ਕਿਸੇ ਵੀ ਬੰਦੇ ਨੇ ਕੋਈ ਸ਼ਰਾਰਤ ਨਹੀਂ ਕੀਤੀ।

(*ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

*4-53 ਬਾਅਦ ਦੁਪਹਿਰ

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਅਕਾਲੀ-ਜਨਤਾ ਸਰਕਾਰ ਆਈ ਤਾਂ ਜਿਹੜੀਆਂ ਇਮਪਰੂਵਮੈਂਟ ਟਰਸੱਟਾਂ ਸਰਕਾਰ ਨੇ ਬਣਾਈਆਂ ਸਨ, ਇਨ੍ਹਾਂ ਨੇ ਬੜੇ ਅੱਛੇ ਅੱਛੇ ਕੰਮ ਕੀਤੇ ਸਨ । ਇਨ੍ਹਾਂ ਨੇ ਕਈ ਨਵੀਆਂ ਕਾਲੋਨੀਆਂ ਬਣਾਈਆਂ ਸਨ ਅਤੇ ਨਵੀਆਂ ਕਾਲੋਨੀਆਂ ਦੇ ਵਿਚ ਆ ਕੇ ਲੋਕੀਂ ਵੱਸੇ ਸਨ, ਮਗਰ ਅਕਾਲੀ-ਜਨਤਾ ਸਰਕਾਰ ਵੱਲੋਂ ਇਨ੍ਹਾ ਇਮਪਰੂਵਮੈਂਟ ਟਰਸਟਾਂ ਨੂੰ ਮਿਸ-ਯੂਜ਼ ਕੀਤਾ ਗਿਆ ਅਤੇ ਫਿਰ ਸਰਕਾਰ ਨੂੰ ਇਸ ਦੀ ਗਲਤ ਵਰਤੋਂ ਹੋਣ ਕਰਕੇ ਇਨ੍ਹਾਂ ਨੂੰ ਸਸਪੈਂਡ ਕਰਨਾ ਪਿਆ ਅਤੇ ਇਨ੍ਹਾਂ ਨੂੰ ਕੈਂਸਲ ਕਰ ਦਿੱਤਾ ਗਿਆ । ਮਗਰ ਹੁਣ ਇਸ ਦੀ ਸਖਤ ਜ਼ਰੂਰਤ ਸੀ ਕਿਉਂਕਿ ਸ਼ਹਿਰਾਂ ਦੀ ਜਿਹੜੀ ਉਸਾਰੀ ਹੈ, ਉਹ ਰੁਕ ਗਈ ਸੀ, ਬਹੁਤ ਸਾਰਿਆਂ ਸ਼ਹਿਰਾਂ ਦੀ ਡੀਵੈਲਪਮੈਂਟ ਰੁਕ ਗਈ ਸੀ । ਕਈ ਇਮਪਰੂਵਮੈਂਟ ਟਰਸੱਟਾਂ ਨੇ ਜਗ੍ਹਾ ਨੋਟੀਫਾਈ ਕੀਤੀਆਂ ਹੋਈਆਂ ਸਨ । ਹੋਰ ਕਈਆਂ ਦੇ ਜੋ ਪੈਸੇ ਦੇਣੇ ਸਨ ਉਨ੍ਹਾਂ ਦੇ ਕਲੇਮ ਵਾਪਸ ਨਹੀਂ ਹੋ ਸਕੇ ਕਿਉਂਕਿ ਇਮਪਰੂਵਮੈਂਟ ਟਰਸੱਟਸ ਪ੍ਰਾਪਰਲੀ ਕੰਮ ਨਹੀਂ ਸਨ ਕਰ ਰਹੀਆਂ । ਇਸ ਦਾ ਬਹੁਤ ਕੁਝ ਹੋਰ ਵੀ ਮਿਸ-ਯੂਜ਼ ਹੋਇਆ ਅਤੇ ਇਮਪਰੂਵਮੈਂਟ ਟਰੱਸਟ ਦੀਆਂ ਬਹੁਤੀਆਂ ਥਾਵਾਂ ਤੇ ਨਜਾਇਜ਼ ਕਬਜ਼ੇ ਹੋ ਗਏ ਕਿਉਂਕਿ ਉਥੇ ਕੋਈ ਕੰਟਰੋਲ ਨਹੀਂ ਸੀ ਅਤੇ ਕੋਈ ਚੈਕ ਨਹੀਂ ਸੀ । ਇਸ ਵਾਸਤੇ ਮੈਂ ਪੰਜਾਬ ਸਰਕਾਰ ਨੂੰ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਨੇ ਮੁੜ ਇਹ ਬਿਲ ਲਿਆਂਦਾ ਹੈ । ਇਸ ਨਾਲ ਮੁੜ ਇਮਪਰੂਵਮੈਂਟ ਟਰੱਸਟਾਂ ਰੀਵਾਈਵ ਹੋਣਗੀਆਂ ਔਰ ਜਿਹੜੀਆਂ ਸ਼ਹਿਰਾਂ ਦੀਆਂ ਲੋੜਾਂ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ । ਅੱਗੇ ਸਿਰਫ ਅਮੀਰ ਲੋਕ ਹੀ ਸਾਰੇ ਪਲਾਟ ਲੈ ਗਏ ਸਨ ਔਰ ਦੋ ਦੋ ਤਿੰਨ ਤਿੰਨ, ਵਾਰ ਲੈ ਗਏ ਸਨ । ਕੋਈ ਨੀਲਾਮੀ ਦਾ ਬਹਾਨਾ ਲਾ ਕੇ ਲੈ ਗਿਆ, ਕੋਈ ਆਪਣੇ ਬੱਚੇ, ਬੀਵੀ ਦੇ ਨਾਂ ਤੇ ਲੈ ਗਿਆ । ਮੈਨੂੰ ਪਤਾ ਹੈ ਕਿ ਬਹੁਤ ਸਾਰੇ ਐਮ.ਐਲ.ਏਜ਼ ਪਾਸ ਕੋਈ ਪਲਾਟ ਨਹੀਂ, ਕਈ ਪਲਾਟ ਲੈ ਨਹੀਂ ਸਕਦੇ ਔਰ ਕਈ ਐਮ. ਐਲ. ਏਜ਼ ਕੋਲ ਕੋਈ ਜਗ੍ਹਾ ਹੀ ਨਹੀਂ । ਮੈਨੂੰ ਇਹ ਵੀ ਪਤਾ ਹੈ ਕਿ ਦੋ ਹਜ਼ਾਰ ਦੇ ਕਰੀਬ ਇਮਪਰੂਵਮੈਂਟ ਟਰੱਸਟਾਂ ਦੇ ਰੀਜ਼ਰਵ ਕੋਟੇ ਵਿਚ ਪਲਾਟ ਪਏ ਹਨ, ਜਿਹੜੇ ਅਲਾਟ ਹੋਣੇ ਹਨ ਔਰ ਮੈਨੂੰ ਯਾਦ ਹੈ ਕਿ ਪਿੱਛੇ ਜਿਹੇ ਜਦੋਂ ਅਕਾਲੀ-ਜਨਤਾ ਸਰਕਾਰ ਚਲੀ ਗਈ ਤਾਂ ਉਸ ਵੇਲੇ ਵੀ ਰੀਜ਼ਰਵ ਕੋਟੇ ਵਿਚ ਥੋੜ੍ਹੇ ਬਹੁਤ ਪਲਾਟ ਪਏ ਸਨ । ਪਰ ਜਦੋਂ ਗਵਰਨਰ ਰਾਜ ਲਾਗੂ ਹੋਇਆ ਤਾਂ ਵੱਖਰੇ ਵੱਖਰੇ ਮਹਿਕਮਿਆਂ ਦੇ ਜਿਹੜੇ ਸੈਕਟਰੀਜ਼ ਹਨ, ਉਹ ਆਪਣੀ ਡਿਸਕ੍ਰੀਸ਼ਨਰੀ ਪਾਵਰਜ਼ ਵਰਤ ਕੇ ਉਨ੍ਹਾਂ ਨੂੰ ਅਲਾਟ ਕਰ ਗਏ ਔਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਟਰੱਸਟ ਰੀਵਾਈਵ ਹੋਣ ਅਤੇ ਜਿਹੜੇ ਡਿਸਕ੍ਰੀਸ਼ਨਰੀ ਕੋਟੇ ਵਿਚ ਪਲਾਟ ਪਏ ਹਨ, ਇਹ ਪਲਾਟ ਜਿਹੜੇ ਫਰੀਡਮ ਫਾਈਟਰਜ਼ ਹਨ ਉਨ੍ਹਾਂ ਨੂੰ ਜਾਂ ਜਿਹੜੇ ਐਮ. ਐਲ.ਏਜ਼. ਹਨ, ਜਿਨ੍ਹਾਂ ਕੋਲ ਆਪਣੀ ਜਾਂ ਸਰਕਾਰੀ ਕਿਸੇ ਤਰ੍ਹਾਂ ਦੀ ਕੋਈ ਜਗ੍ਹਾ ਨਹੀਂ, ਉਨ੍ਹਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ । ਪਲਾਟ 500 ਗਜ ਦਾ ਘੱਟੋ ਘੱਟ ਹੋਣਾ ਚਾਹੀਦਾ ਹੈ । ਇਸ ਲਈ ਜਿਹੜੀ ਰੀਜ਼ਰਵ ਪ੍ਰਾਈਸ ਹੈ, ਉਹ ਲਾਸਟ ਬੋਲੀ ਜੋ ਪਿਛਲੇ ਸਮੇਂ ਹੋਈ ਸੀ, ਉਹ ਰੀਜ਼ਰਵ ਪ੍ਰਾਈਸ ਗਿਣੀ ਜਾਵੇ । ਜੇ ਕਿਸੇ ਕਿਸਮ ਦੀ ਕੋਈ ਤਰੁੱਟੀ ਪੈਂਦੀ ਹੈ ਤਾਂ ਉਹ ਪਹਿਲਾਂ ਦੂਰ ਕਰਨੀ ਚਾਹੀਦੀ ਹੈ । ਸਾਡੇ ਕੋਲ ਜਿਹੜਾ ਬਿਲ ਆਇਆ ਹੈ ।

It is written in the substituted sub-section (1) of Section 4 as under :—

"(1) The trust shall consist of a Chairman and nine other trustees' namely :—

** ** **

Original with;
Punjab Vidhan Sabha
Digitized by;
Panjab Digital Library

(b) three members of the Municipal Committee or the Corporation, as the case may be', and

ਇਹਦੇ ਵਿਚ ਇਹ ਨਹੀਂ ਦੱਸਿਆ ਗਿਆ ਕਿ ਜੇ ਕਿਤੇ ਮਿਉਂਸਪਲ ਕਾਰਪੋਰੇਸ਼ਨ ਐਗਜ਼ਿਸਟ ਨਹੀਂ ਕਰਦੀ ਤਾਂ ਉਹ ਤਿੰਨ ਮੈਂਬਰ ਕਿਵੇਂ ਲਏ ਜਾਣਗੇ ਕਿਉਂਕਿ ਉਥੇ ਲਫ਼ਜ਼ "ਸ਼ੈਲ" ਹੈ। ਇਹ ਕਿਸੇ ਸਟੇਜ ਤੇ ਵੀ ਇਲ-ਲੀਗਲ ਹੋ ਸਕਦਾ ਹੈ। ਜੇ ਇਹ ਵਕੈਨਸੀ ਹੋਵੇ ਤਾਂ ਮੇਰਾ ਸੁਝਾਅ ਹੈ ਕਿ ਵਜ਼ੀਰ ਸਾਹਿਬ ਉਥੇ ਇਹ ਵੀ ਐਡ ਕਰ ਲਿਆ ਜਾਵੇ।

I suggest that the following words be added after the words "as the case may be',"

"In case there is no elected Muncipal Committee or Corporation, the elected M.L.A. may represent the Corporation or Municipal Committee on the Trust or may be nominated by the Government."

ਬਿਲ ਵਿਚ ਇਹ ਅਮੈਂਡਮੈਂਟ ਕਰ ਦਿੱਤੀ ਜਾਵੇ। ਜੇਕਰ ਕੋਈ ਵਕੈਨਸੀ ਹੋਵੇ ਪਰ ਜਿੱਥੇ ਮਿਉਂਸਪਲ ਕਾਰਪੋਰੇਸ਼ਨ/ਕਮੇਟੀ ਐਗਜ਼ਿਸਟ ਨਾ ਕਰਦੀ ਹੋਵੇ ਤਾਂ ਮੇਰੇ ਸਾਥੀਆਂ ਨੇ ਵੀ ਤਜਵੀਜ਼ ਕੀਤਾ ਹੈ ਅਤੇ ਮੇਰੀ ਵੀ ਇਹ ਰਾਏ ਹੈ ਕਿ ਐਮ.ਐਲ.ਏ. ਕੋਈ ਐਕਸ-ਆਫਿਸ਼ਿਓ ਮੈਂਬਰ ਹੋ ਜਾਵੇ ਜਿੱਥੇ ਕਾਰਪੋਰੇਸ਼ਨ ਜਾਂ ਕਮੇਟੀ ਨਾ ਹੋਵੇ। ਸਾਡੀ ਤਜਵੀਜ਼ ਹੈ ਕਿ ਐਮ. ਐਲ.ਏ. ਸ਼ਹਿਰ ਦਾ ਹੋਵੇ। ਜੇ ਇਹ ਹੋ ਜਾਵੇ ਤਾਂ ਮੈਂ ਇਨ੍ਹਾਂ ਲਫਜ਼ਾਂ ਨਾਲ ਵਜ਼ੀਰ ਸਾਹਿਬ ਨੂੰ ਫਿਰ ਵਧਾਈ ਦੇਂਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਤੇ ਜਲਦੀ ਤੋਂ ਜਲਦੀ ਅਮਲ ਕੀਤਾ ਜਾਵੇ। ਇਕ ਹੋਰ ਬੇਨਤੀ ਹੈ ਕਿ ਜਿਹੜੇ ਚੇਅਰਮੈਨ ਬਣੇ ਹਨ ਜਿਹੜੇ ਟਰੱਸਟੀ ਹਨ ਇਹਨਾਂ ਬਾਰੇ ਖਾਸ ਖਿਆਲ ਰੱਖਿਆ ਜਾਵੇ। ਇਹ ਵਿਸ਼ੇਸ਼ ਇਨਟੈਗਰਿਟੀ ਵਾਲਾ ਹੋਣਾ ਚਾਹੀਦਾ ਹੈ ਤਾਂ ਜੋ ਫਿਰ ਇਹਨਾਂ ਦਾ ਕੋਈ ਮਿਸ ਯੂਜ਼ ਨਾ ਹੋਵੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**(ਬਟਾਲਾ): ਮੈਂ ਇਹ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਇਹ ਨਵਾਂ ਇਮਪਰੂਵਮੈਂਟ ਬਿਲ ਲਿਆਉਣ ਦਾ ਜਿਹੜਾ ਫੈਸਲਾ ਕੀਤਾ ਹੈ, ਇਹ ਇਨ੍ਹਾਂ ਨੇ ਬੜਾ ਹੀ ਮੁਤਬੱਰਕ ਕੰਮ ਕੀਤਾ ਹੈ। ਇਨ੍ਹਾਂ ਦੀ ਇਸ ਵੇਲੇ ਬੜੀ ਹੀ ਜ਼ਰੂਰਤ ਸੀ। ਇਨ੍ਹਾਂ ਤੋਂ ਬਗੈਰ ਸ਼ਹਿਰੀ ਪਲਾਟ ਨੂੰ ਡੀਵੈਲਪ ਦਾ ਰੁੱਖ ਨਹੀਂ ਦਿੱਤਾ ਜਾ ਸਕਦਾ ਔਰ ਖਾਸ ਤੌਰ ਤੇ ਜਿਹੜੇ ਇੰਡਸਟਰੀਅਲ ਟਾਊਨ ਹਨ, ਇਹ ਜਲਦੀ ਡੀਵੈਲਪ ਹੋ ਸਕਣਗੇ। ਇਨ੍ਹਾਂ ਬਿਨਾਂ ਸਲੱਮ ਹੀ ਕਰੀਏਟ ਹੋ ਜਾਂਦੇ ਸਨ। ਗਵਰਨਮੈਂਟ ਨੂੰ ਇਹ ਕਨਸਿਡਰ ਕਰ ਲੈਣਾ ਚਾਹੀਦਾ ਹੈ ਕਿ ਜਿਹੜੇ ਐਮ.ਐਲ.ਏਜ਼. ਹਨ ਜਿਸ ਤਰ੍ਹਾਂ ਬਲਾਕ ਸਮਿਤੀਆਂ, ਜ਼ਿਲਾ ਪਰੀਸ਼ਦਾਂ ਵਿਚ ਮੈਂਬਰ ਹਨ, ਇਸੇ ਤਰ੍ਹਾਂ ਹੀ ਮਿਉਂਸਪਲ ਕਮੇਟੀਆਂ/ਕਾਰਪੋਰੇਸ਼ਨਾਂ ਵਿਚ ਉਥੇ ਐਕਸ-ਆਫਿਸ਼ੀਓ ਮੈਂਬਰ ਲਾ ਦੇਵੇ। ਕਿਉਂਕਿ ਜਿਹੜਾ ਆਦਮੀ ਇਕ ਲੱਖ ਜਾਂ ਦੋ ਲੱਖ ਆਦਮੀਆਂ ਦਾ ਇਲੈਕਟਿਡ ਨੁਮਾਇੰਦਾ ਹੋਵੇਗਾ ਉਹ ਲੋਕਾਂ ਦੀ ਆਵਾਜ਼ ਸਹੀ ਤੌਰ ਤੇ ਪਹੁੰਚਾ ਸਕਦਾ ਹੈ। ਇਨ੍ਹਾਂ 9 ਮੈਂਬਰਾਂ ਵਿਚੋਂ 3 ਮੈਂਬਰ ਮਿਉਂਸਪਲ ਕਮੇਟੀ ਨੇ ਇਲੈਕਟ ਕਰਨੇ ਹਨ, 3 ਸਰਕਾਰ ਨੇ ਨੌਮੀਨੇਟ ਕਰਨੇ ਹਨ ਅਤੇ 3 ਅਫਸਰ ਹੋਣੇ ਹਨ। ਚੰਗੀ ਗੱਲ ਇਹ ਹੈ ਕਿ ਉਸ ਦੇ ਵਿਚ ਗੌਰਮਿੰਟ ਐਮ. ਐਲ. ਏਜ਼. ਨੂੰ ਐਕਸ-ਆਫੀਸ਼ਿਓ ਮੈਂਬਰ ਬਣਾ ਦੇਵੇ ਜਿਨ੍ਹਾਂ ਦੇ ਐਕਸਪੀਰੀਐਂਸ ਦਾ ਹੋਰ ਵੀ ਫਾਇਦਾ ਲਿਆ ਜਾ ਸਕਦਾ ਹੈ।

ਇਕ, ਡਿਪਟੀ ਸਪੀਕਰ ਸਾਹਿਬ, ਬੜੀ ਚੰਗੀ ਗੱਲ ਕੀਤੀ ਗਈ ਹੈ ਔਰ ਇਹ ਬੜਾ ਸਰਾਹਨਾਯੋਗ ਕਦਮ ਹੈ ਕਿ ਇਸ ਦੇ ਵਿਚ 92 ਸੈਕਸ਼ਨ ਦਿੱਤਾ ਹੈ। ਪਹਿਲਾਂ ਇਹ ਬੜੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਮੁਸ਼ਕਲ ਸੀ ਕਿ ਜੇ ਇਮਪਰੂਵਮੈਂਟ ਟਰੱਸਟ ਨੇ ਕਿਸੇ ਤੋਂ ਪੈਸੇ ਲੈਣੇ ਹੋਣ ਤਾਂ ਉਹ ਲੈ ਨਹੀਂ ਸਕਦਾ ਸੀ । ਹੁਣ ਇਨ੍ਹਾਂ ਨੇ ਇਹ ਪ੍ਰੋਵਾਈਡ ਕੀਤਾ ਹੈ ਕਿ ਉਹ ਐਜ਼ ਲੈਂਡ ਰੈਵੇਨਿਊ ਏਰੀਅਰਜ਼ ਲਿਆ ਜਾ ਸਕਦਾ ਹੈ । ਲੇਕਿਨ ਇਕ ਦੋ ਚੀਜ਼ਾਂ ਟਕਰਾ ਕਰਦੀਆਂ ਹਨ । ਇਸ ਬਿਲ ਦੀ ਸੈਕਸ਼ਨ 8 ਦੀ ਸਬ-ਸੈਕਸ਼ਨ (5) ਵਿਚ ਲਿਖਿਆ ਹੈ—

'The certificate issued by the Chairman under sub-section (1) shall be final and conclusive and shall not be called in question before any authority or court.'

ਮੈਨੂੰ ਇਹ ਡਰ ਹੈ ਕਿਉਂਕਿ ਉਸ ਦੇ ਵਿਚ ਪ੍ਰੋਵੀਜ਼ਨ ਕੀਤਾ ਹੈ ਕਿ ਇਹ ਸਰਟੀਫੀਕੇਟ ਇਸ਼ੂ ਕਰਨ ਤੋਂ ਪਹਿਲਾਂ ਆਦਮੀ ਅਪੀਲ ਕਰ ਸਕਦਾ ਹੈ ਲੇਕਿਨ ਜਿਸ ਵੇਲੇ ਚੇਅਰਮੈਨ ਸਰਟੀਫੀਕੇਟ ਇਸ਼ੂ ਕਰ ਦੇਵੇ, ਫਿਰ ਜਿਹੜਾ ਫੈਸਲਾ ਕਰਨਾ ਹੈ ਉਸ ਦੇ ਲਈ ਅਪੀਲ, ਦਲੀਲ ਕੋਈ ਨਹੀਂ, ਇਸ ਦੀ ਦੁਰਵਰਤੋਂ ਨਾ ਹੋਵੇ । ਇਸ ਦਾ ਹੱਲ ਲਭਣਾ ਚਾਹੀਦਾ ਹੈ । ਇਸ ਦੇ ਵਿਚ ਇਹ ਪ੍ਰੋਵਾਈਡ ਕਰਨਾ ਚਾਹੀਦਾ ਹੈ ਕਿ ਉਹ ਇਮਪਰੂਵਮੈਂਟ ਟਰੱਸਟ, ਬੋਰਡ ਨੂੰ ਅਪੀਲ ਕਰ ਸਕੇ ਜਾਂ ਗੌਰਮਿੰਟ ਨੂੰ ਮਨਿਸਟਰ ਸਾਹਿਬ ਨੂੰ ਅਪੀਲ ਕਰ ਸਕੇ । ਕੁਝ ਨਾ ਕੁਝ ਜ਼ਰੂਰ ਪ੍ਰੋਵੀਜ਼ਨ ਹੋਣਾ ਚਾਹੀਦਾ ਹੈ, ਨਹੀਂ ਤਾਂ ਕੋਆਪਰੇਟਿਵ ਐਕਟ ਦੀ ਸੈਕਸ਼ਨ 67/68 ਦੀ ਜਿਸ ਤਰ੍ਹਾਂ ਦੁਰਵਰਤੋਂ ਹੁੰਦੀ ਹੈ, ਇਸ ਸੈਕਸ਼ਨ 92 ਦੀ ਵੀ ਦੁਰਵਰਤੋਂ ਹੋਣ ਦਾ ਚਾਂਸ ਹੈ ।

ਬਾਕੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਜ਼ਰੂਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਮਿਊਂਸਪਲ ਕਮੇਟੀਆਂ, ਬਲਾਕ ਸੰਮਿਤੀਆਂ ਜਾਂ ਜ਼ਿਲ੍ਹਾ ਪ੍ਰੀਸ਼ਦਾਂ ਦੀ ਜਾਇਦਾਦ ਨੂੰ ਕਬਜ਼ੇ ਤੋਂ ਬਚਾਉਣ ਵਾਸਤੇ ਐਕਟ ਵਿਚ ਪ੍ਰੋਵੀਜ਼ਨ ਕੀਤਾ ਹੈ । ਦੂਸਰਿਆਂ ਨੂੰ ਤਾਂ ਅਸੀਂ ਰੋਕਦੇ ਹਾਂ । ਮੇਰੀ ਅਰਜ਼ ਹੈ ਕਿ ਜੇ ਕੋਈ ਵੀ ਮੈਂਬਰ, ਇਮਪਰੂਵਮੈਂਟ ਟਰੱਸਟ ਦਾ ਮੈਂਬਰ ਜਾਂ ਮਿਊਂਸਪਲ ਕਮੇਟੀ ਦਾ ਮੈਂਬਰ, ਉਸ ਇਮਪਰੂਵਮੈਂਟ ਟਰੱਸਟ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕਰੇ ਤਾਂ ਮੈਂ ਸਮਝਦਾ ਹਾਂ ਕਿ ਉਸ ਨੂੰ ਡਿਸਕੁਆਲੀਫਾਈ ਜ਼ਰੂਰ ਕਰੋ । ਇਸ ਦੇ ਲਈ ਮੇਰੀ ਰਾਏ ਹੈ ਕਿ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ । ਚਾਹੇ ਨੋਟੀਫੀਕੇਸ਼ਨ ਰਾਹੀਂ ਕਰੋ ਜਾਂ ਜਿਸ ਤਰ੍ਹਾਂ ਮਰਜ਼ੀ ਕਰੋ । ਜਿਸ ਜ਼ਮੀਨ ਤੇ ਵੀ ਜਿਹੜਾ ਵੀ ਮੈਂਬਰ ਨਾਜਾਇਜ਼ ਕਬਜ਼ਾ ਕਰੇ ਜੋ ਡਿਸਕੁਆਲੀਫੀਕੇਸ਼ਨ ਦੀਆਂ ਕਲਾਜ਼ਾਂ ਮੈਂਬਰ ਦੇ ਖਿਲਾਫ਼ ਹੋਣ ਉਹ ਜ਼ਰੂਰ ਇਸਤੇਮਾਲ ਹੋਣੀਆਂ ਚਾਹੀਦੀਆਂ ਹਨ । ਜਿਹੜਾ ਵੀ ਬੰਦਾ ਇਮਪਰੂਵਮੈਂਟ ਟਰੱਸਟ ਦੀ ਜਾਇਦਾਦ ਤੇ, ਜ਼ਮੀਨ ਤੇ ਨਾਜਾਇਜ਼ ਕਬਜ਼ਾ ਕਰੇ, ਉਸ ਨੂੰ ਮਿਊਂਸਪਲ ਕਮਿਸ਼ਨਰੀ ਦੀ ਮੈਂਬਰੀ ਤੋਂ ਜਾਂ ਇਮਪਰੂਵਮੈਂਟ ਟਰਸਟ ਦੀ ਮੈਂਬਰੀ ਤੋਂ ਡਿਸਕੁਆਲੀਫਾਈ ਕਰ ਦਿੱਤਾ ਜਾਵੇ, ਰਿਮੂਵ ਕਰ ਦਿੱਤਾ ਜਾਵੇ । ਐਸਾ ਪ੍ਰੋਵੀਜ਼ਨ ਨਾ ਹੋਣਾ ਉਨ੍ਹਾਂ ਨੂੰ ਇਸ ਦੀ ਦੁਰਵਰਤੋਂ ਕਰਨ ਦਾ ਲਾਇਸੰਸ ਦੇਣਾ ਹੈ । ਇਸ ਲਈ ਮੇਰੀ ਰਾਏ ਹੈ ਕਿ ਇਹ ਪ੍ਰੋਵੀਜ਼ਨ ਜ਼ਰੂਰ ਹੋਣਾ ਚਾਹੀਦਾ

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਸੁਜੈਸ਼ਨ ਦੇਵਾਂਗਾ । ਜਿਸ ਤਰ੍ਹਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਪਬਲਿਕਮੈਨ ਬਣਨੇ ਹਨ, ਉਸੇ ਤਰ੍ਹਾਂ ਚੰਗੀ ਗਲ ਇਹ ਵੀ ਹੈ ਕਿ ਜਦੋਂ ਬੋਰਡ ਟੁੱਟਦਾ ਹੈ ਜਾਂ ਇਮਪਰੂਵਮੈਂਟ ਟਰੱਸਟ ਟੁੱਟਦਾ ਹੈ ਤਾਂ ਇਸ ਦੇ ਲਈ ਇਹ ਪ੍ਰੋਵੀਜ਼ਨ ਹੈ ਕਿ ਉਸ ਦੀ ਥਾਂ ਤੇ ਐਡਮਨਿਸਟਰੇਟਰ ਲਗਣ, ਮੈਂ ਤੁਹਾਡੇ ਰਾਹੀਂ,

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ, ਮੁੱਖ ਮੰਤਰੀ ਸਾਹਿਬ ਨੂੰ ਅਪੀਲ ਕਰਾਂਗਾ ਕਿ ਇਹੀ ਬੋਰਡ ਜਾਂ ਇਮਪਰੂਵਮੈਂਟ ਟਰੱਸਟ ਹੀ ਨਹੀਂ, ਬਲਕਿ ਜਿੰਨੇ ਵੀ ਪਬਲਿਕ ਅਦਾਰੇ ਹਨ ਜਿਨ੍ਹਾਂ ਵਿਚ ਲੋਕ ਵੋਟਾਂ ਨਾਲ ਆਪਣੇ ਬੰਦੇ ਚੁਣ ਕੇ ਭੇਜਦੇ ਹਨ, ਜਦੋਂ ਉਸ ਦੀ ਆਯੂ ਖਤਮ ਹੋ ਜਾਂਦੀ ਹੈ ਤਾਂ ਉਥੇ ਐਡਮਨਿਸਟਰੇਟਰ ਅਫ਼ਸਰ ਕੋਈ ਲਾ ਦਿੰਦੇ ਹੋ ਅਤੇ ਜਦੋਂ ਉਥੇ ਐਡਮਨਿਸਟਰੇਟਰ ਲਗ ਜਾਂਦਾ ਹੈ ਤਾਂ ਉਥੇ ਪਬਲਿਕ ਦੇ ਨੁਮਾਇੰਦੇ ਨੇ ਜੋ ਕੁਝ ਕੀਤਾ ਹੁੰਦਾ ਹੈ ਉਹ ਉਸ ਦਾ ਕੀਤਾ ਕਰਾਇਆ ਸਭ ਕੁਝ ਮਲੀਆ ਮੇਟ ਕਰ ਦਿੰਦਾ ਹੈ ਅਤੇ ਲੋਕਾਂ ਨਾਲ ਧੱਕਾ ਕਰਨ ਲਗ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਪ੍ਰੋਵੀਜ਼ਨ ਹੋਣਾ ਚਾਹੀਦਾ ਹੈ ਕਿ ਐਡਮਨਿਸਟਰੇਟਰ ਅਫ਼ਸਰ ਵੀ ਲਗ ਸਕੇ ਅਤੇ ਪਬਲਿਕ-ਮੈਨ ਵੀ ਲਗ ਸਕੇ। ਪਬਲਿਕ-ਮੈਨ ਦਾ ਜਿਹੜਾ ਬੰਦਾ ਤੁਸੀਂ ਐਡਮਨਿਸਟਰੇਟਰ ਦੇ ਤੌਰ ਤੇ ਲਾਉਗੇ ਉਹ ਲੋਕਾਂ ਨਾਲ ਧੱਕਾ ਕਰਨ ਲਗਿਆਂ ਸੋਚੇਗਾ ਕਿਉਂਕਿ ਉਹ ਲੋਕਾਂ ਨੂੰ ਆਨਸਰੇਬਲ ਹੋਵੇਗਾ। ਮੈਨੂੰ ਜ਼ਾਤੀ ਤੌਰ ਤੇ ਤਜਰਬਾ ਹੈ ਕਿ ਸਾਡੇ ਉਥੇ ਇਕ ਕਨਜ਼ਿਊਮਰ ਸਟੋਰ ਸੀ। ਜਿੰਨਾ ਚਿਰ ਪਬਲਿਕ ਦਾ ਇਲੈਕਟਿਡ ਅਦਾਰਾ ਰਿਹਾ ਉਨਾ ਚਿਰ ਲੱਖਾਂ ਰੁਪਿਆ ਮੁਨਾਫ਼ਾਂ ਹੁੰਦਾ ਰਿਹਾ, ਪਰ ਜਦੋਂ ਉਥੇ ਐਡਮਨਿਸਟਰੇਟਰ ਲਾ ਦਿੱਤਾ ਉਹ ਲੀਕੁਈਡੇਟ ਹੋ ਗਿਆ। ਮੇਰੀ ਰਾਏ ਹੈ ਕਿ ਜਦੋਂ ਪਬਲਿਕ ਅਦਾਰੇ ਦੀ ਇਲੈਕਸ਼ਨ ਦੀ ਆਯੂ ਖ਼ਤਮ ਹੁੰਦੀ ਹੈ, ਉਸ ਦੀ ਥਾਂ ਤੇ ਬੇਸ਼ਕ ਅਫ਼ਸਰ ਲਾਓ ਲੇਕਿਨ ਯੋਗ ਪਬਲਿਕ-ਮੈਨ ਜੇ ਮਿਲ ਸਕੇ ਤਾਂ ਉਹ ਵੀ ਲਾਉਣ ਦਾ ਪ੍ਰੋਵੀਜ਼ਨ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਇਸ ਬਿਲ ਨੂੰ ਮੈਂ ਸਪੋਰਟ ਕਰਦਾ ਹਾਂ। ਸ਼ੁਕਰੀਆ।

**ਮਾਸਟਰ ਬਾਬੂ ਸਿੰਘ (ਰਾਮਪੁਰਾ ਫੂਲ)** : ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੀ ਸਟੇਟਮੈਂਟ ਆਫ਼ ਓਬਜੈਕਟਸ ਐਂਡ ਰੀਜ਼ਨਜ਼ ਵਿਚ ਕਲੀਅਰ ਦੱਸਿਆ ਹੈ ਕਿ ਇਸ ਨੂੰ ਮੋਡੀਫਾਈ ਕੀਤਾ ਹੈ ਅਤੇ 3 ਜਾਂ 2 ਹੋਰ ਅਫ਼ਸਰ ਲਾਉਣੇ ਹਨ। ਮੈਂ ਤੁਹਾਡੇ ਰਾਹੀਂ ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਪ੍ਰੋਪੋਰਸ਼ਨੇਟ ਰੇਸ਼ੋ ਹੁੰਦੀ ਸੀ, ਯਾਨੀ 3 ਸਰਕਾਰੀ ਅਤੇ 3 ਗੈਰ-ਸਰਕਾਰੀ ਅਤੇ ਇਕ ਚੇਅਰਮੈਨ ਹੁੰਦਾ ਸੀ। ਕੁਲ 7 ਬੰਦੇ ਹੁੰਦੇ ਸੀ। ਲੇਕਿਨ ਹੁਣ ਇਨ੍ਹਾਂ 2 ਅਫ਼ਸਰ ਹੀ ਹੋਰ ਲਗਾ ਦੇਣੇ ਹਨ ਅਤੇ ਟੋਟਲ 9 ਹੋ ਗਏ ਹਨ। ਪਹਿਲੀ ਗੱਲ ਤਾਂ ਇਹ ਹੈ ਕਿ 9 ਦੀ ਗਿਣਤੀ ਮੈਂ ਸਮਝਦਾ ਹਾਂ ਕਿ ਬਹੁਤ ਜ਼ਿਆਦਾ ਹੈ ਅਤੇ ਇਹ ਵਾਧੂ ਦਾ ਬਰਡਨ ਹੀ ਬਣੇਗੀ। ਦੂਸਰਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਨੰਬਰ ਵਧਾਉਣਾ ਹੀ ਹੈ ਤਾਂ ਇਤਨੇ ਹੀ ਅਫ਼ਸਰ ਅਤੇ ਉਤਨੇ ਹੀ ਪਬਲਿਕ-ਮੈਨ ਹੋਣ। ਜੇ ਅਫ਼ਸਰ ਜ਼ਿਆਦਾ ਹੋਣਗੇ ਤਾਂ ਇਹ ਅਫ਼ਸਰ ਟਰੱਸਟ ਹੀ ਬਣ ਜਾਵੇਗਾ ਅਤੇ ਪਬਲਿਕਮੈਨ ਦੀ ਸੇਅ ਨਹੀਂ ਹੋਣੀ। ਇਸ ਲਈ ਮੇਰੀ ਅਰਜ਼ ਹੈ ਕਿ ਇਹ ਰੇਸ਼ੋ ਬਰਾਬਰ ਹੋਣੀ ਚਾਹੀਦੀ ਹੈ।

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਮਪਰੂਵਮੈਂਟ ਟਰੱਸਟਸ ਵਿਚ ਕੁਝ ਐਗਜ਼ੈਕਟਿਵ ਅਫ਼ਸਰ ਲਗੇ ਹੋਏ ਸਨ। ਉਨ੍ਹਾਂ ਦਾ ਕੇਸ ਸੁਪਰੀਮ ਕੋਰਟ ਵਿਚ ਗਿਆ। ਸੁਪਰੀਮ ਕੋਰਟ ਨੇ ਫੈਸਲਾ ਕਰ ਦਿੱਤਾ ਕਿ ਇਨ੍ਹਾਂ ਨੂੰ ਐਡਜਸਟ ਕਰੋ। ਮੇਰਾ ਖਿਆਲ ਹੈ ਕਿ ਸਸਪੈਂਡਿਡ ਅਫ਼ਸਰ ਜਾਂ ਇਮਪਲਾਈ ਕੁਝ ਪੇ ਲੈਂਦੇ ਹਨ, ਸ਼ਾਇਦ ਸਾਡੀ ਸਰਕਾਰ ਪੈਸਾ ਤਾਂ ਉਨ੍ਹਾਂ ਨੂੰ ਦੇਈ ਜਾਂਦੀ ਹੈ। ਮੇਰੀ ਬੇਨਤੀ ਹੈ ਕਿ ਉਨ੍ਹਾਂ ਐਗਜ਼ੈਕਟਿਵ ਅਫ਼ਸਰਾਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਦੇ ਮੁਤਾਬਿਕ ਜੇ ਐਡਜਸਟ ਕਰ ਦਿਓ ਅਤੇ ਵਾਧੂ ਦੇ ਪੈਸੇ ਜੋ ਦਿੱਤੇ ਜਾ ਰਹੇ ਹਨ, ਉਹ ਨਾ ਦਿਤੇ ਜਾਣ ਤਾਂ ਠੀਕ ਰਹੇਗਾ ਅਤੇ ਉਨ੍ਹਾਂ ਦਾ ਮਸਲਾ ਵੀ ਠੀਕ ਹੋ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਇਕ ਗਲ, ਡਿਪਟੀ ਸਪੀਕਰ ਸਾਹਿਬ, ਇਹ ਚੰਗਾ ਕੀਤਾ ਗਿਆ ਹੈ ਜਿਹੜਾ ਕਿ ਓਬਜ਼ੈਕਟਸ ਐਂਡ ਰੀਜ਼ਨਜ਼ ਵਿਚ ਰਿਕਵਰੀ ਦੇ ਸਿਲਸਿਲੇ ਵਿਚ ਇਹ ਦੱਸਿਆ ਗਿਆ ਹੈ ਕਿ ਜੋ ਕਿਸੇ ਵਲ ਡਿਊਜ਼ ਹਨ, ਉਹ ਐਜ਼ ਏਰੀਅਰਜ਼ ਆਫ਼ ਲੈਂਡ ਰੈਵੇਨਿਊ ਰਿਕਵਰ ਕੀਤੇ ਜਾਣਗੇ। ਇਸ ਦੇ ਨਾਲ ਥੋੜੀ ਜਿਹੀ ਰਿਕਵਰੀ ਕਰਨ ਦੀ ਗਲ ਸਟਰੀਮ-ਲਾਈਨ ਹ ਜਾਵੇਗੀ। ਇਹ ਸਰਕਾਰ ਨੇ ਚੰਗੀ ਗੱਲ ਕੀਤੀ ਹੈ। ਇਸ ਦੇ ਨਾਲ ਹੀ ਥੋੜਾ ਜਿਹਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਜਿਹੜੇ ਬੋਰਡ ਬਣਦੇ ਹਨ. ਕਮੇਟੀਆਂ ਹਨ, ਇਮਪਰੂਵਮੈਂਟ ਟਰੱਸਟ ਹਨ ਇਨ੍ਹਾਂ ਵਿਚ ਪੋਲੀਟੀਕਲ ਮੋਟੀਵੇਟਿਵ ਟੱਚ ਹੈ, ਸਾਨੂੰ ਇਸ ਪਾਸੇ ਵਲ ਨੂੰ ਘੱਟ ਚਲਣਾ ਚਾਹੀਦਾ ਹੈ। ਜੇ ਸਹੀ ਤਰੀਕੇ ਨਾਲ, ਅਸਲੀਅਤ ਵਿਚ ਅਸੀਂ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਾਂ ਤਾਂ ਅਰਬਨ ਏਰੀਆ ਵਿਚ, ਸ਼ਹਿਰਾਂ ਵਿਚ ਜੋ ਗਰੀਬ ਹਨ, ਉਨ੍ਹਾਂ ਦੇ ਬਾਰੇ ਵੀ ਸਾਨੂੰ ਸੋਚਣਾ ਚਾਹੀਦਾ ਹੈ। ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਗਰੀਬਾਂ ਦੇ ਨੁਮਾਇੰਦੇ ਬਹੁਤ ਥੋੜੇ ਜਿਹੇ ਹੁੰਦੇ ਹਨ। ਜਿਵੇਂ ਸ਼ਡਿਊਲਡ ਕਾਸਟਸ ਵਾਸਤੇ ਕੀਤਾ ਹੈ, ਮੈਂ ਸਮਝਦਾ ਹਾਂ ਕਿ ਬੈਕਵਰਡ ਕਲਾਸਿਜ਼ ਵਾਸਤੇ ਵੀ ਇਸ ਤਰ੍ਹਾਂ ਸੋਚਣਾ ਚਾਹੀਦਾ ਹੈ ਕਿ ਜੇ ਉਨ੍ਹਾਂ ਦੇ ਨੁਮਾਇੰਦੇ ਇਲੈਕਟ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਨੋਮੀਨੇਟ ਕਰ ਦੇਣਾ ਚਾਹੀਦਾ ਹੈ, ਜਿਸ ਤਰ੍ਹਾਂ ਮਿਊਂਸਪਲ ਕਮੇਟੀਆਂ ਵਿਚ ਪ੍ਰੋਸੀਜਰ ਹੈ ਕਿ ਜੇ ਉਨ੍ਹਾਂ ਦਾ ਮੈਂਬਰ ਕੋਈ ਇਲੈਕਟ ਨਾ ਹੋਵੇ ਤਾਂ ਬੈਕਵਰਡ ਕਲਾਸਿਜ਼ ਦਾ ਮੈਂਬਰ ਜਾਂ ਲੇਡੀ ਮੈਂਬਰ ਨੋਮੀਨੇਟ ਕਰ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਇਸ ਦੇ ਪਾਰਟ ਥਰੀ (ਸੀ) ਵਿਚ ਹੈ—

'Three other Persons' ਕੋਈ ਸਪੈਸੀਫਾਈ ਨਹੀਂ ਕੀਤਾ ਕਿ ਉਹ ਕਿਹੜੇ ਪਰਸਨਜ਼ ਹੋਣਗੇ। ਸਕਿਲਡ ਪਰਸਨਜ਼ ਹੋਣਗੇ, ਟੈਕਨੀਕਲ ਹੋਣਗੇ ਜਾਂ ਕੌਣ ਹੋਣਗੇ। ਮੌਜੂਦਾ ਟਰਮ ਇਕ ਵੇਗ ਜਿਹੀ ਹੈ। ਥਰੀ ਅਦਰ ਪਰਸਨਜ਼ ਬਾਰੇ ਸਪੈਸੀਫਾਈ ਕਰਨਾ ਚਾਹੀਦਾ ਹੈ। ਇੰਜੀਨੀਅਰਜ਼ ਹੋਣਗੇ, ਅਕਾਊਂਟਸ ਦੇ ਮਾਹਰ ਹੋਣਗੇ ਜਾਂ ਕੋਈ ਹੋਰ ਹੋਵੇਗਾ, ਇਹ ਕਲੀਅਰ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਪਹਿਲਾਂ ਹੀ ਕਾਫ਼ੀ ਹੈਵੀ ਹੈ, ਜਿਹੜੇ 10 ਆਦਮੀ ਹਨ ਇਸ ਵਿਚ। ਇਕ ਤਾਂ ਪਹਿਲਾਂ ਮਿਊਂਸਪਲ ਕਮੇਟੀਆਂ ਦਾ ਅਦਾਰਾ ਹੈ, ਟਾਊਨ ਪਲਾਨਿੰਗ ਦਾ ਅਦਾਰਾ ਅਲਹਿਦਾ ਹੈ, ਹਾਊਸਿੰਗ ਬੋਰਡ ਅਲਹਿਦਾ ਹੈ, ਫਿਰ ਡਿਵੈਲਪਮੈਂਟ ਅਥਾਰਿਟੀ ਆਪਣੇ ਵਖਰੇ ਵਿਚਾਰ ਰਖਦੀ ਹੈ, ਇਸ ਤਰ੍ਹਾਂ ਅਦਾਰੇ ਬਣਾਈ ਜਾਣਾ ਠੀਕ ਨਹੀਂ। ਇਸ ਤਰ੍ਹਾਂ ਕੰਪਲੀਕੇਸ਼ਨਜ਼ ਪੈਦਾ ਹੋ ਜਾਂਦੀਆਂ ਹਨ। ਇਕ ਸੜਕ ਬਣਦੀ ਹੈ। ਕਦੇ ਤਾਂ ਸੀਵਰੇਜ ਵਾਲੇ ਤੋੜ ਲੈਂਦੇ ਹਨ, ਉਸ ਦੇ ਬਾਅਦ ਕਦੇ ਟੈਲੀਫੂਨ ਵਾਲੇ ਤੋੜ ਦਿੰਦੇ ਹਨ, ਕਦੇ ਕੋਈ ਤੇ ਕਦੇ ਕੋਈ, ਇਸ ਤਰ੍ਹਾਂ ਸੜਕ ਦਾ ਦਾ ਸਤਿਆਨਾਸ ਹੋ ਜਾਂਦਾ ਹੈ। ਇਹ ਜਿਹੜੇ ਅਦਾਰੇ ਹਨ ਇਨ੍ਹਾਂ ਦੀ ਆਪਸ ਵਿਚ ਕੁਆਰਡੀਨੇਸ਼ਨ ਹੋਵੇ। ਇਨ੍ਹਾਂ ਅਦਾਰਿਆਂ ਦੇ ਹਰ ਇਕ ਦੇ ਆਪਣੇ ਆਪਣੇ ਵਿਚਾਰ ਹੁੰਦੇ ਹਨ। ਇਸ ਵਾਸਤੇ ਮੇਰੀ ਰਾਏ ਹੈ ਕਿ ਇਸ ਦੇ ਬਾਰੇ ਇਸ ਸਟੇਜ ਤੋਂ ਸੋਚ ਲੈਣਾ ਚਾਹੀਦਾ ਹੈ ਤਾਂਕਿ ਬਾਅਦ ਵਿਚ ਫਸ ਨਾ ਕਰੀਏਟ ਹੋ ਜਾਏ। ਜੇਕਰ ਅਸੀਂ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਾਂ ਤਾਂ ਇਸ ਤਰ੍ਹਾਂ ਦੀ ਸਿਆਸੀ ਐਕਸਪਲਾਇਟੇਸ਼ਨ ਤੋਂ ਉਪਰ ਉਠ ਕੇ ਲੋਕਾਂ ਦੀ ਸੇਵਾ ਕੀਤੀ ਜਾ ਸਕਦੀ ਹੈ। ਬਿਜਲੀ ਬੋਰਡ ਵਿਚ ਇਕ ਏ. ਐਮ. ਦੀ ਪੋਸਟ ਖਾਲੀ ਪਈ ਹੈ, ਪਰ ਟੈਕਨੀਕਲ ਬੰਦਿਆਂ ਦੀ ਇਕ ਕਮੇਟੀ ਬਣਾ ਕੇ 14 ਬੰਦੇ ਹੋਰ ਲਗਾ

Original with;
Punjab Vidhan Sabha
Digitized by;
Panjab Digital Library

ਦਿਤੇ ਹਨ, ਜਿਸ ਵਿਚ ਸਾਡੇ ਸਤਿਕਾਰਯੋਗ ਐਮ.ਐਲ.ਏ. ਹਨ ਅਤੇ ਹੋਰ ਲੋਕ ਵੀ ਹਨ। ਪੀ. ਐਸ. ਈ. ਬੀ. ਪਹਿਲਾਂ ਹੀ ਘਾਟੇ ਵਿਚ ਜਾ ਰਿਹਾ ਹੈ, ਪਰ 14 ਬੰਦੇ ਹੋਰ ਲਗਾ ਦਿਤੇ। ਇਸ ਤਰ੍ਹਾਂ ਇਹ ਇਕ ਸਫੈਦ ਹਾਥੀ ਬਣ ਗਿਆ ਹੈ। ਅਗਰ ਕੋਈ ਤਜਵੀਜ਼ਾਂ ਚਾਹੁੰਦੀਆਂ ਹਨ ਤਾਂ ਜਿਹੜੇ ਬੰਦੇ ਲਏ ਜਾਣ, ਉਹ ਵਾਕਿਆ ਹੀ ਐਕਸਪਰਟ ਹੋਣ ਟੈਕਨੀਕਲ ਹੋਣ ਜਿਹੜੇ ਲੋਕਾਂ ਦੀ ਸੇਵਾ ਕਰ ਸਕਦੇ ਹੋਣ, ਦੇਸ਼ ਦੀ ਸੇਵਾ ਕਰ ਸਕਦੇ ਹੋਣ ਔਰ ਦੇਸ਼ ਦੀ ਅਕਾਨੋਮੀ ਸੇਵਾ ਕਰ ਸਕਦੇ ਹੋਣ। ਇਸ ਤਰ੍ਹਾਂ ਦੇ ਪੁਲੀਟੀਕਲ ਬੰਦੇ ਲਿਆ ਕੇ ਸਿਵਾਏ ਖ਼ਰਚਾ ਵਧਾਉਣ ਦੇ ਹੋਰ ਕੁਝ ਨਹੀਂ ਹੋਣਾ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਗਜ਼ੇਕਟਿਵ ਡਾਇਰੈਕਟਰਜ਼ ਹਨ ਜਿਨ੍ਹਾਂ ਦਾ ਸੁਪਰੀਮ ਕੋਰਟ ਤੋਂ ਫੈਸਲਾ ਹੋਇਆ ਹੈ ਉਸ ਫੈਸਲੇ ਨੂੰ ਡਿਵੈਲਪਮੈਂਟ ਮਨਿਸਟਰ ਘੋਖ ਕੇ ਉਨ੍ਹਾਂ ਦੀ ਐਡਜਸਟਮੈਂਟ ਕਰਨ। ਭਾਵੇਂ ਉਹ ਜਨਤਾ ਪਾਰਟੀ ਦੇ ਵੇਲੇ ਦੇ ਹਨ ਤੇ ਭਾਵੇਂ ਕੋਈ ਹੋਰ ਹਨ। ਉਹ ਲਾਅ ਗਰੈਜੂਏਟਸ ਹਨ ਉਨ੍ਹਾਂ ਦੀ ਬਕਾਇਦਾ ਤੌਰ ਤੇ ਸਿਲੈਕਸ਼ਨ ਹੋਈ ਹੋਈ ਹੈ।

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ): ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਟਾਊਨ ਸੋਧਨ ਬਿਲ, 1982 ਤੇ ਬੋਲਣ ਲਈ ਖੜਾ ਹੋਇਆ ਹਾਂ। ਮੈਂ ਜਦੋਂ ਇਸ ਬਿਲ ਨੂੰ ਪੜ੍ਹਿਆ ਤਾਂ ਮੈਂ ਹੈਰਾਨ ਹੋ ਗਿਆ। ਜਿਸ ਤਰ੍ਹਾਂ ਇਸ ਬੋਰਡ ਦੀ ਬਣਤਰ ਦਸੀ ਹੈ, ਇਸ ਦੀ ਤਾਂ ਲੋੜ ਹੀ ਨਹੀਂ ਸੀ। ਇਹ ਤਾਂ ਪਹਿਲਾਂ ਹੀ ਬਣਿਆ ਹੋਇਆ ਹੈ। ਇਸ ਵਿਚ ਸਰਕਾਰੀ ਅਫ਼ਸਰ ਹੀ ਇਨ੍ਹਾਂ ਨੇ ਲਾਉਣੇ ਹਨ। ਉਨ੍ਹਾਂ ਸਰਕਾਰੀ ਅਫ਼ਸਰਾਂ ਵਿਚ 4 ਬੰਦੇ ਲਾ ਦੇਣਗੇ। ਮੈਂ ਕਹਿੰਦਾ ਹਾਂ ਕਿ ਇਹ ਠੀਕ ਨਹੀਂ। ਮੈਂ ਕਹਿੰਦਾ ਹਾਂ ਕਿ ਬਾਕੀ ਦੀਆਂ ਸੰਸਥਾਵਾਂ ਜਿਵੇਂ ਬਲਾਕ ਸੰਮਤੀਆਂ ਹਨ, ਮਾਰਕੀਟ ਕਮੇਟੀਆਂ ਹਨ ਉਨ੍ਹਾਂ ਨੂੰ ਤੋੜ ਕੇ ਆਪਣੇ ਕਬਜ਼ੇ ਵਿਚ ਉਹ ਅਦਾਰੇ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਇਸ ਵਿਚ ਵੀ ਆਪਣੇ ਹੱਥ ਠੋਕੇ ਜਰਨੈਲ ਹੀ ਲਾਏ ਜਾ ਰਹੇ ਹਨ। ਮੈਂ ਕਹਿੰਦਾ ਹਾਂ ਕਿ ਇਸ ਅਦਾਰੇ ਨੂੰ ਡੈਮੋਕਰਾਈਜ਼ ਕਰੋ। ਡੈਮੋਕਰੈਸੀ ਮੰਗ ਕਰਦੀ ਹੈ ਜੇ ਛੋਟੇ ਅਦਾਰੇ ਡੈਮੋਕਰੇਟਿਕ ਨਹੀਂ ਹੋਣਗੇ ਤਾਂ ਵੱਡੇ ਡੈਮੋਕਰੇਟਿਕ ਅਦਾਰੇ ਸੇਵ ਨਹੀਂ ਕਰ ਸਕੋਗੇ। ਇਸ ਦੀ ਬਣਤਰ ਵਾਸਤੇ ਦਸਿਆ ਗਿਆ ਹੈ ਕਿ ਇਕ ਸਭਾਪਤੀ ਹੋਵੇਗਾ, ਤਿੰਨ ਅਫ਼ਸਰ ਹੋਣਗੇ। ਇਨ੍ਹਾਂ ਵਿਚ ਇਕ ਟਾਊਨ ਪਲਾਨਰ ਹੋਵੇਗਾ, ਇਕ ਐਕਸਟਰਾ ਅਸਿਸਟੈਂਟ ਕਮਿਸ਼ਨਰ ਦੇ ਰੈਂਕ ਦਾ ਬੰਦਾ ਹੋਵੇਗਾ ਅਤੇ ਇਕ ਕਾਰਜਕਾਰੀ ਇੰਜੀਨੀਅਰ ਪੀ.ਡਬਲਿਉ.ਡੀ. ਹੋਵੇਗਾ। ਇਹ ਤਿੰਨ ਅਫ਼ਸਰ ਲਗਾ ਕੇ ਇਹ ਕੰਮ ਕਰ ਰਹੇ ਹਨ। ਇਨ੍ਹਾਂ ਨੂੰ ਇਸ ਤਰ੍ਹਾਂ ਨਾ ਕਰਕੇ ਲੋਕਾਂ ਦੇ ਹਿੱਤਾਂ ਦਾ ਧਿਆਨ ਰਖਣਾ ਚਾਹੀਦਾ ਹੈ। ਫਿਰ ਕਿਹਾ ਹੈ ਕਿ ਤਿੰਨ ਨਿਯੁਕਤੀਆਂ ਕਰਾਂਗੇ ਉਹ ਵੀ ਇਸ ਤਰ੍ਹਾਂ ਹੀ ਹੋਣਗੀਆਂ। ਇਥੋਂ ਤਾਂ ਕੁਰੱਪਸ਼ਨ ਪਨਪਦੀ ਹੈ। ਇਸ ਦਾ ਧਿਆਨ ਰਖੋ ਨਹੀਂ ਤਾਂ ਇਕ ਦਿਨ ਐਸਾ ਆ ਜਾਏਗਾ ਕਿ ਐਮ.ਐਲ.ਏਜ਼, ਵੀ ਇਸ ਤਰ੍ਹਾਂ ਨਿਯੁਕਤ ਹੋਇਆ ਕਰਨਗੇ। ਅਗਰ ਇਸ ਤਰ੍ਹਾਂ ਅਫ਼ਸਰਾਂ ਦੇ ਹਥਾਂ ਵਿਚ ਬਾਗਡੋਰ ਦਿਓਗੇ ਤਾਂ ਸਾਰੇ ਦਾ ਸਾਰਾ ਅਦਾਰਾ ਕੁਰੱਪਸ਼ਨ ਦਾ ਅੱਡਾ ਹੋ ਜਾਏਗਾ। ਮੈਂ ਰਾਜਪੁਰੇ ਦੀ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਉਥੇ ਸੌ ਏਕੜ ਜ਼ਮੀਨ ਹੈ, ਬੜੀ ਮੌਕੇ ਦੀ ਹੈ ਪਰ ਉਹ ਸਾਰੀ ਸੌ ਏਕੜ ਇਕ ਰੁਪਿਆ ਸਾਲ ਦੀ ਲੀਜ਼ ਤੇ ਦਿਤੀ ਹੋਈ ਹੈ। ਤੁਸੀਂ ਅੰਦਾਜ਼ਾ ਲਗਾਓ ਕਿ ਕਿੰਨੀ ਮਹਿੰਗੀ ਜ਼ਮੀਨ ਹੈ ਔਰ ਕਿਸ ਤਰ੍ਹਾਂ ਇਨ੍ਹਾਂ ਨੇ ਦਿਤੀ ਹੋਈ ਹੈ। ਮੈਂ ਕਹਿੰਦਾ ਹਾਂ ਕਿ ਅਗਰ ਉਸ ਦੀ ਦਰੁਸਤ ਵਰਤੋਂ ਕੀਤੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਜਾਏ ਤਾਂ ਇਤਨੀ ਆਮਦਨ ਆ ਸਕਦੀ ਹੈ ਕਿ ਸਾਰੇ ਸ਼ਹਿਰ ਦੀ ਕਾਇਆ ਹੀ ਬਦਲ ਸਕਦੀ ਹੈ । ਇਹ ਜਿਹੜੇ ਨਿਯੁਕਤੀਆਂ ਕਰਨ ਲਗੇ ਹਨ ਇਹ ਠੀਕ ਨਹੀਂ । ਇਸ ਵਿਚ ਤਾਂ ਜਿਹੜੇ ਚੰਗੇ ਸਜਣ ਹੋਣਗੇ ਉਹ ਵੀ ਦੁਰਜਨ ਬਣ ਜਾਣਗੇ, ਇਮਾਨਦਾਰ ਕੁਰੱਪਟ ਬਣ ਜਾਣਗੇ । ਇਹ ਜ਼ਿਮੇਂਵਾਰੀ ਇਨ੍ਹਾਂ ਦੀ ਹੋਵੇਗੀ ਜਿਹੜੇ ਉਨ੍ਹਾਂ ਦੀਆਂ ਨਿਯੁਕਤੀਆਂ ਕਰਨਗੇ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦਾ ਬਿਲ ਲਿਆਂਦਾ ਜਾਏ ਕਿ ਟਰਸਟ ਵਿਚ ਸਾਰੇ ਚੁਣੇ ਹੋਏ ਮੈਂਬਰਜ਼ ਹੋਣ ਔਰ ਉਨ੍ਹਾਂ ਦੀ ਹਰ ਤਿੰਨਾ ਸਾਲਾਂ ਬਾਅਦ ਚੋਣ ਹੋ ਜਾਇਆ ਕਰੇ । ਉਹ ਜਿਹੜੇ ਚੁਣੇ ਹੋਏ ਨੁਮਾਇੰਦੇ ਹੋਣਗੇ ਜੇਕਰ ਗਲਤੀ ਕਰਨਗੇ ਤਾਂ ਉਹ ਲੋਕਾਂ ਨੂੰ ਜਵਾਬ ਦੇਹ ਹੋਣਗੇ ਮੈਂ ਚੱਤਰਥ ਸਾਹਿਬ ਨਾਲ ਮੁਤਫ਼ਿਕ ਹਾਂ ਕਿ ਜਿਨ੍ਹਾਂ ਕੋਲ ਨਾਜਾਇਜ਼ ਕਬਜ਼ੇ ਹਨ, ਉਹ ਲੈ ਲੈਣੇ ਚਾਹੀਦੇ ਹਨ । ਜਿਸ ਤਰ੍ਹਾਂ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਨਾਜਾਇਜ਼ ਕਬਜ਼ਾ ਹੋਵੇ ਤਾਂ ਕਾਨੂੰਨ ਮੁਤਾਬਕ ਉਹ ਖਾਲੀ ਕਰਾਈ ਜਾ ਸਕਦੀ ਹੈ । ਮੈਂ ਚੱਤਰਥ ਸਾਹਿਬ ਦੀ ਇਸ ਰਾਏ ਨਾਲ ਮੁਤਫ਼ਿਕ ਹਾਂ । ਪਰ ਜਿਹੜਾ ਗੁਪਤਾ ਜੀ ਨੇ ਸੁਝਾਅ ਦਿਤਾ ਹੈ ਕਿ ਐਮ.ਐਲ.ਏਜ਼. ਨੂੰ ਪਲਾਟ ਦਿਤੇ ਜਾਣੇ ਚਾਹੀਦੇ ਹਨ, ਮੈਂ ਇਸ ਗਲ ਨਾਲ ਮਤਫ਼ਿਕ ਨਹੀਂ ਹਾਂ । ਇਸ ਤਰ੍ਹਾਂ ਦੀ ਕਿਸੇ ਐਮ.ਐਲ.ਏ. ਦੀ ਮੱਦਦ ਨਹੀਂ ਕਰਨੀ ਚਾਹੀਦੀ । ਐਮ.ਐਲ.ਏ. ਨੂੰ ਪਲਾਟ ਦੇਣ ਦਾ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ । ਅਸੀਂ ਵੇਖਦੇ ਹਾਂ ਕਿ ਜ਼ਿਲ੍ਹਾ ਪ੍ਰੀਸ਼ਦ ਹੁੰਦੀਆ ਸਨ, ਬਲਾਕ ਸੰਮਿਤੀਆਂ ਸਨ, ਉਨ੍ਹਾਂ ਵਿਚ ਚੰਗੇ ਸੁਝਾ ਦੇਣ ਵਾਲੇ ਐਕਸ ਆਫੀਸ਼ਿਓ ਮੈਂਬਰਜ਼ ਸਨ । ਜਿਨ੍ਹਾਂ ਕੋਲ ਚੰਗੇਂ ਸੁਝਾਅ ਹੋਣ ਉਨ੍ਹਾਂ ਨੂੰ ਅਗਰ ਸ਼ਾਮਲ ਕੀਤਾ ਜਾਏ ਤਾਂ ਚੰਗੀ ਗਲ ਹੈ । ਪਿਛਲੀ ਵਾਰੀ ਆਈ.ਟੀ.ਆਈ. ਵਿਚ ਕੁਝ ਮੈਂਬਰਜ਼ ਰਖੇ ਔਰ ਉਨ੍ਹਾਂ ਦੀਆਂ ਸਿਲੈਕਟ ਕਮੇਟੀਆਂ ਬਣਾਈਆਂ ਗਈਆਂ । ਸਿਲੈਕਸ਼ਨ ਲਈ ਐਮ.ਐਲ.ਏਜ਼. ਨੂੰ ਭੇਜਦੇ ਰਹੇ ਉਹ ਮੁਲਾਜ਼ਮਾਂ ਵਾਂਗ ਕਮੇਟੀਆਂ ਵਿਚ ਬੈਠਦੇ ਰਹੇ । ਉਨ੍ਹਾਂ ਦੀ ਨਾ ਲੋਕਾਂ ਨਾਲ ਵਾਕਫ਼ੀਅਤ ਸੀ ਔਰ ਨਾ ਹੀ ਉਹ ਲੋਕਾਂ ਨੂੰ ਜਾਣਦੇ ਸਨ । ਫਿਰ ਉਹ ਕਿਸ ਤਰ੍ਹਾਂ ਲੋਕਾਂ ਦੀ ਸੇਵਾ ਕਰ ਸਕਦੇ ਸਨ । ਫਰਜ਼ ਕਰੋ ਸਰਦਾਰ ਲਾਲ ਸਿੰਘ ਜੀ ਨੂੰ ਰਾਜਪੁਰੇ ਦਾ ਆਈ.ਟੀ.ਆਈ. ਦਾ ਮੈਂਬਰ ਬਣਾ ਦਿਤਾ ਜਾਏ ਪਰ ਉਨ੍ਹਾਂ ਦੀ ਉਥੇ ਕੋਈ ਲੋਕਲ ਵਾਕਫ਼ੀਅਤ ਨਹੀਂ, ਉਹ ਕਿਸੇ ਨੂੰ ਜਾਣਦੇ ਨਹੀਂ । ਇਹ ਉਨ੍ਹਾਂ ਦਾ ਕਸੂਰ ਨਹੀਂ, ਇਹ ਕਸੂਰ ਉਨ੍ਹਾਂ ਦਾ ਹੈ ਜਿਸ ਨੇ ਨਿਯੁਕਤ ਕੀਤਾ ਹੈ । ਮੈਂਬਰ ਇਲਾਕੇ ਦੇ ਹੋਣ, ਬਕਾਇਦਾ ਤੌਰ ਤੇ ਸਭ ਨੂੰ ਜਾਣਦੇ ਹੋਣ ਤਾਂ ਹੀ ਕੰਮ ਠੀਕ ਚਲ ਸਕਦਾ ਹੈ । ਇਹ ਠੀਕ ਹੈ ਕਿ ਇਹ ਬਿਲ ਲਿਆਕੇ ਇਹ ਦੋ ਤਿੰਨ ਅਫਸਰਾਂ ਨੂੰ ਤਾਂ ਖੁਸ਼ ਕਰ ਲੈਣਗੇ ਜਿਹੜੇ ਕਿ ਇਨ੍ਹਾਂ ਦੀ ਆਉਣ ਵਾਲੇ ਇਲੈਕਸ਼ਨਾਂ ਵਿਚ ਮੱਦਦ ਕਰਨ ਲਈ ਮਜਬੂਰ ਹੋਣਗੇ । ਜੇਕਰ ਤਾਂ ਇਹ ਅਜਿਹਾ ਉਪਰਾਲਾ ਕਰ ਰਹੇ ਹਨ ਤਾਂ ਤੇ ਇਹ ਦਰੁਸਤ ਹਨ ਨਹੀਂ ਤਾਂ ਇਸ ਬਿਲ ਨੂੰ ਡੈਮੋਕਰੈਟਿਕ ਢੰਗ ਨਾਲ ਲਿਆ ਕੇ ਪਾਸ ਕਰਨਾ ਚਾਹੀਦਾ ਹੈ ।

**ਸ੍ਰੀ ਰਾਮ ਸਵਰੂਪ ਬਾਗੀ** (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ । ਪਠਾਨਕੋਟ ਦਾ ਇੰਪਰੂਵਮੈਂਟ ਟਰੱਸਟ ਬੜਾ ਪੁਰਾਣਾ ਹੈ । ਇਸ ਟਰੱਸਟ ਨੇ ਬਹੁਤ ਕੰਮ ਕੀਤੇ ਜਦੋਂ ਇਹ ਉਥੋਂ ਐਗਜ਼ਿਸ਼ਟ ਕਰਦਾ ਸੀ ਅਤੇ ਉਸਦਾ ਚੇਅਰਮੈਨ ਪਬਲਿਕ ਮੈਨ ਸੀ । ਇਹ ਖੱਖਿਆਂ ਦਾ ਸ਼ਹਿਰ ਪਹਿਲਾਂ ਕਹਿਲਾਉਂਦਾ ਸੀ । ਸ਼ਹਿਰ ਦੇ ਦੋਨਾਂ ਕਿਨਾਰਿਆਂ ਤੇ ਖੱਖੇ ਸਨ । ਆਏ ਦਿਨ ਉਥੇ ਅੱਗਾਂ ਲਗਦੀਆਂ ਸਨ । ਉਸ ਤੋਂ ਬਾਅਦ ਸਾਡੀ ਸਰਕਾਰ ਨੇ ਉਥੇ ਇੰਪਰੂਵਮੈਂਟ ਟਰੱਸਟ ਕਾਇਮ ਕੀਤਾ ਅਤੇ ਉਸਦੇ ਮੈਂਬਰ ਅਤੇ ਚੇਅਰਮੈਨ ਪਬਲਿਕ ਵਿਚੋਂ

Original with;
Punjab Vidhan Sabha
Digitized by;
Panjab Digital Library

ਆਏ । ਪਠਾਨਕੋਟ ਸ਼ਹਿਰ ਦੀ ਨੁਹਾਰ ਹੀ ਬਦਲ ਗਈ ਅਤੇ ਉਹ ਖੋਖੇ ਦੋ ਮਜ਼ਲਾ ਬਿਲਡਿੰਗਾਂ ਵਿਚ ਮੁੰਤਕਿਲ ਹੋ ਚੁੱਕੇ ਹਨ । ਆਪ ਜੀ ਨੇ ਆਪਣੇ ਟੂਰ ਵਿਚ ਜ਼ਰੂਰ ਨਜ਼ਰ ਮਾਰੀ ਹੋਵੇਗੀ । ਉਥੇ ਦੀਆਂ ਸੜਕਾਂ ਵੇਖੀਆਂ ਹੋਣਗੀਆਂ । ਇੰਪਰੂਵਮੈਂਟ ਟਰੱਸਟ ਦੇ ਰਾਹੀਂ ਅਸੀਂ ਉਥੇ ਸਲੱਮ ਕਲੀਅਰੈਂਸ ਕੀਤੀ । ਮੈਂ ਖੁੱਦ ਇੰਪਰੂਵਮੈਂਟ ਟਰੱਸਟ ਦਾ ਛੇ ਸਾਲ ਮੈਂਬਰ ਰਿਹਾ ਹਾਂ । ਗਰੀਬਾਂ ਦੀਆਂ ਝੌਂਪੜੀਆਂ ਅਤੇ ਹਰੀਜਨਾਂ ਦੀਆਂ ਬਸਤੀਆਂ ਵਿਚ ਗਲੀਆਂ ਤੇ ਨਾਲੀਆਂ ਪੱਕੀਆਂ ਕੀਤੀਆਂ ਗਈਆਂ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਹ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਇੰਪਰੂਵਮੈਂਟ ਟਰੱਸਟ ਉਥੇ ਟੁੱਟ ਗਿਆ ਹੈ ਅਤੇ ਐਡਮਨਿਸਟ੍ਰੇਟਰ ਮੁਕਰੱਰ ਹੋਇਆ ਹੈ, ਉਥੇ ਕੰਮ ਉਤਨਾਂ ਜ਼ੋਰ ਨਾਲ ਨਹੀਂ ਹੋਇਆ ਜਿਤਨਾ ਕੰਮ ਚੇਅਰਮੈਨ ਅਤੇ ਇੰਪਰੂਵਮੈਂਟ ਟਰੱਸਟ ਦੇ ਮੈਂਬਰਾਂ ਰਾਹੀਂ ਹੋ ਰਿਹਾ ਸੀ । ਪਿਛਲੇ ਢਾਈ ਸਾਲਾਂ ਵਿਚ ਸਾਡੀ ਬਦਕਿਸਮਤੀ ਇਹ ਹੋਈ ਕਿ ਸਾਡਾ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਭਾਰਤੀਆ ਜਨਸੰਘ ਪਾਰਟੀ ਦਾ ਆਦਮੀ ਲਾਇਆ ਗਿਆ । ਉਨ੍ਹਾਂ ਦੇ ਬਾਰੇ ਬੜੀ ਵੱਡੀ ਮਿਸਾਲ ਇਹ ਹੈ ਕਿ ਜਿਸ ਤਰ੍ਹਾਂ ਕਿਸੇ ਮਹੀਂ ਦਾ ਕਰੈਕਟਰ ਬੜਾ ਉੱਚਾ ਹੁੰਦਾ ਹੈ ਉਸੇ ਤਰ੍ਹਾਂ ਇਨ੍ਹਾਂ ਦਾ ਕਰੈਕਟਰ ਵੀ ਬੜਾ ਉੱਚਾ ਸੀ । ਇਕ ਵਪਾਰੀ ਕਿਸੇ ਮੰਡੀ ਵਿਚ ਮਹੀਂ ਖਰੀਦਣ ਗਿਆ । ਕਿਸੇ ਦੀ ਕੀਮਤ ਇਕ ਹਜ਼ਾਰ ਰੁਪਏ ਸੀ, ਕਿਸੇ ਦੀ ਦੋ ਹਜ਼ਾਰ ਰੁਪਏ ਸੀ ਪਰ ਇਕ ਮੱਝ ਦੀ ਕੀਮਤ ਪੰਜ ਹਜ਼ਾਰ ਸੀ । ਉਸ ਨੇ ਕਿਹਾ ਕਿ ਇਸਦੀ ਕੀਮਤ ਪੰਜ ਹਜ਼ਾਰ ਕਿਉਂ ਹੈ । ਮੰਡੀ ਵਾਲਿਆਂ ਨੇ ਦੱਸਿਆ ਕਿ ਇਸ ਮਹੀਂ ਦਾ ਕਰੈਕਟਰ ਬੜਾ ਹਾਈ ਹੈ । ਇਹ ਕੱਟੀ ਤੋਂ ਮਹੀਂ ਅਜੇ ਬਣੀ ਹੀ ਨਹੀਂ । ਇਸੇ ਤਰ੍ਹਾਂ ਇਸ ਚੇਅਰਮੈਨ ਦਾ ਕਰੈਕਟਰ ਸੀ । ਇਸ ਨੇ ਇਕ ਇੱਟ ਵੀ ਨਹੀਂ ਲਵਾਈ । ਉਹ ਸਿਰਫ ਫਾਈਲਾਂ ਹੀ ਫੋਲਦਾ ਰਿਹਾ ਪੁਰਾਣੇ ਚੇਅਰਮੈਨ ਅਤੇ ਮੈਂਬਰਾਂ ਦੀਆਂ । ਡਿਪਟੀ ਸਪੀਕਰ ਸਾਹਿਬ, ਜਦੋਂ ਇੰਪਰੂਵਮੈਂਟ ਟਰੱਸਟ ਉਥੇ ਐਗਜ਼ਿਸਟ ਕਰਦਾ ਸੀ ਤਾਂ ਉਥੇ ਲਾਈਟਾਂ ਵੀ ਲਗੀਆਂ, ਪਾਣੀ ਦੀ ਸਪਲਾਈ ਵੀ ਹੋਈ, ਟਿਊਬਵੈੱਲ ਵੀ ਬਣਾਏ ਗਏ । ਮੈਂ ਸਰਦਾਰ ਦਰਬਾਰਾ ਸਿੰਘ ਦਾ ਅਤੇ ਖਾਸ ਤੌਰ ਤੇ ਕਪੂਰ ਸਾਹਿਬ ਦਾ ਬੜਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਪਾਸੇ ਤਵੱਜੋ ਦਿੱਤੀ ਹੈ ਅਤੇ ਇੰਪਰੂਵਮੈਂਟ ਟਰੱਸਟਾਂ ਨੂੰ ਦੁਬਾਰਾ ਬਹਾਲ ਕਰਨ ਦਾ ਪ੍ਰੋਗਰਾਮ ਬਣਾਇਆ ਹੈ । ਮੈਂ ਮੁਬਾਰਿਕ ਦਿੰਦਾ ਹਾਂ ਆਪਣੀ ਸਾਰੀ ਕੈਬਨਿਟ ਦੇ ਸਾਥੀਆਂ ਨੂੰ ਜਿਨ੍ਹਾਂ ਨੇ ਇੰਪਰੂਵਮੈਂਟ ਟਰੱਸਟ ਕਾਇਮ ਕਰਾਉਣ ਦਾ ਵਾਅਦਾ ਕੀਤਾ ਹੈ । ਮੈਂ ਉਮੀਦ ਕਰਦਾ ਹਾਂ ਕਿ ਕਪੂਰ ਸਾਹਿਬ ਜਦੋਂ ਇਹ ਇੰਪਰੂਵਮੈਂਟ ਟਰੱਸਟ ਬਣਾਉਣਗੇ ਤਾਂ ਉਥੇ ਦੇ ਇਲਾਕੇ ਦੇ ਐਮ. ਐਲ. ਏ. ਨੂੰ ਜ਼ਰੂਰ ਆਪਣੇ ਕਾਨਫੀਡੈਂਸ ਵਿਚ ਲੈਣਗੇ ਤਾਂ ਕਿ ਅੱਛੇ ਬੰਦੇ ਆ ਸਕਣ । ਮੈਂ ਆਪਣੇ ਆਪੋਜ਼ੀਸ਼ਨ ਦੇ ਸਾਥੀ ਨਾਲ ਇਸ ਗਲ ਬਾਰੇ ਬਿਲਕੁਲ ਮੁਤਫਿਕ ਨਹੀਂ ਕਿ ਲੋਕ ਠੀਕ ਨਹੀਂ ਆਉਣਗੇ । ਹਰ ਆਦਮੀ ਜਿਹੜਾ ਪਬਲਿਕ ਵਿਚੋਂ ਆਏਗਾ ਉਹ ਚੰਗਾ ਕੰਮ ਕਰੇਗਾ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ ਕੇਂਦਰੀ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਜਾਬ ਟਾਊਨ ਇੰਪਰੂਵਮੈਂਟ (ਅਮੈਂਡਮੈਂਟ) ਬਿਲ, 1982 ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ । ਇਕ ਤਾਂ ਇਸ ਵਿਚ ਦੋ ਸਰਕਾਰੀ ਅੱਫਸਰ ਇਨਕਲੂਡ ਕੀਤੇ ਜਾਣੇ ਹਨ ਅਤੇ ਦੂਸਰਾ ਏਰੀਅਰਜ਼ ਦੀ ਰਿਕਵਰੀ ਐਜ਼ ਏਰੀਅਰਜ਼ ਆਫ਼ ਲੈਂਡ ਰੈਵੇਨਿਊ ਕੀਤਾ ਜਾ ਰਿਹਾ ਹੈ । ਇਹ ਇਕ ਸ਼ਲਾਘਾਯੋਗ ਕਦਮ ਹੈ । ਮਗਰ ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਇੰਪਰੂਵਮੈਂਟ ਟਰੱਸਟ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਵਿਚ ਲੇਡੀਜ਼ ਦੀ ਰਿਪ੍ਰੇਜ਼ੈਂਟੇਸ਼ਨ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਕੀਤਾ ਗਿਆ। ਅਗਰ 9 ਮੈਂਬਰ ਹੋਣ ਤਾਂ ਕਮ-ਅਜ਼-ਕਮ ਇੱਕ ਔਰਤ ਜ਼ਰੂਰ ਮੈਂਬਰ ਹੋਣੀ ਚਾਹੀਦੀ ਹੈ ਕਿਉਂਕਿ ਇਹ ਘਰ ਜਿਹੜੇ ਬਣਾਉਣੇ ਹਨ ਜ਼ਿਆਦਾ ਟਾਈਮ ਉਹ ਹੀ ਇਸ ਵਿੱਚ ਰਹਿੰਦੀਆਂ ਹਨ। ਇਸ ਲਈ ਉਨ੍ਹਾਂ ਦਾ ਇਸ ਵਿੱਚ ਹੋਣਾ ਬਹੁੱਤ ਜ਼ਰੂਰੀ ਸੀ। ਇੰਪਰੂਵਮੈਂਟ ਟਰੱਸਟ ਦੀਆਂ ਜੋ ਪ੍ਰਾਬਲਮਜ਼ ਹਨ ਉਹ, ਮੈਂ ਆਪਦੇ ਸਾਹਮਣੇ ਜ਼ਰੂਰ ਰੱਖਣਾ ਚਾਹਾਂਗਾ। ਟਰੱਸਟ ਪਹਿਲਾਂ ਵੀ ਸਨ। ਰੀਕੰਸਟੀਚਿਊਟ ਹੋ ਕੇ ਵੀ ਇਨ੍ਹਾਂ ਨੇ ਕੰਮ ਕਰਨਾ ਹੈ। ਮਗਰ ਤੁਸੀਂ ਹੈਰਾਨ ਹੋਵੋਗੇ ਇਹ ਗੱਲ ਸੁਣ ਕੇ ਕਿ ਪਲਾਟਸ ਦੀ ਟਰਾਂਸਫਰ ਕਰਨ ਵਾਸਤੇ ਇੰਪਰੂਵਮੈਂਟ ਟਰੱਸਟ 10, 10 ਸਾਲ ਲੈ ਲੈਂਦਾ ਹੈ। ਇਕ ਸ੍ਰੀ ਰਾਮ ਲਾਲ ਭੰਡਾਰੀ ਹਨ, ਜੋ ਕਿ ਜਰਨਲਿਸਟ ਹਨ। ਉਨ੍ਹਾਂ ਦੀ ਆਯੂ 82 ਸਾਲ ਦੀ ਹੈ। ਉਨ੍ਹਾਂ ਨੇ ਟਰੱਸਟ ਨੂੰ ਲਿਖ ਕੇ ਦਿੱਤਾ ਕਿ ਮੈਨੂੰ ਕੰਪਲੀਸ਼ਨ ਸਰਟੀਫਿਕੇਟ ਚਾਹੀਦਾ ਹੈ ਤਾਂਕਿ ਬਾਅਦ ਵਿਚ ਇਸਦਾ ਝਗੜਾ ਨਾ ਹੋਵੇ ਮੇਰੀ ਔਲਾਦ ਵਿਚਕਾਰ। 20 ਸਾਲ ਇਹ ਫੈਸਲਾ ਟਰੱਸਟ ਨਹੀਂ ਕਰ ਸਕਿਆ ਕਿ ਕੰਪਲੀਸ਼ਨ ਸਰਟੀਫਿਕੇਟ ਉਸ ਨੂੰ ਕਦੋਂ ਦਿੱਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕਾਰਪੋਰੇਸ਼ਨ ਅਤੇ ਟਰੱਸਟ ਦੇ ਬਾਈਲਾਜ਼ ਸਿਮੀਲਰ ਹੋਣੇ ਚਾਹੀਦੇ ਹਨ। ਪਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਿਚ ਫ਼ਰਕ ਹੈ। ਟਰੱਸਟ ਵਿਚ ਤੁਸੀਂ ਪਲਾਨ ਸਬਮਿਟ ਕਰਕੇ ਮਕਾਨ ਬਣਾਉਣਾ ਸ਼ੁਰੂ ਕਰ ਦਿੰਦੇ ਹੋ ਪਰ ਕਾਰਪੋਰੇਸ਼ਨ ਵਿਚ ਪਲਾਨ ਸਬਮਿਟ ਕਰੋ, ਪਹਿਲਾਂ ਉਸ ਨੂੰ ਪਾਸ ਕਰਾਓ ਅਤੇ ਬਾਅਦ ਵਿਚ ਕੰਮ ਚਾਲੂ ਕਰੋ। ਇਸ ਲਈ ਅਗਰ ਇੱਕੋ ਜਗ੍ਹਾ ਦੀ ਡਿਵੈਲਮੈਂਟ ਹੋਣੀ ਹੈ ਤਾਂ ਕਾਰਪੋਰੇਸ਼ਨ ਅਤੇ ਟਰੱਸਟ ਦੇ ਬਾਈਲਾਜ਼ ਸਿਮੀਲਰ ਹੋਣੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇੱਕ ਅਰਜ਼ ਹੋਰ ਕਰਨਾ ਚਾਹੁੰਦਾ ਹਾਂ ਕਿ ਕਾਰਪੋਰੇਸ਼ਨਾਂ ਜਿਨ੍ਹਾਂ ਸ਼ਹਿਰਾਂ ਵਿਚ ਹਨ, ਉਥੇ ਜਗ੍ਹਾ ਬਹੁਤ ਥੋੜੀ ਹੈ। ਕਿਤੇ 20 ਗਜ਼ ਜਗ੍ਹਾ ਅਤੇ ਕਿਤੇ 30 ਗਜ਼ ਜਗ੍ਹਾ ਵਿਚ ਮਕਾਨ ਅਤੇ ਦੁਕਾਨਾਂ ਬਣੀਆਂ ਹੋਈਆਂ ਹਨ। ਜਦੋਂ ਇਹ ਦੁਕਾਨ ਬਣਾਉਣ ਲਗਦੇ ਹਨ ਤਾਂ ਕਹਿੰਦੇ ਹਨ ਕਿ ਵਨ ਥਰਡ ਏਰੀਆ ਖਾਲੀ ਛੱਡ ਦਿੱਤਾ ਜਾਵੇ। ਅਗਰ ਜਗ੍ਹਾ ਹੀ ਸਾਰੀ ਪਲਾਟ ਦੀ 20 ਗਜ਼ ਹੋਵੇ ਅਤੇ ਉਸ ਵਿਚੋਂ ਵਨ ਥਰਡ ਖਾਲੀ ਛੱਡ ਦਿੱਤੀ ਜਾਵੇ ਤਾਂ ਉਹ ਬਿਲਡਿੰਗ ਕਿਤਨੀ ਜਗ੍ਹਾ ਵਿਚ ਬਣੇਗੀ ਅੰਮਿਤਸਰ ਵਿਚ ਛੋਟੇ ਛੋਟੇ ਮਕਾਨ ਹਨ। 25, 25 ਗਜ਼ ਤੇ ਏਰੀਏ ਵਿਚ ਮਕਾਨ ਬਣੇ ਹੋਏ ਹਨ। ਇਸ ਲਈ ਇਹ ਅਮੈਂਡਮੈਂਟ ਵੀ ਇਸ ਵਿਚ ਜ਼ਰੂਰ ਕਰਨੀ ਚਾਹੀਦੀ ਹੈ। ਮੈਂ ਤੁਹਾਡੇ ਰਾਹੀਂ ਖਾਸ ਤੌਰ ਤੇ ਲੋਕਲ ਬਾਡੀਜ਼ ਮਨਿਸਟਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਸੜ੍ਹੇ ਹੋਏ ਖੋਲੇ ਹਨ। ਇਹ ਆਜ਼ਾਦੀ ਤੋਂ ਬਾਅਦ 34 ਸਾਲਾਂ ਦੇ ਉਸੇ ਤਰ੍ਹਾਂ ਪਏ ਹਨ। ਕਈ ਇੰਪਰੂਵਮੈਂਟ ਟਰਸਟ ਉਥੇ ਰਹੇ ਅਤੇ ਹੁਣ ਕਾਰਪੋਰੇਸ਼ਨ ਵੀ ਹੈ। ਪਰ ਉਥੇ ਕਈ ਇੰਪਰੂਵਮੈਂਟ ਨਹੀਂ ਲਿਆਂਦੀ ਗਈ। ਹੁਣ ਇਸ ਬਿਲ ਦੇ ਪਾਸ ਹੋਣ ਵੇਲੇ ਅਸੀਂ ਆਸ ਕਰਦੇ ਹਾਂ ਕਿ ਚੰਗੀਆਂ ਅਮੈਂਡਮੈਂਟਾਂ ਇਸ ਵਿਚ ਕਰਨਗੇ। ਇਹ ਚੀਜ਼ ਉਥੇ ਠੀਕ ਕਰਨਗੇ। ਮੈਂ ਕਪੂਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਜੋਰ ਲਾ ਕੇ ਕਾਫੀ ਦੇਰ ਤੋਂ ਇਹ ਮਾਮਲਾ ਲਿੰਗਰ ਆਨ ਕਰਦਾ ਆ ਰਿਹਾ ਸੀ, ਉਸ ਨੂੰ ਨਜਿਠਣ ਦਾ ਉਪਰਾਲਾ ਕੀਤਾ ਹੈ। ਇਸ ਲਈ ਉਹ ਵਧਾਈ ਦੇ ਪਾਤਰ ਹਨ। ਇਹ ਟਰੱਸਟ ਵਾਲਿਆਂ ਨੂੰ ਹਦਾਇਤ ਦੇਣ ਕਿ ਜਿਹੜੇ ਕੰਮ ਇਨਕੰਪਲੀਟ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕੰਪਲੀਟ ਕੀਤਾ ਜਾਵੇ। ਧੰਨਵਾਦ।

Original with;
Punjab Vidhan Sabha
Digitized by;
Panjab Digital Library

ਸ੍ਰੀ ਸੁਰਿੰਦਰ ਕਪੂਰ (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਇੰਪਰੂਵਮੈਂਟ ਟਰੱਸਟਾਂ ਦੇ ਸਬੰਧ ਵਿਚ ਜੋ ਬਿਲ ਲਿਆਂਦਾ ਗਿਆ ਹੈ, ਇਹ ਬੜਾ ਸ਼ਲਾਘਾਯੋਗ ਹੈ। ਜਿਸ ਵੇਲੇ ਇੰਪਰੂਵਮੈਂਟ ਟਰੱਸਟ ਤੋੜੇ ਗਏ ਸਨ ਤਾਂ ਉਸ ਵੇਲੇ ਬੜੇ ਕੰਮ ਜੋ ਬਠਿੰਡੇ ਦੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਨੇ ਰੈਜ਼ੋਲਿਊਸ਼ਨ ਪਾਸ ਕਰ ਲਏ ਸਨ ਅਤੇ ਪਾਵਰਜ਼ ਦੀ ਕੁਵਰਤੋਂ ਕੀਤੀ ਸੀ, ਉਹ ਰੈਜ਼ੋਲਿਊਸ਼ਨ ਵਿਦਡਰਾ ਕਰ ਦਿੱਤੇ ਗਏ। ਲੋਕਾਂ ਨੇ ਸੁੱਖ ਦਾ ਸਾਹ ਲਿਆ। ਇੰਪਰੂਵਮੈਂਟ ਟਰੱਸਟ ਨੇ ਬਠਿੰਡੇ ਵਿਚ ਜੋ ਸਕੀਮਾਂ ਬਣਾਈਆਂ ਸਨ, ਉਨ੍ਹਾਂ ਦੇ ਵਿਚ ਹੋਰ ਸੁਧਾਰ ਕਰਨ ਦੀ ਜ਼ਰੂਰਤ ਹੈ। ਇਸ ਤੋਂ ਬਾਅਦ ਇਹ ਡਿਜ਼ਾਲਵ ਕਰ ਦਿਤੇ ਗਏ ਅਤੇ ਐਡਮਨਿਸਟ੍ਰੇਟਰ ਮੁਕੱਰਰ ਕਰ ਦਿੱਤੇ ਗਏ। ਸਕੀਮਾਂ ਬੜੀ ਦੇਰ ਤੋਂ ਚਲਦੀਆਂ ਆ ਰਹੀਆਂ ਸਨ, ਉਨ੍ਹਾਂ ਦਾ ਪੀਰੀਅਡ ਖ਼ਤਮ ਹੋ ਗਿਆ ਸੀ। ਲੋਕਾਂ ਨੇ ਨਜਾਇਜ਼ ਕਬਜ਼ੇ ਕਰ ਲਏ। ਇਸ ਲਈ ਜੋ ਇੰਪਰੂਵਮੈਂਟ ਟਰੱਸਟ ਰਿਵਾਈਜ਼ ਕੀਤੇ ਜਾਣਗੇ ਮੈਂ ਮਨਿਸਟਰ ਸਾਹਿਬ ਕੋਲ ਬੇਨਤੀ ਕਰਾਂਗਾ ਕਿ ਜੋ ਇਲਲੀਗਲ ਐਨਕਰੋਚਮੈਂਟਸ ਹੋਈਆਂ ਹਨ, ਜਿਨ੍ਹਾਂ ਦੇ ਸਬੰਧ ਵਿਚ ਮੈਂ ਟੈਲੀਗਰਾਮਜ਼ ਵੀ ਦਿੱਤੀਆਂ ਹਨ ਅਤੇ ਲਿਖਤੀ ਪੱਤਰ ਵੀ ਭੇਜੇ ਹਨ, ਉਨ੍ਹਾਂ ਨਜਾਇਜ ਕਬਜ਼ਿਆਂ ਨੂੰ ਲੋਕਾਂ ਕੋਲੋਂ ਛੁਡਵਾਇਆ ਜਾਵੇ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਜ਼ਰੂਰੀ ਗੱਲ ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬਠਿੰਡੇ ਵਿਚ ਅਮਰੀਕ ਸਿੰਘ ਰੋਡ ਦੀ ਸਕੀਮ ਵਿਚ ਇਕ ਸਿਨਮੇ ਦਾ ਪਲਾਟ ਕੱਟਿਆ ਗਿਆ ਸੀ। ਜਿਸ ਵੇਲੇ ਉਥੇ ਆਕਸ਼ਨ ਹੋਈ ਤਾਂ ਦੋ ਥਾਵਾਂ ਬਹੁਤ ਹਾਈ ਰੇਟ ਤੇ ਗਈਆਂ ਲੇਕਿਨ ਪਤਾ ਨਹੀਂ ਕਿਉਂ ਉਹ ਸਿਨਮੇ ਦਾ ਪਲਾਟ ਬਹੁਤ ਸੱਸਤੇ ਭਾਅ ਤੇ ਵੇਚਿਆ ਗਿਆ। ਮੈਂ ਸਮਝਦਾ ਹਾਂ ਕਿ ਉਸਦੀ ਆਕਸ਼ਨ ਤਾਂ ਹੋਈ ਪਰ ਇਹ ਬੰਦੂਕ ਦੀ ਨਾਲੀ ਤੇ ਕੰਮ ਕਰਨ ਵਾਲੇ ਜੋ ਲੋਕ ਸਨ, ਉਨ੍ਹਾਂ ਨੂੰ ਇਹ ਸਿਨਮੇ ਦਾ ਪਲਾਟ ਦਿੱਤਾ ਗਿਆ। ਇਸ ਵਾਸਤੇ ਬੇਨਤੀ ਕਰਾਂਗਾ ਵਜ਼ੀਰ ਸਾਹਿਬ ਕੋਲ ਕਿ ਇਸ ਗੱਲ ਦੀ ਪੜਤਾਲ ਕਰਾਉਣ ਔਰ ਉਸ ਨੂੰ ਰੀ-ਆਕਸ਼ਨ ਕਰਵਾਇਆ ਜਾਵੇ ਤਾਕਿ ਅਜਿਹੇ ਲੋਕੀ ਫਾਇਦਾ ਨਾ ਉਠਾ ਸਕਣ।

ਦੂਸਰੀ ਗੱਲ ਇਹ ਹੈ ਕਿ ਇੰਪਰੂਵਮੈਂਟ ਟਰੱਸਟ ਵਿਚ ਜਦੋਂ ਕੋਈ ਆਕਸ਼ਨ ਹੁੰਦੀ ਹੈ, ਜਾਂ ਕੋਈ ਚੀਜ਼ ਬਣਾਈ ਜਾਂਦੀ ਹੈ ਤਾਂ ਉਸ ਤੇ ਵੱਡੇ ਵੱਡੇ ਧਨਾਢ ਹੀ ਹੱਥ ਫੇਰ ਜਾਂਦੇ ਹਨ ਅਤੇ ਗਰੀਬ ਨੂੰ ਕੁਝ ਨਹੀਂ ਮਿਲਦਾ। ਇਸ ਲਈ ਅਜਿਹੀ ਸੈਕਸ਼ਨ ਹੋਣੀ ਚਾਹੀਦੀ ਹੈ ਜਿਸ ਨਾਲ ਕਿ ਵੀਕਰ ਸੈਕਸ਼ਨਜ਼ ਨੂੰ, ਜੋ ਗਰੀਬ ਹਨ ਉਨ੍ਹਾਂ ਨੂੰ ਇੰਮਪਰੂਵਮੈਂਟ ਟਰੱਸਟਾਂ ਦੀਆਂ ਸਕੀਮਾਂ ਦਾ ਲਾਭ ਹੋ ਸਕੇ, ਉਹ ਵੀ ਫ਼ਾਇਦਾ ਉਠਾ ਸਕਣ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦੇ ਇਹ ਵੀ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇੰਮਪਰੂਵਮੈਂਟ ਟਰੱਸਟ ਨੇ ਕਈ ਇਕ ਸਕੀਮਾਂ ਐਸੀਆਂ ਬਣਾਈਆਂ ਸਨ, ਜਿਨ੍ਹਾਂ ਤੇ ਇਕ ਕਰੋੜ ਤੋਂ ਵੀ ਵੱਧ ਖਰਚਾ ਹੋ ਚੁਕਿਆ ਹੈ ਲੇਕਿਨ ਇਨਕਰਚਮੈਂਟ ਕਰਕੇ ਫਾਇਦਾ ਉਨ੍ਹਾਂ ਸਕੀਮਾਂ ਦਾ ਨਹੀਂ ਹੋ ਸਕਿਆ। ਇਸ ਲਈ ਇੰਪਰੂਵਮੈਂਟ ਟਰੱਸਟ ਦੁਬਾਰਾ ਬਣਾ ਕੇ ਜੋ ਇਨ-ਕਰੋਚਮੈਂਟਸ ਹੋਈਆਂ ਹੋਈਆਂ ਹਨ ਉਨ੍ਹਾਂ ਨੂੰ ਹਟਾਇਆ ਜਾਵੇ। ਇਕ ਮੈਂ ਜੋ ਸਿਨਮੇਂ ਦੇ ਪਲਾਟ ਦੇ ਬਾਰੇ ਵਿਚ ਕਿਹਾ ਹੈ ਆਸ ਹੈ ਕਿ ਵਜ਼ੀਰ ਸਾਹਿਬ ਉਸ ਤੇ ਗੰਭੀਰਤਾ ਨਾਲ ਸੋਚ ਕੇ ਐਕਸ਼ਨ ਲੈਣਗੇ।

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ ਮੰਤਰੀ** (ਸ੍ਰੀ ਸਰਦਾਰੀ ਲਾਲ ਕਪੂਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਾਰੇ ਮੈਂਬਰ ਸਾਹਿਬਾਨ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਬਿੱਲ ਵਾਸਤੇ ਦਿਲਚਸਪੀ ਵਿਖਾਈ ਹੈ। ਮੈਂ ਸਮਝਦਾ ਹਾਂ ਕਿ ਜੋ ਗੱਲਾਂ ਮੇਰੇ ਦੋਸਤਾਂ ਨੇ ਇਸ ਬਾਰੇ ਕਹੀਆਂ ਹਨ, ਉਹ ਮੈਂ ਤਕਰੀਬਨ ਸਾਰੀਆਂ ਹੀ ਕੀਤੀਆਂ ਹੋਈਆਂ ਹਨ। ਮੈਂ ਕੋਈ ਐਸੀ ਗੱਲ ਨਹੀਂ ਰੱਖੀ ਜਿਸ ਤੇ ਮਾਨਯੋਗ ਮੈਂਬਰ ਇਤਰਾਜ਼ ਕਰ ਸਕਣ। ਇਹ ਡੈਮੋਕ੍ਰੇਟਿਕ ਸੈਟ-ਅੱਪ ਦੇ ਮੁਤਾਬਿਕ ਬਣਾਇਆ ਹੈ। ਜਿਹੜੀ ਮਿਊਂਸਪਲ ਕਮੇਟੀ ਇਸ ਵੇਲੇ ਐਗਜ਼ਿਸਟ ਕਰਦੀ ਹੈ, ਉਹ ਤਿੰਨ ਤਿੰਨ ਮੈਂਬਰ ਸ਼ਾਮਲ ਕਰੇਗੀ ਔਰ ਡੈਮੋਕ੍ਰੇਟਿਕ ਸੈਟ-ਅੱਪ ਦੇ ਤਰੀਕੇ ਨਾਲ ਕਰੇਗੀ। ਜਿੱਥੇ ਮਿਊਂਸਪਲ ਕਮੇਟੀਆਂ ਨਾ ਹੋਣਗੀਆਂ ਉਥੇ ਨਾਮੀਨੇਸ਼ਨ ਪੰਜਾਬ ਗੌਰਮਿੰਟ ਵਲੋਂ ਹੋਵੇਗੀ। ਕਾਰਪੋਰੇਸ਼ਨਾਂ ਤਾਂ ਤਿੰਨੇ ਹੀ ਬਣੀਆਂ ਹੋਈਆਂ ਹਨ, ਪਰ ਉਨ੍ਹਾਂ ਵਿਚ ਇਲੈਕਸ਼ਨ ਨਹੀਂ ਹੋਈ। ਉਨ੍ਹਾਂ ਵਿਚ ਗੌਰਮਿੰਟ ਨੇ ਨਾਮੀਨੇਸ਼ਨ ਕਰਨੀ ਹੈ ਔਰ ਪਬਲਿਕ ਵਿਚੋਂ ਹੀ ਕਰਨੀ ਹੈ। ਜਿਹੜੇ ਲੋਕ ਪੜ੍ਹੇ ਲਿਖੇ ਹੋਣਗੇ, ਸਿਆਣੇ ਹੋਣਗੇ, ਆਨੈਸਟ ਬੰਦੇ ਹੋਣਗੇ, ਜਿਨ੍ਹਾਂ ਵੱਲ ਕੋਈ ਉਂਗਲ ਨਾ ਕਰ ਸਕੇ, ਜਿਨ੍ਹਾਂ ਦੇ ਬਰਖਿਲਾਫ ਕੋਈ ਸ਼ਕਾਇਤ ਨਾ ਕਰ ਸਕੇ, ਉਨ੍ਹਾਂ ਦੀ ਨਾਮੀਨੇਸ਼ਨ ਹੋਣੀ ਹੈ। ਜਿਹੜੀਆਂ ਮਿਊਂਸਪਲ ਕਮੇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਵਿਚ ਉਨ੍ਹਾਂ ਨੇ ਮੈਂਬਰ ਆਪ ਬਣਾਉਣੇ ਹਨ। ਇਕ ਇਕ ਅਫਸਰ ਹੋਵੇਗਾ, ਜਿਸ ਦਾ ਚੰਗਾ ਦਰਜਾ ਹੋਵੇਗਾ ਔਰ ਦੂਸਰਾ ਬੰਦਾ ਨਾਮੀਨੇਟ ਹੋਵੇਗਾ। ਉਹ ਨੌਕਰ ਨਹੀਂ ਹੋਵੇਗਾ, ਮੁਲਾਜ਼ਮ ਨਹੀਂ ਹੋਵੇਗਾ। ਫਿਰ ਇਕ ਐਕਸੀਐਨ ਤਕ ਦੇ ਦਰਜੇ ਦਾ ਹੋਵੇਗਾ ਤਾਕਿ ਉਹ ਬਿਲਡਿੰਗ ਔਰ ਰੋਡਜ਼ ਵੱਲ ਧਿਆਨ ਰੱਖੇ। ਅਸੀਂ ਇੰਪਰਮੈਂਟ ਟਰੱਸਟ ਠੀਕ ਹੀ ਤੋੜੇ ਹਨ, ਪਰ ਅਸੀਂ ਕੋਈ ਵਿਤਕਰਾ ਨਹੀਂ ਰੱਖਿਆ। ਅਸੀਂ ਇਹ ਨਹੀਂ ਵੇਖਿਆ ਕਿ ਇਹ ਇੰਪਰੂਵਮੈਂਟ ਟਰੱਸਟ ਸਾਡਾ ਹੈ ਔਰ ਇਹ ਦੂਸਰੇ ਦਾ ਹੈ, ਨਹੀਂ, ਅਸੀਂ ਇਕ ਵੱਢਿਓ ਹੀ ਤੋੜੇ ਹਨ ਔਰ ਕੋਈ ਵਿਤਕਰਾ ਨਹੀਂ ਕੀਤਾ ਅਸੀਂ ਇਸ ਲਈ ਥੋੜੇ ਸਨ ਕਿ ਉਨ੍ਹਾਂ ਵਿਚ ਕੰਮ ਨਹੀਂ ਸੀ ਹੋ ਰਿਹਾ, ਲੋਕ ਉਨ੍ਹਾਂ ਤੋਂ ਦੁਖੀ ਸਨ, ਇਸ ਲਈ ਉਨ੍ਹਾਂ ਨੂੰ ਤੋੜਿਆ ਸੀ। ਅੱਗੇ ਨੂੰ ਜੋ ਤਰੀਕਾਕਾਰ ਹੈ, ਅਸੀਂ ਇਸ ਬਿੱਲ ਵਿਚ ਐਸੇ ਸੈਕਸ਼ਨ ਲਗਾਏ ਹਨ ਕਿ ਕੋਈ ਵੀ ਸਾਡੀ ਜਗ੍ਹਾ ਨਹੀਂ ਰੋਕ ਸਕੇਗਾ ਭਾਵੇਂ ਕੋਈ ਵੀ ਵੱਡੇ ਤੋਂ ਵੱਡਾ ਕਿਉਂ ਨਾ ਹੋਵੇ। ਭਾਵੇਂ ਮੇਰੇ ਜਿਹਾ ਹੋਵੇ, ਭਾਵੇਂ ਕੋਈ ਐਮ. ਐਲ. ਏ. ਹੋਵੇ ਜਾਂ ਕੋਈ ਹੋਰ ਵੱਡਾ ਆਦਮੀ ਹੋਵੇ, ਉਹ ਜਗ੍ਹਾ ਨਜਾਇਜ਼ ਨਹੀਂ ਰੋਕ ਸਕੇਗਾ। ਇਸ ਤਰ੍ਹਾਂ ਅਸੀਂ ਪਬਲਿਕ ਦੀ ਸੇਵਾ ਕਰਨ ਦਾ ਪ੍ਰਬੰਧ ਕੀਤਾ ਹੈ। ਪਹਿਲਾਂ ਸਕੀਮਾਂ ਬਣਾਈਆਂ ਜਾਂਦੀਆਂ ਸਨ ਲੇਕਿਨ ਲੋਕ ਜ਼ਮੀਨਾਂ ਰੋਕੀ ਜਾਂਦੇ ਸਨ। ਉਹ ਇਸ ਕਰਕੇ ਕਿ ਜਿਹੜਾ ਐਡਮਨਿਸਟ੍ਰੇਟਰ ਹੁੰਦਾ ਸੀ ਉਸ ਨੂੰ ਕਿਸੇ ਨੂੰ ਜ਼ਮੀਨ ਦੇਣ ਦਾ, ਕਿਸੇ ਨੂੰ ਪਲਾਟ ਦੇਣ ਦਾ ਅਧਿਕਾਰ ਨਹੀਂ ਸੀ। ਉਹ ਪਲਾਟ ਨਹੀਂ ਸੀ ਦੇ ਸਕਦਾ। ਜਿਸ ਵੇਲੇ ਹੁਣ ਇੰਪਰੂਵਮੈਂਟ ਟਰੱਸਟ ਬਣ ਜਾਣਗੇ ਤਾਂ ਉਹ ਲਾਜ਼ਮੀ ਤੌਰ ਤੇ ਦੂਸਰਿਆਂ ਨੂੰ ਜ਼ਮੀਨਾ ਦੇ ਸਕੇਗਾ, ਪਲਾਟ ਦੇ ਸਕੇਗਾ। ਜਿਹੜੀਆਂ ਗਲਾਂ ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਕਹੀਆਂ ਹਨ, ਉਨ੍ਹਾਂ ਬਾਰੇ ਦੱਸਦਾ ਹਾਂ ਕਿ ਇਹ ਅਸੀਂ ਤਰੀਕਾਕਾਰ ਬਣਾਇਆ ਹੈ ਕਿ ਜਦੋਂ ਇੰਪਰੂਵਮੈਂਟ ਟਰੱਸਟ ਬਣਨਗੇ ਤਾਂ ਉਹ ਲੋਕਾਂ ਨੂੰ ਪਲਾਟ ਦੇ ਸਕਣਗੇ। ਮਾਸਟਰ ਬਾਬੂ ਸਿੰਘ ਜੀ ਨੇ ਪਛੜੀਆਂ ਸ੍ਰੇਣੀ ਦੇ ਔਰ ਹਰੀਜਨਾਂ ਦੇ ਮੈਂਬਰ ਲੈਣ ਬਾਰੇ ਕਿਹਾ ਹੈ, ਉਹ ਵੀ ਲਾਜ਼ਮੀ ਤੌਰ ਤੇ ਹੋਵੇਗਾ। ਇਕ ਇਹ ਕਿਹਾ ਗਿਆ ਸੀ ਕਿ ਉਸ ਵਿਚ ਭੈਣਾ ਦਾ

Original with;
Punjab Vidhan Sabha
Digitized by;
Panjab Digital Library

ਵੀ ਦਰਜਾ ਹੋਵੇ, ਡਿਪਟੀ ਸਪੀਕਰ ਸਾਹਿਬ, ਉਸ ਦੇ ਵਾਸਤੇ ਅਸੀਂ ਕੋਈ ਰੁਕਾਵਟ ਨਹੀਂ ਰੱਖੀ, ਜੇਕਰ ਕੋਈ ਕਾਬਲ ਭੈਣ ਹੋਵੇ ਤਾਂ ਉਹ ਵੀ ਮੈਂਬਰ ਬਣ ਸਕਦੀ ਹੈ ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** . ਵਜ਼ੀਰ ਸਾਹਿਬ, ਤੁਸੀਂ, ਇਸ ਬਿੱਲ ਵਿਚ ਪ੍ਰੋਵੀਜ਼ਨ ਕਰ ਦਿਓ ।

**ਮੰਤਰੀ, ਸਥਾਨਕ ਸਰਕਾਰ** : ਜਦੋਂ ਨਾਮੀਨੇਸ਼ਨ ਕਰਨੀ ਹੈ ਤਾਂ ਇਹ ਵੀ ਗੱਲ ਸਾਹਮਣੇ ਆਉਣੀ ਹੈ । ਤੁਸੀਂ ਆਪਣੇ ਇਲਾਕੇ ਦੀ ਕਿਸੇ ਭੈਣ ਦਾ ਨਾਮ ਲੈ ਦਿਓ । ਮੈਂ ਇਹ ਸਪੱਸ਼ਟ ਗੱਲ ਕਰਦਾ ਹਾਂ ਜਿਹੜੇ ਇੰਪਰੂਵਮੈਂਟ ਟਰੱਸਟ ਹੁਣ ਬਣਨਗੇ ਇਹ ਪੁਰਾਣੇ ਵਕਤਾਂ ਵਾਲੇ ਇੰਪਰੂਵਮੈਂਟ ਟਰੱਸਟ ਨਹੀਂ ਹੋਣਗੇ । ਇਸ ਤਰੀਕੇ ਦੇ ਨਹੀਂ ਹੋਣਗੇ ਕਿ ਉਸ ਵਿਚ ਬੇਇਮਾਨੀਆਂ ਹੁੰਦੀਆਂ ਰਹਿਣ, ਲੋਕਾਂ ਨੂੰ ਲੁਟਿਆ ਜਾਵੇ । ਮੈਂ ਇਕ ਗੱਲ ਹੋਰ ਦੱਸ ਦੇਵਾਂ ਕਿ ਪਿਛਲੇ ਦਿਨਾ ਵਿਚ ਫੈਸਲਾ ਕੀਤਾ ਸੀ ਕਿ ਗ਼ਰੀਬਾਂ ਨੂੰ ਜਗਾਹ ਦੇਣੀ ਹੈ । ਉਸ ਦੇ ਬਾਰੇ ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਣਾ ਹੈ ਕਿ ਅਸੀਂ ਲੁਧਿਆਣਾ, ਜਲੰਧਰ ਔਰ ਅੰਮ੍ਰਿਤਸਰ ਵਿਚ ਗ਼ਰੀਬਾਂ ਨੂੰ ਜਗਾਹ ਦਿੱਤੀਆਂ ਹਨ ਔਰ ਉਸ ਦਾ ਅਸਰ ਇਹ ਹੋਇਆ ਕਿ ਜ਼ਮੀਨ ਦੀਆਂ ਕੀਮਤਾਂ ਨਹੀਂ ਵਧੀਆਂ। (ਥੰਪਿੰਗ) 20 ਨੁਕਾਤੀ ਪ੍ਰੋਗਰਾਮ ਵਿਚ ਵੀ ਇਹ ਗੱਲ ਹੈ ਕਿ ਕੀਮਤਾਂ ਨਾ ਵਧਣ ਦਿੱਤੀਆਂ ਜਾਣ । ਅਸੀਂ ਅੱਗੇ ਨੂੰ ਵੀ ਗ਼ਰੀਬ ਲੋਕਾਂ ਨੂੰ ਪਲਾਟ ਅਲਾਟ ਕਰਾਂਗੇ ਤਾਂਕਿ ਉਹ ਕਰਜ਼ਾ ਵਗੈਰਾ ਲੈ ਕੇ ਮਕਾਨ ਬਣਾ ਸਕਣ ।.. .. ..

**ਚੌਧਰੀ ਮਾਤੂ ਰਾਮ** : ਵਜ਼ੀਰ ਸਾਹਿਬ, ਇਹ ਦੱਸ ਦਿਓ ਕਿ ਮਾਰਕਿਟ ਕਮੇਟੀਆਂ ਵਿਚ ਕਿਤਨੀਆਂ ਭੈਣਾਂ ਹਨ । (ਹਾਸਾ)

**ਮੰਤਰੀ ਸਥਾਨਕ ਸਰਕਾਰ** : ਇਹ, ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤ ਹਨ ਪਰ ਇਹ ਗੱਲ ਕਿੱਧਰ ਦੀ ਹੁੰਦੀ ਹੈ ਔਰ ਕਰ ਕਿੱਧਰ ਦਿੰਦੇ ਹਨ । (ਹਾਸਾ)

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮੇਰੇ ਦੋਸਤ ਜਿਨ੍ਹਾਂ ਨੇ ਆਪਣੀਆਂ ਆਪਣੀਆਂ ਗੱਲਾਂ ਦੱਸੀਆਂ ਹਨ, ਉਹ ਮੇਰੀ ਗੱਲ ਯਾਦ ਰੱਖਣ ਕਿ ਤੁਸੀਂ ਆਪਣੀ ਮੇਹਰਬਾਨੀ ਨਾਲ ਔਰ ਆਪਣੇ ਜ਼ੋਰ ਨਾਲ ਇਨਕ੍ਰੋਚਮੈਂਟਾਂ ਨਾ ਕਰਵਾਇਓ, ਕਿਉਂਕਿ ਮੈਂ ਸਮਝਦਾ ਹਾਂ ਕਿ ਅਸੀਂ ਆਪ ਹੀ ਇਨਕ੍ਰੋਚਮੈਂਟਾਂ ਕਰਵਾਉਂਦੇ ਹਾਂ । (ਥੰਪਿੰਗ).. .. ..

(ਆਵਾਜ਼ਾਂ : ਬਹੁਤ ਅੱਛੇ, ਬਹੁਤ ਅੱਛੇ ।)

ਠੀਕ ਹੈ, ਅਗਰ ਆਪ ਹੀ ਤੁਸੀਂ ਇਨਕ੍ਰੋਚਮੈਂਟਾਂ ਕਰਵਾਓ ਤਾਂ ਗੱਲ ਨਹੀਂ ਬਣਦੀ । ਬਾਕੀ ਅਸੀਂ ਇਹ ਫੈਸਲਾ ਕਰ ਲਿਆ ਹੈ ਕਿ ਕੋਈ ਵੀ ਕਿਤਨਾ ਵੀ ਵੱਡੇ ਤੋਂ ਵੱਡਾ ਆਦਮੀ ਕਿਉਂ ਨਾ ਹੋਵੇ, ਇਨਕ੍ਰੋਚਮੈਂਟ ਕਰਨ ਵਾਲੇ ਨੂੰ ਅਸੀਂ ਮੁਆਫ ਨਹੀਂ ਕਰਨਾ । ਅਜੇ ਪਰਸੋਂ ਦੀ ਹੀ ਗੱਲ ਹੈ । ਇਕ ਆਦਮੀ ਭੋਲੇ ਨੇ ਕੀ ਕੀਤਾ ਕਿ ਉਸ ਨੇ ਸਟੇਅ ਆਰਡਰ ਲੈ ਆਂਦਾ । ਸਰਦਾਰ ਬੀਰ ਪਾਲ ਸਿੰਘ ਜੀ ਉਸ ਨੂੰ ਵੀ ਜਾਣਦੇ ਹਨ ਕਿ ਉਸ ਦੀ ਕਿਤਨੀ ਸਪੋਰਟ ਹੈ । ਮੈਂ ਉਥੇ ਪਰਸੋਂ ਆਪ ਬੈਠ ਕੇ ਉਹ ਜਗਾਹ ਦਵਾਈ ਹੈ । ਉਹ ਪਸਤੌਲਾਂ ਲੈ ਕੇ ਬੈਠੇ ਸਨ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਇਹ ਐਲਾਨ ਕਰਨਾ ਚਾਹੁੰਦਾ ਹਾਂ ਕਿ ਕੋਈ ਵੀ ਇਨਕ੍ਰੋਚਮੈਂਟ ਹੋਵੇ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਇੰਪਰੂਵਮੈਂਟ ਟਰੱਸਟ ਦੀ ਜਗਾਹ ਹੋਵੇ ਤਾਂ ਨਵੇਂ ਇੰਪਰੂਵਮੈਂਟ ਟਰੱਸਟ ਬਣਾ ਕੇ ਉਨ੍ਹਾਂ ਇਨਕ੍ਰੋਚਮੈਂਟਸ ਕਰਨ ਵਾਲਿਆਂ ਦੀ ਉਹ ਟਰੱਸਟ ਖਬਰ ਲੈਣਗੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਪ੍ਰੋਫੈਸਰ ਦਰਬਾਰੀ ਲਾਲ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਬਹੁਤ ਸਾਰੀ ਜ਼ਮੀਨ ਤੇ ਅਕਾਲੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਕੀ ਇਹ ਐਸ਼ੋਰੈਂਸ ਦੇਣਗੇ ਕਿ ਇਹ ਉਹ ਜਗਾਹ ਵੀ ਵਾਪਿਸ ਲੈਣਗੇ ?

**ਮੰਤਰੀ ਸਥਾਨਕ ਸਰਕਾਰ** : ਮੈਂ ਆਪਣੇ ਵੱਲੋਂ ਕਹਿ ਦਿੱਤਾ ਹੈ ਕਿ ਭਾਵੇਂ ਕੋਈ ਵੀ ਹੋਵੇ ਅਸੀਂ ਇਨਕ੍ਰੋਚਮੈਂਟ ਨਹੀਂ ਹੋਣ ਦੇਣੀ, ਝੰਡੇ ਨਹੀਂ ਲੱਗੇ ਰਹਿਣ ਦੇਣੇ, ਅਸੀਂ ਆਪਣੀ ਜ਼ਮੀਨ ਖਾਲੀ ਕਰਵਾਵਾਂਗੇ ਔਰ ਜਿੱਥੋਂ ਤਕ ਹੋ ਸਕਿਆ, ਉਨ੍ਹਾਂ ਨੂੰ ਮੁਆਫ ਨਹੀਂ ਕਰਾਂਗੇ।

**ਸ੍ਰੀ ਸੁਰਿੰਦਰ ਕਪੂਰ** : ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਕਲੈਰੀ-ਫਾਈ ਕਰਾਉਣਾ ਚਾਹੁੰਦਾ ਹਾਂ ਕਿ ਮੈਂ ਇਕ ਚੀਜ਼ ਇਨ੍ਹਾਂ ਦੇ ਧਿਆਨ ਵਿਚ ਲਿਆਂਦੀ ਸੀ ਕਿ ਅਮਰੀਕ ਸਿੰਘ ਰੋਡ ਉਤੇ ਬਠਿੰਡੇ ਵਿਚ ਸਿਨਮੇ ਦਾ ਪਲਾਟ ਆਕਸ਼ਨ ਹੋਇਆ ਹੈ। ਦੂਸਰੀ ਜਗਾਹ ਦੀ ਜ਼ਿਆਦਾ ਕੀਮਤ ਤੇ ਵਿਕੀ ਹੈ ਲੇਕਿਨ ਇਹ ਸੱਸਤੇ ਭਾਅ ਤੇ ਪਲਾਟ ਵੇਚਿਆ ਗਿਆ ਹੈ, ਕੀ ਇਹ ਉਸ ਦੀ ਇਨਕੁਆਇਰੀ ਕਰਾਉਣਗੇ ? ਕੀ ਇਹ ਇਸ ਬਾਰੇ ਵਿਸ਼ਵਾਸ਼ ਦਿਵਾਉਣਗੇ ? ਉਥੇ ਇੰਪਰੂਵਮੈਂਟ ਨੂੰ ਲੱਖਾਂ ਰੁਪਏ ਦਾ ਘਾਟਾ ਪਿਆ ਹੈ।

**ਸ੍ਰੀ ਸੇਵਾ ਰਾਮ** : ਡਿਪਟੀ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਗੰਦੀਆਂ ਬਸਤੀਆਂ ਨੂੰ ਇੰਪਰੂਵਮੈਂਟ ਟਰੱਸਟ ਨੇ ਸ਼ਾਮਿਲ ਕਰ ਲਿਆ ਸੀ। ਹੁਣ ਉਹ ਕਹਿੰਦੇ ਹਨ ਕਿ ਪੰਜ ਪੰਜ ਸੌ ਰੁਪਏ ਬਤੌਰ ਇੰਪਰੂਵਮੈਂਟ ਚਾਰਜਿਜ਼ ਦੇ ਦਿਓ। ਗ਼ਰੀਬ ਲੋਕ ਵਿਚਾਰੇ ਦੇ ਨਹੀਂ ਸਕਦੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਉਹ ਬਸਤੀਆਂ ਮਿਉਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਪਾਸ ਹੀ ਰਹਿਣ ਦੇਣੀਆਂ ਚਾਹੀਦੀਆਂ ਹਨ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੇਰੀ ਕਲੈਰੀਫਿਕੇਸ਼ਨ ਇਹ ਹੈ ਕਿ ਜਿਸ ਹਲਕੇ ਦਾ ਇੰਪਰੂਵਮੈਂਟ ਟਰਸਟ ਬਣਦਾ ਹੈ, ਉਸ ਹਲਕੇ ਦੇ ਐਮ. ਐਲ. ਏ. ਨੂੰ ਉਸ ਦਾ ਐਕਸ ਓਫਿਸ਼ਿਓ ਮੈਂਬਰ ਜ਼ਰੂਰ ਲੈਣਾ ਚਾਹੀਦਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਮੈਂ ਇਕ ਬੇਨਤੀ ਪਹਿਲੇ ਵੀ ਵਜ਼ੀਰ ਸਾਹਿਬ ਨੂੰ ਕੀਤੀ ਸੀ ਕਿ ਜਿਹੜੇ ਐਮ. ਐਲ. ਏਜ਼. ਕੋਲ ਸਾਰੇ ਹਿੰਦੁਸਤਾਨ ਵਿਚ ਕੋਈ ਮਕਾਨ ਨਹੀਂ, ਜਾਂ ਜਿਹੜੇ ਫਰੀਡਮ ਫ਼ਾਈਟਰਜ਼ ਹਨ, ਉਨ੍ਹਾਂ ਕੋਲ ਕੋਈ ਮਕਾਨ ਨਹੀਂ, ਉਨ੍ਹਾਂ ਨੂੰ ਇਹ ਮਕਾਨ ਦੇਣ ਦੀ ਸਹੂਲਤ ਜ਼ਰੂਰ ਦੇਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ:** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਠਿੰਡੇ ਵਿਚ ਸ਼ਾਮਲਾਤ ਦੇਹ ਦੇ ਨਾਂ ਤੇ ਬੜਾ ਕੁਝ ਹੋਇਆ ਹੈ। ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਪਰ ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਸਿਨਮੇ ਦੇ ਪਲਾਟ ਬਾਰੇ ਕਿਹਾ ਹੈ, ਕੀ ਇਸੇ ਤਰ੍ਹਾਂ ਇਸ ਦੀ ਇਨਕੁਆਰੀ ਵਾਸਤੇ ਕੋਈ ਸਪੈਸ਼ਲ ਕਮੇਟੀ ਬਣਾਉਣਗੇ ?

**ਸ੍ਰੀ ਪਿਆਰਾ ਰਾਮ ਧੰਨੋਵਾਲੀਆ.** ਮੈਂ ਤੁਹਾਡੇ ਥਰੂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਔਰਤਾਂ ਨੂੰ ਪਰੈਫਰੈਂਸ ਦਿੱਤੀ ਜਾਵੇਗੀ ਜਿਸ ਤਰ੍ਹਾਂ ਕਿ ਸ਼ਡਿਊਲਡ ਕਾਸਟਸ ਨੂੰ ਦਿੱਤੀ ਜਾਂਦੀ ਹੈ। ਇਸ ਲਈ ਵਜ਼ੀਰ ਸਾਹਿਬ ਇਨ੍ਹਾਂ 8-9 ਮੈਂਬਰ ਜਿਹੜੇ ਬਣਨੇ ਹਨ, ਕੀ ਇਨ੍ਹਾਂ ਵਿਚ ਔਰਤਾਂ ਨੂੰ ਨੁਮਾਇੰਦਗੀ ਦੇਣਗੇ ?

**ਮੰਤਰੀ, ਸਥਾਨਕ ਸਰਕਾਰ:** ਜਿਹੜੀ ਗੱਲ ਸ੍ਰੀ ਸੁਰਿੰਦਰ ਕਪੂਰ ਜੀ ਨੇ ਕਹੀ ਹੈ, ਮੈਂ ਉਸ ਦੇ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਉਸ ਬਠਿੰਡੇ ਵਾਲੀ ਗੱਲ ਦੇ ਮੁਤੱਲਕ ਲਿਖ ਕੇ ਦੇ ਦੇਣ, ਅਸੀਂ ਇਨਕੁਆਇਰੀ ਸ਼ੁਰੂ ਕਰਵਾ ਦੇਵਾਂਗੇ।

ਜਿਹੜੀ ਗੱਲ ਮਾਸਟਰ ਬਾਬੂ ਸਿੰਘ ਜੀ ਨੇ ਕਹੀ ਹੈ, ਉਸ ਬਾਰੇ ਵੀ ਉਹ ਲਿਖ ਕੇ ਦੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ।

ਜਿਹੜੀ ਗੱਲ ਸ੍ਰੀ ਓਮ ਪ੍ਰਕਾਸ਼ ਜੀ ਨੇ ਕਹੀ ਹੈ ਪਲਾਟਾਂ ਦੇ ਮੁਤੱਲਕ ਮੈਂ ਇਹ ਦਸਦਾ ਹਾਂ ਕਿ ਇਹ ਗੱਲ ਅੰਡਰ ਕੰਸੀਡ੍ਰੇਸ਼ਨ ਹੈ ਪਰ ਇਸ ਵੇਲੇ ਜਵਾਬ ਦੇਣਾ ਠੀਕ ਨਹੀਂ। ਕੰਸਿਡਰ ਕਰ ਰਹੇ ਹਾਂ। ਜਵਾਬ ਜਲਦੀ ਮਿਲ ਜਾਵੇਗਾ।

ਜਿਹੜੀ ਗੱਲ ਚੱਤਰਥ ਜੀ ਨੇ ਕਹੀ ਹੈ ਕਿ ਉਸ ਇਲਾਕੇ ਦੇ ਐਮ. ਐਲ. ਏ. ਨੂੰ ਐਕਸ ਓਫੀਸ਼ੋ ਮੈਂਬਰ ਹੋਣਾ ਚਾਹੀਦਾ ਹੈ, ਇਹ ਵੀ ਕੰਸਿਡਰ ਕਰ ਲਵਾਂਗੇ।

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ):** ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਜਿਹੜੇ ਮੈਂਬਰ ਬਣਾਉਣੇ ਹਨ, ਇਸ ਵਿਚ ਕੋਈ ਜੈਂਡਰ ਨਹੀਂ ਹੈ। 3 ਬੀਬੀਆਂ ਵੀ ਮੈਂਬਰ ਹੋ ਸਕਦੀਆਂ ਹਨ।

ਦੂਜਾ ਜਿਹੜਾ ਸਵਾਲ ਪਲਾਟਾਂ ਦੇ ਬਾਰੇ ਉਠਾਇਆ ਹੈ, ਮੈਂ ਸਮਝਦਾ ਹਾਂ ਕਿ ਜਿਨ੍ਹਾਂ ਮੈਂਬਰਾਂ ਪਾਸ ਕੋਈ ਪਲਾਟ ਨਹੀਂ, ਉਸ ਲਈ ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਉਨ੍ਹਾਂ ਨੂੰ ਅਲਾਟਮੈਂਟ ਜਾਰੀ ਕਰਨ। ਇਸ ਦੇ ਨਾਲ ਜਿਹੜੀ ਦੂਜੀ ਗੱਲ ਮਨਿਸਟਰ ਸਾਹਿਬ ਨੇ ਕਹੀ ਹੈ ਕਿ ਕੰਸਿਡਰ ਕਰ ਲਵਾਂਗੇ, ਇਹ ਠੀਕ ਹੈ। ਇਸ ਵੇਲੇ ਇਸ ਬਾਰੇ ਕੁਝ ਅੰਦਰਾਜ਼ ਕਰਨਾ ਲੀਗਲੀ ਲਾਭਦਾਇਕ ਠੀਕ ਨਹੀਂ ਹੋਵੇਗਾ।

**Mr. Deputy Speaker** : Question is—

> That the Punjab Town Improvement (Amendment) Bill be taken into consideration at once.

*The motion was carried.*

**Mr. Deputy Speaker** : Now the House will consider the Bill clause by clause.

Original with;
Punjab Vidhan Sabha
Digitized by;
Panjab Digital Library

[Mr. Deputy Speaker]

CLAUSE 2

**Mr. Deputy Speaker** : Question is—

That Clause 2 stand part of the Bill.

*The motion was carried.*

CLAUSE 3

**Mr. Deputy Speaker** : Question is—

That Clause 3 stand part of the Bill.

*The motion was carried.*

CLAUSE 4

**Mr. Deputy Speaker** : Question is—

That Clause 4 stand part of the Bill.

*The motion was carried.*

CLAUSE 5

**Mr. Deputy Speaker** : Question is—

That Clause 5 stand part of the Bill.

*The motion was carried.*

CLAUSE 6

**Mr. Deputy Speaker** : Question is—

That Clause 6 stand part of the Bill.

*The motion was carried.*

CLAUSE 7

**Mr. Deputy Speaker** . Question is—

That Clause 7 stand part of the Bill.

*The motion was carried.*

CLAUSE 8

**Mr. Deputy Speaker** : Question is—

That Clause 8 stand part of the Bill.

*The motion was carried.*

CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

TITLE

**Mr. Deputy Speaker** : Question is –

> That Title be the Title of the Bill.

*The motion was carried.*

**Local Government Minister** (Shri Sardari Lal Kapur) : Sir, I beg to move—

> That the Punjab Town Improvement (Amendment) Bill be passed.

**Mr. Deputy Speaker** : Motion moved –

> That the Punjab Town Improvement (Amendment) Bill be passed.

**Mr. Deputy Speaker** : Question is—

> That the Punjab Town Improvement (Amendment) Bill be passed.

*The motion was carried.*

---

## THE PUNJAB PANCHAYAT SAMITIS AND ZILA PARISHADS (TEMPORARY SUPERSESSION) SECOND AMENDMENT BILL, 1982

**Development and Panchayat Minister** (Sardar Santokh Singh Randhawa) : Sir, I beg to introduce the Punjab Panchayat Samitis and Zila Parishads (Temporary Supersession) Second Amendment Bill.

Sir, I also beg to move—

> That the Punjab Panchayat Samitis and Zila Parishads (Temporary Supersession) Second Amendment Bill be taken into consideration at once.

**Mr. Deputy Speaker** : Motion moved—

> That the Punjab Panchayat Samitis and Zila Parishads (Temporary Supersession) Second Amendment Bill be taken into consideration at once.

ਮਾਸਟਰ ਬਾਬੂ ਸਿੰਘ (ਰਾਮਪੁਰਾਫੂਲ) : ਡਿਪਟੀ ਸਪੀਕਰ ਸਾਹਿਬ, ਇਹ ਇਕ ਗੰਭੀਰ ਮਸਲਾ ਹੈ । ਇਸ ਬਿਲ ਦੇ ਵਿਚ ਲਿਖਿਆ ਹੈ ਕਿ ਕਿਉਂਕਿ ਮਾਰਕਿਟ ਕਮੇਟੀਆਂ ਦੀਆ ਚੋਣਾਂ ਨਹੀਂ ਸਨ ਹੋਈਆਂ, ਇਸ ਕਰਕੇ ਐਕਸਟੈਨਸ਼ਨ ਹੁੰਦੀ ਰਹੀ ਹੈ । ਪਰ ਜੇਕਰ ਇਹ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਕਰਵਾ ਦਿੰਦੇ ਤਾਂ ਇਹ ਖੁਸ਼ੀ ਦੀ ਗੱਲ ਸੀ । ਲੇਕਿਨ ਇਹ ਨੋਮੀਨੇਸ਼ਨਾਂ ਕਰਦੇ ਹਨ । ਡੈਮੋਕਰੇਸੀ ਵਿਚ ਇਨ੍ਹਾਂ ਨੂੰ ਇਲੈਕਸ਼ਨਾਂ ਕਰਵਾਉਣੀਆਂ ਚਾਹੀਦੀਆਂ ਹਨ, ਪਰ ਇਹ ਪਾਰਟੀ ਇਲੈਕਸ਼ਨਾਂ ਤੋਂ ਭੱਜ ਰਹੀ ਹੈ । ਇਹ ਇਕ ਬੜਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਸ਼ੀਰੀਅਸ ਟਰੈਂਡ ਹੈ । ਹੁਣ ਸੁਣਿਆ ਹੈ ਕਿ ਸਰਕਾਰ ਲੈਂਡ ਮਾਰਟਗੇਜ ਬੈਂਕ ਦੀਆਂ ਇਲੈਕਸ਼ਨਾਂ ਕਰਵਾ ਰਹੀ ਹੈ, ਇਸੇ ਤਰ੍ਹਾਂ ਸਰਕਾਰ ਨੂੰ ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਵੀ ਕਰਵਾ ਦੇਣੀਆਂ ਚਾਹੀਦੀਆਂ ਹਨ । ਇਹ ਮੈਨੂੰ ਪਤਾ ਹੈ ਕਿ ਅਗਰ ਸਰਕਾਰ ਚਾਹੁੰਦੀ ਹੋਵੇ ਕਿ ਕਿਸੇ ਥਾਂ ਇਲੈਕਸ਼ਨ ਨਾ ਹੋਵੇ ਤਾਂ ਉਥੇ ਨੌਮੀਨੇਸ਼ਨ ਪੇਪਰਾਂ ਨੂੰ ਰਿਜੈਕਟ ਕਰਵਾ ਦਿੰਦੀ ਹੈ ਅਤੇ ਅਪੀਲਾਂ ਏ.ਆਰ./ਡੀ.ਆਰ. ਕੋਲ ਪਈਆਂ ਰਹਿੰਦੀਆਂ ਹਨ ਔਰ ਜਿਸ ਦਾ ਉਹ ਫੈਸਲਾ ਪੂਰੀ ਟਰਮ ਖਤਮ ਹੋਣ ਤੱਕ ਨਹੀਂ ਦਿੰਦੇ । ਨੌਮੀਨੇਸ਼ਨ ਕਰਨਾ ਸਾਡੀ ਡੈਮੋਕਰੇਸੀ ਸਿਸਟਮ ਵਿਚ ਇਕ ਧੱਬਾ ਹੈ । ਹੁਣ ਪੰਚਾਇਤਾਂ ਦੀਆਂ ਚੋਣਾਂ 1983 ਵਿਚ ਡਿਊ ਹਨ ਔਰ ਇਸ ਤੋਂ ਬਲਾਕ ਸੰਮਤੀਆਂ ਅਤੇ ਪੰਚਾਇਤਾਂ ਬਣਾਉਣੀਆਂ ਹਨ । ਹੋ ਸਕਦਾ ਹੈ ਕਈ ਲੋਕ ਹਾਈ ਕੋਰਟ ਤੱਕ ਜਾਣ, ਕਿਉਂਕਿ ਤੁਸੀਂ ਪੰਚਾਇਤਾਂ ਤੋਂ ਜ਼ਿਲ੍ਹਾ ਪ੍ਰੀਸ਼ਦਾਂ ਬਣਾਉਣੀਆਂ ਹਨ । ਤੁਹਾਡੀ ਸਰਕਾਰ ਜੂਨ, 1980 ਵਿਚ ਬਣੀ ਸੀ, ਪਰ ਤੁਸੀਂ ਇਤਨੇ ਸਮੇਂ ਵਿਚ ਪੰਚਾਇਤਾਂ ਦੀਆਂ ਚੋਣਾਂ ਨਹੀਂ ਕਰਵਾ ਸਕੇ । ਇਸ ਲਈ, ਮੈਂ ਕਹਾਂਗਾ ਕਿ ਸਰਕਾਰ ਨੂੰ ਨੌਮੀਨੇਸ਼ਨਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਔਰ ਇਲੈਕਸ਼ਨਾਂ ਕਰਵਾਉਣੀਆਂ ਚਾਹੀਦੀਆਂ ਹਨ ।

**ਕਾਮਰੇਡ ਸਰਵਣ ਸਿੰਘ ਚੀਮਾਂ** (ਨੂਰਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਸਬੰਧ ਵਿਚ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ । ਹਰ ਦਫਾ ਸਰਕਾਰ ਇਸ ਦੀ ਮਿਆਦ ਵਧਾਵੇ ਕੋਈ ਚੰਗੀ ਗੱਲ ਨਹੀਂ । ਕਦੇ ਤੁਸੀਂ ਇਸ ਦਾ ਆਰਡੀਨੈਂਸ ਲਾਂਦੇ ਹੋ ਕਦੇ ਤੁਸੀਂ ਇਸ ਦਾ ਬਿਲ ਲੈ ਕੇ ਆਉਂਦੇ ਹੋ । ਇਹ ਤੁਹਾਡਾ ਤਰੀਕਾ ਗਲਤ ਹੈ । ਅਸਲ ਵਿਚ ਮਾਰਕਿਟ ਕਮੇਟੀਆਂ ਪਹਿਲੇ ਵਜੂਦ ਵਿਚ ਨਹੀਂ ਸਨ, ਪਰ ਤੁਸੀਂ ਇਸ ਦੀਆਂ ਨੌਮੀਨੇਸ਼ਨਾਂ ਕਰਕੇ ਮਾਰਕਿਟ ਕਮੇਟੀਆਂ ਬਣਾ ਦਿੱਤੀਆਂ ਹਨ । ਤੁਹਾਨੂੰ ਚਾਹੀਦਾ ਸੀ ਕਿ ਚੋਣਾਂ ਕਰਵਾ ਕੇ ਲੋਕਾਂ ਨੂੰ ਹੱਕ ਦਿੰਦੇ, ਉਸ ਵਿਚ ਚਾਹੇ ਕੋਈ ਪੁਲੀਟੀਕਲ ਪਾਰਟੀ ਦੇ ਬੰਦੇ ਆਉਂਦੇ। ਤੁਸੀਂ ਆਪਣੀ ਪਾਰਟੀ ਦੇ ਬੰਦਿਆਂ ਨੂੰ ਲਗਾ ਦਿੱਤਾ,ਹੈ ਤੁਹਾਡਾ ਇਹ ਤਰੀਕਾ ਠੀਕ ਨਹੀਂ ਹੈ । ਇਸ ਤਰ੍ਹਾਂ ਡੈਮੋਕਰੇਸੀ ਖਤਮ ਹੋ ਜਾਵੇਗੀ ਔਰ ਤੁਸੀਂ ਪੰਚਾਇਤ ਸੰਮਤੀਆਂ ਤੋੜੀ ਜਾ ਰਹੇ ਹੋ ਕਿ ਅਸੀਂ ਇਸ ਦੀਆਂ ਇਲੈਕਸ਼ਨਾਂ ਕਰਵਾਉਣੀਆਂ ਹਨ । ਮੈਂ ਤੁਹਾਨੂੰ ਜਲੰਧਰ ਜ਼ਿਲ੍ਹਾ ਪ੍ਰੀਸ਼ਦ ਦੀ ਮਿਸਾਲ ਦਿੰਦਾ ਹਾਂ । ਉਥੇ ਜ਼ਿਲ੍ਹਾ ਪ੍ਰੀਸ਼ਦ ਦੀ ਕਦੇ ਮੀਟਿੰਗ ਹੀ ਨਹੀਂ ਹੋਈ ਔਰ ਮੇਰਾ ਖਿਆਲ ਹੈ ਕਿ ਉਥੇ ਪਿਛਲੇ 6 ਸਾਲਾਂ ਤੋਂ ਕੋਈ ਜ਼ਿਲ੍ਹਾ ਪ੍ਰੀਸ਼ਦ ਹੈ ਹੀ ਨਹੀਂ । ਢਾਈ ਸਾਲ ਤੁਹਾਡੀ ਸਰਕਾਰ ਨੂੰ ਬਣੇ ਹੋ ਗਏ ਹਨ, ਪਰ ਤੁਸੀਂ ਇਸ ਅਦਾਰੇ ਦੀਆਂ ਇਲੈਕਸ਼ਨਾਂ ਨਹੀਂ ਕਰਵਾ ਸਕੇ । ਤੁਸੀਂ ਲੋਕਾਂ ਕੋਲੋਂ ਇਲੈਕਸ਼ਨਾਂ ਦਾ ਹੱਕ ਖੋਹ ਰਹੇ ਹੋ । ਤੁਹਾਡਾ ਇਹ ਕਦਮ ਡੈਮੋਕਰੇਸੀ ਦੇ ਵਿਰੁੱਧ ਹੈ । ਤੁਸੀਂ ਡੈਮੋਕਰੇਸੀ ਨੂੰ ਦੋ ਹਿੱਸਿਆਂ ਤੋਂ ਅਟੈਕ ਕਰ ਰਹੇ ਹੋ । ਇਕ ਪਾਸੇ ਤੁਸੀਂ ਮਾਰਕਿਟ ਕਮੇਟੀ ਦੇ ਮੈਂਬਰਾਂ ਦੀਆਂ ਨੌਮੀਨੇਸ਼ਨਾਂ ਕਰੀ ਜਾ ਰਹੇ ਹੋ ਔਰ ਦੂਜੇ ਪਾਸੇ ਜਿਹੜੀਆਂ ਪੰਚਾਇਤਾਂ ਦੀ ਟਰਮ ਹਾਲੇ ਰਹਿੰਦੀ ਹੈ ਉਨ੍ਹਾਂ ਨੂੰ ਇਸ ਬਹਾਨੇ ਨਾਲ ਤੋੜਿਆ ਜਾ ਰਿਹਾ ਹੈ ਕਿ ਇਨ੍ਹਾਂ ਦੀਆਂ ਇਲੈਕਸ਼ਨਾਂ ਕਰਵਾਉਣੀਆਂ ਹਨ ਇਸ ਲਈ ਐਕਟ ਦੇ ਅਧੀਨ ਖਤਮ ਕੀਤਾ ਜਾ ਰਿਹਾ ਹੈ ਤਾਂਕਿ ਪੁਰਾਣੀਆਂ ਪੰਚਾਇਤਾਂ ਪੂਰਾ ਸਮਾਂ ਕੰਮ ਨਾ ਕਰ ਸਕਣ । ਮੈਂ ਸਮਝਦਾ ਹਾਂ ਕਿ ਰੂਲਿੰਗ ਪਾਰਟੀ ਇਸ ਗੱਲ ਦਾ ਫਾਇਦਾ ਉਠਾਉਣਾ ਚਾਹੁੰਦੀ ਕਿ ਅਕਾਲੀ ਪਾਰਟੀ ਨੇ ਮੋਰਚਾ ਲਗਾਇਆ ਹੋਇਆ ਹੈ ਅਤੇ ਜੇਲ੍ਹਾਂ ਵਿਚ ਹਨ ਔਰ ਇਸੇ ਦੌਰਾਨ ਪੰਚਾਇਤਾਂ ਤੇ ਕਬਜ਼ਾ ਕਰ ਲਈਏ ਔਰ ਮਾਰਕਿਟ ਕਮੇਟੀਆਂ ਵਿਚ ਨੌਮੀਨੇਸ਼ਨ ਕਰੀ ਜਾ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਡੈਮੋਕਰੇਸੀ ਵਿਚ ਇਕ

Original with;
Punjab Vidhan Sabha
Digitized by;
Panjab Digital Library

ਸਰਪੰਚ ਨੂੰ ਪੁਲਿਸ ਨੇ ਇਤਨਾ ਮਾਰਿਆ ਕਿ ਉਸ ਦੀ ਕਮੀਜ਼ ਲਹੂ ਲੁਹਾਨ ਹੋ ਗਈ ਅਤੇ ਕਮੀਜ਼ ਫਾੜ ਦਿੱਤੀ, ਇਹ ਸਰਪੰਚ ਰਤਨ ਸਿੰਘ ਹੈ ਅਤੇ ਇਹ ਜ਼ਿਲ੍ਹਾ ਪਟਿਆਲਾ ਦਾ ਰਹਿਣ ਵਾਲਾ ਹੈ । ਇਸ ਦੀ ਸਰਕਾਰ ਇਨਕੁਆਇਰੀ ਕਰਵਾ ਕੇ ਪਤਾ ਕਰ ਲਵੇ । (ਵਿਘਨ) ਮੈਂ ਕਹਿੰਦਾ ਹਾਂ ਕਿ ਕਿਸੇ ਪਿੰਡ ਦਾ ਚਾਹੇ ਸਰਪੰਚ ਹੋਵੇ ਉਸ ਦੀ ਬੇਇਜ਼ਤੀ ਪੁਲਿਸ ਵਾਲੇ ਕਰਨ ਤਾਂ ਬੜੀ ਮਾੜੀ ਗੱਲ ਹੈ । ਜਿਨ੍ਹਾਂ ਪੁਲਿਸ ਅਫਸਰਾਂ ਨੇ ਇਸ ਸਰਪੰਚ ਨੂੰ ਕੁੱਟਿਆ ਹੈ ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ । ਪਹਿਲੇ ਪੰਚਾਇਤਾਂ ਬਣਾਉਣ ਵਾਸਤੇ ਹੱਦਬਸਤ ਦਾ ਕਰਾਈਟੇਰੀਆ ਸੀ ਪਰ ਹੁਣ ਸਰਕਾਰ ਨੇ ਇਸ ਕਰਾਈਟੇਰੀਏ ਨੂੰ ਤੋੜ ਕੇ ਆਬਾਦੀ ਦੇ ਲਿਹਾਜ਼ ਨਾਲ ਪੰਚਾਇਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ । ਜਿਥੇ 100 ਵੋਟਾਂ ਤੋਂ ਵੱਧ ਆਬਾਦੀ ਹੁੰਦੀ ਹੈ, ਉਥੇ ਪੰਚਾਇਤਾਂ ਬਣਾ ਦਿੱਤੀਆਂ ਜਾਂਦੀਆਂ ਹਨ । ਪਰ ਚਾਹੀਦਾ ਹੈ ਕਿ ਇਨ੍ਹਾਂ ਦੀ ਹੱਦਬਸਤ ਦੇ ਲਿਹਾਜ਼ ਨਾਲ ਅਲੱਗ ਅਲੱਗ ਪੰਚਾਇਤ ਹੋਣੀ ਚਾਹੀਦੀ ਹੈ ਚਾਹੇ ਆਬਾਦੀ 100 ਕਰ ਦੇਵੋ । ਪਰ ਤੁਸੀਂ ਤਾਂ 2-3 ਪਿੰਡਾਂ ਨੂੰ ਮਿਲਾ ਕੇ ਇਕ ਪੰਚਾਇਤ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਜਦ ਕਿ ਇਨ੍ਹਾਂ ਪਿੰਡਾਂ ਦੀਆਂ ਆਪਣੀਆਂ ਆਪਣੀਆਂ ਅਲੱਗ ਅਲੱਗ ਪ੍ਰਾਬਲਮਜ਼ ਹਨ ਅਤੇ ਆਪਣੇ ਆਪਣੇ ਕੰਮ ਦਾ ਤਰੀਕਾ ਹੈ ।

ਇਸ ਲਈ ਇਨ੍ਹਾਂ ਦੀ ਅਲੱਗ ਅਲੱਗ ਪੰਚਾਇਤ ਹੋਣੀ ਚਾਹੀਦੀ ਹੈ । ਜੇਕਰ ਇਸ ਦੇ ਵਿਚ ਕੋਈ ਕਾਨੂੰਨੀ ਅੜਚਨ ਹੈ ਤਾਂ ਦੂਰ ਕੀਤੀ ਜਾ ਸਕਦੀ ਹੈ । ਇਸ ਦੀ ਮਿਆਦ ਨੂੰ ਵਾਰ ਵਾਰ ਵਧਾਉਣਾ ਅਤੇ ਪੰਚਾਇਤਾਂ ਨੂੰ ਤੋੜਨਾ ਕੋਈ ਅੱਛੀ ਗੱਲ ਨਹੀਂ ਹੈ । ਸਰਕਾਰ ਨੂੰ ਮਾਰਕਿਟ ਕਮੇਟੀ ਵਿਚ ਨੋਮੀਨੇਸ਼ਨਾਂ ਨਹੀਂ ਕਰਨੀਆਂ ਚਾਹੀਦੀਆਂ ਸਨ ਬਲਕਿ ਇਥੇ ਇਲੈਕਸ਼ਨਾਂ ਕਰਵਾਉਣੀਆਂ ਚਾਹੀਦੀਆਂ ਹਨ ।

**ਵਿਕਾਸ ਅਤੇ ਪੰਚਾਇਤ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ): ਡਿਪਟੀ ਸਪੀਕਰ ਸਾਹਿਬ, ਮਾਸਟਰ ਜੀ ਅਤੇ ਚੀਮਾ ਸਾਹਿਬ ਨੇ ਇਸ ਬਿਲ ਬਾਰੇ ਕੁਝ ਤੌਖਲਾ ਜ਼ਾਹਿਰ ਕੀਤਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਪਿਛਲੀ ਸਰਕਾਰ ਨੇ 12 ਅਕਤੂਬਰ, 1978 ਨੂੰ ਸਾਰੀਆਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਸੁਪਰਸੀਡ ਕਰ ਦਿੱਤਾ ਸੀ ਔਰ ਉਸੇ ਸਰਕਾਰ ਨੇ ਫਰਵਰੀ, 1980 ਵਿਚ ਫੈਸਲਾ ਕੀਤਾ ਸੀ ਕਿ ਇਨ੍ਹਾਂ ਦੀ ਥਾਂ ਤੇ ਪੰਚਾਇਤਾਂ ਨੂੰ ਤੋੜ ਕੇ ਡਿਵੈਲਪਮੈਂਟ ਬੋਰਡ ਬਣਾ ਦਿੱਤੇ ਜਾਣ ਔਰ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪ੍ਰੀਸ਼ਦਾਂ ਬਣਾ ਦਿੱਤੀਆਂ ਜਾਣ । ਸਰਪੰਚ ਦੀ ਇਲੈਕਸ਼ਨ ਇਨਡਾਇਰੈਕਟ ਵੋਟਰ ਰਾਹੀਂ ਕਰ ਦਿੱਤੀ ਸੀ । ਪਿਛੇ ਕੁਰਕਸ਼ੇਤਰਾ ਵਿਚ ਆਲ ਇੰਡੀਆ ਪੰਚਾਇਤ ਸੰਮਤੀ ਬਾਰੇ ਮੀਟਿੰਗ ਹੋਈ ਸੀ ਜਿਸ ਵਿਚ ਸਰਦਾਰ ਦਰਬਾਰਾ ਸਿੰਘ ਗਏ ਸਨ ਔਰ ਇਨ੍ਹਾਂ ਨੇ ਕਿਹਾ ਸੀ ਕਿ ਬਲਵੰਤ ਰਾਏ ਮਹਿਤਾ ਦੀ ਰਿਪੋਰਟ ਨੂੰ ਲਾਗੂ ਕੀਤਾ ਜਾਵੇ, ਜੋ ਕਿ ਪੰਡਿਤ ਜਵਾਹਰ ਲਾਲ ਨਹਿਰੂ ਦੇ ਬਹੁਤ ਨਜ਼ਦੀਕ ਸਨ ਔਰ ਇਹ ਰਿਪੋਰਟ ਵੀ ਉਨ੍ਹਾਂ ਦੇ ਵੇਲੇ ਦੀ ਸੀ । ਇਹ ਅਪੀਲ ਸਰਦਾਰ ਦਰਬਾਰਾ ਸਿੰਘ ਜੀ ਨੇ ਸਾਰੇ ਵਜ਼ੀਰਾਂ ਨੂੰ ਕੀਤੀ ਸੀ, ਜਿਹੜੇ ਉਥੇ ਇਕੱਠੇ ਹੋਏ ਸਨ ਅਤੇ ਕਿਹਾ ਕਿ 3 ਟਾਇਰ ਸਿਸਟਮ ਨੂੰ ਲਾਗੂ ਕੀਤਾ ਜਾਵੇ ਅਤੇ ਇਸ ਨੂੰ ਜੀਵਿਤ ਕੀਤਾ ਜਾਵੇ । ਇਸ ਬਾਰੇ ਫੈਸਲਾ ਜਨਵਰੀ, 1981 ਵਿਚ ਕੀਤਾ ਗਿਆ ਕਿ ਇਲੈਕਸ਼ਨਾਂ ਕਰਾਵਾਂਗੇ ਤਾਂ ਕਿ ਲੋਕ ਇਲੈਕਸ਼ਨਾਂ ਵਿਚ ਹਿੱਸਾ ਲੈ ਸਕਣ ।

Original with;
Punjab Vidhan Sabha
Digitized by;
Panjab Digital Library

[ਵਿਕਾਸ ਅਤੇ ਪੰਚਾਇਤ ਮੰਤਰੀ]

ਡਿਪਟੀ ਸਪੀਕਰ ਸਾਹਿਬ, ਹੋਮ ਮਨਿਸਟਰ, ਗੌਰਮਿੰਟ ਆਫ਼ ਇੰਡੀਆ ਵਲੋਂ ਇਕ ਲੈਟਰ ਆਇਆ, ਜਿਸ ਬਾਰੇ ਸਾਰੇ ਮੁੱਖ ਮੰਤਰੀਆਂ ਨੂੰ ਲਿਖਿਆ ਗਿਆ ਸੀ । ਇਸ ਲੈਟਰ ਵਿਚ ਲਿਖਿਆ ਹੋਇਆ ਸੀ ਕਿ ਸੈਨਸਜ਼ ਹੋ ਰਹੀ ਹੈ, ਉਸ ਦੇ ਮੁਤਾਬਿਕ ਚੋਣਾਂ ਲੋਕਲ ਬਾਡੀਜ਼ ਦੀਆਂ ਮਾਰਚ ਤਕ ਨਹੀਂ ਕਰਵਾਈਆਂ ਜਾ ਸਕਦੀਆਂ । ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਇਲੈਕਸ਼ਨਜ਼ ਰੁਕ ਗਏ ਸੀ ਪਰ ਅਸੀਂ ਤਾਂ ਇਲੈਕਸ਼ਨਾਂ ਕਰਵਾਉਣ ਜਾ ਰਹੇ ਸੀ । ਉਸ ਤੋਂ ਬਾਅਦ 15 ਅਕਤੂਬਰ, 1981 ਨੂੰ ਫਿਰ ਚੋਣਾਂ ਦਾ ਪ੍ਰੋਗਰਾਮ ਬਣਾਇਆ, ਪਰ ਐਲ. ਆਰ. ਨੇ ਰਾਏ ਦਿੱਤੀ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਬਣਾਉਣੀਆਂ ਹਨ । ਉਨ੍ਹਾਂ ਵਿਚ ਮਾਰਕਿਟ ਕਮੇਟੀਆਂ ਅਤੇ ਕੋਆਪਰੇਟਿਵ ਸੁਸਾਇਟੀਜ਼ ਵੀ ਆਉਣਗੀਆਂ। ਇਹ 16 ਮੈਂਬਰ ਪੰਚਾਂ/ਸਰਪੰਚਾਂ ਦੇ ਲੈਣੇ ਹਨ । ਇਸ ਵਿਚ ਕੋਆਪਰੇਟਿਵ ਸੁਸਾਇਟੀਜ਼ ਵਲੋਂ ਵੀ ਮੈਂਬਰ ਲੈਣੇ ਹਨ ਅਤੇ ਮਾਰਕਿਟ ਕਮੇਟੀਆਂ ਵਿਚੋਂ ਵੀ ਆਉਣੇ ਹਨ । ਇਸ ਕਰਕੇ ਚੋਣਾਂ ਛੇ ਮਹੀਨੇ ਪਿਛੇ ਪੈ ਗਈਆਂ । ਡਿਪਟੀ ਸਪੀਕਰ ਸਾਹਿਬ, ਜਿਹੜਾ ਅਸੀਂ ਬਿਲ ਤੋਂ ਐਕਟ ਬਣਾ ਰਹੇ ਹਾਂ ਇਸ ਰਾਹੀਂ ਪਹਿਲਾਂ ਜਾਰੀ ਕੀਤਾ ਅਧਿਅਕਸ਼ ਬਦਲਣਾ ਹੈ । ਇਹ ਮਿਆਦ ਮਿਤੀ 11 ਅਕਤੂਬਰ, 1982 ਨੂੰ ਖਤਮ ਹੋ ਜਾਵੇਗੀ । ਉਸ ਤੋਂ ਬਾਅਦ ਇਲੈਕਸ਼ਨਾਂ ਜ਼ਰੂਰ ਕਰਵਾਈਆਂ ਜਾਣਗੀਆਂ । (ਥੰਪਿੰਗ) ਇਨ੍ਹਾਂ ਨੂੰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਸ਼ਕਤੀ ਦਿੱਤੀ ਹੈ । ਪੰਚਾਇਤ ਸੰਮਤੀਆਂ ਦੇ ਸੈਕਟਰੀਆਂ ਨੂੰ ਅਤੇ ਕਰਮਚਾਰੀਆਂ ਨੂੰ ਤਨਖਾਹ ਲੈਣ ਦੀ ਪਹਿਲਾਂ ਦਿੱਕਤ ਆਉਂਦੀ ਸੀ, ਉਹ ਦੂਰ ਕੀਤੀ ਗਈ ਹੈ ਅਤੇ ਕੈਟਲ ਫੇਅਰ ਫੰਡ ਬਣਾਇਆ ਗਿਆ ਹੈ । ਮਹਿਕਮਾ ਐਕਸਾਈਜ਼ ਪੈਸਾ ਕੁਲੈਕਟ ਕਰਕੇ ਫਾਈਨਾਂਸ ਡਿਪਾਰਟਮੈਂਟ ਕੋਲ ਜਮ੍ਹਾ ਕਰਵਾਏਗਾ । ਇਹ ਪੈਸਾ ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਨੂੰ ਦਿੱਤਾ ਜਾਵੇਗਾ । ਡਿਪਟੀ ਸਪੀਕਰ ਸਾਹਿਬ, 79 ਲੱਖ 10 ਹਜ਼ਾਰ ਰੁਪਿਆ ਸੰਮਤੀਆਂ ਨੂੰ ਰਲੀਫ ਦਾ ਦਿੱਤਾ ਹੈ ਤਾਂ ਕਿ ਉਹ ਪਿੰਡਾਂ ਦੀ ਡਿਵੈਲਪਮੈਂਟ ਕਰਨ । 1982-83 ਲਈ 113 ਕਰੋੜ ਰੁਪਏ ਦਿੱਤੇ ਹਨ । (ਥੰਪਿੰਗ) । ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਐਡਮਨਿਸਟਰੇਟਿਵ ਪਾਵਰ ਦਾ ਤੁਅੱਲਕ ਹੈ, ਪੰਚਾਇਤਾਂ ਨੂੰ ਪਹਿਲਾਂ 5,000 ਰੁਪਏ ਤਕ ਖਰਚ ਕਰਨ ਦਾ ਅਧਿਕਾਰ ਸੀ ਪਰ ਹੁਣ ਅਸੀਂ 10,000 ਰੁਪਏ ਤਕ ਦੇ ਅਧਿਕਾਰ ਦਿੱਤੇ ਹਨ । ਪੰਚਾਇਤ ਸੰਮਤੀਆਂ ਨੂੰ 40,000 ਰੁਪਏ ਦੀ ਥਾਂ ਤੇ 50,000 ਰੁਪਏ ਦੇ ਅਧਿਕਾਰ ਦਿੱਤੇ ਹਨ । ਜ਼ਿਲ੍ਹਾ ਪ੍ਰੀਸ਼ਦਾਂ ਦਾ 50,000 ਰੁਪਏ ਤੋਂ ਇਕ ਲੱਖ ਰੁਪਿਆ ਕਰ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਹੋਰ ਵੀ ਵੱਧ ਅਧਿਕਾਰ ਲਈ ਵਿਚਾਰ ਅਧੀਨ ਹੈ । (ਥੰਪਿੰਗ) 1973-74 ਤੋਂ 1979-80 ਤਕ ਗਲੀਆਂ ਨਾਲੀਆਂ ਵਾਸਤੇ 2 ਕਰੋੜ 69 ਲੱਖ 50 ਹਜ਼ਾਰ ਰੁਪਿਆ ਪਹਿਲਾਂ ਰੱਖਿਆ ਗਿਆ ਸੀ ਪਰ ਅਸੀ 1980-81 ਅਤੇ 1981-82 ਵਿਚ 15 ਕਰੋੜ 31 ਲਖ 85 ਹਜ਼ਾਰ ਰੁਪਿਆ ਪਿੰਡਾਂ ਵਾਸਤੇ ਰਖਿਆ ਹੈ । ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਹੋ ਰਹੀਆਂ ਹਨ । ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਮਜ਼ਬੂਤ ਹੋ ਰਹੀਆਂ ਹਨ । ਕਿਤਨੇ ਹੀ ਨਜਾਇਜ਼ ਕਬਜ਼ੇ ਉਠਾਏ ਗਏ ਹਨ । ਸ਼ਾਮਲਾਤ ਤੋਂ 1982-83 ਵਿਚ ਮਹੀਨਾ ਜੁਲਾਈ, 1982 ਤਕ 6 ਕਰੋੜ 16 ਲੱਖ ਰੁਪਏ ਦੀ ਆਮਦਨ ਹੋਈ ਹੈ । ਡਿਪਟੀ ਸਪੀਕਰ, ਸਾਹਿਬ ਵਿਲੇਜ਼ ਪਲੈਨ ਸਕੀਮਾਂ ਬਣਾਈਆ ਜਾ ਰਹੀਆਂ ਹਨ ।

Original with;
Punjab Vidhan Sabha
Digitized by;
Panjab Digital Library

ਮਹਾਤਮਾ ਗਾਂਧੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਸੁਪਨੇ ਨੂੰ ਸਾਕਾਰ ਕਰਨ ਵਾਸਤੇ ਅਸੀਂ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਪਿੰਡਾਂ ਦੀ 10,000 ਰੁਪਏ ਤੋਂ ਵਧ ਆਮਦਨ ਹੈ ਅਤੇ ਜਿਹੜਾ ਪਲੈਨ ਕਰਕੇ 3 ਕਰੋੜ ਰੁਪਿਆ ਬਣਦਾ ਹੈ, ਉਸ ਨਾਲ ਪਿੰਡਾਂ ਦੀ ਡਿਵੈਲਪਮੈਂਟ ਹੋਵੇਗੀ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰੋ। (ਥੰਪਿੰਗ)।

**Mr. Deputy Speaker** : Question is—

That the Punjab Panchayat Samitis and Zila Parishads (Temporary Supersession) Second Amendment Bill be taken into consideration at once.

*The motion was carried.*

**Mr. Deputy Speaker** : Now the House will consider the Bill Clause by Clause.

SUB CLAUSE 2 OF CLAUSE 1

**Mr. Deputy Speaker** : Question is—

That Sub-Clause (2) of Clause 1 stand Part of the Bill.

*The Motion was carried.*

CLAUSE 2

**Mr. Deputy Speaker** : Question is—

That Clause 2 stand part of the Bill.

*The motion was carried.*

CLAUSE 3

**Mr. Deputy Speaker** : Question is—

That Clause 3 stand part of the Bill.

*The motion was carried.*

SUB CLAUSE (1) OF CLAUSE 1

**Mr. Deputy Speaker** : Question is—

That Sub-clause (1) of Clause 1 stand part of the Bill.

*The motion was carried.*

TITLE

**Mr. Deputy Speaker**: Question is—

That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Development and Panchayat Minister** (Sardar Santokh Singh Randhawa) Sir, I beg to move—

That the Punjab Panchayat Samitis and *Zila* Parishads (Temporary Supersession) Second Amendment Bill be passed.

**Mr. Deputy Speaker**: Motion moved—

That the Punjab Panchayat Samitis and Zila Parishads (Temporary Supersession) Second Amendment Bill be passed.

**Mr. Deputy Speaker**: Question is—

That the Punjab Panchayat Samitis and *Zila* Parishads Temporary Supersession) Second Amendment Bill be passed.

*The motion was carried unanimously.*

**Mr. Deputy Speaker**: The House stands adjornrned till 9.00 A.M. on Wednesday the 15th September 1982.

*6.05 P.M.* (The Sabha then adjourned till 9.00 A. M. on Wednesday, 15th September, 1982.)

Original with;
Punjab Vidhan Sabha
Digitized by;
Panjab Digital Library

# APPENDIX

to

# PUNJAB VIDHAN SABHA DEBATES

*Dated the 14th September, 1982*

Vol. V—No. I

## STARRED QUESTION AND ANSWER

### RAISING A LOAN FOR THEIN DAM

---

*1624 **Prof. Darbari Lal** : Will the Minister for Agriculture be pleased to state whether there is any proposal under the consideration of the Government for raising a loan for the construction of the Thein Dam from any International Agency; if so, the name of the Agency and the amount of loan proposed to be raised ?

ਡਾਕਟਰ ਕੇਵਲ ਕ੍ਰਿਸ਼ਨ ਵਿੱਤ ਮੰਤਰੀ: ਵਿਦੇਸ਼ੀ ਵਿੱਤੀ ਸੰਸਥਾਵਾਂ/ਏਜੰਸੀਆਂ ਤੋਂ ਕਰਜ਼ਾ ਲੈਣ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ । ਕਿਉਂ ਜੋ ਇਸ ਸਬੰਧ ਵਿਚ ਭਾਰਤ ਸਰਕਾਰ ਦੀ ਪ੍ਰਵਾਨਗੀ ਦੀ ਲੋੜ ਹੈ ਇਸ ਲਈ ਭਾਰਤ ਸਰਕਾਰ ਨੂੰ ਇਸ ਸਬੰਧ ਵਿਚ ਲਿਖਿਆ ਜਾ ਰਿਹਾ ਹੈ ਤਾਂ ਜੋ ਉਹ ਸਿਧਾਂਤਿਕ ਤੌਰ ਤੇ ਰਾਜ ਸਰਕਾਰ ਦੀਆਂ ਉਨ੍ਹਾਂ ਤਜਵੀਜ਼ਾਂ ਨਾਲ ਸਹਿਮਤ ਹੋਵੇ ਜਿਨ੍ਹਾਂ ਰਾਹੀਂ ਵਿਦੇਸ਼ੀ ਪਾਰਟੀਆਂ ਦੇ ਨਾਲ ਕਰਜ਼ਾ ਲੈਣ ਲਈ ਗੱਲ ਬਾਤ ਚਲ ਰਹੀ ਹੈ । ਭਾਰਤ ਸਰਕਾਰ ਦੀ ਸਹਿਮਤੀ ਪੁਜਣ ਉਪਰੰਤ ਵਿਦੇਸ਼ੀ ਪਾਰਟੀਆਂ ਨੂੰ ਅਗਲੇਰੀ ਕਾਰਵਾਈ ਲਈ ਲਿਖਿਆ ਜਾਵੇਗਾ । ਇਸ ਤੋਂ ਇਲਾਵਾ ਇਸ ਪ੍ਰਾਜੈਕਟ ਲਈ ਵਿਸ਼ਵ ਬੈਂਕ ਤੋਂ ਵਿਤੀ ਸਹਾਇਤਾ ਪ੍ਰਾਪਤ ਕਰਨ ਸਬੰਧੀ ਪ੍ਰਸ਼ਨ ਵੀ ਭਾਰਤ ਸਰਕਾਰ ਨਾਲ ਨਜਿੱਠਿਆ ਜਾ ਰਿਹਾ ਹੈ ।

---

274—10-1-83-325—ਪੰਜਾਬ ਸਰਕਾਰ ਪ੍ਰੈਸ, ਪਟਿਆਲਾ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with*
Punjab Vidhan Sabha
*Digitized by:*
Punjab Digital Library

©

1982

Published under the authority of the Punjab Vidhan Sabha and Printed by the Controller Printing & Stationery, Punjab, at the Govt. Press, Patiala

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*15th September, 1982*

Vol. V—No. 2

## OFFICIAL REPORT

CONTENTS

*Wednesday, the 15th September, 1982*


| | | PAGE |
|---|---|---|
| Starred Questions and Answers | .. | (2) 1 |
| Unstarred Questions and Answers | .. | (2) 16 |
| Walk-Out | | (2) 21 |
| Call-Attention Notices under Rule 66 | .. | (2) 25 |
| Papers laid on the Table | | (2) 30 |
| Walk-Out | | (2) 31 |
| FINANCIAL BUSINESS— | .. | (2) 31 |
| Supplementary Estimates (First Instalment) for the year 1982-83 | .. | (2) 31 |
| Discussion on the Estimates of the Expenditure charged on the revenues of the State. | .. | (2) 31 |



Punjab Vidhan Sabha Secretariat, Chandigarh.

Price : Rs.



Original with;
Punjab Vidhan Sabha
Digitized by;
Panjab Digital Library

| | | |
|---|---|---|
| Discussion and voting of Demands for Supplementary Grants. | .. | (2) 32 |
| Walk-Out | .. | (2) 35 |
| Discussion and voting of Demands for Supplementary Grants (*Resumption*). | .. | (2) 35 |
| Extension of time of the Sitting | .. | (2) 79 |
| Discussion and voting of Demands for Supplementary Grants (*Resumption*) | .. | (2) 79 |


Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Wednesday, the 15th September, 1982*

[*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*]

### STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 1628

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

CONSTRUCTION OF SPEED BREAKERS

*1634 **Master Babu Singh, Comrade Buta Singh, Comrade Raj Kumar**: Will the Minister for Public Works be pleased to state—

(a) whether the Deputy Commissioner, Amritsar forwarded to the Executive Engineer, PWD (B&R) Amritsar the request of an ex-legislator in November, 1981 regarding provision of speed breakers in a locality of Chheharta (Amritsar);

(b) if the reply to part (a) above be in the affirmative the action taken or proposed to be taken on the said request ?

**Sardar Beant Singh** : (a) Yes.

(b) It was not considered feasible to provide speed breakers on Partap Bazar, Chheharta.

**ਮਾਸਟਰ ਬਾਬੂ ਸਿਘ:** ਮਨਿਸਟਰ ਸਾਹਿਬ, ਨੇ ਜਵਾਬ ਦਿੱਤਾ ਹੈ ਕਿ ਪ੍ਰਤਾਪ ਬਜ਼ਾਰ ਛੇਹਰਟਾ ਵਿਚ ਸਪੀਡ ਬਰੇਕਰ ਲਗਾਉਣਾ ਠੀਕ ਨਹੀਂ ਸਮਝਿਆ ਗਿਆ ਸੀ । ਮੈਂ ਤਾਂ ਟਰੈਫਿਕ ਨੂੰ ਕੰਟ੍ਰੋਲ ਕਰਨ ਵਾਸਤੇ ਅਤੇ ਲੋਕਾਂ ਨੂੰ ਐਕਸੀਡੈਂਟਸ ਤੋਂ ਬਚਾਉਣ ਬਾਰੇ ਇਹ ਸਵਾਲ ਪੁਛਿਆ ਸੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਦਾ ਕੋਈ ਹੱਲ ਕਢਿਆ ਜਾ ਸਕਦਾ ਹੈ ? ਜੇ ਉਥੇ ਸਪੀਡ ਬਰੇਕਰ ਨਹੀਂ ਲਗ ਸਕਦਾ ਤਾਂ ਕੀ ਇਸ ਲਈ ਕੋਈ ਆਲਟਰਨੇਟਿਵ ਅਰੇਂਜਮੈਂਟ ਕੀਤਾ ਜਾ ਸਕਦਾ ਹੈ ?

**ਮੰਤਰੀ:** ਉਥੇ ਜਿਹੜਾ ਪ੍ਰਤਾਪ ਬਜ਼ਾਰ ਹੈ ਉਹ ਛੋਟਾ ਹੋਣ ਕਰਕੇ ਓਵਰਕਰਾਊਡਿਡ ਬਹੁਤ ਰਹਿੰਦਾ ਹੈ । ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਅਜਿਹੀਆਂ ਥਾਵਾਂ ਤੇ ਸਪੀਡ ਬਰੇਕਰ ਲਗਾਉਣ ਨਾਲ ਬਜਾਏ ਫਾਇਦਾ ਹੋਣ ਦੇ ਨੁਕਸਾਨ ਹੋ ਜਾਂਦਾ ਹੈ । ਛੋਟੀ ਗੱਡੀਆਂ ਨੂੰ ਪਤਾ ਨਹੀਂ ਲਗਦਾ ਅਤੇ ਐਕਸੀਡੈਂਟ ਹੋ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੁੰਬਾ:** ਇਹ ਸਪੀਡ ਬਰੇਕਰ ਲਗਾਉਣ ਦੀ ਸਕੀਮ ਬਹੁਤ ਅੱਛੀ ਹੈ, ਇਸ ਨਾਲ ਐਕਸੀਡੈਂਟ ਹੋਣ ਤੋਂ ਬਚ ਜਾਂਦੇ ਹਨ। ਪਰ ਕਈ ਜਗ੍ਹਾ ਤੇ ਇਹ ਸਪੀਡ ਬਰੇਕਰ ਉੱਚੇ ਲਗੇ ਹੋਏ ਹਨ ਜਿਸ ਨਾਲ ਨੁਕਸਾਨ ਹੋ ਜਾਂਦਾ ਹੈ ਔਰ ਗੱਡੀਆਂ ਉਲਟ ਜਾਂਦੀਆਂ ਹਨ। ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕੀ ਸਾਰੇ ਪੰਜਾਬ ਵਿਚ ਸਪੀਡ ਬਰੇਕਰ ਇਕੋ ਜਿਹੇ ਠੀਕ ਤਰ੍ਹਾਂ ਨਾਲ ਬਣਾਉਣਗੇ ਤਾਕਿ ਕਿਸੇ ਦਾ ਨੁਕਸਾਨ ਨਾ ਹੋਵੇ ?

**ਮੰਤਰੀ:** ਮੈਂਬਰ ਸਾਹਿਬ ਕਹਿੰਦੇ ਹਨ ਕਿ ਕਈ ਥਾਵਾਂ ਤੇ ਸਪੀਡ ਬਰੇਕਰ ਬਜਾਏ ਫਾਇਦੇ ਦੇ ਨੁਕਸਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਇਹ ਕੋਈ ਸਪੈਸੀਫਿਕ ਮਿਸਾਲ ਇਸ ਸਬੰਧ ਵਿਚ ਦੇ ਦੇਣ ਤਾਂ ਮੈਂ ਉਸ ਲਈ ਵਿਚਾਰ ਕਰ ਸਕਦਾ ਹਾਂ। ਜੇ ਉਥੇ ਉਹ ਨੁਕਸਾਨਦੇਹ ਸਾਬਤ ਹੁੰਦਾ ਹੋਇਆ ਤਾਂ ਉਸ ਨੂੰ ਠੀਕ ਕਰਾ ਦਿਆਂਗੇ।

**ਮਾਸਟਰ ਬਾਬੂ ਸਿਘ:** ਜੋ ਇਨ੍ਹਾਂ ਨੇ ਜਵਾਬ ਦਿੱਤਾ ਹੈ ਉਹ ਠੀਕ ਹੈ ਔਰ ਅਕਾਰਡਿੰਗ ਟੂ ਅਵਰ ਸੈਟਿਸਫੈਕਸ਼ਨ ਹੈ। ਫਿਰ ਵੀ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਥੇ ਲਾਈਨਾਂ ਲਗਾ ਦਿੱਤੀਆਂ ਜਾਣਗੀਆਂ ਜਿਸ ਨਾਲ ਕਿ ਪੁਲਿਸ ਉਥੇ ਟ੍ਰੈਫਿਕ ਨੂੰ ਕੰਟ੍ਰੋਲ ਕਰ ਸਕੇ ? ਪ੍ਰਤਾਪ ਬਾਜ਼ਾਰ ਵਿਚ ਬਹੁਤ ਭੀੜ ਰਹਿੰਦੀ ਹੈ, ਬਜ਼ਾਰ ਤੰਗ ਵੀ ਹੈ ਤੇ ਉਥੇ ਐਕਸੀਡੈਂਟ ਵੀ ਹੁੰਦੇ ਰਹਿੰਦੇ ਹਨ। ਉਥੇ ਐਕਸੀਡੈਂਟ ਨੂੰ ਘਟਾਉਣ ਵਾਸਤੇ ਔਰ ਜਾਨਾਂ ਨੂੰ ਬਚਾਉਣ ਵਾਸਤੇ ਕੀ ਇਸ ਸਪੀਡ ਬਰੇਕਰ ਤੋਂ ਇਲਾਵਾ ਕੋਈ ਹੋਰ ਆਲਟਰਨੇਟਿਵ ਅਰੇਜਮੈਂਟ ਕਰਨਗੇ ਜਿਸ ਤਰ੍ਹਾਂ ਕਿ ਟ੍ਰੈਫਿਕ ਵਾਲੇ ਬੰਦੇ ਉਥੇ ਖੜੇ ਕੀਤੇ ਜਾਣ ਜਾਂ ਇਸ ਪ੍ਰਤੀ ਕੋਈ ਹੋਰ ਉਪਾਅ ਕਰਨਗੇ?

**ਮੰਤਰੀ:** ਟ੍ਰੈਫਿਕ ਲਈ ਪੁਲਿਸ ਆਦਿ ਦਾ ਉਥੇ ਪ੍ਰਬੰਧ ਕਰਨ ਵਾਸਤੇ ਉਥੇ ਦੀ ਮਿਉਂਸਪੈਲਿਟੀ ਜਾਂ ਕਾਰਪੋਰੇਸ਼ਨ ਇਹ ਕੰਮ ਕਰ ਸਕਦੀ ਹੈ। ਬਾਕੀ ਜੇਕਰ ਕੋਈ ਲਾਈਨਾਂ ਲਗਾਉਣ ਦਾ ਕੰਮ ਹੈ ਤਾਂ ਉਹ ਮੈਂ ਜ਼ਰੂਰ ਕਰ ਦਿਆਂਗਾ। ਸਪੀਡ ਘਟ ਹੋਣੀ ਚਾਹੀਦੀ ਹੈ।

**ਸ਼੍ਰੀ ਸੇਵਾ ਰਾਮ:** ਪ੍ਰਤਾਪ ਬਜ਼ਾਰ ਕੋਈ ਘਟ ਚੌੜਾ ਨਹੀਂ ਹੈ, ਪਰ ਉਥੇ ਦੀ ਸੜਕ ਦੀ ਮੁਰੰਮਤ ਕੋਈ 20 ਸਾਲਾਂ ਤੋਂ ਨਹੀਂ ਹੋਈ। ਕੀ ਉਥੇ ਪੀ. ਡਬਲਿਊ. ਡੀ. ਵਾਲੇ ਉਸ ਸੜਕ ਦੀ ਮੁਰੰਮਤ ਕਰਾ ਦੇਣਗੇ ਅਤੇ ਉਥੇ ਸਪੀਡ ਬਰੇਕਰ ਲਗਾ ਦੇਣਗੇ ?

**ਮੰਤਰੀ:** ਸੜਕ ਦੀ ਮੁਰੰਮਤ ਬਾਰੇ ਜੋ ਮੈਂਬਰ ਸਾਹਿਬ ਨੇ ਕਿਹਾ ਹੈ ਉਹ ਮੁਰੰਮਤ ਦਾ ਕੰਮ ਜਲਦੀ ਕਰਾ ਦਿਆਂਗੇ। ਬਾਕੀ ਸਪੀਡ ਬਰੇਕਰ ਬਾਰੇ ਮੈਂ ਅਗੇ ਹੀ ਅਰਜ਼ ਕੀਤੀ ਹੈ ਕਿ ਇਹ ਉਥੇ ਲਗਾਉਣਾ ਠੀਕ ਨਹੀਂ ਸਮਝਿਆ ਗਿਆ।

**ਸ਼੍ਰੀ ਸਪੀਕਰ:** ਅਗਰ ਐਮ. ਐਲ. ਏ. ਸਾਹਿਬ ਉਸ ਇਲਾਕੇ ਦੇ ਇਹ ਮੰਗ ਕਰਦੇ ਹਨ ਕਿ ਉਥੇ ਸਪੀਡ ਬਰੇਕਰ ਲਗਾਉਣਾ ਚਾਹੀਦਾ ਹੈ ਤਾਂ ਫਿਰ ਇਸ ਸਬੰਧੀ ਜ਼ਰੂਰ ਘੋਖ ਹੋਣੀ ਚਾਹੀਦੀ ਹੈ।

**ਮੰਤਰੀ:** ਜੇਕਰ ਉਥੇ ਦੇ ਐਮ. ਐਲ. ਏ. ਸਾਹਿਬ ਚਾਹੁੰਦੇ ਹਨ ਕਿ ਉਥੇ ਸਪੀਡ ਬਰੇਕਰ ਲਗਾਏ ਜਾਣ ਤਾਂ ਫਿਰ ਉਨ੍ਹਾਂ ਨੂੰ ਇਸ ਲਈ ਮਿਉਂਸਪੈਲਿਟੀ ਛੇਹਰਟਾ ਤੋਂ ਇੱਕ ਰੈਜ਼ੋਲਿਊਸ਼ਨ ਕਰਾਉਣਾ ਚਾਹੀਦਾ ਹੈ। ਇਸ ਨਾਲ ਅਸੀਂ ਸੇਫ ਹੋ ਜਾਵਾਂਗੇ ਔਰ ਸਪੀਡ

Original with;
Punjab Vidhan Sabha
Digitized by;
Panjab Digital Library

ਬਰੇਕਰ ਉਥੇ ਲਗਾ ਦਿਆਂਗੇ । ਬੇਸ਼ੱਕ ਸੜਕ ਪੀ. ਡਬਲਿਊ. ਡੀ. ਦੀ ਹੈ ਪਰ ਜਦੋਂ ਇਹ ਕਸੇ ਸ਼ਹਿਰ ਵਿਚੋਂ ਦੀ ਲੰਘਦੀ ਹੈ ਤਾਂ ਫਿਰ ਉਸ ਸ਼ਹਿਰ ਦਾ ਇੰਟਰੈਸਟ ਬਣ ਜਾਂਦਾ ਹੈ ਕਿ ਉਸ ਨੂੰ ਕਿਸ ਤਰ੍ਹਾਂ ਯੂਜ਼ ਕਰਨਾ ਹੈ ਜਾਂ ਟਰੈਫਿਕ ਨੂੰ ਕਿਸ ਤਰ੍ਹਾਂ ਕੰਟਰੋਲ ਕਰਨਾ ਹੈ ।

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਕੁਝ ਅਰਬਨ ਏਰੀਆ ਵਿਚ ਪੀ. ਡਬਲਿਊ. ਡੀ. ਕੋਲ ਸੜਕਾਂ ਹਨ । ਪਰ ਇਹ ਨਾ ਉਹ ਸੜਕਾਂ ਛਡਦੇ ਹਨ ਔਰ ਨਾ ਹੀ ਉਨ੍ਹਾਂ ਦੀ ਮੁਰੰਮਤ ਕਰਦੇ ਹਨ । ਜੇਕਰ ਇਹ ਉਹ ਸੜਕਾਂ ਛਡ ਦੇਣ ਤਾਂ ਫਿਰ ਅਸੀਂ ਕਾਰਪੋਰੇਸ਼ਨ ਦੇ ਮਗਰ ਪੈਕੇ ਉਹ ਸੜਕਾਂ ਠੀਕ ਕਰਾ ਦਿਆਂਗੇ । ਕੀ ਇਹ ਇਸ ਤਰ੍ਹਾਂ ਕਰਨ ਨੂੰ ਤਿਆਰ ਹਨ ?

**ਮੰਤਰੀ :** ਇਹ ਮਾਨਯੋਗ ਮੈਂਬਰ ਮਿਊਂਸਪਲ ਕਾਰਪੋਰੇਸ਼ਨ, ਲੁਧਿਆਣਾ ਨੂੰ ਕਹਿ ਕੇ ਉਥੇ ਸੜਕਾਂ ਠੀਕ ਕਰਾ ਲੈਣ । ਇਹ ਅਗਰ ਕੋਈ ਵੀ ਸੜਕ ਸਾਡੇ ਤੋਂ ਲੈਕੇ ਮੁਰੰਮਤ ਕਰਾਉਣਾ ਚਾਹੁੰਦੇ ਹਨ ਤਾਂ ਇਸ ਵਿਚ ਸਾਨੂੰ ਕੀ ਸੰਕੋਚ ਹੈ । ਇਨ੍ਹਾਂ ਨੂੰ ਖੁਲ ਹੈ, ਇਹ ਕਰਾ ਸਕਦੇ ਹਨ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ:** ਹੁਣੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮਿਊਂਸਪਲ ਕਮੇਟੀ, ਛੇਹਰਟਾ ਤੋਂ ਰੈਜ਼ੋਲਿਊਸ਼ਨ ਕਰਾ ਦਿਓ ਤਾਂ ਫਿਰ ਇਹ ਸਪੀਡ ਬਰੇਕਰ ਲਗਾ ਦੇਣਗੇ । ਪਰ ਅਗਰ ਕੋਈ ਲਾਅ ਐਂਡ ਆਰਡਰ ਜਾਂ ਟਰੈਫਿਕ ਹੈਜ਼ਰਡ ਹੈ ਤਾਂ ਇਹ ਕਾਰਪੋਰੇਸ਼ਨ ਦੀ ਪਰਾਬਲਮ ਨਹੀਂ ਹੈ । ਇਹ ਸਟੇਟ ਗੌਰਮਿੰਟ ਨੇ ਦੇਖਣਾ ਹੈ ਕਿ ਐਕਸੀਡੈਂਟਸ ਨੂੰ ਕਿਸ ਤਰ੍ਹਾਂ ਨਾਲ ਅਵਾਇਡ ਕੀਤਾ ਜਾ ਸਕਦਾ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਗਰ ਕਾਰਪੋਰੇਸ਼ਨ ਕੋਈ ਰੈਜ਼ੋਲਿਊਸ਼ਨ ਨਾ ਕਰੇ ਤਾਂ ਫਿਰ ਕੀ ਸਰਕਾਰ ਉਥੇ ਸਪੀਡ ਬਰੇਕਰ ਨਹੀਂ ਲਗਾ ਸਕਦੀ ?

**ਮੰਤਰੀ:** ਸਰਕਾਰ ਤੇ ਕੋਈ ਅਜਿਹੀ ਪਾਬੰਦੀ ਨਹੀਂ ਪਰ ਕਈ ਜਗ੍ਹਾ ਤੇ ਸਪੀਡ ਬਰੇਕਰ ਬਜਾਏ ਫਾਇਦਾ ਕਰਨ ਦੇ ਨੁਕਸਾਨ ਦੇਹ ਸਾਬਤ ਹੁੰਦਾ ਹੈ । ਇਸ ਦੇ ਬਾਵਜੂਦ ਅਗਰ ਫਿਰ ਵੀ ਇਹ ਚਾਹੁੰਣਗੇ ਤਾਂ ਅਸੀਂ ਕਰ ਦਿਆਂਗੇ ।

**ਸਰਦਾਰ ਪ੍ਰਿਥੀਪਾਲ ਸਿੰਘ:** ਉਥੇ ਹਰ ਮਹੀਨੇ ਦੇ ਮਹੀਨੇ ਮੇਲਾ ਲਗਦਾ ਹੈ ਔਰ ਅਗਰ ਉਥੇ ਸਪੀਡ ਬਰੇਕਰ ਲਗਾ ਦਿੱਤਾ ਗਿਆ ਤਾਂ ਉਸ ਨਾਲ ਹੋਰ ਮੁਸੀਬਤ ਹੋਏਗੀ ਔਰ ਟਰੈਫਿਕ ਕੰਟਰੋਲ ਨਹੀਂ ਹੋਏਗਾ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਯਕੀਨ ਦਿਲਾਉਣਗੇ ਕਿ ਉਥੇ ਸਪੀਡ ਬਰੇਕਰ ਨਹੀਂ ਲਗਾਇਆ ਜਾਏਗਾ ।

**ਮੰਤਰੀ:** ਇਹ ਮੇਰੇ ਨਾਲ ਸਹਿਮਤ ਹੋਏ ਹਨ । ਇਸ ਲਈ ਜਿਹੜਾ ਮੇਰਾ ਸਵਾਲ ਦਾ ਜਵਾਬ ਦਿੱਤਾ ਗਿਆ ਹੈ, ਉਹ ਠੀਕ ਹੈ । ਕਈ ਵਾਰੀ ਸਪੀਡ ਬਰੇਕਰ ਲਗਾਉਣ ਨਾਲ ਉਹ ਨੁਕਸਾਨਦੇਹ ਸਾਬਤ ਹੁੰਦਾ ਹੈ ।

**ਪ੍ਰੋਫੈਸਰ ਬਲਵੰਤ ਸਿੰਘ:** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸੜਕਾਂ ਬਣਵਾਉਣ ਦੇ ਸਿਲਸਿਲੇ ਵਿਚ ਜੋ ਸਪੀਡ ਬਰੇਕਰ ਮੰਤਰੀ ਜੀ ਨੂੰ ਲਗਾ ਹੋਇਆ ਹੈ ਉਹ ਤੁੜਵਾਉਣਾ ਜਾਣੀਦਾ ਹੈ ।

Original with;
Punjab Vidhan Sabha
Digitized by;
Panjab Digital Library

ਮੰਤਰੀ: ਪਹਿਲੀ ਗੱਲ ਤਾਂ ਇਹ ਹੈ ਕਿ ਤੁੜਵਾਉਣ ਵਾਲੀ ਕੋਈ ਗਲ ਹੀ ਨਹੀਂ ਹੈ। ਪਰ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਸਪੀਡ ਬਰੇਕਰ ਕਿਸ ਮੈਂਬਰ ਸਾਹਿਬ ਨੂੰ ਲਗਵਾਉਣਾ ਚਾਹੀਦਾ ਹੈ (ਥੰਪਿੰਗ)

ਮਾਸਟਰ ਬਾਬੂ ਸਿੰਘ: ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਮਿਉਂਸਪੈਲਿਟੀ/ਕਾਰਪੋਰੇਸ਼ਨ ਵਲੋਂ ਕੁਝ ਅੜੱਚਨ ਹੈ। ਮੈਂ ਸਮਝਦਾ ਹਾਂ ਕਿ ਲੋਕਲ ਬਾਡੀਜ਼ ਦੇ ਮਨਿਸਟਰ ਅਤੇ ਇਹ ਆਪ, ਇਹ ਦੋਵੇਂ ਮਨਿਸਟਰ ਸਾਹਿਬਾਨ ਚੈਂਬਰ ਵਿਚ ਇਕੱਠੇ ਬੈਠ ਕੇ ਕੋਈ ਫਾਰਮੂਲਾ ਕਢ ਲੈਣ। ਕੀ ਇਹ ਐਸ਼ੋਅਰ ਕਰਾਉਣਗੇ ਕਿ ਕਿਸ ਤਰ੍ਹਾਂ ਕੀਤਾ ਜਾਏਗਾ ?

ਮੰਤਰੀ: ਮੈਂ ਅਰਜ਼ ਕੀਤੀ ਸੀ ਕਿ ਜੇਕਰ ਪਬਲਿਕ ਚਾਹੁੰਦੀ ਹੈ ਤਾਂ ਪਬਲਿਕ ਦੇ ਨੁਮਾਇੰਦੇ ਮਿਉਂਸਪੈਲਿਟੀ/ਕਾਰਪੋਰੇਸ਼ਨ ਵਿਚ ਬੈਠ ਹਨ ਇਹ ਉਥੋਂ ਰਜ਼ਾਮੰਦੀ ਜ਼ਾਹਿਰ ਕਰਾ ਦੇਣ, ਅਗਲਾ ਕੰਮ ਅਸੀਂ ਕਰਾ ਦਿਆਂਗੇ। ਇਸ ਵਿਚ ਕੋਈ ਐਸਾ ਮਸਲਾ ਨਹੀਂ ਹੈ ਜਿਸ ਕਰਕੇ ਕਿ ਚੈਂਬਰ ਵਿਚ ਬੈਠ ਕੇ ਦੋਵੇਂ ਮਨਿਸਟਰਜ਼ ਕੋਈ ਫੈਸਲਾ ਕਰਨ।

## RATE OF OLD AGE PENSION

***1633 Master Babu Singh**
**Comrade Buta Singh** } Will the Minister for Welfare and Labour be pleased to state —

(a) the rate of pension being given to old men and women by the Social Welfare Department;

(b) the date since when the rate referred to in part (a) above has been in force;

(c) whether the Conference of Social Welfare Ministers convened by the Government of India, has recommended an upward revision of the rate of old age pension if so, the details thereof;

(d) whether the Government propose to accept the said recommendation?

ਚੌਧਰੀ ਜਗਤ ਰਾਮ (ੳ) 50/- ਰੁ: ਪ੍ਰਤੀ ਮਹੀਨਾ ਪ੍ਰਤੀ ਲਾਭਪਾਤਰੀ।

(ਅ) 1 ਮਾਰਚ, 1973

(ੲ) ਹਾਂ ਜੀ। ਕਾਨਫਰੰਸ ਨੇ 60/- ਰੁਪਏ ਤੱਕ ਵਧਾਉਣ ਲਈ ਸਿਫਾਰਸ਼ ਕੀਤੀ।

(ਸ) ਇਹ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਾਨਫਰੰਸ ਦੇ ਫੈਸਲੇ ਦੇ ਮੁਤਾਬਿਕ ਉਹਨਾਂ ਨੇ 60/- ਰੁ: ਪ੍ਰਤੀ ਮਹੀਨਾ ਦੀ ਸਿਫਾਰਸ਼ ਕੀਤੀ ਹੈ, ਕੀ ਇਹ ਮਸਲਾ ਮੰਤਰੀ ਮੰਡਲ ਦੀ ਬੈਠਕ ਵਿੱਚ ਲਿਆ ਕੇ ਡਿਸਕਸ ਕੀਤਾ ਜਾ ਚੁਕਾ ਹੈ ਜਾਂ ਕਰਨਾ ਹੈ, ਜੇ ਕਰਨਾ ਹੈ, ਤਾਂ ਕਦੋਂ ਤੱਕ ਕਰਨਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਮਸਲਾ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ: ਸਪੀਕਰ ਸਾਹਿਬ, ਮੈਂ ਇਹ ਕਲੀਅਰਲੀ ਪੁਛਣਾ ਚਾਹੁੰਦਾ ਹਾਂ ਕਿ ਇਹ ਮਸਲਾ ਡਿਪਾਰਟਮੈਂਟ ਵਿੱਚ ਵੀ ਅੰਡਰ ਕੰਸਿਡਰੇਸ਼ਨ ਹੋ ਸਕਦਾ ਹੈ, ਇਹ ਮਸਲਾ ਮੰਤਰੀ ਮੰਡਲ ਵਿੱਚ ਵੀ ਅੰਡਰ ਕੰਸਿਡਰੇਸ਼ਨ ਹੋ ਸਕਦਾ ਹੈ। ਅਸੀਂ ਵੀਕਰ ਸੈਕਸ਼ਨ ਦੀ ਮੱਦਦ ਕਰਦੇ ਹਾਂ। ਇਹ ਸਾਡਾ ਫਰਜ਼ ਬਣਦਾ ਹੈ। ਕੀ ਇਹ ਕੈਬਨਿਟ ਵਿੱਚ ਡਿਸਕੱਸ ਹੋ ਗਿਆ ਹੈ ਜਾਂ ਹਾਲੇ ਕੈਬਨਿਟ ਵਿੱਚ ਰਖਣਾ ਹੈ?

ਮੰਤਰੀ : ਇਹ ਮਸਲਾ ਹਾਲੇ ਸਰਕਾਰ ਦੇ ਵਿਚਾਰ ਅਧੀਨ ਹੈ।

ਮਾਸਟਰ ਬਾਬੂ ਸਿੰਘ : ਵਜ਼ੀਰ ਸਾਹਿਬ, ਇਹ ਅੰਡਰ ਕੰਸਿਡਰੇਸ਼ਨ ਹੈ ਜਾਂ ਕੈਬਨਿਟ ਨੇ ਵਿਚਾਰ ਕਰ ਲਿਆ ਹੈ? ਤੁਸੀਂ ਇਸ ਨੂੰ ਕਿੰਨੀ ਕੁ ਇੰਪਾਰਟੈਂਸ ਦੇ ਰਹੇ ਹੋ?

ਸ਼੍ਰੀ ਸਪੀਕਰ : ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਇਹ ਮਸਲਾ ਵਿਚਾਰ ਅਧੀਨ ਹੈ।

ਕਾਮਰੇਡ ਕੁਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਪੈਨਸ਼ਨ ਜਿਹੜੀ ਉਨ੍ਹਾਂ ਨੇ ਵਧਾਉਣੀ ਹੈ, ਉਸਦਾ ਤਾਂ ਫੈਸਲਾ ਹਾਲੇ ਇਨ੍ਹਾਂ ਨੇ ਕਰਨਾ ਹੈ, ਪਰ ਜਿਹੜੀ ਆਲਰੇਡੀ ਮਿਲਦੀ ਹੈ, ਉਹ ਵੀ ਕਈਆਂ ਨੂੰ ਇਕ ਇਕ ਸਾਲ, ਦੋ-ਦੋ ਸਾਲ ਅਤੇ ਛੇ-ਛੇ ਮਹੀਨੇ ਨਹੀਂ ਮਿਲਦੀ। ਇਸ ਗੱਲ ਲਈ ਬਿਰਧ ਲੋਕ ਗੇੜੇ ਮਾਰ ਮਾਰ ਕੇ ਥੱਕ ਜਾਂਦੇ ਹਨ। ਇਹ ਗਾਰੰਟੀ ਦੇਣ ਤਾਕਿ ਇਹ ਪੈਨਸ਼ਨ ਉਨ੍ਹਾਂ ਨੂੰ ਸਮੇਂਸਿਰ ਮਿਲਦੀ ਰਹੇ?

ਮੰਤਰੀ: ਜੇ ਇਨ੍ਹਾਂ ਦੀ ਕੋਈ ਖਾਸ ਪਰਾਬਲਮ ਹੈ ਤਾਂ ਇਹ ਦੱਸ ਦੇਣ।

ਸ਼੍ਰੀ ਸਪੀਕਰ: ਮੰਤਰੀ ਮਹੋਦਯ, ਇਨ੍ਹਾਂ ਨੇ ਕਿਹਾ ਹੈ ਕਿ ਕਈ ਲੋਕਾਂ ਨੂੰ ਇਹ ਪੈਨਸ਼ਨ ਛੇ-ਛੇ ਮਹੀਨੇ ਅਤੇ ਸਾਲ-ਸਾਲ ਨਹੀਂ ਮਿਲਦੀ। ਤੁਸੀਂ ਇਸ ਤਰ੍ਹਾਂ ਦਾ ਕੋਈ ਪ੍ਰਬੰਧ ਕਰੋ ਤਾਂਕਿ ਵਿਧਵਾਵਾਂ ਅਤੇ ਬਿਰਧ ਲੋਕਾਂ ਨੂੰ ਪੈਨਸ਼ਨ ਪਿਛੇ ਗੇੜੇ ਨਾ ਮਾਰਨੇ ਪੈਣ।

ਮੰਤਰੀ: ਇਹ ਇਸਦੀ ਕੋਈ ਮਿਸਾਲ ਦੱਸ ਦੇਣ, ਅਸੀਂ ਜਵਾਬ ਦੇ ਦੇਵਾਂਗੇ।

ਕਾਮਰੇਡ ਸਰਵਣ ਸਿੰਘ ਚੀਮਾਂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁਛਦਾ ਹਾਂ ਕਿ ਜਿਵੇਂ ਕਾਮਰੇਡ ਕੁਲਵੰਤ ਸਿੰਘ ਹੋਰਾਂ ਨੇ ਕਿਹਾ ਹੈ ਕਿ ਜਿਵੇਂ ਕੋਈ ਬੁਢਾਪਾ ਪੈਨਸ਼ਨ ਲਈ ਅਪਲਾਈ ਕਰਦਾ ਹੈ ਤਾਂ ਉਸਨੂੰ ਕੋਈ ਪਤਾ ਨਹੀਂ ਲਗਦਾ ਕਿ ਉਸਦੀ ਪੈਨਸ਼ਨ ਮਨਜੂਰ ਹੋ ਗਈ ਹੈ ਜਾਂ ਨਹੀਂ। ਇਸ ਤੋਂ ਛੁੱਟ, ਕਈ ਕਈ ਸਾਲ ਉਸ ਦੀ ਪੈਨਸ਼ਨ ਮਨਜ਼ੂਰ ਨਹੀਂ ਹੁੰਦੀ। ਇਸ ਦਾ ਕੋਈ ਸੌਖਾ ਤਰੀਕਾ ਬਣਾ ਦਿੱਤਾ ਜਾਵੇ ਤਾਕਿ 3-4 ਮਹੀਨਿਆਂ ਵਿਚ ਪਤਾ ਲੱਗ ਸਕੇ?

ਮੰਤਰੀ: ਸਪੀਕਰ ਸਾਹਿਬ, ਦਫਤਰ ਪਹਿਲਾਂ ਹੈਡ ਕੁਆਰਟਰ ਚੰਡੀਗੜ੍ਹ ਵਿਖੇ ਹੀ ਸੀ। ਇਹ ਸੌਖਾ ਤਰੀਕਾ ਕਰਕੇ ਹੀ ਦਫਤਰ ਜ਼ਿਲ੍ਹਿਆਂ ਵਿਚ ਭੇਜੇ ਗਏ ਹਨ। ਜ਼ਿਲ੍ਹਿਆਂ ਵਿਚ ਇਹ 2-4 ਨਾਂ ਦੱਸਣ ਕਿ ਫਲਾਣਾ-ਫਲਾਣਾ ਬਦਾ ਹੈ, ਮੈਂ ਦੇਖ ਲਵਾਂਗਾ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਪੈਨਸ਼ਨ ਲੋਕਾਂ ਨੂੰ ਨਹੀਂ ਮਿਲਦੀ, ਉਸਦਾ ਕਾਰਨ ਇਹ ਹੈ ਕਿ ਇਹ ਮਨੀ-ਆਰਡਰ ਦੀਆਂ ਰਸੀਦਾਂ ਨੂੰ ਸੰਭਾਲ ਕੇ ਨਹੀਂ ਰਖਦੇ। ਲੋਕ ਹੈਰਾਨ ਹੁੰਦੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਰਹਿੰਦੇ ਹਨ। 2-2 ਸਾਲ ਦੀਆਂ ਪੈਨਸ਼ਨਾਂ ਸੰਗਰੂਰ ਡਿਸਟਰਿਕਟ ਵਿਚ ਨਹੀਂ ਮਿਲੀਆਂ। ਮੈਂ ਇਹ ਸੁਝਾਓ ਦਿੰਦਾ ਹਾਂ ਕਿ ਪੈਨਸ਼ਨ ਦੀ ਖਜ਼ਾਨੇ ਵਿਚੋਂ ਸਿੱਧੀ ਪੇਮੈਂਟ ਹੋਣੀ ਚਾਹੀਦੀ ਹੈ।

**ਮੰਤਰੀ**: ਸਪੀਕਰ ਸਾਹਿਬ, ਮਨੀ-ਆਰਡਰ ਵਾਲੇ ਤਾਂ ਲੋਕਾਂ ਦੇ ਘਰ ਜਾ ਕੇ ਵੀ ਪੇਮੈਂਟ ਦੇ ਦਿੰਦੇ ਹਨ। ਜੇ ਖ਼ਜ਼ਾਨੇ ਵਿਚੋਂ ਪੈਸੇ ਸਿੱਧੇ ਕਢਾਉਣ ਵਾਲੀ ਗੱਲ ਚੰਗੀ ਹੋਈ ਤਾਂ ਦੇਖ ਲਵਾਂਗੇ।

**ਪੰਡਿਤ ਸਰਵਣ ਰਾਮ**: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਕੇਸ ਜ਼ਿਲ੍ਹਿਆਂ ਵਿਚ ਭੇਜੇ ਜਾਂਦੇ ਹਨ ਉਨ੍ਹਾਂ ਵਿਚੋਂ ਜਿਹੜੇ ਮਨਜ਼ੂਰ ਹੁੰਦੇ ਹਨ ਅਤੇ ਜਿਹੜੇ ਰਿਜੈਕਟ ਹੁੰਦੇ ਹਨ, ਉਨ੍ਹਾਂ ਦਾ ਵੀ ਕਿਸੇ ਨੂੰ ਕੋਈ ਪਤਾ ਨਹੀਂ ਲਗਦਾ। ਇਹ ਇਸ ਤਰ੍ਹਾਂ ਕਰਨ ਕਿ ਮਨਜ਼ੂਰੀ ਦੀ ਚਿੱਠੀ ਲਿਖ ਦਿਆ ਕਰਨ ਔਰ ਜਿਹੜੇ ਨਾ-ਮਨਜ਼ੂਰ ਹੋਏ ਹੋਣ, ਉਸ ਦੀ ਵੀ ਚਿੱਠੀ ਲਿਖ ਦਿੱਤੀ ਜਾਵੇ ਤਾਕਿ ਲੋਕਾਂ ਨੂੰ ਪਤਾ ਲੱਗ ਸਕੇ। ਦੂਸਰੀ ਗੱਲ ਮਨਿਸਟਰ ਸਾਹਿਬ ਨੇ ਇਹ ਕਹੀ ਹੈ ਕਿ ਇਹ ਜਿਹੜੇ ਕੇਸ ਹਨ, ਇਹ ਮੈਨੂੰ ਦੱਸੋ। ਸਪੀਕਰ ਸਾਹਿਬ, ਹੁਸ਼ਿਆਰਪੁਰ ਵਿਚ ਜਿੰਨੇ ਵੀ ਕੇਸ ਹਨ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਕਿ ਇਹ ਮਨਜ਼ੂਰ ਹੋਏ ਹਨ ਜਾਂ ਨਾ-ਮਨਜ਼ੂਰ ਹੋਏ ਹਨ। ਗਰੀਵੈਂਸਿਜ਼ ਕਮੇਟੀ ਵਿਚ ਬੈਠੇ ਅਫਸਰ ਕਹਿ ਦਿੰਦੇ ਹਨ ਕਿ ਚਿੱਠੀਆਂ ਲਿਖ ਕੇ ਦੱਸਣਾ ਬਹੁਤ ਮੁਸ਼ਕਲ ਹੈ ਕਿਉਂਕਿ ਸਾਡੇ ਕੋਲ ਐਨਾ ਸਟਾਫ ਨਹੀਂ ਹੈ। ਕੀ ਇਹ ਉਨ੍ਹਾਂ ਨੂੰ ਸਟਾਫ ਉਥੇ ਦੇ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਜਿਹੜਾ ਕਹਿੰਦੇ ਹਨ ਕਿ ਮਨਜ਼ੂਰੀ ਦੀ ਚਿੱਠੀ ਜਾਣੀ ਚਾਹੀਦੀ ਹੈ ਪਰ ਮਨਜ਼ੂਰੀ ਦੀ ਚਿੱਠੀ ਦੀ ਜਗ੍ਹਾ ਤਾ ਸਬੰਧਤ ਬੰਦੇ ਨੂੰ ਪੈਨਸ਼ਨ ਹੀ ਮਿਲਣ ਲੱਗ ਜਾਂਦੀ ਹੈ। ਨਾ-ਮਨਜ਼ੂਰੀ ਦੇ ਸਬੰਧ ਵਿਚ ਮੈਂ ਕਹਿੰਦਾ ਹਾਂ ਕਿ ਜ ਫਾਰਮ ਵਿਚ ਕੋਈ ਕਮੀ ਰਹਿ ਜਾਂਦੀ ਹੈ ਤਾਂ ਦਫ਼ਤਰ ਵਾਲੇ ਉਸ ਨੂੰ ਟਿਕ ਮਾਰਕ ਕਰਕੇ ਵਾਪਸ ਭੇਜ ਦਿੰਦੇ ਹਨ ਤਾਕਿ ਉਹ ਫਾਰਮ ਫਿਰ ਠੀਕ ਹੋਕੇ ਵਾਪਸ ਆਵੇ। ਇਸ ਤਰ੍ਹਾਂ ਉਹ ਫਾਰਮ ਭਰਕੇ ਵਾਪਸ ਭੇਜਦੇ ਹਨ।

**ਸ੍ਰੀ ਸਪੀਕਰ**: ਇਹ ਤਾਂ ਗੱਲ ਠੀਕ ਹੈ। ਜਾਂ ਤਾਂ ਮਨਜ਼ੂਰੀ ਦਾ ਕੋਈ ਟਾਈਮ ਫਿਕਸ ਕਰ ਦਿਉ। ਅਗਰ 4-5 ਮਹੀਨੇ ਦੇ ਵਿਚ ਮਿਲ ਗਈ, ਤਾਂ ਠੀਕ ਹੈ ਨਹੀਂ ਤਾਂ ਕੈਂਸਲ ਸਮਝਿਆ ਜਾਵੇ। ਜੇ 2-2 ਸਾਲ ਇਸ ਗੱਲ ਵਿਚ ਹੀ ਲੱਗ ਜਾਂਦੇ ਹਨ, ਤਾਂ ਇਸ ਵੱਲ ਜ਼ਰੂਰ ਧਿਆਨ ਦਿਉ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਸਪੀਕਰ ਸਾਹਿਬ, ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜੇ ਕਿਸੇ ਵਿਧਵਾ ਔਰਤ ਨੂੰ ਪੈਨਸ਼ਨ ਮਿਲਦੀ ਹੈ ਤਾਂ ਇਨ੍ਹਾਂ ਦੇ ਰੂਲਜ਼ ਰਿਕੁਆਇਰ ਕਰਦੇ ਹਨ ਕਿ ਜੇ ਉਸ ਵਿਧਵਾ ਦੀ ਉਮਰ 60 ਸਾਲ ਦੀ ਹੋ ਜਾਏ ਤਾਂ ਉਹ ਮੁੜ ਕੇ ਬੁਢਾਪਾ ਪੈਨਸ਼ਨ ਲਈ ਅਪਲਾਈ ਕਰੇ। ਕੀ ਇਹ ਇਸ ਰਿਕੁਆਇਰਮੈਂਟ ਨੂੰ ਖਤਮ ਕਰਨਗੇ ਕਿਉਂਕਿ ਵਿਧਵਾ ਭਾਵੇਂ 60 ਸਾਲ ਦੀ ਹੋ ਜਾਵੇ ਤਾਂ ਵੀ ਵਿਧਵਾ ਹੀ ਰਹਿੰਦੀ ਹੈ ? ਦੂਸਰੀ ਗੱਲ, ਫਾਇਨਾਂਸ ਮਨਿਸਟਰ ਸਾਹਿਬ ਨੇ ਹਾਊਸ ਵਿਚ ਐਲਾਨ ਕੀਤਾ ਸੀ ਕਿ ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਇਹ ਜਿਹੜੀਆਂ ਪੈਨਸ਼ਨਾਂ ਹਨ ਇਹ ਉਨ੍ਹਾਂ ਲੋਕਾਂ ਦੀ ਆਪਸ਼ਨ ਤੇ ਉਨ੍ਹਾਂ ਦੇ ਸੇਵਿੰਗ ਅਕਾਊਂਟ ਵਿਚ ਜਮ੍ਹਾਂ ਕਰ ਦਿਆਂਗੇ ਅਤੇ ਜਿਹੜੇ ਮਨੀ-

Original with;
Punjab Vidhan Sabha
Digitized by;
Panjab Digital Library

ਆਰਡਰ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮਨੀ-ਆਰਡਰ ਹੀ ਦਿਆਂਗੇ । ਕੀ ਇਹ ਟਰੈਜ਼ਰੀ ਵਿਚ ਉਨ੍ਹਾਂ ਦੇ ਅਕਾਊਂਟ ਨਹੀਂ ਖੋਲ੍ਹ ਸਕਦੇ ਤਾਂ ਕਿ ਉਹ ਸਰਟੀਫਿਕੇਟ ਦੇ ਕੇ ਆਪਣੇ ਪੈਸੇ ਲੈ ਸਕਣ ? ਸਾਰਿਆਂ ਨਾਲੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਦੇ ਰੂਲਜ਼ ਦੇ ਮੁਤਾਬਿਕ ਪੈਨਸ਼ਨ ਉਨ੍ਹਨੂੰ ਮਿਲੇਗੀ ਜਿਸ ਦੀ ਵੱਧ ਤੋਂ ਵੱਧ ਆਮਦਨ 25/- ਰੁਪਏ ਮਹੀਨਾ ਹੋਵੇ । ਪਰ ਅੱਜ ਦੁਨੀਆ ਵਿਚ ਐਸਾ ਕੋਈ ਵੀ ਬੰਦਾ ਨਹੀ ਜਿਸ ਦੀ ਆਮਦਨ 25/- ਰੁਪਏ ਤਕ ਹੀ ਹੋਵੇ । ਇਸ ਤੋਂ ਜ਼ਿਆਦਾ ਤਾਂ ਮੰਗਤੇ ਵੀ ਕਮਾ ਲੈਂਦੇ ਹਨ । ਇਹ ਫਾਰਮ ਦੀ ਰਿਜੈਕਸ਼ਨ ਦਾ ਕਾਰਨ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਤਾਂ 1961 ਦੇ ਰੂਲਜ਼ ਦੇ ਮੁਤਾਬਿਕ ਹੀ ਚਲਦਾ ਆ ਰਿਹਾ ਹੈ । ਕੀ ਇਹ ਇਸ ਬਾਰੇ ਕੋਈ ਐਲਾਨ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਮੈਂਬਰ ਸਾਹਿਬਾਨ ਨੇ ਗੱਲ ਕਹੀ ਹੈ ਕਿ ਆਮਦਨ ਦੀ ਹੱਦ ਘੱਟ ਹੈ, ਇਸ ਤੇ ਵਿਚਾਰ ਕੀਤਾ ਜਾ ਰਿਹਾ ਹੈ । ਦੂਸਰੀ ਗੱਲ ਜਿਹੜੀ ਇਨ੍ਹਾਂ ਨੇ ਕਹੀ ਹੈ ਕਿ ਡਾਕਟਰ ਸਾਹਿਬ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਨੂੰ ਪੁਛਿਆ ਜਾਵੇਗਾ ਕਿ ਉਨ੍ਹਾਂ ਨੂੰ ਕਿਹੜਾ ਢੰਗ ਸੌਖਾ ਲਗਦਾ ਹੈ, ਉਸ ਹਿਸਾਬ ਨਾਲ ਪੈਨਸ਼ਨ ਦੇ ਦਿਆ ਕਰਨਗੇ । ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੱਲ ਤਾਂ ਸੌਖ ਦੀ ਹੈ, ਚਾਹੇ ਉਹ ਮਨੀ-ਆਰਡਰ ਦੇ ਥਰੂ ਲੈ ਲੈਣ ਜਾਂ ਬੈਂਕਾਂ ਦੇ ਥਰੂ ਲੈ ਲੈਣ । ਜਿਹੜੀ ਇਨ੍ਹਾਂ ਨੇ ਵਿਡੋ ਵਾਲੀ ਗੱਲ ਕਹੀ ਹੈ ਕਿ ਉਸਦੀ ਏਜ ਅਗਰ 60 ਸਾਲ ਵੀ ਹੋ ਜਾਏ ਤਾਂ ਵੀ ਉਹ ਵਿਡੋ ਹੀ ਰਹਿੰਦੀ ਹੈ ਤਾਂ ਉਸਨੂੰ ਦੋਬਾਰਾ ਅਪਲਾਈ ਕਿਉਂ ਕਰਨਾ ਪੈਂਦਾ ਹੈ । ਇਸ ਦੇ ਬਾਰੇ ਮੈਂ ਕਹਾਂਗਾ ਕਿ ਉਹ ਵਿਡੋ ਜਿਸਦੇ ਬੱਚੇ ਕਮਾਉਣ ਵਾਲੇ ਨਹੀਂ, ਇਹ ਪੈਨਸ਼ਨ ਉਸਨੂੰ ਦਿੱਤੀ ਜਾਂਦੀ ਹੈ । ਅਗਰ 60 ਸਾਲ ਦੀ ਉਮਰ ਤੱਕ ਉਸਦੇ ਬੱਚੇ ਕਮਾਉਣ ਵਾਲੇ ਹੋ ਜਾਣ ਤਾਂ ਉਸ ਨੂੰ ਇਹ ਪੈਨਸ਼ਨ ਨਹੀਂ ਮਿਲਦੀ ਅਤੇ ਉਸਨੂੰ ਬੁਢਾਪਾ ਪੈਨਸ਼ਨ ਲਈ ਦੋਬਾਰਾ ਅਪਲਾਈ ਕਰਨਾ ਪੈਂਦਾ ਹੈ ।

**ਸ੍ਰੀ ਸੇਵਾ ਰਾਮ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ-ਜਨਤਾ ਰਾਜ ਵਿਚ ਜਿਹੜੇ ਬੰਦੇ ਪੈਨਸ਼ਨਾਂ ਦੇ ਹੱਕਦਾਰ ਨਹੀਂ ਸਨ ਉਨ੍ਹਾਂ ਨੂੰ ਪੈਨਸ਼ਨਾਂ ਲਗਾ ਦਿਤੀਆਂ ਗਈਆਂ ਅਤੇ ਜਿਨ੍ਹਾਂ ਨੂੰ ਪੈਨਸ਼ਨਾਂ ਲੱਗਣੀਆਂ ਚਾਹੀਦੀਆਂ ਸਨ ਉਨ੍ਹਾਂ ਨੂੰ ਪੈਨਸ਼ਨਾਂ ਨਹੀਂ ਲਗੀਆਂ । ਇਸ ਲਈ ਕੀ ਮਨਿਸਟਰ ਸਾਹਿਬ ਇਸ ਦੀ ਇਨ-ਕੁਆਇਰੀ ਕਰਨਗੇ ਅਤੇ ਜਿਨ੍ਹਾਂ ਨੂੰ ਗ਼ਲਤ ਪੈਨਸ਼ਨਾਂ ਲਗੀਆਂ ਹਨ ਉਨ੍ਹਾਂ ਨੂੰ ਕੈਂਸਲ ਕਰਕੇ ਜਿਨ੍ਹਾਂ ਨੂੰ ਲੋੜ ਹੈ ਉਨ੍ਹਾਂ ਦੀਆਂ ਪੈਨਸ਼ਨਾਂ ਲਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਇਨ੍ਹਾਂ ਦਾ ਅੱਛਾ ਸੁਝਾਓ ਹੈ, ਅਸੀਂ ਇਹ ਜ਼ਰੂਰ ਦੇਖ ਲਵਾਂਗੇ ।

**ਕਾਮਰੇਡ ਬਲਦੇਵ ਸਿੰਘ ਲੁੰਬਾ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ੍ਰੀ ਚਤਰਥ ਜੀ ਨੇ ਕਿਹਾ ਹੈ 20-25 ਰੁਪਏ ਦੀ ਸ਼ਰਤ ਨੂੰ ਉਡਾ ਦੇਣਾ ਚਾਹੀਦਾ ਹੈ, ਬਗੈਰ ਝੂਠ ਦੇ ਕੋਈ ਗੱਲ ਨਹੀਂ ਹੈ । ਦੂਸਰਾ ਇਹ ਕਿ ਪਹਿਲਾਂ ਇਹ ਨਾਰਮ ਹੁੰਦਾ ਸੀ ਕਿ ਪੰਚ, ਸਰਪੰਚ ਐਮ. ਐਲ. ਏ., ਬੀ.ਡੀ.ਓ. ਜਾਂ ਐਸ. ਡੀ. ਓ. ਦੇ ਦਸਖਤ ਕਰਨ ਤੇ ਪੈਨਸ਼ਨ ਲਗ ਜਾਂਦੀ ਸੀ ਪਰ ਹੁਣ ਇਨ੍ਹਾਂ ਨੇ ਵਡੇ ਵਾਹਿਗੁਰੂ (ਪਟਵਾਰੀ) ਨੂੰ ਅਖਤਿਆਰ ਦਿਤਾ ਹੈ ਕਿ ਉਹ ਦਸਖਤ ਕਰੇ ਤਾਂ ਪੈਨਸ਼ਨ ਲਗਦੀ ਹੈ । ਮੈਨੂੰ ਆਪਣੇ ਹਲਕੇ ਦਾ ਪਤਾ ਹੈ ਉਥੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਪਟਵਾਰੀਆਂ ਨੇ ਆਪਣੇ ਘਰਾਂ ਵਿਚ ਬੈਠ ਕੇ ਲਿਖ ਦਿਤਾ ਕਿ ਫਲਾਣੇ ਦੀ 25 ਰੁਪਏ ਦੀ ਆਮਦਨ ਹੈ, ਫਲਾਣੀ ਦਾ ਘਰ ਵਾਲਾ ਮਰ ਗਿਆ ਹੈ ਜਦ ਕਿ ਉਹ ਜੀਉਂਦਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਵਡੇ ਵਾਹਿਗੁਰੂ (ਪਟਵਾਰੀ) ਤੋਂ ਲੋਕਾਂ ਦਾ ਖਹਿੜਾ ਛੁਡਾਉਣਗੇ ਕਿਉਂਕਿ ਇਹ ਲੋਕਾਂ ਤੋਂ ਪੈਸੇ ਲੈ ਕੇ ਦਸਖਤ ਕਰਦੇ ਹਨ ? ਦੂਸਰਾ ਇਹ ਕਿ ਹਾਊਸ ਵਿਚ ਇਹ ਗੱਲ ਕਲੀਅਰ ਕਰ ਦੇਣ ਕਿ ਕੀ 2 ਮਹੀਨੇ, 4 ਮਹੀਨੇ ਜਾਂ 6 ਮਹੀਨਿਆਂ ਤਕ ਕਦੋਂ ਤਕ ਇਹ 60 ਰੁਪਏ ਕਰ ਦੇਣਗੇ ?

**ਮੰਤਰੀ**: ਇਹ ਮੈਂ ਦੇਖ ਲਵਾਂਗਾ। ਜਿਹੜਾ ਇਨ੍ਹਾਂ ਨੇ ਪਟਵਾਰੀਆਂ ਦੇ ਬਾਰੇ ਕਿਹਾ ਹੈ ਇਹ ਦੇਖ ਲਵਾਂਗੇ ਅਤੇ ਜੋ ਕੁਝ ਠੀਕ ਹੋ ਸਕਦਾ ਹੋਇਆ ਕਰਾਂਗੇ ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਦੁਖ ਹੈ ਕਿ ਕੁਝ ਗਲਤ-ਫਹਿਮੀ ਦੀ ਬਿਨਾ ਦੇ ਉਤੇ ਇਹ ਸਾਰੇ ਕੁਐਸਚਨ ਜਾਂ ਉਨ੍ਹਾਂ ਦੇ ਜਵਾਬ ਆ ਰਹੇ ਹਨ । ਬਹੁਤ ਸਾਰੀਆਂ ਜੋ ਇਨ੍ਹਾਂ ਨੇ ਤਜਵੀਜ਼ਾਂ ਦਿਤੀਆਂ ਹਨ ਇਹ ਨਵੀਆਂ ਹਨ, ਅਸੀਂ ਇਨ੍ਹਾਂ ਸਾਰੀਆਂ ਉਤੇ ਘੋਖ ਕਰਕੇ, ਇਸ ਨੂੰ ਰਿਵਿਊ ਕਰਾਂਗੇ ਤਾਕਿ ਕਿਸੇ ਨੂੰ ਕੋਈ ਤਕਲੀਫ ਨਾ ਹੋਵੇ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਵਿਡੋਜ਼ ਦੇ ਬਾਰੇ ਜਿਸ ਤਰ੍ਹਾਂ ਪਰਪੋਜ਼ਲ ਦਿਤੀ ਗਈ ਹੈ, ਉਨ੍ਹਾਂ ਦਾ ਵੀ ਧਿਆਨ ਰੱਖਣਾ ।

**ਸਰਦਾਰ ਦਿਲਬਾਗ ਸਿੰਘ**: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਐਸ਼ੋਰੈਂਸ ਦਿਤੀ ਹੈ ਕਿ ਅਸੀਂ ਨਵੇਂ ਸਿਰੇ ਤੋਂ ਸਾਰਾ ਰਿਵਿਊ ਕਰਾਂਗੇ । ਇਹ ਹਕੀਕਤ ਹੈ ਕਿ ਕੁਝ ਲੋਕ ਜਿਹੜੇ ਮਰ ਜਾਂਦੇ ਹਨ, ਮਹਿਕਮੇ ਵਾਲੇ ਉਨ੍ਹਾਂ ਨੂੰ ਪੈਨਸ਼ਨਾਂ ਭੇਜੀ ਜਾਂਦੇ ਹਨ ਅਤੇ ਉਥੇ ਹੋਰ ਆਦਮੀ ਮਹਿਕਮੇ ਨਾਲ ਰਲਕੇ ਉਸ ਪੈਸੇ ਨੂੰ ਗਲਤ ਇਸਤੇਮਾਲ ਕਰੀ ਜਾਂਦੇ ਹਨ । ਇਸ ਲਈ ਇਸ ਦਾ ਕੋਈ ਸਿਸਟਮ ਐਸਾ ਕੀਤਾ ਜਾਵੇ ਕਿ ਜਿਸ ਤਰ੍ਹਾਂ ਪਿੰਡਾਂ ਵਿਚ ਬੈਂਕਾਂ ਹਨ, ਪੈਨਸ਼ਨਰ ਜਿਹੜੇ ਹਨ ਉਨ੍ਹਾਂ ਦੇ ਉਨ੍ਹਾਂ ਬੈਂਕਾਂ ਵਿਚ ਉਥੇ ਅਕਾਊਂਟ ਹੋਣ । ਉਨ੍ਹਾਂ ਨੂੰ ਉਥੇ ਚੈਕ ਚਲਾ ਜਾਵੇ ਅਤੇ ਚੈਕ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਹੋ ਜਾਵੇ ਅਤੇ ਜਦ ਕੋਈ ਮਰ ਜਾਵੇ ਤਾਂ ਉਹ ਅਕਾਊਂਟ ਅਤੇ ਪੈਨਸ਼ਨ ਬੰਦ ਹੋ ਜਾਵੇ । ਕੀ ਇਹੋ ਜਿਹਾ ਇਹ ਕੋਈ ਇੰਤਜ਼ਾਮ ਕਰਨਗੇ ?

(ਕੋਈ ਉਤਰ ਨਹੀਂ ਆਇਆ ।)

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਇਕ ਬੜੀ ਪ੍ਰਾਬਲਮ ਆ ਰਹੀ ਹੈ ਉਹ ਇਹ ਕਿ ਕਾਂਗਰਸ ਸਰਕਾਰ ਨੇ ਇਹ ਇਕ ਬੜਾ ਅੱਛਾ ਕੰਮ ਕੀਤਾ ਸੀ ਪਰ ਇਸ ਵਿਚ ਕੁਝ ਤਰੁੱਟੀਆਂ ਆ ਗਈਆਂ ਹਨ । ਪੈਨਸ਼ਨਾਂ ਦਾ ਕੰਮ ਹੁਣ ਜ਼ਿਲ੍ਹਿਆਂ ਵਿਚ ਹੋ ਰਿਹਾ ਹੈ । ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਲਿਖ ਕੇ ਭੇਜਿਆ ਹੈ ਕਿ ਉਥੇ ਸਟਾਫ ਵਧਾਇਆ ਜਾਵੇ । ਇਸ ਲਈ ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਉਹ ਉਥੇ ਪੂਰਾ ਸਟਾਫ ਦੇਣਗੇ ਤਾਕਿ ਇਹ ਜਿਹੜਾ ਅਸੀਂ ਅੱਛਾ ਕੰਮ ਕਰ ਰਹੇ ਹਾਂ ਉਸ ਵਿਚ ਤਰੁੱਟੀਆਂ ਨਾ ਰਹਿਣ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਮਨੀਆਰਡਰ ਵਾਪਿਸ ਆ ਜਾਂਦੇ ਹਨ ਪੈਸਿਆਂ ਦੇ ਜਾਂ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦੀ ਰਸੀਦ ਨਹੀਂ ਦਫ਼ਤਰ ਵਿਚ ਪਹੁੰਚਦੀ, ਉਸ ਬਾਰੇ ਦੋ ਦੋ ਸਾਲ ਕੋਈ ਪਤਾ ਨਹੀਂ ਲਗਦਾ ਕਿ ਕੀ ਪੁਜ਼ੀਸ਼ਨ ਹੈ। ਇਸ ਲਈ ਕੀ ਇਹ ਆਪਣੇ ਮਹਿਕਮੇ ਨੂੰ ਹਦਾਇਤ ਕਰਨਗੇ ਕਿ ਜਿਸ ਮਨੀਆਰਡਰ ਦੀ ਰਸੀਦ ਵਾਪਿਸ ਆ ਜਾਂਦੀ ਹੈ ਜਾਂ ਮਨੀਆਰਡਰ ਡਲਿਵਰ ਨਹੀਂ ਹੁੰਦਾ, ਉਸ ਪੈਨਸ਼ਨਰ ਨੂੰ ਮਹਿਕਮੇ ਵਾਲੇ ਲਿਖਣ ਕਿ ਤੇਰੀ ਪੈਨਸ਼ਨ ਦਫ਼ਤਰ ਵਿਚ ਆ ਗਈ ਹੈ ਅਤੇ ਤੂੰ ਆ ਕੇ ਲੈ ਜਾ, ਜਾਂ ਹੋਰ ਕੋਈ ਰੀਜ਼ਨ ਹੋਵੇ ਤਾਂ ਉਸ ਬਾਰੇ ਵੀ ਉਸ ਨੂੰ ਦੱਸਣ। ਕੀ ਵਜ਼ੀਰ ਸਾਹਿਬ ਇਹੋ ਜਿਹਾ ਕੋਈ ਪ੍ਰਬੰਧ ਕਰਨਗੇ ?

**ਸ੍ਰੀ ਸਪੀਕਰ** : ਸੀ. ਐਮ. ਸਾਹਿਬ ਨੇ ਹਾਊਸ ਨੂੰ ਐਸ਼ੋਰੈਂਸ ਦਿਤੀ ਹੈ ਕਿ ਉਹ ਇਸ ਮਾਮਲੇ ਨੂੰ ਘੋਖ ਲੈਣਗੇ, ਉਸ ਦੇ ਬਾਅਦ ਕੋਈ ਸਪਲੀਮੈਂਟਰੀ ਨਹੀਂ ਰਹਿੰਦੀ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਪਿਛਲੀ ਮੀਟਿੰਗ ਵਿਚ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਇਸ ਨੂੰ ਸੋਧਾਂਗੇ। 6 ਮਹੀਨੇ ਲੰਘ ਗਏ ਇਸ ਨੂੰ ਸੋਧਣ ਵਾਸਤੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਹੋਰ ਕਿੰਨਾ ਚਿਰ ਲੱਗੇਗਾ ? ਸੀ. ਐਮ. ਨੇ ਠੀਕ ਕਿਹਾ ਹੈ ਕਿ ਉਹ ਇਸ ਨੂੰ ਵਿਚਾਰਨਗੇ। ਉਹ ਇਸ ਵਾਸਤੇ ਕੋਈ ਸਮਾਂ ਨਿਸ਼ਚਿਤ ਕਰ ਦੇਣ ਕਿ ਕਿੰਨਾ ਸਮਾਂ ਲਗੇਗਾ, ਦੋ ਮਹੀਨੇ, ਚਾਰ ਮਹੀਨੇ ਜਾਂ ਕਿੰਨਾ ਸਮਾਂ ਲਗੇਗਾ ?

**ਮੁੱਖ ਮੰਤਰੀ** : ਜਿਸ ਦਿਨ ਅਸੰਬਲੀ ਦਾ ਸੈਸ਼ਨ ਖਤਮ ਹੋਵੇਗਾ, ਪਹਿਲੀ ਬੈਠਕ ਵਿਚ ਅਸੀਂ ਇਹ ਸਾਰੀ ਸੋਧ ਲਿਆਉਣ ਵਾਸਤੇ ਕਰਾਂਗੇ ਤਾਕਿ ਇਹ ਜਲਦੀ ਤੋਂ ਜਲਦੀ ਹੋ ਜਾਵੇ। (ਥੰਪਿੰਗ)

ਨਿਸ਼ਾਨ ਵਾਲਾ ਪ੍ਰਸ਼ਨ ਨੰ 1632

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੱਟ ਨਹੀਂ ਕੀਤਾ ਗਿਆ।)

---

### INSTALLATION OF HAND PUMPS IN THE SCHOOLS

*1619 **Master Dalip Chand** : Will the Minister of State for Rehabilitation and Industries be pleased to state whether there is any proposal under the consideration of Govt. to instal hand pumps in all the Government Schools in the State in order to provide uninterrupted drinking water facility to the students, if so, by which time it is likely to materialise ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਸਰਕਾਰੀ ਸਕੂਲਾਂ ਵਿਚ ਨਲਕੇ ਲਾਉਣ ਬਾਰੇ ਸਰਕਾਰ ਦੇ ਵਿਚਾਰ ਅਧੀਨ ਕੋਈ ਤਜਵੀਜ਼ ਨਹੀਂ ਹੈ ਜੀ।

**ਮਾਸਟਰ ਦਲੀਪ ਚੰਦ** : ਕੰਡੀ ਏਰੀਆ ਵਿਚ ਸਰਕਾਰ ਦੀ ਮਿਹਰਬਾਨੀ ਨਾਲ ਹਰ ਪਿੰਡ ਵਿਚ ਵਾਟਰ ਸਪਲਾਈ ਸਕੀਮ ਚਾਲੂ ਹੈ। ਕੰਡੀ ਏਰੀਆ ਵਿਚ ਪ੍ਰਾਇਮਰੀ ਸਕੂਲ, ਮਿਡਲ ਸਕੂਲ ਅਤੇ ਹਾਈ ਸਕੂਲ ਵਿਚ ਬੱਚਿਆਂ ਲਈ ਪੀਣ ਦੇ ਪਾਣੀ ਦਾ ਪ੍ਰਬੰਧ ਠੀਕ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਕੋਲ ਕੋਈ ਐਸੀ ਤਜਵੀਜ਼ ਹੈ ਕਿ ਇਨ੍ਹਾਂ ਸਕੂਲਾਂ ਵਿਚ ਜਿਥੇ ਵਾਟਰ ਸਪਲਾਈ ਸਕੀਮ ਹੋ ਉਥੇ ਸਕੂਲਾਂ ਵਿਚ ਇਕ ਇਕ ਨਲਕਾ ਲਗਾਇਆ ਜਾਵੇ ਤਾਂਕਿ ਉਥੇ ਬੱਚਿਆਂ ਨੂੰ ਪੀਣ ਦਾ ਪਾਣੀ ਮਿਲ ਸਕੇ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਹੈਂਡ ਪੰਪ, ਨਲਕੇ ਬਾਰੇ ਸਵਾਲ ਹੈ। ਅਗਰ ਐਜੂਕੇਸ਼ਨ ਡਿਪਾਰਟਮੈਂਟ ਇਸ ਬਾਰੇ ਸਾਨੂੰ ਕੋਈ ਰਿਕੁਮੈਂਡੇਸ਼ਨ ਕਰੇ ਤਾਂ ਫਿਰ ਕੁਝ ਹੋ ਸਕਦਾ ਹੈ। ਇਸ ਲਈ ਸਕੂਲਾਂ ਵਲੋਂ ਕੋਈ ਡਿਮਾਂਡ ਆਉਣੀ ਚਾਹੀਦੀ ਹੈ ਤਾਂ ਹੀ ਕੁਝ ਕੀਤਾ ਜਾ ਸਕਦਾ ਹੈ।

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ, ਸਕੂਲਾਂ ਦੇ ਬੱਚੇ ਪੀਣ ਦੇ ਪਾਣੀ ਤੋਂ ਬੜੇ ਔਖੇ ਹਨ। ਉਨ੍ਹਾਂ ਨੂੰ ਦੂਰ ਤੋਂ ਜਾ ਕੇ ਪਾਣੀ ਪੀਣਾ ਪੈਂਦਾ ਹੈ। ਜਦ ਸਰਕਾਰ ਨੇ ਲੱਖਾਂ ਰੁਪਏ ਖਰਚੇ ਹਨ ਤਾਂ ਕੀ ਉਥੇ ਇਹ ਉਨ੍ਹਾਂ ਸਕੂਲਾਂ ਵਿਚ ਇਕ ਇਕ ਨਲਕਾ ਇਸ ਵਾਟਰ ਸਪਲਾਈ ਸਕੀਮ ਦੇ ਅਧੀਨ ਦੇਣਗੇ ਤਾਕਿ ਬੱਚਿਆਂ ਦੀ ਪੀਣ ਦੇ ਪਾਣੀ ਦੀ ਤਕਲੀਫ਼ ਦੂਰ ਹੋ ਸਕੇ ?

**ਰਾਜ ਮੰਤਰੀ :** ਮੈਂਬਰ ਸਾਹਿਬ ਨੇ ਜੋ ਹੁਣ ਤਜਵੀਜ਼ ਦਿੱਤੀ ਹੈ, ਇਸ ਤੇ ਜ਼ਰੂਰ ਵਿਚਾਰ ਕਰਾਂਗੇ। ਜਿਥੇ ਵਾਟਰ ਵਰਕਸ ਹੈ ਉਥੇ ਸਕੂਲਾਂ ਵਿਚ ਪਾਣੀ ਜ਼ਰੂਰ ਦਿਆਂਗੇ।

**ਪੰਡਿਤ ਸਰਵਣ ਰਾਮ :** ਕੰਡੀ ਏਰੀਆ ਵਿਚ ਵਾਟਰ ਸਪਲਾਈ ਸਕੀਮ ਸਰਕਾਰ ਦੀ ਚਲਦੀ ਹੈ ਔਰ ਮਹਿਕਮੇ ਨੇ ਪਿਛਲੇ ਦਿਨਾਂ ਵਿਚ ਇਹ ਐਲਾਨ ਕੀਤਾ ਸੀ ਕਿ ਜਿਹੜੇ ਪ੍ਰਾਇਮਰੀ ਸਕੂਲ ਹਨ ਉਨ੍ਹਾਂ ਵਿਚ ਇਕ ਇਕ ਟੂਟੀ ਦਿਆਂਗੇ, ਜਿਹੜੇ ਮਿਡਲ ਸਕੂਲ ਹਨ ਉਨ੍ਹਾਂ ਵਿਚ ਦੋ ਦੋ ਟੂਟੀਆਂ ਦਿਆਂਗੇ ਅਤੇ ਜਿਹੜੇ ਹਾਈ ਸਕੂਲ ਹਨ ਉਨ੍ਹਾਂ ਵਿਚ ਤਿੰਨ ਤਿੰਨ ਟੂਟੀਆਂ ਦਿਆਂਗੇ। ਹੁਣ ਮਨਿਸਟਰ ਸਾਹਿਬ ਇਹ ਗੱਲ ਕਹਿੰਦੇ ਹਨ ਕਿ ਇਸ ਉਤੇ ਵਿਚਾਰ ਕੀਤਾ ਜਾਵੇਗਾ। ਇਕ ਪਾਸੇ ਤਾਂ ਮਹਿਕਮੇ ਨੇ ਐਲਾਨ ਕੀਤਾ ਹੈ। ਇਸ ਲਈ ਕੀ ਮਨਿਸਟਰ ਸਾਹਿਬ ਮਹਿਕਮੇ ਦੇ ਉਸ ਐਲਾਨ ਨੂੰ ਪੂਰਾ ਕਰਾਉਣਗੇ ਅਤੇ ਜਿਹੜੇ ਸਕੂਲ ਰਹਿੰਦੇ ਹਨ ਉਥੇ ਟੂਟੀਆਂ ਲਗਾ ਦੇਣਗੇ ?

**ਰਾਜ ਮੰਤਰੀ :** ਮਹਿਕਮਾ ਮੇਰੇ ਪਾਸ ਹੈ, ਮੈਂ ਤਾਂ ਕੋਈ ਐਲਾਨ ਨਹੀਂ ਕੀਤਾ। ਜਿਥੇ ਲੋੜ ਹੈ, ਵਾਟਰ ਵਰਕਸ ਹੈ ਤਾਂ ਉਥੇ ਅਸੀਂ ਜ਼ਰੂਰ ਟੂਟੀਆਂ ਲਗਾਵਾਂਗੇ।

**ਸਰਦਾਰ ਗੁਰਬਚਨ ਸਿੰਘ ਚੀਮਾ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਲਾਕ ਤਲਵਾੜਾ ਜਿਹੜਾ ਹੈ ਉਹ ਕੰਡੀ ਏਰੀਆ ਹੈ, ਉਥੇ ਪਾਣੀ ਦੀ ਬਹੁਤ ਤਕਲੀਫ਼ ਹੈ। ਉਥੇ ਇਨ੍ਹਾਂ ਦੇ ਮਹਿਕਮੇ ਨੇ ਐਲਾਨ ਕੀਤਾ ਸੀ ਕਿ ਅਸੀਂ ਹਰ ਸਕੂਲ ਵਿਚ ਟੂਟੀ ਲਗਾਵਾਂਗੇ। ਉਥੇ ਪਾਣੀ ਕਈ ਵਾਰੀ ਰਾਤ ਨੂੰ ਆਉਂਦਾ ਹੈ ਅਤੇ ਉਹ ਜ਼ਾਇਆ ਜਾਂਦਾ ਹੈ। ਅਸੀਂ ਤਜਵੀਜ਼ ਦਿੱਤੀ ਸੀ ਕਿ ਉਥੇ ਹਰ ਸਕੂਲ ਵਿਚ ਇਕ ਇਕ ਟੈਂਕੀ ਬਣਾ ਦਿਓ ਤਾਕਿ ਬੱਚਿਆਂ ਦੀ ਸਟਰੈਂਗਥ ਦੇ ਮੁਤਾਬਿਕ ਉਥੇ ਉਹ ਕੁਝ ਪਾਣੀ ਦੇ ਘੜੇ ਭਰ ਲਿਆ ਕਰਨ ਜਿਥੋਂ ਕਿ ਬੱਚੇ ਪਾਣੀ ਪੀ ਸਕਣ। ਪਾਣੀ ਆਉਣ ਦਾ ਕੋਈ ਟਾਈਮ ਨਹੀਂ ਹੈ। ਪਾਣੀ ਰਾਤ ਨੂੰ ਆਉਂਦਾ ਹੈ ਅਤੇ ਇਸ ਤਰ੍ਹਾਂ ਉਹ ਜ਼ਾਇਆ ਜਾਂਦਾ ਰਹਿੰਦਾ ਹੈ। ਇਸ ਲਈ ਹਰ ਸਕੂਲ ਵਿਚ ਇਕ ਇਕ ਟੈਂਕੀ ਹੋਣੀ ਚਾਹੀਦੀ ਹੈ ਜਿਥੋਂ ਕਿ ਉਹ ਪਾਣੀ ਭਰ ਕੇ ਰੱਖ ਲਿਆ ਕਰਨ ?

**ਰਾਜ ਮੰਤਰੀ :** ਇਨ੍ਹਾਂ ਦੀ ਤਜਵੀਜ਼ ਠੀਕ ਹੈ। ਉਹ ਬਿਜਲੀ ਦੇ ਕੁਨੈਕਸ਼ਨ ਨਾਲ ਚਲਦੇ ਹਨ। ਸਕੂਲ ਦੇ ਟਾਈਮ ਵਿਚ ਆਮ ਤੌਰ ਤੇ ਬਿਜਲੀ ਬੰਦ ਹੁੰਦੀ ਹੈ। ਇਸ ਤੇ ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਡਾਕਟਰ ਭਗਤ ਸਿੰਘ :** ਮੇਰਾ ਖਿਆਲ ਹੈ ਕਿ ਇਹ ਜਿਹੜਾ ਸਵਾਲ ਹੈ ਇਹ ਰੁਟੀਨ ਵਿਚ ਹੇਠੋਂ ਲਿਖਕੇ ਆਇਆ ਹੈ ਅਤੇ ਰੁਟੀਨ ਵਿਚ ਪੜ੍ਹ ਦਿੱਤਾ ਗਿਆ ਹੈ। ਇਨ੍ਹਾਂ ਨੇ ਉਸ ਉਤੇ ਕੋਈ ਗੌਰ ਨਹੀਂ ਕੀਤਾ। ਮੇਰਾ ਜ਼ਿਲ੍ਹਾ ਬਠਿੰਡਾ ਹੈ। ਉਥੋਂ ਦਾ ਪਾਣੀ ਬਰੈਕਿਸ਼ ਹੈ ਯਾਨੀ ਕਿ ਖਰਾਬ ਪਾਣੀ ਹੈ ਜਿਸ ਨਾਲ ਦੰਦ ਆਦਿ ਖਰਾਬ ਹੋ ਜਾਂਦੇ ਹਨ। ਇਸ ਲਈ ਉਥੇ ਟਿਊਬਵੈੱਲਾਂ ਦਾ ਪਾਣੀ ਦੇਣਾ ਚਾਹੀਦਾ ਹੈ। ਉਥੇ ਬਹੁਤ ਸਾਰੇ ਸਕੂਲਾਂ ਵਿਚ ਟੇਪ ਬੜੇ ਲਾਜ਼ਮੀ ਹਨ। ਮੇਰੇ ਹਲਕੇ ਵਿਚ, ਖ਼ਾਸ ਕਰਕੇ ਪੱਕਾ ਕਲਾਂ ਵਿਚ ਜਿੰਨੇ ਪ੍ਰਾਇਮਰੀ ਸਕੂਲ, ਮਿਡਲ ਸਕੂਲ ਹਨ, ਉਥੇ ਬੱਚਿਆਂ ਦੀ ਸਟਰੈਂਥ ਦੇ ਮੁਤਾਬਿਕ ਟਿਊਬਵੈੱਲ ਦੀਆਂ ਟੂਟੀਆਂ ਲਾਉਣੀਆਂ ਚਾਹੀਦੀਆਂ ਹਨ। ਕੀ ਇਸ ਦਾ ਇਹ ਫੌਰੀ ਪ੍ਰਬੰਧ ਕਰਨਗੇ ?

**ਰਾਜ ਮੰਤਰੀ :** ਕੇਵਲ ਬਠਿੰਡੇ ਜ਼ਿਲ੍ਹੇ ਦੀ ਹੀ ਗੱਲ ਨਹੀਂ, ਜਿੱਥੇ ਜਿੱਥੇ ਵੀ ਪਾਣੀ ਖਰਾਬ ਹੈ ਉਥੇ ਵਾਟਰ ਵਰਕਸ ਦੁਆਰਾ ਪਾਣੀ ਸਾਰੇ ਪਿੰਡਾਂ ਨੂੰ ਪੰਜ-ਪੰਜ, ਸੱਤ-ਸੱਤ ਪਿੰਡਾਂ ਨੂੰ ਦਿੰਦੇ ਹਾਂ ਔਰ ਸਕੂਲ ਜਾਂ ਧਰਮਸ਼ਾਲਾਂ ਜਾਂ ਦੂਸਰੀਆਂ ਜਿਹੜੀ ਸਾਂਝੀਆਂ ਥਾਵਾਂ ਹਨ, ਜਿਵੇਂ ਮੰਦਰ ਗੁਰਦੁਆਰਾ ਆਦਿ ਉਥੇ ਵੀ ਪਾਣੀ ਦਿੰਦੇ ਹਾਂ। ਫਰੀਦਕੋਟ, ਬਠਿੰਡਾ ਹੋਰ ਵੀ ਕਈ ਪਾਸੇ ਹਨ ਜਿੱਥੇ ਕਿ ਪਾਣੀ ਦੀ ਕਮੀ ਹੈ। ਅਸੀਂ ਸਭ ਜਗ੍ਹਾ ਪਾਣੀ ਦੀਆਂ ਪਾਈਪਾਂ ਆਦਿ ਲਗਾ ਕੇ ਦਿੰਦੇ ਹਾਂ।

**ਡਾਕਟਰ ਭਗਤ ਸਿੰਘ :** ਸਪੀਕਰ ਸਾਹਿਬ, ਮੈਂ ਇਕ ਸਪੈਸੀਫਿਕ ਸਵਾਲ ਕੀਤਾ ਸੀ, ਉਸ ਦਾ ਜਵਾਬ ਨਹੀਂ ਆਇਆ।

**ਰਾਜ ਮੰਤਰੀ** ਤੁਸੀਂ ਨਾਂ ਲੈ ਦਿਓ, ਉਥੇ ਵੀ ਪਾਣੀ ਦੇ ਦਿਆਂਗੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਕੋਲੋਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿਊਂਸੀਪਲ ਕਮੇਟੀਆਂ ਹਨ ਇਨ੍ਹਾਂ ਵਿਚੋਂ ਕਈਆਂ ਨੇ ਮਿਊਂਸੀਪਲ ਰੂਲਜ਼ ਮੁਤਾਬਕ ਜਿਹੜੇ ਕਾਮਨ ਪਰਪਜ਼ਿਜ਼ ਲਈ ਟੂਟੀਆਂ ਹਨ ਉਹ ਵੀ ਇਨ੍ਹਾਂ ਨੇ ਬੰਦ ਕਰ ਦਿੱਤੀਆਂ ਹਨ। ਜੇ ਕੋਈ ਸਕੂਲ ਆਪ ਟੂਟੀ ਲਵਾਉਣੀ ਚਾਹੇ ਤਾਂ ਉਹ ਲਵਾ ਨਹੀਂ ਸਕਦਾ। ਸਕਿਉਰਿਟੀ ਬਹੁਤ ਜ਼ਿਆਦਾ ਹੈ। ਗੌਰਮਿੰਟ ਸਕੂਲਾਂ ਵਿਚ ਐਨੇ ਫੰਡਜ਼ ਨਹੀਂ ਹੁੰਦੇ। ਕੀ ਵਜ਼ੀਰ ਸਾਹਿਬ ਲੋਕਲ ਬਾਡੀਜ਼ ਮਨਿਸਟਰ ਨੂੰ ਨਾਲ ਲੈ ਕੇ ਕੋਈ ਸਕੀਮ ਬਣਾਉਣਗੇ ਜਿਸ ਨਾਲ ਜਿਹੜੇ ਸ਼ਹਿਰਾਂ ਵਿਚ ਸਕੂਲ ਹਨ ਉਥੇ ਵਾਟਰ ਸਪਲਾਈ ਕੀਤੀ ਜਾਵੇ ਅਤੇ ਬੱਚਿਆਂ ਨੂੰ ਫਰੀ ਪਾਣੀ ਮਿਲਣਾ ਚਾਹੀਦਾ ਹੈ। ਸਕੂਲਾਂ ਵਿਚ ਪਾਣੀ ਲਈ ਪਾਣੀ ਦੀਆਂ ਟੈਂਕੀਆਂ ਹੋਣੀਆਂ ਚਾਹੀਦੀਆਂ ਹਨ ਤਾਕਿ ਬੱਚਿਆਂ ਨੂੰ ਪਾਣੀ ਮਿਲ ਸਕੇ। ਇਸ ਕੰਮ ਵਿਚ ਬੱਚਿਆਂ ਨੂੰ ਸਭ ਤੋਂ ਪਹਿਲਾਂ ਪ੍ਰਾਇਰਟੀ ਦਿੱਤੀ ਜਾਣੀ ਚਾਹੀਦੀ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਨੂੰ ਐਵੇਂ ਹੀ ਖਿਆਲ ਜਿਹਾ ਆ ਗਿਆ ਹੈ, ਪਾਣੀ ਤਾਂ ਬੱਚਿਆਂ ਨੂੰ ਪਹਿਲਾਂ ਹੀ ਦਿੱਤਾ ਜਾ ਰਿਹਾ ਹੈ। ਲੋਕਲ ਬਾਡੀਜ਼ ਅਤੇ ਪਬਲਿਕ ਹੈਲਥ ਇਹ ਸਾਰੇ ਇਹ ਕੰਮ ਕਰ ਰਹੇ ਹਨ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਕਹਿੰਦਾ ਹਾਂ ਕਿ ਕਾਮਨ ਪਰਪਜ਼ਿਜ਼ ਲਈ ਟੂਟੀਆਂ ਲਾਉਣੀਆਂ ਬੰਦ ਹਨ। ਸਕੂਲਾਂ ਵਿਚ ਬੱਚੇ ਪਾਣੀ ਨਹੀਂ ਪੀ ਸਕਦੇ ਉਨ੍ਹਾਂ ਨੂੰ ਪਾਣੀ ਨਹੀਂ ਮਿਲ ਰਿਹਾ। ਉਨ੍ਹਾਂ ਨੂੰ ਪਾਣੀ ਜ਼ਰੂਰ ਮਿਲਣਾ ਚਾਹੀਦਾ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਤੁਹਾਡੀ ਤਜਵੀਜ਼ ਠੀਕ ਹੈ, ਬੱਚਿਆਂ ਨੂੰ ਜ਼ਰੂਰ ਪਾਣੀ ਦਿਆਂਗੇ ।

## EXEMPTION FROM PURCHASING DEBENTURES

*1618. **Master Dalip Chand** : Will the Chief Minister be pleased to state whether there is any proposal under the consideration of the Government to give exemption to the residents of Kandi and Bet areas of Balachaur from the condition of purchasing debentures worth Rs. 3,000/- for getting power connection for the tubewells ?

**Sardar Darbara Singh** : An amount of Rs. 3,000 is being recovered by the Punjab State Electricity Board from the prospective Tubewell consumers, not in the form of debentures, but towards the cost of service connection charges in areas which have not been covered by the projects financed by the Rural Electrification Corporation. A proposal for permitting all priority consumers, including those from the Kandi and the Bet areas, to make this payment in two equal instalments is under the consideration of the Punjab State Electricity Board.

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡੀਬੈਂਚਰ ਸਕੀਮ ਅਧੀਨ ਕੰਡੀ ਅਤੇ ਬੇਟ ਦੇ ਏਰੀਏ ਵਿਚ ਪਹਿਲਾਂ ਇਕ ਹਜ਼ਾਰ ਰੁਪਏ ਜਮ੍ਹਾਂ ਕਰਵਾਏ ਜਾਂਦੇ ਸਨ ਹੁਣ ਇਹ ਵਧਾ ਕੇ ਤਿੰਨ ਹਜ਼ਾਰ ਰੁਪਏ ਕਰ ਦਿੱਤੇ ਗਏ ਹਨ ਜਦੋਂ ਕਿ ਕੰਡੀ ਅਤੇ ਬੇਟ ਦੇ ਏਰੀਏ ਵਿਚ ਹੋਰ ਹਰ ਕਿਸਮ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ । ਲੋਕ ਉਥੇ ਗਰੀਬ ਹਨ । ਉਹ ਲੋਕ ਟਿਊਬਵੈਲ ਇਰੀਗੇਸ਼ਨ ਕੁਨੈਕਸ਼ਨ ਵਾਸਤੇ ਤਿੰਨ ਤਿੰਨ ਹਜ਼ਾਰ ਰੁਪਿਆ ਜਮ੍ਹਾਂ ਨਹੀਂ ਕਰਵਾ ਸਕਦੇ । ਇਸ ਲਈ ਕੰਡੀ ਅਤੇ ਬੇਟ ਦੇ ਇਲਾਕੇ ਵਿਚ ਡੀਬੈਂਚਰ ਸਕੀਮ ਵਿਚ ਇਹ ਪੈਸੇ ਘਟਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਤਾਕਿ ਗਰੀਬ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਡੀਬੈਂਚਰ ਸਕੀਮ ਤਾਂ ਹੈ ਹੀ ਨਹੀਂ । ਇਸ ਵੇਲੇ ਤਾਂ ਅਸੀਂ ਦੋ ਕਿਸ਼ਤਾਂ ਵਿਚ ਪੈਸੇ ਵਸੂਲ ਕਰਦੇ ਹਾਂ ਜਿਸ ਵਿਚ ਵੀ ਤਕਰੀਬਨ ਤਕਰੀਬਨ ਤਿੰਨ ਚਾਰ ਮਹੀਨੇ ਦਾ ਵਕਫਾ ਹੁੰਦਾ ਹੈ ।

**ਮਾਸਟਰ ਦਲੀਪ ਚੰਦ** : ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕੰਡੀ ਅਤੇ ਬੇਟ ਦੇ ਇਲਾਕੇ ਦੇ ਲੋਕ ਜਿਨ੍ਹਾਂ ਪਾਸ ਦੋ ਏਕੜ ਜਾਂ ਤਿੰਨ ਏਕੜ ਜ਼ਮੀਨ ਹੈ ਉਹ ਤਿੰਨ ਹਜ਼ਾਰ ਰੁਪਿਆ ਨਹੀਂ ਜਮ੍ਹਾਂ ਕਰਾ ਸਕਦੇ, ਇਸ ਲਈ ਜਿਸ ਤਰ੍ਹਾਂ ਪਹਿਲਾਂ ਇਕ ਹਜ਼ਾਰ ਰੁਪਿਆ ਸੀ । ਉਹ ਹੀ ਰਹਿਣ ਦੇਣਾ ਚਾਹੀਦਾ ਹੈ ਕੀ ਇਸ ਬਾਰੇ ਸਰਕਾਰ ਵਿਚਾਰ ਕਰੇਗੀ ?

**ਮੁੱਖ ਮੰਤਰੀ** : ਮੈਂ ਇਸ ਨੂੰ ਐਕਸਪਲੇਨ ਕਰ ਚੁੱਕਾ ਹਾਂ ਕਿ ਜੇ ਕਿਸੇ ਜ਼ਿਮੀਦਾਰ ਕੋਲ 3 ਹਾਰਸ ਪਾਵਰ ਦਾ ਟਿਊਬਵੈਲ ਹੈ ਤਾਂ ਉਹ ਸਿਰਫ 39 ਰੁਪਏ ਮਹੀਨਾ (ਸਾਲ ਦੇ 468 ਰੁਪਏ) ਦਿੰਦਾ ਹੈ । ਜਿਹੜੇ ਖੇਤੀ ਕਰਨ ਵਾਲੇ ਲੋਕ ਹਨ ਉਨ੍ਹਾਂ ਵਾਸਤੇ ਫਲੈਟ ਰੇਟ ਹੈ ਔਰ ਜਿਨ੍ਹਾਂ ਕੋਲ ਪੰਜ ਹਾਰਸ ਪਾਵਰ ਦੀ ਮੋਟਰ ਹੈ ਉਹ ਕੁੱਲ 780 ਰੁਪਏ ਦਿੰਦੇ ਹਨ । ਪਰ ਅੱਜ ਹਾਲਤ ਇਹ ਹੈ ਕਿ ਜਿਹੜਾ ਇਲੈਕਟਰੀਸਿਟੀ ਬੋਰਡ ਦਾ ਖਰਚਾ ਆਉਂਦਾ ਹੈ ਉਹ 9 ਹਜ਼ਾਰ ਦੇ ਕਰੀਬ ਉਨ੍ਹਾਂ ਦਾ ਬਣਦਾ ਹੈ ਔਰ ਜਿਹੜਾ ਹੁਣ ਇਕ ਹਜ਼ਾਰ ਤੋਂ ਵਧਾ ਕੇ ਤਿੰਨ

Original with;
Punjab Vidhan Sabha
Digitized by;
Panjab Digital Library

ਹਜ਼ਾਰ ਕੀਤਾ ਹੈ ਉਸਦੇ ਵਿਚ ਮੇਨਟੀਨੈਂਸ, ਡੇਪਰੀਸੀਏਸ਼ਨ, ਸਰਵਿਸਿ ਚਾਰਜਿਜ਼ ਅਤੇ ਚਾਰਜਿਜ਼ ਆਫ ਐਨਰਜੀ ਆਦਿ ਸਾਰੇ ਖਰਚੇ ਸ਼ਾਮਲ ਕੀਤੇ ਗਏ ਹਨ। ਇਸ ਵਿਚੋਂ 2/3 ਹਿੱਸਾ ਆਪਣੇ ਕੋਲੋਂ ਐਜ਼ ਏ ਲਾਸ ਪਾਉਂਦਾ ਹਾਂ। ਇਸ ਕਰਕੇ ਇਸ ਨੂੰ ਕਿਸਤਾਂ ਵਿਚ ਕੀਤਾ ਗਿਆ ਹੈ ਤਾਕਿ ਲੋਕੀਂ ਇਸ ਨੂੰ ਆਸਾਨੀ ਨਾਲ ਦੇ ਸਕਣ। ਇਹ ਸਹੂਲਤ ਲੋਕਾਂ ਨੂੰ ਦਿੱਤੀ ਗਈ

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਕ ਹਜ਼ਾਰ ਰੁਪਏ ਤੋਂ ਵਧਾ ਕੇ ਤਿੰਨ ਹਜ਼ਾਰ ਰੁਪਿਆ ਕਰ ਦਿੱਤਾ ਹੈ ਇਹ ਗਰੀਬ ਲੋਕਾਂ ਤੇ ਬਹੁਤ ਵੱਡਾ ਵਿੱਤੀ ਬੋਝ ਹੈ। ਉਹ ਐਨੇ ਪੈਸੇ ਨਹੀਂ ਦੇ ਸਕਣਗੇ। ਸਾਨੂੰ ਇਹ ਸੁਣ ਕੇ ਬਹੁਤ ਵੱਡੀ ਹੈਰਾਨਗੀ ਹੋਈ ਹੈ। ਇਥੋਂ ਤਕ ਕਿ ਲੋਕਾਂ ਨੂੰ ਕੁਨੈਕਸ਼ਨ ਲੈਣ ਵਾਸਤੇ ਹਜ਼ਾਰ ਹਜ਼ਾਰ ਰੁਪਏ ਰਿਸ਼ਵਤ ਵਜੋਂ ਦੇਣੇ ਪੈਂਦੇ ਹਨ। ਗਰੀਬ ਆਦਮੀ ਤਾਂ ਕੁਨੈਕਸ਼ਨ ਵੀ ਨਹੀਂ ਲੈ ਸਕਦਾ। ਇਹ ਸਰਕਾਰ ਨੂੰ ਵਾਪਸ ਕਰਨੇ ਚਾਹੀਦੇ ਹਨ ?

**ਮੁੱਖ ਮੰਤਰੀ** : ਜਿਹੜੇ ਪੈਸੇ ਉਨ੍ਹਾਂ ਨੇ ਜਮ੍ਹਾਂ ਕਰਵਾਏ ਹਨ ਉਹ ਵਾਪਸ ਨਹੀਂ ਹੋ ਸਕਦੇ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਤਿੰਨ ਤਿੰਨ ਹਾਰਸ ਪਾਵਰ ਦੀਆਂ ਮੋਟਰਾਂ ਲਾਈਆਂ ਹੋਈਆਂ ਹਨ ਉਹ ਛੋਟੇ ਛੋਟੇ ਗਰੀਬ ਕਿਸਾਨ ਹਨ। ਇਨ੍ਹਾਂ ਕੋਲੋਂ ਇਹ ਪੈਸੇ ਨਹੀਂ ਦਿੱਤੇ ਜਾ ਸਕਣੇ। ਇਕ ਹਜ਼ਾਰ ਤੋਂ ਚੁੱਕ ਕੇ ਤਿੰਨ ਹਜ਼ਾਰ ਕਰ ਦਿੱਤੇ ਹਨ, ਇਹ ਐਨੇ ਪੈਸੇ ਕਿਵੇਂ ਭਰ ਸਕਦੇ ਹਨ ? ਇਸ ਵੇਲੇ ਤਾਂ ਸਾਰੇ ਦੇ ਸਾਰੇ ਕੁਨੈਕਸ਼ਨ ਬੰਦ ਪਏ ਹਨ ਚਾਹੇ ਕੰਡੀ ਦਾ ਇਲਾਕਾ ਹੈ ਚਾਹੇ ਬੇਟ ਦਾ ਇਲਾਕਾ ਹੈ। ਸਾਰੇ ਪੰਜਾਬ ਵਿਚ ਇੱਥੋਂ ਤੱਕ ਕਿ ਘਰਾਂ ਦੇ ਕੁਨੈਕਸ਼ਨ ਵੀ ਬੰਦ ਹਨ। ਤਿੰਨ ਹਜ਼ਾਰ ਰੁਪਏ ਗਰੀਬ ਲੋਕਾਂ ਨੇ ਭਰ ਨਹੀਂ ਸਕਣੇ ਇਸ ਨੂੰ ਇਸ ਲਈ ਮੁੜ ਕੇ ਵਿਚਾਰਨਾ ਚਾਹੀਦਾ ਹੈ।

**ਮੁੱਖ ਮੰਤਰੀ** : ਮੈਂ ਇਸ ਦਾ ਜਵਾਬ ਦੇ ਚੁਕਿਆ ਹਾਂ। ਤੁਸੀਂ ਕਿਸੇ ਦਿਨ ਬੈਠ ਕੇ ਸਾਡੇ ਨਾਲ ਹਿਸਾਬ ਕਿਤਾਬ ਕਰ ਲੈਣਾ ਜੇ ਤਿੰਨ ਹਜ਼ਾਰ ਰੁਪਏ ਤੋਂ ਕਿਸੇ ਤਰ੍ਹਾਂ ਪੈਸੇ ਘਟ ਸਕਦੇ ਹੋਏ ਤਾਂ ਜ਼ਰੂਰ ਘਟਾ ਦਿਆਂਗੇ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਇਲੈਕਟਰੀਸਿਟੀ ਬੋਰਡ ਦਾ ਖਰਚਾ ਪਾ ਕੇ ਇਹ ਤਿੰਨ ਹਜ਼ਾਰ ਰੁਪਏ ਰੱਖਿਆ ਗਿਆ ਹੈ ਜੇ ਇਹ ਖਰਚਾ ਘਟਾਉਣਾ ਹੋਵੇ ਤਾਂ ਹੋਰ ਬਹੁਤ ਸਾਰੇ ਤਰੀਕੇ ਹਨ ਜਿਥੋਂ ਇਹ ਘਟਾਇਆ ਜਾ ਸਕਦਾ ਹੈ। ਦੋ ਏਕੜ ਜ਼ਮੀਨ ਦਾ ਮਾਲਕ ਇਹ ਖਰਚਾ ਨਹੀਂ ਦੇ ਸਕਦਾ। ਅਸਲ ਵਿਚ ਗਰੀਬ ਕਿਸਾਨ ਜੋ ਕਮਾਈ ਕਰਦਾ ਹੈ ਉਹ ਸਰਕਾਰ ਦੀ ਕਮਾਈ ਹੈ ਉਹ ਮੁਲਕ ਦੀ ਕਮਾਈ ਕਰਦਾ ਹੈ। ਇਹ ਗਰੀਬ ਕਿਸਾਨ ਨਾਲ ਬੜਾ ਅਨਿਆਂ ਹੈ। ਇਹ ਸਰਕਾਰ ਦਾ ਫੈਸਲਾ ਗਲਤ ਹੈ ਅਤੇ ਇਸ ਤੇ ਮੁੜ ਕੇ ਵਿਚਾਰ ਕਰਨੀ ਚਾਹੀਦੀ ਹੈ। ਨਹੀਂ ਤਾਂ ਡਿਵੈਲਪਮੈਂਟ ਦੇ ਰਾਹ ਵਿੱਚ ਰੁਕਾਵਟ ਬਣ ਜਾਵੇਗੀ ਕੀ ਸਰਕਾਰ ਇਹ ਫੈਸਲਾ ਵਾਪਸ ਲੈਣ ਨੂੰ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਂ ਇਸ ਦਾ ਰਿਪਲਾਈ ਦੇ ਬੈਠਾ ਹਾਂ । ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਸ਼ਾਇਦ ਪੀ. ਯੂ. ਸੀ. ਵੀ ਇਸ ਚੀਜ਼ ਨੂੰ ਵੇਖ ਕੇ ਘੋਖ ਕਰ ਰਹੀ ਹੈ ਅਗਰ ਕਿਸੇ ਪਾਸੇ ਖਰਚਾ ਘਟ ਸਕਦਾ ਹੈ । ਮੈਂ ਵੀ ਇਸ ਦੇ ਹੱਕ ਵਿਚ ਹਾਂ । ਕੋਈ ਸੱਜਣ ਸਾਡੇ ਨਾਲ ਬੈਠ ਜਾਏ ਅਗਰ ਖਰਚਾ ਘਟਾਇਆ ਜਾ ਸਕਦਾ ਹੈ ਤਾਂ ਜ਼ਰੂਰ ਘਟਾਵਾਂਗੇ ।

**ਕਾਮਰੇਡ ਬਲਦੇਵ ਸਿੰਘ ਲੁੰਬਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਇਕ ਚੰਗੀ ਰਵਾਇਤ ਪਾਈ ਸੀ ਪੀਲੇ ਕਾਰਡ ਬਣਾ ਕੇ, ਚਾਹੇ ਉਸ ਵਿਚ ਕੁਝ ਖਾਮੀਆਂ ਹਨ । ਇਸੇ ਤਰ੍ਹਾਂ ਬਿਜਲੀ ਦੀ ਗਰੇਡੇਸ਼ਨ ਕਰਕੇ ਛੋਟਿਆਂ ਤੋਂ ਘੱਟ ਅਤੇ ਵਡਿਆਂ ਤੋਂ ਜ਼ਿਆਦਾ ਬਿਜਲੀ ਦਾ ਰੇਟ ਚਾਰਜ ਕਰਨਾ ਚਾਹੀਦਾ ਹੈ । 3 ਹਾਰਸ ਪਾਵਰ, 5 ਹਾਰਸ ਪਾਵਰ, ਸਾਢੇ ਸਤ ਹਾਰਸ ਪਾਵਰ ਅਤੇ 10 ਹਾਰਸ ਪਾਵਰ ਕਈ ਕੈਟੇਗਰੀਆਂ ਹਨ । ਧਨੀ ਵੀ ਹਨ ਅਤੇ ਢਾਈ ਤਿੰਨ ਏਕੜ ਵਾਲੇ ਵੀ ਹਨ । ਕੀ ਇਹ ਇਨ੍ਹਾਂ ਦੀ ਗਰੇਡੇਸ਼ਨ ਬਾਰੇ ਵਿਚਾਰਨਗੇ ? ਜਿਸ ਤਰ੍ਹਾਂ ਇਨ੍ਹਾਂ ਨੇ ਆਪ ਵੀ ਕਿਹਾ ਹੈ ਕਿ ਉਹ ਇਸ ਦੇ ਹਕ ਵਿਚ ਹਨ । ਕੀ ਇਹ ਇਸ ਦੇ ਲਈ ਹਾਊਸ ਦੀ ਕੋਈ ਕਮੇਟੀ ਬਣਾਉਣਗੇ ਕਿ ਜਿਹੜਾ ਛੋਟੇ ਕਿਸਾਨਾਂ ਦਾ ਘਾਟਾ ਹੋਵੇ ਉਹ ਵਡਿਆਂ ਤੋਂ ਪੂਰਾ ਕੀਤਾ ਜਾਵੇ ?

**ਮੁੱਖ ਮੰਤਰੀ :** ਮੈਂ ਬਿਲਕੁਲ ਕਤਈਅਨ ਇਸ ਦੇ ਹੱਕ ਵਿਚ ਹਾਂ ਅਗਰ ਗਰੇਡੇਸ਼ਨ ਬਣ ਸਕਦੀ ਹੈ ਤਾਂ ਬਣਾਉਣੀ ਚਾਹੀਦੀ ਹੈ । ਲੇਕਿਨ ਇਕ ਗਲ ਸਮਝਣੀ ਚਾਹੀਦੀ ਹੈ ਕਿ ਇਸ ਵੇਲੇ ਫਲੈਟ ਰੇਟ ਹੈ ਉਸ ਨੂੰ ਸਾਨੂੰ ਤੋੜਨਾ ਪਏਗਾ । ਢਾਈ ਏਕੜ, ਪੰਜ ਏਕੜ, ਦਸ ਏਕੜ, ਪੰਦਰਾਂ ਏਕੜ ਜਾਂ 20 ਏਕੜ ਦੇ ਬਾਰੇ ਕੋਈ ਤਜਵੀਜ਼ ਕਰਕੇ ਉਸਨੂੰ ਪੇਸ਼ ਕਰ ਦਿਓ । ਨਾਲ ਹੀ ਇਸ ਦੀ ਤਜਵੀਜ਼ ਦੇ ਦਿਓ ਕਿ ਜਦੋਂ ਫਲੈਟ ਰੇਟ ਤੋੜਾਂਗੇ ਉਸ ਦੀ ਥਾਂ ਤੇ ਇਥੇ ਇਥੇ ਇਹ ਇਹ ਸਿਸਟਮ ਬਣਾ ਦਿਓ ਅਤੇ ਇਸ ਤਰ੍ਹਾਂ ਗਰੇਡੇਸ਼ਨ ਬਣਾ ਦਿਓ । ਜੇ ਕਰ ਗਰੇਡੇਸ਼ਨ ਕਰਾਂਗੇ ਤਾਂ ਲਾਜ਼ਮੀ ਤੌਰ ਤੇ ਢਾਈ ਏਕੜ ਦਾ, 5 ਏਕੜ ਦਾ, 10 ਏਕੜ 15 ਏਕੜ ਦਾ ਅਤੇ 20 ਏਕੜ ਦਾ ਅਲਹਿਦਾ ਰੇਟ ਲਾਉਣਾ ਪਏਗਾ । ਅਗਰ ਇਹ ਹਾਊਸ ਦੀ ਤਜਵੀਜ਼ ਹੈ ਤਾਂ ਮੈਂ ਇਸ ਤੇ ਵਿਚਾਰ ਕਰਨ ਲਈ ਤਿਆਰ ਹਾਂ । ਇਸ ਦੇ ਬਾਰੇ ਮੈਨੂੰ ਹਾਊਸ ਦਸ ਦੇਵੇ

**ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ :** ਸਪੀਕਰ ਸਾਹਿਬ, ਬਿਜਲੀ ਦੇ ਕੁਨੈਕਸ਼ਨਾਂ ਬਾਰੇ ਸਰਕਾਰ ਨੇ ਪ੍ਰਾਇਰਟੀ ਦੇ ਦਿਤੀ ਹਰੀਜਨਾਂ ਨੂੰ ਫੌਜੀਆਂ ਨੂੰ । ਮੈਂ ਕਹਿੰਦਾ ਹਾਂ ਕਿ ਜਿਸ ਦੀ ਦਸ ਏਕੜ ਜ਼ਮੀਨ ਹੈ ਉਹ ਇਕ ਦੋ ਵਿਘਾ ਹਰੀਜਨ ਦੇ ਨਾਂ ਲਗਾ ਦਿੰਦਾ ਹੈ ਕੁਨੈਕਸ਼ਨ ਲੈਣ ਵਾਸਤੇ । ਮੈਂ ਤਜਵੀਜ਼ ਦਿੰਦਾ ਹਾਂ ਕਿ ਪਟਵਾਰੀ ਤੋਂ ਰਿਪੋਰਟ ਲਈ ਜਾਵੇ ਕਿ ਫਲਾਂ 10 ਵਿਘੇ ਜ਼ਮੀਨ ਬਰਾਨੀ ਪਈ ਹੈ ਉਸ ਦੇ ਮੁਤਾਬਕ ਕੁਨੈਕਸ਼ਨ ਦਿਤਾ ਜਾਏ । ਹੁਣ ਤਾਂ ਇਹ ਹੈ ਕਿ ਮੈਂ ਸੀਰੀ ਦੇ ਨਾਂ ਇਕ ਵਿਘਾ ਜ਼ਮੀਨ ਕਰ ਦਿੰਦਾ ਹਾਂ ਅਤੇ ਜਦੋਂ ਕੁਨੈਕਸ਼ਨ ਮਿਲ ਜਾਂਦਾ ਹੈ ਤਾਂ ਜ਼ਮੀਨ ਵਾਪਸ ਲੈ ਲੈਂਦਾ ਹਾਂ । ਇਸ ਚੀਜ਼ ਨੂੰ ਰੋਕਿਆ ਜਾਵੇ ?

**ਮੁੱਖ ਮੰਤਰੀ :** ਮੈਨੂੰ ਇਸ ਗਲ ਦਾ ਤਾਂ ਪਤਾ ਨਹੀਂ ਕਿ ਇਸ ਤਰ੍ਹਾਂ ਵੀ ਕੋਈ ਸਜਣ ਲਾਭ ਉਠਾਉਣ ਲਈ ਕਰਦਾ ਹੈ । ਇਹ ਤਾਂ ਠੀਕ ਹੈ ਕਿ ਵਿਚਾਰੇ ਹਰੀਜਨਾਂ ਕੋਲ ਜ਼ਮੀਨ ਨਹੀਂ

Original with;
Punjab Vidhan Sabha
Digitized by;
Panjab Digital Library

ਹੁੰਦੀ । ਅਗਰ ਗਲਤ ਤਰੀਕੇ ਨਾਲ ਕੋਈ ਕੁਨੈਕਸ਼ਨ ਦਿਤਾ ਗਿਆ, ਉਹ ਵੇਖਿਆ ਜਾ ਸਕਦਾ ਹੈ ।

ਇਹ ਗਰੇਡੇਸ਼ਨ ਦੇ ਬਾਰੇ ਕਿਹਾ ਗਿਆ ਹੈ, ਮੈਂ ਉਸ ਦਾ ਜਵਾਬ ਵੀ ਦੇ ਦਿਤਾ ਹੈ । ਇਸ ਸਿਲਸਿਲੇ ਵਿਚ ਕੀ ਕਰਨਾ ਚਾਹੀਦਾ ਹੈ, ਉਸ ਬਾਰੇ ਹਾਉਸ ਦੱਸ ਦੇਵੇ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਉਹ ਇਸ ਤੇ ਵਿਚਾਰ ਕਰਨ ਲਈ ਤਿਆਰ ਹਨ, ਉਨ੍ਹਾਂ ਦੀ ਬੜੀ ਅੱਛੀ ਅਨਾਊਂਸਮੈਂਟ ਹੈ । ਨਾਲ ਹੀ ਉਹ ਗਲ ਇੰਪਲੀਮੈਂਟ ਹੋ ਰਹੀ ਹੈ ਜੋ ਵਿਚਾਰ ਕਰਨੀ ਹੈ । ਮੈਂ ਕਹਿੰਦਾ ਹਾਂ ਕਿ ਟਾਈਮ ਬਾਊਂਡ ਕਰ ਦਿਓ ਔਰ ਇਸ ਤੇ ਵਿਚਾਰ ਲਈ ਕੋਈ ਫੋਰਮ ਕਰੀਏਟ ਕਰ ਦੇਣ, ਉਨੀ ਦੇਰ ਤਕ ਇਹ ਰੋਕ ਲਵੋ । ਜਿਹੜਾ ਵੀ ਡਿਸੀਜ਼ਨ ਹੋਵੇ ਉਸ ਦੇ ਮੁਤਾਬਕ ਇੰਪਲੀਮੈਂਟ ਕਰ ਦੇਵੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਸਾਰੀ ਗੱਲ ਪੁਛ ਲਈ ਹੈ, ਇਨਫ਼ਰਮੇਸ਼ਨ ਮੰਗਾ ਲਈ ਹੈ, ਕੁਨੈਕਸ਼ਨਜ਼ ਬਕਾਇਦਾ ਦਿਤੇ ਜਾ ਰਹੇ ਹਨ, ਕੋਈ ਬੈਨ ਨਹੀਂ ਲਗਾ ਹੋਇਆ ।

ਦੂਸਰੀ ਗਲ ਗਰੇਡੇਸ਼ਨ ਬਾਰੇ, ਇਸ ਦੇ ਲਈ ਕੋਈ ਟਾਈਮ ਮੁਕਰਰ ਕਰ ਲਵੋ । ਜਿਹੜਾ ਟਾਈਮ ਮੁਕਰਰ ਕਰੋਗੇ, ਕੁਨੈਕਸ਼ਨ ਲੈਣ ਵਾਲਾ ਖੁਦ ਨਹੀਂ ਆਏਗਾ ਇਹ ਖਿਆਲ ਕਰਕੇ ਸ਼ਾਇਦ ਪੈਸੇ ਘੱਟ ਹੋ ਜਾਣ । ਇਸ ਲਈ ਕੋਈ ਵਕਫ਼ਾ ਅਸੀਂ ਮੁਕਰਰ ਕਰ ਸਕਦੇ ਹਾਂ ਔਰ ਸੋਚ ਕਰ ਸਕਦੇ ਹਾਂ, ਉਨੀਂ ਦੇਰ ਤਕ ਕੋਈ ਕੁਨੈਕਸ਼ਨ ਲੈਣ ਲਈ ਨਹੀਂ ਆਏਗਾ । ਫਿਰ ਇਸ ਤੇ ਇਤਰਾਜ਼ ਕੋਈ ਨਹੀਂ ਉਠਾਏਗਾ ।

**ਕਾਮਰੇਡ ਰਾਜ ਕੁਮਾਰ** : ਅੱਜ ਤੋਂ 15 ਦਿਨਾਂ ਦੇ ਅੰਦਰ ਅੰਦਰ ਇਸ ਤਜਵੀਜ਼ ਤੇ ਗੌਰ ਕਰ ਲਵੋ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਰਕਾਰ ਨੇ ਆਪਣੀ ਨੀਅਤ ਹਾਊਸ ਦੇ ਵਿਚ ਦੱਸ ਦਿਤੀ ਹੈ ਕਿ ਉਹ ਗਰੇਡੇਸ਼ਨ ਚਾਹੁੰਦੇ ਹਨ । ਮੈਂ ਤਾਂ ਪਹਿਲਾਂ ਵੀ ਕਿਹਾ ਹੈ ਕਿ ਇਹ ਖੁਦ ਆਪ ਦੱਸਣ ਕਿ ਕਿਹੜਾ ਫੋਰਮ ਇਸ ਦੇ ਲਈ ਚਾਹੁੰਦੇ ਹਨ । ਆਇਆ ਕੋਈ ਹਾਊਸ ਦੀ ਕਮੇਟੀ ਇਸ ਤੇ ਵਿਚਾਰ ਕਰਨ ਲਈ ਬਣਾਉਣੀ ਹੈ ਤਾਂ ਦੱਸ ਦੇਣ, ਜੇ ਕੋਈ ਹੋਰ ਫੋਰਮ ਬਣਾਉਣਾ ਹੈ ਤਾਂ ਦੱਸ ਦੇਣ ।

**ਮੁੱਖ ਮੰਤਰੀ** : ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਹਾਊਸ ਨੇ ਕਿਹਾ ਹੈ ਸੈਸ਼ਨ ਤੋਂ ਬਾਦ ਇਕ ਮਹੀਨੇ ਦੇ ਅੰਦਰ ਅੰਦਰ ਸਾਰੀਆਂ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬੁਲਾ ਲਵਾਂਗੇ, ਉਹ ਆਪਣੀਆਂ ਇਸ ਦੇ ਬਾਰੇ ਤਜਵੀਜ਼ਾਂ ਦੇਣਗੇ । ਉਨ੍ਹਾਂ ਦੇ ਵਿਚਾਰ ਲੈ ਲਵਾਂਗੇ । ਆਉਣ ਤੋਂ ਪਹਿਲਾਂ ਉਹ ਇਹ ਵੀ ਖਿਆਲ ਰਖ ਕੇ ਆਉਣ ਕਿ ਜਿਹੜੀ ਗਰੇਡੇਸ਼ਨ ਕਰਨੀ ਹੈ ਉਹ ਕਿਸ ਤਰ੍ਹਾਂ ਕਰਨੀ ਹੈ ।

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 1631

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਖੁਦ ਨਹੀਂ ਕੀਤਾ ਗਿਆ।)

**Mr. Speaker** : All the Starred Questions entered in the List of Business for today have been finished.

---

## UNSTARRED QUESTIONS AND ANSWERS

### UNSTARRED QUESTION NO. 233*

(Extension was Asked For in respect of unstarred question, No. 2 33*)

### CONSTRUCTION OF 50 BED HOSPITAL AT SULTANPUR LODHI

**234. Sardar Atma Singh** : Will the Minister for Public works be pleased to state :—

(a) the date on which the foundation stone of 50—bed hospital at Sultanpur Lodhi, Distt, Kapurthala was laid together with the action, if any, for the construction of the said building :

(b) The details of the amount sanctioned for the construcion of the said hospital building during the current financial year and the time by which its construction is expected to be completed.

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਨੀਂਹ ਪੱਥਰ ਮਿਤੀ 14 ਨਵੰਬਰ, 1978 ਉਸ ਸਮੇਂ ਦੇ ਮੁੱਖ ਮੰਤਰੀ ਨੇ ਰੱਖਿਆ ਸੀ। 1,54,000/- ਰੁਪਏ ਦੀ ਕੀਮਤ ਦੀ 50 ਕਨਾਲ 10 ਮਰਲੇ ਜ਼ਮੀਨ ਮਿਤੀ 2 ਜੁਲਾਈ 1982 ਨੂੰ ਪ੍ਰਾਪਤ ਕਰ ਲਈ ਗਈ ਹੈ।

ਮੁੱਖ ਇੰਜਨੀਅਰ ਪੰਜਾਬ (ਬੀ ਐਂਡ ਆਰ) ਆਰਕੀਟੈਕਟ ਵਿਭਾਗ ਤੋਂ ਨਕਸ਼ੇ ਅਤੇ ਐਸਟੀਮਿਟਸ ਤਿਆਰ ਕਰਵਾਏ ਜਾ ਰਹੇ ਹਨ। ਉਸ ਉਪਰੰਤ ਫੰਡਜ਼ ਈਅਰਮਾਰਕ ਕਰਨ ਲਈ ਯੋਜਨਾ ਵਿੱਤ ਵਿਭਾਗ ਨੂੰ ਪਹੁੰਚ ਕੀਤੀ ਜਾਵੇਗੀ।

---

* For Unstarred Question No. 233 and reply there to please see Appendix to this Debate.

Original with;
Punjab Vidhan Sabha
Digitized by;
Panjab Digital Library

CONSTRUCTION OF GURU GOBIND SINGH MEDICAL COLLEGE FARIDKOT COMPLEX

235. **Sardar Atma Singh** :—Will the Minister for Public works be pleased to state :—

(a) the total amount earmarked for the construction of Buildings attached to Guru Gobind Singh Medical College, Faridkot during the financial years 1980—81, 1981-82 and the current financial year together with the amount actually spent for the said purpose year wise ;

(b) the period within which the whole complex of the said College is likely to be completed and extent upto which the funds have been provided for this purpose?

ਸ਼੍ਰੀ ਜੋਗਿੰਦਰ ਪਾਲ ਪਾਂਡੇ (ਸਿਹਤ ਮੰਤਰੀ) ; (ੳ)

| ਸਾਲ | ਉਪਬੰਧ (ਰੁਪਏ ਲੱਖਾਂ ਵਿਚ) | ਖਰਚਾ (ਰੁਪਏ ਲੱਖਾਂ ਵਿੱਚ) |
|---|---|---|
| 1980-81 | 110.00 | 36.13 |
| 1981-82 | 82.00 | 79.46 |
| 1982-83 | 71.00 | 12.16(6/82 ਤਕ) |

(ਅ) ਫੰਡਜ਼ ਦੀ ਘਾਟ ਅਤੇ ਇਮਾਰਤੀ ਸ਼ਮਾਨ ਖਾਸ ਕਰਕੇ ਸੀਮਿੰਟ ਨਾ ਮਿਲਣ ਕਰਕੇ ਇਹ ਯਕੀਨੀ ਤੌਰ ਤੇ ਨਹੀਂ ਕਿਹਾ ਜਾ ਸਕਦਾ ਕਿ ਸਾਰਾ ਕਾਲਜ ਕਮਪਲੈਕਸ ਕਦੋਂਤਕ ਪੂਰਾ ਕੀਤਾ ਜਾ ਸਕੇਗਾ । ਪ੍ਰੰਤੂ ਬਹੁਤ ਜ਼ਰੂਰੀ ਇਮਾਰਤਾਂ ਨੂੰ ਪਹਿਲ ਦੇ ਤੌਰ ਤੇ ਉਸਾਰਿਆ ਜਾ ਰਿਹਾ ਹੈ ।

CONSTRUCTION OF OPERATION THEATRE OF MEDICAL COLLEGE AMRITSAR.

236. **Sardar Atma Singh** :—Will the Minister for Public Works be pleased to state :-

(a) the date on which the construction of the operation Theatre attached to the Medical College Amritsar was started ; together with the amount of funds which was sanctioned each year since then and the actual amount spent each year for the said purpose ;

(b) the present stage of the construction of the said Theatre and the time by which it is likely to be completed ?

Original with;
Punjab Vidhan Sabha
Digitized by;
Panjab Digital Library

**ਸ੍ਰੀ ਜੋਗਿੰਦਰਪਾਲ ਪਾਂਡੇ (ਸਿਹਤ ਮੰਤਰੀ)** (ੳ) ਅਪਰੇਸ਼ਨ ਥੀਏਟਰ ਦੀ ਉਸਾਰੀ ਦਾ ਕੰਮ 20 ਜਨਵਰੀ, 1979 ਨੂੰ ਸ਼ੁਰੂ ਕੀਤਾ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਅੰਮ੍ਰਿਤਸਰ ਹਸਪਤਾਲ ਕੰਪਲੈਕਸ ਲਈ ਈਅਰਮਾਰਕ ਕੀਤੀਆਂ ਰਕਮਾਂ ਦਾ ਵੇਰਵਾ, ਅਪਰੇਸ਼ਨ ਥੀਏਟਰ ਦੀ ਉਸਾਰੀ ਤੇ ਖਰਚ ਕੀਤੀ ਰਕਮ ਅਤੇ ਕੰਮਪਲੈਕਸ/ਦੂਸਰੇ ਹਿੱਸਿਆਂ ਤੇ ਖਰਚ ਕੀਤੀ ਗਈ ਰਕਮ ਦਰਸਾਉਂਦੀ ਹੋਈ ਸਾਰਣੀ ਹੇਠ ਲਿੱਖੇ ਅਨੁਸਾਰ ਹੈ :-

| ਸਾਲ | ਕਾਮਪਲੈਕਸ ਲਈ ਈਅਰਮਾਰਕ ਕੀਤੀ ਰਕਮ (ਰੁਪਏ ਲੱਖਾਂ ਵਿੱਚ) | ਕਮਪਲੈਕਸ ਦੇ ਦੂਸਰੇ ਹਿੱਸਿਆਂ ਤੇ ਖਰਚਾ (ਰੁਪਏ ਲੱਖਾਂ ਵਿੱਚ) | ਆਪਰੇਸ਼ਨ ਥੀਏਟਰ ਤੇ ਖਰਚਾ (ਰੁਪਏ ਲੱਖਾਂ ਵਿਚ) |
|---|---|---|---|
| 1 | 2 | 3 | 4 |
| 1978-79 | 43.65 | 37.90 | 5.50 |
| 1979-80 | 45.00 | 31.83 | 12.46 |
| 1980-81 | 27.00 | 28.31 | 11.04 |
| 1981-82 | 12.00 | 9.36 | 6.58 |
| 1982-83 | 90.00 | 3.56 | 5.39(8/82 ਤਕ) |
| | 217.65 | 110.90 | 40.97 |

(ਅ) ਦੂਸਰੀ ਮੰਜ਼ਲ ਦੀ ਛੱਤ ਤਕਰੀਬਨ ਪੈਣ ਵਾਲੀ ਹੈ ਅਤੇ ਵੰਡ ਕਰਨ ਵਾਲੀਆਂ ਕੰਧਾਂ ਦੀ ਉਸਾਰੀ ਦਾ ਕੰਮ ਪ੍ਰਗਤੀ ਵਿੱਚ ਹੈ। ਕੰਮ 1984 ਦੇ ਅੱਧ ਤਕ ਪੂਰਾ ਹੋਣ ਦੀ ਆਸ ਹੈ।

## PUBLICATION OF BOOKS BY THE PUBLIC RELATIONS DEPARTMENT

237. **Sardar Atma Singh**: Will the Minister for Health be pleased to state :—

(a) the details of historic and other books got published by the Public Relations Department during the years 1977-78, 1978-79 and 1979-80 together with the number of each book.

(b) the number of books out of those mentioned in part (a) above which have been distributed so far together with the number of those which ara awaiting distribution;

Original with;
Punjab Vidhan Sabha
Digitized by;
Panjab Digital Library

(c) whether the Government Proposes to distribute the books mentioned in part (b) above if so the time by which the same are likely to be distributed?

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ ਤੇ ਅ) ਮੰਗੀ ਗਈ ਸੂਚਨਾ ਅਨੁਲੱਗ ਅਨੁਸਾਰ ਹੈ ।

(ੲ) ਮਾਮਲਾ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ ।

ਅਨੁਲੱਗ

ਸਾਲ 1977-78 ਦੌਰਾਨ ਪ੍ਰਕਾਸ਼ਤ ਕੀਤੀਆਂ ਗਈਆਂ ਪੁਸਤਕਾਂ :—

| ਨੰ: | ਪੁਸਤਕ ਦਾ ਨਾਂ | ਪ੍ਰਕਾਸ਼ਤ ਕੀਤੀਆਂ ਗਈਆਂ ਪੁਸਤਕਾਂ ਦੀ ਗਿਣਤੀ | ਵੰਡੀਆਂ ਗਈਆਂ ਪੁਸਤਕਾਂ | ਬਕਾਇਆ |
|---|---|---|---|---|
| 1 | 2 | 3 | 4 | 5 |
| 1. | ਅੰਮ੍ਰਿਤਸਰ (ਅੰਗਰੇਜ਼ੀ) .. | 5,000 | 4,950 | 50 |
| 2. | ,, (ਪੰਜਾਬੀ) .. | 5,000 | 4,625 | 375 |
| 3. | ਅੰਮ੍ਰਿਤਸਰ ਦਾ 400 ਸਾਲਾ ਸਥਾਪਨਾ (ਅੰਗਰੇਜ਼ੀ) .. | 5,000 | 4,950 | 50 |
| 4. | ,, (ਪੰਜਾਬੀ) .. | 5,000 | 4,950 | 50 |
| 5. | ਪੰਜਾਬ ਐਗਰੀਕਲਚਰ (ਅੰਗਰੇਜ਼ੀ) .. | 5,500 | 2,200 | 3,300 |
| 6. | ਪੰਜਾਬ ਮੁਰਲਜ਼ (ਅੰਗਰੇਜ਼ੀ) .. | 5,000 | 4,950 | 50 |
| 7. | 500 ਥਾਟਸ ਆਫ ਗੁਰੂ ਨਾਨਕ (ਅੰਗਰੇਜ਼ੀ) .. | 3,000 | 2,950 | 50 |

ਸਾਲ 1978-79 ਦੌਰਾਨ ਪ੍ਰਕਾਸ਼ਤ ਕੀਤੀਆਂ ਗਈਆਂ ਪੁਸਤਕਾਂ :—

| ਨੰ: | ਪੁਸਤਕ ਦਾ ਨਾਂ | ਪ੍ਰਕਾਸ਼ਤ ਕੀਤੀਆਂ ਗਈਆਂ ਪੁਸਤਕਾਂ ਦੀ ਗਿਣਤੀ | ਵੰਡੀਆਂ ਗਈਆਂ ਪੁਸਤਕਾਂ | ਬਕਾਇਆ |
|---|---|---|---|---|
| 1 | 2 | 3 | 4 | 5 |
| 1. | ਸ੍ਰੀ ਦਸ਼ਮੇਸ਼ ਅਕੈਡਮੀ ਆਨੰਦਪੁਰ ਸਾਹਿਬ ਸੋਵੀਨਰ (ਅੰਗਰੇਜ਼ੀ) .. | 5,000 | 4,950 | 50 |
| 2. | (—ਉਹੀ—) (ਪੰਜਾਬੀ) .. | 5,000 | 4,950 | 50 |

Original with;
Punjab Vidhan Sabha
Digitized by;
Panjab Digital Library

[ਮਿਹਤ ਮੰਤਰੀ]

| 1 | 2 | 3 | 4 | 5 |
|---|---|---|---|---|
| 3. | ਪੋਰਟਰੇਟਸ ਆਫ ਡਿਵੈਲਪਮੈਂਟ (ਅੰਗਰੇਜ਼ੀ) .. | 10,000 | 9,950 | 50 |
| 4. | ਪੰਜਾਬ ਦੀਆਂ ਮੁੱਖ ਪ੍ਰਾਪਤੀਆਂ 1978-79 (ਅੰਗਰੇਜ਼ੀ) .. | 2,000 | 2,000 | — |
| 5. | (—ਉਹੀ—) (ਪੰਜਾਬੀ) .. | 2,500 | 2,500 | — |

ਸਾਲ 1979-80 ਦੌਰਾਨ ਪ੍ਰਕਾਸ਼ਤ ਕੀਤੀਆਂ ਗਈਆਂ ਪੁਸਤਕਾਂ :—

| ਨੰ: | ਪੁਸਤਕ ਦਾ ਨਾਂ | ਪ੍ਰਕਾਸ਼ਤ ਕੀਤੀਆਂ ਗਈਆਂ ਪੁਸਤਕਾਂ ਦੀ ਗਿਣਤੀ | ਵੇਚੀਆਂ ਗਈਆਂ ਪੁਸਤਕਾਂ | ਬਕਾਇਆ |
|---|---|---|---|---|
| 1 | 2 | 3 | 4 | 5 |
| 1. | ਗੁਰੂ ਅਮਰਦਾਸ ਰਾਗ ਰਤਨਾਵਲੀ (ਪੰਜਾਬੀ) .. | 5,000 | 3,425 | 1,575 |
| 2. | ਗੁਰੂ ਅਮਰਦਾਸ ਜੀ ਸੋਵੀਨਾਰ (ਪੰਜਾਬੀ) .. | 10,000 | 9,950 | 50 |
| 3. | ਗੁਰੂ ਅਮਰਦਾਸ ਜੀ ਚਿੱਤਰਾਵਲੀ (ਪੰਜਾਬੀ) .. | 15.000 | 12,600 | 2,400 |
| 4. | (—ਉਹੀ—) (ਅੰਗਰੇਜ਼ੀ) .. | 7,500 | 6,700 | 800 |
| 5. | (—ਉਹੀ—) (ਹਿੰਦੀ) .. | 2,500 | 2,200 | 300 |
| 6. | ਪੰਜਾਬ 1977-79 (ਅੰਗਰੇਜ਼ੀ) .. | 10,000 | 10,000 | — |
| 7. | ਕੰਧ ਚਿੱਤਰ (ਅੰਗਰੇਜ਼ੀ) .. | 5,000 | 3,640 | 1,360 |
| 8. | (—ਉਹੀ—) (ਪੰਜਾਬੀ) .. | 5,000 | 3,660 | 1,340 |
| 9. | ਸ਼ੇਰੇ ਪੰਜਾਬ ਮਾਹਾਰਾਜਾ ਰਣਜੀਤ ਸਿੰਘ (ਐਲਬਮ) (ਪੰਜਾਬੀ) ... | 5,000 | 3,800 | 1,200 |
| 10. | (—ਉਹੀ—) (ਅੰਗਰੇਜ਼ੀ) .. | 5,000 | 3,525 | 1,475 |
| 11. | (—ਉਹੀ—) (ਉਰਦੂ) .. | 8,000 | 6,100 | 1,900 |
| 12. | ਸ੍ਰੀ ਗੁਰੂ ਹਰ ਗੋਬਿੰਦ ਦਰਸ਼ਨ (ਪੰਜਾਬੀ) .. | 5,000 | 4,350 | 650 |
| 13. | (—ਉਹੀ—) (ਹਿੰਦੀ) .. | 5,000 | 2,950 | 2,050 |
| 14. | (—ਉਹੀ—) (ਅੰਗਰੇਜ਼ੀ) .. | 5,000 | 2,210 | 2,790 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 |
|---|---|---|---|---|---|
| 15. | ਪੰਜਾਬ ਦੇ ਕਲਾਧਾਰੀ ਬੱਚੇ | (ਅੰਗਰੇਜ਼ੀ) .. | 5,000 | 353 | 4,647 |
| 16. | (—ਉਹੀ —) | (ਪੰਜਾਬੀ) .. | 5,000 | 511 | 4,489 |
| 17. | ਦਾ ਪੰਜਾਬ ਏ ਗਲਿਪਸ ਥਰੂ ਦਾ ਏਜਿਜ਼ | (ਅੰਗਰੇਜ਼ੀ) .. | 5,000 | 2,900 | 2,100 |
| 18. | ਪੰਜਾਬ ਗਲੋਰੀਅਸ ਹੈਰੀਟੇਜ਼ ਇਨ ਦਿੱਲੀ | (ਅੰਗਰੇਜ਼ੀ) .. | 5,000 | 2,750 | 2,250 |
| 19. | (—ਉਹੀ—) | (ਪੰਜਾਬੀ) .. | 5,000 | 1,110 | 3,890 |
| 20. | ਫੈਕਟਸ ਅਬਾਉਟ ਪੰਜਾਬ | (ਅੰਗਰੇਜ਼ੀ) .. | 5,000 | 5,000 | — |
| 21. | ਅਦਾਰਸ਼ ਮਕੂਲ ਇਨ ਪੰਜਾਬ | (ਅੰਗਰੇਜ਼ੀ) .. | 5,000 | 5,000 | — |

## WALK-OUT

**ਡਾਕਟਰ ਭਗਤ ਸਿੰਘ** : ** ** **

**ਸ੍ਰੀ ਸਪੀਕਰ** : ਮੈਂ ਇਹ ਅਲਾਓ ਨਹੀਂ ਕਰਦਾ। ਕੁਝ ਵੀ ਰਿਕਾਰਡ ਤੇ ਨਾ ਲਿਆਂਦਾ ਜਾਵੇ।

(ਇਸ ਵਕਤ ਸ੍ਰੋਮਣੀ ਅਕਾਲੀ ਦਲ (ਟੀ) ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ।)

**ਸਿਹਤ ਮੰਤਰੀ** : ਸਪੀਕਰ ਸਾਹਿਬ, ਸੀ. ਐਮ. ਸਾਹਿਬ ਤੇ ਜਿਹੜਾ ਹਮਲਾ ਹੋਇਆ ਹੈ ਉਸ ਦੇ ਬਾਰੇ ਵੀ ਤਾਂ ਇਹ ਗਲ ਕਰਨ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸੀ. ਐਮ. ਸਾਹਿਬ ਨੇ ਤਾਂ ਪਹਿਲਾਂ ਹੀ ਅਖਬਾਰਾਂ ਵਿਚ ਬੜਾ ਕਲੀਅਰ ਬਿਆਨ ਦਿੱਤਾ ਹੈ ਕਿ ਅਗਰ ਕੋਈ ਮੈਂਬਰ ਆਪਣਾ ਮੰਨ ਬਣਾਉਣ ਤਾਂ ਉਹ ਜ਼ਰੂਰ ਇਥੇ ਹਾਊਸ ਵਿਚ ਉਨ੍ਹਾਂ ਦੀ ਹਾਜ਼ਰੀ ਵਾਸਤੇ ਸਹੂਲਤਾਂ ਦੇਣਗੇ। ਇਹ ਸੀ. ਐਮ. ਸਾਹਿਬ ਦਾ ਬਿਆਨ ਸੀ। ਮੇਰਾ ਖਿਆਲ ਹੈ ਕਿ ਇਸ ਵਿਚ ਸਪਸ਼ਟੀਕਰਨ ਦੀ ਜ਼ਰੂਰਤ ਨਹੀਂ।

**ਵਿਕਾਸ ਮੰਤਰੀ** : ਕੀ ਤੁਸੀਂ ਇਹ ਪੁਆਇੰਟ ਆਫ ਆਰਡਰ ਅਲਾਓ ਕਰ ਦਿੱਤਾ ਹੈ?

**ਸ੍ਰੀ ਸਪੀਕਰ** : ਮੈਂ ਇਹ ਡਿਸਅਲਾਓ ਕੀਤਾ ਹੈ।

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਕੈਟੇਗੋਰੀਕਲੀ ਇਹ ਗਲ ਕਹੀ ਹੈ ਕਿ ਉਨ੍ਹਾਂ ਸਹੂਲਤਾਂ ਵਿਚ ਇਕ ਇਹ ਸਹੂਲਤ ਵੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਤੇ ਇਸ ਗਲ ਦੀ ਕੋਈ ਪਾਬੰਦੀ ਨਾ ਹੋਵੇ ਕਿ ਸੈਸ਼ਨ ਅਟੈਂਡ ਕਰਨ ਵਾਸਤੇ ਉਨ੍ਹਾਂ ਨੂੰ ਜ਼ਮਾਨਤ ਲੈਣੀ ਪਵੇ ।

**ਸ੍ਰੀ ਸਪੀਕਰ :** ਇਸ ਗਲ ਨੂੰ ਅਸੀਂ ਹਾਊਸ ਤੋਂ ਬਾਅਦ ਡਿਸਕਸ ਕਰ ਲਵਾਂਗੇ ।

**ਲੋਕ ਨਿਰਮਾਣ ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਇਹ ਗਲ ਕਹਿਣੀ ਹੈ ਕਿ ਰੂਲਜ਼ ਬੜੇ ਕਲੀਅਰ ਹਨ । ਜਦੋਂ ਤੁਸੀਂ ਆਪਣੀ ਰੂਲਿੰਗ ਦੇ ਦਿੱਤੀ ਕਿ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਦਿੱਤੀ ਹੈ, ਉਸ ਤੋਂ ਬਅਦ ਇਥੇ ਅੰਟ ਸ਼ੰਟ ਬੋਲਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ।

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਅੰਟ ਸ਼ੰਟ ਕੌਣ ਬੋਲਿਆ ਹੈ This is too much. ਕਿਹੜੀ ਗਲ ਅੰਟ ਸ਼ੰਟ ਬੋਲੀ ਹੈ ।

**ਲੋਕ ਨਿਰਮਾਣ ਮੰਤਰੀ :** ਸਪੀਕਰ ਸਾਹਿਬ, ਇਹ ਗਲ ਕੈਟੇਗੋਰੀਕਲੀ ਡਿਨਾਈ ਹੋਈ ਹੈ ਕਿ [** ** ** **] ਅਸੀਂ ਇਸ ਗਲ ਨੂੰ ਡਿਨਾਈ ਕਰਦੇ ਹਾਂ ।

**ਸ੍ਰੀ ਸਪੀਕਰ :** ਇਹ ਗਲ ਨੋਟ ਨਹੀਂ ਹੋਈ ।

**ਲੋਕ ਨਿਰਮਾਣ ਮੰਤਰੀ :** ਸਪੀਕਰ ਸਾਹਿਬ,ਇਹ ਬੜੀ ਮਾੜੀ ਗਲ ਕਹੀ ਹੈ । ਅੰਮ੍ਰਿਤਧਾਰੀ ਸਿੱਖਾਂ ਦਾ ਤਾਂ ਬੜਾ ਸਤਿਕਾਰ ਕੀਤਾ ਜਾਂਦਾ ਹੈ । ਕੌਣ ਕਹਿੰਦਾ ਹੈ ਕਿ ਉਨ੍ਹਾਂ ਨੂੰ ਮਾਰਿਆ ਜਾ ਰਿਹਾ ਹੈ ? ਜਿਹੜਾ ਲਾਅ ਐਂਡ ਆਰਡਰ ਖਰਾਬ ਕਰਦਾ ਹੈ,ਉਸਦੇ ਵਾਸਤੇ ਤਾਂ ਉਹੀ ਕਾਨੂੰਨ ਹੈ ਜੋ ਦੂਜਿਆਂ ਲਈ ਹੈ । ਇਹ ਇਕ ਮਿਸਾਲ ਦੇ ਦੇਣ ਕਿ ਕਿਸੇ ਅੰਮ੍ਰਿਤਧਾਰੀ ਸਿੱਖ ਤੇ ਅਟਕ ਕੀਤਾ ਗਿਆ ਹੋਵੇ । ਡਾਕਟਰ ਭਗਤ ਸਿੰਘ ਇਸ ਗਲ ਤੇ ਵਾਕ-ਆਊਟ ਕਰ ਗਏ । ਚੀਫ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਹੈ ਕਿ ਅੰਮ੍ਰਿਤਧਾਰੀ ਸਿੱਖਾਂ ਬਾਰੇ ਸਾਡਾ ਕੋਈ ਮਾੜਾ ਵਿਚਾਰ ਨਹੀਂ ਹੈ । ਅਸੀਂ ਅੰਮ੍ਰਿਤਧਾਰੀ ਸਿੱਖਾਂ ਦਾ ਸਤਿਕਾਰ ਕਰਦੇ ਹਾਂ, ਮਾਣ ਕਰਦੇ ਹਾਂ । ਲੀਡਰ ਆਫ ਦੀ ਹਾਊਸ ਦੇ ਐਲਾਨ ਤੋਂ ਬਾਅਦ ਕਿ ਕਿਸੇ ਆਨਰੇਬਲ ਮੈਂਬਰ ਦੇ ਇਥੇ ਹਾਊਸ ਵਿੱਚ ਆਉਣ ਵਿੱਚ ਰੁਕਾਵਟ ਨਹੀਂ ਪਾਉਣੀ, ਉਸ ਤੋਂ ਬਾਅਦ ਕੋਈ ਗਲ ਰਹਿ ਨਹੀਂ ਜਾਂਦੀ । ਦੋ ਕਿਸਮ ਦੇ ਮੈਂਬਰਜ਼ ਹਨ । ਇੱਕ ਤਾ ਉਹ ਹਨ ਜਿਹੜੇ ਕਿ ਜੂਡੀਸ਼ਅਲੀ ਬਾਊਂਡ ਡਾਊਨ ਹੋਏ ਹਨ । ਉਹ ਬੇਸ਼ਕ ਜ਼ਮਾਨਤ ਕਰਵਾ ਕੇ ਆ ਜਾਣ । ਉਨ੍ਹਾਂ ਤੇ ਕੋਈ ਪਾਬੰਦੀ ਨਹੀਂ ਹੈ । ਜਿਹੜੇ ਮੈਂਬਰ ਬਾਹਰ ਹਨ ਉਨ੍ਹਾ ਨੂੰ ਤਾ ਆਉਣਾ ਚਾਹੀਦਾ ਹੈ । ਸੀ. ਐਮ. ਸਾਹਿਬ ਨੇ ਅਪੀਲ ਕੀਤੀ । ਅਗਰ ਉਨ੍ਹਾਂ ਨੇ ਬਾਈਕਾਟ ਕਰਨਾ ਹੈ ਤਾਂ ਆਪਣੀ ਪਾਰਟੀ ਦੇ ਹੁਕਮ ਵਜੋਂ ਕੀਤਾ ਹੈ, ਸਾਡੇ ਵੱਲੋਂ ਕੋਈ ਪਾਬੰਦੀ ਨਹੀਂ ।

**ਸ੍ਰੀ ਸਪੀਕਰ :** ਡਾਕਟਰ ਭਗਤ ਸਿੰਘ ਨੇ ਜੋ ਕਿਹਾ ਹੈ ਉਹ ਤਾਂ ਕੋਈ ਰਿਕਾਰਡ ਨਹੀਂ ਹੋਇਆ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਜੋ ਮਾਲ ਮੰਤਰੀ ਜੀ ਨੇ ਕਿਹਾ ਹੈ ਕੀ ਉਹ ਗੌਰਮਿੰਟ ਦੀ ਪੁਜੀਸ਼ਨ ਹੈ ਕਿ ਉਹ ਜ਼ਮਾਨਤ ਕਰਵਾ ਕੇ ਆਉਣ। ਇਹ ਗਲ ਕਲੀਅਰ ਹੋ ਜਾਵੇ।

**ਵਿੱਤ ਮੰਤਰੀ :** ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਜੋ ਕੁਝ ਕਿਹਾ ਹੈ, ਕੀ ਇਹ ਰਿਕਾਰਡ ਤੇ ਰਹੇਗਾ ? ਇਨ੍ਹਾਂ ਦੀ ਸਾਰੀ ਸਪੀਚ ਐਕਸਪੰਜ ਕਰਨ ਦਾ ਕੀ ਮਤਲਬ ਹੈ।

**ਸ੍ਰੀ ਸਪੀਕਰ :** ਮੈਂ ਤਾਂ ਡਾਕਟਰ ਭਗਤ ਸਿੰਘ ਦੀ ਸਪੀਚ ਐਕਸਪੰਜ ਕੀਤੀ ਹੈ। ਇਹ ਨਹੀਂ ਕੀਤੀ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਪੁਆਇੰਟ ਅੰਡਰ-ਡਿਸਕਸ਼ਨ ਨਹੀਂ ਹੈ।

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੇ ਮਸਲਾ ਉਠਾਇਆ ਹੈ ਕਿ ਪੰਜਾਬ ਦੀ ਹਾਲਤ ਬੜੀ ਚਿੰਤਾਜਨਕ ਹੈ ਅਤੇ ਦੂਜਾ ਕਿਹਾ ਹੈ ਕਿ ਵਿਰੋਧੀ ਧਿਰ ਦੀ ਇਕ ਪਾਰਟੀ ਨਾਲ ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਇਸ ਵੇਲੇ ਹਾਊਸ ਵਿਚ ਹਾਜ਼ਰ ਨਹੀਂ ਹਨ, ਉਨ੍ਹਾਂ ਨੂੰ ਹਾਊਸ ਵਿਚ ਲਿਆਂਦਾ ਜਾਵੇ। ਸਰਦਾਰ ਬੇਅੰਤ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਹਾਊਸ ਵਿਚ ਹਾਜ਼ਰ ਹੋਣ ਲਈ ਸਰਕਾਰ ਵਲੋਂ ਤਾਂ ਕੋਈ ਪਾਬੰਦੀ ਨਹੀਂ ਲਾਈ ਗਈ। ਬੜੀਆਂ ਇਜ਼ੀ ਰੈਮੇਡੀਜ਼ ਅਵੇਲੇਬਲ ਹਨ। ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਬਜਾਏ ਸਰਕਾਰ ਨੂੰ ਮਸ਼ਵਰਾ ਦੇਣ ਦੇ ਇਹ ਕੋਸ਼ਿਸ਼ ਆਪ ਕਰਕੇ ਵੇਖ ਲੈਣ, ਇਹ ਆਪ ਉਨ੍ਹਾਂ ਦੀ ਜ਼ਮਾਨਤ ਦੇ ਕੇ ਵੇਖ ਲੈਣ। ਜੇ ਉਹ ਇਨ੍ਹਾਂ ਦਾ ਮਸ਼ਵਰਾ ਮੰਨ ਲੈਣ, ਫਿਰ ਸਰਕਾਰ ਨੂੰ ਵੀ ਮਸ਼ਵਰਾ ਦੇ ਦੇਣ। ਪਰ ਜੇ ਉਹ ਇਨ੍ਹਾਂ ਦਾ ਮਸ਼ਵਰਾ ਕਬੂਲਣ ਨੂੰ ਤਿਆਰ ਹੀ ਨਾ ਹੋਣ, ਫਿਰ ਮੈਂ ਸਮਝਦਾ ਹਾਂ ਕਿ ਐਸੇ ਮਸਲੇ ਸਰਕਾਰ ਦੇ ਸਾਹਮਣੇ ਉਠਾਉਣੇ ਠੀਕ ਨਹੀਂ।

**ਸ੍ਰੀ ਸਪੀਕਰ :** ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ।

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਕਾਮਰੇਡ ਜੀ ਨੇ ਕਿਹਾ ਹੈ ਕਿ ਮੁੱਖ ਪਾਰਟੀ ਇਥੇ ਨਹੀਂ ਹੈ, ਇਹ ਬਿਲਕੁਲ ਗਲਤ ਹੈ। ਮੁੱਖ ਪਾਰਟੀ ਤਾਂ ਇਸ ਵੇਲੇ ਹਾਊਸ ਵਿਚ ਬੈਠੀ ਹੈ ਜੋ ਕਿ ਰਾਜ ਕਰ ਰਹੀ ਹੈ। ਭਲੇ ਬੰਦੇ ਰਾਜ ਕਰ ਰਹੇ ਹਨ ਔਰ ਜੋ ਗਲਤ ਗੱਲ ਕਰਦੇ ਹਨ, ਗਲਤ ਕੰਮ ਕਰਦੇ ਹਨ, ਉਹ ਨੈਚੂਰਲੀ ਜੇਲ੍ਹਾਂ ਵਿਚ ਹੀ ਜਾਣਗੇ।

ਸਪੀਕਰ ਸਾਹਿਬ, ਮੈਂ ਬਤੌਰ ਸਿੱਖ ਦੇ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਨੂੰ ਅੰਮ੍ਰਿਤ ਛਕਾਉਣ ਵੇਲੇ ਕੋਈ ਐਸਾ ਅਧਿਕਾਰ, ਕੋਈ ਐਸੀ ਸ਼ਰਤ, ਕੋਈ ਐਸਾ ਅਖਤਿਆਰ ਨਹੀਂ ਦਿੱਤਾ ਜਾਂਦਾ ਕਿ ਅੰਮ੍ਰਿਤ ਛਕਣ ਵਾਲਾ ਮਜ਼ਲੂਮ ਲੋਕਾਂ ਨੂੰ ਸ਼ਰੇ ਬਾਜ਼ਾਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਕਤਲ ਕਰ ਦੇਵੇ । ਕੋਈ ਵੀ ਕਾਨੂੰਨ ਦੀ ਧਾਰਾ ਸਰਕਾਰ ਨੂੰ ਅੰਮ੍ਰਿਤਧਾਰੀ ਦੇ ਖਿਲਾਫ ਐਕਸ਼ਨ ਲੈਣ ਤੋਂ ਨਹੀਂ ਵਰਜਦੀ, ਚਾਹੇ ਉਹ ਕੋਈ ਵੀ ਹੋਵੇ । ਜੋ ਵੀ ਕਸੂਰਵਾਰ ਹੈ, ਭਾਵੇਂ ਉਹ ਗੁਰਦਵਾਰੇ ਦਾ ਗਰੰਥੀ ਹੋਵੇ, ਚਾਹੇ ਉਹ ਕਿਸੇ ਮੰਦਰ ਦਾ ਪੁਜਾਰੀ ਹੋਵੇ, ਸਭਨਾ ਵਾਸਤੇ ਕਾਨੂੰਨ ਇਕੋ ਹੀ ਹੈ ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਸਪੀਕਰ ਸਾਹਿਬ, ਹਾਊਸ ਦੇ ਵਿਚ ਦਸ ਪੰਦਰਾਂ ਮਿੰਟਾਂ ਤੋਂ ਇਸ ਗਲ ਦੀ ਚਰਚਾ ਹੋ ਰਹੀ ਹੈ ਜੋ ਪੰਜਾਬ ਵਿਚ ਮੂਵਮੈਂਟ ਚਲ ਰਹੀ ਹੈ । ਕਲ ਰਾਜ ਕੁਮਾਰ ਜੀ ਨੇ ਇਸ ਨੂੰ ਸੋਸ਼ਲ ਕਾਜ਼ ਵੀ ਕਹਿ ਦਿੱਤਾ ਹੈ, ਪਤਾ ਨਹੀਂ ਹੈ ਕਿ ਇਹ ਇਨ੍ਹਾਂ ਦਾ ਆਪਣਾ ਲਫਜ਼ ਹੈ । ਮੈਂ ਸੀ.ਐਮ. ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਇਸ ਮਸਲੇ ਤੇ ਬਹਿਸ ਹੋ ਜਾਵੇ ਤਾਂ ਸਾਨੂੰ ਸਾਰਿਆਂ ਨੂੰ ਪਤਾ ਲਗ ਜਾਵੇ ਕਿ ਪੰਜਾਬ ਵਿਚ ਹਾਲਾਤ ਖਰਾਬ ਹੋਣ ਦੇ ਅਸਲ ਕਾਰਨ ਕੀ ਹਨ, ਸਿੱਖਾਂ ਨਾਲ ਧੱਕਾ ਹੁੰਦਾ ਹੈ ਜਾਂ ਆਨੰਦਪੁਰ ਸਾਹਿਬ ਦਾ ਮਤਾ ਹੈ ਉਸ ਤੇ ਡਿਸਕਸ਼ਨ ਹੋ ਜਾਵੇ ਤਾਂ ਸਾਨੂੰ ਪਤਾ ਲੱਗ ਜਾਵੇ ਕਿ ਦੇਸ਼ ਵਿਚ ਅਸਲ ਪੁਜੀਸ਼ਨ ਕੀ ਹੈ, ਸੋਸ਼ਲ ਕਾਜ਼ ਕਿਸ ਨੂੰ ਕਿਹਾ ਜਾ ਰਿਹਾ ਹੈ, ਖਾਲਿਸਤਾਨ ਦੇ ਹੱਕ ਵਿਚ ਕੌਣ ਹਨ । ਇਸ ਲਈ ਇਸ ਮਸਲੇ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ।

**Mr. Speaker:** I move to the next item on the list of Business.

**Chief Minister** (Sardar Darbara Singh) : Mr. Speaker, I want to have my say.

ਸਪੀਕਰ ਸਾਹਿਬ, ਇਹ ਬਹਿਸ ਤਲਬ-ਬਾਤ ਨਹੀਂ, ਇਸ ਕਰਕੇ ਨਹੀਂ ਕਿਉਂਕਿ ਮੈਂ ਹਾਊਸ ਤੋਂ ਬਾਹਰ ਬਹੁਤ ਕਲੀਅਰਲੀ ਇਹ ਆਖਿਆ ਹੈ ਕਿ ਜਿਹੜੇ ਸੈਸ਼ਨ ਨੂੰ ਅਟੈਂਡ ਕਰਨਾ ਚਾਹੁੰਦੇ ਹਨ ਉਨਾਂ ਨੂੰ ਕੋਈ ਰੋਕ ਨਹੀਂ ਹੈ । ਇਹ ਉਸ ਪਾਰਟੀ ਦਾ ਆਪਣਾ ਫੈਸਲਾ ਹੈ ਕਿ ਅਸੀਂ ਸੈਸ਼ਨ ਨਹੀਂ ਅਟੈਂਡ ਕਰਨ ਜਾਣਾ । ਉਸ ਦੇ ਚਿੰਨ੍ਹ ਸਾਨੂੰ ਸਾਫ ਦਿਸਦੇ ਹਨ ਕਿ ਜਿਹੜੇ ਮੈਂਬਰ ਬਾਹਰ ਹਨ, ਉਨ੍ਹਾਂ ਤੇ ਤਾਂ ਕੋਈ ਰੋਕ ਟੋਕ ਨਹੀਂ ਹੈ, ਜੇਕਰ ਅੱਗੇ ਕੋਈ ਜੇਲ੍ਹ ਵਾਲਿਆਂ ਤੇ ਲੱਗੀ ਹੋਈ ਹੈ ਤਾਂ ਦੂਸਰੇ ਤਾਂ ਅਟੈਂਡ ਕਰ ਸਕਦੇ ਹਨ । ਉਹ ਇਥੇ ਦੋ ਦਿਨ ਪਹਿਲਾਂ ਕਮੇਟੀਆਂ ਦੀਆਂ ਮੀਟਿੰਗਾਂ ਅਟੈਂਡ ਕਰਦੇ ਰਹੇ ਹਨ । ਉਹ ਹਾਊਸ ਵਿਚੋਂ ਬਾਹਰ ਹਨ, ਜੇਲ੍ਹ ਵਿਚ ਤਾਂ ਉਹ ਨਹੀਂ ਬੈਠੇ, ਜੇਲ੍ਹ ਵਿਚ ਵੀ ਉਹ ਆਪਣੀ ਮਰਜ਼ੀ ਨਾਲ ਜਾਂਦੇ ਹਨ । ਉਹ ਬਾਹਰ ਹਨ ਤਾਂ ਆਪਣੀ ਮਰਜ਼ੀ ਨਾਲ ਅੰਦਰ ਨਹੀਂ ਗਏ, ਉਹ ਤਾਂ ਸੈਸ਼ਨ ਅਟੈਂਡ ਕਰ ਸਕਦੇ ਹਨ । ਮੈਂ ਸਮਝਦਾ ਹਾਂ ਕਿ ਤੁਸੀਂ ਰੂਲਿੰਗ ਠੀਕ ਦਿੱਤੀ ਹੈ ।

ਜੋ ਕਿਹਾ ਗਿਆ ਹੈ ਅੰਮ੍ਰਿਤਧਾਰੀਆਂ ਬਾਰੇ, ਸਾਨੂੰ ਇਹ ਦੱਸਣ ਕਿ ਅੰਮ੍ਰਿਤਧਾਰੀ ਸਾਡੇ ਨਾਲੋਂ ਕਿਹੜਾ ਵੱਡਾ ਹੈ, ਇਹ ਗੱਲ ਸਾਨੂੰ ਦੱਸ ਦੇਣ ? ਮੈਂ ਦੱਸਦਾ ਹਾਂ ਕਿ ਅੰਮ੍ਰਿਤਧਾਰੀ ਦਾ ਸਵਾਲ ਨਹੀਂ ਹੈ, ਕਾਨੂੰਨ ਦੇ ਸਾਹਮਣੇ ਸਾਰੇ ਇਕ ਜਿਹੇ ਹਨ । ਕਿਸੇ ਵੀ ਅੰਮ੍ਰਿਤਧਾਰੀ ਸਿੱਖ ਦਾ ਇਹ ਫਰਜ਼ ਨਹੀਂ ਬਣ ਜਾਂਦਾ ਕਿ ਬਜ਼ਾਰਾਂ ਵਿਚ ਛੋਟੇ ਛੋਟੇ ਬੱਚਿਆਂ ਨੂੰ, ਮਜ਼ਲੂਮਾਂ ਨੂੰ, ਬੇਗੁਨਾਹਾਂ ਨੂੰ ਕਤਲ ਕਰ ਦੇਵੇ । ਇਸ ਲਈ ਉਹ ਇਕ

Original with;
Punjab Vidhan Sabha
Digitized by;
Panjab Digital Library

ਅਲੱਗ ਬਾਤ ਹੈ । ਲੇਕਿਨ ਜੋ ਆਨਰੇਬਲ ਮੈਂਬਰਜ਼ ਨੇ ਗੱਲ ਕਹੀ ਹੈ, ਅਸੀਂ ਅਜੇ ਵੀ ਇਸ ਗੱਲ ਤੇ ਸਟੈਂਡ ਕਰਦੇ ਹਾਂ ਕਿ ਜੋ ਵੀ ਕੋਈ ਮੋਸ਼ਨ ਅਟੈਂਡ ਕਰਨਾ ਚਾਹੁੰਦਾ ਹੈ ਉਹ ਆਵੇ ਔਰ ਅਟੈਂਡ ਕਰੇ ।

(ਇਸ ਸਮੇਂ ਸੀ. ਪੀ. ਆਈ. (ਐਮ.) ਦੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਆਗਿਆ ਦੀ ਮੰਗ ਕਰ ਰਹੇ ਸਨ ।)

**Mr. Speaker** : No point of order please. ਹਾਂ ਜੀ ਝਬਾਲ ਸਾਹਿਬ, ਆਪਣੀ ਕਾਲ-ਅਟੈਨਸ਼ਨ ਮੋਸ਼ਨ ਪੜ੍ਹੋ ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**Mr. Speaker** : Nothing is to be recorded.

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਵੋ ਜੀ ।

**ਸ੍ਰੀ ਸਪੀਕਰ** : ਨਹੀਂ ਜੀ, ਮੈਂ ਕਾਲ ਅਟੈਨਸ਼ਨ ਮੋਸ਼ਨ ਵਾਸਤੇ ਝਬਾਲ ਸਾਹਿਬ ਨੂੰ ਕਾਲ ਅਪਾਨ ਕੀਤਾ ਹੈ । ਤੁਸੀਂ ਬੈਠੋ ।

**ਮਾਸਟਰ ਬਾਬੂ ਸਿੰਘ** : ** ** **

**Mr. Speaker** : I do not allow. Nothing to be recorded.

ਹਾਂ ਜੀ, ਝਬਾਲ ਸਾਹਿਬ, ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

## CALL ATTENTION NOTICES UNDER RULE 66

(ਕ੍ਰਮ ਨੰ. 6)

**ਕਾਮਰੇਡ ਦਰਸ਼ਨ ਸਿੰਘ ਝਬਾਲ** : ਮੈਂ ਸਰਕਾਰ ਦਾ ਧਿਆਨ ਲੋਕ ਮਹਤੱਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਸ਼ੂਗਰ ਮਿੱਲ ਬਟਾਲਾ, ਭੋਗਪੁਰ ਫਗਵਾੜਾ, ਨਵਾਂਸ਼ਹਿਰ, ਪਨਿਆੜ ਆਦਿ ਮਿੱਲਾਂ ਵਲੋਂ ਕਿਸਾਨਾਂ ਦੇ ਗੰਨੇ ਦਾ ਬਕਾਇਆ ਨਹੀਂ ਦਿੱਤਾ ਗਿਆ । ਕਿਸਾਨਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਸਾਰਾ ਬਾਂਡਿਡ ਗੰਨਾ ਮਿੱਲਾਂ ਚੁਕਣਗੀਆਂ ਪਰ ਅਜੇ ਵੀ ਬਟਾਲਾ ਮਿੱਲ ਨਾਲ ਬਾਂਡ ਕੀਤਾ ਹੋਇਆ ਗੰਨਾ ਅਜੇ ਵੀ ਹਜ਼ਾਰਾਂ ਏਕੜ ਖੇਤਾਂ ਵਿਚ ਖਰਾਬ ਹੋ ਰਿਹਾ ਹੈ । ਕਿਸਾਨਾਂ ਨੇ ਕਰਜ਼ਾ ਚੁੱਕ ਕੇ ਗੰਨਾ ਪੈਦਾ ਕੀਤਾ ਸੀ ਪਰ ਸਰਕਾਰ ਵਲੋਂ ਬਕਾਇਆ ਦਵਾਉਣ ਲਈ ਕੋਈ ਕਦਮ ਨਹੀਂ ਚੁੱਕੇ ਜਾ ਰਹੇ । ਕਿਸਾਨਾਂ ਵਿਚ ਸਖਤ ਬੇਚੈਨੀ ਹੈ ਅਤੇ ਬਕਾਇਆ ਲੈਣ ਲਈ ਜਦੋ-ਜਹਿਦ ਲਈ ਸੋਚ ਰਹੇ ਹਨ । ਪੰਜਾਬ ਸਰਕਾਰ ਜਵਾਬ ਦੇਵੇ ਕਿ ਕੀ ਠੋਸ ਕਦਮ ਚੁੱਕੇ ਜਾ ਰਹੇ ਹਨ ?

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਹਿਕਾਰਤਾ ਮੰਤਰੀ (ਸਰਦਾਰ ਬੀਰਪਾਲ ਸਿੰਘ): ਇਸ ਵੇਲੇ ਨਵਾਂ ਸ਼ਹਿਰ ਸ਼ੂਗਰ ਮਿੱਲ ਵਲੋਂ ਗੰਨੇ ਦੀ ਕੀਮਤ ਦਾ ਕੋਈ ਬਕਾਇਆ ਨਹੀਂ ਹੈ। ਜਦੋਂ ਕਿ ਬਾਕੀ ਦੀਆਂ ਖੰਡ ਮਿਲਾਂ ਦਾ ਸਾਲ 1981-82 ਦੇ ਗੰਨੇ ਦੇ ਰਹਿੰਦੇ ਬਕਾਏ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| 1 | 2 | | 3 |
|---|---|---|---|
| | | | (ਰੁਪਏ ਲੱਖਾਂ ਵਿਚ) |
| 1. | ਬਟਾਲਾ | .. | 39.87 |
| 2. | ਮੋਰਿੰਡਾ | .. | 28.50 |
| 3. | ਭੋਗਪੁਰ | .. | 14.44 |
| 4. | ਧੂਰੀ | .. | 5.10 |
| 5. | ਫਗਵਾੜਾ | .. | 52.94 |
| 6. | ਜ਼ੀਰਾ | .. | 7.60 |
| 7. | ਗੁਰਦਾਸਪੁਰ | .. | 58.77 |

ਖੰਡ ਮਿਲਾਂ ਵਲੋਂ ਗੰਨੇ ਦੀ ਕੀਮਤ ਦੇ ਬਕਾਇਆ ਦਾ ਕਾਰਣ ਮਿੱਲਾਂ ਦੀ ਮਾਲੀ ਔਕੜਾਂ ਕਾਰਣ ਹੈ ਜੋ ਕਿ ਗੰਨਾ ਉਤਪਾਦਕਾਂ ਨੂੰ ਗੰਨੇ ਦੀ ਵਾਧੂ ਕੀਮਤ ਦੇਣ ਕਰਕੇ ਪੈਦਾ ਹੋਈ। ਸਹਿਕਾਰੀ ਖੰਡ ਮਿਲਾਂ ਨੇ ਕੇਂਦਰੀ ਸਹਿਕਾਰੀ ਬੈਂਕਾਂ ਰਾਹੀਂ ਭਾਰਤੀ ਰਿਜ਼ਰਵ ਬੈਂਕ ਤੋਂ ਵਾਧੂ ਕੈਸ਼ ਕਰੈਡਿਟ ਲਿਮਟ ਦੀ ਮਨਜ਼ੂਰੀ ਲਈ ਕੇਸ ਭੇਜਿਆ ਹੈ। ਇਹ ਕੇਸ ਭਾਰਤੀ ਰਿਜ਼ਰਵ ਬੈਂਕ ਦੇ ਵਿਚਾਰ ਅਧੀਨ ਹੈ ਅਤੇ ਇਸ ਤੋਂ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਖੰਡ ਮਿੱਲ, ਗੁਰਦਾਸਪੁਰ ਅਤੇ ਜ਼ੀਰਾ ਦੀ ਮਾਲੀ ਹਾਲਤ ਖਰਾਬ ਹੋਣ ਕਰਕੇ ਉਹ ਗੰਨੇ ਦੀ ਬਕਾਇਆ ਕੀਮਤ ਦੀ ਅਦਾਇਗੀ ਨਹੀਂ ਕਰ ਸਕੀ। ਪੰਜਾਬ ਸਹਿਕਾਰ ਵਲੋਂ ਉਨ੍ਹਾਂ ਤੇ ਹਮਦਰਦਾਨਾ ਗੌਰ ਕਰਦੇ ਹੋਏ ਇਨ੍ਹਾਂ ਖੰਡ ਮਿਲਾਂ ਨੂੰ 3 ਕਰੋੜ ਰੁਪਿਆ ਬਤੌਰ ਆਰਜ਼ੀ ਕਰਜ਼ਾ ਗੰਨੇ ਦੀ ਕੀਮਤ ਦੇਣ ਲਈ ਦਿੱਤਾ ਗਿਆ। ਗੁਰਦਾਸਪੁਰ ਅਤੇ ਜ਼ੀਰਾ ਖੰਡ ਮਿੱਲਾਂ ਵਲੋਂ ਗੰਨੇ ਦੀ ਬਕਾਇਆ ਕੀਮਤ ਨਿਪਟਾਉਣ ਲਈ ਸਤੰਬਰ, 1982 ਵਿਚ ਵੇਚੀ ਗਈ ਖੰਡ ਦੇ ਪੈਸਿਆਂ ਤੋਂ ਚੁਕਾ ਦਿੱਤੀ ਜਾਵੇਗੀ। ਪ੍ਰਾਈਵੇਟ ਖੰਡ ਮਿੱਲਾਂ ਧੂਰੀ ਅਤੇ ਫਗਵਾੜਾ ਨੂੰ ਗੰਨੇ ਦੀ ਕੀਮਤ ਦੀ ਬਕਾਇਆ ਦੀ ਅਦਾਇਗੀ ਬਿਨਾਂ ਕਿਸੇ ਹੋਰ ਦੇਰੀ ਤੋਂ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਝਬਾਲ**: ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਪਹਿਲੀ ਮਾਰਚ ਨੂੰ ਇਸ ਗੰਨੇ ਦੇ ਬਾਰੇ ਸਵਾਲ ਕੀਤਾ ਸੀ ਤਾਂ ਚੌਧਰੀ ਕਾਂਸ਼ੀ ਰਾਮ ਜੀ ਨੇ ਜਵਾਬ ਵਿਚ ਕਿਹਾ ਸੀ ਕਿ ਅਸੀਂ ਕਿਸਾਨਾਂ ਦਾ ਬਾਂਡਿਡ ਗੰਨਾ ਸਾਰਾ ਚੁੱਕਾਂਗੇ ਅੋਰ ਜਦੋਂ ਤਕ ਇਹ ਗੰਨਾ ਚੁੱਕਿਆ ਨਹੀਂ ਜਾਵੇਗਾ ਮਿੱਲਾਂ ਬੰਦ ਨਹੀਂ ਹੋਣਗੀਆਂ । ਫਿਰ 30 ਮਾਰਚ ਨੂੰ ਭੋਗਪੁਰ ਮਿੱਲ ਦੇ ਬਾਰੇ ਸਵਾਲ ਉਠਾਇਆ ਤਾਂ ਵੀ ਇਹ ਕਿਹਾ ਸੀ ਕਿ ਅਸੀਂ ਸਾਰਾ ਬਾਂਡਿਡ ਗੰਨਾ ਚੁੱਕਾਂਗੇ ਪਰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਹਾਲੇ ਵੀ ਬਟਾਲਾ, ਭੋਗਪੁਰ ਅੋਰ ਹੋਰ ਕਈ ਮਿੱਲਾਂ ਦਾ ਗੰਨਾ ਚੁੱਕਿਆ ਨਹੀਂ ਗਿਆ । ਇਸ ਵੇਲੇ ਇਨ੍ਹਾਂ ਮਿੱਲਾਂ ਦੇ ਬਾਹਰ 10 ਕਰੋੜ ਰੁਪਏ ਦੇ ਲਗਭਗ ਗੰਨਾ ਖੜ੍ਹਾ ਹੈ ਅੋਰ ਚੁੱਕਿਆ ਨਹੀਂ ਜਾ ਰਿਹਾ ਜਿਨ੍ਹਾਂ ਕਿਸਾਨਾਂ ਨੂੰ ਪਰਚੀਆਂ ਮਿਲੀਆਂ ਸਨ ਉਨ੍ਹਾਂ ਦਾ ਗੰਨਾ ਵੀ ਬਾਹਰ ਖੜ੍ਹਾ ਹੈ ਅੋਰ ਖਰਾਬ ਹੋ ਰਿਹਾ ਹੈ । ਜਿਨ੍ਹਾਂ ਕਿਸਾਨਾਂ ਨੇ ਮਿਹਨਤ ਕਰਕੇ ਗੰਨਾ ਪੈਦਾ ਕੀਤਾ ਸੀ, ਉਨ੍ਹਾਂ ਦਾ ਬੁਰਾ ਹਾਲ ਹੋ ਰਿਹਾ ਹੈ । ਮਗਰ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ ।

ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਗੰਨਾ ਮਿੱਲਾਂ ਚੁੱਕ ਰਹੀਆਂ ਹਨ ਉਹ 60 ਕਿਲੇ ਜ਼ਮੀਨ ਦਾ ਗੰਨਾ ਹੈ ਪਰ ਕਿਸਾਨ ਦਾ ਗੰਨਾ 200 ਏਕੜ ਵਿਚ ਪੈਦਾ ਹੋਇਆ ਬਾਕੀ ਦਾ ਸਾਰਾ ਖਰਾਬ ਹੋ ਰਿਹਾ ਹੈ ਅੋਰ ਪੀੜਿਆਂ ਨਹੀਂ ਜਾ ਰਿਹਾ । ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਦੇ ਬਾਰੇ ਮੈਂ ਦੱਸਦਾ ਹਾਂ ਕਿ ਤਰਨ ਤਾਰਨ, ਝਬਾਲ, ਬਟਾਲਾ ਅੋਰ ਰਈਆਂ ਦਾ ਗੰਨਾ ਚੁੱਕਿਆ ਨਹੀਂ ਜਾ ਰਿਹਾ। ਜਿਹੜਾ ਬਾਂਡਿਡ ਗੰਨਾ ਹੈ ਉਹ ਵੀ ਨਹੀਂ ਚੁੱਕਿਆ ਜਾ ਰਿਹਾ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗੰਨਾ ਪੀੜਨ ਵਾਲੇ ਮਾਹਿਰ ਕਹਿੰਦੇ ਹਨ ਕਿ ਸਾਡੇ ਪੰਜਾਬ ਵਿਚ ਜਿੰਨਾ ਗੰਨਾ ਪੈਦਾ ਹੋ ਰਿਹਾ ਹੈ ਜੇ ਇਥੇ 25 ਮਿੱਲਾਂ ਵੀ ਹੋਰ ਲੱਗ ਜਾਣ ਤਾਂ ਵੀ ਇਹ ਨਹੀਂ ਪੀੜ ਸਕਦੀਆਂ । ਇਸ ਦੇ ਨਾਲ ਮੈਂ ਗੰਨੇ ਦੇ ਭਾਅ ਬਾਰੇ ਦੱਸਦਾ ਹਾਂ ਕਿ ਹੁਣ ਸਰਕਾਰ ਨੇ ਸਾਢੇ 15 ਰੁਪਏ ਕੁਇੰਟਲ ਗੰਨੇ ਦਾ ਭਾਅ ਰਖਿਆ ਹੈ, ਇਹ ਵੀ ਬਹੁਤ ਘੱਟ ਹੈ ।

**ਸ੍ਰੀ ਸਪੀਕਰ** : ਤੁਸੀ ਸਪੀਚ ਕਰਨ ਲੱਗ ਪਏ ਹੋ, ਕਾਲ ਅਟੈਂਸ਼ਨ ਮੋਸ਼ਨ ਤੇ ਸਵਾਲ ਕਰੋ ;

**ਕਾਮਰੇਡ ਦਰਸ਼ਨ ਸਿੰਘ ਝਬਾਲ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕਿਸਾਨਾਂ ਦਾ ਬਾਂਡਿਡ ਗੰਨਾ ਹੈ ਉਹ ਕਿਉਂ ਨਹੀਂ ਚੁੱਕਿਆ ਅੋਰ ਜਿਹੜਾ ਮੁਆਵਜ਼ਾ ਉਨ੍ਹਾਂ ਨੂੰ ਦੇਣਾ ਬਣਦਾ ਹੈ ਉਹ ਜਲਦੀ ਦਿੱਤਾ ਜਾਵੇ । ਇਸ ਦੇ ਨਾਲ ਇਹ ਤਾਰੀਖ਼ ਦੱਸਣ ਕਿ ਜਿਨ੍ਹਾਂ ਕਿਸਾਨਾਂ ਦਾ ਬਕਾਇਆ ਮਿੱਲਾਂ ਵਾਲਿਆਂ ਵਲ ਰਹਿੰਦਾ ਹੈ ਉਹ ਕਦੋਂ ਤਕ ਦਿਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਗੁਜ਼ਾਰਿਸ਼ ਕੀਤੀ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਸਾਰੇ ਹਿੰਦੁਸਤਾਨ ਦੇ ਫਾਰਮਰਜ਼ ਨਾਲੋਂ ਪੰਜਾਬ ਦੇ ਕਿਸਾਨਾਂ ਨੂੰ ਵੱਧ ਭਾਅ ਗੰਨੇ ਦਾ ਦਿਵਾਇਆ ਹੈ । ਸਾਡੀ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਦਾ ਪੂਰਾ ਖਿਆਲ ਹੈ । ਪਰ ਇਹ ਆਪ ਉਸ ਮਿੱਲ ਦੇ ਅੱਗੇ 55 ਦਿਨ ਹੜਤਾਲ ਕਰਕੇ ਬੈਠੇ ਰਹੇ ਅੋਰ ਮਿੱਲ ਚਲਣ ਨਹੀਂ ਦਿੱਤੀ । ਸਾਡੀ ਸਰਕਾਰ ਨੇ ਕੋਸ਼ਿਸ਼ ਕਰਕੇ 17 ਜੁਲਾਈ

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਤਕ ਉਹ ਮਿੱਲ ਚਲਾਈ ਹੈ । ਫਿਰ ਇਹ ਜਿਹੜੀ ਭੋਗਪੁਰ ਮਿੱਲ ਦੀ ਗੱਲ ਕਰਦੇ ਹਨ ਉਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਉਸ ਮਿੱਲ ਦਾ 14.44 ਲੱਖ ਰੁਪਿਆ ਡਾਇਵਰਟ ਕੀਤਾ ਗਿਆ ਹੈ । ਇਸ ਦੇ ਬਾਰੇ ਮੁੱਖ ਮੰਤਰੀ ਸਾਹਿਬ ਨੇ ਸੱਪਸ਼ਟੀਕਰਨ ਵੀ ਕੀਤਾ ਸੀ । ਉਨ੍ਹਾਂ ਨੇ ਕਿਹਾ ਸੀ ਕਿ 85% ਗੰਨਾ ਜ਼ਿਆਦਾ ਪੀੜਿਆ ਹੈ । ਬਾਕੀ ਜਿਹੜਾ ਗੰਨਾ ਦੂਜੀਆਂ ਮਿੱਲਾਂ ਨੂੰ ਡਾਇਵਰਟ ਕੀਤਾ ਸੀ ਉਹ ਉਥੇ ਲੈ ਕੇ ਨਹੀਂ ਗਏ । ਪਰ ਸਾਡੀ ਸਰਕਾਰ ਦਾ ਹੁਣ ਵੀ ਇਹ ਇਰਾਦਾ ਹੈ ਕਿ ਜਿਨ੍ਹਾਂ ਦਾ ਬਕਾਇਆ ਰਹਿੰਦਾ ਹੈ ਉਸ ਦਾ ਜਲਦੀ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ । ਬਟਾਲੇ ਵਾਲੀ ਮਿੱਲ ਦਾ ਬਕਾਇਆ ਦੇਣਾ ਸ਼ੁਰੂ ਕੀਤਾ ਸੀ ਔਰ 10 ਦਿਨਾਂ ਦੇ ਅੰਦਰ 15 ਲੱਖ ਰੁਪਿਆ ਦੇ ਦੇਣਾ ਹੈ । ਇਸ ਤੋਂ ਇਲਾਵਾ ਜਿਹੜਾ ਹੋਰ ਬਕਾਇਆ ਰਹਿ ਜਾਵੇਗਾ ਉਹ ਵੀ ਜਿਉਂ ਜਿਉਂ ਖੰਡ ਮਿੱਲਾਂ ਵਿਚੋਂ ਚੁਕਦੀ ਜਾਵੇਗੀ, ਬਕਾਇਆ ਦੇ ਦਿੱਤਾ ਜਾਵੇਗਾ । ਜਿਤਨੀ ਖੰਡ ਹੁੰਦੀ ਹੈ ਉਸ ਦਾ 65% ਹਿੱਸਾ ਲੈਵੀ ਵਾਸਤੇ ਸੂਗਰ ਕੰਟਰੋਲ ਐਕਟ ਦੇ ਹੇਠਾਂ ਦਿੱਤਾ ਜਾਂਦਾ ਹੈ ਔਰ ਬਾਕੀ ਸਾਡੇ ਕੋਲ 35% ਖੰਡ ਰਹਿ ਜਾਂਦੀ ਹੈ । ਫਿਰ ਵੀ ਸਾਡੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਚਾਹੁੰਦੀ ਹੈ ਔਰ ਇੰਦਰਾ ਗਾਂਧੀ ਜੀ ਨੇ ਵੀ ਕਿਹਾ ਸੀ ਕਿ ਪਜਾਬ ਵਿਚ ਕਿਸਾਨਾਂ ਦਾ ਪੂਰਾ ਖਿਆਲ ਰਖਿਆ ਜਾਵੇਗਾ । ਇਸ ਲਈ ਜਿਹੜਾ ਬਕਾਇਆ ਰਹਿੰਦਾ ਹੈ ਉਸ ਦੀ ਅਦਾਇਗੀ ਕਰ ਦਿੱਤੀ ਜਾਵੇਗੀ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਮੈਂ ਪੁਛਿਆ ਸੀ ਕਿ ਜਿਹੜਾ ਗੰਨਾ ਮਿੱਲਾਂ ਤੇ ਆਇਆ, ਉਹ ਵੀ ਨਹੀਂ ਪੀੜਿਆ ਜਾ ਰਿਹਾ । ਬਾਂਡਿਡ ਗੰਨਾ ਪਿਆ ਹੈ ;

**ਮੁੱਖ ਮੰਤਰੀ** : ਸਪੀਕਰ ਸਾਹਿਬ, ਝਬਾਲ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ, ਉਸ ਦਾ ਜਵਾਬ ਮਨਿਸਟਰ ਸਾਹਿਬ ਨੇ ਦੇ ਦਿੱਤਾ ਹੈ । ਪਰ ਮੈਂ ਦੱਸਦਾ ਹਾਂ ਕਿ ਜਿਨ੍ਹਾਂ ਦਾ ਬਕਾਇਆ ਰਹਿੰਦਾ ਹੈ ਉਹ ਤਾਂ ਦੇ ਦਿੱਤਾ ਜਾਵੇਗਾ । ਪਰ ਜਿਹੜੀ ਮਿੱਲ ਦੇ ਸਾਹਮਣੇ ਇਹ ਡੇਢ ਮਹੀਨਾ ਨਾਚ ਕਰਦੇ ਰਹੇ ਅਗਰ ਉਨ੍ਹਾਂ ਦਾ ਗੰਨਾ ਨਾ ਲਿਆ ਜਾਵੇ ਤਾਂ ਹਰਜ ਵੀ ਕੀ ਹੈ । ਅਗਰ ਡੇਢ ਮਹੀਨਾ ਇਹ ਮਿੱਲ ਚਲਦੀ ਤਾਂ ਸਾਰਾ ਬਾਂਡਿਡ ਗੰਨਾ ਹੀ ਨਹੀਂ ਬਲਕਿ ਉਸ ਤੋਂ ਜ਼ਿਆਦਾ ਪੀੜਿਆ ਜਾਣਾ ਸੀ । ਫਿਰ ਵੀ ਉਹ ਮਿੱਲ ਹੁਣ 17 ਜੁਲਾਈ ਤਕ ਚਲੀ ਹੈ ਔਰ ਜਿਹੜਾ ਗੰਨਾ ਸੁਕ ਕੇ ਲਕੜ ਹੋ ਗਿਆ ਸੀ ਔਰ ਉਸ ਵਿਚੋਂ 5% ਰਿਕਵਰੀ ਵੀ ਨਹੀਂ ਰਹਿ ਗਈ ਸੀ ਤਾਂ ਪੀੜਨਾ ਬੰਦ ਕੀਤਾ ਹੈ । ਬਾਕੀ ਜਿਉਂ ਜਿਉਂ ਮਿੱਲਾਂ ਵਿਚੋਂ ਖੰਡ ਬਾਹਰ ਆਉਂਦੀ ਜਾਵੇਗੀ ਔਰ ਪੈਸਾ ਆਏਗਾ, ਤਾਂ ਇਨ੍ਹਾਂ ਨੂੰ ਜਿਨ੍ਹਾਂ ਦਾ ਬਕਾਇਆ ਰਹਿੰਦਾ ਹੈ, ਦੇ ਦਿੱਤਾ ਜਾਵੇਗਾ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, 2 ਕਿਲੇ ਜ਼ਮੀਨ ਵਾਲੇ ਦਾ ਵੀ ਸਰਵੇ ਨਹੀਂ ਹੋ ਰਿਹਾ, ਉਸ ਦੇ ਬਾਰੇ ਵੀ ਦਸ ਦੇਣ ?

**Chief Minister** : I will take care of it.

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 8)

**ਕਾਮਰੇਡ ਬਲਦੇਵ ਸਿੰਘ ਲੰਬਾ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ ਜ਼ਿਲ੍ਹਾ ਪਟਿਆਲਾ ਦੇ ਬਲਾਕ ਸਮਾਣਾ ਵਿਚਲੇ ਪਾਤੜਾਂ, ਘੱਗਾ, ਸ਼ੁਤਰਾਣਾ, ਸ਼ੇਰਗੜ੍ਹ ਏਰੀਆ ਦੇ ਲੱਗ ਭੱਗ 55-56 ਪਿੰਡ ਅਤੇ ਸੰਗਰੂਰ ਜ਼ਿਲ੍ਹੇ ਦੇ 40-50 ਪਿੰਡ ਜੋ ਬਿਜਲੀ ਦੀ ਸਪਲਾਈ ਲਈ ਸੰਗਰੂਰ ਨਾਲ ਲਾਏ ਹੋਏ ਹਨ ਅਰਥਾਤ ਜਿਨ੍ਹਾਂ ਪਿੰਡਾਂ ਨੂੰ ਸੰਗਰੂਰ ਤੋਂ ਬਿਜਲੀ ਸਪਲਾਈ ਹੁੰਦੀ ਹੈ, ਸਮੁੱਚੇ ਪੰਜਾਬ ਵਿਚ ਕਟੌਤੀ ਤੋਂ ਇਲਾਵਾ ਜੇ 10 ਘੰਟੇ ਬਿਜਲੀ ਦੇਣੀ ਹੋਵੇ ਤਾਂ ਘੱਟੋ ਘੱਟ 10 ਵਾਰੀ ਬਿਜਲੀ ਬੰਦ ਹੋ ਹੋ ਕੇ ਆਉਂਦੀ ਹੈ । ਪਾਣੀ ਨੱਕੇ ਤੱਕ ਪਹੁੰਚਦਾ ਹੀ ਨਹੀਂ, ਫਿਰ ਮੋਟਰਾਂ ਬੰਦ ਹੋ ਜਾਂਦੀਆਂ ਹਨ । ਜਿਸ ਦੇ ਸਿੱਟੇ ਵਜੋਂ ਸੈਂਕੜੇ ਏਕੜ ਧਾਨ ਅਤੇ ਹੋਰ ਫਸਲਾਂ ਸੁੱਕ ਗਈਆਂ ਹਨ ਤੇ ਹੋਰ ਸੁਕ ਰਹੀਆਂ ਹਨ । ਲੋਕਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ ਅਤੇ ਨਾਲ ਦੇਸ਼ ਦੇ ਅਨਾਜ ਭੰਡਾਰ ਵਿਚ ਵੀ ਕਮੀ ਹੋਣ ਦਾ ਡਰ ਹੈ । ਇਸ ਲਈ ਸਰਕਾਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ ।

**Sardar Darbara Singh** (Chief Minister) : Some villages in Patiala and Sangrur Districts, which are fed by 220 K.V. Sub-Station Sangrur have been subjected to an un-scheduled power cut enforced by the Bhakra Beas Management Board. This sub-station is under the control of the Bhakra Beas Management Board. The Bhakra Beas Management Board has had to resort to this load-shedding on account of unauthorised drawals by the Delhi Electricity Supply Undertaking (DESU) and overdrawals by Rajasthan, which have over-loaded the entire system. The over-loading which leads to low frequency, holds danger of collapse of the entire system. The Government of Punjab has been alive to the problem and has taken up the matter with the Bhakra Beas Management Board and the Government of India. The Government of Punjab has been repeatedly requesting them that unauthorised drawals and over-drawals should not be allowed. Following the efforts made by the State Government the supply position in the effected area has stabilised since 13th September, 1982.

**ਕਾਮਰੇਡ ਬਲਦੇਵ ਸਿੰਘ ਲੰਬਾ** : ਸਪੀਕਰ ਸਾਹਿਬ, ਇਹ ਬਿਜਲੀ ਚਾਹੇ ਉਥੇ 10 ਘੰਟੇ ਮਿਲੇ ਜਾਂ 9 ਘੰਟੇ ਮਿਲੇ ਪਰ ਇਹ ਲੋਕਾਂ ਨੂੰ ਲਗਾਤਾਰ ਮਿਲਣੀ ਚਾਹੀਦੀ ਹੈ ਕਿਉਂਕਿ ਬਿਜਲੀ ਬੰਦ ਹੋਣ ਨਾਲ ਇਕ ਕੜਾਹੀ ਵੀ ਪਾਣੀ ਨਾਲ ਨਹੀਂ ਭਰਦੀ ਅਤੇ ਇਸ ਤਰ੍ਹਾਂ ਸਾਡੀਆਂ ਫਸਲਾਂ ਸੁਕ ਰਹੀਆਂ ਹਨ । ਖਾਸ ਕਰਕੇ ਜਿਹੜੇ ਪਿੰਡਾਂ ਦਾ ਮੈਂ ਵਰਨਣ ਕੀਤਾ ਹੈ ਇਹ ਸੰਗਰੂਰ ਜ਼ਿਲ੍ਹੇ ਦੇ ਹਨ ਔਰ ਜਦ ਕਿ ਨਾਲ ਦੇ ਲਗਦੇ ਪਟਿਆਲੇ ਜ਼ਿਲ੍ਹੇ ਦੇ ਲੋਕਾਂ ਨੂੰ ਬਿਜਲੀ ਲਗਾਤਾਰ ਮਿਲਦੀ ਹੈ । ਫੇਰ ਸੰਗਰੂਰ ਵਿਚ ਇਸ ਤਰ੍ਹਾਂ ਕਿਉਂ ਕੀਤਾ ਜਾਂਦਾ ਹੈ । ਇਸ ਕਰਕੇ ਲੋਕਾਂ ਵਿਚ ਬੜੀ ਬੇਚੈਨੀ ਹੈ । ਇਹ ਵਿਤਕਰਾ ਕਿਉਂ ਸੰਗਰੂਰ ਜ਼ਿਲ੍ਹੇ ਨਾਲ ਕੀਤਾ ਜਾ ਰਿਹਾ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸੀਂ ਇਸ ਸਪਲਾਈ ਨੂੰ ਲਗਾਤਾਰ ਅਤੇ ਰੈਗੂਲਰ ਕਰਨ ਦਾ ਪ੍ਰਬੰਧ ਕਰਾਂਗੇ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜਿਹੜੇ ਮੈਂ ਨੋਟਿਸ ਦਿੱਤੇ ਸਨ ਉਹ ਲਿਸਟ ਵਿਚ ਆਏ ਨਹੀਂ ਹਨ ।

ਸ੍ਰੀ ਸਪੀਕਰ : ਉਹ 17 ਤਾਰੀਖ ਨੂੰ ਟੇਕ ਅੱਪ ਹੋਣਗੇ ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਕੱਲ੍ਹ ਪ੍ਰੈਸ ਵਾਲਿਆਂ ਨੇ ਸਾਡੇ ਸੈਸ਼ਨ ਦਾ ਬਾਈਕਾਟ ਕੀਤਾ ਸੀ ਅਤੇ 3 ਸਤੰਬਰ ਨੂੰ ਹੜਤਾਲ ਕੀਤੀ ਸੀ........

ਡਾਕਟਰ ਭਗਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ........

## PAPERS LAID ON THE TABLE

**Shri Joginder Pal Pandey** (Health Minister) : Sir, I beg to lay on the Table—

1. The Balance Sheets of the Punjab Dairy Development Corporation Limited for the years from 1972-73 to 1976-77, as required under section 619-A(3) of the Companies Act, 1956;

2. the Balance Sheets of the Punjab Poultry Development Corporation Limited for the years from 1972-73 to 1975-76, as required under section 619-A(3) (b) of the Companies Act, 1956;

3. the Annual Administration Report of the Punjab Water Supply and Sewerage Board for the year 1979-80, as required under section 42(2) of the Punjab Water Supply and Sewerage Board Act, 1976;

4. the 6th Annual Report of the Punjab State Tubewell Corporation Limited for the year 1976-77, as required under section 619-A(3) (b) of the Companies Act, 1956;

5. the Punjab Public Service Commission (Limitation of Functions) (First Amendment) Regulations, 1982 as required under Article 320 (5) of the Constitution of India;

6. the 2nd Report of the Commission for Scheduled Castes and Scheduled Tribes for the year 1979-80.

ਡਾਕਟਰ ਭਗਤ ਸਿੰਘ : ** ** **

ਸ੍ਰੀ ਸਪੀਕਰ : ਜੋ ਤੁਹਾਡੀ ਸਪੀਚ ਦੇ ਮੁਤੱਲਿਕ ਸੀ ਉਹ ਸਾਰਾ ਐਕਸਪੰਜ ਕਰ ਦਿਤਾ ਗਿਆ ਸੀ ਅਤੇ ਜੋ ਹੁਣ ਕਿਹਾ ਗਿਆ ਹੈ ਉਹ ਵੀ ਐਕਸਪੰਜ ਕੀਤਾ ਜਾਂਦਾ ਹੈ ।

ਮਾਸਟਰ ਚੰਦ ਸਿੰਘ : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

## WALK-OUT

ਮਾਸਟਰ ਚੰਦ ਸਿੰਘ : ਅਸੀਂ ਇਸ ਫੈਸਲੇ ਤੇ ਵਾਕ-ਆਊਟ ਕਰਦੇ ਹਾਂ ।

[ਇਸ ਸਮੇਂ ਸੀ.ਪੀ.ਆਈ. (ਐਮ) ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ ।]

ਸਿਹਤ ਮੰਤਰੀ : ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਦੀ ਸਪੀਚ ਤੇ ਗੌਰਮਿੰਟ ਦੇ ਰਿਮਾਰਕਸ ਰਿਕਾਰਡ ਤੇ ਰਹਿਣੇ ਚਾਹੀਦੇ ਹਨ ।

ਸ਼੍ਰੀ ਸਪੀਕਰ : ਜਿਹੜੇ ਡਾਕਟਰ ਭਗਤ ਸਿੰਘ ਦੀ ਸਪੀਚ ਨਾਲ ਰਿਲੇਟ ਕਰਦੇ ਹਨ, ਉਹ ਐਕਸਪੰਜ ਕੀਤੇ ਜਾਣ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜ਼ੀਰੋ ਆਵਰ ਕਿੰਨੀ ਦੇਰ ਦਾ ਖ਼ਤਮ ਹੋ ਚੁੱਕਾ ਹੈ ਪਰ ਤੁਸੀਂ ਫੇਰ ਵੀ ਮਾਸਟਰ ਚੰਦ ਸਿੰਘ ਨੂੰ ਪਰਮਿਸ਼ਨ ਦੇ ਦਿੱਤੀ ਅਤੇ ਉਹ ਤੁਹਾਡੇ ਫੈਸਲੇ ਦੇ ਖਿਲਾਫ ਪਾਰਟੀ ਸਮੇਤ ਵਾਕ-ਆਊਟ ਵੀ ਕਰ ਗਏ ਔਰ ਇਸ ਮਾਮਲੇ ਤੇ ਤੁਸੀਂ ਕੋਈ ਦਿਲਚਸਪੀ ਨਹੀਂ ਵਿਖਾਈ ।

ਸ਼੍ਰੀ ਸਪੀਕਰ: ਇਸ ਦਾ ਤਰੀਕਾ ਹੋਰ ਵੀ ਹੋ ਸਕਦਾ ਹੈ । ਉਨ੍ਹਾਂ ਦਾ ਕੋਈ ਪੁਆਇੰਟ ਆਫ ਆਰਡਰ ਨਹੀਂ ਬਣਦਾ ਸੀ ਜਿਸ ਕਰਕੇ ਮੈਂ ਓਵਰ ਰੂਲ ਕਰ ਦਿੱਤਾ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਹ ਤੁਹਾਡੀ ਮਿਹਰਬਾਨੀ ਕਿ ਤੁਸੀਂ ਸਾਨੂੰ ਹੋਰ ਤਰੀਕਾ ਅਪਨਾਉਣ ਲਈ ਕਿਹਾ ਹੈ । ਮੇਰਾ ਮਤਲਬ ਇਹ ਸੀ ਕਿ ਪ੍ਰੈਸ ਵਾਲਿਆਂ ਨੇ 3 ਸਤੰਬਰ ਨੂੰ ਹੜਤਾਲ ਕੀਤੀ ਅਤੇ ਸਾਡੇ ਸੈਸ਼ਨ ਦਾ ਬਾਈਕਾਟ ਵੀ ਕੀਤਾ ਹੈ ।

ਸ਼੍ਰੀ ਸਪੀਕਰ : ਤੁਸੀਂ ਬੈਠੋ, ਗੱਲ ਖ਼ਤਮ ਹੋ ਚੁੱਕੀ ਹੈ । ਅਗਲੀ ਆਈਟਮ ਡੀਮਾਂਡਜ਼ ਦੀ ਹੈ ।

---

## FINANCIAL BUSINESS

## SUPPLEMENTARY ESTIMATES (FIRST INSTALMENT) FOR THE YEAR 1982-83

## DISCUSSION ON THE ESTIMATES OF THE EXPENDITURE CHARGED ON THE REVENUES OF THE STATE

**Mr. Speaker** : If any hon. Member wants to raise discussion on the charged item, he may please do so.

(No one rose to speak)

Original with;
Punjab Vidhan Sabha
Digitized by;
Panjab Digital Library

## DISCUSSION AND VOTING OF DEMANDS FOR SUPPLEMENTARY GRANTS

**Mr. Speaker** : There are 15 Demands for Supplementary Grants which are to be discussed and voted upon today. If the Hon'ble Members agree, all these Demands will be deemed to have been read and moved as per past practice.

**(Voices : Yes, Yes)**

**Mr. Speaker** : The hon. Members while speaking may indicate the Demand number on which they would like to raise discussion. At the end, I will put the Demands one by one to the vote of the House.

### Demand No. 4

That a supplementary sum not exceeding Rs. 1,80,000 be granted to the Governor to defray the charges that will come in course of payment for the year ending 31st March, 1983, in respect of Elections.

### Demand No. 7

That a Supplementary sum not exceeding Rs. 2,50,000 be granted to the Governor to defray the charges that will come in course of payment for the year ending 31st March, 1983 in respect of Finance.

### Demand No. 11

That a Supplementary sum not exceeding Rs. 2,00,00,000 be granted to the Governor to defray the charges that will come in course of payment for the year ending 31st March, 1983, in respect of Police.

### Demand No. 12

That a Supplementary sum not exceeding Rs. 10,00,000 be granted to the Governor to defray the charges that will come in course of payment for the year ending 31st March, 1983, in respect of Jails.

### Demand No. 16

That a Supplementary sum not exceeding Rs. 2,68,50,000 be granted to the Governor to defray the charges that will come in course of payment for the year ending 31st March, 1983, in respect of Education.

### Demand No. 17

That a Supplementary sum not exceeding Rs. 65,92,000 be granted to the Governor to defray the charges that will come in course of payment for the year ending 31st March, 1983, in respect of Technical Education.

### Demand No. 19

That a Supplementary sum not exceeding Rs. 2,78,00,000 be granted to the Governor to defray the charges that will come in course of payment for the year ending 31st March, 1983, in respect of Housing and Urban Development.

### Demand No. 20

That a Supplementary sum not exceeding Rs. 3,00,000 be granted to the Governor to defray the charges that will come in course of payment for the year ending 31st March, 1983 in respect of Information and Publicity.

Original with;
Punjab Vidhan Sabha
Digitized by;
Panjab Digital Library

### Demand No. 25

That a Supplementary sum not exceeding Rs. 76,00,000 be granted to the Governor to defray the charges that will come in course of payment for the year ending 31st March, 1983 in respect of Co-operation.

### Demand No. 26

That a Supplementary sum not exceeding Rs. 1,10,70,000 be granted to the Governor to defray the charges that will come in course of payment for the year ending 31st March, 1983, in respect of Agriculture.

### Demand No. 33

That a Supplementary sum not exceeding Rs. 92,42,000 be granted to the Governor to defray the charges that will come in course of payment for the year ending 31st March, 1983, in respect of Community Development.

### Demand No. 34

That a Supplementary sum not exceeding Rs. 1,12,34,000 be granted to the Governor to defray the charges that will come in course of payment for the year ending 31st March, 1983, in respect of Industries.

### Demand No. 39

That a Supplementary sum not exceeding Rs. 6,80,95,000 be granted to the Governor to defray the charges that will come in course of payment for the year ending 31st March, 1983, in respect of Irrigation, Navigation and Flood Control Projects.

### Demand No. 40

That a Supplementary sum not exceeding Rs. 1,61,00,000 be granted to the Governor to defray the charges that will come in course of payment for the year ending 31st March, 1983, in respect of Buildings.

### Demand No. 41

That a Supplementary sum not exceeding Rs. 19,78,00,000 be granted to the Governor to defray the charges that will come in course of payment for the year ending 31st March, 1983, in respect of loans and advances by the State Government.

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) ਸਪੀਕਰ ਸਾਹਿਬ ਸਾਡੇ ਐਫ. ਐਮ. ਸਾਹਿਬ ਨੇ ਸਪਲੀਮੈਂਟਰੀ ਐਸਟੀਮੇਟਸ (ਫਸਟ ਇਨਸਟਾਲਮੈਂਟ) ਪੇਸ਼ ਕੀਤੀਆਂ ਹਨ ਔਰ ਬੜੀ ਕਾਬਲੀਅਤ ਦਾ ਸਬੂਤ ਦਿੱਤਾ ਹੈ । ਤੁਸੀਂ ਇਸ ਵਿਚ ਇਕ ਗੱਲ ਵੇਖੀ ਹੋਵੇਗੀ ਕਿ ਸਿਰਫ 40 ਕਰੋੜ 47 ਲੱਖ ਰੁਪਏ ਦੀ ਗ੍ਰਾਂਟ ਚਾਰਜਡ ਅਮਾਊਂਟ ਹੈ ਅਤੇ ਮਨਿਸਟਰ ਸਾਹਿਬ ਨੇ ਕੋਸ਼ਿਸ਼ ਕੀਤੀ ਹੈ ਕਿ ਇਸ ਨੂੰ ਵਿਦਇਨ ਬਜਟ ਐਡਜਸਟ ਕੀਤਾ ਜਾਵੇ । 11 ਕਰੋੜ ਤੋਂ ਵੱਧ ਰੁਪਿਆ ਵਿਦਇਨ ਡਿਪਾਰਟਮੈਂਟ ਹੀ ਐਡਜਸਟ ਕਰਨ ਦਾ ਫੈਸਲਾ ਕੀਤਾ ਹੈ ਔਰ ਇਸ ਦੇ ਨਾਲ ਡਿਵੈਲਪਮੈਂਟ ਡਿਪਾਰਟਮੈਂਟ ਵਾਸਤੇ ਇਨ੍ਹਾਂ ਨੇ 19 ਕਰੋੜ 78 ਲੱਖ ਰੁਪਿਆ ਐਡਵਾਂਸ ਕੀਤਾ ਹੈ । 19 ਕਰੋੜ 78 ਲੱਖ ਰੁਪਿਆ ਲੋਨਜ਼ ਦੇ ਤੌਰ ਤੇ ਹੈ । ਇਸ ਦਾ ਮਤਲਬ ਹੈ ਕਿ ਸਿਰਫ 10 ਕਰੋੜ ਰੁਪਏ ਦਾ ਅਡੀਸ਼ਨਲ ਅਮਾਊਂਟ ਹੈ। ਇਹ ਰੁਪਿਆ ਫਾਈਨਾਂਸ ਡਿਪਾਰਟਮੈਂਟ ਵਾਲਿਆਂ ਨੇ ਮੰਗਿਆ ਹੈ ।

Original with;
Punjab Vidhan Sabha
Digitized by;
Panjab Digital Library

10-30 A.M. (ਇਸ ਵਕਤ ਸ੍ਰੀ ਬਰਮ ਮਹਿੰਦਰਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਲੋਕ ਨਿਰਮਾਣ ਮੰਤਰੀ.** ਸਪੀਕਰ ਸਾਹਿਬ ਹੁਣ ਚਲੇ ਗਏ ਹਨ। ਚੇਅਰਮੈਨ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜੋ ਕੁਝ ਪਹਿਲਾਂ ਮੇਰੇ ਵਲੋਂ ਅਤੇ ਮੁੱਖ ਮੰਤਰੀ ਜੀ ਵੱਲੋਂ ਕਿਹਾ ਗਿਆ ਹੈ, ਕੀ ਉਹ ਸਾਰਾ ਹੀ ਸਪੀਕਰ ਸਾਹਿਬ ਨੇ ਐਕਸਪੰਜ ਕਰ ਦਿੱਤਾ ਹੈ ? ਅਸੀਂ ਆਪਣੀ ਪੁਜ਼ੀਸ਼ਨ ਦਸੀ ਹੈ ਕਿ ਕੋਈ ਅੰਮ੍ਰਿਤਧਾਰੀ ਸਿੱਖਾਂ ਨੂੰ ਨਹੀਂ ਮਾਰਿਆ ਜਾ ਰਿਹਾ ਹੈ। ਇਥੇ ਹਾਊਸ ਵਿਚ ਕਿਹਾ ਗਿਆ ਹੈ ਕਿ ਅੰਮਿਤਧਾਰੀ ਸਿੱਖਾਂ ਨੂੰ ਮਾਰਿਆ ਜਾ ਰਿਹਾ ਹੈ। ਉਸ ਸਬੰਧੀ ਸੀ. ਐਮ. ਸਾਹਿਬ ਨੇ ਵੀ ਕਲੀਅਰ ਕੀਤਾ ਹੈ ਅਤੇ ਮੈਂ ਵੀ ਕਲੀਅਰ ਕੀਤਾ ਹੈ। ਚੇਅਰਮੈਨ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਹੜੇ ਰੂਲਜ਼ ਦੇ ਮੁਤਾਬਿਕ ਸਪੀਕਰ ਸਾਹਿਬ ਨੇ ਉਹ ਐਕਸਪੰਜ ਕੀਤਾ ਹੈ ?

**Mr. Chairman**: I have been told that only the words of Doctor Bhagat Singh were expunged. Whatever had been said from the Treasury Benches had not been expunged.

**Doctor Bhagat Singh**: Sir, on a point of order. The Speaker has given a clear cut ruling. You cannot revise that ruling. Look here, I will go into the constitutionality of the issue....

**Shri Gopal Krishan Chatrath**: Chairman Sahib, I may please be told whether I am to continue or not.

**Doctor Bhagat Singh**: I am on a point of order. I have been allowed.

**Shri Gopal Krishan Chatrath**: You have not been allowed.

**Mr. Chairman**: You (Shri Gopal Krishan Chatrath) should continue your speech. Whatever had been said by Doctor Bhagat Singh was expunged and what was said by the Treasury Benches about Doctor Bhagat Singh's words only that portion had been expunged.

**Doctor Bhagat Singh**: I have submited....

**Mr. Chairman**: You (Shri Gopal Krishan Chatrath) should continue.

**Doctor Bhagat Singh**: What was the main issue before the House on which the Treasury Benches spoke ? It was a suo moto speech. They can now speak. I am here....

**Mr. Chairman**: You (Shri Chatrath) may continue.

**Doctor Bhagat Singh**: This is wrong procedure.

**Shri Gopal Krishan Chatrath**: Please make him understand.

**Mr. Chairman**: No word of Doctor Bhagat Singh be recorded

**Doctor Bhagat Singh**: ** ** **

*Not recorded as ordered by the Chair.

Original with; Punjab Vidhan Sabha Digitized by; Panjab Digital Library

**Mr. Chairman**: Please be seated. Otherwise, I will have to name the hon Member.

**Finance Minister**: Discussion on the Supplementary Estimates has already started.

## WALK-OUT

**Doctor Bhagat Singh**: What was the motion before the House on which they (Sardar Darbara Singh and Sardar Beant Singh) spoke. Since you have revised the ruling of the Speaker which you are not competent to do and if you persist, as you say, we again walk-out as a protest.

[At this stage all the hon. Members of the Shiromani Akali Dal (T), present in the House, staged a walk-out]

## DISCUSSION AND VOTING OF DEMANDS FOR SUPPLEMENTARY GRANTS

*(Resumption)*

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਚੇਅਰਮੈਨ ਸਾਹਿਬ, ਇਸ ਵਿਚ ਕੇਵਲ 29 ਕਰੋੜ ਰੁਪਏ ਦਾ ਐਡੀਸ਼ਨਲ ਗੈਪ ਹੈ । 19 ਕਰੋੜ ਰੁਪਿਆ ਜਿਹੜਾ ਖ਼ਰਚ ਕਰਨਾ ਪਿਆ, ਇਸ ਰੁਪਏ ਨੂੰ ਖ਼ਰਚ ਕਰਨ ਦੀ ਬੜੀ ਨਸੈਸਟੀ ਸੀ ਜਿਸ ਕਰਕੇ ਇਹ ਰੁਪਿਆ ਖਰਚ ਕੀਤਾ ਗਿਆ ।

ਚੇਅਰਮੈਨ ਸਾਹਿਬ, ਐਜੂਕੇਸ਼ਨ ਇਕ ਐਸਾ ਸਬਜੈਕਟ ਹੈ ਜਿਸ ਉਤੇ ਐਕਸਪੈਂਡੀਚਰ ਡੇ ਬਾਈ ਡੇ ਵੱਧਦਾ ਹੀ ਜਾ ਰਿਹਾ ਹੈ । ਇਸ ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਜੋ 6 ਸਾਲ ਤੋਂ ਉਪਰ ਦੇ ਬੱਚੇ ਹਨ, ਉਨ੍ਹਾਂ ਨੂੰ ਪੜ੍ਹਾਉਣਾ ਹੈ । ਪੰਜ ਸਾਲਾਂ ਵਿਚ ਉਨ੍ਹਾਂ ਨੂੰ ਵਿਦਿਆ ਦੇਣੀ ਹੈ । ਜੋ 13-15 ਸਾਲ ਦੀ ਉਮਰ ਵਿਚ ਹਨ, ਉਨ੍ਹਾਂ ਲੋਕਾਂ ਨੂੰ ਵਿਦਿਆ ਪੰਜਾਬ ਸਰਕਾਰ ਨੇ ਦੇਣੀ ਹੈ । ਬੁਢਿਆਂ ਨੂੰ ਵੀ ਐਜੂਕੇਸ਼ਨ ਦੇਣੀ ਹੈ । ਉਨ੍ਹਾਂ ਵਾਸਤੇ ਸਪੈਸ਼ਲ ਪਰੋਗਰਾਮ ਬਣਾਇਆ ਗਿਆ ਹੈ । ਐਜੂਕੇਸ਼ਨ ਮਨਿਸਟਰ ਸਾਹਿਬ ਨੇ ਐਜੂਕੇਸ਼ਨ ਨੂੰ ਇੰਪਰੂਵ ਕਰਨ ਲਈ ਉਪਰਾਲੇ ਕੀਤੇ ਹਨ । ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਜਿਹੜੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਨੂੰ ਪੰਜਾਬ ਸਰਕਾਰ ਨੇ 95% ਗਰਾਂਟ ਦੇਣ ਦਾ ਫੈਸਲਾ ਵੀ ਕੀਤਾ ਹੈ । ਜਿਹੜੇ ਟੀਚਰ ਪ੍ਰਾਈਵੇਟ ਸਕੂਲਾਂ ਅਤੇ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਗੌਰਮਿੰਟ ਸਕੂਲਾਂ ਅਤੇ ਗੌਰਮਿੰਟ ਕਾਲਜਾਂ ਦੇ ਟੀਚਰਜ਼ ਦੇ ਬਰਾਬਰ ਤਨਖਾਹ ਦੇਣੀ ਹੈ । ਇਸੇ ਕਰਕੇ ਹੀ ਪੰਜਾਬ ਸਰਕਾਰ ਨੂੰ ਪ੍ਰਾਈਵੇਟ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਛੇ ਡੀ. ਏ. ਦੀਆਂ ਕਿਸ਼ਤਾਂ ਦੇਣੀਆਂ ਪਈਆਂ ਹਨ । ਜਦੋਂ ਆਪੋਜ਼ੀਸ਼ਨ ਦੀ ਵਾਰੀ ਬੋਲਣ ਦੀ ਆਉਂਦੀ ਹੈ ਤਾਂ ਉਹ ਜ਼ਰੂਰ ਕਹਿਣਗੇ ਕਿ 40 ਕਰੋੜ ਰੁਪਏ ਦੀਆਂ ਐਡੀਸ਼ਨਲ ਡਿਮਾਂਡਜ਼ ਕਰ ਦਿਤੀਆਂ ਹਨ । ਅਗਰ ਟੀਚਰਜ਼ ਨੂੰ ਗੌਰਮਿੰਟ ਸਕੂਲਾਂ ਦੇ ਬਰਾਬਰ ਤਨਖਾਹ ਅਤੇ ਡੀ. ਏ. ਦੀਆਂ ਕਿਸ਼ਤਾਂ ਨਾ ਦਿਤੀਆਂ ਜਾਣ ਤਾਂ ਵੀ ਇਹ ਕਾਮਰੇਡ ਬੋਲਣਗੇ ਕਿ ਇਨ੍ਹਾਂ ਨੂੰ ਡੀ. ਏ. ਦੀਆਂ ਕਿਸ਼ਤਾਂ ਦਿਓ । ਚੇਅਰਮੈਨ ਸਾਹਿਬ, ਡਿਮਾਂਡ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਨੰ: 16 ਦੇ ਵਿਚ 2,68,50,000 ਰੁਪਿਆ ਐਜੂਕੇਸ਼ਨ ਨੂੰ ਹੋਰ ਦੇਣਾ ਹੈ । ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਐਜੂਕੇਸ਼ਨ ਤੇ ਹੋਰ ਖਰਚ ਵਧੇਗਾ । ਇਕ ਐਜੂਕੇਸ਼ਨ ਡਿਪਾਰਟਮੈਂਟ ਨੇ ਕਮਿਸ਼ਨ ਬਣਾਇਆ ਹੈ ਜਿਹੜਾ ਇਸ ਗੱਲ ਦੀ ਘੋਖ ਕਰੇਗਾ ਕਿ ਐਜੂਕੇਸ਼ਨ ਨੂੰ ਇੰਪਰੂਵ ਕਰਨ ਲਈ ਕੀ ਡਾਇਰੈਕਸ਼ਨ ਦਿੱਤੀ ਜਾਵੇ। ਹਿੰਦੁਸਤਾਨ ਦੀਆਂ ਸਾਰੀਆਂ ਸਟੇਟਾਂ ਵਿਚੋਂ ਪੰਜਾਬ ਹੀ ਇਕ ਅਜਿਹੀ ਸਟੇਟ ਹੈ ਜਿਹੜੀ ਇਸ ਗੱਲ ਦੀ ਘੋਖ ਕਰੇਗੀ ਕਿ ਐਜੂਕੇਸ਼ਨ ਨੂੰ ਕੀ ਡਾਇਰੈਕਸ਼ਨ ਦੇਣੀ ਹੈ। ਇਸ ਬਾਰੇ ਵਿੱਤ ਮੰਤਰੀ, ਡਾਕਟਰ ਕੇਵਲ ਕ੍ਰਿਸ਼ਨ, ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ, ਅਤੇ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਮੁਬਾਰਕਬਾਦ ਦੇ ਮੁਸਤਹਿਕ ਹਨ। ਬਜਟ ਨੇ ਦੋ ਪ੍ਰਾਇਓਰਿਟਿਸ ਤੇ ਡਾਇਰੈਕਸ਼ਨ ਦੇਣੀ ਹੈ । ਇਕ ਤਾਂ ਹੈ ਮੋਰ ਐਂਡ ਮੋਰ ਪਾਵਰ । ਜਿੰਨਾਂ ਚਿਰ ਬਿਜਲੀ ਪੈਦਾ ਨਹੀਂ ਹੁੰਦੀ ਅਤੇ ਲੋਕਾਂ ਦੀ ਜ਼ਰੂਰਤ ਦੇ ਮੁਤਾਬਿਕ ਬਿਜਲੀ ਪੈਦਾ ਨਹੀਂ ਹੁੰਦੀ ਤਦ ਤਕ ਮੁਲਕ ਦੀ ਐਗਰੀਕਲਚਰਲ ਅਤੇ ਇੰਡਸਟਰੀਅਲ ਪਰੋਡਕਸ਼ਨ ਵੱਧ ਨਹੀਂ ਸਕਦੀ । ਇਸ ਪਰੋਗਰਾਮ ਬਾਰੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਬਜਟ ਵਿਚ ਸਪੈਸ਼ਲ ਡਾਇਰੈਕਸ਼ਨ ਦਿਤੀ ਹੈ। ਇਹੋ ਹੀ ਕਾਰਨ ਹੈ ਕਿ ਜਿਹੜਾ ਪਲਾਨ ਬਣਿਆ ਹੈ, ਉਸ ਵਿਚ 50% ਤੋਂ ਵੀ ਜ਼ਿਆਦਾ ਪੈਸਾ ਇਸ ਪਾਸੇ ਰਖਿਆ ਗਿਆ ਹੈ । ਇਸ ਵਾਸਤੇ ਪੰਜਾਬ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ ।

ਮੁੱਖ ਮੰਤਰੀ ਜੀ ਨੇ ਥੀਨ ਡੈਮ ਦੀ ਮਨਜ਼ੂਰੀ ਸੈਂਟਰਲ ਗੌਰਮਿੰਟ ਤੋਂ ਲਈ ਹੈ । ਮੁੱਖ ਮੰਤਰੀ ਜੀ ਨੇ ਕਿਹਾ ਕਿ ਥੀਨ ਡੈਮ ਦੀ ਉਸਾਰੀ ਵਾਸਤੇ ਕਿਥੋਂ ਵੀ ਮਰਜ਼ੀ ਪੈਸਾ ਮੈਨੇਜ ਕੀਤਾ ਜਾਵੇ, ਪਰ ਪੈਸਾ ਥੀਨ ਡੈਮ ਵਾਸਤੇ ਜ਼ਰੂਰ ਮੈਨੇਜ ਕਰਾਂਗੇ । ਜਿਹੜਾ ਪੈਸਾ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਐਡੀਸ਼ਨਲ ਡਿਮਾਂਡਜ ਦਾ ਮੰਗਿਆ ਹੈ, ਉਹ ਐਕਸਪੈਂਡੀਚਰ ਅਜਿਹਾ ਸੀ ਜਿਹੜਾ ਕਿ ਬਹੁਤ ਜ਼ਰੂਰੀ ਸੀ। ਇਸ ਤੋਂ ਬਗੈਰ ਗੁਜ਼ਾਰਾ ਨਹੀਂ ਹੋ ਸਕਦਾ ਸੀ । ਐਸਾ ਕਰਨਾ ਦੇਸ਼ ਦੇ ਅਤੇ ਸੂਬੇ ਦੇ ਹਿੱਤ ਵਿਚ ਸੀ ।

ਐਜੂਕੇਸ਼ਨ ਡਿਪਾਰਟਮੈਂਟ ਨੇ ਇਕ ਹੋਰ ਸਟੈਪ ਲਿਆ ਹੈ ਔਰ ਉਹ ਇਹ ਹੈ ਕਿ ਪ੍ਰਾਈਵੇਟ ਕਾਲਜਿਜ਼ ਦੇ ਟੀਚਰਜ਼ ਨੂੰ 10 ਮਹੀਨਾ ਪਰ ਟੀਚਰ ਫਿਕਸਡ ਮੈਡੀਕਲ ਏਡ ਦੇਣ ਦਾ ਜੋ ਸਰਕਾਰ ਨੇ ਫੈਸਲਾ ਕੀਤਾ ਹੈ ਮੈਂ ਸਮਝਦਾ ਹਾਂ ਕਿ ਇਹ ਜੋ ਕਾਲਿਜ ਟੀਚਰਜ਼ ਦੀ ਬੜੀ ਦੇਰ ਤੋਂ ਡੀਮਾਂਡ ਚਲੀ ਆ ਰਹੀ ਸੀ ਉਹ ਪੂਰੀ ਹੋ ਗਈ ਹੈ । ਇਸ ਦੇ ਨਾਲ ਹੀ ਮੈਂ ਉਮੀਦ ਕਰਦਾ ਹਾਂ ਕਿ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਇਸ ਗੱਲ ਲਈ ਵੀ ਸੋਚ ਵਿਚਾਰ ਕਰਨਗੇ, ਇਨ੍ਹਾਂ ਦਾ ਸਟੇਟਮੈਂਟ ਆਫ ਐਕਸਪੈਂਡੀਚਰ ਨਹੀਂ ਆਇਆ, ਹੋ ਸਕਦਾ ਹੈ ਕਿ ਇਹ ਐਕਸਪੈਂਡੀਚਰ ਵੀ ਇਨ੍ਹਾਂ ਨੂੰ ਮੰਗਣਾ ਪਵੇ ਕਿ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਨੂੰ ਇਹ ਮੈਡੀਕਲ ਏਡ ਦੇਣੀ ਪਏ । ਮੈਂ ਇਹ ਵੀ ਪ੍ਰਪੋਜ਼ ਕਰਨਾ ਚਾਹੁੰਦਾ ਹਾਂ ਔਰ ਇਸ ਵਲ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਜੀ ਜ਼ਰੂਰ ਧਿਆਨ ਦੇਣ ਕਿ ਪ੍ਰਾਈਵੇਟ ਸਕੂਲਾਂ ਦੇ ਟੀਚਰਜ਼ ਦਾ ਪਰਾਵੀਡੈਂਟ ਫੰਡ, ਜੋ ਕਿ ਤਕਰੀਬਨ 3 ਕਰੋੜ ਰੁਪਿਆ ਜਮ੍ਹਾਂ ਪਿਆ ਹੈ, ਗੌਰਮਿੰਟ ਆਫ ਇੰਡੀਆ ਇਸ ਪ੍ਰਾਵੀਡੈਂਟ ਫੰਡ ਨੂੰ ਇਕ ਲਾਅ ਬਣਾ ਕੇ ਟੇਕ ਓਵਰ ਕਰਨ ਵਾਲੀ ਹੈ । ਪ੍ਰਾਈਵੇਟ ਟੀਚਰਜ਼ ਦੀ ਮੰਗ ਹੈ ਕਿ ਇਹ 3 ਕਰੋੜ ਰੁਪਿਆ ਸਰਕਾਰ ਸਾਡੀ ਲੈ ਲਵੇ ਔਰ ਜਿਹੜਾ ਇਸ ਵਿਚ ਸਰਕਾਰ ਦਾ ਹਿੱਸਾ ਹੈ ਉਹ ਆਪ ਰਖ ਲਵੇ ਔਰ ਇਸ ਦੇ ਬਦਲੇ ਸਾਨੂੰ ਪੈਨਸ਼ਨ ਔਰ ਗਰੈਚੁਇਟੀ ਦੇ ਦਿੱਤੀ ਜਾਵੇ । ਮੈਂ ਸਮਝਦਾ ਹਾਂ ਕਿ ਅਗਰ ਇਹ 3 ਕਰੋੜ ਰੁਪਿਆ ਲੈ ਲਿਆ ਜਾਵੇ ਔਰ ਇਸ ਦੇ ਬਦਲੇ ਟੀਚਰਜ਼ ਨੂੰ ਪੈਨਸ਼ਨਜ਼ ਔਰ

Original with;
Punjab Vidhan Sabha
Digitized by;
Panjab Digital Library

ਗਰੈਚੁਇਟੀ ਦੇ ਦਿੱਤੀ ਜਾਏ ਤਾਂ ਇਸ ਵਿਚ ਕੋਈ ਹਰਜ ਵਾਲੀ ਗੱਲ ਨਹੀਂ ਹੈ । ਇਸ ਅਮਾਊਂਟ ਦਾ ਸੂਦ ਹੀ ਸਰਕਾਰ ਨੂੰ ਐਨਾ ਚਲਾ ਜਾਣਾ ਹੈ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਸਰਕਾਰ ਨੂੰ ਆਪਣੇ ਪਲਿਉਂ ਕੁਝ ਵੀ ਨਹੀਂ ਦੇਣਾ ਪੈਣਾ । ਇਹ ਚੀਜ਼ ਕਾਲਿਜ ਟੀਚਰਜ਼ ਤੇ ਵੀ ਲਾਗੂ ਕੀਤੀ ਜਾ ਸਕਦੀ ਹੈ । ਇਸ ਵਾਸਤੇ ਜੋ ਰਕਮ ਸਰਕਾਰ ਨੂੰ ਚਾਹੀਦੀ ਹੈ ਉਹ ਸਸਤੇ ਸੂਦ ਤੇ ਮਿਲ ਸਕਦੀ ਹੈ। ਇਕ ਹੋਰ ਪ੍ਰਾਬਲਮ ਬੜੀ ਦੇਰ ਤੋਂ ਚਲੀ ਆ ਰਹੀ ਹੈ ਉਹ ਹੈ ਡੀ. ਪੀ. ਈਜ਼ ਔਰ ਲਾਇਬਰੇਰੀਅਨਜ਼ ਨੂੰ ਲੈਕਚਰਾਰ ਦਾ ਗਰੇਡ ਦੇਣਾ । ਇਸ ਵਾਸਤੇ ਵੀ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ, ਫਾਈਨੈਂਸ ਮਨਿਸਟਰ ਸਾਹਿਬ ਔਰ ਮੁੱਖ ਮੰਤਰੀ ਜੀ ਕਾਫੀ ਉਤਾਵਲੇ ਹਨ ਕਿ ਇਹ ਚੀਜ਼ ਕੀਤੀ ਜਾਏ । ਸਾਡੇ ਪ੍ਰੋਫੈਸਰ ਦਰਬਾਰੀ ਲਾਲ ਜੀ ਜੋ ਕਿ ਕਾਲਜ ਟੀਚਰਜ਼ ਵਿਚੋਂ ਹਨ ਔਰ ਇਥੇ ਇਲੈਕਟ ਹੋ ਕੇ ਆਏ ਹਨ ਇਹ ਵੀ ਇਸ ਮਸਲੇ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹਨ । ਇਸ ਮਸਲੇ ਨੂੰ ਹਲ ਕਰ ਦੇਣਾ ਚਾਹੀਦਾ ਹੈ । ਤਾਕਿ ਲੋਕ ਇਨ੍ਹਾਂ ਨੂੰ ਐਕਸਪਲਾਇਟ ਨਾ ਕਰ ਸਕਣ ਔਰ ਗਲਤ ਤਰੀਕੇ ਨਾਲ ਇਨ੍ਹਾਂ ਦਾ ਇਸਤੇਮਾਲ ਨਾ ਕਰ ਸਕਣ । ਮੈਨੂੰ ਉਮੀਦ ਹੈ ਕਿ ਕੇਵਲ ਕ੍ਰਿਸ਼ਨ ਜੀ ਸਾਡੇ ਵਿੱਤ ਮੰਤਰੀ ਜੀ ਇਸ ਮਸਲੇ ਬਾਰੇ ਆਪ ਐਲਾਨ ਕਰਨਗੇ । ਮੈਂ ਕੁਝ ਕਹਿੰਦਾ ਚੰਗਾ ਨਹੀਂ ਲਗਦਾ ਅਤੇ ਵਿੱਤ ਮੰਤਰੀ ਆਪਣੇ ਮੂੰਹੋਂ ਹੀ ਇਸ ਬਾਰੇ ਕਹਿੰਦੇ ਚੰਗੇ ਲਗਦੇ ਹਨ । ਮੈਨੂੰ ਪਤਾ ਹੈ ਕਿ ਤੁਸੀਂ ਇਹ ਚੀਜ਼ ਕਰ ਦਿੱਤੀ ਹੈ ।

ਵਿੱਤ ਮੰਤਰੀ: (ਬੈਠੇ ਬੈਠੇ) ਇਹ ਕਰ ਦਿੱਤਾ ਹੈ।

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ: ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਲਾਇਬਰੇਰੀਅਨਜ਼ ਔਰ ਡੀ. ਪੀ. ਈਜ਼ ਨੂੰ ਕਾਲਜ ਲੈਕਚਰਾਰਜ਼ ਦਾ ਗਰੇਡ ਦੇਣਾ ਮੰਨ ਲਿਆ ਹੈ । ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਹ ਬੜਾ ਅੱਛਾ ਕੰਮ ਕੀਤਾ ਹੈ (ਥੰਪਿੰਗ) ਇਹ ਅਜਿਹਾ ਕੰਮ ਕੀਤਾ ਗਿਆ ਹੈ ਜਿਸ ਲਈ ਡਾਕਟਰ ਸਾਹਿਬ ਮੁਬਾਰਕਬਾਦ ਦੇ ਮੁਸਤਹਿਕ ਹਨ । ਇਸ ਲਈ ਇਹ ਪੰਜਾਬ ਦੇ ਟੀਚਰਜ਼ ਵਲੋਂ ਧੰਨਵਾਦ ਦੇ ਪਾਤਰ ਹਨ ਔਰ ਮੈਂ ਵੀ ਇਨ੍ਹਾਂ ਨੂੰ ਇਸ ਕੰਮ ਲਈ ਮੁਬਾਰਕਬਾਦ ਦਿੰਦਾ ਹਾਂ ।

ਇਕ ਡਾਕਟਰ ਸਾਹਿਬ ਨੇ ਸਕੂਲ ਅਪਗਰੇਡੇਸ਼ਨ ਦੇ ਸਿਲਸਿਲੇ ਵਿਚ ਕੰਜੂਸੀ ਕੀਤੀ ਹੈ । ਕਈ ਇਲਾਕੇ ਅਜਿਹੇ ਹਨ ਜਿੱਥੇ ਸਕੂਲ ਨਹੀਂ ਹਨ ਜਿਵੇਂ ਕਿ ਪਿੰਡਾਂ ਵਿਚ ਗ਼ਰੀਬ ਲੋਕ ਵਸਦੇ ਹਨ, ਬੈਕਵਰਡ ਏਰੀਆ ਵਿਚ, ਕੰਡੀ ਏਰੀਆ ਵਿਚ, ਜਿੱਥੇ ਗਰੀਬ ਲੋਕ ਵਸਦੇ ਹਨ ਉਥੇ ਸਕੂਲ ਨਹੀਂ ਹਨ । ਮੈਂ ਬੇਨਤੀ ਕਰਾਂਗਾ ਕਿ ਸਕੂਲ ਅਪਗਰੇਡੇਸ਼ਨ ਵਾਸਤੇ ਕਾਫੀ ਅਮਾਊਂਟ ਇਨ੍ਹਾਂ ਦੀ ਡਿਸਪੋਜ਼ਲ ਤੇ ਰੱਖਣੀ ਚਾਹੀਦੀ ਹੈ । ਇਸ ਤੋਂ ਇਲਾਵਾ ਜਿਥੇ ਪ੍ਰਾਇਮਰੀ ਸਕੂਲਾਂ ਲਈ ਬਿਲਡਿੰਗਾਂ ਬਣਾਉਣੀਆਂ ਹਨ ਉਥੇ ਸ਼ਰਤ ਰੱਖੀ ਗਈ ਹੈ ਕਿ 5000/- ਰੁਪਿਆ ਪਿੰਡ ਦੀ ਪੰਚਾਇਤ ਜਮ੍ਹਾਂ ਕਰਾਏ । ਕਈ ਪਿੰਡਾਂ ਵਿਚ ਹੰਡਰਡ ਪਰਸੰਟ ਹਰੀਜਨ ਹਨ ਅਤੇ ਪੰਚਾਇਤ ਕੋਲ ਧੇਲੇ ਦੀ ਆਮਦਨ ਨਹੀਂ ਹੁੰਦੀ । ਅਮੀਰ ਤਾਂ ਆਪਣੇ ਬੱਚੇ ਸ਼ਹਿਰਾਂ ਦੇ ਸਕੂਲ ਵਿਚ ਭੇਜ ਦਿੰਦੇ ਹਨ ਪਰ ਗਰੀਬਾਂ ਦੇ ਬੱਚੇ ਤਾਂ ਕਿਤੇ ਬਾਹਰ ਨਹੀਂ ਜਾ ਸਕਦੇ। ਪੰਚਾਇਤਾਂ ਦੀ ਕੋਈ ਜਾਇਦਾਦ ਨਹੀਂ ਹੁੰਦੀ । ਇਸ ਨਕਦ ਰਕਮ ਦੀ ਬਜਾਏ ਇਨ੍ਹਾਂ ਤੋਂ ਲੇਬਰ ਦਾ ਕੰਮ ਲੈ ਲੈਣਾ ਚਾਹੀਦਾ ਹੈ । ਪਰ ਇਸ ਵੇਲੇ ਇਨ੍ਹਾਂ ਨੂੰ 5,000/- ਰੁਪਿਆ ਪਹਿਲਾਂ ਜਮ੍ਹਾਂ ਕਰਾਉਣਾ ਪੈਂਦਾ ਹੈ, ਇਹ ਸ਼ਰਤ ਹਟਾ ਦੇਣੀ ਚਾਹੀਦੀ ਹੈ । ਇਸ ਵਲ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਲਈ ਮੈਂ ਇਨ੍ਹਾਂ ਦਾ ਅਤੀ ਧੰਨਵਾਦੀ ਹੋਵਾਂਗਾ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]

ਟੈਕਨੀਕਲ ਐਜੂਕੇਸ਼ਨ ਵਾਸਤੇ ਮੈਂ ਰਾਏ ਦੇਣਾ ਚਾਹੁੰਦਾ ਹਾਂ ਕਿ ਹੁਣ ਵਕਤ ਆ ਗਿਆ ਹੈ ਕਿ ਕੁਆਰਡੀਨੇਸ਼ਨ ਹੋਣੀ ਚਾਹੀਦੀ ਹੈ ਟੈਕਨੀਕਲ ਐਜੂਕੇਸ਼ਨ ਔਰ ਜਨਰਲ ਐਜੂਕੇਸ਼ਨ ਵਿਚ । ਪੰਜਾਬ ਗੌਰਮਿੰਟ ਨੇ ਫੈਸਲਾ ਕਰ ਲਿਆ ਹੈ ਕਿ ਐਜੂਕੇਸ਼ਨ ਨੂੰ ਵੋਕੇਸ਼ਨਲਾਈਜ਼ ਕਰਨਾ ਹੈ ਔਰ ਵੋਕੇਸ਼ਨਲ ਸਕੂਲ ਖੋਲ੍ਹਣੇ ਹਨ । 12 ਆਈ. ਟੀ. ਆਈਜ਼. ਹਨ । ਇਸ ਲਈ 15-20 ਏਕੜ ਜ਼ਮੀਨ ਹੁੰਦੀ ਹੈ ਜਿਸ ਦੀ ਪਰਾਪਰ ਵਰਤੋਂ ਨਹੀਂ ਕੀਤੀ ਜਾਂਦੀ । ਵੋਕੇਸ਼ਨਲ ਸਕੂਲ ਦੀ ਬਿਲਡਿੰਗ ਤਕਰੀਬਨ 50-60 ਹਜ਼ਾਰ ਰੁਪਏ ਨਾਲ ਬਣਦੀ ਹੈ ਜਦ ਕਿ ਇਕ ਆਈ. ਟੀ. ਆਈ. ਤੇ ਕੋਈ 50 ਲੱਖ ਰੁਪਿਆ ਖ਼ਰਚ ਆਉਂਦਾ ਹੈ । ਇਸ ਲਈ ਮੇਰੀ ਰਾਏ ਹੈ ਕਿ ਆਈ. ਟੀ. ਆਈਜ਼ ਔਰ ਵੋਕੇਸ਼ਨਲ ਐਜੂਕੇਸ਼ਨ ਦੀ ਕੋਆਰਡੀਨੇਸ਼ਨ ਕੀਤੀ ਜਾਏ । ਆਈ. ਟੀ. ਆਈਜ਼ ਕੋਲ ਬਿਲਡਿੰਗਾਂ ਹਨ ਅਤੇ ਹੋਰ ਮੈਟੀਰੀਅਲ ਉਥੇ ਹੈ ਇਸ ਦੀ ਵੋਕੇਸ਼ਨਲ ਐਜੂਕੇਸ਼ਨ ਵਿਚ ਵਰਤੋਂ ਹੋ ਸਕਦੀ ਹੈ । ਜਿਸ ਨੇ ਵੋਕੇਸ਼ਨਲ ਐਜੂਕਸ਼ਨ ਲਈ ਹੋਵੇਗੀ ਔਰ 6 ਸਾਲ ਹਥੌੜਾ ਚਲਾਇਆ ਹੋਏਗਾ ਉਹ ਜਦੋਂ ਆਈ. ਟੀ. ਆਈ. ਵਿਚ ਜਾਏਗਾ ਤਾਂ ਉਹ ਉਸ ਟਰੇਡ ਲਈ ਪਹਿਲਾ ਹੀ ਵੈਲ ਪਰੀਪੇਅਰਡ ਹੋਵੇਗਾ ਔਰ ਉਹ ਇਸ ਟਰੇਨਿੰਗ ਨੂੰ ਐਕਸੈਪਟ ਕਰੇਗਾ । ਮੇਰੀ ਰਾਏ ਹੈ ਕਿ ਇਸ ਲਈ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਐਜੂਕੇਸ਼ਨ ਮਨਿਸਟਰ ਸਾਹਿਬ ਇੰਡਸਟਰੀ ਮਨਿਸਟਰ, ਫਾਈਨੈਂਸ ਮਨਿਸਟਰ ਔਰ ਮਨਿਸਟਰ ਫਾਰ ਪੀ. ਡਬਲਿਊ. ਡੀ. ਹੋਣ । ਇਹ ਚਾਰੇ ਮਨਿਸਟਰ ਇਸ ਕਮੇਟੀ ਵਿਚ ਹੋਣੇ ਚਾਹੀਦੇ ਹਨ । ਇਹ ਚਾਰੇ ਰਲ ਕੇ ਇਸ ਗੱਲ ਤੇ ਵਿਚਾਰ ਕਰਨ ਕਿ ਇਨ੍ਹਾਂ ਦੋਨਾਂ ਦੀ ਕੁਆਰਡੀਨੇਸ਼ਨ ਕਿਸ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ ਔਰ ਇਸ ਤਰ੍ਹਾਂ ਕਰਕੇ ਓਵਰਲੈਪਿੰਗ ਅਤੇ ਓਵਰ-ਐਕਸਪੈਂਡੀਚਰ ਕਿਸ ਤਰ੍ਹਾਂ ਨਾਲ ਬਚਾਇਆ ਜਾ ਸਕਦਾ ਹੈ । ਇਸ ਤਰ੍ਹਾਂ ਕਰਨ ਨਾਲ ਜੋ ਇਸ ਵੇਲੇ ਐਜੂਕੇਸ਼ਨ ਬਾਬੂਜ਼ ਕ੍ਰੀਏਟਿਡ ਹੈ ਉਹ ਵੀ ਖਤਮ ਹੋਏਗੀ । ਇਸ ਸਰਕਾਰ ਦਾ ਨਿਸ਼ਚਾ ਹੈ ਕਿ ਬੱਚੇ ਪੜ੍ਹ ਕੇ ਅਗਰ ਸੜਕਾਂ ਤੇ ਵੀ ਬੈਠਣ ਤਾ ਉਥੇ ਵੀ ਬੈਠ ਕੇ ਇਹ ਦਸ ਰੁਪਏ ਕਮਾ ਸਕਣ । ਇਕ ਹੋਰ ਸਕੀਮ ਅਧੀਨ 150/- ਰੁਪਿਆ ਪ੍ਰਤੀ ਵਿਦਿਆਰਥੀ ਦੀ ਸਿਖਲਾਈ ਲਈ ਇੰਡਸਟਰੀਜ਼ ਨੂੰ ਦਿੱਤਾ ਜਾਂਦਾ ਹੈ ਔਰ 100/- ਰੁਪਿਆ ਪ੍ਰਤੀ ਵਿਦਿਆਰਥੀ ਨੂੰ ਸਟਾਈਪੈਂਡ ਦਿੱਤਾ ਜਾਂਦਾ ਹੈ । ਇਸ ਪਲੈਂਡ ਸਕੀਮ ਤਹਿਤ ਬੱਚੇ ਪਰਾਪਰਲੀ ਐਜੂਕੇਟ ਹੋ ਸਕਦੇ ਹਨ ।

ਇਸ ਤੋਂ ਇਲਾਵਾ ਡਾਕਟਰ ਸਾਹਿਬ ਨੇ ਹਰ ਕੈਟੇਗਰੀ ਦੇ ਟੀਚਰਜ਼ ਨੂੰ 95% ਗਰਾਂਟ ਦਿੱਤੀ ਹੈ । ਸਾਰੇ ਪੰਜਾਬ ਵਿਚ 8-10 ਸਕੂਲ ਅਜਿਹੇ ਹਨ ਜਿਥੇ ਬੱਚਿਆਂ ਨੂੰ ਸਿਲਾਈ, ਕਢਾਈ ਦੀ ਟਰੇਨਿੰਗ ਦਿੱਤੀ ਜਾਂਦੀ ਹੈ । ਇਹ ਕੌਣ ਟਰੇਨਿੰਗ ਲੈਂਦਾ ਹੈ ? ਇਹ ਮੋਸਟਲੀ ਗਰੀਬ ਬੱਚੇ ਹਨ ਜਾਂ ਵਿਡੋਜ਼ ਹਨ ਜੋ ਟਰੇਨਿੰਗ ਲੈਂਦੀਆਂ ਹਨ । ਇਨ੍ਹਾਂ ਦੇ ਟੀਚਰਜ਼ ਨੂੰ ਇਕ ਪੀਅਨ ਨਾਲੋਂ ਘੱਟ ਤਨਖਾਹ ਮਿਲਦੀ ਹੈ। ਇਨ੍ਹਾਂ ਸਕੂਲਾਂ ਨੂੰ ਟੇਕ ਓਵਰ ਕਰਨਾ ਚਾਹੀਦਾ ਹੈ ਔਰ ਹੋਰ ਸਕੂਲਾਂ ਦੀ ਤਰ੍ਹਾਂ ਇਨ੍ਹਾਂ ਸਕੂਲਾਂ ਨੂੰ ਗਰਾਂਟ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਕਰਕੇ ਟੈਕਨੀਕਲ ਐਜੂਕੇਸ਼ਨ ਦੀ ਪਰਾਪਰ ਸਰਵਿਸ ਕੀਤੀ ਜਾ ਸਕਦੀ ਹੈ ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਦਾ ਬੜਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਫਾਰ ਦੀ ਫਸਟ ਟਾਈਮ ਐਂਡ ਦਿਸ ਇਜ਼ ਦੀ ਫਸਟ ਗੌਰਮਿੰਟ ਜਿਸ ਨੇ ਅਰਬਨ ਡਿਵੈਲਪਮੈਂਟ ਦੇ ਮੁਤੱਲਿਕ ਵੀ ਸਟੈਪਸ ਲਏ ਹਨ । ਇਸ ਕੰਮ

Original with;
Punjab Vidhan Sabha
Digitized by;
Panjab Digital Library

ਲਈ ਇਕ ਕਰੋੜ ਰੁਪਿਆ ਪਿਛਲੇ ਸਾਲ ਰੱਖਿਆ ਗਿਆ ਸੀ ਔਰ ਇਕ ਕਰੋੜ ਰੁਪਿਆ ਇਸ ਸਾਲ ਰੱਖਿਆ ਗਿਆ ਹੈ । ਇਸ ਤੋਂ ਇਲਾਵਾ ਆਈ. ਯੂ. ਡੀ. ਪੀ. ਸਕੀਮ ਅਧੀਨ ਜਿਹੜੇ ਮੀਡੀਅਮ ਐਂਡ ਸਮਾਲ ਟਾਊਨਜ਼ ਹਨ ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਜਿਹੜੇ ਅੱਠ ਟਾਊਨਜ਼ ਇਨ੍ਹਾਂ ਨੇ ਚੁਣੇ ਹਨ ਉਸ ਲਈ ਗੌਰਮਿੰਟ ਆਫ ਇੰਡੀਆ ਨੇ ਮੈਚਿੰਗ ਗਰਾਂਟ ਦੇਣੀ ਹੈ । 89 ਲੱਖ ਰੁਪਿਆ ਗੌਰਮਿੰਟ ਆਫ ਇੰਡੀਆ ਨੇ ਦੇਣਾ ਹੈ ਔਰ 89 ਲੱਖ ਰੁਪਿਆ ਇਨ੍ਹਾਂ ਨੇ ਆਪਣੇ ਕੋਲੋਂ ਦੇਣਾ ਹੈ । ਮੈਂ ਸਮਝਦਾ ਹਾਂ ਕਿ ਇਸ ਡੀਮਾਂਡ ਲਈ ਆਪ ਹੀ ਕਹਿਣਾ ਚਾਹੀਦਾ ਹੈ ਕਿ ਡਾਕਟਰ ਸਾਹਿਬ ਨੇ ਬੜਾ ਚੰਗਾ ਕੀਤਾ ਹੈ ਕਿ ਇਹ ਅਮਾਊਂਟ ਰੱਖੀ ਹੈ । ਇਸਦੇ ਨਾਲ ਹੀ ਇਕ ਗੱਲ ਹੋਰ ਇਹ ਹੈ ਕਿ ਵੇਸਟੇਜ ਬੜੀ ਹੋ ਰਹੀ ਹੈ । ਸ਼ਹਿਰੀ ਡਿਵੈਲਪਮੈਂਟ ਦੀ ਕੋਈ ਪਰਾਪਰ ਪਲਾਨਿੰਗ ਨਹੀਂ ਹੈ। ਪਿੰਡਾਂ ਦੀ ਡਿਵੈਲਪਮੈਂਟ ਲਈ ਰੂਰਲ ਡਿਵੈਲਪਮੈਂਟ ਏਜੰਸੀਜ਼ ਹਨ ਜਿਨ੍ਹਾਂ ਬਾਰੇ ਡਿਪਟੀ ਕਮਿਸ਼ਨਰਜ਼ ਨੂੰ ਪਾਵਰਜ਼ ਦਿੱਤੀਆਂ ਗਈਆਂ ਹਨ । ਏਸੇ ਤਰ੍ਹਾਂ ਸ਼ਹਿਰੀ ਡਿਵੈਲਪਮੈਂਟ ਵੀ ਇੰਟੈਗਰੇਟਿਡ ਸਿਸਟਮ ਨਾਲ ਹੋਵੇ । ਵੇਰੀਅਸ ਏਜੰਸੀਜ਼ ਆਪਣੇ ਆਪਣੇ ਢੰਗ ਨਾਲ ਕੰਮ ਕਰਦੀਆਂ ਹਨ । ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਵੀ ਏਥੇ ਬੈਠੇ ਹਨ । ਮੇਰੀ ਇਤਲਾਹ ਹੈ ਕਿ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਜਿਹੜਾ ਉਥੇ ਕਾਰਿਆ-ਕਰਤਾ ਸੀ, ਉਸ ਨੇ ਸਾਰੇ ਪੈਸੇ ਹੀ ਮੁਕਾ ਦਿੱਤੇ । ਉਸਨੇ ਸਾਰੀਆਂ ਪਾਈਪਾਂ ਹੀ ਖਰੀਦ ਲਈਆਂ ਜਿਹੜੀਆਂ ਨਹੀਂ ਸਨ ਚਾਹੀਦੀਆਂ । ਮੈਂ ਤੁਹਾਡੇ ਕੋਲੋਂ ਇਸ ਗੱਲ ਦੀ ਮੰਗ ਕਰਦਾ ਹਾਂ ਕਿ ਇਸ ਗੱਲ ਦੀ ਇਨਕੁਆਇਰੀ ਕਰਾਓ ਕਿ ਕਿੰਨੀਆਂ ਪਾਈਪਾਂ ਚਾਹੀਦੀਆਂ ਸਨ ਅਤੇ ਹੋਰ ਕਿੰਨਾ ਸਮਾਨ ਚਾਹੀਦਾ ਸੀ । ਮੇਰੀ ਇਹ ਵੀ ਇਤਲਾਹ ਹੈ ਕਿ ਇਹ ਪਾਈਪਾਂ ਉਨ੍ਹਾਂ ਫਰਮਾਂ ਕੋਲੋਂ ਖਰੀਦੀਆਂ ਗਈਆਂ ਜਿਹੜੀਆਂ ਫਰਮਾਂ ਉਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ ਅਤੇ ਭਰਾਵਾਂ ਦੀਆਂ ਸਨ ਜਾਂ ਉਨ੍ਹਾਂ ਦੇ ਮਾਲਕ ਇਸੇ ਡਿਪਾਰਟਮੈਂਟ ਦੇ ਰਿਟਾਇਰਡ ਅਫਸਰ ਸਨ । ਇਸ ਤਰ੍ਹਾਂ ਏਨਾ ਵੱਡਾ ਸਟਮਾਇਆ, ਏਨਾ ਜ਼ਿਆਦਾ ਪੈਸਾ ਅਗਰ ਕੁਝ ਬੰਦੇ ਹੀ ਖਾ ਜਾਣ ਤਾਂ ਗੁਜ਼ਾਰਾ ਨਹੀਂ ਹੋ ਸਕਦਾ । ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਡਿਪਾਰਟਮੈਂਟ ਵਿੱਚ ਇਕ ਹਾਇਲੀ ਕੁਆਲੀਫਾਈਡ ਅਤੇ ਸੂਝਬੂਝ ਵਾਲਾ ਚੇਅਰਮੈਨ ਲਗਾਇਆ ਗਿਆ ਹੈ । ਲੇਕਿਨ ਐਫ. ਐਮ. ਸਾਹਿਬ, ਮੈਂ ਬੇਨਤੀ ਕਰਾਂਗਾ ਕਿ Chairman is a Chairman who only chairs the Chair. All powers are vested in the Managing Director. Make them principal executives if you want them to do any job, otherwise they will be liable for things which are done by others for which they have no policy directive. ਸੋ ਮੇਰੀ ਰਾਏ ਹੈ ਕਿ ਤੁਸੀਂ ਜਿਹੜੇ ਚੇਅਰਮੈਨ ਪਬਲਿਕ ਮੈਨ ਬਣਾਏ ਹਨ ਜੇ ਉਹ ਪ੍ਰਿੰਸੀਪਲ ਐਗਜ਼ੈਕਟਿਵ ਆਪ ਨਾ ਹੋਏ ਤਾਂ ਉਹ ਫੇਲ੍ਹ ਹੋ ਜਾਣਗੇ । ਕਈ ਦਫਾ ਡਾਕਟਰ ਸਾਹਿਬ ਬੜੀਆਂ ਸਿਆਣੀਆਂ ਗੱਲਾਂ ਕਰਦੇ ਹਨ । ਡਾਕਟਰ ਸਾਹਿਬ ਦੀ ਹਮੇਸ਼ਾ ਮੰਗ ਹੁੰਦੀ ਹੈ ਕਿ ਬਿਊਰੋਕਰੇਟਿਕ ਸ਼ਕਤੀਆਂ ਵਧਦੀਆਂ ਜਾਂਦੀਆਂ ਹਨ । Public servants should be subservient to the people's representatives. Make the peoples representatives Principal Executives. ਸੋ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਪ੍ਰਿੰਸੀਪਲ ਐਗਜ਼ੈਕਟਿਵ ਬਣਾਇਆ ਜਾਣਾ ਚਾਹੀਦਾ ਹੈ । ਕਿਉਂਕਿ ਉਨ੍ਹਾਂ ਦੇ ਡਿਪਾਰਟਮੈਂਟਸ ਦੀ ਰਿਪੋਰਟ ਹਾਊਸ ਵਿਚ ਆਉਣੀ ਹੁੰਦੀ ਹੈ, ਇਸ ਕਰਕੇ they should be subject to this House. ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਤੋਂ ਵੱਧ ਤਾਂ ਐਮ. ਡੀਜ਼

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਕੋਲ ਪਾਵਰਜ਼ ਹਨ। ਉਨ੍ਹਾਂ ਕੋਲ ਇਕ ਪਾਵਰ ਹੈ ਕਿ ਉਹ ਜਿੰਨੀ ਵਾਰੀ ਵੀ ਟੂਰ ਤੇ ਜਾਣ, ਜਿੰਨਾ ਮਰਜ਼ੀ ਖਰਚ ਕਰ ਦੇਣ, ਸਭ ਜਾਇਜ਼ ਹੈ। ਮੈਂ ਬੇਨਤੀ ਕਰਾਂਗਾ ਕਿ ਇਹ ਬਹੁਤ ਵੱਡੀ ਲੋੜ ਹੈ ਕਿ ਇਕ ਅਰਬਨ ਡਿਵੈਲਪਮੈਂਟ ਏਜੰਸੀ ਬਣਾ ਦਿੱਤੀ ਜਾਵੇ ਜਿਹੜੀ ਸ਼ਹਿਰੀ ਡਿਵੈਲਪਮੈਂਟ ਨੂੰ ਪੂਰੀ ਤਰ੍ਹਾਂ ਕੋ-ਆਰਡੀਨੇਟ ਕਰੇ। ਮੈਂ ਇਹ ਕਹਾਂਗਾ ਕਿ ਵਾਟਰ-ਸਪਲਾਈ ਅਤੇ ਸੀਵਰੇਜ ਬੋਰਡ ਜਿੱਥੇ ਜਿੱਥੇ ਵੀ ਕੰਮ ਕਰ ਰਹੇ ਹਨ Municipal Committees pay the amount but they have no check over it. ਮੇਰੀ ਬੇਨਤੀ ਹੈ ਕਿ ਤੁਹਾਡੇ ਕੋਲ ਜਿਹੜੀ ਰੂਰਲ ਡਿਵੈਲਪਮੈਂਟ ਏਜੰਸੀ ਹੈ, ਉਸਨੂੰ ਰੀਆਰਗੇਨਾਈਜ਼ ਕਰਾਓ।

ਇਕ ਮੇਰੀ ਬੇਨਤੀ ਹੋਰ ਹੈ ਕਿ ਪਿਛਲੀ ਵਾਰ ਇਨ੍ਹਾਂ ਨੇ ਪਰੋਮਿਸ ਕੀਤਾ ਸੀ ਕਿ ਮਿਊਂਸਿਪਲ ਕਮੇਟੀਜ਼ ਨੂੰ ਜਿੰਨਾ ਜਿੰਨਾ ਅਮਾਊਂਟ ਅਸੀਂ ਉਗਰਾਵਾਂਗੇ, ਉਸ ਦੇ ਕੁਲੈਕਸ਼ਨ ਚਾਰਜਿਜ਼ ਕੱਢ ਕੇ ਬਾਕੀ ਦੇ ਦੇਵਾਂਗੇ। ਮੈਂ ਤੁਹਾਡੇ ਰਾਹੀਂ ਫਾਇਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਸੀਂ ਚਾਹੁੰਦੇ ਹਾਂ ਕਿ ਸ਼ਹਿਰੀ ਡਿਵੈਲਪਮੈਂਟ ਰੈਪਿਡ ਸਪੀਡ ਤੇ ਕੰਟੀਨਿਊ ਰਹੇ। ਮੈਂ ਬਟਾਲਾ ਨਾਲ ਸਬੰਧ ਰਖਦਾ ਹਾਂ। ਬਟਾਲਾ ਇਕ ਇੰਡਸਟਰੀਅਲ ਟਾਊਨ ਹੈ। ਪਹਿਲਾਂ ਇਸ ਦੀ ਅਬਾਦੀ ਕੋਈ 30 ਲੱਖ ਦੇ ਕਰੀਬ ਸੀ ਜਿਹੜੀ ਹੁਣ ਘਟ ਕੇ 1 ਲੱਖ 12 ਹਜ਼ਾਰ ਰਹਿ ਗਈ ਹੈ। ਸਾਡੀ ਉਥੇ ਆਮਦਨ ਕੋਈ 15 ਲੱਖ ਦੇ ਕਰੀਬ ਹੈ ਜਿਸ ਵਿਚੋਂ ਸਿਰਫ਼ 8-9 ਲੱਖ ਰੁਪਿਆ ਹੀ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਗੁਜ਼ਾਰਾ ਨਹੀਂ ਹੋ ਸਕਦਾ। ਜਿੰਨਾ ਸਾਡਾ ਹਿੱਸਾ ਬਣਦਾ ਹੈ, ਉਨਾਂ ਸਾਰੀਆਂ ਕਾਰਪੋਰੇਸ਼ਨਾਂ ਅਤੇ ਮਿਊਂਸਪਲ ਕਮੇਟੀਆਂ ਨੂੰ ਦਿਓ, ਆਪਣੇ ਕੋਲੋਂ ਵੀ ਗਰਾਂਟਾਂ ਦਿਓ। ਇਹ ਤੁਹਾਡੀ ਲਾਇਬਿਲਟੀ ਬਣਦੀ ਹੈ ਕਿਉਂਕਿ ਕੱਲ੍ਹ ਨੂੰ ਇਸ ਤਰ੍ਹਾਂ ਨਾ ਹੋਵੇ ਕਿ ਜਿਹੜਾ ਇਹ ਇੰਡਸਟਰੀਅਲ ਟਾਊਨ ਹੈ, ਜਿਥੇ ਗਰੀਬ ਜਨਤਾ ਮਜ਼ਦੂਰੀ ਕਰਨ ਆਉਂਦੀ ਹੈ, ਉਹ ਸਲੱਮ ਏਰੀਆ ਹੀ ਬਣ ਜਾਵੇ।

ਸਪੀਕਰ ਸਾਹਿਬ, ਮੈਂ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਤੁਸੀਂ ਕੋ-ਆਪਰੇਸ਼ਨ ਡਿਪਾਰਟਮੈਂਟ ਨੂੰ ਕੁਝ ਅਮਾਊਂਟ 76 ਲੱਖ ਰੁਪਏ ਹੈਂਡਲੂਮ ਕਾਰਪੋਰੇਸ਼ਨ ਸੋਸਾਇਟੀ ਫਾਰ ਸ਼ਡਿਊਲਡ ਕਾਸਟਸ ਵਾਸਤੇ ਦਿੱਤੀ ਹੈ। ਇਹ ਇਕ ਬਹੁਤ ਵੱਡਾ ਮੁਬਾਰਕ ਵਾਲਾ ਕਦਮ ਹੈ। 'ਪੰਨਟੈਕਸ' ਦਾ ਚੇਅਰਮੈਨ ਵੀ ਇਕ ਪਬਲਿਕਮੈਨ ਹੈ। But Chairman without powers is nothing. Make him real Executive. ਸਰ, ਇਸ ਦੇ ਬਾਰੇ ਮੈਂ ਇਕ ਗੱਲ ਜ਼ਰੂਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੋ-ਆਪਰੇਸ਼ਨ ਡਿਪਾਰਟਮੈਂਟ ਜਿਹੜਾ ਹੈ, ਉਹ ਰਲ ਮਿਲ ਕੇ ਕੰਮ ਕਰਨ ਦੀ ਪ੍ਰਥਾ ਨੂੰ ਮਜ਼ਬੂਤ ਕਰਦਾ ਹੈ। ਕੋ-ਆਪਰੇਟਿਵ ਸੋਸਾਇਟੀਆਂ ਦੀ ਪ੍ਰਥਾ ਜਦੋਂ ਸ਼ੁਰੂ ਹੋਈ ਸੀ ਤਾਂ ਉਸ ਦਾ ਮਨਸ਼ਾ ਇਹ ਸੀ ਕਿ ਜਿਹੜੇ ਲੋਕੀ ਇਕੱਲੇ ਇਕੱਲੇ ਕੋਈ ਕੰਮ ਨਹੀਂ ਕਰ ਸਕਦੇ, ਉਨ੍ਹਾਂ ਦੀਆਂ ਸੋਸਾਇਟੀਆਂ ਬਣਾ ਦਿੱਤੀਆਂ ਜਾਣ ਤਾਕਿ ਉਹ ਰਲ ਮਿਲ ਕੇ ਕੰਮ ਕਰ ਲੈਣ। ਕੋ-ਆਪਰੇਸ਼ਨ ਡਿਪਾਰਟਮੈਂਟ ਦੀ 1969 ਵਿਚ ਜਦੋਂ ਅਕਾਲੀਆਂ ਦਾ ਰਾਜ ਸੀ ਤਾਂ ਇਨ੍ਹਾਂ ਨੇ ਕੋ-ਅਪਰੇਟਿਵ ਲਾਅ ਦਾ ਗਾਟਾ ਲਾਹ ਦਿੱਤਾ। ਕੋ-ਆਪਰੇਟਿਵ ਲਾਅ ਖਤਮ ਕਰ ਦਿਤਾ। ਕੋ-ਆਪਰੇਸ਼ਨ ਡਿਪਾਰਟਮੈਂਟ ਦੀ ਬਜਾਏ ਇਨ੍ਹਾਂ ਨੇ ਗੌਰਮਿੰਟ ਡਿਪਾਰਟਮੈਂਟ ਬਣਾ ਦਿੱਤਾ। ਮੇਰੀ ਮੰਗ ਹੈ ਕਿ ਇਕ ਕਮੇਟੀ ਬਣਾ ਦਿੱਤੀ ਜਾਣੀ ਚਾਹੀਦੀ ਹੈ ਜਿਹੜੀ

Original with;
Punjab Vidhan Sabha
Digitized by;
Panjab Digital Library

ਅੰਟਾਇਰ ਕੋ-ਆਪਰੇਟਿਵ ਲਾਅ ਨੂੰ ਰੀ-ਸਟ੍ਰਕਟ ਕਰੇ, ਜਿਹੜੀ ਗੌਰਮਿੰਟ ਦੀ ਇੰਟਰਫੀਅਰੈਂਸ ਹੈ ਜਾਂ ਡਿਪਾਰਟਮੈਂਟ ਦੀ ਇੰਟਰਫੀਅਰੈਂਸ ਹੈ, ਉਸ ਨੂੰ ਖਤਮ ਕਰੇ। All the Co-operative Societies in the State of Punjab had become corrupt when the Co-operative Officers were Administrators. ਮੈਂ ਇਕ ਡੀਮਾਂਡ ਕਰਾਂਗਾ ਕਿ ਜੇ ਇਕ ਪਬਲਿਕਮੈਨ ਸੀ. ਐਮ. ਬਣ ਸਕਦਾ ਹੈ, ਇਕ ਪਬਲਿਕਮੈਨ ਸੂਗਰ ਮਿੱਲ, ਮਾਰਕਫੈਡ ਆਦਿ ਦਾ ਚੇਅਰਮੈਨ ਬਣ ਸਕਦਾ ਹੈ ਤਾਂ ਉਹ ਪਿੰਡ ਦੀ ਸੋਸਾਇਟੀ ਦਾ ਚੇਅਰਮੈਨ ਕਿਉਂ ਨਹੀਂ ਬਣ ਸਕਦਾ। ਇਥੇ ਰੂਲ ਹੈ ਕਿ ਗੌਰਮਿੰਟ ਇੰਪਲਾਈ ਹੀ ਐਪੁਆਇੰਟ ਕੀਤਾ ਜਾਵੇ। ਮੈਂ ਰਿਕੁਐਸਟ ਕਰਾਂਗਾ ਕਿ ਕੋਆਪ੍ਰੇਟਿਵ ਐਕਟ ਰੀਐਪਰੇਜ਼ ਕਰੋ।

ਮੇਰੇ ਸਾਥੀ ਕੁਬਾਲ ਸਾਹਿਬ ਨੇ ਸੂਗਰ ਮਿੱਲਜ਼ ਦੀ ਗੱਲ ਕੀਤੀ ਸੀ। ਮੈਂ ਇਸ ਦੀ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਮੰਗ ਕਰਾਂਗਾ ਕਿ ਬਟਾਲਾ ਸੂਗਰ ਮਿੱਲ ਦੀ ਫੰਕਸ਼ਨਿੰਗ ਦੀ ਕਿਸੇ ਸੀਨੀਅਰ ਆਈ. ਏ. ਐਸ. ਅਫਸਰ ਦੀ ਡਿਊਟੀ ਲਾ ਕੇ ਇਨਕੁਆਇਰੀ ਕਰਾਓ ਅਤੇ ਜੋ ਇਨਕੁਆਇਰੀ ਦਾ ਰੀਜ਼ਲਟ ਨਿਕਲੇ ਉਸ ਉਤੇ ਅਮਲ ਕਰਾਓ। ਸੂਗਰ ਮਿੱਲ ਬਟਾਲਾ ਬਾਰੇ ਮੇਰੇ ਸਾਥੀ ਕਾਮਰੇਡ ਨੇ ਠੀਕ ਕਿਹਾ ਸੀ ਕਿ ਉਹ ਲੋਕ ਜਿਨ੍ਹਾਂ ਨੇ ਡੇਢ ਮਹੀਨਾ ਮਿੱਲ ਨਹੀਂ ਚੱਲਣ ਦਿੱਤੀ ਉਨ੍ਹਾਂ ਨੇ ਛੋਟੇ ਕਿਸਾਨ ਦਾ ਗਲਾ ਘੁੱਟਿਆ ਅਤੇ ਛੋਟੇ ਮਜ਼ਦੂਰ ਦਾ ਸੱਤਿਆਨਾਸ ਕੀਤਾ। ਡੇਢ ਮਹੀਨਾ ਸਾਡਾ ਬਰਬਾਦ ਕੀਤਾ ਅਤੇ ਕਿਸਾਨ ਦਾ ਗੰਨਾ ਖੜਾ ਰਿਹਾ। ਲੇਕਿਨ ਉਥੇ ਦਾ ਜਨਰਲ ਮੈਨੇਜਰ ਆਪਣੀ ਮਰਜ਼ੀ ਕਰਦਾ ਰਿਹਾ ਹੈ। ਫੈਸਲਾ ਕੀਤਾ ਕਿ ਜੇ ਮਜ਼ਦੂਰ 10 ਹਜ਼ਾਰ ਕੁਇੰਟਲ ਤੋਂ ਵਧ ਗੰਨਾ ਪੀੜਨ ਤਾਂ ਉਨ੍ਹਾਂ ਨੂੰ ਇਕ ਬੋਰੀ ਪਿੱਛੇ 4 ਆਨੇ, 8 ਆਨੇ ਦਿੱਤੇ ਜਾਣਗੇ। ਇਸ ਨੂੰ ਜਨਰਲ ਮੈਨੇਜਰ ਨੇ ਆਪਣੇ ਆਪ ਬੰਦ ਕਰ ਦਿੱਤਾ। ਮਜ਼ਦੂਰਾਂ ਨੇ ਕੰਮ ਘੱਟ ਕਰਨਾ ਸ਼ੁਰੂ ਕਰ ਦਿੱਤਾ। ਚੇਅਰਮੈਨ, ਸਾਹਿਬ, 15 ਤਾਰੀਖ਼ ਨੂੰ 11 ਵਜੇ ਮਿੱਲ ਨੂੰ ਬੰਦ ਕਰ ਦਿੱਤਾ ਗਿਆ। ਬੰਦ ਵੀ ਇਸ ਹਿਸਾਬ ਨਾਲ ਕੀਤਾ ਗਿਆ ਕਿ ਉਸ ਦੀ ਚੇਨ ਲਾਹ ਦਿੱਤੀ ਗਈ। ਇਹ ਇਸ ਲਈ ਕੀਤਾ ਗਿਆ ਤਾਕਿ ਜੇ ਮੁੱਖ ਮੰਤਰੀ ਜਾਂ ਮਨਿਸਟਰ ਸਾਹਿਬਾਨ ਕਹਿਣ ਕਿ ਮਿੱਲ ਹੋਰ ਚਲਾਓ ਤਾਂ ਚਲ ਨਾ ਸਕੇ। ਚੇਅਰਮੈਨ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ। ਜਿਸ ਦਿਨ ਕੈਬਨਿਟ ਵਿਚ ਦੱਸਿਆ ਗਿਆ ਕਿ ਸੂਗਰ ਮਿੱਲ ਦੀ ਰੀਕਵਰੀ 5% ਹੈ, ਉਸ ਦਿਨ ਇਹ ਰੀਕਵਰੀ 8% ਤੋਂ ਉਪਰ ਸੀ। ਮੈਂ ਮੰਗ ਕਰਾਂਗਾ ਕਿ ਜਿਸ ਅਫਸਰ ਨੇ ਸਰਕਾਰ ਨੂੰ ਮਿਸਲੀਡ ਕੀਤਾ ਹੈ ਉਸ ਅਫਸਰ ਦੇ ਖਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ। ਜਦੋਂ ਚੀਫ ਮਨਿਸਟਰ ਸਾਹਿਬ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ 7 ਦਿਨ ਹੋਰ ਮਿੱਲ ਚਲਾਓ। ਮੈਂ ਉਨ੍ਹਾਂ ਦਾ ਇਸ ਕੰਮ ਲਈ ਧੰਨਵਾਦੀ ਹਾਂ। ਬਟਾਲੇ ਦੇ ਕਿਸਾਨਾਂ ਨੇ ਸੀ. ਐਮ. ਸਾਹਿਬ ਨੂੰ ਤਾਰਾਂ ਭੇਜੀਆਂ ਅਤੇ ਟੈਲੀਫੋਨ ਕੀਤਾ। ਮੈਂ ਆਪ ਵੀ ਮੀਟਿੰਗ ਕੀਤੀ। ਇਨ੍ਹਾਂ ਨੇ 9 ਤਾਰੀਖ ਨੂੰ ਆਰਡਰ ਕੀਤਾ ਕਿ 7 ਦਿਨ ਮਿੱਲ ਹੋਰ ਚਲਾਓ ਲੇਕਿਨ ਉਥੋਂ ਦੇ ਜਨਰਲ ਮੈਨੇਜਰ ਨੇ 10-11 ਤਾਰੀਖ ਨੂੰ ਸਫਾਈ ਕਰਨ ਦੇ ਬਹਾਨੇ ਮਿੱਲ ਬੰਦ ਕਰ ਦਿੱਤੀ। 13 ਤਾਰੀਖ ਨੂੰ ਪਰਚੀਆਂ ਜਾਰੀ ਕੀਤੀਆਂ ਲੇਕਿਨ ਉਹ ਜਾ ਕੇ ਹਸਪਤਾਲ ਵਿਚ ਦਾਖਲ ਹੋ ਗਿਆ ਅਤੇ ਉਥੋਂ ਤਾਰ ਦੇ ਦਿੱਤੀ ਕਿ ਮਿੱਲ ਇਜ਼ ਕਲੋਜ਼ਡ। ਚੇਅਰਮੈਨ ਸਾਹਿਬ, ਇਹ ਸੀਰੀਅਸ ਮਾਮਲਾ ਹੈ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]
ਜਿਹੜਾ ਅਫਸਰ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕਰੇ ਉਸ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ।

ਪ੍ਰਾਇਮਰੀ ਮਾਰਕੀਟ ਸੁਸਾਇਟੀਆਂ ਬਣਾਉਣ ਵਾਸਤੇ ਸਰਕਾਰ ਨੇ ਅੱਛਾ ਕਦਮ ਚੁਕਿਆ ਹੈ। ਪੰਜਾਬ ਸਰਕਾਰ ਨੇ ਸੈਂਟਰ ਤੋਂ ਪੈਸਾ ਲੈਣਾ ਹੈ। ਇਸ ਤੇ 35 ਲੱਖ ਰੁਪਿਆ ਖਰਚ ਹੋਣਾ ਹੈ। ਕਿਸਾਨ ਦੀ ਫਸਲ ਚੁੱਕਣ ਵਾਸਤੇ ਉਸ ਦੇ ਨੇੜੇ ਮੰਡੀ ਖੋਲ੍ਹਣੀ ਹੈ। ਇਸ ਵਾਸਤੇ ਮੈਂ ਡਾਕਟਰ ਸਾਹਿਬ ਨੂੰ, ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਇਸ ਤੋਂ ਇਲਾਵਾ ਮੈਂ ਇਹ ਜ਼ਰੂਰ ਕਹਾਂਗਾ ਕਿ ਇਹ ਜਿਹੜਾ ਅਮਾਊਂਟ ਦੇਣਾ ਹੈ, ਇਹ ਤਕਰੀਬਨ 19 ਕਰੋੜ 70 ਲੱਖ ਰੁਪਿਆ ਹੈ। ਇਨ੍ਹਾਂ ਵਿਚ ਮੇਜਰ ਪੀ. ਆਰ. ਟੀ. ਸੀ. ਅਤੇ ਟਿਊਬਵੈੱਲ ਕਾਰਪੋਰੇਸ਼ਨ ਹੈ। 13 ਕਰੋੜ ਰੁਪਿਆ ਟਿਊਬਵੈੱਲ ਕਾਰਪੋਰੇਸ਼ਨ ਨੂੰ ਦੇਣਾ ਹੈ ਅਤੇ 2 ਕਰੋੜ ਰੁਪਿਆ ਪੀ. ਆਰ. ਟੀ. ਸੀ ਨੂੰ ਦੇਣਾ ਹੈ। 3 ਕਰੋੜ ਰੁਪਿਆ ਜ਼ੀਰੇ ਦੀ ਸ਼ੂਗਰ ਮਿੱਲ ਅਤੇ ਪਨਿਆੜ ਦੀ ਸ਼ੂਗਰ ਮਿੱਲ ਨੂੰ ਦੇਣਾ ਹੈ। ਇਹ ਜਿਹੜਾ ਐਨਾ ਪੈਸਾ ਉਨ੍ਹਾਂ ਨੂੰ ਦੇਣਾ ਹੈ ਇਸ ਦੇ ਨਾਲ ਹੀ ਸਰਕਾਰ ਦਾ ਉਨ੍ਹਾਂ ਤੇ ਹੋਰ ਚੰਗਾ ਕੰਟਰੋਲ ਹੋਣਾ ਚਾਹੀਦਾ ਹੈ। ਜਿਹੜਾ ਉਥੇ ਦਾ ਕੋਈ ਅਫਸਰ ਗਲਤੀ ਕਰਦਾ ਹੈ ਤਾਂ ਉਸ ਨੂੰ ਰਿਸਪਾਂਸੀਬਲ ਠਹਿਰਾਉਣਾ ਚਾਹੀਦਾ ਹੈ। Right and responsibility must go together. Right without responsibility is not applicable on the democratic side and this has done a great damage to us.

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਪੀਲ ਕਰਾਂਗਾ ਕਿ ਕਾਰਪੋਰੇਸ਼ਨਾਂ ਨੂੰ ਪੈਸਾ ਦਿਓ ਅਤੇ ਉਨ੍ਹਾਂ ਨੂੰ ਪੈਸਾ ਦੇਣਾ ਲੋਕ ਹਿੱਤ ਦੀ ਗੱਲ ਹੈ। ਸਰਕਾਰ ਪੈਸਾ ਤਾਂ ਦੇ ਰਹੀ ਹੈ ਪਰ ਜਿਹੜੇ ਭਰਾ ਕਿਸਾਨਾਂ ਨੂੰ ਕਹਿੰਦੇ ਹਨ ਕਿ ਪੈਸਾ ਮੋੜਿਓ ਨਾ, ਇਹ ਠੀਕ ਗੱਲ ਨਹੀਂ ਹੈ। 13 ਕਰੋੜ ਰੁਪਏ ਸਰਕਾਰ ਨੇ ਟਿਊਬਵੈੱਲ ਕਾਰਪੋਰੇਸ਼ਨ ਨੂੰ ਦਿੱਤੇ ਹਨ ਅਤੇ ਇਸ ਤਰ੍ਹਾਂ ਇਹ ਰੁਪਿਆ ਕਿਸਾਨਾਂ ਦੇ ਖਾਲੇ ਪੱਕੇ ਕਰਨ ਤੇ ਲਾਇਆ ਹੈ। ਇਨ੍ਹਾਂ ਸ਼ਬਦਾਂ ਨਾਲ ਜਿਥੇ ਮੈਂ ਡਾਕਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਉਥੇ ਫਾਈਨੈਂਸ ਡਿਪਾਰਟਮੈਂਟ ਦੇ ਅਫਸਰਾਂ ਦਾ, ਫਾਈਨੈਂਸ ਸੈਕਟਰੀ ਦਾ, ਉਨ੍ਹਾਂ ਦੇ ਸਾਥੀਆਂ ਦਾ ਜਿਨ੍ਹਾਂ ਨੇ ਮਿਹਨਤ ਕਰਕੇ, ਹਿੰਮਤ ਕਰਕੇ ਬਜਟ ਨੂੰ ਸਹੀ ਲਾਈਨਿੰਗ ਅਤੇ ਸਹੀ ਡਾਇਰੈਕਸ਼ਨ ਦਿੱਤੀ ਹੈ, ਧੰਨਵਾਦ ਕਰਦਾ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਡਾਕਟਰ ਸਾਹਿਬ ਨੂੰ ਫਿਰ ਮੁਬਾਰਕਬਾਦ ਦਿੰਦਾ ਹਾਂ ਅਤੇ ਹਾਊਸ ਅਗੇ ਅਪੀਲ ਕਰਦਾ ਹਾਂ ਕਿ ਇਸ ਨੂੰ ਬਗੈਰ ਡਿਸਕਸ਼ਨ ਦੇ ਪਾਸ ਕੀਤਾ ਜਾਵੇ।

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ ਕੇਂਦਰੀ) : ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਬਜਟ ਤੇ ਆਪਣੇ ਵਿਚਾਰ ਪਰਗਟ ਕਰਨ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਡੀਮਾਂਡ ਨੰਬਰ 19 ਉਤੇ ਮੈਂ ਆਪਣੇ ਕੁਝ ਵਿਚਾਰ ਪਰਗਟ ਕਰਾਂਗਾ, ਪਰ ਇਸ ਤੋਂ ਪਹਿਲਾਂ ਮੈਂ ਇਕ ਬੇਨਤੀ ਕਰਾਂਗਾ ਕਿ ਚਤਰਥ ਜੀ ਸਾਡੇ ਚੇਅਰਮੈਨਾਂ ਦੀ ਪਾਵਰਜ਼ ਦੇ ਬਾਰੇ ਬੜੇ ਫਿਕਰਮੰਦ ਹਨ। ਉਨ੍ਹਾਂ ਨੇ ਸ਼ਾਇਦ ਇਸ ਗਲ ਨੂੰ ਚੰਗੀ ਤਰ੍ਹਾਂ ਸਟੱਡੀ ਨਹੀਂ ਕੀਤਾ। ਅਸੀਂ ਚੇਅਰਮੈਨ ਹਾਂ ਪਾਲਿਸੀ ਬਣਾਉਣ ਵਾਸਤੇ ਅਤੇ ਇੰਪਲੀਮੈਂਟ ਕਰਨ ਵਾਸਤੇ। ਅਸੀਂ ਪੁਰਾਣੇ ਚੇਅਰਮੈਨਾਂ ਵਾਂਗ ਨਹੀਂ ਕਿ ਉਥੇ ਬੈਠਕੇ

Original with;
Punjab Vidhan Sabha
Digitized by;
Panjab Digital Library

ਕਟੌਪਸ਼ਨ ਕਰਾਂਗੇ। ਅਸੀਂ ਉਥੇ ਬੈਠਕੇ ਸੇਵਾ ਕਰਦੇ ਹਾਂ। (ਥੰਪਿੰਗ) ਪਿਛਲੀ ਸਰਕਾਰ ਦੇ ਢਾਈ ਸਾਲਾਂ ਵਿਚ ਜਿਥੇ ਕੁਝ ਨਹੀਂ ਕਰ ਸਕੀ ਉਥੇ ਅਸੀਂ ਦੋ ਢਾਈ ਮਹੀਨਿਆਂ ਵਿਚ ਕਾਫੀ ਕੰਮ ਕੀਤਾ ਹੈ ਅਤੇ ਕਾਫੀ ਯੋਗਦਾਨ ਦਿੱਤਾ ਹੈ। ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਅੌਰ ਖਾਸ ਤੌਰ ਤੇ ਡਾਕਟਰ ਸਾਹਿਬ ਨੇ 1981-82 ਅਤੇ 1982-83 ਵਿਚ ਅਰਬਨ ਡਿਵੈਲਪਮੈਂਟ ਵਾਸਤੇ 1 ਕਰੋੜ ਰੁਪਿਆ ਦਿਤਾ ਹੈ। ਤੁਸੀਂ ਜਾਣਦੇ ਹੋ ਕਿ ਮਿਊਂਸਪੈਲਿਟੀਜ਼ ਅਤੇ ਕਾਰਪੋਰੇਸ਼ਨਾ ਦੀ ਮਾਲੀ ਹਾਲਤ ਬਹੁਤ ਖਰਾਬ ਹੈ। ਸੀਵਰੇਜ ਅਤੇ ਵਾਟਰ ਸਪਲਾਈ ਵਾਸਤੇ ਸਾਨੂੰ ਉਨ੍ਹਾ ਉਤੇ ਡੀਪੈਂਡ ਹੋਣਾ ਪੈਂਦਾ ਹੈ। ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇਕ ਕਮਰਸ਼ੀਅਲ ਬਾਡੀ ਹੈ, ਜੇ ਕਾਰਪੋਰੇਸ਼ਨ ਅਤੇ ਮਿਊਂਸਪੈਲਿਟੀ ਰੁਪਿਆ ਦੇ ਦੇਵੇ ਤਾਂ ਕੰਮ ਚਲ ਜਾਂਦਾ ਹੈ ਨਹੀਂ ਤਾਂ ਕੰਮ ਬੰਦ ਹੋ ਜਾਂਦਾ ਹੈ। ਇਸ ਦੇ ਨਾਲ ਹੀ ਅਸੀਂ ਵਰਲਡ ਬੈਂਕ ਕੋਲੋਂ ਅਤੇ ਐਲ. ਆਈ. ਸੀ. ਕੋਲੋਂ ਅਤੇ ਹੁਡਕੋ ਕੋਲੋਂ ਰੁਪਿਆ ਲੈ ਕੇ ਅਰਬਨ ਡਿਵੈਲਪਮੈਂਟ ਵਾਸਤੇ ਲਾ ਰਹੇ ਹਾਂ। ਮੈਂ ਬੇਨਤੀ ਕਰਾਂਗਾ ਕਿ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਸ਼ਹਿਰ ਐਸੇ ਹਨ ਜਿਥੇ ਟਰਾਂਸਪੋਰਟ ਦਾ ਕੰਮ ਕਾਰਪੋਰੇਸ਼ਨਾਂ ਕੋਲ ਹੈ, ਉਥੇ ਦਾ ਤਕਰੀਬਨ ਡੇਢ ਕਰੋੜ ਰੁਪਿਆ ਸਾਡਾ ਪਿਛਲੇ ਸਾਲ ਦਾ ਘਾਟਾ ਪਿਆ ਹੈ। ਕਿਉਂਕਿ ਸਟੇਟ ਟਰਾਂਸਪੋਰਟ ਬਹੁਤ ਅੱਛੀ ਸੇਵਾ ਕਰ ਰਹੀ ਹੈ, ਅਗਰ ਇਹ ਟਰਾਂਸਪੋਰਟ ਦਾ ਕੰਮ ਉਨ੍ਹਾਂ ਕੋਲੋਂ ਵਾਪਿਸ ਲੈ ਲਿਆ ਜਾਵੇ ਅਤੇ ਸਰਕਾਰ ਇਸ ਕੰਮ ਨੂੰ ਆਪਣੇ ਹੱਥ ਵਿਚ ਲੈ ਲਵੇ ਤਾਂ ਡੇਢ ਕਰੋੜ ਰੁਪਏ ਦਾ ਘਾਟਾ ਜਿਹੜਾ 3 ਜ਼ਿਲ੍ਹਿਆਂ ਵਿਚ ਹੈ ਉਹ ਇਸ ਪਾਸੇ ਤੋਂ ਡਾਈਵਰਟ ਕਰਕੇ ਡਿਵੈਲਪਮੈਂਟ ਦੇ ਕੰਮਾਂ ਤੇ ਅਸੀਂ ਲਾ ਸਕਾਂਗੇ। ਇਹ 1 ਕਰੋੜ ਰੁਪਿਆ ਇਨਸਫੀਸ਼ੈਂਟ ਹੈ, ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ। ਛੋਟੀਆਂ ਛੋਟੀਆਂ ਮਿਊਂਸਪਲ ਕਮੇਟੀਆਂ ਕੋਲ ਆਮਦਨ ਬਹੁਤ ਘੱਟ ਹੈ ਅਤੇ ਉਹ ਵਾਟਰ ਸਪਲਾਈ ਦਾ ਇੰਤਜ਼ਾਮ ਨਹੀਂ ਕਰ ਸਕਦੀਆਂ। ਨਾ ਉਹ ਸੀਵਰੇਜ ਦਾ ਇੰਤਜ਼ਾਮ ਕਰ ਸਕਦੀਆਂ ਹਨ। ਇਸ ਲਈ ਇਸ ਪੈਸੇ ਨੂੰ ਵਧਾਉਣਾ ਚਾਹੀਦਾ ਹੈ।

ਸਰ, ਹੁਣ ਮੈਂ ਡੀਮਾਂਡ ਨੰ: 40 ਬਾਰੇ ਆਪਣੇ ਕੁਝ ਵਿਚਾਰ ਰੱਖਣੇ ਚਾਹੁੰਦਾ ਹਾਂ। ਸਾਡੀ ਸਰਕਾਰ ਮੁਬਾਰਕਬਾਦ ਦੀ ਪਾਤਰ ਹੈ ਕਿਉਂਕਿ ਜਿਤਨਾ ਰੁਪਿਆ ਅਸੀਂ ਹਸਪਤਾਲਾਂ ਦੀ ਕਮਪਲੀਸ਼ਨ ਵਾਸਤੇ ਇਸ ਵਾਰ ਰੱਖਿਆ ਹੈ ਕਿ ਇਹ ਰਿਕਾਰਡ ਹੈ। ਪਿਛਲੇ 25 ਸਾਲਾਂ ਵਿੱਚ ਕਦੇ ਇਟਨਾ ਰੁਪਿਆ ਕਿਸੇ ਸਰਕਾਰ ਨੇ ਨਹੀਂ ਦਿੱਤਾ। ਫਤਹਿਗੜ੍ਹ ਸਾਹਿਬ ਜੋ ਕਿ ਸਾਡਾ ਇਤਿਹਾਸਕ ਸਥਾਨ ਹੈ, ਧਾਰਮਿਕ ਸਥਾਨ ਹੈ ਅੌਰ ਉਥੇ 50 ਬੈਡਿਡ ਹਸਪਤਾਲ ਦਾ ਨਿਰਮਾਣ ਕਰਨਾ ਹੈ ਅੌਰ ਇਸਦੇ ਵਾਸਤੇ 20 ਲੱਖ ਰੁਪਏ ਚਾਹੀਦੇ ਸਨ। ਉਸ ਦੇ ਵਾਸਤੇ ਸਰਕਾਰ ਨੇ ਇਮੀਜੇਟਲੀ ਇਹ ਪੈਸਾ ਦੇ ਕੇ ਲੋਕਾਂ ਦੀ ਬਹੁਤ ਵੱਡੀ ਸੇਵਾ ਕੀਤੀ ਹੈ। ਇਸ ਦੇ ਨਾਲ ਨਾਲ ਅੰਮ੍ਰਿਤਸਰ ਵਿੱਚ ਵੀ ਗੁਰੂ ਤੇਗ ਬਹਾਦਰ ਹਸਪਤਾਲ ਦੇ ਨੇੜੇ ਗੁਰੂ ਨਾਨਕ ਦੇਵ ਹਸਪਤਾਲ ਦਾ ਨਿਰਮਾਣ ਹੁਣ ਸ਼ੁਰੂ ਹੋਇਆ ਹੈ ਮਗਰ ਇਸਦੇ ਲਈ ਜਿਹੜਾ 80 ਲੱਖ ਰੁਪਿਆ ਰੱਖਿਆ ਗਿਆ ਹੈ ਇਹ ਰੁਪਿਆ ਗੁਰੂ ਤੇਗ ਬਹਾਦਰ ਹਸਪਤਾਲ ਦੇ ਆਪਰੇਸ਼ਨ ਥੀਏਟਰ ਬਣਾਉਣ ਲਈ ਹੈ ਕਿਉਂਕਿ ਉਥੇ ਮੈਡੀਕਲ ਵਾਰਡ ਅਤੇ ਆਪਰੇਸ਼ਨ ਥੀਏਟਰ ਆਪਸ ਵਿੱਚ ਦੋ ਢਾਈ ਕਿਲੋਮੀਟਰ ਦੇ ਫਰਕ ਤੇ ਹਨ। ਇਸ ਤਰ੍ਹਾਂ ਇੱਕ ਜਗ੍ਹਾ ਤੋਂ ਦੂਸਰੀ ਜਗਾ ਤੇ ਆਉਣਾ ਜਾਣਾ ਬੜਾ ਮੁਸ਼ਕਲ ਸੀ। ਮੈਂ ਸਰਕਾਰ ਨੂੰ ਇਸ ਕੰਮ ਲਈ ਵਧਾਈ ਦੇਂਦਾ ਹਾਂ ਕਿ ਅੰਮ੍ਰਿਤਸਰ ਦੇ ਲੋਕਾਂ ਲਈ ਵੀ ਪਿਛਲੇ ਕਈ ਸਾਲਾਂ ਤੋਂ ਲਮਕ ਰਹੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਮੰਗ ਨੂੰ ਇਨ੍ਹਾਂ ਨੇ ਪੂਰਾ ਕੀਤਾ ਹੈ । ਇਹ ਸਰਕਾਰ ਨੇ ਬਹੁਤ ਅੱਛਾ ਕੰਮ ਕੀਤਾ ਹੈ । ਇਸ ਦੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਾਸਤੇ 61 ਲੱਖ ਰੁਪਿਆ ਰਖਿਆ ਹੈ ਕਿਉਂਕਿ ਇਸ ਨੂੰ ਵੀ ਕੰਪਲੀਟ ਕਰਨਾ ਸੀ । ਪਿਛਲੀ ਸਰਕਾਰ ਕੋਈ ਜ਼ਿਆਦਾ ਖਰਚਾ ਨਹੀਂ ਕਰ ਸਕੀ । ਇਨ੍ਹਾਂ ਲੋਕ ਸੇਵਾ ਦੇ ਕੰਮਾਂ ਲਈ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ । ਮਗਰ ਕੁਝ ਗੱਲਾਂ ਹਸਪਤਾਲਾਂ ਵਿੱਚ ਰਹਿੰਦੀਆਂ ਹਨ ਉਥੇ ਛੋਟੀਆਂ ਛੋਟੀਆਂ ਚੀਜ਼ਾਂ ਨਹੀਂ ਮਿਲਦੀਆਂ ਜਿਵੇਂ ਕਿ ਬੈਂਡੇਜ ਜਾਂ ਹੋਰ ਛੋਟੀਆਂ ਮੋਟੀਆਂ ਦਵਾਈਆਂ ਹਨ, ਉਥੇ ਇਨ੍ਹਾਂ ਚੀਜ਼ਾਂ ਦਾ ਕੋਈ ਅੱਛਾ ਇੰਤਜ਼ਾਮ ਨਹੀਂ, ਇਨ੍ਹਾਂ ਚੀਜ਼ਾਂ ਦਾ ਪੱਕਾ ਇੰਤਜ਼ਾਮ ਹੋਣਾ ਚਾਹੀਦਾ ਹੈ । ਜਿਹੜੇ ਗਰੀਬ ਲੋਕ ਉਥੇ ਦਾਖਲ ਹੁੰਦੇ ਹਨ ਉਨ੍ਹਾਂ ਨੂੰ ਇਹ ਦਵਾਈਆਂ ਮਿਲਣੀਆਂ ਚਾਹੀਦੀਆਂ ਹਨ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਨੋਟਿਸ ਵਿੱਚ ਇਹ ਗੱਲ ਵੀ ਲਿਆਉਣੀ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਫਾਰਮਾਸਿਸਟਾਂ ਬਾਰੇ ਸਰਕਾਰ ਨੇ ਐਪਲੀਕੇਸ਼ਨਾਂ ਮੰਗੀਆਂ ਸਨ ਕਿ ਪ੍ਰਾਈਵੇਟ ਕੈਮਿਸਟਾਂ ਦੀਆਂ ਦੁਕਾਨਾਂ ਤੇ ਜਿਹੜੇ ਫਾਰਮਾਸਿਸਟ ਕੰਮ ਕਰਦੇ ਹਨ ਉਹ ਅਨਟਰੇਂਡ ਹਨ ਉਨ੍ਹਾਂ ਨੂੰ ਟਰੇਂਡ ਕੀਤਾ ਜਾਵੇ ਕਿਉਂਕਿ ਪਾਰਲੀਮੈਂਟ ਵਿੱਚ 1981 ਵਿੱਚ ਇਹ ਫੈਸਲਾ ਕੀਤਾ ਗਿਆ ਸੀ ਤੇ ਚਾਰ ਸਾਲ ਦੀ ਐਕਸਟੈਨਸ਼ਨ ਦਿੱਤੀ ਗਈ ਸੀ ਕਿ ਇਨ੍ਹਾਂ ਨੂੰ ਟਰੇਂਡ ਕਰਕੇ ਦੁਕਾਨਾਂ ਤੇ ਬਿਠਾਇਆ ਜਾਵੇ । ਇਸ ਬਾਰੇ ਐਪਲੀਕੇਸ਼ਨਾਂ ਵੀ ਲੈ ਲਈਆਂ ਗਈਆਂ ਸਨ ਮਗਰ ਕੁਝ ਪਲਾਨਿੰਗ ਹੀ ਅਜਿਹੀ ਰਹੀ ਕਿ ਲੋਕ ਉਥੇ ਦਾਖਲ ਨਹੀਂ ਹੋਏ । ਹੁਣ ਜਦੋਂ ਚਾਰ ਸਾਲ ਦਾ ਸਮਾਂ ਪੂਰਾ ਹੋ ਜਾਵੇਗਾ ਤਾਂ ਸਟੇਟ ਗੌਰਮਿੰਟ ਨੂੰ ਬੜੀਆਂ ਮੁਸ਼ਕਲਾਂ ਆਉਣਗੀਆਂ ਜੇ ਸੈਂਟਰਲ ਗੌਰਮਿੰਟ ਨੇ ਕੋਈ ਐਕਸਟੈਨਸ਼ਨ ਨਾ ਦਿੱਤੀ ਫਿਰ ਕੈਮਿਸਟਾਂ ਦੀਆਂ ਦੁਕਾਨਾਂ ਨਹੀਂ ਚੱਲਣਗੀਆਂ । ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਜਲਦੀ ਤੋਂ ਜਲਦੀ ਇਸ ਬਾਰੇ ਕਾਰਵਾਈ ਕਰਨੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇੱਕ ਹੋਰ ਵਧਾਈ ਦੇਂਦਾ ਹਾਂ ਕਿ ਇਸ ਨੇ ਗੁਲੂਕੋਜ਼ ਦੀ ਜਿਹੜੀ ਬੋਤਲ 10/15 ਰੁਪਏ ਦੀ ਮਿਲਦੀ ਸੀ ਉਸ ਬਾਰੇ ਵੀ ਅੰਮ੍ਰਿਤਸਰ ਵਾਸਤੇ ਹੀ ਨਹੀਂ ਜਲੰਧਰ, ਲੁਧਿਆਣਾ, ਪਟਿਆਲਾ ਅਤੇ ਫਰੀਦਕੋਟ ਸ਼ਹਿਰਾਂ ਵਾਸਤੇ ਪਲਾਂਟ ਲਗਾਏ ਹਨ । ਇਹ ਲੋਕਾਂ ਦੀ ਬਹੁਤ ਵੱਡੀ ਸੇਵਾ ਕੀਤੀ ਹੈ ।

ਇਸ ਦੇ ਨਾਲ ਹੀ ਮੈਂ ਐਜੂਕੇਸ਼ਨ ਡਿਪਾਰਟਮੈਂਟ ਬਾਰੇ, ਕਿਉਂਕਿ ਮੈਂ ਖੁਦ ਵੀ ਟੀਚਰ ਹਾਂ, ਕੁਝ ਵਿਚਾਰ ਪ੍ਰਗਟ ਕਰਨਾ ਜ਼ਰੂਰੀ ਸਮਝਦਾ ਹਾਂ । ਚੇਅਰਮੈਨ ਸਾਹਿਬ, ਅਜੂਕੇਸ਼ਨ ਡਿਪਾਰਟਮੈਂਟ ਨੇ ਹੁਣ ਦਿੱਲੀ ਪੈਟਰਨ ਰੱਖਿਆ ਹੈ । ਇਸ ਪੈਟਰਨ ਤੇ ਪ੍ਰਾਇਮਰੀ ਸਕੂਲਾਂ ਅਤੇ ਇਸ ਤਰ੍ਹਾਂ ਹੀ ਹਾਇਰ ਸੈਕਡਰੀ ਸਕੂਲਾਂ ਨੂੰ ਬਹੁਤ ਜ਼ਿਆਦਾ ਰੁਪਿਆ ਦੇਣਾ ਪਿਆ । ਇਸ ਤੋਂ ਪਹਿਲਾਂ ਟੀਚਰਾਂ ਦੀਆਂ ਤਨਖਾਹਾਂ ਬਹੁਤ ਘੱਟ ਸਨ । ਕਿਉਂਕਿ ਟੀਚਰ ਨੇਸ਼ਨ ਬਿਲਡਰ ਹੁੰਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਉਤਨੇ ਕੁ ਪੈਸੇ ਤਾਂ ਜ਼ਰੂਰ ਮਿਲਣੇ ਚਾਹੀਦੇ ਹਨ ਜਿਸ ਨਾਲ ਕਿ ਉਨ੍ਹਾਂ ਦਾ ਗੁਜ਼ਾਰਾ ਹੋ ਸਕੇ । ਇਸ ਲਈ ਉਨ੍ਹਾਂ ਨੂੰ ਪੈਸਾ ਦਿੱਤਾ ਗਿਆ । ਉਨ੍ਹਾਂ ਨੂੰ ਇਸ ਦੇ ਨਾਲ ਹੀ 6 ਕਿਸ਼ਤਾਂ ਵੀ ਸਰਕਾਰ ਨੂੰ ਦੇਣੀਆਂ ਪਈਆਂ ।

(11.16 ਪੂਰਵ ਦੁਪਹਿਰ । (ਇਸ ਵੇਲੇ ਸਰਦਾਰ ਪ੍ਰਿਥੀਪਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਸਰਕਾਰ ਨੂੰ ਪ੍ਰਾਈਵੇਟ ਮੈਨੇਜਡ ਸਕੂਲਾਂ ਦੇ ਟੀਚਰਾਂ, ਖਾਸ ਤੌਰ ਤੇ ਪ੍ਰਾਇਮਰੀ ਟੀਚਰਾਂ ਨੂੰ ਵੀ ਇਹ ਰੁਪਿਆ ਦੇਣਾ ਪਿਆ। ਇਸ ਤੋਂ ਇਲਾਵਾ ਪਿਛਲੇ ਕਈ ਸਾਲਾਂ ਤੋਂ ਬਲਕਿ ਆਰੰਭ ਤੋਂ ਹੀ ਆਜ਼ਦੀ ਤੋਂ ਲੈ ਕੇ ਅੱਜ ਤੱਕ ਟੀਚਰਜ਼ ਨੂੰ ਕੋਈ ਮੈਡੀਕਲ ਏਡ ਨਹੀਂ ਮਿਲਦੀ ਸੀ, ਉਨ੍ਹਾਂ ਦਾ ਪ੍ਰਾਵੀਡੰਟ ਫੰਡ ਬਹੁਤ ਘੱਟ ਕੱਟਿਆ ਜਾਂਦਾ ਸੀ, ਇਸ ਬਾਰੇ ਇਸ ਡਿਪਾਰਟਮੈਂਟ ਨੇ ਰੈਵੋਲਿਊਸ਼ਨਰੀ ਸਟੈਪ ਉਠਾਏ। ਪ੍ਰਾਵੀਡੰਟ ਫੰਡ ਪਹਿਲਾਂ ਬੇਸਿਕ ਸੈਲਰੀ ਦਾ 10% ਕੱਟਿਆ ਜਾਂਦਾ ਸੀ ਹੁਣ, ਚੇਅਰਮੈਨ ਸਾਹਿਬ, ਉਹ ਬੇਸਿਕ ਸੈਲਰੀ ਪਲੱਸ ਏ. ਡੀ. ਏ. ਨੂੰ ਮਿਲਾ ਕੇ ਕੁਲ ਤਨਖਾਹ ਦਾ ਹੋਵੇਗਾ। ਇਸ ਨੂੰ ਸਵੀਕਾਰ ਕਰਕੇ ਸਰਕਾਰ ਨੇ ਕਾਲਜ ਟੀਚਰਾਂ ਲਈ ਇਹ ਬਹੁਤ ਵੱਡੀ ਉਨ੍ਹਾਂ ਦੀ ਸੇਵਾ ਕੀਤੀ ਹੈ। ਇਸ ਦੇ ਨਾਲ ਨਾਲ ਛੇ ਏ. ਡੀ. ਏ. ਦੀਆਂ ਕਿਸ਼ਤਾਂ ਸਰਕਾਰ ਨੂੰ ਦੇਣੀਆਂ ਪਈਆਂ, ਚਾਹੇ ਸਿਕਿਉਰਿਟੀ ਅਮੈਂਡਮੈਂਟ ਐਕਟ ਸ਼ਾਇਦ ਮੈਨੇਜਮੈਂਟ ਪਸੰਦ ਨਾ ਕਰਦੀ ਹੋਵੇ ਮਗਰ ਟੀਚਰਜ਼ ਦੇ ਇੰਟਰੈਸਟ ਨੂੰ ਸਾਹਮਣੇ ਰੱਖ ਕੇ ਇਹ ਫੈਸਲਾ ਹੋਇਆ ਔਰ ਇਹ ਸਿਕਿਉਰਿਟੀ ਅਮੈਂਡਮੈਂਟ ਐਕਟ ਟੀਚਰਾਂ ਦੇ ਹੱਕ ਵਿੱਚ ਜਾਏਗਾ।

ਮੈਂ ਕੁਝ ਟੈਕਨੀਕਲ ਐਜੂਕੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ। ਡੀਮਾਂਡ ਨੰ: 17 ਵਿਚ 1,64,24 000 ਰੁਪਿਆ ਰਖਿਆ ਗਿਆ ਹੈ। ਤੁਹਾਡੇ ਨੋਟਿਸ ਵਿੱਚ ਹੋਵੇਗਾ ਕਿ ਛੋਟੇ ਛੋਟੇ ਦੇਸ਼ ਜਿਵੇਂ ਸਵਿਟਜ਼ਰਲੈਂਡ, ਡੈਨਮਾਰਕ ਉਥੇ ਲੋਹੇ ਦੇ ਛੋਟੇ ਛੋਟੇ ਪੀਸਿਜ਼ ਦੀ ਠੀਕ ਢੰਗ ਨਾਲ ਵਰਤੋਂ ਕਰਕੇ ਘੜੀਆਂ ਬਣਾਈਆਂ ਜਾਂਦੀਆਂ ਹਨ। ਬੇਸ਼ੱਕ ਸਾਡੇ ਦੇਸ਼ ਵਿੱਚ ਵੀ ਇਹ ਹੈ ਮਗਰ ਟੈਕਨੀਕਲ ਐਜੂਕੇਸ਼ਨ ਜਿਹੜੀ ਸਾਡੀ ਹੈ ਉਸ ਵਿਚ ਵੀ ਕੁਝ ਡੀਵੈਲਪਮੈਂਟ ਹੋਣੀ ਚਾਹੀਦੀ ਹੈ ਤਾਂ ਕਿ ਜਿਹੜੇ ਬੱਚੇ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਇਧਰ ਉਧਰ ਭਜਦੇ ਹਨ ਉਹ ਤਕਨੀਕੀ ਸਿੱਖਿਆ ਹਾਸਲ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ। ਇਸ ਵੇਲੇ ਤਾਂ ਉਹ ਸਿਰਫ ਕਲੈਰੀਕਲ ਜੋਬ ਲੈਣ ਵਾਸਤੇ ਉਪਰਾਲੇ ਕਰਦੇ ਹਨ। ਚੇਅਰਮੈਨ ਸਾਹਿਬ, ਇਨ੍ਹਾਂ ਲਫਜ਼ਾਂ ਨਾਲ ਮੈਂ ਅਜਨਾਲਾ ਸਾਹਿਬ ਨੂੰ ਵਧਾਈ ਦੇਂਦਾ ਹਾਂ ਅਤੇ ਤੁਹਾਡਾ ਸ਼ੁਕਰੀਆ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਆਪਣੇ ਵਿਚਾਰ ਪਰਗਟ ਕਰਨ ਦਾ ਮੌਕਾ ਦਿੱਤਾ ਹੈ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉਤਰੀ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਬਜਟ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਬਹੁਤ ਸਾਰੀਆਂ ਡੀਮਾਂਡਾਂ ਦੇ ਉਪਰ ਮੈਂਬਰ ਸਾਹਿਬਾਨ ਨੂੰ ਔਰ ਸਰਕਾਰ ਨੂੰ ਵਧਾਈ ਦਿੰਦਾ ਹਾਂ। ਲੇਕਿਨ ਇੱਕ ਦੋ ਡੀਮਾਂਡਾਂ ਦੇ ਬਾਰੇ ਜਰੂਰ ਕਹਿਣਾ ਚਾਹੁੰਦਾ ਹਾਂ। ਡੀਮਾਂਡ ਨੰ: 19 ਅਰਬਨ ਡੀਵੈਲਪਮੈਂਟ ਬਾਰੇ ਮੈਂ ਕਹਿੰਦਾ ਹਾਂ ਕਿ ਮਿਊਂਸਪਲ ਕਾਰਪੋਰੇਸ਼ਨ, ਜਲੰਧਰ; ਮਿਊਂਸਪਲ ਕਾਰਪੋਰੇਸ਼ਨ, ਲੁਧਿਆਣਾ ਅਤੇ ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਇਨ੍ਹਾਂ ਤਿੰਨਾਂ ਕਾਰਪੋਰੇਸ਼ਨਾਂ ਨੇ ਪਿਛਲੇ ਦੋ ਸਾਲਾਂ ਤੋਂ ਬਹੁਤ ਜ਼ਿਆਦਾ ਅਸਿਸਟੈਂਸ ਦਿੱਤੀ ਗਈ ਹੈ। ਉਸਦੇ ਵਿਚ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਨੂੰ 72 ਲੱਖ ਰੁਪਏ ਦਾ ਘਾਟਾ ਪਿਆ, ਜਲੰਧਰ ਮਿਊਂਸਪਲ ਕਾਰਪੋਰੇਸ਼ਨ ਨੂੰ 56 ਲੱਖ ਰੁਪਏ ਦਾ ਔਰ ਲੁਧਿਆਣਾ ਮਿਊਂਸਪਲ ਕਾਰਪੋਰੇਸ਼ਨ ਨੂੰ 68 ਲੱਖ ਰੁਪਏ ਦਾ ਘਾਟਾ ਪਿਆ। ਹੁਣ ਤੁਸੀਂ ਹਿਸਾਬ ਲਾ ਲਓ ਕਿ ਇਹ ਕਾਰਪੋਰੇਸ਼ਨਾਂ ਇਤਨੇ ਘਾਟਿਆਂ ਦੇ ਬਾਵਜੂਦ ਸ਼ਹਿਰਾਂ ਦੀ ਡੀਵੈਲਪਮੈਂਟ ਕੀ ਕਰ ਸਕਦੀਆਂ ਹਨ। ਤੁਸੀਂ ਸਿਰਫ ਇਕ ਕਰੋੜ ਰੁਪਿਆ ਰੱਖਿਆ ਹੈ ਡੀਵੈਲਪਮੈਂਟ ਵਾਸਤੇ। ਡਾਕਟਰ ਸਾਹਿਬ ਨੇ ਹਮੇਸ਼ਾਂ ਸ਼ਹਿਰਾਂ ਦੇ ਸੁਧਾਰ ਲਈ ਕੰਮ ਕੀਤੇ ਹਨ ਇਸ ਵਿਚ ਕੋਈ ਭੁਲੇਖਾ ਨਹੀਂ ਲੇਕਿਨ ਜਿਹੜੇ ਸ਼ਹਿਰੀਆਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਤੇ ਟੈਕਸ ਲਾਏ ਹਨ ਸ਼ਹਿਰੀਏ ਇਸ ਗੱਲ ਤੋਂ ਬੜੇ ਨਰਾਜ਼ ਹਨ। ਸ਼ਹਿਰਾਂ ਵਿੱਚ ਹਾਊਸ ਟੈਕਸ ਲੱਗਿਆ ਹੋਇਆ ਹੈ, ਫਾਇਰ ਟੈਕਸ ਲੱਗਿਆ ਹੋਇਆ ਹੈ।

ਇਸ ਤਰ੍ਹਾਂ ਦੇ 8 ਟੈਕਸ ਸ਼ਹਿਰਾਂ ਤੇ ਲਗੇ ਹੋਏ ਹਨ, ਪਰ ਸ਼ਹਿਰਾਂ ਵਾਲੇ ਫਿਰ ਵੀ ਕਾਂਗਰਸ ਦੇ ਹੀ ਗੁਣ ਗਾਂਉਂਦੇ ਹਨ। ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਜਿਹੜਾ ਇਕ ਕਰੋੜ ਰੁਪਿਆ ਰਖਿਆ ਹੈ ਇਹ ਬਹੁਤ ਘੱਟ ਹੈ। ਮੈਂ ਕਪੂਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਨੋਟ ਕਰਨ। ਇਹ ਬੜੇ ਅੱਛੇ ਮਨਿਸਟਰ ਹਨ ਜਦੋਂ ਵੀ ਸਦੋ ਇਹ ਤਸ਼ਰੀਫ ਲੈ ਆਉਂਦੇ ਹਨ। ਮੈਂ ਕਹਿੰਦਾ ਹਾਂ ਕਿ ਅਗਰ ਪੈਸਾ ਨਹੀਂ ਹੋਵੇਗਾ ਤਾਂ ਸ਼ਹਿਰਾਂ ਦੀ ਡਿਵੈਲਪਮੈਂਟ ਕਿਸ ਤਰ੍ਹਾਂ ਹੋਵੇਗੀ। ਅੰਮ੍ਰਿਤਸਰ ਵਿਚ 46 ਕਲੀਨਿਕਸ ਹਨ, ਜਲੰਧਰ ਵਿਚ 26 ਹਨ ਅਤੇ ਲੁਧਿਆਣਾ ਵਿਚ 38 ਕਲੀਨਿਕਸ ਹਨ, ਇਨ੍ਹਾਂ ਦੀ ਇੰਪਰੂਵਮੈਂਟ ਕਿਸ ਤਰ੍ਹਾਂ ਹੋ ਸਕਦੀ ਹੈ ਜੇ ਕਰ ਪੈਸਾ ਨਹੀਂ ਹੋਵੇਗਾ।

ਦੂਸਰੇ ਸਾਡੇ ਸ਼ਹਿਰਾਂ ਵਿਚ ਬਹੁਤ ਸੜਕਾਂ ਹਨ, ਪਰ ਉਨ੍ਹਾਂ ਦੇ ਲਈ ਪੈਸੇ ਦੀ ਬੜੀ ਕਮੀ ਹੈ। ਪਿੰਡਾਂ ਵਿਚ ਤਾਂ ਪੀ. ਡਬਲਿਊ. ਡੀ. ਵਾਲੇ ਬਣਾਉਂਦੇ ਹਨ, ਪੰਚਾਇਤਾਂ ਦੇ ਫੰਡਜ਼ ਹਨ ਅਤੇ ਪਿੰਡਾਂ ਵਾਲਿਆਂ ਕੋਲ ਹੋਰ ਵੀ ਸੋਰਸਿਜ਼ ਹਨ ਜਿਨ੍ਹਾਂ ਨਾਲ ਉਨ੍ਹਾਂ ਦੀ ਡਿਵੈਲਪਮੈਂਟ ਹੁੰਦੀ ਰਹਿੰਦੀ ਹੈ। ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਰੰਧਾਵਾ ਸਾਹਿਬ ਨੂੰ ਡਿਵੈਲਪਮੈਂਟ ਮਨਿਸਟਰ ਬਣਾਇਆ ਹੈ। ਜਿਨ੍ਹਾਂ ਨੇ ਪਿੰਡਾਂ ਦੀ ਜੂਨ ਹੀ ਸੰਵਾਰ ਦਿਤੀ ਹੈ। ਪਰ ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸ਼ਹਿਰਾਂ ਵਾਸਤੇ ਇਹ ਜਿਹੜਾ 1 ਕਰੋੜ ਰੁਪਿਆ ਰਖਿਆ ਹੈ ਇਹ ਬਹੁਤ ਥੋੜ੍ਹਾ ਹੈ ਇਹ ਕਮ-ਅਜ਼-ਕਮ 10 ਕਰੋੜ ਰੁਪਿਆ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਇਕ ਹੋਰ ਬੜਾ ਅੱਛਾ ਕੰਮ ਕੀਤਾ ਹੈ। ਜਿਹੜਾ ਸੀਵਰੇਜ ਬੋਰਡ ਦਾ ਟੈਕਸ ਸੀ ਉਹ ਜਿਹੜੇ ਪੀਲੇ ਕਾਰਡਾਂ ਵਾਲੇ ਲੋਕ ਹਨ ਉਨ੍ਹਾਂ ਨੂੰ ਮਾਫ ਕਰ ਦਿਤਾ ਹੈ। ਇਹ ਬੜੀ ਅੱਛੀ ਗਲ ਕੀਤੀ ਹੈ। ਅਸੀਂ ਇਸ ਸਾਲ ਇਸ ਸਿਲਸਿਲੇ ਵਿਚ ਕੋਈ ਇਕ ਕਰੋੜ ਕੁਝ ਲੱਖ ਰੁਪਿਆ ਵਾਪਸ ਕਰਨਾ ਹੈ। ਸੀਵਰੇਜ ਬੋਰਡ ਦੇ ਚੇਅਰਮੈਨ ਸਾਹਿਬ ਸਾਡੇ ਉਥੇ ਆਏ ਸੀ। ਉਨ੍ਹਾਂ ਨੇ ਇਕ ਮੀਟਿੰਗ ਬੁਲਾਈ ਸੀ ਜਿਸ ਵਿਚ ਐਮ. ਐਲ.ਏ, ਸਾਹਿਬਾਨ ਵੀ ਗਏ ਸਨ ਅਤੇ ਕਮੇਟੀ ਦੇ ਨੁਮਾਇੰਦੇ ਵੀ ਬੁਲਾਏ ਸਨ। ਪਿਛਲੇ ਸਾਲ ਦਾ ਸੀਵਰੇਜ ਬੋਰਡ ਦਾ 60 ਲੱਖ ਰੁਪਿਆ ਬਕਾਇਆ ਸੀ ਕਿਉਂਕਿ ਪੈਸੇ ਨਾ ਹੋਣ ਦੀ ਵਜਾ ਕਰਕੇ ਨਹੀਂ ਦੇ ਸਕੇ। ਮੈਂ ਅਰਜ਼ ਕਰਾਂਗਾ ਕਿ ਜਿਹੜੇ ਲੋਕ ਦਸ ਦਸ ਟੂਟੀਆਂ ਲਾਈ ਬੈਠੇ ਹਨ ਅਤੇ ਦੋ ਦੋ ਤਿੰਨ ਤਿੰਨ ਸੀਵਰੇਜ ਕੁਨੈਕਸ਼ਨ ਲਈ ਬੈਠੇ ਹਨ ਉਨ੍ਹਾਂ ਦੇ ਜ਼ਰੂਰ ਮੀਟਰ ਲਗਾਉਣੇ ਚਾਹੀਦੇ ਹਨ ਤਾਂ ਕਿ ਟੈਕਸ ਪੂਰਾ ਮਿਲ ਸਕੇ।

ਇਕ ਗਲ ਮੈਂ ਸੜਕਾਂ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਕੁਝ ਸੜਕਾਂ ਐਸੀਆਂ ਹਨ ਜਿਨ੍ਹਾਂ ਦਾ ਕੁਝ ਹਿੱਸਾ ਤਾਂ ਲੋਕਲ ਬਾਡੀਜ਼ ਵਿਚ ਆਉਂਦਾ ਹੈ ਅਤੇ ਕੁਝ ਹਿੱਸਾ ਪੀ. ਡਬਲਿਊ.ਡੀ.ਵਿਚ ਆਉਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਡਾਇਰੈਕਟਰ, ਲੋਕਲ ਬਾਡੀਜ਼ ਨੂੰ ਕਹੇ ਕਿ ਸ਼ਹਿਰਾਂ ਵਿਚ ਜਿਹੜੇ ਸੜਕਾਂ ਦੇ ਹਿੱਸੇ ਪੀ. ਡਬਲਿਊ. ਡੀ. ਕੋਲ ਹਨ ਉਹ

Original with;
Punjab Vidhan Sabha
Digitized by;
Panjab Digital Library

ਆਪਣੀ ਲਿਮਿਟ ਵਿਚ ਲਵੇ ਅਤੇ ਉਨ੍ਹਾਂ ਦੀ ਇੰਪਰੂਵਮੈਂਟ ਕਰੇ । ਅਗੇ ਇਸ ਤਰ੍ਹਾਂ ਦਾ ਕੇਸ ਚਲਿਆ ਸੀ ਅਤੇ ਕਿਹਾ ਗਿਆ ਸੀ ਕਿ ਛੇ ਮਹੀਨਿਆਂ ਦੇ ਅੰਦਰ ਅੰਦਰ ਕਲੀਅਰੈਂਸ ਮਿਲ ਜਾਏਗੀ ਪਰ ਹਾਲੇ ਤਕ ਕੁਝ ਨਹੀਂ ਹੋਇਆ । ਮੈਂ ਇਸ ਲਈ ਅਰਜ਼ ਕਰਦਾ ਹਾਂ ਕਿ ਜਿਹੜੀਆਂ ਸੜਕਾਂ ਸ਼ਹਿਰਾਂ ਦੀਆਂ ਪੀ. ਡਬਲਿਊ.ਡੀ. ਦੇ ਅੰਦਰ ਹਨ ਉਹ ਲੋਕਲ ਬਾਡੀਜ਼ ਨੂੰ ਟਰਾਂਸਫ਼ਰ ਕਰ ਦੇਣੀਆਂ ਚਾਹੀਦੀਆਂ ਹਨ । ਇਸ ਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ 120 ਫੁਟ ਚੌੜੀ ਸੜਕ ਸਾਡੇ ਇਲਾਕੇ ਵਿਚ ਬਣ ਰਹੀਂ ਹੈ । ਉਥੇ ਦੇ ਲੋਕਾਂ ਦੇ ਬਹੁਤ ਸਾਰੇ ਮਕਾਨ ਗਿਰ ਰਹੇ ਹਨ । ਮੈਂ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਮੌਕਾ ਜਾ ਕੇ ਵੇਖਣ ਅਤੇ ਕੋਈ ਫੈਸਲਾ ਕਰਨ । ਸੀਵਰੇਜ ਬੋਰਡ ਦੇ ਚੇਅਰਮੈਨ ਉਥੇ ਜਾ ਚੁਕੇ ਹਨ ਦੋ ਫ਼ੈਸਲੇ ਹੋਚੁਕੇ ਹਨ ਅਗਰ ਕੋਈ ਫ਼ੈਸਲਾ ਰਹਿੰਦਾ ਹੈ ਤਾਂ ਉਹ ਗੌਰਮਿੰਟ ਦੇ ਲੈਵਲ ਤੇ ਕਰਨ ਅਤੇ ਜਿਹੜੇ ਕੋਈ ਨੁਕਸ ਹਨ ਉਹ ਦੂਰ ਹੋ ਸਕਣ ਔਰ 120 ਫੁਟ ਚੌੜੀ ਸੜਕ ਦੀ ਸਕੀਮ ਲਾਗੂ ਹੋ ਸਕੇ । ਮਨਿਸਟਰ ਸਾਹਿਬ ਕੋਈ ਮੀਟਿੰਗ ਬੁਲਾ ਲੈਣ ਅਤੇ ਸੈਕਟਰੀ ਲੋਕਲ ਬਾਡੀਜ਼ ਨੂੰ ਵੀ ਬੁਲਾ ਲੈਣ ਜੋ ਕੁਝ ਹੋ ਸਕਦਾ ਹੈ ਉਸ ਦਾ ਫੈਸਲਾ ਕਰ ਦੇਣ ।

ਹੁਣ ਇਕ ਅਰਜ਼ ਮੈਂ ਇੰਡਸਟਰੀ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ । ਪੰਜਾਬ ਵਿਚ ਬਿਜਲੀ ਦੇ ਕਾਰਨ ਇੰਡਸਟਰੀ ਦੀ ਹਾਲਤ ਬਹੁਤ ਮੰਦੀ ਹੈ । ਸਾਡੇ ਸ਼ਹਿਰਾਂ ਵਿਚ 8, 9 ਘੰਟੇ ਬਿਜਲੀ ਮਿਲਦੀ ਹੈ । ਇਹ ਠੀਕ ਹੈ ਕਿ ਪਿੰਡਾਂ ਨੂੰ 14 ਘੰਟੇ ਬਿਜਲੀ ਸਪਲਾਈ ਕੀਤੀ ਜਾਂਦੀ ਹੈ । ਉਥੇ ਬੇਸ਼ੱਕ 18 ਘੰਟੇ ਕਰ ਦੇਣ ਸਾਨੂੰ ਕੋਈ ਇਤਰਾਜ਼ ਨਹੀਂ । ਪਰ ਮੇਰੀ ਅਰਜ਼ ਹੈ ਕਿ ਸ਼ਹਿਰਾਂ ਵਿਚ ਜਿਹੜੀ ਬਿਜਲੀ ਦੇਣੀ ਹੈ ਉਸ ਦੇ ਲਈ ਟਾਈਮ ਮੁਕਰਰ ਕਰ ਦੇਣਾ ਚਾਹੀਦਾ ਹੈ । ਕਿਉਂਕਿ ਲੋਹਾ ਗਾਲਣ ਲਈ ਜਦੋਂ ਮਾਲ ਭੱਠੀ ਵਿਚ ਪਾਉਂਦੇ ਹਨ ਤਾਂ ਥੋੜ੍ਹੇ ਚਿਰ ਮਗਰੋਂ ਬਿਜਲੀ ਚਲੀ ਜਾਂਦੀ ਹੈ ਅਤੇ ਜਿੰਨਾ ਮਾਲ ਭੱਠੀ ਵਿਚ ਪਿਆ ਹੁੰਦਾ ਹੈ ਉਹ ਖਰਾਬ ਹੋ ਜਾਂਦਾ ਹੈ । ਚੇਅਰਮੈਨ ਸਾਹਿਬ, ਤੁਸੀਂ ਤਾਂ ਆਪ ਹੀ ਇੰਡਸਟਰੀਅਲਿਸਟ ਹੋ, ਤੁਹਾਨੂੰ ਪਤਾ ਹੈ ਕਿ ਕਿੰਨਾ ਨੁਕਸਾਨ ਹੋ ਜਾਂਦਾ ਹੈ । ਮੈਂ ਆਪਣੇ ਜਲੰਧਰ ਦੀ ਗਲ ਕਰਦਾ ਹਾਂ । ਸਾਡੇ ਜਲੰਧਰ ਨੇ ਪਿਛਲੇ ਸਾਲ 43 ਕਰੋੜ ਰੁਪਏ ਦਾ ਮਾਲ ਐਕਸਪੋਰਟ ਕੀਤਾ ਸੀ, ਪਰ ਮੈਨੂੰ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਪਿਛਲੇ ਡੇਢ ਸਾਲਾਂ ਵਿਚ ਬਿਜਲੀ ਦੇ ਕਾਰਨ ਸਾਡੀ ਇੰਡਸਟਰੀ ਬਿਲਕੁਲ ਖ਼ਤਮ ਹੋ ਚੁੱਕੀ ਹੈ । ਇਸ ਵਿਚ ਕਿਸੇ ਅਫ਼ਸਰ ਦਾ ਕਸੂਰ ਨਹੀਂ, ਸਾਰੇ ਅਫ਼ਸਰ ਧਿਆਨ ਨਾਲ ਦਲਦੇ ਹਨ ।

ਹੁਣ ਮੈਂ ਰਬੜ ਇੰਡਸਟਰੀ ਦੇ ਬਾਰੇ ਗਲ ਕਰਨੀ ਚਾਹੁਦਾ ਹਾਂ । ਸਾਡੇ ਸ਼ਹਿਰ ਵਿਚ ਰਬੜ ਇੰਡਸਟਰੀ ਦਿੱਲੀ ਤੋਂ ਵੱਧ ਕੰਮ ਕਰ ਰਹੀ ਸੀ । ਲੇਕਿਨ ਪਿਛਲੇ ਦੋ ਸਾਲਾਂ ਵਿਚ ਰਬੜ ਇੰਡਸਟਰੀ ਨੂੰ ਇੰਨਾ ਧੱਕਾ ਲੱਗਾ ਹੈ ਕਿ ਉਹ ਸਾਰੇ ਉਠ ਕੇ ਦਿੱਲੀ ਔਰ ਫਰੀਦਾਬਾਦ ਚਲੇ ਗਏ । ਇਕ ਛੋਟੇ ਜਿਹੇ ਅਫ਼ਸਰ ਦੀ ਗਲਤੀ ਨਾਲ ਇਹ ਹੋਇਆ ਹੈ । ਪਹਿਲਾਂ ਇਹ ਹੁੰਦਾ ਸੀ ਕਿ ਸੇਲ ਦੇ ਹਿਸਾਬ ਨਾਲ ਕੋਲਾ ਅਲਾਟ ਕੀਤਾ ਜਾਂਦਾ ਸੀ । ਇਸ ਅਫ਼ਸਰ ਨੇ ਡੇਢ ਸਾਲਾਂ ਤੋਂ ਐਸਾ ਭੰਬਲ ਭੂਸੇ ਵਿਚ ਪਾਇਆ ਹੈ ਕਿ 5% ਕੋਲਾ ਵੀ ਨਹੀਂ ਮਿਲਿਆ । ਹੁਣ ਇਕ ਨਵੀਂ ਗਲ ਸ਼ੁਰੂ ਕਰ ਦਿਤੀ ਹੈ ਜਿਹੜੀ ਕਿ ਬੰਦ ਹੋਣੀ ਚਾਹੀਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਿਸ ਦੇ ਬਾਰੇ ਫੈਸਲਾ ਕਰਨਾ ਹੁੰਦਾ ਹੈ ਉਸ ਨੂੰ ਸੁਣਿਆ ਤਕ ਨਹੀਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਜਾਂਦਾ । ਆਪ ਬੈਠ ਕੇ ਜੋ ਮਰਜ਼ੀ ਆਏ ਫੈਸਲਾ ਕਰ ਲੈਂਦੇ ਹਨ । ਮੈਂ ਕਹਿੰਦਾ ਹਾਂ ਕਿ ਜਿਸ ਦੇ ਬਾਰੇ ਵਿਚ ਤੁਸੀਂ ਫੈਸਲਾ ਕਰਨਾ ਹੈ ਉਸ ਨੂੰ ਵਿਚ ਬਿਠਾਓ ਉਸ ਨੂੰ ਸੁਣੋ ਔਰ ਅਗਰ ਉਸ ਦੀ ਗਲ ਠੀਕ ਹੈ ਤਾਂ ਪੂਰੀ ਕਰੋ । ਮੇਰੀ ਜ਼ਾਤੀ ਰਾਏ ਹੈ ਕਿ ਜਿਸ ਤਰ੍ਹਾਂ 1972 ਤੋਂ ਤੁਰਿਆ ਆ ਰਿਹਾ ਸੀ ਕਿ ਸੇਲਜ਼ ਦੇ ਬੇਸ ਤੋਂ ਕੋਲਾ ਦਿਤਾ ਜਾਏ ਹੁਣ ਵੀ ਉਹੀ ਹੋਣਾ ਚਾਹੀਦਾ ਹੈ। ਜਿਸ ਨੇ ਤਰੱਕੀ ਕਰਨੀ ਹੈ ਉਹ ਹੋਰ ਤਰੱਕੀ ਕਰੇਗਾ, ਜਿਸ ਨੇ ਕੰਮ ਨਹੀਂ ਕਰਨਾ ਉਹ ਆਪ ਹੀ ਬੈਠ ਜਾਏਗਾ । ਹੁਣ ਕੀ ਪੁਜ਼ੀਸ਼ਨ ਹੈ ਕਿ ਜਿਸ ਦੀ 16 ਕਰੋੜ ਰੁਪਏ ਦੀ ਸੇਲ ਹੈ ਉਸ ਨੂੰ ਵੀ 10 ਗਡੀਆਂ, ਜਿਸ ਦੀ 10 ਕਰੋੜ ਰੁਪਏ ਦੀ ਸੇਲ ਹੈ ਉਸ ਨੂੰ ਵੀ 10 ਗਡੀਆਂ ਅਤੇ ਜਿਸ ਦੀ 5 ਲੱਖ ਰੁਪਏ ਦੀ ਸੇਲ ਹੈ ਉਸ ਨੂੰ ਵੀ 10 ਗਡੀਆਂ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਸ ਤਰ੍ਹਾਂ ਹੋਇਆ । ਇੰਝ ਲਗਦਾ ਹੈ ਕਿ ਕਿਸੇ ਛੋਟੇ ਅਫਸਰ ਨੇ ਮਿਲਾ ਮਿਲਾ ਕੇ ਇਹ ਸਭ ਕੁਝ ਕਰਾ ਦਿਤਾ । ਇਸ ਨਾਲ ਸਾਰੀ ਇੰਡਸਟਰੀ ਤਬਾਹ ਹੋ ਗਈ ਹੈ । ਮੇਰੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇੰਡਸਟਰੀ ਨੂੰ ਬਚਾਓ । ਅਫਸਰਾਂ ਦੀ ਮੀਟਿੰਗ ਬੁਲਾ ਕੇ ਅਤੇ ਉਸ ਵਿਚ ਇੰਡਸਟਰੀ ਵਾਲਿਆਂ ਦੇ ਨੁਮਾਇੰਦੇ ਬੁਲਾ ਕੇ ਇਸ ਪਾਸੇ ਵਲ ਖਾਸ ਧਿਆਨ ਦੇ ਕੇ ਪੰਜਾਬ ਦੀ ਇੰਡਸਟਰੀ ਬਚਾਈ ਜਾ ਸਕਦੀ ਹੈ । ਇਹ ਪੰਜਾਬ ਦੀ ਰੀੜ੍ਹ ਦੀ ਹਡੀ ਹੈ । ਮੈਂ, ਚੇਅਰਮੈਨ ਸਾਹਿਬ, ਤੁਹਾਡਾ ਹੋਰ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹੋਇਆ; ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜਾ ਸ਼ਹਿਰਾਂ ਦੀ ਡਿਵੈਲਪਮੈਂਟ ਲਈ ਪੈਸਾ ਰਖਿਆ ਹੈ, ਇਹ ਥੋੜ੍ਹਾ ਹੈ, ਇਸ ਨੂੰ 10 ਕਰੋੜ ਕੀਤਾ ਜਾਏ ।

**ਡਾਕਟਰ ਭਗਤ ਸਿੰਘ** (ਪੱਕਾ ਕਲਾਂ, ਐਸ.ਸੀ.) : ਚੇਅਰਮੈਨ ਸਾਹਿਬ, ਇਹ ਜਿਹੜੀ ਸਪਲੀਮੈਂਟਰੀ ਡਿਮਾਂਡਜ਼ ਦਾ ਬਜਟ ਪੇਸ਼ ਕੀਤਾ ਹੈ ਡਾਕਟਰ ਕੇਵਲ ਕ੍ਰਿਸ਼ਨ ਨੇ, ਮੈਂ ਉਸ ਦੇ ਮੁਤੱਲਕ ਅਰਜ਼ ਕਰਾਂਗਾ । ਇਨ੍ਹਾਂ ਚੀਜ਼ਾਂ ਵਾਸਤੇ ਪਹਿਲਾਂ ਸਮਾਂ ਕਾਫੀ ਹੁੰਦਾ ਸੀ ਅਤੇ ਹਰ ਇਕ ਡਿਮਾਂਡ ਬਾਰੇ ਨੋਟਿਸ ਦਿਤਾ ਜਾ ਸਕਦਾ ਸੀ । ਹੁਣ ਹਾਊਸ ਵਿਚ ਆਪੋਜ਼ੀਸ਼ਨ ਨਹੀਂ। ਇਨ੍ਹਾਂ ਦੀ ਆਪਣੀ ਪਾਰਟੀ ਵਿਚ ਵੀ ਕਾਫੀ ਵਿਤਕਰਾ ਹੈ, ਇਸ ਲਈ ਇਹ ਇਸ ਅਜਲਾਸ ਨੂੰ ਹਸ਼ ਅਪ ਕਰਨ ਵਿਚ ਲਗੇ ਹੋਏ ਹਨ, ਇਥੋਂ ਤਕ ਕਿ ਆਪੋਜ਼ੀਸ਼ਨ ਲੈਜਿਸਲੇਟਰਾਂ ਨੂੰ ਫੜ ਕੇ 107/151 ਸੀ. ਆਰ. ਪੀ. ਸੀ. ਵਿਚ ਗ੍ਰਿਫਤਾਰ ਕਰ ਦਿਤਾ । ਇਕ ਜਨਰਲ ਅਮਨਿਸਟੀ ਸ਼ੋ ਕਰਨ ਵਾਸਤੇ ਚੀਫ ਮਨਿਸਟਰ ਸਾਹਿਬ ਨੂੰ ਚਾਹੀਦਾ ਸੀ ਕਿ ਉਹ ਐਲਾਨ ਕਰਦੇ ਕਿ ਜਿਹੜੇ ਲੈਜਿਸਲੇਟਰਜ਼, ਜਿਹੜੇ ਕਿ ਲੋਕਾਂ ਦੇ ਨੁਮਾਇੰਦੇ ਹਨ, ਉਨ੍ਹਾਂ ਤੇ ਕੋਈ ਪਾਬੰਦੀ ਨਹੀਂ ਹੈ, ਉਹ ਆਕੇ ਅਜਲਾਸ ਅਟੈਂਡ ਕਰਨ । ਪਰ ਇਨ੍ਹਾਂ ਨੇ ਜਾਣ ਬੁਝ ਕੇ ਇਹ ਗਲ ਕਰ ਦਿਤੀ ਕਿ ਜਿਹੜੇ ਸੈਸ਼ਨ ਅਟੈਂਡ ਕਰਨਾ ਚਾਹੁੰਦੇ ਹਨ ਉਹ ਜ਼ਮਾਨਤਾਂ ਕਰਾਉਣ । ਇਹ ਐਮ.ਐਲ.ਏਜ਼ ਜਿਸ ਕਾਨੂੰਨ ਥੱਲੇ ਫੜੇ ਗਏ ਹਨ, ਉਹ ਹੈ 107/151 ਸੀ. ਆਰ. ਪੀ. ਸੀ. । ਮੈਂ ਕਹਿੰਦਾ ਹਾਂ ਕਿ ਅੰਗਰੇਜ਼ਾਂ ਨੇ 100 ਸਾਲ ਇਥੇ ਰਾਜ ਕੀਤਾ ਪਰ ਇਕ ਵਾਰੀ ਵੀ ਉਨ੍ਹਾਂ ਨੇ ਲੈਜਿਸਲੇਟਰਜ਼ ਤੇ ਧਾਰਾ 107/151 ਨਹੀਂ ਲਾਈ । ਧੰਨ ਭਾਗ ਹਨ ਕਿ ਕਾਂਗਰਸ ਰਾਜ ਵਿਚ ਪੰਜਾਬ ਵਿਚ ਇਹ ਚੀਜ਼ ਹੋਈ ਹੈ । ਪਬਲਿਕ ਨੁਮਾਇੰਦਿਆਂ ਨੂੰ ਫੜਿਆ ਗਿਆ । ਇਹ ਸ਼ੁਰੂ ਕਿਥੋਂ ਹੋਇਆ ਸੀ, ਕੀ ਤੁਹਾਨੂੰ ਪਤਾ ਹੈ ? ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਕਾਂਗਰਸ ਸਰਕਾਰ ਵੇਲੇ ਇਹ ਸ਼ੁਰੂ ਹੋਇਆ । ਮੈਂ ਇਹ ਅਰਜ਼ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਇਹੋ ਜਿਹੇ ਐਡਮਨਿਸਟ੍ਰੇਟਿਵ ਲਾਜ਼ ਲੋਕਾਂ ਦੇ ਨੁਮਾਇੰਦਿਆਂ ਤੇ ਲਾਗੂ ਨਹੀਂ ਕਰਨੇ ਚਾਹੀਦੇ। ਇਹ ਇਕ ਸ਼ੇਮਫੁੱਲ ਐਕਟ ਹੈ। ਇਹ ਲਾਗੂ ਨਹੀਂ ਕਰਨਾ ਚਾਹੀਦਾ।

**ਸ੍ਰੀ ਰਾਮ ਸਵਰੂਪ ਬਾਗੀ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਡਾਕਟਰ ਭਗਤ ਸਿੰਘ :** ਮੈਂ ਇਸ ਚੀਜ਼ ਵੱਲ ਨਹੀਂ ਆਉਣਾ ਚਾਹੁੰਦਾ ਕਿ 'ਏ' ਨੇ ਲਾਇਆ ਜਾਂ 'ਬੀ' ਨੇ ਲਾਇਆ। ਇਹ ਐਡਮਨਿਸਟ੍ਰੇਟਿਵ ਐਕਟ ਹੈ। ਇਹ ਇਕ ਸ਼ੇਮਫੁੱਲ ਐਕਟ ਹੈ। ਇਹ ਲੈਜਿਸਲੇਟਰਜ਼ ਅਤੇ ਪਬਲਿਕਮੈਨ ਤੇ ਨਹੀਂ ਲਾਉਣਾ ਚਾਹੀਦਾ। ਭਾਵੇਂ ਕੋਈ ਵੀ ਗੌਰਮਿੰਟ ਇਸਨੂੰ ਲਾਵੇ, ਮੈਨੂੰ ਇਸ ਤੇ ਇਤਰਾਜ਼ ਹੈ।

**ਵਿੱਤ ਮੰਤਰੀ :** ਚੇਅਰਮੈਨ ਸਾਹਿਬ, ਸ਼ੇਮਫੁੱਲ ਲਫਜ਼ ਅਨਪਾਰਲੀਮੈਂਟਰੀ ਹੈ। ਇਹ ਐਕਸਪੰਜ ਕੀਤਾ ਜਾਵੇ।

**ਡਾਕਟਰ ਭਗਤ ਸਿੰਘ :** ਚੇਅਰਮੈਨ ਸਾਹਿਬ, ਕਿਹੜੀ ਡਿਕਸ਼ਨਰੀ ਵਿੱਚ ਇਹ ਲਿਖਿਆ ਹੈ। ਜਿਸ ਵੇਲੇ ਮੈਂ ਕਿਹਾ ਸੀ ਕਿ** ** ਉਦੋਂ ਵੀ ਇਨ੍ਹਾਂ ਨੇ ਕਿਹਾ ਸੀ ਕਿ ਇਹ ਅਨਪਾਰਲੀਮੈਂਟਰੀ ਲਫ਼ਜ਼ ਹੈ। ਇਹ ਡਿਕਸ਼ਨਰੀ ਕੱਢ ਕੇ ਵੇਖ ਲੈਣ। ਇਥੇ ਤਾਂ ਅੰਨ੍ਹੀ ਨੂੰ ਬੋਲਾ ਘੜੀਸੀ ਜਾ ਰਿਹਾ ਹੈ। ਉਹੀ ਗਲ ਹੋ ਰਹੀ ਹੈ।

**ਵਿੱਤ ਮੰਤਰੀ :** ਇਨ੍ਹਾਂ ਨੂੰ ਅਨਪਾਰਲੀਮੈਂਟਰੀ ਲਫਜ਼ ਨਹੀਂ ਵਰਤਣੇ ਚਾਹੀਦੇ।

**ਸਥਾਨਕ ਸਰਕਾਰ ਮੰਤਰੀ :** ਚੇਅਰਮੈਨ ਸਾਹਿਬ, ਤੁਸੀਂ ਇਹ ਵੇਖ ਲਓ ਕੀ ਇਹ ਪਾਰਲੀਮੈਂਟਰੀ ਲਫਜ਼ ਹੈ?

**ਸ੍ਰੀ ਸਭਾਪਤੀ :** ਇਹ ਅਨਪਾਰਲੀਮੈਂਟਰੀ ਲਫਜ਼ ਐਕਸਪੰਜ ਕੀਤੇ ਜਾਂਦੇ ਹਨ।

**ਡਾਕਟਰ ਭਗਤ ਸਿੰਘ :** ਚੇਅਰਮੈਨ ਸਾਹਿਬ, ਮੈਂ ਬੰਦਿਆਂ ਦੀ ਗਲ ਕਰ ਰਿਹਾ ਹਾਂ। ਐਕਟ ਦੀ ਗਲ ਨਹੀਂ ਕਰ ਰਿਹਾ। ਚੇਅਰਮੈਨ ਸਾਹਿਬ, ਇਨ੍ਹਾਂ ਪੁਲਿਸ ਦਾ ਬਜਟ 2 ਕਰੋੜ ਰੁਪਏ ਦੱਸਿਆ ਹੈ। ਅਖਬਾਰਾਂ ਵਿੱਚ ਇਨ੍ਹਾਂ ਨੇ ਬਿਆਨ ਦਿੱਤਾ ਹੈ ਕਿ ਤਿੰਨ ਕਰੋੜ ਰੁਪਿਆ ਚਾਹੀਦਾ ਹੈ। ਪਤਾ ਨਹੀਂ ਕਿਹੜੀ ਫਿਗਰ ਸਹੀ ਹੈ। ਦੋਨੋਂ ਹੀ ਸ੍ਰੀ ਕੇਵਲ ਕ੍ਰਿਸ਼ਨ ਦੇ ਬਿਆਨ ਹਨ। ਹੋ ਸਕਦਾ ਹੈ ਇਨ੍ਹਾਂ ਨੇ ਅਸੰਬਲੀ ਨੂੰ ਮਿਸਲੀਡ ਕੀਤਾ ਹੈ। ਇਹ ਬਾਅਦ ਵਿਚ ਵੇਖਾਂਗੇ। ਪਰ ਇਹ ਦੋ ਕਰੋੜ ਰੁਪਏ ਦੇ ਖਰਚ ਦੀ ਕਿਉਂ ਲੋੜ ਪਈ। 1955-56 ਵਿਚ ਵੀ ਅਕਾਲੀ ਮੋਰਚਾ ਲਗਿਆ ਸੀ ਪੰਜਾਬੀ ਸੂਬੇ ਦੀ ਖਾਤਰ। ਉਸਦੇ ਵਿਚ 60,000 ਆਦਮੀਆਂ ਨੇ ਗ੍ਰਿਫਤਾਰੀਆਂ ਦਿੱਤੀਆਂ ਸਨ। ਸਿਰਫ ਪੰਜਾਬ ਦੀ ਪੁਲਿਸ ਨੇ ਸਾਰੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਮੇਨਟੇਨ ਕੀਤੀ ਸੀ। ਕੋਈ ਪੁਲੀਸ ਦਾ ਬੰਦਾ ਦੂਜੀਆਂ ਸਟੇਟਾਂ ਵਿਚੋਂ ਨਹੀਂ ਸੀ ਆਇਆ। ਅੱਜ ਇਥੇ ਜੇ ਕੋਈ ਮਾੜੀ ਗਲ ਸਰਕਾਰ ਹੋ ਦੇਵੇ ਤਾਂ ਵੀ ਸੀ. ਆਰ. ਪੀ. ਐਫ. ਅਤੇ ਬਾਹਰਲਾ ਸਿਕਿਉਰਿਟੀ ਫੋਰਸ ਬੁਲਾ ਲਈ ਜਾਂਦੀ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਕਦੇ ਹਰਿਆਣੇ ਦੀ ਪੁਲਿਸ ਆ ਜਾਂਦੀ ਹੈ। ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰ ਹੋਵੇ ਪਰ ਦੂਜੇ ਪਾਸੇ ਲਾਅ ਐਂਡ ਆਰਡਰ ਸਟੇਟ ਸਬਜੈਕਟ ਹੈ ਉਹ ਵੀ ਇਸ ਕਾਂਗਰਸ ਗੌਰਮਿੰਟ ਨੇ ਹਥੋਂ ਗਵਾ ਦਿੱਤਾ ਹੈ। ਇਸਦਾ ਇੰਨਾਂ ਵਡਾ ਖਰਚਾ ਕੌਣ ਬਰਦਾਸ਼ਤ ਕਰੇਗਾ ? ਇਹ ਖਰਚਾ ਪੰਜਾਬ ਬਰਦਾਸ਼ਤ ਕਰੇਗਾ। ਇਸਦਾ ਮਤਲਬ ਇਹ ਹੈ ਕਿ ਪੰਜਾਬ ਦੀ ਪੁਲਿਸ ਅਤੇ ਇਸਦੇ ਅਫਸਰ ਇਨਕੈਪੇਬਲ ਅਤੇ ਨਾਅਹਿਲ ਹਨ। ਉਹ ਆਪਣੀ ਫੋਰਸ ਉਤੇ ਕੰਟਰੋਲ ਅਤੇ ਇਤਬਾਰ ਨਹੀਂ ਰਖ ਸਕਦੇ। ਆਪਣੀ ਫੋਰਸ ਨੂੰ ਪ੍ਰਾਪਰਲੀ ਯੂਜ਼ ਨਹੀਂ ਕਰ ਸਕਦੇ। ਪੀਸਫੁੱਲ ਸਤਿਆਗ੍ਰਹੀਆਂ ਨੂੰ ਕਾਬੂ ਨਹੀਂ ਰਖ ਸਕਦੇ। ਇਸਦੇ ਉਲਟ ਸਾਰੇ ਆਪਣੇ ਹਕੂਕ ਸੈਂਟਰ ਨੂੰ ਦੇਈ ਜਾ ਰਹੇ ਹਨ। ਪਹਿਲਾਂ ਇਥੇ ਚੇਅਰ-ਮੈਨ ਸਾਹਿਬ ਬੈਠੇ ਸਨ, ਉਹ ਪਟਿਆਲੇ ਦੇ ਸਨ। ਪਟਿਆਲੇ ਵਿਚ ਮੰਦਰਾਂ ਵਾਸਤੇ ਸੀ. ਆਰ. ਪੀ. ਐਫ. ਲਾਈ ਹੋਈ ਹੈ। ਮੰਦਰਾਂ ਨੂੰ ਇਹ ਪ੍ਰੋਟੈਕਟ ਨਹੀਂ ਕਰ ਸਕਦੇ। ਸਰਕਾਰ ਆਪ ਹੱਡੀਆਂ ਉਥੇ ਸੁਟਵਾ ਦਿੰਦੀ ਹੈ ਅਤੇ ਮਗਰੋਂ ਲੜਾਈਆਂ ਕਰਾਉਂਦੀ ਹੈ। ਇਸ ਸਾਰੀ ਫੋਰਸ ਦਾ ਖਰਚਾ ਪੰਜਾਬ ਦੇ ਲੋਕ ਬਰਦਾਸ਼ਤ ਕਰਨਗੇ। ਇਥੇ ਕੋਈ ਇੰਡਸਟਰੀ ਦੀ ਡਿਵੈਲਪਮੈਂਟ ਨਹੀਂ ਹੋ ਰਹੀ। ਚੀਫ ਮਨਿਸਟਰ ਸਾਹਿਬ ਨੇ ਪਿਛਲੇ ਸੈਸ਼ਨ ਵਿੱਚ ਕਿਹਾ ਸੀ ਕਿ ਅਨੰਦਪੁਰ ਹਾਈਡਲ ਪ੍ਰਾਜੈਕਟ ਚਾਲੂ ਹੋ ਜਾਵੇਗਾ ਪਰ ਉਸਦਾ ਕੋਈ ਨਾਂ ਨਹੀਂ ਲਿਆ ਗਿਆ। ਜੋ ਸਾਰਾ ਰੁਪਿਆ ਕੰਸਟਰੱਕਸ਼ਨ ਤੇ ਲਗਣਾ ਸੀ ਉਹ ਡਾਈਵਰਟ ਕਰਕੇ ਐਜੀ-ਟੇਸ਼ਨ ਤੇ ਲਾਈ ਗਏ ਹਨ। ਐਜੀਟੇਸ਼ਨ ਕਿਉਂ ਹੋਈ। ਸੰਤ ਭਿੰਡਰਾਂਵਾਲੇ ਨੂੰ ਫੜਿਆ ਗਿਆ। ਮਗਰੋਂ ਕਿਹਾ ਗਿਆ ਕਿ ਇਨ੍ਹਾਂ ਦੇ ਵਿਰੁੱਧ ਕੋਈ ਕੇਸ ਨਹੀਂ ਬਣਦਾ। ਅਗਰ ਕੋਈ ਕੇਸ ਨਹੀਂ ਬਣਦਾ ਸੀ ਫਿਰ ਇਹ ਸਾਰਾ ਤਮਾਸ਼ਾ ਕਿਉਂ ਕੀਤਾ ਗਿਆ। ਫਿਰ ਸਰਦਾਰ ਅਮਰੀਕ ਸਿੰਘ ਨੂੰ ਕੋਰਟ ਵਿਚੋਂ ਫੜਿਆ ਗਿਆ। 20 ਦਿਨਾਂ ਦਾ ਵਾਕਿਆ ਹੋਵੇ। ਬੜੀ ਹੈਰਾਨੀ ਦੀ ਗਲ ਹੈ ਕਿ ਐਫ. ਆਈ. ਆਰ. ਵਿੱਚ ਉਸਦਾ ਨਾਂ ਤਕ ਨਾ ਹੋਵੇ। ਪਰ ਮੋਰਚਾ ਲਗਾਉਣ ਵਾਸਤੇ ਇਹ ਜਾਣ ਬੁਝ ਕੇ ਕੀਤਾ ਗਿਆ। ਪੰਜਾਬ ਦੀ ਸਥਿਤੀ ਨੂੰ ਖਰਾਬ ਕਰਨ ਵਾਸਤੇ, ਸਿੱਖਾਂ ਤੇ ਜ਼ੁਲਮ ਕਰਨ ਵਾਸਤੇ, ਉਸ ਨੂੰ ਪਕੜਿਆ ਗਿਆ ਅਤੇ ਇਹ ਮੋਰਚਾ ਲਗਵਾਇਆ ਗਿਆ। ਕਾਂਗਰਸ ਪਾਰਟੀ ਦੇ ਸਾਰੇ ਮੈਂਬਰ ਜਾਣਦੇ ਹਨ ਕਿ ਗਿਆਨੀ ਜ਼ੈਲ ਸਿੰਘ ਨੂੰ ਬੜੀ ਫਰਾਖਦਿਲੀ ਨਾਲ ਪੰਜਾਬ ਦੇ ਸਾਰੇ ਲੋਕਾਂ ਨੇ ਵੋਟਾਂ ਪਾਈਆਂ ਹਨ ਤਾਂ ਕਿ ਪੰਜਾਬ ਵਿੱਚ ਏਕਤਾ ਹੋਵੇ, ਡਿਵੈਲਪਮੈਂਟ ਹੋਵੇ। ਉਹ ਏਕਤਾ ਸਰਦਾਰ ਦਰਬਾਰਾ ਸਿੰਘ ਨੂੰ ਪਸੰਦ ਨਹੀਂ ਆਈ। ਉਨ੍ਹਾਂ ਨੇ ਇਸ ਗਲ ਦਾ ਬਦਲਾ ਲੈਣ ਵਾਸਤੇ ਸਰਦਾਰ ਅਮਰੀਕ ਸਿੰਘ ਨੂੰ ਫੜ ਲਿਆ। ਕਾਂਗਰਸ ਪਾਰਟੀ ਦੇ ਫੈਸਲੇ ਅਨੁਸਾਰ ਇਹ ਸਰਕਾਰ ਡਿਸਮਿਸ ਹੋਣੀ ਸੀ। ਇਹ ਇਨ੍ਹਾਂ ਦੀ ਪਾਰਟੀ ਦਾ ਡਸੀਜ਼ਨ ਸੀ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਅਗਸਤ ਦੇ ਮਹੀਨੇ ਵਿੱਚ ਇਹ ਡਿਸਮਿਸ ਹੋ ਜਾਣੀ ਸੀ। ਇਸ ਚੀਜ਼ ਤੋਂ ਬਚਣ ਲਈ ਭਾਈ ਅਮਰੀਕ ਸਿੰਘ, ਸਿੱਖ ਸਟੂਡੈਂਟਸ ਦੇ ਸਦਰ ਨੂੰ ਜਾਣ ਬੁਝ ਕੇ ਫੜਿਆ ਗਿਆ ਤਾਂ ਕਿ ਇਥੇ ਮੋਰਚੇ ਲਗਣ। ਸਰਦਾਰ ਪ੍ਰਤਾਪ ਸਿੰਘ ਕੈਰੋਂ ਵੀ ਇਸ ਤਰ੍ਹਾਂ ਕਰਦੇ ਸਨ।

ਸ੍ਰੀ ਸਭਾਪਤੀ : ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਤੁਸੀਂ ਵਾਈਂਡ ਅਪ ਕਰੋ।

**ਡਾਕਟਰ ਭਗਤ ਸਿੰਘ** : ਆਪੋਜ਼ੀਸ਼ਨ ਦਾ ਸਾਰਾ ਟਾਈਮ ਸਾਨੂੰ ਮਿਲਣਾ ਚਾਹੀਦਾ ਹੈ

**ਸ੍ਰੀ ਸਭਾਪਤੀ** : ਤਲਵੰਡੀ ਗਰੁੱਪ ਦੇ 6 ਮਿੰਟ ਬਣਦੇ ਸਨ। ਤੁਸੀਂ 7 ਮਿੰਟ ਬੋਲ ਚੁਕੇ ਹੋ, ਹੁਣ ਵਾਈਂਡ ਅਪ ਕਰੋ।

Original with;
Punjab Vidhan Sabha
Digitized by;
Panjab Digital Library

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਜਾਣ ਬੁਝ ਕੇ ਇਹ ਮੋਰਚਾ ਲਗਵਾਇਆ ਗਿਆ । ਜਿਤਨਾ ਇਹ ਖਰਚਾ ਹੋ ਰਿਹਾ ਹੈ ਇਹ ਸਾਰਾ ਸਰਕਾਰ ਦੀ ਨਾਲਾਇਕੀ ਦੇ ਕਾਰਣ ਹੋ ਰਿਹਾ ਹੈ । ਇਸ ਸਰਕਾਰ ਨੂੰ ਅਸਤੀਫ਼ਾ ਦੇ ਕੇ ਲਾਂਭੇ ਹੋਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸ਼ਡਿਊਲਡ ਕਾਸਟ ਅਤੇ ਸਿੱਖਾਂ ਨਾਲ ਕਿਤਨੇ ਵਿਤਕਰੇ ਹੋ ਰਹੇ ਹਨ ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੱਲ੍ਹ ਜੋ ਬੀ.ਏ.ਸੀ. ਦੀ ਮੀਟਿੰਗ ਹੋਈ ਸੀ ਉਥੇ ਕਿਹਾ ਗਿਆ ਸੀ ਕਿ ਆਪੋਜ਼ੀਸ਼ਨ ਪਾਰਟੀਆਂ ਨੂੰ ਵੱਧ ਟਾਈਮ ਦਿਆਂਗੇ । ਪਰ ਤੁਸੀਂ ਜਿਹੜਾ ਸਾਡਾ ਟਾਈਮ ਬਣਦਾ ਹੈ, ਉਸ ਨੂੰ ਵੀ ਘੱਟ ਕਰ ਰਹੇ ਹੋ ।

**ਸ੍ਰੀ ਸਭਾਪਤੀ** : ਡਾਕਟਰ ਸਾਹਿਬ, ਜਿਤਨਾ ਟਾਈਮ ਤੁਹਾਡੀ ਪਾਰਟੀ ਨੂੰ ਅਲਾਟ ਹੋਇਆ ਹੈ, ਉਸ ਸਮੇਂ ਵਿੱਚ ਹੀ ਬੋਲੋ । ਹੁਣ ਵਾਈਂਡ ਅਪ ਕਰੋ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਸ਼ਡਿਊਲਡ ਕਾਸਟਸ ਨਾਲ ਕਿਤਨਾ ਵਿਤਕਰਾ ਕੀਤਾ ਜਾ ਰਿਹਾ ਹੈ । ਇਥੇ ਆਈ.ਜੀ ਚੁਣ ਕੇ ਹਿੰਦੂ ਲਾਇਆ ਗਿਆ । ਇਕ ਇਹ ਪੰਜਾਬ ਦਾ ਸੂਬਾ ਹੈ ਜਿਥੇ ਸਿੱਖ ਲੋਕ ਵਸਦੇ ਹਨ । ਸਾਰਾ ਹਿੰਦੁਸਤਾਨ ਤੁਹਾਡੇ ਕੋਲ ਹੈ । ਇਥੇ ਵੀ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਕਿਤੇ ਸਿੱਖ ਜਾਂ ਸ਼ਡਿਊਲਡ ਕਾਸਟ ਨੂੰ ਆਈ. ਜੀ. ਲਾਇਆ ਜਾਵੇ । ਨੰਬਰ ਦੋ, ਸ਼ਡਿਊਲਡ ਕਾਸਟ ਦੇ ਨਾਲ ਹੋਏ ਵਿਤਕਰੇ ਬਾਰੇ ਮੈਂ ਅਰਜ਼ ਕਰਦਾ ਹਾਂ ।

**ਸ੍ਰੀ ਸੁਰਿੰਦਰ ਕਪੂਰ** : ਚੇਅਰਮੈਨ ਸਾਹਿਬ, ਬੜੇ ਅਫਸੋਸ ਦੀ ਗਲ ਹੈ ਕਿ ਡਾਕਟਰ ਭਗਤ ਸਿੰਘ ਨੇ ਇਹ ਗਲ ਕਹੀ ਹੈ । ਮੈਂ ਸਮਝਦਾ ਹਾਂ ਕਿ ਇਹ ਕਿਸੇ ਹਿੰਦੂ ਨੂੰ ਬਰਦਾਸ਼ਤ ਨਹੀਂ ਕਰ ਸਕਦੇ । ਇਹ ਕਮਿਊਨਲ ਗੱਲਾਂ ਕਰਦੇ ਹਨ । ਇਸ ਤੋਂ ਸਾਫ ਜ਼ਾਹਿਰ ਹੈ ਕਿ ਇਹ ਕਮਿਊਨਲ ਲੋਕਾਂ ਨਾਲ ਮਿਲੇ ਹੋਏ ਹਨ । ਇਹ ਉਹ ਲੋਕ ਹਨ ਜਿਹੜੇ ਹਿੰਦੂ-ਸਿੱਖ ਏਕਤਾ ਨਹੀਂ ਚਾਹੁੰਦੇ । ਹਿੰਦੂ ਸਿੱਖ ਕਿਤੇ ਨਹੀਂ ਜਾਂਦੇ । ਇਹ ਸਿੱਖਾਂ ਦੀ ਗੱਲ ਕਰਦੇ ਹਨ ਪਰ ਇਹ ਸਿੱਖ ਚੀਫ ਮਨਿਸਟਰ ਨੂੰ ਬਰਦਾਸ਼ਤ ਹੀ ਨਹੀਂ ਕਰਦੇ ।

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਜਿਹੜਾ ਸ਼ਡਿਊਲਡ ਕਾਸਟਸ ਦਾ ਮਸਲਾ ਹੈ, ਉਹ ਵੀ ਬੜਾ ਗੰਭੀਰ ਹੈ । ਜਿਹੜਾ ਸ਼ਡਿਊਲਡ ਕਾਸਟ ਸੀਨੀਅਰ ਮੋਸਟ ਪੁਲਿਸ ਅਫਸਰ ਹੈ ਉਸ ਨੂੰ ਆਈ. ਜੀ ਲਗਾ ਦਿਓ ਪਰ ਇਹ ਚੀਜ਼ ਨਹੀਂ ਕਰਦੇ । ਉਸ ਵਿਚਾਰੇ ਨੂੰ ਡੀਮੋਟ ਕਰਕੇ ਹੇਠਾਂ ਨੂੰ ਲਿਆਂਦਾ ਗਿਆ ਹੈ । ਉਹ ਇਸ ਕਰਕੇ ਤਾਕਿ ਜੋ ਗੱਲਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਨਾਜਾਇਜ਼ ਇਹ ਕਰਨੀਆਂ ਚਾਹੁੰਦੇ ਹਨ ਉਹ ਕਰ ਸਕਣ ਔਰ ਸਿੱਖਾਂ ਨੂੰ ਮਾਰਨ ਵਾਸਤੇ ਕੰਮ ਕਰ ਸਕਣ। ਮੈਂ ਕਹਿੰਦਾ ਹਾਂ ਕਿ ਮਿਸਟਰ ਪ੍ਰਕਾਸ਼ ਚੰਦ ਸ਼ਡਿਊਲਡ ਕਾਸਟ ਸੀਨੀਅਰ ਮੋਸਟ ਹਿੰਦੁਸਤਾਨ ਵਿਚ ਪਹਿਲਾ ਪੁਲਿਸ ਅਫ਼ਸਰ ਹੈ, ਜਿਸ ਨੂੰ ਆਈ. ਜੀ. ਬਣਾਉਣ ਵਾਸਤੇ ਗੌਰਮਿੰਟ ਆਫ ਇੰਡੀਆ ਨੇ ਵੀ ਕਲੀਅਰੈਂਸ ਦਿੱਤੀ ਹੋਈ ਹੈ ਪਰ ਉਸ ਨੂੰ ਇਗਨੋਰ ਕੀਤਾ ਗਿਆ ਹੈ। ਇਹ ਸਾਰੀਆਂ ਗੱਲਾਂ ਜਿਤਨੀਆਂ ਵੀ ਹਨ ਇਹ ਸਿੱਖਾਂ ਅਤੇ ਸ਼ਡਿਊਲਡ ਕਾਸਟਸ ਮੁਲਾਜ਼ਮਾਂ ਨੂੰ ਡੀਮਾਰੇਲਾਈਜ਼ ਕਰਨ ਲਈ ਕੀਤੀਆਂ ਜਾ ਰਹੀਆਂ ਹਨ। ਸਿੱਖਾਂ ਨੂੰ ਜੇਲਾਂ ਵਿਚ ਸੁੱਟਿਆ ਗਿਆ ਹੈ ਤਾਕਿ ਚੀਫ਼ ਮਨਿਸਟਰ ਦੀ ਮਨਿਸਟਰੀ ਕਾਇਮ ਰਹੇ ਪਰ, ਚੇਅਰਮੈਨ ਸਾਹਿਬ, ਇਹ ਰੁਝਾਨ ਖਤਰਨਾਕ ਹੈ। ਮੈਂ ਸਮਝਦਾ ਹਾਂ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਸਰਦਾਰ ਦਰਬਾਰਾ ਸਿੰਘ ਨਾਲੋਂ ਕਈ ਗੁਣਾਂ ਵਧ ਕਾਬਲ ਸਨ ਲੇਕਿਨ ਉਨ੍ਹਾਂ ਦਾ ਹਸ਼ਰ ਸਾਡੇ ਸਾਹਮਣੇ ਹੈ। ਮੈਂ ਕਹਿੰਦਾ ਹਾਂ ਕਿ ਸਿੱਖਾਂ ਔਰ ਹਿੰਦੂਆਂ ਨੂੰ ਵੱਖਰਾ ਨਹੀਂ ਕਰਨਾ ਚਾਹੀਦਾ। ਸਾਨੂੰ ਚਾਹੀਦਾ ਹੈ ਕਿ ਪੰਜਾਬ ਦੇ ਨਾਮ ਤੇ ਇਕਠੇ ਹੋ ਕੇ ਪੰਜਾਬੀ ਕਲਚਰ ਦੀ ਹਿਫਾਜ਼ਤ ਲਈ ਇਕਮੁੱਠ ਹੋ ਕੇ ਲੜੀਏ।

**ਸ੍ਰੀ ਸਭਾਪਤੀ :** ਡਾਕਟਰ ਸਾਹਿਬ, ਹੁਣ ਬੈਠ ਜਾਓ, ਤੁਹਾਡਾ ਟਾਈਮ ਖਤਮ ਹੋ ਗਿਆ ਹੈ।

**ਸਰਦਾਰ ਬੀਰਦਵਿੰਦਰ ਸਿੰਘ :** ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਹਵਾਲਾ ਦੇ ਕੇ ਚੀਫ਼ ਮਨਿਸਟਰ ਸਾਹਿਬ ਨੂੰ ਕਤਲ ਕਰਨ ਦੀ ਕੀ ਇਹ ਥਰੈਟ ਨਹੀਂ ਦੇ ਰਹੇ ?

**ਡਾਕਟਰ ਭਗਤ ਸਿੰਘ :** ਚੇਅਰਮੈਨ ਸਾਹਿਬ, ਇੰਨ੍ਹਾਂ ਨੇ ਹੀ ਕਤਲ ਕਰਵਾਉਣਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਉਹ ਯੁਗ ਯੁਗ ਜਿਊਂਦਾ ਰਹੇ। ਤੁਸੀਂ ਕਤਲ ਕਰਾਉਂਦੇ ਹੋ ਵਿਚਾਰਾ ਸਾਡੇ ਨਾਲ ਲੜਾਈ ਲੜਕੇ ਸਿਆਸੀ ਮੌਤ ਤੋਂ ਬਚ ਗਿਆ ਹੈ ਨਹੀਂ ਤਾਂ ਕਾਂਗਰਸੀਆਂ ਨੇ ਗੱਡੀ ਚੜ੍ਹਾ ਹੀ ਦਿੱਤਾ ਸੀ।

ਚੇਅਰਮੈਨ ਸਾਹਿਬ, ਇਕ ਮਨਿਸਟਰ ਨੇ ਜਾਣਾਂ ਹੁੰਦਾ ਹੈ ਉਸ ਦੇ ਵਾਸਤੇ ਵੱਡੇ ਵੱਡੇ ਪੋਸਟਰ, ਵੱਡੇ ਵੱਡੇ ਇਸ਼ਤਿਹਾਰ ਛਪਵਾਏ ਜਾਂਦੇ ਹਨ ਔਰ ਉਹ ਮਨਿਸਟਰ ਇਕ ਢਾਬੇ ਦਾ ਉਦਘਾਟਨ ਮੋਗੇ ਵਿਚ ਜਾ ਕੇ ਕਰਦਾ ਹੈ। (ਹਾਸਾ) ਮੈਂ ਕਹਿੰਦਾ ਹਾਂ ਕਿ ਤੁਸੀਂ ਕਨਸਟਰੱਕਟਿਵ ਕੰਮਾਂ ਲਈ ਮਨੀ ਨੂੰ ਵਰਤੋਂ। ਕਨਸਟਰੱਕਟਿਵ ਕੰਮਾਂ ਤੇ ਖਰਚ ਕਰੋ।

**ਸ੍ਰੀ ਸਭਾਪਤੀ:** ਡਾਕਟਰ ਸਾਹਿਬ, ਤੁਸੀਂ ਬਿਲਕੁਲ ਟਾਇਮ ਜ਼ਿਆਦਾ ਲੈ ਰਹੇ ਹੋ। ਤੁਸੀਂ ਹੁਣ ਬੈਠ ਜਾਓ।

**ਡਾਕਟਰ ਭਗਤ ਸਿੰਘ:** ਚੇਅਰਮੈਨ ਸਾਹਿਬ, ਇਹ ਇੰਡੀਅਨ ਐਕਸਪ੍ਰੈਸ ਦੀ ਖਬਰ ਹੈ। ** **

**ਸ੍ਰੀ ਸਭਾਪਤੀ :** ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਮਾਨਯੋਗ ਮੈਂਬਰ, ਡਾਕਟਰ ਭਗਤ ਸਿੰਘ ਨੇ ਇੰਡੀਅਨ ਐਕਸਪ੍ਰੈਸ ਪੱਤ੍ਰਿਕਾ ਦੀ ਕੋਈ ਕਟਿੰਗ ਸਦਨ ਦੀ ਮੇਜ਼ ਤੇ ਰੱਖਣੀ ਚਾਹੀ ਪ੍ਰੰਤੂ ਸ੍ਰੀ ਸਭਾਪਤੀ ਨੇ ਉਨ੍ਹਾਂ ਨੂੰ ਆਗਿਆ ਨਾ ਦਿੱਤੀ।)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਮ ਸਵਰੂਪ ਬਾਗੀ:** ਚੇਅਰਮੈਨ ਸਾਹਿਬ, ਡਾਕਟਰ ਭਗਤ ਸਿੰਘ ਹੋਰਾਂ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦਾ ਮੋਰਚਾ ਸ਼ੁਰੂ ਨਾ ਹੁੰਦਾ ਤਾਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਜਾਂਦੀ ਰਹਿਣੀ ਸੀ । ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਰਦਾਰ ਦਰਬਾਰਾ ਸਿੰਘ ਜੀ ਸਭ ਕੁਝ ਜਾਣਦੇ ਹਨ, ਉਹ ਬੜੇ ਸਿਆਣੇ ਹਨ, ਉਨ੍ਹਾਂ ਦੀ ਸਰਕਾਰ ਦੇ ਮੰਤਰੀ ਬਹੁਤ ਸੁਚੱਜੇ ਮੰਤਰੀ ਹਨ ਅੌਰ ਜਿਤਨੇ ਵੀ ਉਨ੍ਹਾਂ ਦੇ ਬਾਕੀ ਸਾਥੀ ਹਨ ਉਹ ਉਨ੍ਹਾਂ ਦੇ ਨਾਲ ਪੱਕੇ ਤੌਰ ਤੇ ਖੜੇ ਹਨ । ਪਤਾ ਨਹੀਂ ਹੈ ਕਿ ਇਹ ਮਨਘੜਤ ਗੱਲ ਕਿਉਂ ਕਰਦੇ ਹਨ । ਸਰਦਾਰ ਦਰਬਾਰਾ ਸਿੰਘ ਜੀ ਨੇ ਜੋ ਸਟੇਟਮੈਂਟ ਦਿੱਤੀ ਹੈ, ਉਹ ਸਭ ਦੇ ਸਾਹਮਣੇ ਆਈ ਹੈ, ਉਸ ਨੂੰ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਨੇ ਬਾਕਾਇਦਾ ਛਾਪ ਕੇ ਦੱਸਿਆ ਹੈ ਕਿ ਕਿਹੜੀਆਂ ਕਿਹੜੀਆਂ ਉੱਚੀਆਂ ਪੋਸਟਾਂ ਤੇ ਸਿੱਖ ਸੱਜਣ ਰਹੇ ਹਨ ।

**ਡਾਕਟਰ ਭਗਤ ਸਿੰਘ :** ਮੈਂ ਕਹਿੰਦਾ ਹਾਂ ਕਿ ਢਾਬਿਆਂ ਦੇ ਉਦਘਾਟਨਾਂ ਤੇ ਪੈਸਾ ਕਿਉਂ ਖਰਚ ਹੁੰਦਾ ਹੈ, ਕਿਸੇ ਤਰੱਕੀ ਦੇ ਕੰਮ ਤੇ ਪੈਸਾ ਲਗਾਓ ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤਾਂ ਪੀ. ਆਰ. ਟੀ. ਸੀ. ਦੇ ਘਾਟੇ ਬਾਰੇ ਕਹਿਣਾ ਹੈ ਅੌਰ ਕੁਝ ਹੋਰ ਡਿਮਾਂਡਾ ਬਾਰੇ ਕਹਿਣਾ ਹੈ । ਇਹ ਕਾਰਪੋਰੇਸ਼ਨ ਲਗਾਤਾਰ ਘਾਟੇ ਵਿਚ ਜਾ ਰਹੀ ਹੈ । ਮੇਰਾ ਟਾਈਮ ਘਟ ਹੈ ਇਸ ਲਈ ਮੈਂ ਇਕ ਨੁਕਤਾ ਹੀ ਦੱਸਦਾ ਹਾਂ । ਚੇਅਰਮੈਨ ਸਾਹਿਬ, ਸਾਡੇ ਨਾਲ ਲਗਦੇ ਰਾਜ ਵਿਚ ਟਰਾਂਸਪੋਰਟ ਟੋਟਲ ਨੈਸ਼ਨੇਲਾਈਜ਼ਡ ਹੈ ਅੌਰ ਉਹ ਤਿੰਨ ਚਾਰ ਕਰੋੜ ਨਫੇ ਵਿਚ ਜਾਂਦੀ ਹੈ ਪਰ ਸਾਡੇ ਇਸ ਕਾਰਪੋਰੇਸ਼ਨ ਨੂੰ ਘਾਟਾ ਪੈਂਦਾ ਹੈ । ਮੈਂ ਸਮਝਦਾ ਹਾਂ ਕਿ ਇਸ ਘਾਟੇ ਦਾ ਮੁੱਖ ਕਾਰਨ ਪ੍ਰਾਈਵੇਟ ਓਪ੍ਰੇਟਰਜ਼ ਹਨ । ਟਰਾਂਸਪੋਰਟ ਨੈਸ਼ਨੇਲਾਈਜ਼ ਕਰਨ ਬਾਰੇ ਕਾਂਗਰਸ ਪਾਰਟੀ ਵਲੋਂ ਵੀ ਮਤਾ ਸੀ, ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਉਹ ਲਾਗੂ ਕਰਨਾ ਚਾਹੀਦਾ ਹੈ ਤਾਕਿ ਇਹ ਅਦਾਰਾ ਭੀ ਘਾਟੇ ਵਿਚੋਂ ਕੱਢਿਆ ਜਾ ਸਕੇ । ਜਿਤਨਾ ਚਿਰ ਤਕ ਸਰਕਾਰ ਟਰਾਂਸਪੋਰਟ ਆਪਣੇ ਹੱਥ ਵਿਚ ਸਾਰੀ ਨਹੀਂ ਲੈਂਦੀ ਸਾਨੂੰ ਯਕੀਨ ਹੈ ਕਿ ਇਹ ਟਰਾਂਸਪੋਰਟ ਦੇ ਸਰਕਾਰੀ ਅਦਾਰੇ ਘਾਟੇ ਵਿਚ ਹੀ ਜਾਣਗੇ ।

ਦੂਸਰੀ ਗੱਲ ਹੈ ਸਿੱਖਿਆ ਦੀ, ਵਿਦਿਆ ਦੀ । ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਬਹੁਤ ਪੈਸਾ ਸਿਖਿਆ ਤੇ ਸਰਕਾਰ ਵਲੋਂ ਲਗਾਇਆ ਗਿਆ ਹੈ ਅੌਰ ਚੰਗੇ ਕੰਮਾਂ ਤੇ ਲਗਾਇਆ ਗਿਆ ਹੈ । ਸਰਕਾਰ ਯੂਨੀਵਰਸਿਟੀਆਂ ਨੂੰ ਵੀ ਸਹਾਇਤਾ ਦਿੰਦੀ ਹੈ, ਲੇਕਿਨ ਯੂਨੀਵਰਸਿਟੀਆਂ ਦਾ ਮਾਹੌਲ ਜਿਹੜਾ ਹੈ ਉਹ ਖਰਾਬ ਹੋ ਰਿਹਾ ਹੈ । ਮੈਂ ਤੁਹਾਨੂੰ ਪੰਜਾਬੀ ਯੂਨਵਰਸਿਟੀ ਦੀ ਗੱਲ ਦੱਸਦਾ ਹਾਂ । ਉਸ ਯੂਨੀਵਰਸਿਟੀ ਵਲੋਂ ਯੂਨੀਵਰਸਿਟੀ ਵਿਚ ਧਾਰਮਿਕ ਸਥਾਨ ਬਣਾਉਣ ਦੀ ਆਗਿਆ ਦਿੱਤੀ ਗਈ ਹੈ । ਇਸ ਤਰ੍ਹਾਂ ਨਾਲ ਦੂਸਰੇ ਵੀ ਧਾਰਮਿਕ ਸਥਾਨ ਬਣਾਉਣ ਲਈ ਆਗਿਆ ਮੰਗਣਗੇ, ਜਦੋਂ ਉਨ੍ਹਾਂ ਨੂੰ ਆਗਿਆ ਮਿਲ ਜਾਵੇਗੀ, ਉਹ ਧਾਰਮਿਕ ਸਥਾਨ ਬਣਾ ਲੈਣਗੇ ਤਾਂ ਫਿਰ ਤੀਜੇ ਆਗਿਆ ਮੰਗਣਗੇ ਅੌਰ ਇਸ ਤਰ੍ਹਾਂ ਨਾਲ ਫਿਰ ਮਾਹੌਲ ਵਿਗੜੇਗਾ ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜੀਆਂ ਯੂਨੀਵਰਸਿਟੀਆਂ ਨੂੰ ਸਰਕਾਰ ਸਹਾਇਤਾ ਦਿੰਦੀ ਹੈ ਉਨ੍ਹਾਂ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋਣ ਦੇਣੀਆਂ ਚਾਹੀਦੀਆਂ, ਇਸ ਤਰ੍ਹਾਂ ਦਾ ਕੋਈ ਕੰਮ ਕਰਨ ਨਹੀਂ ਦੇਣਾ ਚਾਹੀਦਾ ਜਿਸ ਨਾਲ ਕੋਈ ਧਾਰਮਿਕ ਝਗੜੇ ਖੜੇ ਹੋ ਜਾਣ । ਕਾਂਗਰਸ ਪਾਰਟੀ ਜਦੋਂ ਇਧਰ ਆਪੋਜ਼ੀਸ਼ਨ ਬੈਂਚਿਜ਼ ਤੇ ਸੀ ਤਾਂ ਉਸ ਵੇਲੇ ਇਹ ਕਿਹਾ ਕਰਦੇ ਹੁੰਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਸਨ ਕਿ ਜਿਹੜੇ ਪਬਲਿਕ ਸਕੂਲ ਹਨ ਉਨ੍ਹਾਂ ਨੂੰ ਖਤਮ ਕਰੋ, ਇਹ ਚਿੱਟੇ ਹਾਥੀ ਹਨ, ਇਨ੍ਹਾਂ ਨੂੰ ਖਤਮ ਕਰੋ ਔਰ ਐਜੂਕੇਸ਼ਨ ਇਕੋ ਜਿਹੀ ਕਰੋ, ਐਜੂਕੇਸ਼ਨ ਨੂੰ ਨੈਸ਼ਨੇਲਾਈਜ਼ ਕਰੋ। ਇਸ ਲਈ ਮੈਂ ਕਹਿੰਦਾ ਹਾਂ ਕਿ ਹੁਣ ਇਨ੍ਹਾਂ ਨੂੰ ਚਾਹੀਦਾ ਹੈ ਕਿ ਜਿਹੜੇ ਇਹ ਚਿੱਟੇ ਹਾਥੀ ਹਨ ਉਨ੍ਹਾਂ ਨੂੰ ਸਰਕਾਰ ਆਪਣੇ ਹੱਥਾਂ ਵਿਚ ਲਵੇ, ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਇਹ ਵੱਡੇ ਵੱਡੇ ਕੁਰੱਪਸ਼ਨ ਦੇ ਅੱਡੇ ਬਣੇ ਹੋਏ ਹਨ। ਇਸ ਲਈ ਐਜੂਕੇਸ਼ਨ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਮੈਂ ਇਕ ਪੁਆਇੰਟ ਪੁਲਿਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਜਿਸ ਬਾਰੇ ਇਥੇ ਵਿਚਾਰ ਵਟਾਂਦਰਾ ਹੋ ਰਿਹਾ ਹੈ ਉਸ ਸਬੰਧ ਵਿਚ ਹੀ, ਮੈਂ ਵੀ ਇਕ ਪੁਆਇੰਟ ਕਹਿਣਾ ਹੈ। ਠੀਕ ਹੈ, ਦੋ ਜਾਂ ਤਿੰਨ ਕਰੋੜ ਰੁਪਏ ਡਾਕਟਰ ਸਾਹਿਬ ਨੇ ਖਰਚਾ ਦੱਸਿਆ ਹੈ ਪਰ ਖਰਚਾ ਬਹੁਤ ਜ਼ਿਆਦਾ ਹੋਇਆ ਹੈ। ਇਸ ਖਰਚੇ ਦੇ ਕਾਰਨ ਸਰਕਾਰ ਨੂੰ ਘੋਖਣੇ ਚਾਹੀਦੇ ਹਨ। ਬਾਕੀ ਜਿਥੋਂ ਤਕ ਪੰਜਾਬ ਵਿਚ ਚਲ ਰਹੀ ਮੂਵਮੈਂਟ ਦਾ ਸਵਾਲ ਹੈ, ਭਾਵੇਂ ਖਾਲਿਸਤਾਨ ਹੈ, ਭਾਵੇਂ ਆਨੰਦਪੁਰ ਸਾਹਿਬ ਦਾ ਮਤਾ ਹੈ, ਤੇ ਭਾਵੇਂ ਹੋਰ ਕੋਈ ਵਿਰਕੂ ਭਾਵਨਾ ਹੈ, ਭਾਵੇਂ ਹੋਰ ਕਤਲਾਂ ਦੀ ਗੱਲ ਹੈ ਤੇ ਭਾਵੇਂ ਚੀਫ਼ ਮਨਿਸਟਰ ਸਾਹਿਬ ਤੇ ਕਾਤਲਾਨਾ ਹਮਲੇ ਦੀ ਗੱਲ ਹੈ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਸਾਰਿਆਂ ਦੀ ਜੜ੍ਹ ਇਥੇ ਨਹੀਂ ਹੈ, ਇਨ੍ਹਾਂ ਦੀ ਜੜ੍ਹ ਬਹੁਤ ਪਿੱਛੇ ਹੈ। ਅਮਰੀਕਨ ਸਾਮਰਾਜ ਹਿੰਦੁਸਤਾਨ ਦੀ ਆਜ਼ਾਦੀ ਨੂੰ ਕੁਚਲਣਾ ਚਾਹੁੰਦਾ ਹੈ। ਅਮਰੀਕੀ ਸਾਮਰਾਜ ਕੀ ਔਰ ਪਾਕਿਸਤਾਨ ਕੀ, ਇਨ੍ਹਾਂ ਦੀ ਮਿਲੀ ਭਗਤ ਹੈ। ਸਾਲ ਡੇਢ ਸਾਲ ਤੋਂ ਲਾਅ ਐਂਡ ਆਰਡਰ ਦੀ ਜੋ ਪੁਜ਼ੀਸ਼ਨ ਬਣਾ ਰੱਖੀ ਹੈ, ਇਹ ਸਾਰਾ ਉਨ੍ਹਾਂ ਦੀ ਸ਼ਹਿ ਤੇ ਹੋ ਰਿਹਾ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਚਾਹੇ ਆਨੰਦਪੁਰ ਸਾਹਿਬ ਦਾ ਮਤਾ ਹੋਵੇ ਤੇ ਚਾਹੇ ਦੂਸਰੀ ਕੋਈ ਗੱਲ ਹੋਵੇ, ਇਸ ਦੇ ਪਿਛੇ ਅਮਰੀਕਨ ਸਾਮਰਾਜੀਆਂ ਦਾ ਹੱਥ ਹੈ ਔਰ ਪੰਜਾਬ ਦਾ ਨੌਜਵਾਨ ਜਿਹੜਾ ਧਾਰਮਿਕ ਜਨੂਨ ਵਿਚ ਫਸਿਆ ਹੋਇਆ ਹੈ, ਇਹ ਸਾਰੀ ਪਲਾਨ ਉਨ੍ਹਾਂ ਸਾਮਰਾਜੀਆਂ ਦੀ ਹੈ, ਪੈਸਾ ਉਨ੍ਹਾਂ ਦਾ ਹੈ। ਖਾਲਿਸਤਾਨ ਦੇ ਮਤੇ ਵਿਚ ਹੋਰ ਆਨੰਦਪੁਰ ਸਾਹਿਬ ਦੇ ਮਤੇ ਵਿਚ ਫਰਕ ਨਹੀਂ ਸਮਝਿਆ ਜਾਂਦਾ। ਚੇਅਰਮੈਨ ਸਾਹਿਬ, ਤਿੰਨ ਤਾਰੀਖ ਦਾ 'ਅਕਾਲੀ ਪੱਤ੍ਰਿਕਾ' ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਪੜ੍ਹ ਕੇ ਵੇਖੋ। ਉਸ ਵਿਚ ਕੋਈ ਸਤਿੰਦਰਪਾਲ ਸਿੰਘ ਹੈ, ਉਸ ਨੇ ਲਿਖਿਆ ਹੈ। ਚਾਰ ਪੰਜ ਲਾਈਨਾਂ ਹਨ ਉਨ੍ਹਾਂ ਵਿਚ ਲਿਖਿਆ ਹੈ ਕਿ ਅਕਾਲੀ ਪਾਰਟੀ ਦੀ ਤੁਰੰਤ ਮੰਗ ਖਾਲਿਸਤਾਨ ਨਹੀਂ ਸਗੋਂ ਆਨੰਦਪੁਰ ਦੇ ਮਤੇ ਨੂੰ ਲਾਗੂ ਕਰਾਉਣਾ ਹੈ। ਇੱਟ ਮੀਨਜ਼ ਕਿ ਮੰਗ ਤਾਂ ਖਾਲਿਸਤਾਨ ਦੀ ਹੈ ਲੇਕਿਨ ਤੁਰੰਤ ਮੰਗ ਨਹੀਂ ਹੈ.... !

ਡਾਕਟਰ ਭਗਤ ਸਿੰਘ : ** ** **

**ਸ੍ਰੀ ਸਭਾਪਤੀ** : ਤੁਸੀਂ ਬੈਠੋ। ਹੁਣ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ। ਜੋ ਕੁਝ ਇਹ ਬੋਲਦੇ ਹਨ, ਰਿਕਾਰਡ ਨਹੀਂ ਕਰਨਾ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਚੇਅਰਮੈਨ ਸਾਹਿਬ, ਜੇ ਮਤੇ ਵਿਚ ਇਹ ਲਫਜ਼ ਨਹੀਂ ਹਨ ਤਾਂ ਇਹ ਇਥੇ ਕਿਉਂ ਨਹੀਂ ਕਹਿੰਦੇ। ਇਹ ਇਸ ਗੱਲ ਨੂੰ ਸਪਸ਼ਟ ਕਰਨ। ਇਹ ਜਿਹੜਾ ਅਖਬਾਰ ਵਿਚ ਆਇਆ ਹੈ ਕਿ ਖਾਲਿਸਤਾਨ ਦੀ ਮੰਗ ਤੁਰੰਤ ਤਾਂ ਨਹੀਂ, ਪਰ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣ ਦੀ ਮੰਗ ਹੈ, ਇਹ ਗੱਲਾਂ ਕਰਨੀਆਂ ਠੀਕ ਨਹੀਂ। ਇਸ ਤੋਂ ਸਾਫ ਲਗਦਾ ਹੈ ਕਿ ਖਾਲਿਸਤਾਨ ਦੀ ਮੰਗ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਗੱਲਾਂ ਦੀ ਨਿਖੇਧੀ ਕਰਨੀ ਚਾਹੀਦੀ ਹੈ।

ਇਹ ਜਿਹੜੇ ਜਹਾਜ 2-3 ਵਾਰ ਉਤਾਰੇ ਗਏ ਹਨ, ਇਨ੍ਹਾਂ ਦੀ ਇਨ੍ਹਾਂ ਭਰਾਵਾਂ ਨੇ ਜਿਹੜੇ ਕਿ ਮੋਰਚਾ ਲਾਈ ਬੈਠੇ ਹਨ, ਨਿਖੇਧੀ ਨਹੀਂ ਕੀਤੀ ਬਲਕਿ ਉਨ੍ਹਾਂ ਨੂੰ ਸਰੋਪੇ ਦਿੱਤੇ ਜਾ ਰਹੇ ਹਨ। ਉਨ੍ਹਾਂ ਦੀਆਂ ਫੋਟੋਆਂ ਲਾਈਆਂ ਜਾ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਕੀਤਾ ਜਾ ਰਿਹਾ ਹੈ। ਹਿੰਦੂ-ਸਿੱਖ ਦਾ ਸਵਾਲ ਪੈਦਾ ਕੀਤਾ ਜਾ ਰਿਹਾ ਹੈ। ਹਾਲਾਤ ਖਰਾਬ ਕੀਤੇ ਜਾ ਰਹੇ ਹਨ।

11-53 ਪੂਰਵ ਦੁਪਹਿਰ | (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਇਹ ਲੋਕ ਆਪ ਹੀ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨਾ ਚਾਹੁੰਦੇ ਹਨ। ਇਨ੍ਹਾਂ ਨੇ ਕਦੇ ਵੀ ਅਜਿਹੇ ਹਾਲਾਤ ਦੀ ਨਿਖੇਧੀ ਨਹੀਂ ਕੀਤੀ। ਮੈਂ ਸਮਝਦਾ ਹਾਂ ਕਿ ਜੋ ਕੋਈ ਗਲਤ ਕੰਮ ਕਰਦਾ ਹੈ ਔਰ ਫਿਰਕੂ ਗੱਲਾਂ ਕਰਦਾ ਹੈ ਤਾ ਭਾਵੇਂ ਉਹ ਭਿੰਡਰਾਂਵਾਲਾ ਹੋਵੇ, ਪਟਿਆਲੇ ਦਾ ਪਵਨ ਕੁਮਾਰ ਹੋਵੇ ਜਾ ਗੁਰਦਿਆਲ ਸਿੰਘ ਹੋਵੇ ਉਸ ਦੀ ਨਿਖੇਧੀ ਕਰਨੀ ਚਾਹੀਦੀ ਹੈ। ਪਰ ਅੱਜ ਜੇ ਸਿੱਖ ਦਾ ਕਤਲ ਹੋਵੇ ਤਾਂ ਇਹ ਕਹਿੰਦੇ ਹਨ ਕਿ ਸਿੱਖਾ ਨਾਲ ਧੱਕਾ ਹੋ ਰਿਹਾ ਹੈ ਪਰ ਜੇ ਹਿੰਦੂ ਦਾ ਕਤਲ ਹੋ ਜਾਵੇ ਤਾਂ ਹਿੰਦੂ ਨਾਲ ਧੱਕਾ ਨਹੀਂ ਹੋ ਰਿਹਾ। ਇਸ ਲਈ ਮੈਂ ਸਮਝਦਾ ਹਾ ਕਿ ਇਥੇ ਹਿੰਦੂ-ਸਿੱਖ ਦਾ ਝਗੜਾ ਨਹੀਂ ਕਰਨਾ ਚਾਹੀਦਾ ਹੈ ਔਰ ਜਿਹੜਾ ਵੀ ਗਲਤ ਕੰਮ ਕਰਦਾ ਹੈ, ਜਿਹੜਾ ਵੀ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਦੀ ਨਿਖੇਧੀ ਕਰਨੀ ਚਾਹੀਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਦੇ ਹਨ ਜਿਨ੍ਹਾਂ ਦੇ ਕਤਲ ਹੋਏ ਹਨ, ਇਸ ਦੀ ਜ਼ਿੰਮੇਵਾਰੀ ਇਨ੍ਹਾਂ ਅਕਾਲੀਆਂ ਦੇ ਸਿਰ ਤੇ ਜਾਂਦੀ ਹੈ ਜਿਹੜੇ ਕਿ ਉਨ੍ਹਾਂ ਲੋਕਾਂ ਦੀ ਨਿਖੇਧੀ ਨਹੀਂ ਕਰਦੇ।

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ**: ਇਹ (ਟਰੇਜ਼ਰੀ ਬੈਂਚਿਜ਼ ਵਲ ਇਸ਼ਾਰਾ) ਗਵਾਹ ਬੜੇ ਤਕੜੇ ਲੱਭੇ ਹਨ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਤਾਂ ਆਪ ਉਨ੍ਹਾਂ ਦਾ ਸਾਥ ਛੱਡਣਾ ਪਿਆ ਜਿਹੜਾ ਇਨ੍ਹਾਂ ਦਾ ਸਾਥ ਦਿੰਦੇ ਸਨ। ਇਨ੍ਹਾਂ ਨੂੰ ਪਤਾ ਹੈ ਕਿ ਜਿਹੜਾ ਨਹਿਰ ਰੋਕੂ ਮੋਰਚਾ ਲਾਇਆ ਸੀ ਉਹ ਕਿਸ ਤਰ੍ਹਾਂ ਨਾਲ ਫੇਲ੍ਹ ਹੋਇਆ ਹੈ। ਬੜਾ ਸ਼ੋਰ ਪਾਇਆ ਕਿ ਇਹ ਨਹਿਰ ਨਹੀਂ ਬਣਨੀ ਚਾਹੀਦੀ, ਪਰ ਜਿਸ ਵੇਲੇ ਇਨ੍ਹਾਂ ਨੇ ਆਪ ਦੇਵੀ ਲਾਲ ਤੋਂ ਇਕ ਕਰੋੜ ਰੁਪਿਆ ਨਹਿਰ ਵਾਸਤੇ ਲੈ ਲਿਆ ਸੀ ਤਾਂ ਉਸ ਵੇਲੇ ਇਹ ਨਹੀਂ ਬੋਲੇ। ਫਿਰ ਇਨ੍ਹਾਂ ਨੇ ਸਿਵਲ-ਨਾ-ਫੁਰਮਾਨੀ ਦੀ ਲਹਿਰ ਚਲਾਈ। ਮੈਂ ਇਨ੍ਹਾਂ ਨੂੰ ਪੁੱਛਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਹਾਂ ਕਿ ਇਹ ਸਾਨੂੰ ਅਤੇ ਲੋਕਾਂ ਨੂੰ ਤਾਂ ਕਹਿੰਦੇ ਹਨ ਕਿ ਸਰਕਾਰ ਦੇ ਟੈਕਸ ਨਾ ਦਿਓ, ਕਰਜ਼ੇ ਨਾ ਮੋੜੋ, ਪਰ ਜਿਹੜੇ ਬਾਦਲ ਸਾਹਿਬ ਦੀਆਂ ਪੰਜਾਬ ਵਿਚ ਬੱਸਾਂ ਚਲਦੀਆਂ ਹਨ, ਸਿਨਮੇ ਚਲਦੇ ਹਨ ਕੀ ਉਹ ਆਪ ਉਨ੍ਹਾਂ ਦਾ ਟੈਕਸ ਸਰਕਾਰ ਨੂੰ ਨਹੀਂ ਦੇ ਰਹੇ ? ਜੇ ਉਹ ਆਪ ਟੈਕਸ ਦੇ ਰਹੇ ਹਨ ਤਾਂ ਫਿਰ ਲੋਕਾਂ ਵਿਚ ਕਿਸ ਤਰ੍ਹਾਂ ਸਿਵਲ-ਨਾ-ਫੁਰਮਾਨੀ ਦੀਆਂ ਗੱਲਾਂ ਕਰਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਖਾਲਿਸਤਾਨ ਦੀ ਮੰਗ ਅਤੇ ਆਨੰਦਪੁਰ ਸਾਹਿਬ ਦੇ ਮਤੇ ਦੀ ਸਾਰੀਆਂ ਪਾਰਟੀਆਂ ਨੂੰ ਵਿਰੋਧਤਾ ਕਰਨੀ ਚਾਹੀਦੀ ਹੈ। ਚਾਹੇ ਇਸ ਵਾਸਤੇ ਸਾਰੀਆਂ ਪਾਰਟੀਆਂ ਦੀ ਇਕੱਠੀ ਮੀਟਿੰਗ ਕੀਤੀ ਜਾਵੇ, ਪਰ ਸਾਰਿਆਂ ਨੂੰ ਮਿਲ ਕੇ ਇਸ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਪੰਜਾਬ ਨੂੰ ਬਚਾ ਸਕੀਏ। ਇਤਨਾ ਕਹਿ ਕੇ ਮੈਂ ਬੈਠਦਾ ਹਾਂ।

**ਮਾਸਟਰ ਬਾਬੂ ਸਿੰਘ** (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਅੱਜ ਸਪਲੀਮੈਂਟਰੀ ਡਿਮਾਂਡਜ਼ ਤੇ ਬਹਿਸ ਚਲ ਰਹੀ ਹੈ। ਜਿਸ ਤਰ੍ਹਾਂ ਕਿ ਸਾਰੇ ਐਮ.ਐਲ.ਏ. ਸਾਹਿਬਾਨ ਨੇ ਕਿਹਾ ਹੈ ਕਿ ਪੁਲਿਸ ਤੇ ਖਰਚ ਬਹੁਤ ਜ਼ਿਆਦਾ ਕੀਤਾ ਜਾ ਰਿਹਾ ਹੈ ਜਦ ਕਿ ਉਸ ਦੇ ਮੁਕਾਬਲੇ ਸਟੇਟ ਵਿਚ ਲਾਅ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੈ ਬਲਕਿ ਮੈਂ ਤਾਂ ਇਹ ਕਹਾਂਗਾ ਮਾਯੂਸਕੁਨ ਹੈ। ਜਦੋਂ ਦਾ ਲਾਲਾ ਜਗਤ ਨਰਾਇਣ ਦਾ ਕਤਲ ਹੋਇਆ ਹੈ, ਉਸ ਦੇ ਮੁਲਜ਼ਮ ਅੱਜ ਤਕ ਨਹੀਂ ਫੜੇ ਜਾ ਸਕੇ। ਪਕੜਨੇ ਤਾਂ ਕੀ, ਅਜੇ ਤਕ ਉਨ੍ਹਾਂ ਦੀ ਆਈਡੈਂਟਿਟੀ ਵੀ ਨਹੀਂ ਕਰ ਸਕੇ। ਇਸ ਤੋਂ ਬਾਅਦ ਜਿਹੜੇ ਪੁਲਿਸ ਮੁਕਾਬਲੇ ਦੇ ਝਗੜੇ ਚਲੇ ਉਹ ਵੀ ਬਹੁਤ ਭੈੜੇ ਹਨ। ਮੈਂ ਸਮਝਦਾ ਹਾਂ ਕਿ ਪੁਲਿਸ ਦੇ ਜਿਹੜੇ ਆਪਣੇ ਬਿਆਨ ਹਨ, ਜਿਹੜਾ ਇਸ ਦਾ ਆਪਣਾ ਰੋਲ ਹੈ ਉਹ ਵੀ ਠੀਕ ਨਹੀਂ। ਸਰਦਾਰ ਸੁਰਜੀਤ ਸਿੰਘ, ਜਿਹੜਾ ਖੇਤੀਬਾੜੀ ਯੂਨੀਵਰਸਿਟੀ ਵਿਚ ਮੁਲਾਜ਼ਮ ਹੈ ਉਸ ਨੂੰ ਗਿੱਦੜਬਾਹੇ ਵਿਚੋਂ ਫੜਿਆ ਜਾਂਦਾ ਹੈ ਤੇ ਜਦੋਂ ਉਸ ਦੀ ਘਰਵਾਲੀ ਜੁਡੀਸ਼ਲ ਅਦਾਲਤ ਵਿਚ ਐਪਲੀਕੇਸ਼ਨ ਦਿੰਦੀ ਹੈ ਤਾਂ ਪੁਲਿਸ ਵਾਲਿਆਂ ਦਾ ਬਿਆਨ ਆ ਜਾਂਦਾ ਹੈ ਕਿ ਉਸ ਨੂੰ ਗਿੱਦੜਬਾਹੇ ਤੋਂ ਨਹੀਂ ਬਲਕਿ ਬਠਿੰਡੇ ਤੋਂ ਜਦੋਂ ਉਹ ਅਸਲਖਾਨੇ ਤੋਂ ਕਾਰਤੂਸ ਲੈ ਰਿਹਾ ਸੀ ਤਾਂ ਫੜ ਲਿਆ ਹੈ। ਇਸ ਤਰ੍ਹਾਂ 15 ਦਿਨਾਂ ਬਾਅਦ ਪੁਲਿਸ ਦਾ ਇਹ ਬਿਆਨ ਆ ਜਾਂਦਾ ਹੈ। ਇਸ ਤੋਂ ਇਲਾਵਾ ਬਲਾਚੌਰ ਵਿਚ ਕੰਡੀ ਦੇ ਇਲਾਕੇ ਵਿਚ ਇਕ ਸਬ-ਸੈਂਟਰ ਵਾਸਤੇ ਕਾਨਫਰੰਸ ਰੱਖੀ ਗਈ ਤਾਂ ਉਥੇ ਸੀ.ਐਮ. ਸਾਹਿਬ ਨੇ ਜਾਣਾ ਸੀ ਪਰ ਕਿਸੇ ਕਾਰਨ ਸੀ.ਐਮ. ਸਾਹਿਬ ਨਹੀਂ ਪਹੁੰਚ ਸਕੇ ਔਰ ਉਥੇ ਐਗਰੀਕਲਚਰ ਮਨਿਸਟਰ ਸਾਹਿਬ ਪਹੁੰਚੇ ਤਾਂ ਉਹ ਲੋਕਾਂ ਨੂੰ ਕਹਿੰਦੇ ਹਨ ਕਿ ਅੱਜ ਜਿਹੜਾ ਤੁਹਾਡੇ ਦਰਮਿਆਨ ਔਰ ਸਾਡੇ ਦਰਮਿਆਨ ਫਾਸਲਾ ਹੈ ਇਹ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੋਣ ਕਰਕੇ ਹੈ। ਉਥੇ ਸਿਕਿਉਰਟੀ ਮਈਅਰਜ਼ ਇਤਨੇ ਟਾਈਟ ਸਨ ਕਿ ਖੇਤੀਬਾੜੀ ਮਨਿਸਟਰ ਨੂੰ ਇਹ ਬਿਆਨ ਦੇਣਾ ਪਿਆ। ਫਿਰ ਇਕ ਹੋਰ ਗੱਲ ਦੱਸਦਾ ਹਾਂ ਕਿ ਐਸ.ਐਸ.ਪੀ., ਅੰਮ੍ਰਿਤਸਰ ਕਹਿੰਦਾ ਹੈ ਕਿ ਭਿੰਡਰਾਂਵਾਲੇ ਦੀ ਲੋੜ ਨਹੀਂ, ਪਰ ਸੀ.ਐਮ. ਪੰਜਾਬ ਦਾ ਕਹਿਣਾ ਹੈ ਕਿ ਭਿੰਡਰਾਂਵਾਲੇ ਨੂੰ ਫੜਨਾ ਹੈ, ਉਹ ਬਾਹਰ ਨਿਕਲੇ। ਇਹ ਦਿਨ੍ਹਾਂ ਦੇ ਆਪਣੇ ਬਿਆਨ ਹਨ। ਫਿਰ ਮੈਂ ਇਹ ਵੀ ਦੱਸਦਾ ਹਾਂ ਕਿ ਅੱਜ ਜੋ ਸੰਤ ਹਰਚੰਦ ਸਿੰਘ ਕੋਲ ਕੋਈ ਅੰਮ੍ਰਿਤ ਛਕਣ ਜਾਂਦੇ ਹਨ ਤਾਂ ਕਾਫਲਾ ਨਹੀਂ ਜਾਂਦਾ ਪਰ ਭਿੰਡਰਾਂਵਾਲੇ ਕੋਲ ਅੰਮ੍ਰਿਤ ਛੱਕਣ ਜਾਂਦੇ ਹਨ ਤਾਂ ਕਾਫਲਾ ਜਾਂਦਾ ਹੈ। ਸੰਤ ਹਰਚੰਦ ਸਿੰਘ ਕਿਸੇ ਗੁਰਦੁਆਰੇ ਵਿਚ ਜਾ ਕੇ ਅੰਮ੍ਰਿਤ ਛਕਾ ਕੇ ਆ ਜਾਂਦੇ ਹਨ ਪਰ ਜਦੋਂ ਸੰਤ ਭਿੰਡਰਾਂਵਾਲਾ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ ਤਾਂ ਉਸ ਦੇ ਨਾਲ ਉਸ ਦਾ ਕਾਫਲਾ ਹਥਿਆਰਾਂ ਨਾਲ ਲੈਸ ਹੋ ਕੇ ਜਾਂਦਾ ਹੈ। ਇਹ ਕਿਉਂ ਕੀਤਾ ਜਾਂਦਾ ਹੈ ? ਸਰਕਾਰ ਨੂੰ ਪਤਾ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਕੋਲ ਗਲਤ ਕਿਸਮ ਦਾ ਹਥਿਆਰ ਕਿਥੋਂ ਆਉਂਦਾ ਹੈ ਅਤੇ ਕਿਸ ਨੇ ਦਿੱਤਾ ਹੈ।

ਇਥੇ ਕੈਰੋਂ ਸਾਹਿਬ ਦਾ ਜ਼ਿਕਰ ਆਇਆ ਸੀ। ਉਹ ਇਕ ਬਹੁਤ ਸੂਝਵਾਨ ਤੇ ਦਲੇਰ ਸੀ. ਐਮ. ਰਹੇ ਹਨ। ਬੇਸ਼ੱਕ ਉਨ੍ਹਾਂ ਨੂੰ 5 ਬੰਦਿਆਂ ਨੇ ਮਿਲ ਕੇ ਗੋਲੀ ਮਾਰ ਦਿੱਤੀ ਸੀ ਪਰ ਜੋ ਉਨ੍ਹਾਂ ਨੇ ਪੰਜਾਬ ਦੀ ਡਿਵੈਲਪਮੈਂਟ ਵਿਚ ਹਿੱਸਾ ਪਾਇਆ ਉਹ ਬਹੁਤ ਸ਼ਲਾਘਾਯੋਗ ਹੈ। ਇਸੇ ਤਰ੍ਹਾਂ ਸਾਡੇ ਸੀ. ਐਮ. ਸਾਹਿਬ ਤੇ ਅੱਤਵਾਦੀਆਂ ਦੇ 5-6 ਬੰਦਿਆਂ ਨੇ ਹਮਲਾ ਕੀਤਾ ਸੀ ਪਰ ਉਸ ਨੂੰ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਮੇਰੇ ਤੇ ਹਮਲਾ ਨਹੀਂ ਕੀਤਾ। ਇਹ ਜਿਹੜਾ ਹਮਲਾ ਫੇਰ ਰਾਹੋਂ ਵਿਚ ਕੀਤਾ ਗਿਆ ਸੀ ਉਸ ਨੂੰ ਦੇਖ ਕੇ ਸਾਡੇ ਸਾਰਿਆਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਅਤੇ ਇਹ ਹਾਦਸਾ ਕਾਬਲੇ ਬਰਦਾਸ਼ਤ ਨਹੀਂ ਹੈ। ਇਹ ਵੀ ਹਮਲਾ ਉਨ੍ਹਾਂ ਅੱਤਵਾਦੀਆਂ ਨੇ ਕੋਈ ਸੜਕ ਤੇ ਨਹੀਂ ਕੀਤਾ ਬਲਕਿ ਇਕ ਕਾਨਫਰੰਸ ਵਿਚ ਕੀਤਾ। ਕਿਥੇ ਗਈ ਸਟੇਟ ਦੀ ਸੀ. ਆਈ. ਡੀ. ? ਬੜੀ ਸ਼ਰਮ ਦੀ ਗੱਲ ਹੈ। ਫੇਰ ਦੂਜੇ ਦਿਨ ਤੁਸੀਂ ਗੁਰਮੀਤ ਸਿੰਘ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੰਦੇ ਹੋ। ਇਸੇ ਤਰ੍ਹਾ ਦੀ ਮਿਸਾਲ ਹੈ ਕਿ ਮੇਰੇ ਜ਼ਿਲ੍ਹੇ ਵਿਚ 24 ਤਾਰੀਖ ਨੂੰ ਦੋ ਪਾਰਟੀਆਂ ਦੀ ਆਪਸ ਵਿਚ ਲੜਾਈ ਹੋ ਗਈ, ਇਹ ਲੜਾਈ ਖੜਕ ਸਿੰਘ ਵਾਲੀ ਥਾਂ ਤੇ ਹੋਈ। ਪਹਿਲੇ ਇਕ ਪਾਰਟੀ ਨੇ ਦੂਜੀ ਪਾਰਟੀ ਦੇ ਬੰਦੇ ਨੂੰ ਮਾਰ ਦਿੱਤਾ ਅਤੇ ਦੂਜੇ ਦਿਨ ਦੂਜੀ ਪਾਰਟੀ ਨੇ ਪਹਿਲੀ ਪਾਰਟੀ ਦੇ ਦੋ ਬੰਦਿਆਂ ਨੂੰ ਫੜ ਕੇ ਮਾਰ ਦਿੱਤਾ ਔਰ ਤੀਜਾ ਬੰਦਾ ਭਗੌੜਾ ਹੋ ਗਿਆ ਸੀ ਔਰ ਜਿਸ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਇਸ ਤੋਂ ਸਾਬਤ ਹੁੰਦਾ ਹੈ ਕਿ ਪੁਲਿਸ ਵਲੋਂ ਜਿੰਨੇ ਮੁਕਾਬਲੇ ਸ਼ੋ ਕੀਤੇ ਗਏ ਹਨ ਇਹ ਸਾਰੇ ਬੋਗਸ ਹਨ। ਜਿਸ ਬੰਦੇ ਨੂੰ ਮਾਰਨਾ ਹੁੰਦਾ ਹੈ ਉਸ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਜਾਂਦਾ ਹੈ।

ਅਬਸਕੌਂਡਰ ਮਹੀਨਾ ਮਹੀਨਾ ਭੱਜੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਜਾਇਦਾਦ ਦੀ ਅਟੈਚਮੈਂਟ ਕੀਤੀ ਜਾਂਦੀ ਹੈ। ਉਹ ਬੰਦਾ 3 ਦਿਨਾਂ ਦੇ ਵਿਚ ਪੇਸ਼ ਹੋਣ ਵਾਲਾ ਸੀ ਪਰ ਉਸ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਮੈਨੂੰ ਪਤਾ ਹੈ ਕਿ ਰਾਮਪੁਰਾਫੂਲ ਦੇ ਮੁਨਸ਼ੀ ਨੇ ਉਸ ਨੂੰ ਗੋਲੀ ਮਾਰੀ ਹੈ। ਇਸ ਦੇ ਨਾਲ ਪੁਲਿਸ ਅਤੇ ਸਟੇਟ ਦੀ ਸਰਕਾਰ ਦਾ ਇਮੇਜ ਖਰਾਬ ਹੁੰਦਾ ਹੈ।

**ਪੰਡਿਤ ਸਰਵਣ ਰਾਮ:** ਆਨ ਏ ਪੁਆਇੰਟ ਆਫ ਆਰਡਰ, ਸਰ। ਪੁਲਿਸ ਨੇ ਲਾਅ ਐਂਡ ਆਰਡਰ ਨੂੰ ਕਾਇਮ ਕਰਨਾ ਹੈ। ਇਕ ਪਾਸੇ ਇਹ ਕਹਿੰਦੇ ਹਨ ਕਿ ਸਰਕਾਰ ਲਾਅ ਐਂਡ ਆਰਡਰ ਨੂੰ ਕੰਟਰੋਲ ਨਹੀਂ ਕਰਦੀ ਔਰ ਦੂਜੇ ਪਾਸੇ ਇਹ ਕਹਿੰਦੇ ਹਨ ਕਿ ਪੁਲਿਸ ਮੁਕਾਬਲੇ ਦੇ ਕੇਸਿਜ਼ ਬੋਗਸ ਹਨ। ਇਸ ਦਾ ਮਤਲਬ ਇਹ ਹੈ ਕਿ ਇਹ ਚਾਹੁੰਦੇ ਹਨ ਕਿ ਗੁੰਡਿਆਂ ਨੂੰ ਸਰਕਾਰ ਫਿਰਨ ਦੇਵੇ ਅਤੇ ਗੁੰਡਾਗਰਦੀ ਕਰੀ ਜਾਣ। ਇਹ ਕਿਸ ਤਰ੍ਹਾਂ ਲਾਅ ਐਂਡ ਆਰਡਰ ਮੇਨਟੇਨ ਕਰਨਾ ਚਾਹੁੰਦੇ ਹਨ। ਮੈਨੂੰ ਇਨ੍ਹਾਂ ਦੀ ਪਾਲਿਸੀ ਸਮਝ ਵਿਚ ਨਹੀਂ ਆਈ।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਡਿਪਟੀ ਸਪੀਕਰ ਸਾਹਿਬ, ਬੇਸ਼ੱਕ ਤੁਸੀਂ ਇਸ ਦੀ ਇਨਕੁਆਇਰੀ ਕਰਵਾ ਲਵੋ । ਇਸੇ ਤਰ੍ਹਾਂ ਗੁਰਚਰਨ ਸਿੰਘ ਦੀ ਖਬਰ ਅਖਬਾਰਾਂ ਦੇ ਫਰੰਟ ਪੇਜ ਤੇ ਆਈ ਸੀ ਕਿ ਇਸ ਦੀ ਇਨਵਾਲਵਮੈਂਟ ਸੀ.ਐਮ. ਤੇ ਹਮਲਾ ਕਰਨ ਵਿਚ ਹੈ ਔਰ ਦੱਸਿਆ ਸੀ ਕਿ ਗੁਰਮੀਤ ਸਿੰਘ ਦੇ ਕਹਿਣ ਮੁਤਾਬਿਕ ਬਹਾਦਰ ਸਿੰਘ ਭਗੌੜਾ ਹੋ ਗਿਆ ਹੈ । ਫੇਰ ਤੁਸੀਂ ਗੁਰਚਰਨ ਸਿੰਘ ਨੂੰ 437 ਆਈ.ਪੀ.ਸੀ. ਦੇ ਅਧੀਨ ਜ਼ਮਾਨਤ ਤੇ ਕਿਉਂ ਛੱਡ ਦਿੱਤਾ । ਉਸ ਨੂੰ ਛੱਡ ਦਿੱਤਾ ਔਰ ਇਕ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਅਤੇ ਇਕ ਭੌਗੜਾ ਸ਼ੋ ਕਰ ਦਿੱਤਾ । ਇਸ ਉਤੇ ਸਾਨੂੰ ਸ਼ੱਕ ਲਗਦਾ ਹੈ ਕਿ ਅਸਲ ਕਹਾਣੀ ਕੁਝ ਹੋਰ ਹੀ ਹੈ । ਕਈ ਕਰਾਈਮ ਤਾਂ ਪੁਲਿਸ ਖੁਦ ਕਰਦੀ ਹੈ ਜਿਵੇਂ ਪਟਿਆਲੇ ਵਿਚ ਡੀ.ਆਈ.ਜੀ ਦੇ ਬਿਆਨ ਲੈਂਦੇ ਸਮੇਂ ਪੁਲਿਸ ਦੇ ਅਮਲੇ ਨੇ ਮੰਨਿਆਂ ਸੀ ਕਿ ਉਨ੍ਹਾਂ ਨੇ ਵਾਲੀਆਂ ਅਤੇ ਕੁੰਡੇ ਖੁਦ ਉਤਾਰੇ ਹਨ ਪਰ ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਹੋਇਆ । ਇਹ ਵੀ ਉਹ ਖੁਦ ਉਦੋਂ ਬੋਲੇ ਸਨ ਜਦੋਂ ਡੀ.ਆਈ.ਜੀ. ਨੇ ਵਾਰਨਿੰਗ ਦਿੱਤੀ ਸੀ ਕਿ ਮੈਂ ਡਿਸਮਿਸ ਕਰ ਦੇਵਾਂਗਾ ਨਹੀਂ ਤਾਂ ਆਪਣੇ ਜੁਰਮ ਦਾ ਇਕਬਾਲ ਕਰ ਲਵੋ । ਬਹੁਤ ਸਾਰੀਆਂ ਕੰਪਲੇਂਟਸ ਥਾਣਿਆਂ ਵਿਚ ਦਰਜ ਹੀ ਨਹੀਂ ਕੀਤੀਆਂ ਜਾਂਦੀਆ । ਸਰਕਾਰ ਨੂੰ ਥਾਣਿਆਂ ਵਿਚ ਗਜ਼ਟਿਡ ਅਫਸਰ ਲਗਾਉਣੇ ਚਾਹੀਦੇ ਹਨ । ਜੇਕਰ ਇਹ ਪਿੰਡਾਂ ਵਿਚ ਨਹੀਂ ਲਗਾ ਸਕਦੀ ਕਮ-ਅਜ਼-ਕਮ ਸ਼ਹਿਰਾਂ ਦੇ ਵਿਚ ਜ਼ਰੂਰ ਲਗਾ ਦੇਣੇ ਚਾਹੀਦੇ ਹਨ । ਹਾਲੇ ਇਨ੍ਹਾਂ ਦੇ ਥਾਣਿਆਂ ਵਿਚ ਲਿਖਿਆ ਹੁੰਦਾ ਹੈ ਕਿ ਇਮਾਨਦਾਰ ਬਣੋ ਅਤੇ ਆਪਣਾ ਕੰਮ ਜਲਦੀ ਨਿਪਟਾਓ, ਪਰ ਮਾਟੋ ਤੇ ਕੋਈ ਚਲਦਾ ਹੀ ਨਹੀਂ ਹੈ । ਪਿਛੇ ਸਾਡੇ ਸਹਿਕਾਰਤਾ ਮੰਤਰੀ ਪਠਾਨਕੋਟ ਗਏ ਸਨ ਅਤੇ ਇਨ੍ਹਾਂ ਨੂੰ ਪਤਾ ਹੈ ਕਿ ਇਕ ਥਾਣੇਦਾਰ ਨੇ ਸ਼ਰਾਬ ਖੂਬ ਪੀਤੀ ਹੋਈ ਸੀ ਅਤੇ ਉਹ ਕਹਿਣ ਲਗਾ ਕਿ ਮੈਂ ਕਿਸੇ ਵਜ਼ੀਰ ਦੀ ਪਰਵਾਹ ਨਹੀਂ ਕਰਦਾ । ਉਹ ਰਿਪੋਰਟ ਦਰਜ ਨਹੀਂ ਕਰ ਰਿਹਾ ਸੀ ਫੇਰ ਇਨ੍ਹਾਂ ਦੀ ਦਖਲ-ਅੰਦਾਜ਼ੀ ਨਾਲ ਰਿਪੋਰਟ ਦਰਜ ਹੋਈ ਸੀ । ਕੀ ਇਹ ਲੋਕ ਪੰਜਾਬ ਦੀ ਸੇਵਾ ਕਰ ਰਹੇ ਹਨ ?

ਇਸ ਦੇ ਨਾਲ ਹੀ ਦਹੇੜੂ ਦੇ ਵਾਕਿਆ ਵਿਚ ਬਠਿੰਡੇ ਦਾ ਇਕ ਇਨਸਪੈਕਟਰ ਪੁਲਿਸ ਮਾਰਿਆ ਗਿਆ ਸੀ । ਸਰਕਾਰ ਨੂੰ ਇਨ੍ਹਾਂ ਪੁਲਿਸ ਅਫਸਰਾਂ ਦੀ ਹੌਂਸਲਾ-ਅਫਜ਼ਾਈ ਵਾਸਤੇ ਉਨ੍ਹਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਔਰ ਉਨ੍ਹਾਂ ਨੂੰ ਅਵਾਰਡ ਅਤੇ ਗਰੈਚੁਟੀ, ਪੈਨਸ਼ਨ ਆਦਿ ਜਲਦੀ ਤੋਂ ਜਲਦੀ ਮਿਲ ਜਾਣੀ ਚਾਹੀਦੀ ਹੈ ਤਾਕਿ ਇਨ੍ਹਾਂ ਦੇ ਸਨਮਾਨ ਤੋਂ ਹੋਰ ਪੁਲਿਸ ਅਫਸਰ ਹੌਸਲਾ-ਅਫਜ਼ਾਈ ਲੈ ਸਕਣ । ਬਾਕੀ ਸਰਕਾਰ ਨੂੰ ਪੁਲਿਸ ਮਹਿਕਮੇ ਵਿਚ ਸਕਰੀਨਿੰਗ ਕਰਨ ਦੀ ਲੋੜ ਹੈ । ਕੁਝ ਅਫਸਰਾਂ ਨੂੰ ਸਰਕਾਰ ਨੇ ਚਾਰਜਸ਼ੀਟ ਕੀਤਾ ਕਿ ਉਨ੍ਹਾਂ ਨੇ ਆਪਣੇ ਵਕਤ ਨਜਾਇਜ ਤਰੀਕੇ ਨਾਲ ਹਥਿਆਰ ਲੋਕਾਂ ਨੂੰ ਦਿਤੇ ਹਨ । ਗਲਤ ਬੰਦਿਆਂ ਨੂੰ ਗਲਤ ਨਾਵਾਂ ਤੇ ਹਥਿਆਰ ਦਿੱਤੇ ਹਨ ਪਰ ਹਾਲੇ ਤਕ ਅੱਗੇ ਕੋਈ ਕਾਰਵਾਈ ਨਹੀਂ ਹੋਈ । ਸਰਕਾਰ ਇਨ੍ਹਾਂ ਨੂੰ ਸਸਪੈਂਡ ਕਰਕੇ ਇਨਕੁਆਇਰੀ ਕਰਦੀ । ਦੇਖਣਾ ਚਾਹੀਦਾ ਹੈ ਇਹ ਲੋਕ ਕੌਣ ਸਨ ਜਿਨ੍ਹਾਂ ਨੇ ਹਵਾਈ ਜਹਾਜ਼ ਨੂੰ ਹਾਈਜੈਕ ਕੀਤਾ ਸੀ । ਜਗਜੀਤ ਢਿੱਲੋਂ ਦੇ ਨਾਲ 4 ਹੋਰ ਬੰਦੇ ਪਾਕਿਸਤਾਨ ਵਿਚ ਹਨ ।

ਜੇਲ੍ਹਾਂ ਵਿਚ ਹਾਲਤ ਬਹੁਤ ਮਾੜੀ ਹੈ । ਜਿਵੇਂ ਗੁਰਦਾਸਪੁਰ ਅਤੇ ਨਾਭਾ ਜੇਲ੍ਹਾਂ ਬਾਰੇ ਅਖਬਾਰਾਂ ਵਿਚ ਆਇਆ ਹੈ ਕਿ ਕੈਦੀ ਜੇਲ੍ਹਾਂ ਦੇ ਬਾਹਰ ਕੈਂਪ ਵਿਚ ਬੈਠੇ ਹੋਏ ਹਨ, ਇਸ ਦੀ ਇਨਕੁਆਇਰੀ ਕਰਨੀ ਚਾਹਦੀ ਹੈ । ਜੇਲ੍ਹਾਂ ਦੀ ਕੰਡੀਸ਼ਨ ਵਿਚ ਸੁਧਾਰ ਕਰਨ ਦੀ ਲੋੜ

Original with;
Punjab Vidhan Sabha
Digitized by;
Panjab Digital Library

ਹੈ । ਜੇਲ੍ਹਾਂ ਵਿਚ ਮੱਛਰ ਬਹੁਤ ਹੈ ਅਤੇ ਉਥੇ ਸੱਪ ਨਿਕਲਦੇ ਹਨ । ਬਰਨਾਲਾ ਸਾਹਿਬ ਨੂੰ ਰਾਮਪੁਰਾਫੂਲ ਸਬ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਹੈ । ਇਹ ਠੀਕ ਹੈ ਕਿ ਅਗਰ ਕੋਈ ਕੈਦੀ ਕਿਸੇ ਸੱਪ ਨੂੰ ਜੇਲ੍ਹਾਂ ਵਿਚ ਮਾਰੇ ਤਾਂ ਉਸ ਦੀ ਸਜ਼ਾ 8-10 ਦਿਨ ਘੱਟ ਜਾਂਦੀ ਹੈ । (ਵਿਘਨ) 7 ਮਈ, 1982 ਦੀ ਪੰਜਾਬੀ ਟ੍ਰਿਬਿਊਨ ਵਿਚ ਆਇਆ ਸੀ ਕਿ ਪੁਲਿਸ ਮੁਲਾਜ਼ਮਾਂ ਨੇ ਪਟਿਆਲੇ ਵਿਚ ਲੁਟ ਮਾਰ ਕਰਨ ਦਾ ਇਕਬਾਲ ਡੀ.ਆਈ.ਜੀ. ਕੋਲ ਕੀਤਾ ਹੈ ਜਿਵੇਂ ਕਿ ਮੈਂ ਪਹਿਲੇ ਦੱਸ ਚੁੱਕਾ ਹਾਂ । ਇਸ ਨਾਲ ਲੋਕਾਂ ਦੀ ਨਿਗਾਹ ਵਿਚ ਪੁਲਿਸ ਦਾ ਵਕਾਰ ਘੱਟਦਾ ਹੈ ਅਤੇ ਸਟੇਟ ਦੀ ਬਦਨਾਮੀ ਹੁੰਦੀ ਹੈ । ਕੀ ਇਨ੍ਹਾਂ ਦੇ ਖਿਲਾਫ਼ ਕੋਈ ਐਕਸ਼ਨ ਹੋਇਆ ? ਮੈਨੂੰ ਇਸ ਬਾਰੇ ਹੋਰ ਕੋਈ ਖਬਰ ਨਹੀਂ ਮਿਲੀ ਜਦ ਕਿ ਉਨ੍ਹਾਂ ਨੇ ਓਪਨਲੀ ਇਸ ਜੁਰਮ ਦਾ ਇਕਬਾਲ ਕੀਤਾ ਸੀ । ਪੁਲਿਸ ਸਟੇਟ ਦੀ ਕਸਟੋਡੀਅਨ ਹੁੰਦੀ ਹੈ ਜੇਕਰ ਪੁਲਿਸ ਹੀ ਕਰਾਈਮ ਕਰੇਗੀ ਫੇਰ ਇਸ ਨੂੰ ਰੋਕੇਗਾ ਕੌਣ ?

ਐਜੂਕੇਸ਼ਨ ਦੀ ਡਿਮਾਂਡ ਹੈ ਪਰ ਐਜੂਕੇਸ਼ਨ ਮਨਿਸਟਰ ਸਾਹਿਬ ਇਥੇ ਹਾਊਸ ਵਿਚ ਬੈਠੇ ਨਹੀਂ ਹਨ । ਖਜ਼ਾਨਾ ਮੰਤਰੀ ਜੀ ਬੈਠੇ ਹਨ, ਉਨ੍ਹਾਂ ਦਾ ਵੀ ਮਸਲਾ ਹੈ । ਡਿਪਟੀ ਸਪੀਕਰ ਸਾਹਿਬ, 7-8 ਸਾਲਾਂ ਤੋਂ ਸਿਲਾਈ ਕਢਾਈ ਦੀਆਂ ਟੀਚਰਜ਼ ਪੰਜਾਬ ਵਿਚ ਕੰਮ ਕਰਦੀਆਂ ਹਨ ਪਰ ਉਨ੍ਹਾਂ ਸਿਲਾਈ ਕਢਾਈ ਟੀਚਰਾਂ ਨੂੰ 28 ਫਰਵਰੀ, 1982 ਨੂੰ ਨੋਟਿਸ ਆ ਗਿਆ ਕਿ ਉਨ੍ਹਾਂ ਨੂੰ ਹਟਾ ਦਿਤਾ ਜਾਵੇਗਾ । ਇਹ ਪੰਜਾਬ ਵਿਚ ਕੁੱਲ 80 ਲੜਕੀਆਂ ਹਨ । ਇਸ ਵਿਚ ਫਾਈਨਾਂਸ ਡਿਪਾਰਟਮੈਂਟ ਨੇ ਕਲੀਅਰੈਂਸ ਦੇਣੀ ਹੈ । ਉਹ ਕਲੀਅਰੈਂਸ ਜਲਦੀ ਦੇ ਦਿਓ । ਇਕ ਸਰਕੂਲਰ ਵੀ ਹੈ ਕਿ ਜਿਸ ਦੀ ਇਕ ਸਾਲ ਦੀ ਸਰਵਿਸ ਹੋ ਜਾਵੇ ਉਸ ਨੂੰ ਰੈਗੂਲਰ ਕਰ ਦਿਤਾ ਜਾਵੇ ਪਰ ਇਥੇ ਤਾਂ ਇਨ੍ਹਾਂ ਦੀ 8-10 ਸਾਲ ਦੀ ਸਰਵਿਸ ਹੋ ਗਈ ਹੈ । ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਸਬੰਧੀ ਜਲਦੀ ਕਲੀਅਰੈਂਸ ਦੇਣ ਤਾਕਿ ਉਨ੍ਹਾਂ ਨੂੰ ਨੌਕਰੀ ਵਿਚੋਂ ਨਾਂ ਕੱਢਿਆ ਜਾਵੇ ।

ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਕਾਲਜਾਂ ਦੀਆਂ ਕੁਝ ਮੰਗਾਂ ਮੰਨ ਲਈਆਂ ਹਨ, ਇਹ ਬੜੀ ਚੰਗੀ ਗੱਲ ਹੈ ਪਰ ਜਿਹੜੇ ਪ੍ਰਾਈਵੇਟ ਕਾਲਜ ਜਿਵੇਂ ਕਿ ਮਾਲਵਾ ਕਾਲਜ, ਮਾਨਸਾ ਕਾਲਜ ਆਦਿ ਪੰਜ ਛੇ ਕਾਲਜ ਹਨ, ਜਿਹੜੇ ਕਿ ਠੀਕ ਤਰ੍ਹਾਂ ਨਹੀਂ ਚਲ ਰਹੇ, ਉਨ੍ਹਾਂ ਕਾਲਜਾਂ ਨੂੰ ਜਿਹੜੇ ਠੀਕ ਤਰ੍ਹਾਂ ਕੰਮ ਨਹੀਂ ਕਰਦੇ ਅਤੇ ਉਥੇ ਸਟੂਡੈਂਟਸ ਦਾ ਜੀਵਨ ਖਰਾਬ ਹੋ ਰਿਹਾ ਹੈ, ਉਨ੍ਹਾਂ ਕਾਲਜਾਂ ਨੂੰ ਸਰਕਾਰ ਨੂੰ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ । 95% ਗਰਾਂਟ ਤਾਂ ਸਰਕਾਰ ਇਨ੍ਹਾਂ ਕਾਲਜਾਂ ਨੂੰ ਦੇ ਹੀ ਰਹੀ ਹੈ, ਸਿਰਫ 5% ਹੋਰ ਗਰਾਂਟ ਦੇਣ ਦੀ ਜ਼ਰੂਰਤ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਕਾਲਜਾਂ ਨੂੰ ਸਰਕਾਰ ਨੂੰ ਟੇਕ ਓਵਰ ਕਰਨਾ ਚਾਹੀਦਾ ਹੈ । ਬਾਕੀ ਜਿਹੜੇ, ਗੌਰਮਿੰਟ ਕਾਲਜਾਂ ਦੇ ਟੀਚਰਜ਼ ਹਨ ਅਤੇ ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਹਨ, ਉਨ੍ਹਾਂ ਦੀ ਪੈਰਿਟੀ ਕਾਇਮ ਕਰਨੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਡਿਫਰੈਂਟ ਡਿਪਾਰਟਮੈਂਟਸ ਦੀਆਂ ਡਿਫਰੈਂਟ ਕਮੇਟੀਆਂ ਬਣਾਈਆਂ ਗਈਆਂ ਸਨ । ਉਹ ਕਮੇਟੀਆਂ ਜਿਸ ਮਕਸਦ ਨੂੰ ਮੁੱਖ ਰਖਕੇ ਬਣਾਈਆਂ ਗਈਆਂ ਸਨ, ਉਹ ਮਕਸਦ ਪੂਰਾ ਹੋਣਾ ਚਾਹੀਦਾ ਹੈ । ਉਨ੍ਹਾਂ ਕਮੇਟੀਆਂ ਦੀ ਮੀਟਿੰਗ ਕੁਆਰਟਰਲੀ ਹੋਣੀ ਚਾਹੀਦੀ ਹੈ । ਮੀਟਿੰਗਾਂ ਜਲਦੀ ਕਰਕੇ ਜਲਦੀ ਡਿਸੀਜ਼ਨ ਲਏ ਜਾਣੇ ਚਾਹੀਦੇ ਹਨ । ਪੰਜਾਬ ਸਰਕਾਰ ਨੇ ਇੱਕ ਐਜੂਕੇਸ਼ਨ ਕਮਿਸ਼ਨ ਬਣਾਇਆ ਸੀ । ਉਸ ਕਮਿਸ਼ਨ ਵਿਚ ਚੰਗੇ ਮੈਂਬਰ ਹੋਣੇ ਚਾਹੀਦੇ ਹਨ ਤਾਕਿ

Original with; Punjab Vidhan Sabha Digitized by; Panjab Digital Library

[ਮਾਸਟਰ ਬਾਬੂ ਸਿੰਘ]

ਐਜੂਕੇਸ਼ਨ ਇੰਪਰੂਵ ਹੋ ਸਕੇ । ਡਿਪਟੀ ਸਪੀਕਰ ਸਾਹਿਬ, ਅੱਜ ਦੀ ਅਖਬਾਰ ਵਿਚ ਹੀ ਸੀ ਕਿ ਪੰਜ ਲੱਖ ਦੇ ਕਰੀਬ ਸਕੂਲ ਭਾਰਤ ਵਿਚ ਧੁਪੇ ਅਤੇ ਦਰਖਤ ਹੇਠ ਹਨ ।

ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 26 ਵਿਚ ਗੋਬਰ ਗੈਸ ਪਲਾਂਟ ਦਾ ਜ਼ਿਕਰ ਹੈ। ਗੋਬਰ ਗੈਸ ਪਲਾਂਟ ਸਾਡੇ ਜ਼ਿਲ੍ਹੇ ਵਿਚ ਤਾਂ ਫੇਲ ਹੋਈ ਹੈ । ਰਾਮਪੁਰਾਫੂਲ ਦੇ ਕਿਸਾਨ ਗੋਬਰ ਗੈਸ ਤੋਂ ਬੜੇ ਔਖੇ ਸਨ । ਡਿਪਟੀ ਸਪੀਕਰ ਸਾਹਿਬ, ਭਾਵੇਂ ਕੋਈ ਸਰਕਾਰੀ ਬੈਂਚਿਜ਼ ਦਾ ਹੋਵੇ ਜਾਂ ਆਪੋਜ਼ੀਸ਼ਨ ਬੈਂਚਿਜ਼ ਦਾ ਹੋਵੇ ਪਰ ਕਿਸਾਨਾਂ ਬਾਰੇ ਸਾਨੂੰ ਜ਼ਰੂਰ ਸੋਚਣਾ ਚਾਹੀਦਾ ਹੈ । ਪੈਡੀ ਦੀ ਕੀਮਤ 122 ਰੁਪਏ ਫਿਕਸ ਕੀਤੀ ਗਈ ਜਦੋਂ ਕਿ ਪੈਡੀ 140 ਰੁਪਏ ਉਨ੍ਹਾਂ ਨੂੰ ਘਰ ਪੈਂਦੀ ਹੈ । ਕਣਕ ਬਾਰੇ ਅਖਬਾਰਾਂ ਵਿਚ 170 ਰੁਪਏ ਦਾ ਭਾਅ ਆਇਆ ਹੈ । ਪਤਾ ਨਹੀਂ ਅਖਬਾਰਾਂ ਵਾਲੇ ਠੀਕ ਲਿਖਦੇ ਹਨ ਜਾਂ ਗਲਤ ਲਿਖਦੇ ਹਨ ਪ੍ਰੰਤੂ, ਡਿਪਟੀ ਸਪੀਕਰ ਸਾਹਿਬ, ਕਣਕ ਦਾ ਰੇਟ ਫਸਲ ਬੀਜਣ ਤੋਂ ਪਹਿਲਾਂ ਫਿਕਸ ਕੀਤਾ ਜਾਣਾ ਚਾਹੀਦਾ ਹੈ । ਕਿਸਾਨਾਂ ਨੂੰ ਕਣਕ ਦਾ ਠੀਕ ਰੇਟ ਮਿਲਣਾ ਚਾਹੀਦਾ ਹੈ । ਖਾਦਾਂ ਅਤੇ ਇਨ-ਪੁਟੱਸ ਦੀਆਂ ਕੀਮਤਾਂ ਵੱਧ ਗਈਆਂ ਹਨ । ਇਸ ਲਈ ਕਿਸਾਨਾਂ ਨੂੰ ਰੇਮੂਨਿਰੇਟਿਵ ਪਰਾਈਸਿਜ਼ ਤੇ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ । ਜਿਹੜਾ ਭਾਅ ਅਨਾਊਂਸ ਕੀਤਾ ਜਾਂਦਾ ਹੈ, ਉਹ ਬਾਅਦ ਵਿਚ ਦਿੱਤਾ ਨਹੀਂ ਜਾਂਦਾ, ਜਿਸ ਤਰ੍ਹਾਂ ਮਹਾਰਾਸ਼ਟਰ ਵਿਚ ਸਪੋਰਟ ਪਰਾਈਸ ਅਨਾਊਂਸ ਕੀਤੀਆਂ ਕਿਉਂਕਿ ਇਲੈਕਸ਼ਨ ਹੋ ਰਹੇ ਸਨ, ਪਰ ਇਲੈਕਸ਼ਨਾਂ ਤੋਂ ਬਾਅਦ ਕੁਝ ਨਹੀਂ ਦਿਤਾ ਗਿਆ । ਡਿਪਟੀ ਸਪੀਕਰ ਸਾਹਿਬ, ਗੰਨੇ ਦਾ ਭਾਅ 25-30 ਰੁਪਏ ਕੁਇੰਟਲ ਦੇਣਾ ਸੀ ਪਰ ਪੰਦਰਾਂ/ਸਾਢੇ ਪੰਦਰਾਂ ਰੁਪਏ ਕੁਇੰਟਲ ਦਿਤਾ ਗਿਆ ਹੈ । 2 ਕਰੋੜ ਰੁਪਿਆ ਉਨ੍ਹਾਂ ਦਾ ਬਕਾਇਆ ਪਿਆ ਹੈ । ਇੱਕ ਕਰੋੜ ਰੁਪਿਆ ਤਾਂ ਉਨ੍ਹਾਂ ਦਾ ਗੰਨੇ ਦਾ ਹੀ ਖੜਾ ਹੈ । ਇਹ ਰੁਪਿਆ ਉਨ੍ਹਾਂ ਗਰੀਬਾਂ ਦਾ ਦਿਵਾਉਣਾ ਚਾਹੀਦਾ ਹੈ । 75% ਸਰਕਾਰ ਦਾ ਸੀ ਜੋ ਕਿ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਲੋਨ ਲਿਆ । ਪਿਛਲੀ ਸਰਕਾਰ ਆਰਡਰ ਵੀ ਕਰ ਗਈ ਸੀ ਪਰ ਹੁਣ ਇਹ ਕਰ ਦੇਣ । ਡਿਪਟੀ ਸਪੀਕਰ ਸਾਹਿਬ, ਇਹ ਪੰਜਾਬ ਦੇ ਹਿੱਤ ਦਾ ਮਸਲਾ ਹੈ, ਫਾਰਮਰ ਦੇ ਹਿੱਤ ਦਾ ਮਸਲਾ ਹੈ। ਕਣਕ ਸੈਂਟਰ ਦੀ ਸਰਕਾਰ ਬਾਹਰੋਂ ਤਾਂ 190 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦਦੀ ਹੈ ਪਰ ਪੰਜਾਬ ਦੇ ਕਿਸਾਨਾਂ ਨੂੰ ਘੱਟ ਕੀਮਤ ਦਿੰਦੀ ਹੈ । ਇਸੇ ਤਰ੍ਹਾਂ ਖੰਡ ਬਾਹਰੋਂ ਮਹਿੰਗੀ ਖਰੀਦੀ ਜਾਂਦੀ ਹੈ ।

ਡਿਪਟੀ ਸਪੀਕਰ ਸਾਹਿਬ, ਹੈਂਡਲੂਮ ਇੰਡਸਟਰੀਜ਼ ਟ੍ਰੇਨਿੰਗ-ਕਮ-ਪਰੋਡਕਸ਼ਨ ਸੈਂਟਰ ਹਨ । ਡਿਪਟੀ ਸਪੀਕਰ ਸਾਹਿਬ, ਇਹ ਡਿਮਾਂਡ ਨੰ: 34 ਹੈ । ਜਿਹੜਾ ਮਾਲ ਸੈਂਟਰਾਂ ਵਿਚ ਵੇਚਿਆ ਜਾਂਦਾ ਹੈ, ਉਹ ਬਾਹਲਾ ਮਾਲ ਸੋਨੀਪਤ ਦਾ ਬਣਿਆ ਹੋਇਆ ਹੁੰਦਾ ਹੈ । ਜੇਕਰ ਪੰਜਾਬ ਵੀਵਰਜ਼ ਦਾ ਮਾਲ ਵਿਕੇ ਤਾਂ ਹੀ ਸਾਨੂੰ ਫਾਇਦਾ ਹੈ । ਇਸ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਇਕ ਮੈਨੇਜਿੰਗ ਡਾਇਰੈਕਟਰ, ਪੀ.ਐਸ.ਆਈ.ਡੀ.ਸੀ. ਦਾ ਹਟਾ ਦਿਤਾ ਗਿਆ ਹੈ ਪਰ ਉਸ ਦੀ ਕੋਠੀ ਵਿਚ ਅਜੇ ਵੀ ਏਅਰ ਕੰਡੀਸ਼ਨ ਚਲ ਰਿਹਾ ਹੈ । ਇਹ ਗੌਰਮਿੰਟ ਦੀ ਬਹੁਤ ਜ਼ਿਆਦਾ ਢਿਲ ਕਿਉਂ ਹੈ ? ਸਪਿਨਿੰਗ ਮਿੱਲ ਬਠਿੰਡਾ ਹੈ । ਬਠਿੰਡੇ ਵਿਚ, ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਤੋਂ 5 ਰੁਪਏ ਗਜ਼ ਦੇ ਹਿਸਾਬ ਨਾਲ ਸਰਕਾਰ ਨੇ ਜ਼ਮੀਨ ਲਈ ਹੈ ਪਰ ਉਨ੍ਹਾਂ ਨੂੰ ਪਲਾਟ ਵੀ ਇੱਕ ਦਿਤਾ ਹੈ ਜਾਂ ਨਹੀਂ ਪਰ ਸਰਕਾਰ ਉਸ ਜ਼ਮੀਨ ਨੂੰ 200 ਰੁਪਏ ਗਜ਼ ਜਾਂ 250 ਰੁਪਏ ਗਜ਼ ਦੇ ਹਿਸਾਬ ਨਾਲ ਵੇਚ

Original with;
Punjab Vidhan Sabha
Digitized by;
Panjab Digital Library

ਮਹੀ ਹੈ । ਇਹ ਠੀਕ ਨਹੀਂ ਹੈ । ਗਰੀਬਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਠੀਕ ਮੁੱਲ ਸਰਕਾਰ ਨੂੰ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਬਕਾ ਮਨਿਸਟਰ ਨੂੰ ਸਰਕਾਰ ਨੇ ਜ਼ਮੀਨ ਵੇਚ ਦਿਤੀ ਹੈ । ਇਹ ਚੀਜ਼ ਗਲਤ ਹੈ । ਇਸ ਦਾ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ ਹੈ । ਗਰੀਬਾਂ ਨੂੰ ਇਸ ਦਾ ਕੋਈ ਫ਼ਾਇਦਾ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਸ੍ਰੀ ਧੀਰਿੰਦਰ ਬ੍ਰਹਮਚਾਰੀ ਉਥੇ ਕਾਰਖਾਨੇ ਵਿਚ ਆਇਆ ਸੀ । ਉਸ ਤੋਂ ਬਾਅਦ ਮਜ਼ਦੂਰਾਂ ਦੀ ਛਾਂਟੀ ਸ਼ੁਰੂ ਹੋ ਗਈ ਹੈ । ਇਹ ਚੀਜ਼ ਠੀਕ ਨਹੀਂ ਹੈ । ਪ੍ਰਾਈਵੇਟ ਸੈਕਟਰ ਨੂੰ ਪਬਲਿਕ ਸੈਕਟਰ ਵਿਚ ਲਿਆ ਜਾਂਦਾ ਹੈ, ਇਹ ਨਹੀਂ ਹੋਣਾ ਚਾਹੀਦਾ । ਮਾਲ ਤਿਆਰ ਕਰਕੇ ਫੇਵਰਿਟ ਬੰਦਿਆਂ ਨੂੰ ਵੇਚਿਆ ਜਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਪਾਲਿਸੀ ਦੀ ਗੱਲ ਹੈ । ਇਸ ਵਿਚ ਬਹੁਤ ਵੱਡਾ ਸਕੈਂਡਲ ਹੋਇਆ ਹੈ ਅਤੇ ਉਸ ਸਕੈਂਡਲ ਦੀ ਪੜਤਾਲ ਕਰਾਈ ਜਾਏ ਬੇਸ਼ੱਕ ਉਥੋਂ ਦੇ ਲੋਕਲ ਐਮ.ਐਲ.ਏਜ਼. ਨਾਲ ਗੱਲ ਕਰ ਲਓ ।

ਕੁਰੱਪਸ਼ਨ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੁਕੇਰੀਆਂ ਹਾਈਡਲ ਅਤੇ ਆਨੰਦਪੁਰ ਹਾਈਡਲ ਪ੍ਰਜੈਕਟਸ ਵਿਖੇ ਕਿੰਨੀ ਕੁਰੱਪਸ਼ਨ ਹੈ । ਇਸ ਬਾਰੇ ਪੜਤਾਲ ਹੋਣੀ ਚਾਹੀਦੀ ਹੈ । ਦੋ ਐਕਸੀਅੱਨਜ਼ ਨੇ ਹਲਫੀਆ ਬਿਆਨ ਦਿੱਤਾ ਹੈ (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਇਰਰੇਲੇਵੈਂਟ ਨਹੀਂ ਜਾ ਰਿਹਾ, ਮੈਂ ਤਾਂ ਕੰਮ ਦੀਆਂ ਗੱਲਾਂ ਕਹਿ ਰਿਹਾ ਹਾਂ । ਮੈਨੂੰ ਥੋੜ੍ਹਾ ਜਿਹਾ ਖੁੱਲ੍ਹਾ ਟਾਈਮ ਦਿਓ ।

**ਡਾਕਟਰ ਭਗਤ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮਾਸਟਰ ਬਾਬੂ ਸਿੰਘ :** ਮੁਕੇਰੀਆਂ ਹਾਈਡਲ ਔਰ ਆਨੰਦਪੁਰ ਹਾਈਡਲ ਪ੍ਰਾਜੈਕਟਸ ਦੀ ਕੁਰੱਪਸ਼ਨ ਬਾਰੇ ਜੋ ਮੈਂ ਕਿਹਾ ਹੈ ਉਸ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ

ਹੁਣ ਮੈਂ ਡੀਮਾਂਡ ਨੰਬਰ 39, ਜੋ ਕਿ ਫਲੱਡਜ਼ ਔਰ ਇਰੀਗੇਸ਼ਨ ਬਾਰੇ ਹੈ, ਉਸ ਸਬੰਧ ਵਿਚ ਕੁਝ ਕਹਿਣਾ ਚਾਹੁੰਦਾ ਹਾਂ । ਇਸ ਦਫਾ ਐਨੀ ਬਾਰਿਸ਼ ਹੋਈ ਕਿ ਧਬਾਲੀ, ਫੂਲ ਔਰ ਮਹਿਰਾਜ ਵਿਖੇ ਕਾਫ਼ੀ ਤਬਾਹੀ ਹੋਈ । ਦੋ ਤਿੰਨ ਸਾਲਾਂ ਤੋਂ ਜੋ ਉਥੇ ਮਾਈਨਰ ਡਰੇਨ ਹੈ ਜੋ ਕਿ ਧਬਾਲੀ ਤੋਂ ਨਿਕਲ ਕੇ ਸਾਧਨਾ ਘਰਾਟ ਵਿਚ ਪੈਂਦੀ ਹੈ । ਇਸ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਧਬਾਲੀ ਗਏ ਹੋ, ਉਥੋਂ ਤੁਹਾਡੀ ਕਾਰ ਨਹੀਂ ਨਿਕਲ ਸਕੀ ਸੀ । ਹਾਲੇ ਤੱਕ ਉਥੇ ਗਿਰਦਾਵਰੀਆਂ ਨਹੀਂ ਕੀਤੀਆਂ ਗਈਆਂ ਔਰ ਕਿਸੇ ਨੂੰ ਕੋਈ ਰਲੀਫ ਨਹੀ ਦਿੱਤਾ ਗਿਆ । ਰੈਵੇਨਿਊ ਮਨਿਸਟਰ ਔਰ ਚੀਫ ਮਨਿਸਟਰ ਸਾਹਿਬ ਨੂੰ ਇਸ ਸਬੰਧੀ ਤਾਰਾਂ ਵੀ ਦਿੱਤੀਆਂ ਗਈਆਂ ਪਰ ਇਸ ਬਾਰੇ ਕੋਈ ਐਕਸ਼ਨ ਨਹੀਂ ਲਿਆ ਗਿਆ ਹੈ । ਮਹੀਨਾ ਭਰ ਤਾਂ ਚੰਡੀਗੜ੍ਹ-ਰਾਮਪੁਰਾ ਰੂਟ ਤੇ, ਜੋ ਇਥੋਂ ਸਵੇਰੇ ਸਵਾ ਚਾਰ ਵਜੇ ਬੱਸ ਚਲਦੀ ਹੈ, ਉਹ ਬੰਦ ਰਹੀ ਹੈ । ਪਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ । ਕਿਸਾਨਾਂ ਦੀਆਂ ਕਈ ਗਿਰਦਾਵਰੀਆਂ ਨਹੀਂ ਕੀਤੀਆਂ ਗਈਆਂ । ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਮਿਲੇ ਹਾਂ ਉਹ ਕਹਿੰਦੇ ਹਨ ਕਿ ਸਰਕਾਰ ਦੀ ਪਾਲਿਸੀ ਦੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿਘ]

ਮੁਤਾਬਿਕ ਕੰਮ ਹੋ ਰਿਹਾ ਹੈ। ਮਾਨਸਾ ਸਬ-ਡਵੀਜ਼ਨ ਔਰ ਬੁਢਲਾਡਾ ਏਰੀਆ ਵਿਚ 15-20 ਪਿੰਡਾਂ ਵਿਚ ਨੁਕਸਾਨ ਹੋਇਆ ਪਰ ਕੋਈ ਕਿਸਾਨਾਂ ਨੂੰ ਰਲੀਫ ਨਹੀਂ ਦਿੱਤੀ ਗਈ। ਬੁਢਲਾਡਾ-ਬਰੇਟਾ ਡਰੇਨ ਦੀ ਖੁਦਾਈ ਨਹੀਂ ਕੀਤੀ ਗਈ। ਉਥੋਂ ਦੇ ਸਰਦਾਰ ਗੁਰਦੇਵ ਸਿੰਘ ਬਖਸ਼ੀਵਾਲਾ ਨੁਮਾਇੰਦੇ ਹਨ ਉਨ੍ਹਾਂ ਨੂੰ ਮੁੱਖ ਰੱਖਕੇ ਹੀ ਇਸ ਇਲਾਕੇ ਨੂੰ ਬਚਾਇਆ ਜਾ ਸਕਦਾ ਹੈ।

ਫਲੈਟ ਰੇਟ ਦੇ ਪੈਸੇ ਸੈਂਟਰ ਦੀ ਸਰਕਾਰ ਦਿੰਦੀ ਹੈ। ਏ. ਪੀ. ਸੀ. ਵਾਲੇ ਰਿਕੁਮੈਂਡ ਕਰਦੇ ਹਨ। ਇਨ੍ਹਾਂ ਨੇ ਜੋ 1,000/- ਤੋਂ 3,000/- ਸਿਕਿਉਰਿਟੀ ਕੀਤੀ ਹੈ ਇਹ ਚੰਗੀ ਗੱਲ ਨਹੀਂ ਹੈ। ਫਲੈਟ ਰੇਟ ਬਾਰੇ ਸਬਸਿਡੀ ਸੈਂਟਰ ਵਾਲੇ ਦਿੰਦੇ ਹਨ। ਉਹ ਕਿੰਨੀ ਦਿੰਦੇ ਹਨ, ਇਸ ਬਾਰੇ ਖਜ਼ਾਨਾ ਮੰਤਰੀ ਜੀ ਜਵਾਬ ਦਿੰਦਿਆਂ ਹੋਇਆਂ ਦੱਸ ਦੇਣਗੇ। ਇਕ ਨਾਲਾ ਗੁਰਦਾਸਪੁਰ ਵਿਚ ਕਰਨਸਿਟੀ ਵਿਖੇ, ਜਿਸ ਵਿਚ ਛੋਟੀਆਂ ਛੋਟੀਆਂ ਡਰੇਨਾ ਪੈ ਕੇ ਓਵਰ-ਫਲੱਡ ਹੋ ਗਿਆ। ਇਹ ਨਾਲਾ ਅੰਮ੍ਰਿਤਸਰ ਤੱਕ ਜਾਂਦਾ ਹੈ। ਇਸ ਨਾਲ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਕੈਨੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ ਤਾਂਕਿ ਕਰੋੜਾਂ ਰੁਪਏ ਦਾ ਨੁਕਸਾਨ ਨਾ ਹੋਵੇ। ਧਬਾਲੀ ਵਿਖੇ ਜੇਕਰ ਧਬਾਲੀ ਡਰੇਨ ਆਊਟ ਹੋ ਜਾਏ ਤਾਂ ਨੁਕਸਾਨ ਨਹੀਂ ਹੋਵੇਗਾ।

ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਮੈਡੀਕਲ ਹੈਲਥ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਕਾਮਰੇਡ ਸੋਹਣ ਸਿੰਘ ਜੋਸ਼ ਦੀ ਸ਼ਹੀਦੀ ਵੇਲੇ ਸਾਡੇ ਚੀਫ ਮਨਿਸਟਰ ਸਾਹਿਬ ਨੇ ਮਾਤਮੀ ਮੌਕੇ ਤੇ ਕਿਹਾ ਸੀ ਕਿ ਉਨ੍ਹਾਂ ਦੀ ਯਾਦ ਵਿਚ ਹਸਪਤਾਲ ਬਣਾਇਆ ਜਾਏਗਾ। ਇਸ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੂੰ ਪਰਸਨਲ ਇੰਟਰੈਸਟ ਲੈਕੇ, ਜਿਸ ਤਰ੍ਹਾਂ ਕਿ ਇਹ ਫਰੀਡਮ ਫਾਈਟਰਜ਼ ਦੇ ਸਿਲਸਿਲੇ ਵਿਚ ਲੈਂਦੇ ਹਨ, ਇਸ ਤਰ੍ਹਾਂ ਇਸ ਕੇਸ ਵਿਚ ਵੀ ਪਰਸਨਲ ਇੰਟਰੈਸਟ ਲੈਕੇ ਪਰਾਇਰਿਟੀ ਬੇਸਿਜ਼ ਤੇ ਉਸ ਹਸਪਤਾਲ ਨੂੰ ਉਨ੍ਹਾਂ ਦੇ ਨਾਂ ਤੇ ਬਣਾਇਆ ਜਾਣਾ ਚਾਹੀਦਾ ਹੈ।

ਕਾਮਰੇਡ ਧਰਮ ਸਿੰਘ ਫ਼ੱਕਰ ਸਵਰਗਵਾਸ ਹੋਏ ਸਨ। ਉਥੇ ਮਾਨਸਾ ਵਿਖੇ ਉਨ੍ਹਾਂ ਦੇ ਨਾਂ ਤੇ ਸੜਕ ਠੀਕ ਤਰ੍ਹਾਂ ਨਾਲ ਬਣਾਉਣੀ ਚਾਹੀਦੀ ਹੈ। ਇਨ੍ਹਾਂ ਸ਼ਹੀਦਾਂ ਨੇ ਆਪਣੀਆਂ ਜ਼ਿੰਦਗੀਆਂ ਲੋਕਾਂ ਵਾਸਤੇ ਲਗਾਈਆਂ ਹਨ। ਇਨ੍ਹਾਂ ਲਈ ਜੋ ਵੀ ਕੰਮ ਕਰਨੇ ਹਨ ਉਹ ਅਮਲੀ ਤੌਰ ਤੇ ਕਰਨੇ ਚਾਹੀਦੇ ਹਨ।

ਹੈਲਥ ਬਾਰੇ ਬਜਟ ਵਿਚ ਦਵਾਈਆਂ ਲਈ ਰਕਮ ਘਟ ਰਖੀ ਗਈ ਹੈ ਬਹੁਤੀਆ ਦਵਾਈਆਂ ਗਰੀਬਾਂ ਤਕ ਨਹੀਂ ਜਾਂਦੀਆਂ ਔਰ 75% ਦਵਾਈਆਂ ਬਾਹਰ ਚਲੀਆਂ ਜਾਂਦੀਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਦਵਾਈਆਂ ਲਈ ਫੰਡਜ਼ ਵਿਚ ਬੜ੍ਹੋਤਰੀ ਕੀਤੀ ਜਾਏ ਔਰ ਕੋਈ ਅਜਿਹਾ ਪਰਬੰਧ ਕੀਤਾ ਜਾਏ ਜਿਸ ਨਾਲ ਟੇਬਲੇਟਸ, ਲਿਕੁਇਡ ਅਤੇ ਹੋਰ ਦਵਾਈਆਂ ਗਰੀਬਾਂ ਤਕ ਪਹੁੰਚ ਸਕਣ।

ਐਕਸਰੇ ਪਲਾਂਟ, ਰਾਮਪੁਰਾ ਫੂਲ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਥੇ ਫਿਲਮਾਂ ਡਿਫੈਕਟਿਵ ਹਨ। ਪਿਛੇ ਜਿਹੇ ਮੈਂ ਆਪਣੇ ਮੋਢੇ ਦਾ ਐਕਸਰਾ ਕਰਾਇਆ ਸੀ ਪਰ ਉਹ ਫਿਲਮ ਠੀਕ ਨਹੀਂ ਆਈ ਸੀ ਦੋ ਫੋਟੋ ਖਿਚੀਆਂ ਗਈਆਂ ਸਨ ਔਰ ਉਹ ਦੋਵੇਂ ਹੀ ਕਲੀਅਰ ਨਹੀਂ ਆਈਆਂ ਸਨ। ਐਕਸਰੇ ਪਲਾਂਟ ਵਾਸਤੇ ਫਿਲਮਾਂ ਠੀਕ ਦੇਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਹੀ ਗੁਰਦਾਸਪੁਰ ਵਿਖੇ ਜੋ ਰੇਡੀਓਗ੍ਰਾਫੀ ਦਾ ਇਨਚਾਰਜ ਹੈ ਉਸ ਨੇ ਆਪਣਾ

Original with;
Punjab Vidhan Sabha
Digitized by;
Panjab Digital Library

ਪਲਾਂਟ ਬਾਹਰ ਲਗਾਇਆ ਹੋਇਆ ਹੈ ਅਤੇ ਲੋਕਾਂ ਨੂੰ ਬਾਹਰ ਪੈਸੇ ਵੱਧ ਦੇਣੇ ਪੈਂਦੇ ਹਨ। ਇਸ ਦੀ ਪੜਤਾਲ ਕਰਾਉਣੀ ਚਾਹੀਦੀ ਹੈ।

ਸੈਮੀ ਅਰਬਨ ਜਾਂ ਰੂਰਲ ਏਰੀਆ ਵਿਚ ਹਸਪਤਾਲਾਂ ਵਿਚ ਡਾਕਟਰ ਅਤੇ ਹੋਰ ਸਟਾਫ ਪੂਰਾ ਨਹੀਂ ਹੁੰਦਾ ਹੈ। ਪੰਜਾਬ ਸਰਕਾਰ ਨੇ ਹੁਣ ਕੁਝ 500-700 ਡਾਕਟਰਾਂ ਦੀਆਂ ਪੋਸਟਾਂ ਕਢਾਈਆ ਹਨ। ਪਬਲਿਕ ਸਰਵਿਸ ਕਮਿਸ਼ਨ ਨੂੰ ਕਹਿਕੇ ਇਨ੍ਹਾਂ ਪੋਸਟਾਂ ਲਈ ਜਲਦੀ ਇੰਟਰਵਿਊਜ਼ ਕਰਾਉਣੀਆਂ ਚਾਹੀਦੀਆਂ ਹਨ ਤਾਂਕਿ ਹਰ ਸ਼ਹਿਰ ਅਰ ਪਿੰਡ ਵਿਚ ਜਿਥੇ ਵੀ ਕਈ ਹਸਪਤਾਲ/ਡਿਸਪੈਂਸਰੀ ਵਿਚ ਡਾਕਟਰ ਦੀ ਪੋਸਟ ਖਾਲੀ ਪਈ ਹੈ ਉਹ ਭਰ ਸਕੇ। ਇਹ ਪੋਸਟਾਂ ਭਰਨ ਵੇਲੇ ਪੁਲੀਟੀਕਲ ਮੋਟਿਵਜ਼ ਨੂੰ ਮੁੱਖ ਨਹੀਂ ਰੱਖਣਾ ਚਾਹੀਦਾ ਔਰ ਜਿਥੇ ਡਾਕਟਰ ਦੀ ਲੋੜ ਹੈ ਚਾਹੇ ਉਹ ਆਪੋਜ਼ੀਸ਼ਨ ਮੈਂਬਰ ਦੀ ਕਾਂਸਟੀਚਿਊਐਂਸੀ ਹੈ ਅਤੇ ਚਾਹੇ ਟਰੇਜ਼ਰੀ ਬੈਂਚਿਜ਼ ਦੀ ਕਾਂਸਟੀਚਿਊਐਂਸੀ ਹੈ ਉਥੇ ਡਾਕਟਰ ਭੇਜਣਾ ਚਾਹੀਦਾ ਹੈ। ਅਜਿਹੇ ਕੰਮਾਂ ਵਿਚ ਜੋ ਟਰੇਜ਼ਰੀ ਬੈਂਚਿਜ਼ ਔਰ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰਜ਼ ਦਾ ਫਰਕ ਰੱਖਿਆ ਜਾਂਦਾ ਹੈ ਉਹ ਖਤਮ ਕਰਨਾ ਚਾਹੀਦਾ ਹੈ।

ਗੁਰੂ ਤੇਗ ਬਹਾਦਰ ਹਸਪਤਾਲ ਵਿਚ ਇਕ ਡਾਕਟਰ ਹੈ ਜਿਸ ਦੀਆਂ ਸੀ. ਬੀ. ਆਈ. ਨੇ ਕਈ ਇਨਕੁਆਰੀਆਂ ਕੀਤੀਆਂ ਹਨ। ਇਸ ਦੇ ਹੱਥ ਬੜੇ ਲੰਬੇ ਹਨ। ਜਿਸ ਦੇ ਖਿਲਾਫ ਸੀ. ਬੀ. ਆਈ. ਦੀ ਇਨਕੁਆਇਰੀ ਚਲਦੀ ਹੋਵੇ ਉਸ ਦੇ ਖਿਲਾਫ ਜਲਦੀ ਐਕਸ਼ਨ ਹੋਣਾ ਚਾਹੀਦਾ ਹੈ।

ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਗਲੀਆ ਨਾਲੀਆਂ ਪੱਕੀਆਂ ਕਰਨ ਦੇ ਸਬੰਧ ਵਿਚ ਜੋ ਉਦਘਾਟਨ ਕੀਤੇ ਜਾਂਦੇ ਹਨ ਉਹ ਉਦਘਾਟਨ ਜਾਂ ਤਾਂ ਮਨਿਸਟਰ ਸਾਹਿਬ ਕਰਨ ਜਾ ਫਿਰ ਡੀ. ਸੀ. ਕਰੇ ਜਾਂ ਇਲਾਕੇ ਦਾ ਕਮਿਸ਼ਨਰ ਵੀ ਕਰ ਸਕਦਾ ਹੈ। ਲੇਕਿਨ ਇਨ੍ਹਾਂ ਤੋਂ ਇਲਾਵਾ ਦੂਸਰੇ ਬੰਦਿਆ ਨੂੰ ਇਹ ਉਦਘਾਟਨ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਦੂਜੇ ਬੰਦਿਆਂ ਦੇ ਉਦਘਾਟਨ ਕਰਨ ਨਾਲ ਇਸ ਦੀ ਸੈਂਕਟਿਟੀ ਨਹੀਂ ਰਹਿੰਦੀ। ਮਨਿਸਟਰ ਆਦਿ ਵਲੋਂ ਉਦਘਾਟਨ ਕਰਨ ਨਾਲ ਚਾਰ ਪੰਜ ਹਜ਼ਾਰ ਰੁਪਿਆ ਵੀ ਲੋਕਾਂ ਨੂੰ ਮਿਲ ਜਾਂਦਾ ਹੈ।

ਬਾਕੀ ਇਹ ਮਾਰਕੀਟ ਕਮੇਟੀਆਂ ਦੀ ਨਾਮਜ਼ਦਗੀ ਦੀ ਗੱਲ ਹੈ। ਇਸ ਦੇ ਬਾਰੇ ਵੀ ਮੈਂ ਮੰਤਰੀ ਜੀ ਨੂੰ ਕਹਾਂਗਾ ਕਿ ਕੁਝ ਸਰਪੰਚ ਜਿਹੜੇ ਕੁਰੱਪਸ਼ਨ ਦੇ ਦੋਸ਼ ਵਿੱਚ ਡਿਸਕੁਆਲੀ-ਫਾਈ ਕੀਤੇ ਗਏ ਸਨ, ਡਿਸਮਿਸ ਕੀਤੇ ਗਏ ਸਨ, ਉਨ੍ਹਾਂ ਨੂੰ ਇਨ੍ਹਾਂ ਕਮੇਟੀਆਂ ਦੇ ਮੈਂਬਰ ਜਾ ਚੇਅਰਮੈਨ ਨਾਮਜਦ ਕੀਤਾ ਗਿਆ ਹੈ ਇਸ ਦੀ ਪੜਤਾਲ ਲਈ ਚੀਫ-ਮਨਿਸਟਰ ਸਾਹਿਬ ਕੋਲ ਜਾਂ ਐਗਰੀਕਲਚਰ ਮਨਿਸਟਰ ਕੋਲ ਸ਼ਕਾਇਤਾਂ ਵੀ ਆਈਆਂ ਹਨ। ਮਾਨਸਾ ਸਬ-ਡਵੀਜ਼ਨ ਵਿੱਚ ਕਈ ਦਿਨ ਲਗਾਤਾਰ ਮੁਜ਼ਾਹਰੇ ਹੁੰਦੇ ਰਹੇ ਹਨ, ਕਾਫੀ ਰੌਲਾ ਪੈਂਦਾ ਰਿਹਾ ਹੈ ਲੇਕਿਨ ਇਸ ਦਾ ਕੋਈ ਹੱਲ ਨਹੀਂ ਲੱਭਿਆ ਗਿਆ। ਇਸ ਵਿਚ ਇਨਸਾਫ ਦਿਓ ਤਾਂਕਿ ਲੋਕ ਸਮਝ ਸਕਣ ਕਿ ਸਾਡੇ ਨਾਲ ਕੋਈ ਬੇਇਨਸਾਫੀ ਨਹੀਂ ਹੋ ਰਹੀ। ਇਹ ਧਿਆਨ ਰੱਖਣ ਵਾਲੀ ਗੱਲ ਹੈ ਕਿ ਅੱਗੇ ਤੋਂ ਕੋਈ ਕੁਰੱਪਟ ਚੇਅਰਮੈਨ ਨਾ ਲੱਗੇ। ਸੀ. ਐਮ. ਸਾਹਿਬ ਕਹਿੰਦੇ ਸਨ ਕਿ ਇਨ੍ਹਾਂ ਨੂੰ ਸ਼ੱਟ-ਆਊਟ ਕਰਾਂਗੇ ਲੇਕਿਨ ਮੈਂ ਕਹਿੰਦਾ ਹਾਂ ਕਿ ਹਾਲੇ ਇਸਦੀ ਪੜਤਾਲ ਕਰ ਲਓ ਤਾਂਕਿ ਕੋਈ ਗਲਤੀ ਨਾ ਹੋ ਜਾਵੇ। ਪੜਤਾਲ ਤੋਂ ਬਾਅਦ ਜੋ ਕੋਈ ਦੋਸ਼ੀ ਠਹਿਰਦਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਹੈ ਤਾਂ ਉਸ ਨੂੰ ਹਟਾ ਦੇਣਾ ਚਾਹੀਦਾ ਹੈ । ਇਨ੍ਹਾਂ ਦੇ ਵਿਚੋਂ ਕਈਆਂ ਦੇ ਵਿਰੁੱਧ ਤਾਂ ਮਰਲ ਕੇਸ ਵੀ ਹਨ । ਜੇ ਇਹੋ ਜਿਹੇ ਬੰਦੇ ਹੀ ਨਾਮਜ਼ਦ ਹੋਇਆ ਕਰਨਗੇ ਤਾਂ ਉਹ ਕੀ ਕਰਨਗੇ, ਇਸਦਾ ਅੰਦਾਜ਼ਾ ਬੜੀ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ ।

ਅੰਤ ਵਿੱਚ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਰੋਪੜ ਥਰਮਲ ਪਲਾਂਟ ਵਿੱਚ ਸਬਸਟੈਂਡਰਡ ਮੈਟੀਰੀਅਲ ਲਗ ਰਿਹਾ ਹੈ । ਇਸ ਦੀ ਵੀ ਪੜਤਾਲ ਕਰਾ ਲਓ । ਸੀ. ਐਮ. ਸਾਹਿਬ ਅਤੇ ਇਰੀਗੇਸ਼ਨ ਮਨਿਸਟਰ ਸਾਹਿਬ ਵਚਨ-ਬੱਧ ਹਨ ਕਿ ਸਭ ਤੋਂ ਵੱਧ ਪੈਸੇ ਬਿਜਲੀ ਤੇ ਨਹਿਰਾਂ ਤੇ ਲਾਉਣੇ ਹਨ । ਉਥੇ ਜਿਹੜਾ ਮੈਟੀਰੀਅਲ ਯੂਜ਼ ਹੋ ਰਿਹਾ ਹੈ; ਉਸਦੀ ਪੜਤਾਲ ਲਈ ਅਚਾਨਕ ਛਾਪੇ ਮਾਰੇ ਜਾਣੇ ਚਾਹੀਦੇ ਹਨ । ਇਸ ਚੀਜ਼ ਦੀ ਇਨਕੁਆਇਰੀ ਆਨੈਸਟ ਅਫਸਰਾਂ ਤੋਂ ਕਰਾ ਲਓ ਕਿ ਸਬ-ਸਟੈਂਡਰਡ ਮੈਟੀਰੀਅਲ ਲਗ ਰਿਹਾ ਹੈ ਜਾਂ ਨਹੀਂ । ਸਾਨੂੰ ਪਤਾ ਹੈ ਕਿ ਚੀਫ-ਮਨਿਸਟਰ ਸਾਹਿਬ ਇਸ ਮਾਮਲੇ ਦੀ ਪੜਤਾਲ ਸਬੰਧੀ ਕਾਫੀ ਯਤਨ ਕਰ ਰਹੇ ਹਨ । ਇਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਅਨੰਦਪੁਰ ਹਾਈਡਲ ਪ੍ਰਾਜੈਕਟ ਜੁਲਾਈ, 1982 ਵਿੱਚ ਮੁਕੰਮਲ ਹੋਵੇਗਾ ਪਰ ਇਹ ਹਾਲੇ ਡੇਢ ਦੋ ਸਾਲ ਹੋਰ ਮੁਕੰਮਲ ਨਹੀਂ ਹੁੰਦਾ । ਮੈਂ ਇਹ ਪੁੱਛਦਾ ਹਾਂ ਕਿ ਇਸ ਤਰ੍ਹਾਂ ਕਿਉਂ ਹੁੰਦਾ ਹੈ ? ਥੀਨ ਡੈਮ ਵਿੱਚ ਪਰਾਬਲਮ ਹੈ ਪੈਸੇ ਦੀ । ਸਾਡੀ ਸਰਕਾਰ ਨੂੰ ਇਸ ਬਾਰੇ ਜ਼ੋਰ ਦੇਣਾ ਚਾਹੀਦਾ ਹੈ । ਪਰ ਇਸਦੀ ਕਲੀਅਰੈਂਸ ਦੀਆਂ ਡਿਕਲੇਅਰੇਸ਼ਨਾਂ ਸਬੰਧੀ ਜਦੋਂ ਗਿਆਨੀ ਜ਼ੈਲ ਸਿੰਘ ਚੀਫ ਮਨਿਸਟਰ ਸਨ, ਉਦੋਂ ਦੇ ਪਬਲਿਕ ਰਿਲੇਸ਼ਨਜ਼ ਵਿਭਾਗ ਦੇ ਪੋਸਟਰ ਅਸੀਂ ਕਢਾ ਸਕਦੇ ਹਾਂ । ਉਨਾਂ ਤੋਂ ਬਾਅਦ ਬਾਦਲ ਸਾਹਿਬ ਸੀ. ਐਮ. ਬਣੇ ਤਾਂ ਵੀ ਪਬਲਿਕ ਰਿਲੇਸ਼ਨਜ਼ ਵਿਭਾਗ ਵਲੋਂ ਪੋਸਟਰ ਕਢਵਾਏ ਗਏ ਕਿ ਕਲੀਅਰੈਂਸ ਮਿਲ ਗਈ ਹੈ । ਹੁਣ ਤਾ ਪ੍ਰਾਈਮ ਮਨਿਸਟਰ ਕਹਿ ਕੇ ਗਏ ਹਨ ਕਿ ਕਲੀਅਰੈਂਸ ਦੇ ਦਿੱਤੀ ਗਈ ਹੈ । ਮੈਂ ਪਹਿਲਾਂ ਖੁਦ ਬੜਾ ਹੈਰਾਨ ਸੀ ਕਿ ਹੁੰਦਾ ਕੀ ਹੈ । ਕੀ ਇਹ ਕੋਈ ਡਰਾਮਾ ਹੈ, ਜਿਹੜਾ ਉਠਦਾ ਹੈ, ਉਠ ਕੇ ਕਹਿ ਦਿੰਦਾ ਹੈ ਕਿ ਕਲੀਅਰੈਂਸ ਮਿਲ ਗਈ ਹੈ । ਇਸ ਤੋਂ ਬਾਅਦ ਕੁਝ ਟੈਕਨੀਕਲ ਕਲੀਅਰੈਂਸ ਦਾ ਝਗੜਾ ਪਿਆ । ਹੁਣ ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਪੈਸੇ ਵਾਸਤੇ. . . .

**ਮੁੱਖ ਮੰਤਰੀ** : ਮੈਂ ਇੰਟਰਪਟ ਨਹੀਂ ਕਰਨਾ ਚਾਹੁੰਦਾ ਹਾਂ, ਏਨਾ ਜ਼ਰੂਰ ਕਲੀਅਰ ਕਰਨਾ ਚਾਹੁੰਦਾ ਹਾਂ ਤਾਂਕਿ ਤੁਹਾਡਾ ਵਰਸ਼ਨ ਅਨ-ਅਟੈਂਡਿਡ ਨਾ ਜਾਵੇ । ਥੀਨ ਡੈਮ ਦੀ ਕਲੀਅਰੈਂਸ ਇਸ ਤੋਂ ਪਹਿਲਾਂ ਨਹੀਂ ਸੀ ਮਿਲੀ ।

**ਡਾਕਟਰ ਭਗਤ ਸਿੰਘ** : ਇਲੈਕਟਰੀਸਿਟੀ ਬੋਰਡ ਦੀ ਇਹ ਸਟੇਟਮੈਂਟ ਹੈ ਕਿ ਕਲੀਅਰੈਂਸ ਨਹੀਂ ਮਿਲੀ ।

**ਮੁੱਖ ਮੰਤਰੀ** : ਮੈਂ ਇਸ ਕਰਕੇ ਇੰਟਰਪਟ ਕੀਤਾ ਹੈ ਕਿ ਇਹ ਭੁਲੇਖੇ ਵਿੱਚ ਬਾਹਰ ਗਲ ਨ ਜਾਵੇ । ਪਲਾਨਿੰਗ ਕਮਿਸ਼ਨ ਦੀ ਜਿੰਨੀ ਦੇਰ ਤੱਕ ਸਾਡੇ ਕੋਲ ਕਲੀਅਰੈਂਸ ਨਾ ਆਵੇ, ਉਨੀ ਦੇਰ ਤਕ ਨਹੀਂ ਸਮਝੀ ਜਾਂਦੀ । ਪ੍ਰਾਈਮ ਮਨਿਸਟਰ ਦੀ ਕਪੂਰੀ ਵਿਖੇ ਡਿਕਲੇਅਰੇਸ਼ਨ ਤੋਂ ਬਾਅਦ ਪਲਾਨਿੰਗ ਕਮਿਸ਼ਨ ਤੋਂ ਕਲੀਅਰੈਂਸ ਆ ਗਈ ਹੈ । ਪੈਸੇ ਦੀ ਮੰਗ ਵੀ ਕੋਈ 6 ਕਰੋੜ ਦੇ ਕਰੀਬ ਹੈ । ਇਸ ਤੋਂ ਇਲਾਵਾ ਪ੍ਰਾਈਸਿਜ਼ ਵਿੱਚ ਐਸਕੇਲੇਸ਼ਨ ਹੋ ਰਹੀ ਹੈ । ਇਸ ਕਰਕੇ ਜੋ ਪੈਸੇ ਦੀ ਥੁੜ ਹੈ, ਉਸਨੂੰ ਦੂਰ ਕਰਨ ਵਾਸਤੇ ਸਾਨੂੰ ਕੋਸ਼ਿਸ਼ ਕਰਨੀ ਪਵੇਗੀ । I stand by it that the clearance has now been given by the Planning Commission and this has been got done by this Ministry.

Original with;
Punjab Vidhan Sabha
Digitized by;
Panjab Digital Library

**Doctor Bhagat Singh**: What about the technical clearance ?

ਮੁੱਖ ਮੰਤਰੀ : ਹੋ ਚੁਕੀ ਹੈ, ਹੋ ਚੁਕੀ ਹੈ, ਹੋ ਚੁਕੀ ਹ ।

**ਸ਼੍ਰੀ ਡਿਪਟੀ ਸਪੀਕਰ**: ਵਾਈਂਡ ਅਪ ਕਰੋ ਜੀ ।

ਮਾਸਟਰ ਬਾਬੂ ਸਿੰਘ: ਸੀ. ਐਮ. ਸਾਹਿਬ ਗਰਮ ਨਾ ਹੋਣ। ਪਬਲਿਕ ਰਿਲੇਸ਼ਨਜ਼ ਵਿਭਾਗ ਹਾਲੇ ਵੀ ਉਨ੍ਹਾਂ ਦੇ ਅੰਡਰ ਹੀ ਹੈ। ਅਗਰ ਮੈਂ ਗਲਤ ਹੋਵਾਂ ਤਾਂ ਉਹ ਮੈਨੂੰ ਕੁਰੈਕਟ ਕਰ ਦੇਣ । ਮੈਂ ਇਕ ਬੇਨਤੀ ਕਰਾਂਗਾ ਕਿ ਜਿਥੋਂ ਤੱਕ ਸਾਡੀ ਰੇਲਵੇ ਦਾ ਸਬੰਧ ਹੈ, ਉਹ ਘੁਸ ਪੈਠੀਆਂ, ਲੁੱਟਮਾਰਾਂ ਅਤੇ ਖੋਹਾਂ ਦਾ ਅੱਡਾ ਬਣ ਚੁਕੀ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇੰਡਸਟਰੀਅਲ ਫੋਕਲ ਪੁਆਇੰਟਾਂ ਨੂੰ ਜਦੋਂ ਤਕ ਰੇਲਵੇ ਦੇ ਥਰੂ ਲਿੰਕ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕੋਈ ਫਾਇਦਾ ਨਹੀਂ। ਇਨ੍ਹਾਂ ਲਿੰਕਸ ਨਾਲ ਸਾਨੂੰ ਫਾਇਦਾ ਵੀ ਹੋਵੇਗਾ ਅਤੇ ਟਾਈਮ ਵੀ ਬਚੇਗਾ । ਚੰਡੀਗੜ੍ਹ ਤੋਂ ਲੁਧਿਆਣਾ ਨੂੰ ਰੇਲਵੇ ਰਾਹੀਂ ਅਤੇ ਬਠਿੰਡਾ ਨੂੰ ਮੋਗੇ ਨਾਲ ਰੇਲਵੇ ਰਾਹੀਂ ਪੈਸਾ ਖਰਚ ਕਰਕੇ ਲਿੰਕ-ਅਪ ਕਰਨਾ ਚਾਹੀਦਾ ਹੈ। ਰੇਲਵੇ ਵਿੱਚ ਘੁਸ-ਪੈਠੀ, ਚੋਰੀ ਅਤੇ ਮਰਡਰ ਹੁੰਦੇ ਰਹੇ ਹਨ । ਹੁਣ ਜਿਵੇਂ ਜੇਹਲਮ ਐਕਸਪ੍ਰੈਸ ਵਿੱਚ ਇਕ ਜਨਾਨੀ ਵੀ ਡਕੈਤਾਂ ਨੇ ਮਾਰ ਦਿੱਤੀ ਅਤੇ ਜੰਜੀਰ ਖਿੱਚ ਕੇ ਜਦੋਂ ਗੱਡੀ ਹੌਲੀ ਹੋਈ ਤਾਂ ਭੱਜ ਗਏ । ਸੈਂਟਰ ਦੀ ਸਰਕਾਰ ਨੂੰ ਵੀ ਅਤੇ ਪੰਜਾਬ ਸਰਕਾਰ ਨੂੰ ਵੀ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਸਾਡੇ ਸੀ. ਐਮ. ਸਾਹਿਬ ਚੀਫ਼ ਸੈਕਟਰੀ ਨੂੰ ਨਾਲ ਲੈ ਕੇ ਜਾਂਦੇ ਹੀ ਰਹਿੰਦੇ ਹਨ । ਉਹ ਇਸ ਸਬੰਧੀ ਵੀ ਪ੍ਰਬੰਧ ਕਰਾਉਣ । ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਕਾਮਰੇਡ ਸਰਵਣ ਸਿੰਘ ਚੀਮਾ (ਨੂਰ ਮਹਿਲ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਭਾਵੇਂ ਥੋੜ੍ਹਾ ਹੀ ਮਿਲਿਆ ਹੈ । ਨਾਲ ਹੀ ਮੈਂ ਆਸ ਕਰਦਾ ਹਾ ਕਿ ਮੈਨੂੰ ਪੂਰਾ ਸਮਾਂ ਦਿਉਗੇ । ਮੈਂ ਮੰਗ ਨੰਬਰ 11, 12 ਅਤੇ 34 ਬਾਰੇ, ਜਿਸਦਾ ਸਪਲੀਮੈਂਟਰੀ ਬਜਟ ਏਥੇ ਲਿਆਂਦਾ ਗਿਆ ਹੈ, ਉਸਦੇ ਬਾਰੇ ਕੁਝ ਅਰਜ਼ ਕਰਾਂਗਾ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਨਾਂ ਦੀ ਕੋਈ ਚੀਜ਼ ਰਹੀ ਹੀ ਨਹੀਂ। ਕੋਈ ਲਾਅ ਐਂਡ ਆਰਡਰ ਨਹੀਂ। ਲੋਕੀ ਤਰਾਹ ਤਰਾਹ ਕਰ ਰਹੇ ਹਨ । ਸਾਰੇ ਪੰਜਾਬ ਵਿਚ ਚਾਹੇ ਉਹ ਪਰੋ-ਕਾਂਗਰਸੀ ਹੋਣ ਜਾਂ ਕਿਸੇ ਹੋਰ ਪਾਰਟੀ ਦੇ ਹੋਣ, ਇਸ ਵੇਲੇ ਜੇ ਪੰਜਾਬ ਵਿੱਚ ਮੈਨੂੰ ਪੁਛੋ ਤਾਂ ਹੋਰ ਕੋਈ ਰਾਜ ਨਹੀਂ, ਸਿਰਫ ਪੁਲਿਸ ਰਾਜ ਹੈ । ਤੁਸੀਂ ਵੇਖੋਗੇ ਕਿ ਗੁੰਡਾਗਰਦੀ ਦਿਨੋ ਦਿਨ ਵਧਦੀ ਜਾ ਰਹੀ ਹੈ । ਇਹ ਸਭ ਨੂੰ ਪਤਾ ਹੈ, ਚਾਹੇ ਕੋਈ ਕਿੰਨਾ ਵੀ ਪਰਦਾ ਕਿਉਂ ਨਾ ਪਾਵੇ। ਇਥੋਂ ਤੱਕ ਕਿ ਕਾਲਜਾਂ ਵਿੱਚ ਵੀ ਜਿਹੜੇ ਮੁੰਡਿਆਂ ਦੀ ਮੈਰਿਟ ਵੀ ਨਹੀਂ ਹੁੰਦੀ, ਉਨ੍ਹਾਂ ਨੂੰ ਦਾਖਲ ਕਰਾਇਆ ਜਾਂਦਾ ਹੈ । ਉਨ੍ਹਾਂ ਨੂੰ ਉਥੇ ਪੜ੍ਹਨ ਲਈ ਨਹੀਂ ਭੇਜਿਆ ਜਾਂਦਾ ਬਲਕਿ ਪਾਰਟੀ ਦੇ ਮੈਂਬਰ ਸਿਫਾਰਸ਼ਾਂ ਕਰਕੇ ਉਨ੍ਹਾਂ ਨੂੰ ਉਥੇ ਦਾਖਲ ਕਰਾਉਂਦੇ ਹਨ। ਇਸ ਤਰ੍ਹਾਂ ਜੇ ਉਹ ਖਾਲਿਸਤਾਨੀ ਬਣ ਜਾਂਦੇ ਹਨ, ਤਾਂ ਕਹਿ ਦਿੱਤਾ ਜਾਂਦਾ ਹੈ ਕਿ ਸਾਡਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ । ਇਸ ਤਰ੍ਹਾਂ ਦੇ ਮੇਰੇ ਕੋਲ ਸਰਟੀਫਿਕੇਟ ਵੀ ਹਨ ਅਤੇ ਅਖਬਾਰਾਂ ਦੀ ਕਟਿੰਗ ਵੀ ਹੈ । ਇਕ ਲੜਕਾ ਹੈ ਸਤੀਸ਼ ਕੁਮਾਰ, ਜਿਸ ਨੂੰ ਪਟੇਲ ਕਾਲਜ, ਰਾਜਪੁਰਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਵਿੱਚ ਅਤੇ ਦੂਜਾ ਪਰਮਿੰਦਰਜੀਤ ਸਿੰਘ ਚੀਮਾ ਹੈ ਜਿਸਨੂੰ ਪੰਜਾਬ ਯੂਨੀਵਰਸਿਟੀ ਵਿਚ ਦਾਖਲਾ ਮਿਲਿਆ ਹੈ । ਉਨ੍ਹਾਂ ਨੂੰ ਉਥੇ ਮੈਰਿਟ ਦੇ ਹਿਸਾਬ ਨਾਲ ਦਾਖਲਾ ਨਹੀਂ ਮਿਲਿਆ ਅਤੇ ਨਾ ਹੀ ਮਿਲ ਸਕਦਾ ਹੈ । ਜੇ ਗੁੰਡਾਗਰਦੀ ਨਹੀਂ ਹੋਵੇਗੀ ਤਾਂ ਹੋਰ ਕੀ ਹੋਵੇਗਾ । ਮੈਂ ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਖਾਸ ਤੌਰ ਤੇ ਇਹ ਲਿਆਉਣਾ ਚਾਹੁੰਦਾ ਹਾਂ ਕਿ ਰਾਜਪੁਰਾ ਦੀ ਧਾਗਾ ਮਿੱਲ ਵਿਚ ਚਾਰ ਹਜ਼ਾਰ ਵਰਕਰਜ਼ ਕੰਮ ਕਰਦੇ ਹਨ । ਕੱਲ੍ਹ ਉਥੇ ਔਰਤਾਂ ਤੇ ਜੋ ਅਤਿਆਚਾਰ ਕੀਤੇ ਗਏ, ਵਰਕਰਾਂ ਨੂੰ ਘੜੀਸ ਘੜੀਸ ਕੇ ਬਾਹਰ ਕੱਢਿਆ ਗਿਆ, ਕੀ ਇਹ ਲਾਅ ਐਂਡ ਆਰਡਰ ਹੈ ? ਉਥੇ ਮਿਨੀਮਮ ਵੇਜਿਜ਼ ਦੇਣ ਦੀ ਬਜਾਏ ਔਰਤਾਂ ਅਤੇ ਲੜਕੀਆਂ ਨੂੰ, ਜਿਹੜੀਆਂ ਸਾਡੀਆਂ ਆਪਣੀਆਂ ਭੈਣਾਂ ਵਰਗੀਆਂ ਹਨ, ਬਾਹਰ ਕੱਢਿਆ ਜਾ ਰਿਹਾ ਹੈ ਅਤੇ ਅੱਤਿਆਚਾਰ ਕੀਤਾ ਜਾ ਰਿਹਾ ਹੈ । ਉਨ੍ਹਾਂ ਨੂੰ ਧੱਕੇ ਨਾਲ ਕੱਢ ਕੇ ਹੋਰ ਵਰਕਰਜ਼ ਲਿਆਂਦੇ ਜਾ ਰਹੇ ਹਨ । ਕੀ ਇਸਨੂੰ ਤੁਸੀਂ ਕਹਿੰਦੇ ਹੋ ਕਿ ਲਾਅ ਐਂਡ ਆਰਡਰ ਹੈ ? ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸਭ ਨੂੰ ਪਤਾ ਹੈ, ਪੰਜਾਬ ਵਿਚ ਕਿੰਨੇ ਕਤਲ ਹੋਏ । ਮੈਂ ਗਿਣਤੀ ਵਿਚ ਨਹੀਂ ਜਾਂਦਾ । ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਲਗਾਤਾਰ ਕਤਲ ਹੋਏ ਹਨ । ਇਹ ਕਤਲ ਜਲੰਧਰ, ਤਰਨ ਤਾਰਨ, ਪੱਟੀ ਅਤੇ ਇਥੋਂ ਤਕ ਕਿ ਸੈਕਰੇਟੇਰੀਏਟ ਦੇ ਸਾਹਮਣੇ ਵੀ ਹੋ ਗਏ । ਕਾਤਲ ਹਾਲੇ ਤੱਕ ਇਨ੍ਹਾਂ ਕੋਲੋਂ ਲੱਭੇ ਨਹੀਂ ਗਏ । ਇਹ ਕਿਸ ਦੀ ਗਲਤੀ ਹੈ ? ਜਦੋਂ ਪੁੱਛੋ ਤਾਂ ਇਹ ਕਹਿ ਦਿੰਦੇ ਹਨ ਕਿ ਨੇੜੇ ਤੇੜੇ ਪਹੁੰਚ ਰਹੇ ਹਾਂ । ਪਰ ਦੂਜੇ ਪਾਸੇ ਕਤਲਾਂ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ । ਪੰਜਾਬ ਦਾ ਲਾਅ ਐਂਡ ਆਰਡਰ ਤਬਾਹ ਹੋ ਗਿਆ ਹੈ । ਗੱਲ ਇਥੋਂ ਤੱਕ ਪਹੁੰਚ ਗਈ ਕਿ ਜਿਵੇਂ ਤੁਸੀਂ ਵੀ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਸਾਡੇ ਚੀਫ ਮਨਿਸਟਰ ਸਾਹਿਬ ਪੰਛਤਾ, ਜ਼ਿਲ੍ਹਾ ਕਪੂਰਥਲਾ ਵਿਚ ਭਾਸ਼ਣ ਤੇ ਗਏ, ਉਥੇ ਬਹੁਤ ਵੱਡਾ ਇਕੱਠ ਹੋਇਆ, ਪੁਲਿਸ ਦੀ ਧਾੜ ਉਥੇ ਸੀ । ਇਸ ਦੇ ਬਾਵਜੂਦ ਵੀ ਇਕ ਆਦਮੀ ਸਟੇਜ ਤੇ ਚੜ੍ਹਿਆ, ਉਸ ਨੇ ਸੀ. ਐਮ. ਸਾਹਿਬ ਦੀ ਪੱਗ ਤੇ ਹੱਥ ਮਾਰਿਆ ਜਾਂ ਨਹੀਂ, ਇਹ ਤਾਂ ਇਹੀ ਜਾਣਦੇ ਹੋਣਗੇ । ਸੀ. ਐਮ. ਦੀ ਪੱਗ ਲੱਥੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਆਦਮੀ ਨੇ ਐਡੀ ਵਡੀ ਗਲਤੀ ਕੀਤੀ ਹੈ ਜਾਂ ਜ਼ੁਲਮ ਕੀਤਾ ਹੈ, ਸੀ. ਐਮ. ਦੀ ਪੱਗ ਨੂੰ ਹੱਥ ਪਾਇਆ ਹੈ ਉਸ ਉਤੇ ਕੀ ਮੁਕੱਦਮਾ ਬਣਾਇਆ ਗਿਆ ? ਉਹ ਕਿਹੜੀ ਜੇਲ੍ਹ ਵਿਚ ਹੈ ? ਉਹ ਕਿਥੇ ਹੈ ? ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਲੋਕਾਂ ਨੂੰ ਸ਼ਹਿ ਨਹੀਂ ਮਿਲੇਗੀ ਤਾਂ ਹੋਰ ਕੀ ਹੋਵੇਗਾ । ਇਹ ਮੇਰੇ ਜ਼ਿਲ੍ਹੇ ਦਾ ਵਾਕਿਆ ਹੈ। ਸੀ. ਐਮ. ਮੇਰੇ ਗਵਾਂਢੀ ਹਨ । ਇਨ੍ਹਾਂ ਤੇ ਗਰਨੇਡ ਸੁੱਟਿਆ ਗਿਆ । ਜਦੋਂ ਸੀ. ਐਮ. ਨੇ ਉਥੇ ਜਾਣਾ ਸੀ ਤਾਂ ਉਥੇ ਦੇ ਸਕੂਲਾਂ ਦੇ ਟੀਚਰ ਮੁੰਡਿਆਂ ਨੂੰ ਉਥੇ ਲੈ ਕੇ ਗਏ ਕਿ ਚਲੋ ਸੀ. ਐਮ. ਨੇ ਆਉਣਾ ਹੈ ਉਨ੍ਹਾਂ ਨੂੰ ਹਾਰ ਪਾਉਣੇ ਹਨ । ਉਹ ਬੱਚੇ ਜ਼ਖਮੀ ਹੋਏ, ਹੋਰ ਲੋਕ ਜ਼ਖਮੀ ਹੋਏ । ਅਜਨਾਲਾ ਸਾਹਿਬ ਸਾਡੇ ਮਨਿਸਟਰ ਹਨ । ਉਨ੍ਹਾਂ ਦੀ ਬਾਂਹ ਤੇ ਜ਼ਖਮ ਹੋਇਆ ਹੈ । ਸੀ. ਐਮ. ਆਪ ਕਹਿੰਦੇ ਹਨ ਅਤੇ ਅਖਬਾਰਾਂ ਨੇ ਵੀ ਲਿਖਿਆ ਹੈ ਕਿ ਗਰਨੇਡ ਵੱਜਾ ਹੈ। ਜੇ ਗਰਨੇਡ ਚੱਲ ਜਾਂਦਾ ਤਾਂ ਕੀ ਬਣਨਾ ਸੀ ? ਜਿਨ੍ਹਾਂ ਲੋਕਾਂ ਨੇ ਇਹ ਕਰਤੂਤ ਕੀਤੀ ਹੈ ਉਨ੍ਹਾਂ ਦੀ ਨਿਖੇਧੀ ਕਰਨੀ ਚਾਹੀਦੀ ਹੈ । ਲੋਕ ਲਹਿਰ ਅਖਬਾਰ ਨੇ ਲਿਖਿਆ ਹੈ ਕਿ ਮੌਕੇ ਤੇ ਜਿਹੜਾ ਆਦਮੀ ਫੜਿਆ ਗਿਆ, ਜਿਸ ਨੇ ਗਰਨੇਡ ਸੁੱਟਿਆ ਸੀ, ਉਹ ਗੁਰਚਰਨ ਸਿੰਘ ਨਾਮੀ ਆਦਮੀ ਸੀ ਜਿਸ ਨੂੰ ਗ੍ਰਿਫਤਾਰ ਕੀਤਾ ਗਿਆ । ਫਿਰ

Original with;
Punjab Vidhan Sabha
Digitized by;
Panjab Digital Library

ਲੋਕ ਲਹਿਰ ਅਖਬਾਰ ਅਤੇ ਇੰਡੀਅਨ ਐਕਸਪ੍ਰੈਸ ਨੇ ਲਿਖਿਆ ਹੈ ਕਿ ਉਸ ਗੁਰਚਰਨ ਸਿੰਘ ਨੂੰ ਜ਼ਾਤੀ ਮੁਚੱਲਕੇ ਤੇ ਰਿਹਾਅ ਕਰ ਦਿੱਤਾ ਗਿਆ । ਕਿਹੜੇ ਜ਼ਾਤੀ ਮੁਚੱਲਕੇ ਤੇ ਉਸ ਨੂੰ ਰਿਹਾਅ ਕੀਤਾ ਗਿਆ ਜਿਸ ਨੇ ਐਨੇ ਬੰਦੇ ਜ਼ਖਮੀ ਕੀਤੇ ? ਇਸ ਨੂੰ ਸੀਰੀਅਸਲੀ ਨਹੀਂ ਲਿਆ ਗਿਆ । ਕਿਉਂ ਨਾ ਇਸ ਤਰ੍ਹਾਂ ਉਨ੍ਹਾਂ ਲੋਕਾਂ ਦਾ ਹੌਂਸਲਾ ਵਧੇਗਾ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜਿਹੀਆਂ ਹਰਕਤਾਂ ਨੂੰ ਸਖਤੀ ਨਾਲ ਰੋਕੋ ਨਹੀਂ ਤਾਂ ਕੋਈ ਵੀ ਆਦਮੀ ਮਹਿਫੂਜ਼ ਨਹੀਂ ਰਹੇਗਾ । ਇਸ ਤਰ੍ਹਾਂ ਕੋਈ ਵੀ ਸਾਡੀ ਧੀ ਭੈਣ ਗੱਡੀ ਅਤੇ ਬਸ ਵਿਚ ਸਫਰ ਨਹੀਂ ਕਰ ਸਕੇਗੀ । ਅੱਜ ਦੀ ਅਖਬਾਰ ਵਿਚ ਆਇਆ ਹੈ ਕਿ ਡਾਕੂ ਫਗਵਾੜੇ ਤੋਂ ਲੁਧਿਆਣਾ ਨੂੰ ਜਾ ਰਹੀ ਗੱਡੀ ਵਿਚ ਚੜ੍ਹੇ ਅਤੇ ਰਸਤੇ ਵਿਚ ਔਰਤਾਂ ਤੋਂ ਪੈਸੇ ਖੋਹੇ । ਇਕ ਔਰਤ ਦਾ ਕਤਲ ਕਰਕੇ ਉਹ ਡਾਕੂ ਭੱਜ ਗਏ । ਇਹ ਇਥੇ ਕਹਿਣਗੇ ਕਿ ਇਹ ਰੇਲਵੇ ਪੁਲਿਸ ਦੀ ਜ਼ਿਮੇਵਾਰੀ ਹੈ । ਪਰ ਮੈਂ ਪੁੱਛਣਾ ਚਾਹਵਾਂਗਾ ਕਿ ਇਹ ਵਾਤਾਵਰਨ ਕਿਥੇ ਦਾ ਖਰਾਬ ਹੋਇਆ ? ਲਾਅ ਐਂਡ ਆਰਡਰ ਕਿਥੇ ਦਾ ਖਰਾਬ ਹੋਇਆ ? ਵਾਤਾਵਰਨ ਅਤੇ ਲਾਅ ਐਂਡ ਆਰਡਰ ਪੰਜਾਬ ਦਾ ਖਰਾਬ ਹੋਇਆ ਹੈ । ਲੁਧਿਆਣਾ, ਫਗਵਾੜਾ, ਗੁਰਾਇਆਂ ਅਤੇ ਫਿਲੌਰ ਇਹ ਸਭ ਪੰਜਾਬ ਵਿਚ ਹਨ ।

ਫਿਰ ਪੁਲਿਸ ਮੁਕਾਬਲੇ ਦੀਆਂ ਗੱਲਾਂ ਕੀਤੀਆ ਜਾਂਦੀਆਂ ਹਨ । ਗੁਰਮੀਤ ਸਿੰਘ ਮੁਕੰਦਪੁਰ ਲਾਗੇ ਮਾਰਿਆ ਗਿਆ । ਕਿਹਾ ਜਾਂਦਾ ਹੈ ਕਿ ਉਹ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ । ਉਹ ਪਹਿਲਾਂ ਹੀ ਫੜਿਆ ਹੋਇਆ ਸੀ । (ਵਿਘਨ) ਬਾਦਲ ਸਰਕਾਰ ਦੇ ਵੇਲੇ ਵੀ ਨਕਸਲਵਾੜੀਆਂ ਨੂੰ ਪੁਲਿਸ ਮੁਕਾਬਲੇ ਵਿਚ ਮਾਰਿਆ ਕੁੱਟਿਆ ਗਿਆ । ਉਨ੍ਹਾਂ ਨੂੰ ਮਾਰ ਕੇ ਅਤੇ ਪੁਲਿਸ ਮੁਕਾਬਲਾ ਦੱਸ ਕੇ ਫਿਰ ਕਿਸੇ ਪੁਲ ਤੇ ਜਾ ਕੇ ਸੁੱਟ ਕੇ ਕਿਹਾ ਕਿ ਉਹ ਪੁਲਿਸ ਮੁਕਾਬਲੇ ਵਿਚ ਮਾਰੇ ਗਏ ।

**ਸ੍ਰੀ ਸੇਵਾ ਰਾਮ** : ** ** **

**Mr. Deputy Speaker** : This is no Point of Order.

**ਕਾਮਰੇਡ ਸਰਵਣ ਸਿੰਘ ਚੀਮਾ** : ਮੈਂ ਅਰਜ਼ ਕਰ ਰਿਹਾ ਸੀ ਕਿ ਬਾਦਲ ਸਰਕਾਰ ਦੇ ਵੇਲੇ ਵੀ ਨਕਸਲਵਾੜੀਆਂ ਨੂੰ ਫੜਕੇ ਉਨ੍ਹਾਂ ਨੂੰ ਕੁੱਟਿਆ ਗਿਆ ਅਤੇ ਮਾਰਿਆਂ ਗਿਆ ਜਿਸ ਦੀ ਅਸੀਂ ਵਿਰੋਧਤਾ ਕੀਤੀ ਸੀ । ਉਨ੍ਹਾਂ ਨੂੰ ਮਾਰਕੇ ਫਿਰ ਕਿਸੇ ਪੁੱਲ ਤੇ ਲਿਜਾਕੇ ਹੇਠਾਂ ਸੁੱਟ ਕੇ ਕਹਿ ਦਿਤਾ ਗਿਆ ਇਹ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਹਨ । ਹੁਣ ਫਿਰ ਉਹੀ ਗਲ ਹੋ ਰਹੀ ਹੈ । ਜਿਹੜਾ ਗੁਰਮੀਤ ਸਿੰਘ ਮੁਕੰਦਪੁਰ ਦੇ ਲਾਗੇ ਮਾਰਿਆ ਗਿਆ, ਅਸੀਂ ਉਥੇ ਗਏ ਅਤੇ ਉਥੇ ਦੇ ਪੰਚਾਂ ਅਤੇ ਸਰਪੰਚ ਨੂੰ ਅਸੀਂ ਮਿਲੇ । ਅਸੀਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਜਿਥੇ ਪੁਲਿਸ ਨਾਲ ਮੁਕਾਬਲਾ ਹੋਇਆ ਦੱਸਿਆ ਗਿਆ ਹੈ ਉਥੇ ਗੋਲੀਆਂ ਚੱਲੀਆਂ ਹੋਣਗੀਆਂ, ਕੋਈ ਖੜਾਕ ਹੋਇਆ ਹੋਵੇਗਾ । ਪਰ ਸਾਨੂੰ ਦੱਸਿਆ ਗਿਆ ਕਿ ਕੋਈ ਗੋਲੀ ਚੱਲਣ ਦੀ ਆਵਾਜ਼ ਨਹੀਂ ਆਈ, ਕੋਈ ਖੜਾਕ ਨਹੀਂ ਹੋਇਆ । ਐਨੀ ਸੰਘਣੀ ਵਸੋਂ ਵਿਚ ਮੁਕਾਬਲੇ ਦਾ ਕੋਈ ਪਤਾ ਨਹੀਂ ਲੱਗਾ, ਇਹ ਕਿਵੇਂ ਗੱਲ ਹੋ ਸਕਦੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਨੂੰ ਜਿਹੜੇ ਅਧਿਕਾਰ ਮਿਲ ਰਹੇ ਹਨ ਇਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਨਾਲ ਪੰਜਾਬ ਦਾ ਵਾਤਾਵਰਨ ਠੀਕ ਨਹੀਂ ਰਹੇਗਾ। ਅੱਜ ਇਹ ਸਾਨੂੰ ਕਹਿੰਦੇ ਹਨ ਕਿ ਕੀ ਅਸੀਂ ਉਨ੍ਹਾਂ ਦੇ ਨਾਲ ਨਾਲ ਜਾ ਰਹੇ ਸੀ। (ਵਿਘਨ) ਅੱਤਵਾਦੀ ਤਾਕਤਾ ਦੇ ਅਸੀਂ ਵਿਰੁੱਧ ਹਾਂ। ਜੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਅੱਤਵਾਦੀਆਂ ਨੂੰ ਸ਼ਹਿ ਮਿਲੇਗੀ। ਕਿਹਾ ਜਾਂਦਾ ਹੈ ਕਿ ਜਿਹੜੇ ਅੰਮ੍ਰਿਤਧਾਰੀ ਸਿੱਖ ਹਨ ਉਨ੍ਹਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਪੁਲਿਸ ਨੂੰ ਇਹ ਕੰਮ ਨਹੀਂ ਕਰਨਾ ਚਾਹੀਦਾ। ਪੁਲਿਸ ਦਾ ਕੰਮ ਹੈ ਕਿ ਜਿਹੜਾ ਕਾਤਲ ਹੈ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ, ਗ੍ਰਿਫਤਾਰ ਕਰਕੇ ਉਸ ਨੂੰ ਕੋਰਟ ਵਿਚ ਲਿਜਾਇਆ ਜਾਵੇ। ਫਿਰ ਕੋਰਟ ਦਾ ਕੰਮ ਹੈ ਉਸ ਨੂੰ ਛੱਡੇ ਜਾਂ ਫਾਹੇ ਲਾਵੇ। ਪਰ ਫੜਕੇ ਬਾਹੀ ਕਹਨਾ ਇਹ ਪੁਲਿਸ ਦਾ ਕੰਮ ਨਹੀਂ ਹੈ। ਇਹ ਵੀ ਨਹੀਂ ਹੋਣਾ ਚਾਹੀਦਾ ਕਿ ਫੜਕੇ ਮਾਰ ਦਿਓ। ਅਸੀਂ ਝੂਠੇ ਪੁਲਿਸ ਮੁਕਾਬਲੇ ਦੀ ਨਿਖੇਧੀ ਕਰਦੇ ਹਾਂ। ਤੁਹਾਨੂੰ ਪੁਲਿਸ ਨੂੰ ਪੁਲ੍ਹ ਨਹੀਂ ਦੇਣੀ ਚਾਹੀਦੀ। ਰਾਹੋਂ ਬੰਬ ਕੇਸ ਦੇ ਜਿਹੜੇ ਸਹੀ ਮੁਲਜ਼ਮ ਹਨ ਉਨ੍ਹਾਂ ਨੂੰ ਛੱਡਣਾ ਨਹੀਂ ਚਾਹੀਦਾ। ਕਿਸੇ ਨੂੰ ਫੜ ਲਿਆ ਅਤੇ ਫੜਕੇ ਥਾਣੇ ਵਿਚ ਮਾਰ ਕੇ ਉਸ ਨੂੰ ਕਹਿ ਦੇਣਾ ਕਿ ਇਹ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ ਅਤੇ ਫਿਰ ਪੁਲਿਸ ਨੂੰ ਡੀਫੈਂਡ ਕੀਤਾ ਜਾਵੇ, ਇਹ ਠੀਕ ਨਹੀਂ ਹੈ। ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਵਾਈਂਡ ਅੱਪ ਕਰੋ। ਤੁਹਾਡੇ 12 ਮਿੰਟ ਹੋ ਗਏ ਹਨ।

**ਕਾਮਰੇਡ ਸਰਵਣ ਸਿੰਘ ਚੀਮਾ :** ਤੁਸੀਂ ਮੈਨੂੰ ਬੋਲਣ ਲਈ ਅੱਧਾ ਘੰਟਾ ਦਿਓ। ਫਿਰ ਹਵਾਈ ਜਹਾਜ਼ ਅਗਵਾਹ ਕੀਤੇ ਜਾਂਦੇ ਹਨ।

**ਮਾਸਟਰ ਚੰਦ ਸਿੰਘ :** ਡਿਪਟੀ ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਫੈਸਲਾ ਹੋਇਆ ਸੀ ਕਿ ਵੱਧ ਟਾਈਮ ਮਿਲੇਗਾ।

**ਕਾਮਰੇਡ ਸਰਵਣ ਸਿੰਘ ਚੀਮਾ :** ਪਿਛਲੇ ਦਿਨਾਂ ਵਿਚ ਹਵਾਈ ਜਹਾਜ਼ ਅਗਵਾਹ ਕੀਤੇ ਗਏ। ਪਿਛਲੇ ਦਿਨਾਂ ਵਿਚ ਜਿਹੜੇ ਵੀ ਹਵਾਈ ਜਹਾਜ਼ ਅਗਵਾਹ ਕੀਤੇ ਗਏ ਉਹ ਸਾਰੇ ਲਾਹੌਰ (ਪਾਕਿਸਤਾਨ) ਵਲ ਨੂੰ ਹੀ ਗਏ। ਇਸ ਦਾ ਕੀ ਕਾਰਨ ਹੈ ? ਹਵਾਈ ਅੱਡੇ ਹੋਰ ਵੀ ਹਨ। ਇਸ ਦਾ ਕਾਰਨ ਇਹ ਹੈ ਕਿ ਇਸ ਦੇ ਪਿੱਛੇ ਸਾਮਰਾਜੀਆਂ ਦਾ ਹੱਥ ਹੈ, ਇਸ ਦੇ ਪਿੱਛੇ ਅਮਰੀਕਾ ਦਾ ਹੱਥ ਹੈ। ਹਵਾਈ ਜਹਾਜ਼ ਅਗਵਾਹ ਕਰਨ ਵਾਲੇ ਕਨੇਡਾ ਦੇ ਟੂਰੰਟੋ ਸ਼ਹਿਰ ਵਿਚੋਂ ਟਰੇਨਿੰਗ ਲੈ ਕੇ ਆਏ ਹਨ। ਸਰਕਾਰ ਇਸ ਬਾਰੇ ਕੀ ਕਰ ਰਹੀ ਹੈ ? ਉਥੇ ਟੂਰੰਟੋ ਤੋਂ ਟਰੇਨਿੰਗ ਲਈ ਅਤੇ ਫਿਰ ਉਹ ਹਿੰਦੁਸਤਾਨ ਆਏ ਹਨ। ਉਨ੍ਹਾਂ ਨੇ ਹਿੰਦੁਸਤਾਨ ਵਿਚ ਆ ਕੇ ਹਵਾਈ ਜਹਾਜ਼ ਅਗਵਾਹ ਕੀਤੇ। ਸਰਕਾਰ ਦੀ ਕੀ ਜ਼ਿਮੇਵਾਰੀ ਬਣਦੀ ਹੈ ? ਸਰਕਾਰ ਨੇ ਆਪਣੀ ਜ਼ਿਮੇਵਾਰੀ ਨਹੀਂ ਨਿਭਾਈ। ਜੇ ਇਸੇ ਤਰ੍ਹਾਂ ਹਵਾਈ ਜਹਾਜ਼ ਅਗਵਾਹ ਹੁੰਦੇ ਰਹੇ ਤਾਂ ਫਿਰ ਕੌਮ ਦਾ ਬਹੁਤ ਨੁਕਸਾਨ ਹੋਵੇਗਾ। ਹਵਾਈ ਜਹਾਜ਼ ਦੀ ਟੱਕਰ ਹੋ ਸਕਦੀ ਹੈ ਅਤੇ ਇਸ ਤਰ੍ਹਾਂ ਬੰਦੇ ਮਰ ਸਕਦੇ ਹਨ। ਹਵਾਈ ਜਹਾਜ਼ ਵਿਚ ਕੋਈ ਸਿੱਖ ਕੋਈ ਹਿੰਦੂ ਅਤੇ ਕੋਈ ਹਰੀਜਨ ਵੀ ਹੋ ਸਕਦਾ ਹੈ, ਕੋਈ ਵੀ ਹਵਾਈ ਜਹਾਜ਼ ਵਿਚ ਸਫਰ ਕਰ ਸਕਦਾ ਹੈ। ਗੌਰਮਿੰਟ ਨੂੰ ਆਪਣੀ ਜ਼ਿਮੇਵਾਰੀ ਨਿਭਾਉਣੀ ਚਾਹੀਦੀ ਹੈ। ਗੌਰਮਿੰਟ ਤੋਂ ਆਪਣੀ ਡਿਊਟੀ ਨਿਭਾਉਣ ਵਿਚ ਗਲਤੀ ਹੋਈ ਹੈ। ਉਨ੍ਹਾਂ ਲੋਕਾਂ ਨੂੰ ਇਸ ਦੇਸ਼ ਵਿਚ ਵੜਨ ਨਹੀਂ ਸੀ ਦੇਣਾ ਚਾਹੀਦਾ। ਜੇ ਉਨ੍ਹਾਂ ਨੇ ਇਸ ਦੇਸ਼ ਵਿਚ

Original with;
Punjab Vidhan Sabha
Digitized by;
Panjab Digital Library

ਆਉਣਾ ਹੀ ਸੀ ਤਾਂ ਉਨ੍ਹਾਂ ਉਤੇ ਕਿਸੇ ਕਿਸਮ ਦੀ ਪਾਬੰਦੀ ਹੋਣੀ ਚਾਹੀਦੀ ਸੀ ।

ਮੈਂ ਅਕਾਲੀ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਅੱਤਵਾਦੀਆਂ ਦਾ ਖਹਿੜਾ ਛੱਡੋ । ਜੇ ਉਹ ਖਾਲਿਸਤਾਨ ਦੀ ਹਮਾਇਤ ਨਹੀਂ ਛੱਡਦੇ ਤਾਂ ਉਨ੍ਹਾਂ ਨੂੰ ਇਸ ਦੀ ਨਿਖੇਧੀ ਕਰਨੀ ਚਾਹੀਦੀ ਹੈ । ਉਨ੍ਹਾਂ ਨੂੰ ਹਵਾਈ ਜਹਾਜ਼ ਅਗਵਾਹ ਕਰਨ ਦੀ ਨਿਖੇਧੀ ਕਰਨੀ ਚਾਹੀਦੀ ਹੈ । ਬੰਬ ਸੁਟੇ ਜਾਣ ਦੀ ਨਿਖੇਧੀ ਕਰਨੀ ਚਾਹੀਦੀ ਹੈ ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਇਨ੍ਹਾਂ ਨੇ ਅਕਾਲੀਆਂ ਨੂੰ ਕਿਹਾ ਹੈ ਕਿ ਉਹ ਅੱਤਵਾਦੀਆਂ ਦਾ ਸਾਥ ਛੱਡ ਦੇਣ । ਜੇ ਅਕਾਲੀ ਸਾਥ ਨਹੀਂ ਛੱਡਦੇ ਤਾਂ ਕੀ ਇਹ ਅਕਾਲੀਆਂ ਨੂੰ ਛੱਡ ਦੇਣਗੇ ?

**ਕਾਮਰੇਡ ਸਰਵਣ ਸਿੰਘ ਚੀਮਾ** : ਇਸ ਵਿਚ ਕੋਈ ਭੁਲੇਖੇ ਵਾਲੀ ਗੱਲ ਨਹੀਂ ਹੈ ਕਿ ਸਾਡੀ ਪਾਰਟੀ ਨੇ ਅੱਤਵਾਦੀਆਂ ਦੇ ਖਿਲਾਫ ਪੈਂਫਲੈਟ ਕੱਢੇ ਹਨ । ਉਨ੍ਹਾਂ ਦੇ ਖਿਲਾਫ ਸਾਰੇ ਪੰਜਾਬ ਵਿਚ ਰੈਲੀਆਂ ਕੀਤੀਆਂ ਹਨ । ਪੰਜਾਬ ਦਾ ਕਿਹੜਾ ਪਿੰਡ ਹੈ ਜਿਥੇ ਸਾਡੀ ਪਾਰਟੀ ਨੇ ਜਲਸੇ ਅਤੇ ਜਲੂਸ ਨਹੀਂ ਕੀਤੇ ਅਤੇ ਉਨ੍ਹਾਂ ਦੇ ਖਿਲਾਫ ਨਹੀਂ ਬੋਲੇ । ਇਹ ਸਿਰਫ ਸਾਡੀ ਪਾਰਟੀ ਹੀ ਹੈ ਜਿਸ ਨੇ ਐਨੀ ਮੁਹਿੰਮ ਚਲਾਈ ਹੈ ਅਤੇ ਅੱਤਵਾਦੀਆਂ ਦੇ ਖਿਲਾਫ ਡਟਕੇ ਸਟੈਂਡ ਲਿਆ ਹੈ । ਮੈਂ ਇਸ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਹੁਣ ਤਕ ਉਨ੍ਹਾਂ ਦੇ ਖਿਲਾਫ ਕੀ ਕੀਤਾ ਹੈ ? ਤੁਸੀਂ ਕਿੰਨੇ ਜਲਸੇ ਕੀਤੇ ਹਨ, ਕਿੰਨੀ ਮੁਹਿੰਮ ਚਲਾਈ ਹੈ ?

**Mr. Deputy Speaker** : Please wind up.

**ਕਾਮਰੇਡ ਸਰਵਣ ਸਿੰਘ ਚੀਮਾ** : ਜਿਥੇ ਕਿਤੇ ਸਚਾਈ ਕੋਈ ਹੈ ਤੁਹਾਨੂੰ ਉਸ ਬਾਰੇ ਵਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ ਤਾਂ ਜੋ ਜੋ ਸਚਾਈ ਹੈ ਜੋ ਹਕੀਕਤਾਂ ਹਨ, ਉਹ ਲੋਕਾਂ ਦੇ ਸਾਹਮਣੇ ਆ ਸਕਣ । ਜਿਹੜੇ ਅਕਾਲੀ ਵਰਕਰ ਘਰਾਂ ਵਿਚੋਂ ਜਾ ਕੇ ਫੜੇ ਗਏ ਹਨ ਇਹ ਬਿਲਕੁਲ ਗਲਤ ਕੰਮ ਕੀਤਾ ਹੈ । ਅਸੀਂ ਵੀ ਮੋਰਚੇ ਲਾਏ ਹਨ । ਇਨ੍ਹਾਂ ਨੇ ਵੀ ਮੋਰਚੇ ਲਾਏ ਹਨ । ਕਲ੍ਹ ਨੂੰ ਸਰਕਾਰ ਬਦਲ ਸਕਦੀ ਹੈ, ਇਨ੍ਹਾਂ ਨੇ ਜਿਹੜੇ ਅਕਾਲੀ ਵਰਕਰਜ਼ ਘਰਾਂ ਵਿਚੋਂ ਜਾ ਕੇ ਏਨੀ ਵੱਡੀ ਗਿਣਤੀ ਵਿਚ ਫੜੇ ਹਨ, ਇਨ੍ਹਾਂ ਨੂੰ ਰਿਹਾ ਕਰਨਾ ਚਾਹੀਦਾ ਹੈ । ਸਰਕਾਰ ਦਾ ਇਹ ਸਰਾਸਰ ਗਲਤ ਕੰਮ ਹੈ ।

**ਸ੍ਰੀ ਡਿਪਟੀ ਸਪੀਕਰ** : ਹੁਣ ਤੁਸੀਂ ਵਾਈਂਡ ਅੱਪ ਕਰੋ ।

**ਕਾਮਰੇਡ ਸਰਵਣ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੇਂਦਰੀ ਸਰਕਾਰ ਨੂੰ ਸੁਝਾਅ ਭੇਜਿਆ ਜਾਣਾ ਚਾਹੀਦਾ ਹੈ ਕਿ ਉਹ ਸਾਰੀਆਂ ਪੁਲਿਟੀਕਲ ਪਾਰਟੀਆਂ ਦੀ ਇਕ ਸਾਂਝੀ ਮੀਟਿੰਗ ਬੁਲਾਏ । ਬਾਕੀ ਦੇਸ਼ ਦੀਆਂ ਮੁਸ਼ਕਲਾਂ ਹਨ, ਕਈ ਮਸਲੇ ਹਨ ਖਾਸ ਤੌਰ ਤੇ ਪੰਜਾਬ ਦੇ ਜਿਹੜੇ ਮਸਲੇ ਹਨ ਉਨ੍ਹਾਂ ਨੂੰ ਡਿਸਕਸ ਕਰਨ ਵਾਸਤੇ, ਏਥੇ ਦੇ ਵਾਤਾਵਰਣ ਨੂੰ ਦਰੁਸਤ ਕਰਨ ਵਾਸਤੇ, ਏਥੇ ਦੇ ਵਿਗੜੇ ਹੋਏ ਲਾਅ-ਐਂਡ ਆਰਡਰ ਨੂੰ ਦਰੁਸਤ ਕਰਨ ਵਾਸਤੇ ਇਕ ਸਾਂਝੀ ਮੀਟਿੰਗ ਹੋਣੀ ਬਹੁਤ ਜ਼ਰੂਰੀ ਹੈ । ਬਾਦਲ ਸਾਹਿਬ ਵਲੋਂ ਇਕ ਲੈਟਰ ਦਿੱਤਾ ਗਿਆ ਸੀ ਉਸ ਵਿਚ ਕੋਈ ਦਸ ਕੁ ਮੰਗਾਂ ਸਨ । ਉਸ ਵਿਚ ਇਕ ਮੰਗ ਇਹ ਸੀ ਕਿ ਚੰਡੀਗੜ੍ਹ ਪੰਜਾਬ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਦਿੱਤਾਂ ਜਾਵੇ। ਲਓ ਦੱਸੋ ਜੇ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇ ਤਾਂ ਇਨ੍ਹਾਂ ਵਿਚੋਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਮੇਰਾ ਖਿਆਲ ਹੈ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਜੇ ਇਹ ਮੰਗ ਮੰਨ ਲਈ ਜਾਵੇ ਤਾਂ ਇਸ ਨਾਲ ਸਾਡਾ ਵਾਤਾਵਰਨ ਦਰੁਸਤ ਹੋਵੇਗਾ। ਪੰਜਾਬੀ ਬੋਲਦੇ ਪਿੰਡ ਜੋ ਹਨ ਉਹ ਪੰਜਾਬ ਦੇ ਏਰੀਏ ਵਿਚ ਹਨ। ਪਿੰਡ ਨੂੰ ਇਕਾਈ ਮੰਨ ਕੇ ਉਸ ਨੂੰ ਆਧਾਰ ਬਣਾ ਕੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਲੈ ਲਏ ਜਾਣ। ਇਸੇ ਤਰ੍ਹਾਂ ਹੀ ਹਿੰਦੀ ਬੋਲਦੇ ਇਲਾਕੇ/ਪਿੰਡ ਜੋ ਹਨ ਉਨ੍ਹਾਂ ਨੂੰ ਇਸ ਵਿਚੋਂ ਕੱਢ ਦਿੱਤਾ ਜਾਵੇ। ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਹੈ। ਪਾਣੀ ਦੀ ਵੰਡ ਗਲਤ ਹੋਈ ਹੈ (ਘੰਟੀ) ਪੰਜਾਬ ਦਾ ਬਹੁਤਾ ਰਕਬਾ ਬਰਾਨੀ ਹੋ ਜਾਵੇਗਾ। ਇਸ ਬਾਰੇ ਚਾਹੇ ਸੁਪਰੀਮ ਕੋਰਟ ਦਾ ਕੋਈ ਜੱਜ ਮੁਕਰਰ ਕਰ ਦਿੱਤਾ ਜਾਵੇ; ਇਸ ਦੀ ਇਨ-ਕੁਆਇਰੀ ਕਰਾ ਕੇ ਵੇਖ ਲਈ ਜਾਵੇ ਅਤੇ ਸਰਕਾਰ ਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਆਲ ਇੰਡੀਆ ਗੁਰਦੁਆਰਾ ਐਕਟ ਬਣਾ ਦਿੱਤਾ ਜਾਵੇ ਤਾਕਿ ਧਾਰਮਿਕ ਮਸਲਿਆਂ ਵਿਚ ਕੋਈ ਦਖਲ ਨਾ ਦੇਵੇ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਗੁਰਦੁਆਰਾ ਐਕਟ ਬਣਾ ਦਿੱਤਾ ਜਾਵੇ ਤਾਂ ਇਸ ਦੇ ਵਿਚ ਇਨ੍ਹਾਂ ਨੂੰ ਕੀ ਹਰਜ਼ ਹੈ। ਇਹ ਜਿਹੜੀਆਂ ਚੀਜ਼ਾਂ ਹਨ ਇਨ੍ਹਾਂ ਤੇ ਵਿਚਾਰ ਕਰਨੀ ਚਾਹੀਦੀ ਹੈ, ਸਰਕਾਰ ਨੂੰ ਇਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਗੁਰਦੁਆਰਿਆਂ ਬਾਰੇ ਮੈਂ ਆਖਰ ਵਿਚ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਭਗਤੀ ਕਰਨ ਵਾਸਤੇ ਹੁੰਦੇ ਹਨ, ਆਪਣੇ ਮਨ ਦੀ ਸ਼ਾਂਤੀ ਕਰਨ ਲਈ ਹੁੰਦੇ ਹਨ, ਗੁਰਦੁਆਰਿਆਂ ਵਿਚ ਜਾਂ ਮੰਦਰਾਂ ਵਿਚ ਨਾ ਕੋਈ ਹਿੰਦੂ ਅਤੇ ਨਾ ਹੀ ਕੋਈ ਸਿੱਖ ਭੈੜੇ ਕੰਮ ਕਰਕੇ ਜਾ ਕੇ ਲੁਕੇ। ਇਹ ਧਾਰਮਿਕ ਅਸਥਾਨ ਹਨ, ਇਨ੍ਹਾਂ ਨੂੰ ਇਸ ਤਰ੍ਹਾਂ ਹੀ ਸਨਮਾਨਿਆ ਜਾਣਾ ਚਾਹੀਦਾ ਹੈ। ਜੇ ਕੋਈ ਉਥੇ ਜਾ ਕੇ ਲੁਕਦਾ ਹੈ ਤਾਂ ਬਹੁਤ ਗਲਤ ਚੀਜ਼ ਹੈ। ਇਨ੍ਹਾਂ ਨੂੰ ਉਥੇ ਕੋਈ ਪਨਾਹ ਨਹੀਂ ਦੇਣੀ ਚਾਹੀਦੀ ਕਿਉਂਕਿ ਇਹ ਪਵਿੱਤਰ ਧਰਤੀ ਹੈ, ਪਵਿੱਤਰ ਅਸਥਾਨ ਹੈ ਜਿਸ ਨੂੰ ਅਸੀਂ ਸਾਰੇ ਸਿਰ ਨਿਵਾਉਂਦੇ ਹਾਂ।

12.55 P.M. (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

ਸਪੀਕਰ ਸਾਹਿਬ, ਮੈਂ ਅੰਤ ਵਿਚ ਗੰਨੇ ਬਾਰੇ ਥੋੜ੍ਹਾ ਜਿਹਾ ਕਹਿਣਾ ਚਾਹੁੰਦਾ ਹਾਂ। ਸਭ ਨੂੰ ਪਤਾ ਹੈ ਕਿ ਗੰਨੇ ਦੇ ਪਿਛਲੇ ਬਕਾਏ ਪਏ ਹਨ। ਇਹ ਬਕਾਏ ਸਾਰੀਆਂ ਮਿੱਲਾਂ ਵੱਲ ਖੜੇ ਹਨ। ਸਭ ਤੋਂ ਵੱਧ ਬਕਾਏ ਫਗਵਾੜਾ ਸ਼ੂਗਰ ਮਿੱਲ ਵਿਚ ਹਨ ਜਿਹੜੀ ਕਿ ਇਕ ਪ੍ਰਾਈਵੇਟ ਸ਼ੂਗਰ ਮਿੱਲ ਹੈ। ਮੈਂ ਕਹਿੰਦਾ ਹਾਂ ਕਿ ਜਿੰਨੀਆਂ ਪੰਜਾਬ ਵਿਚ ਸ਼ੂਗਰ ਮਿੱਲਾਂ ਹਨ ਅਤੇ ਉਥੇ ਜਿਤਨੇ ਕੰਡੇ ਹਨ ਉਨ੍ਹਾਂ ਸਾਰਿਆਂ ਕੰਡਿਆਂ ਦਾ ਜਿਹਾ ਏਰੀਆ ਜਿਵੇਂ ਨੂਰਮਹਿਲ, ਫਗਵਾੜਾ, ਸ਼ੰਕਰ ਆਦਿ ਅਤੇ ਬਾਕੀ ਜ਼ਿਲ੍ਹਿਆਂ ਵਿਚ ਵੀ ਜਿਤਨੇ ਕੰਡੇ ਹਨ ਉਹ ਕਿਸੇ ਨਾ ਕਿਸੇ ਮਿੱਲ ਨਾਲ ਲੱਗੇ ਹੋਏ ਹਨ। ਇਨ੍ਹਾਂ ਕੰਡਿਆਂ ਦੇ ਏਰੀਏ ਦਾ ਗੰਨਾ ਕਿਸੇ ਨੇ ਵੀ ਬਾਉਂਡ ਨਹੀਂ ਕੀਤਾ। ਇਹ ਜਿਹੜਾ ਗੰਨਾ ਪਿਆ ਹੈ ਇਹ ਕਿਸੇ ਨੇ ਨਹੀਂ ਚੁਕਣਾ। ਕਿਸਾਨ ਵਿਚਾਰੇ ਪਹਿਲਾਂ ਹੀ ਲੇਟ ਹੋ ਗਏ ਹਨ, ਸਰਕਾਰ ਨੇ ਇਹ ਗੰਨਾ ਕਦੋਂ ਚੁਕਣਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਨਵੀਂ ਸ਼ਰਤ ਹੈ ਕਿ ਵਧ ਤੋਂ

Original with;
Punjab Vidhan Sabha
Digitized by;
Panjab Digital Library

ਵੱਧ ਇਕ ਖੇਤ ਦਾ ਗੰਨਾ 240 ਕਵਿੰਟਲ ਬਾਊਂਡ ਕਰਨਾ ਹੈ ਅਤੇ ਘੱਟੋ ਘੱਟ 60 ਕਵਿੰਟਲ। ਸਰਕਾਰ ਕੋਈ ਕਮੇਟੀ ਮੁਕਰਰ ਕਰੇ ਚਾਹੇ ਮੁੱਖ ਮੰਤਰੀ ਜੀ ਆਪ ਜਾ ਕੇ ਖੇਤਾਂ ਵਿਚ ਵੇਖ ਲੈਣ ਜਾਂ ਇਨਕੁਆਇਰੀ ਕਰਾ ਲੈਣ। 60 ਕਵਿੰਟਲ ਗੰਨਾ ਤਾਂ ਮਾੜੇ ਤੋਂ ਮਾੜੇ ਖੇਤ ਵਿਚ ਵੀ ਹੋ ਜਾਂਦਾ ਹੈ, ਏਨਾ ਕੁ ਤਾਂ 2 ਕਨਾਲ ਵਿਚੋਂ ਹੀ ਹੋ ਜਾਂਦਾ ਹੈ। ਇਹ ਮਸਲਾ ਹੁਣੇ ਹੀ ਹੱਲ ਕਰਨਾ ਚਾਹੀਦਾ ਹੈ ਅੌਰ ਨਾਲ ਦੀ ਨਾਲ ਕੇਂਦਰੀ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਗੰਨੇ ਦੀ ਕੀਮਤ 25/30 ਰੁਪਏ ਦੇ ਦਰਮਿਆਨ ਮੁਕਰਰ ਹੋਣੀ ਚਾਹੀਦੀ ਹੈ ਤਾਕਿ ਲੋਕਾਂ ਦੀ ਹੌਂਸਲਾ ਅਫਜ਼ਾਈ ਹੋਵੇ, ਲੋਕਾਂ ਦਾ ਹੌਂਸਲਾ ਮਜ਼ਬੂਤ ਹੋਵੇ। ਹੁਣ ਮੰਡੀਆਂ ਵਿਚ ਝੋਨਾ ਆ ਰਿਹਾ ਹੈ। ਝੋਨੇ ਦਾ ਰੇਟ 140/- ਰੁਪਏ ਪ੍ਰਤੀ ਕਵਿੰਟਲ ਦੇਣਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਇਸ ਨਾਲ ਸਾਰੇ ਸਾਥੀ ਸਹਿਮਤ ਹੋਣਗੇ; ਅਜੇ ਤਕ ਕੋਈ ਕੀਮਤ ਮੁਕਰਰ ਨਹੀਂ ਹੋਈ। ਜਿਨ੍ਹਾਂ ਕਿਸਾਨਾਂ ਨੇ ਪਹਿਲਾਂ ਸੁੱਟਿਆ ਸੀ ਉਨ੍ਹਾਂ ਨੂੰ ਮੁੱਖ ਮੰਤਰੀ ਜੀ ਨੇ ਪਿਛਲੀ ਵਾਰ ਕਿਹਾ ਸੀ ਕਿ ਉਹ ਆਪਣੀ ਪਰਚੀ ਸੰਭਾਲ ਕੇ ਰੱਖਣ ਉਨ੍ਹਾਂ ਨੂੰ ਅਦਾਇਗੀ ਕੀਤੀ ਜਾਵੇਗੀ ਪਰ ਇਹ ਹਾਲੇ ਤਕ ਨਹੀਂ ਕੀਤੀ ਗਈ। ਉਨ੍ਹਾਂ ਨੂੰ ਕੋਈ ਪੈਸੇ ਨਹੀਂ ਦਿੱਤੇ ਗਏ। ਇਸ ਵੇਲੇ ਫਿਰ ਲੋਕੀਂ ਚਿੰਤਾ ਵਿਚ ਹਨ ਕਿਉਂਕਿ ਹਾਲੇ ਤਕ ਕੋਈ ਕੀਮਤ ਮੁਕਰਰ ਨਹੀਂ ਹੋਈ। ਸਰਕਾਰ ਨੂੰ ਜਲਦੀ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕੇਂਦਰ ਤੇ ਦਬਾਅ ਪਾਇਆ ਜਾਣਾ ਚਾਹੀਦਾ ਹੈ ਕਿ ਝੋਨੇ ਦੀ ਕੀਮਤ 140/- ਰੁਪਏ ਪ੍ਰਤੀ ਕਵਿੰਟਲ ਹੋਵੇ। ਝੋਨੇ ਦਾ ਰੇਟ 140/- ਰੁਪਏ ਦਿਵਾਉਣ ਵਾਸਤੇ ਸਰਕਾਰ ਨੂੰ ਤੁਰੰਤ ਉਪਰਾਲੇ ਕਰਨੇ ਚਾਹੀਦੇ ਹਨ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਤੁਹਾਡਾ, ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਬਗੈਰ ਅਨੈਲੇਸਿਜ਼ ਕੀਤੇ ਕਿਸੇ ਆਧਾਰ ਤੋਂ ਪ੍ਰਾਈਸ ਫਿਕਸ ਕਰਨ ਬਾਰੇ ਕਹਿ ਦਿੰਦੇ ਹਨ ਕਿ ਗੰਨੇ ਦੀ ਪ੍ਰਾਈਸ 30/40 ਰੁਪਏ ਫਿਕਸ ਕਰ ਦਿਓ। ਅਜਿਹਾ ਕਹਿਣ ਵੇਲੇ ਇਹ ਕੇਵਲ ਖਪਤਕਾਰ ਦਾ ਹੀ ਖਿਆਲ ਰੱਖਦੇ ਹਨ, ਇਨ੍ਹਾਂ ਨੂੰ ਦੂਸਰੇ ਪਾਸੇ ਕਨਜ਼ਿਊਮਰ ਬਾਰੇ ਵੀ ਸੋਚਣਾ ਚਾਹੀਦਾ ਹੈ ਅਤੇ ਫਿਰ ਕਹਿਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਇਥੇ ਹਾਜ਼ਰ ਨਹੀਂ ਉਹ ਤਾਂ ਕਹਿ ਸਕਦੇ ਸਨ ਕਿਉਂਕਿ ਹਿਸਾਬ ਕਿਤਾਬ ਤੋਂ ਵਾਂਝੇ ਰਹਿਣਾ ਉਨ੍ਹਾਂ ਦਾ ਕਰਤਵ ਹੈ ਅੌਰ ਹੈਬਿਟ ਬਣੀ ਹੋਈ ਹੈ, ਪਰ ਤੁਹਾਡੀ ਪਾਰਟੀ ਤਾਂ ਸਾਰੀ ਛਾਣਬੀਣ ਕਰਦੀ ਹੈ, ਸਭ ਕੁਝ ਵੇਖਦੀ ਹੈ। ਮੈਂ ਪਿਟੀ ਕਰਦਾ ਹਾਂ ਅੱਜ ਇਸ ਪਾਰਟੀ ਤੇ ਕਿ ਇਹ ਖਪਤਕਾਰਾਂ ਦਾ ਬਿਲਕੁਲ ਹੀ ਧਿਆਨ ਨਹੀਂ ਰੱਖਦੀ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦਾ ਵੇਖੋ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਅਜ ਸਪਲੀਮੈਂਟਰੀ ਐਸਟੀਮੇਟਸ (ਫਸਟ ਇਨਸਟਾਲਮੈਂਟ) ਸਾਲ 1982–83 ਹਾਊਸ ਵਿਚ ਪੇਸ਼ ਹੋਈ ਹੈ ਅੌਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਕਿਸੇ ਵੀ ਮਾਨਯੋਗ ਮੈਂਬਰ ਨੇ ਕਿਸੇ ਵੀ ਡਿਮਾਂਡ ਦਾ ਬਿਲਕੁਲ ਵਿਰੋਧ ਨਹੀਂ ਕੀਤਾ, ਡਿਸਕਸ਼ਨ ਕੀਤੀ ਹੈ, ਸੁਝਾਓ ਦਿਤੇ ਹਨ। ਮੈਂ ਮਾਨਯੋਗ ਮੈਂਬਰਾਂ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਕੋਈ ਔਬਜੈਕਸ਼ਨ ਨਹੀਂ ਕੀਤਾ ਅੌਰ ਇਸ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਰਕੇ ਨਹੀਂ ਕੀਤਾ ਕਿਉਂਕਿ ਇਹ ਸਾਰੀਆਂ ਡੀਮਾਂਡਾਂ ਜਸਟੀਫਾਈਡ ਹਨ। ਇਹ ਕੁੱਲ 40.47 ਕਰੋੜ ਰੁਪਏ ਦੀਆਂ ਡਿਮਾਂਡਜ਼ ਹਨ ਜਿਨ੍ਹਾਂ ਵਿਚੋਂ 11 ਕਰੋੜ ਰੁਪਏ ਤੋਂ ਵੱਧ ਸੈਂਟਰਲ ਅਸਿਸਟੈਂਸ ਮਿਲੇਗੀ। 29.18 ਕਰੋੜ ਰੁਪਏ ਵਿਚੋਂ 19 ਕਰੋੜ ਰੁਪਏ ਬਤੌਰ ਲੋਨਜ਼ ਦੇ ਰਹੇ ਹਾਂ ਅਤੇ 10 ਕਰੋੜ ਰੁਪਏ ਦਾ ਨੈਟ ਬੋਝ ਪਏਗਾ। ਇਹ ਖਰਚਾ ਸਾਰੇ ਮਾਨਯੋਗ ਮੈਂਬਰਾਂ ਨੇ ਜਸਟੀਫਾਈ ਕੀਤਾ ਹੈ, ਸਿਵਾਏ ਇਕ ਦੋ ਗੱਲਾਂ ਦੇ ਜਿਨ੍ਹਾਂ ਦਾ ਮੈਂ ਜਵਾਬ ਦੇਵਾਂਗਾ। ਬਾਕੀ ਜਿਹੜੇ ਖਰਚੇ ਡਿਮਾਂਡਜ਼ ਦੇ ਪੇਸ਼ ਹੋਏ ਹਨ ਉਹ ਸਾਰੇ ਮਾਨਯੋਗ ਮੈਂਬਰਾਂ ਨੇ ਸਪੋਰਟ ਕੀਤਾ ਹੈ। ਸਪੀਕਰ ਸਾਹਿਬ, ਪੰਜਾਬ ਦੇ ਲੋਕ ਵੀ ਜਾਣਦੇ ਹਨ ਅਤੇ ਮਾਨਯੋਗ ਮੈਂਬਰਜ਼ ਵੀ ਜਾਣਦੇ ਹਨ 20-ਪੁਆਇੰਟ ਪ੍ਰੋਗਰਾਮ ਸਾਡੀ ਪ੍ਰਧਾਨ ਮੰਤਰੀ ਜੀ ਦਾ ਪ੍ਰੈਸਟੀਜੀਅਸ ਪ੍ਰੋਗਰਾਮ ਹੈ ਅਤੇ ਪੰਜਾਬ ਸਰਕਾਰ ਵਚਨਬੱਧ ਹੈ ਇਸ ਨੂੰ ਪੂਰਾ ਕਰਨ ਲਈ। 306 ਕਰੋੜ ਰੁਪਿਆ ਪਲਾਨ ਵਿਚੋਂ ਜਿਹੜਾ 240 ਕਰੋੜ ਰੁਪਏ ਦਾ ਪਲਾਨ ਹੈ, ਅਤੇ 37 ਕਰੋੜ ਰੁਪਿਆ ਜਿਹੜਾ ਨਾਨ-ਪਲਾਨ ਹੈ 443 ਕਰੋੜ ਰੁਪਏ ਦਾ, ਖਰਚ ਕਰਨਾ ਹੈ। ਇਹ ਸਪਲੀਮੈਂਟਰੀ ਡਿਮਾਂਡਜ਼ ਹਨ, ਇਸ ਦੇ ਵਿਚ ਹੋਰ ਪੈਸਾ ਮੰਗਿਆ ਗਿਆ ਹੈ। ਡਿਮਾਂਡ ਨੰ: 25, 26 ਅਤੇ 34 ਐਸੀਆਂ ਡਿਮਾਂਡਜ਼ ਹਨ ਜਿਹੜੀਆਂ ਖਾਸ ਤੌਰ ਤੇ ਪਛੜੇ ਵਰਗ, ਜਿਹੜੇ ਸ਼ਡਿਊਲਡ ਕਾਸਟਸ ਹਨ ਉਨ੍ਹਾਂ ਵਾਸਤੇ ਖਾਸ ਡਿਮਾਂਡਜ਼ ਹਨ, ਇਨ੍ਹਾਂ ਵਾਸਤੇ ਸਾਨੂੰ ਸੈਂਟਰਲ ਗੌਰਮਿੰਟ ਨੇ ਵੀ ਬਹੁਤ ਸਾਰਾ ਪੈਸਾ ਦਿੱਤਾ ਹੈ। 2 ਕਰੋੜ 51 ਲੱਖ ਅਤੇ 71 ਹਜ਼ਾਰ ਦੀਆਂ ਡਿਮਾਂਡਜ 20-ਪੁਆਇੰਟ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਹਨ, ਨਿਤਾਣਿਆਂ ਅਤੇ ਨਿਮਾਣੇ ਲੋਕਾਂ ਦੀ ਮਦਦ ਕਰਨ ਲਈ ਅਤੇ ਹੈਂਡਲੂਮ, ਵੀਵਿੰਗ, ਆਦਿ ਵਾਸਤੇ ਹਨ। ਬਾਇਓ ਗੈਸ ਬੜਾ ਸਸਤਾ ਤੇ ਬੜੇ ਫਾਇਦੇ ਵਾਲਾ ਪ੍ਰੋਜੈਕਟ ਹੈ ਇਸ ਦੇ ਲਈ 75 ਲੱਖ ਰੁਪਿਆ ਸੈਂਟਰਲ ਗੌਰਮਿੰਟ ਵਲੋਂ ਮਿਲ ਰਿਹਾ ਹੈ। ਇਹ ਸਾਰਾ ਪ੍ਰੋਗਰਾਮ ਇਸ ਕਰਕੇ ਹੈ ਤਾਂਕਿ ਇਸ ਸਟੇਟ ਨੂੰ ਕਾਮਯਾਬ ਕਰਕੇ ਕੱਟਹੀ ਦੀ ਪ੍ਰੋਡਕਸ਼ਨ ਵਿਚ ਵਾਧਾ ਕਰੀਏ। ਜਿਹੜੇ ਗਰੀਬ ਲੋਕ ਪਛੜੇ ਹੋਏ ਹਨ ਉਨ੍ਹਾਂ ਦੀ ਹਾਲਤ ਸੁਧਾਰਨ ਵਿਚ ਖਾਸ ਧਿਆਨ ਦਿੱਤਾ ਹੈ। ਬਹੁਤ ਵੱਡੀ ਰਕਮ 13 ਕਰੋੜ ਰੁਪਏ ਦੀ ਇਸ ਵਿਚ ਰੱਖੀ ਗਈ ਹੈ। ਇਸ ਦਾ ਸਬੰਧ ਟਿਊਬਵੈਲ ਕਾਰਪੋਰੇਸ਼ਨ ਨਾਲ ਹੈ। ਇਸ ਦਾ ਜ਼ਿਕਰ ਮੈਨੂੰ ਬੜੇ ਦੁਖ ਨਾਲ ਕਰਨਾ ਪੈ ਰਿਹਾ ਹੈ। ਵਰਲਡ ਬੈਂਕ ਨਾਲ ਇਸ ਪ੍ਰਾਜੈਕਟ ਬਾਰੇ ਸਾਡੇ ਤੋਂ ਪਹਿਲਾਂ ਜਿਹੜੇ ਸਜਨ ਰਾਜ ਕਰ ਗਏ ਉਨ੍ਹਾਂ ਨੇ ਐਗਰੀਮੈਂਟ ਕੀਤਾ। ਮੇਰੇ ਕੋਲ ਉਸ ਦੀ ਕਾਪੀ ਪਈ ਹੈ। ਉਸ ਵਿਚ ਲਿਖਿਆ ਹੋਇਆ ਹੈ ਕਿ ਜਿਹੜੇ ਪੈਸੇ ਚੈਨਲਜ਼ ਤੇ ਖਰਚ ਹੋਣਗੇ ਉਹ ਸਾਰੇ ਦੇ ਸਾਰੇ ਕਿਸਾਨਾਂ ਤੋਂ ਵਸੂਲ ਕੀਤੇ ਜਾਣਗੇ। ਆਪਣੇ ਅੰਗੂਠੇ ਲਗਾ ਕੇ ਤੇ ਮੰਜੂਰੀ ਦੇ ਕੇ ਫਿਰ ਲੋਕਾਂ ਨੂੰ ਕਹੀ ਜਾ ਰਹੇ ਹਨ ਕਿ ਕੋਈ ਪੈਸੇ ਦੇਣ ਦੀ ਲੋੜ ਨਹੀਂ। ਵਰਲਡ ਬੈਂਕ ਤੋਂ ਜਿਹੜਾ 55 ਕਰੋੜ ਰੁਪਿਆ ਲਿਆ ਉਹ ਸਾਰਾ ਖ਼ਰਚ ਹੋਇਆ। ਉਸ ਵਿਚੋਂ 13 ਕਰੋੜ ਰੁਪਏ ਦੀ ਜਿਹੜੀ ਵਸੂਲੀ ਹੈ ਉਹ ਪੈਸੇ ਦੇਣੇ ਹਨ। ਜਿਹੜੇ ਪੈਸੇ ਖਰਚ ਕੀਤੇ ਹਨ ਲਾਈਨਿੰਗ ਵਾਸਤੇ ਉਸ ਦੇ ਲਈ ਸਪਲੀਮੈਂਟਰੀ ਡਿਮਾਂਡ ਹੈ। ਮੈਂ ਕਹਾਂਗਾ ਕਿ ਉਨ੍ਹਾਂ ਦੇ ਹਾਥੀ ਵਾਂਗ ਖਾਣ ਦੇ ਦੰਦ ਹੋਰ ਅਤੇ ਦਿਖਾਉਣ ਦੇ ਦੰਦ ਹੋਰ। ਇਹ ਪੰਜਾਬ ਦੇ ਲੋਕਾਂ ਨਾਲ ਮਜ਼ਾਕ ਕੀਤਾ ਗਿਆ ਹੈ। ਐਗਰੀਮੈਂਟ ਤੇ ਅੰਗੂਠੇ ਲਾਈ ਜਾਓ, ਸਾਰੇ ਪੈਸੇ ਵਸੂਲੇ ਜਾਣਗੇ ਔਰ ਫਿਰ ਵਸੂਲੇ ਨਾ ਜਾਣ ਔਰ ਸਾਰਾ ਪੈਸਾ ਖਰਚ ਕਰਕੇ ਚਲੇ ਜਾਣਾ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਇਹ ਮਾਮਲਾ ਸੁਲਝਾਇਆ ਹੈ ਔਰ ਸਬਸਿਡੀ ਮਨਜ਼ੂਰ ਕੀਤੀ ਹੈ। 25% ਉਨ੍ਹਾਂ ਤੋਂ ਜਿਨ੍ਹਾਂ ਦੀ 5 ਏਕੜ ਤੋਂ ਜ਼ਿਆਦਾ ਜ਼ਮੀਨ ਹੈ ਔਰ 50% ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਤੋਂ ਜਿਨ੍ਹਾਂ ਦੀ 5 ਏਕੜ ਤੋਂ ਘੱਟ ਹੈ, ਲੈਣਾ ਹੈ । ਪੰਜਾਬ ਸਰਕਾਰ ਨੇ ਸਬਸਿਡੀ ਦੇਣ ਦਾ ਫੈਸਲਾ ਕਰਕੇ ਰਿਕਵਰੀ ਸ਼ੁਰੂ ਕੀਤੀ ਹੈ । ਇਹ ਕਿਉਂਕਿ ਜ਼ਿਮੀਂਦਾਰਾਂ ਦੇ ਹਿੱਤ ਦੀ ਗੱਲ ਹੈ ਇਸ ਨੂੰ ਪੂਰਾ ਕਰਨ ਲਈ ਸਾਡਾ ਪ੍ਰੋਗ੍ਰਾਮ ਹੈ । 117 ਕਰੋੜ ਰੁਪਏ ਇਸ ਪ੍ਰੋਜੈਕਟ ਤੇ ਖਰਚ ਹੋਣੇ ਹਨ । 16 ਲੱਖ ਤੋਂ ਵੱਧ ਕਿਲੋਮੀਟਰ ਲਾਈਨਿੰਗ ਬਣਨੀ ਹੈ । ਅਸੀਂ ਸਬਸਿਡੀ ਦੇ ਕੇ ਇਸ ਪ੍ਰੋਜੈਕਟ ਨੂੰ ਕਾਮਯਾਬ ਕਰਨਾ ਚਾਹੁੰਦੇ ਹਾਂ, ਪਿਛੇ ਨਹੀਂ ਪਾਉਣਾ ਚਾਹੁੰਦੇ ।

ਸਪੀਕਰ ਸਾਹਿਬ, ਅੱਜ ਸਵੇਰੇ ਕੁਐਸਚਨ ਆਵਰ ਵਿਚ ਬਹਿਸ ਹੋਈ ਸੀ ਕਿ ਜੋ ਗੰਨੇ ਦੀ ਕੀਮਤ ਦਿਤੀ ਗਈ ਹੈ ਉਹ ਹੋਰ ਵਧਾਓ ਅਜੇ ਥੋੜੀ ਹੈ । ਲੇਕਿਨ ਪੰਜਾਬ ਸਰਕਾਰ ਹਿੰਦੁਸਤਾਨ ਵਿਚ ਐਸੀ ਸਰਕਾਰ ਹੈ ਜਿਸ ਨੇ ਗੰਨੇ ਦੀ ਕੀਮਤ ਵੱਧ ਤੋਂ ਵੱਧ ਆਪਣੇ ਕਿਸਾਨਾਂ ਨੂੰ ਦਿੱਤੀ ਔਰ ਕਿਸਾਨਾਂ ਦਾ ਗੰਨਾ ਜਿਹੜਾ ਬਾਉਂਡਿਡ ਸੀ 85% ਤੋਂ ਜ਼ਿਆਦਾ ਲੈ ਲਿਆ ਔਰ ਇਸ ਐਲਾਨ ਤੋਂ ਬਾਦ ਹੁਣ ਵੀ ਫਿਕਰ ਹੈ ਕਿ ਕਿਸਾਨ ਨੂੰ ਪੈਸਾ ਪੂਰਾ ਮਿਲਣਾ ਚਾਹੀਦਾ ਹੈ । ਮਿੱਲਾਂ ਦੀ ਆਪਣੀ ਮਜਬੂਰੀ ਹੈ, ਪੈਸਾ ਨਹੀਂ ਦੇ ਸਕੀਆਂ, ਉਹ ਵੀ ਇਸ ਕਰਕੇ ਨਹੀਂ ਦੇ ਸਕੀਆਂ ਕਿਉਂਕਿ ਜਿਹੜਾ ਫਰੀ ਸ਼ੂਗਰ ਦਾ ਕੋਟਾ ਗੌਰਮਿੰਟ ਆਫ਼ ਇੰਡੀਆ ਨੇ ਕਰਨਾ ਸੀ ਉਹ ਕਿਸੇ ਵਜ੍ਹਾ ਨਾਲ ਡਿਲੇ ਹੋ ਗਿਆ, ਇਸ ਦੀ ਵਜ੍ਹਾ ਨਾਲ ਕਿਸਾਨਾਂ ਨੂੰ ਪੈਸਾ ਨਹੀਂ ਮਿਲਿਆ । ਜ਼ਰੂਰੀ ਸੀ ਕਿ ਉਨ੍ਹਾਂ ਨੂੰ ਪੈਸੇ ਦਿਤੇ ਜਾਣ । 3 ਕਰੋੜ ਰੁਪਿਆ ਇਸ ਸਪਲੀਮੈਂਟਰੀ ਡਿਮਾਂਡਜ਼ ਵਿਚ ਲਿਆਂਦਾ ਹੈ । ਸਪੀਕਰ ਸਾਹਿਬ, ਕਿਸਾਨਾਂ ਦੇ ਫ਼ਾਇਦੇ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਕੁਝ ਵੀ ਬਰਦਾਸ਼ਤ ਕਰਨ ਲਈ ਤਿਆਰ ਹੈ, ਉਸ ਕਿਸਾਨ ਲਈ ਜਿਹੜਾ ਕਿਸਾਨ ਪਸੀਨਾ ਵਹਾ ਕੇ ਖੇਤਾਂ ਵਿਚ ਕੰਮ ਕਰਦਾ ਹੈ । ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਕੰਮ ਦੀ ਮਿਹਨਤ ਮਿਲੇ, ਗੰਨੇ ਦਾ ਮੁੱਲ ਮਿਲ ਜਾਏ, ਇਸ ਲਈ 3 ਕਰੋੜ ਰੁਪਿਆ ਸਪਲੀਮੈਂਟਰੀ ਡਿਮਾਂਡਜ਼ ਵਿਚ ਲਿਆਂਦਾ ਹੈ ।

ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਸਾਡੇ ਮਾਨਯੋਗ ਮੈਂਬਰਾਂ ਨੇ ਖਾਸ ਤੌਰ ਤੇ ਚਤੱਰਥ ਜੀ ਨੇ ਬੋਲਦੇ ਹੋਏ ਬੜੀ ਤਾਰੀਫ਼ ਕੀਤੀ ਹੈ ਉਨ੍ਹਾਂ ਕੰਮਾਂ ਦੀ ਜਿਹੜੇ ਹੋਏ ਹਨ । ਚਾਹੇ ਉਹ ਕੰਮ ਐਜੂਕੇਸ਼ਨ ਕਮਿਸ਼ਨ ਦਾ ਸੀ, ਚਾਹੇ ਐਜੂਕੇਸ਼ਨ ਡਿਪਾਰਟਮੈਂਟ ਦਾ ਸੀ । ਏ.ਡੀ.ਏ. ਦੀਆਂ ਕਿਸ਼ਤਾਂ ਦਾ ਵੀ ਜ਼ਿਕਰ ਉਨ੍ਹਾਂ ਨੇ ਕੀਤਾ ਹੈ ਔਰ ਉਨ੍ਹਾਂ ਨੇ ਕੁਝ ਐਸੀਆਂ ਗੱਲਾਂ ਕੀਤੀਆਂ ਕਿ ਪੈਨਸ਼ਨ ਪ੍ਰਾਈਵੇਟ ਟੀਚਰਜ਼ ਨੂੰ ਦੇਣੀ ਚਾਹੀਦੀ ਹੈ, ਔਰ ਪ੍ਰਾਵੀਡੈਂਟ ਫੰਡ ਸਰਕਾਰ ਨੂੰ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾ ਲੈਣਾ ਚਾਹੀਦਾ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਗੌਰਮਿੰਟ ਇੰਪਲਾਈਜ਼ ਲਈ ਤਾਂ ਪੈਨਸ਼ਨ ਦੀ ਗੱਲ ਸਮਝ ਵਿਚ ਆਉਂਦੀ ਹੈ ਪਰ ਪ੍ਰਾਈਵੇਟ ਟੀਚਰਜ਼ ਵਾਸਤੇ ਪ੍ਰਾਵੀਡੈਂਟ ਫ਼ੰਡ ਲੈ ਕੇ ਕੋਈ ਸਕੀਮ ਉਨ੍ਹਾਂ ਕੋਲ ਹੈ ਜਾਂ ਕਿਸੇ ਸਟੇਟ ਵਿਚ ਚਲਦੀ ਹੈ ਤਾਂ ਪੰਜਾਬ ਸਰਕਾਰ ਜ਼ਰੂਰ ਵਿਚਾਰ ਕਰੇਗੀ । ਪਰ ਬਿਨਾਂ ਸੋਚੇ ਸਮਝੇ ਕੋਈ ਚੀਜ਼ ਸਵੀਕਾਰ ਨਹੀਂ ਕੀਤੀ ਜਾ ਸਕਦੀ ।

ਸਕੂਲ ਅਪਗਰੇਡ ਕਰਨ ਦੀ ਗੱਲ ਕੀਤੀ ਗਈ ਹੈ । ਪੰਜਾਬ ਸਰਕਾਰ ਨੇ ਪਿਛੇ ਜਿਹੇ ਸਕੂਲ ਅਪਗਰੇਡ ਕੀਤੇ ਹਨ ਲੇਕਿਨ ਮਾੜ ਇਹ ਨਹੀਂ ਹੈ ਕਿ ਅੱਗਾ ਦੌੜ, ਪਿੱਛਾ ਚੌੜ । ਸਕੂਲ ਹਸਪਤਾਲ ਖੋਲ੍ਹ ਦਿਤੇ ਜਾਣ ਪਰ ਹਾਲਤ ਇਹ ਹੋਵੇ ਕਿ ਬੈਠਣ ਨੂੰ ਜਗ੍ਹਾ ਨਹੀਂ ਬਾਰਸ਼ ਹੋਵੇ ਤਾਂ ਛੁੱਟੀ ਕਰ ਦਿਤੀ ਜਾਵੇ । ਅਸੀਂ ਜਿਹੜੇ ਸਕੂਲ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਔਰ ਹਸਪਤਾਲ ਖੋਲ੍ਹੇ ਹਨ ਉਨ੍ਹਾਂ ਵਿਚ ਸਟਾਫ਼ ਔਰ ਇਕੁਇਪਮੈਂਟਸ ਪੂਰੇ ਹੋਣ, ਅਸੀਂ ਫਿਰ ਵੀ ਚਾਹਾਂਗੇ ਪੰਜਾਬ ਦੇ ਲੋਕਾਂ ਦੀ ਸੁਵਿਧਾ ਮੁਤਾਬਕ ਸਕੂਲ ਅਪਗਰੇਡ ਕੀਤੇ ਜਾਣ। ਪੰਜਾਬ ਗੌਰਮਿੰਟ ਰੀਕੰਮਿਡਰ ਵੀ ਕਰ ਸਕਦੀ ਹੈ ਔਰ ਜ਼ਰਰਤ ਮੁਤਾਬਕ ਸਕੂਲਾਂ ਨੂੰ ਅਪਗਰੇਡ ਕੀਤਾ ਜਾਏਗਾ। (ਥੰਪਿੰਗ)

ਟੈਕਨੀਕਲ ਐਜੂਕੇਸ਼ਨ ਬਾਰੇ ਸੁਝਾਓ ਦਿਤਾ ਹੈ। ਸੁਝਾਓ ਅੱਛਾ ਹੈ। ਆਈ.ਟੀ.ਆਈ. ਵਿਚ ਵੀ ਟੈਕਨੀਕਲ ਸਿਖਿਆ ਮਿਲਦੀ ਹੈ ਅਤੇ ਇਹ ਵੋਕੇਸ਼ਨਲਾਈਜ਼ ਸਕੂਲਾਂ ਵਿਚ ਵੀ ਹੈ। ਦੋਨਾਂ ਵਿਚ ਕੋਆਰਡੀਨੇਸ਼ਨ ਹੋਣੀ ਚਾਹੀਦੀ ਹੈ ਔਰ ਇਸ ਦੇ ਲਈ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਸ ਸਰਕਾਰ ਦਾ ਇਸ ਗੱਲ ਵਲ ਪੂਰਾ ਧਿਆਨ ਹੈ। ਜਿਹੜੇ ਬੱਚੇ ਸਕੂਲਾਂ ਵਿਚ ਪੜ੍ਹਦੇ ਹਨ ਉਹ ਪੜ੍ਹਾਈ ਖ਼ਤਮ ਕਰਨ ਤੋਂ ਬਾਦ ਕੋਈ ਕੰਮ ਕਰ ਸਕਣ ਔਰ ਉਹ ਆਪਣੇ ਪੈਰਾਂ ਤੇ ਖੜੇ ਹੋ ਜਾਣਗੇ। ਇਹ ਚੰਗਾ ਸੁਝਾਓ ਹੈ, ਅਸੀਂ ਇਸ ਸੁਝਾਓ ਤੇ ਵਿਚਾਰ ਕਰਾਂਗੇ।

ਸਪੀਕਰ ਸਾਹਿਬ, ਪ੍ਰੋਫੈਸਰ ਦਰਬਾਰੀ ਲਾਲ ਜੀ ਨੇ ਵੀ ਕੁਝ ਸੁਝਾਓ ਦਿੱਤੇ ਹਨ ਜਿਨ੍ਹਾਂ ਤੇ ਵਿਚਾਰ ਕੀਤਾ ਜਾਵੇਗਾ। ਸੈਣੀ ਸਾਹਿਬ ਨੇ ਬੱਸ ਸਰਵਿਸ ਬਾਰੇ ਜ਼ਿਕਰ ਕੀਤਾ ਹੈ ਕਿ ਜਿਹੜੀ ਸ਼ਹਿਰਾਂ ਵਿਚ ਬੱਸ ਸਰਵਿਸ ਚਲਦੀ ਹੈ ਇਹ ਘਾਟੇ ਵਿਚ ਹੈ ਅਤੇ ਸ਼ਹਿਰੀ ਲੋਕ ਇਸ ਚੀਜ਼ ਤੋਂ ਕਾਫੀ ਦੁੱਖੀ ਹਨ। ਮੈਂ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹਾਂਗਾ ਕਿ ਪੰਜਾਬ ਸਰਕਾਰ ਨੇ ਇਕ ਸਬ-ਕਮੇਟੀ ਬਣਾਈ ਸੀ। ਉਸ ਨੇ ਇਸ ਮਾਮਲੇ ਨੂੰ ਕੰਸਿਡਰ ਕੀਤਾ ਹੈ ਅਤੇ ਜਿਹੜੀ ਕਾਰਪੋਰੇਸ਼ਨ ਵਿਚ ਬੱਸ-ਸਰਵਿਸ ਚੱਲਦੀ ਹੈ ਅਤੇ ਇਸ ਤਰ੍ਹਾਂ ਘਾਟਾ ਹੁੰਦਾ ਹੈ, ਉਸ ਬਾਰੇ ਪੈਸੰਜਰ ਟੈਕਸ ਨੂੰ ਰੀਐਮਬਰਸ ਕਰਨ ਦੀ ਤਜਵੀਜ਼ ਜ਼ੇਰੇ-ਗੌਰ ਹੈ ਅਤੇ ਸ਼ਹਿਰੀਆਂ ਦੇ ਫਾਇਦੇ ਲਈ ਕੈਬਨਿਟ ਕੋਈ ਡਿਸੀਜ਼ਨ ਲਵੇਗੀ।

ਸੜਕਾਂ ਦੇ ਬਾਰੇ ਵੀ ਇਨ੍ਹਾਂ ਨੇ ਜ਼ਿਕਰ ਕੀਤਾ ਹੈ। ਸੜਕਾਂ ਦਾ ਉਹ ਹਿੱਸਾ ਜੋ ਕਾਰਪੋਰੇਸ਼ਨ ਦੇ ਹਦੂਦ ਵਿਚ ਆਉਂਦਾ ਹੈ ਅਗਰ ਕਾਰਪੋਰੇਸ਼ਨਾਂ ਉਸ ਨੂੰ ਮੈਨਟੇਨ ਕਰ ਲੈਣ ਤਾਂ ਪੰਜਾਬ ਸਰਕਾਰ ਇਸ ਤੇ ਵੀ ਵਿਚਾਰ ਕਰਕੇ ਜਲਦੀ ਫੈਸਲਾ ਕਰੇਗੀ।

ਇੱਥੇ ਗਿਲਾ ਕੀਤਾ ਗਿਆ ਹੈ ਕਿ ਇੰਡਸਟਰੀਲਿਸਟ ਸਫਰ ਕਰ ਰਹੇ ਹਨ। ਜਿਸ ਤਰ੍ਹਾਂ ਫਾਰਮਰਜ਼ ਪੰਜਾਬ ਦੀ ਸਾਰੀ ਇਕਾਨੋਮੀ ਦੀ ਬੈਕਬੋਨ ਹੈ, ਇਸੇ ਤਰ੍ਹਾਂ ਇੰਡਸਟਰੀਲਿਸਟ ਵੀ ਸਾਡੀ ਆਰਥਕਤਾ ਦੀ ਬੈਕਬੋਨ ਹੈ। ਪਿਛਲੇ ਦੋ ਸਾਲਾਂ ਵਿਚ ਕਰੋੜਾਂ ਰੁਪਏ ਦੀ ਇੰਡਸਟਰੀ ਇੱਥੇ ਲੱਗੀ ਹੈ। ਮੈਂ ਕਹਿ ਸਕਦਾ ਹਾਂ ਕਿ ਜਿਤਨੀ ਤੇਜ਼ੀ ਨਾਲ ਇੰਡਸਟਰੀ ਦੀ ਇਨਸਟਾਲੇਸ਼ਨ ਪਿਛਲੇ ਦੋ ਸਾਲਾਂ ਵਿਚ ਹੋਈ ਹੈ, ਇਸ ਤਰ੍ਹਾਂ ਕਿਸੇ ਵੀ ਪਿਛਲੀ ਸਰਕਾਰ ਦੇ ਵੇਲੇ ਨਹੀਂ ਹੋਇਆ। 200 ਕਰੋੜ ਰੁਪਏ ਤੋਂ ਜ਼ਿਆਦਾ ਇੰਡਸਟਰੀ ਇਨਸਟਾਲ ਇਥੇ ਹੋ ਚੁਕੀ ਹੈ ਅਤੇ ਆਉਣ ਵਾਲੇ ਤਿੰਨ ਸਾਲਾਂ ਵਿੱਚ ਇੰਡਸਟਰੀਅਲ ਪ੍ਰੋਡਕਸ਼ਨ ਨੂੰ ਅਸੀਂ ਦੁੱਗਣਾ ਕਰਨਾ ਚਾਹੁੰਦੇ ਹਾਂ।

ਮੈਂ ਸੈਣੀ ਸਾਹਿਬ ਨੂੰ ਤੁਹਾਡੇ ਰਾਹੀਂ ਕਹਿਣਾ ਚਾਹਾਂਗਾ ਕਿ ਕੋਲ ਦੇ ਬਾਰੇ ਜੋ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਉਸ ਮਾਮਲੇ ਵਿਚ ਪ੍ਰਬੰਧ ਕਰਕੇ ਜ਼ਰੂਰ ਇਹ ਪ੍ਰਾਬਲਮ ਦੂਰ ਕਰਾਂਗੇ ਤਾਂ ਕਿ ਅਗੇ ਨੂੰ ਇਹ ਚੀਜ਼ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਲੰਬਾ ਨੇ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦਾ ਜ਼ਿਕਰ ਕੀਤਾ ਹੈ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ। ਇਥੇ ਰੈਜ਼ੋਲਿਊਸ਼ਨ ਵੀ ਪਾਸ ਹੋਇਆ, ਕੁਝ ਲੰਬੇ ਰੂਟਾਂ ਦੀ ਨੈਸ਼ਨੇਲਾਈਜ਼ੇਸ਼ਨ ਟਰਾਂਸਪੋਰਟ ਡਿਪਾਰਟਮੈਂਟ ਦੇ ਜ਼ੇਰੇ-ਗੌਰ ਹੈ। ਨੈਸ਼ਨੇਲਾਈਜ਼ੇਸ਼ਨ ਦਾ ਜੋ ਰੈਜ਼ੋਲਿਊਸ਼ਨ ਹੈ ਓਹ ਸਾਡੇ ਸਾਹਮਣੇ ਹੈ, ਉਹ ਸਾਡੀ ਮੰਜ਼ਿਲ ਹੈ। ਉਸ ਤੇ ਪਹੁੰਚਣ ਲਈ ਪੰਜਾਬ ਸਰਕਾਰ ਜ਼ਰੂਰ ਯਤਨ ਕਰੇਗੀ।

ਐਜੂਕੇਸ਼ਨ ਦੀ ਨੈਸ਼ਨੇਲਾਈਜ਼ੇਸ਼ਨ ਦਾ ਮਾਮਲਾ ਪੰਜਾਬ ਸਰਕਾਰ ਕੋਲ ਨਹੀਂ ਆ ਸਕਦਾ। ਇਹ ਸੈਂਟਰਲ ਸਰਕਾਰ ਦੇ ਅਧਿਕਾਰ ਹੇਠ ਹੈ। ਇਸ ਦੇ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹਾਂਗਾ। ਸੈਂਟਰਲ ਗੌਰਮਿੰਟ ਜੋ ਇਸ ਬਾਰੇ ਡਿਸਾਈਡ ਕਰੇਗੀ, ਉਹੀ ਲਾਗੂ ਹੋਵੇਗਾ।

ਸਪੀਕਰ ਸਾਹਿਬ, ਮਾਸਟਰ ਬਾਬੂ ਸਿੰਘ ਜੀ ਨੇ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਬਾਰੇ ਕੁਝ ਕਿਹਾ ਹੈ। ਉਸ ਬਾਰੇ ਮੈਂ ਅਖੀਰ ਵਿੱਚ ਆਪਣੇ ਵਿਚਾਰ ਪ੍ਰਗਟ ਕਰਾਂਗਾ। ਜਿਹੜੀਆਂ ਦੂਸਰੀਆਂ ਗੱਲਾਂ ਕਹੀਆਂ ਹਨ, ਜਿਵੇਂ ਜੇਲ੍ਹਾਂ ਦੀ ਕੰਡੀਸ਼ਨ ਦੇ ਮੁਤੱਲਕ, ਉਸ ਬਾਰੇ ਮੈਂ ਜ਼ਿਕਰ ਕਰਾਂਗਾ। ਜੇਲ੍ਹਾਂ ਦੀ ਕੰਡੀਸ਼ਨ ਮਾੜੀ ਨਹੀਂ। ਇਹ ਅੱਗੇ ਨਾਲੋਂ ਬੈਟਰ ਹੈ। ਸਾਰੀਆਂ ਜੇਲ੍ਹਾਂ ਵਿੱਚ ਫਲੱਸ਼ ਨਹੀਂ ਹਨ ਪਰ ਬਹੁਤ ਸਾਰੀਆਂ ਵਿੱਚ ਫਲੱਸ਼ ਸਿਸਟਮ ਹੈ। ਅੱਗੇ ਨਾਲੋਂ ਸਹੂਲਤਾ ਵੀ ਜ਼ਿਆਦਾ ਹਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਜਿਹੜੀ ਬਿਜਲੀ ਅਸੀਂ ਕਿਸਾਨਾਂ ਨੂੰ ਫਲੈਟ ਰੇਟ ਤੇ ਦਿੰਦੇ ਹਾਂ ਉਸ ਵਿੱਚ ਸਾਨੂੰ ਸੈਂਟਰ ਵੱਲੋਂ ਸਬਸਿਡੀ ਮਿਲਦੀ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲ ਨਾ ਵਾਕਫੀਅਤ ਦੀ ਇਨਤਹਾ ਹੈ। ਕੋਈ ਐਸੀ ਸਬਸਿਡੀ ਬਿਲਕੁਲ ਨਹੀਂ ਮਿਲਦੀ ਬਲਕਿ ਪੰਜਾਬ ਗੌਰਮਿੰਟ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਦੇ ਸਾਰੇ ਖਰਚੇ ਦੇ ਘਾਟੇ ਨੂੰ ਆਪਣੇ ਕੋਲੋਂ ਪੂਰਾ ਕਰਦੀ ਹੈ। ਇਹ ਇਸ ਕਰਕੇ ਕੀਤਾ ਜਾਂਦਾ ਹੈ ਤਾਂਕਿ ਪੰਜਾਬ ਦੇ ਕਿਸਾਨ ਨੂੰ ਇਨਸੈਂਟਿਵ ਮਿਲੇ, ਉਹ ਹੋਰ ਜ਼ਿਆਦਾ ਅਨਾਜ ਪੈਦਾ ਕਰਕੇ ਹਿੰਦੁਸਤਾਨ ਦੀ ਸੇਵਾ ਕਰ ਸਕੇ ਅਤੇ ਇਸ ਵਿਚ ਕੋਈ ਕਮੀ ਨਾ ਆਵੇ। ਮੈਂ, ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਦੀ ਜੋ ਅਸ਼ੋਰੈਂਸ ਹੈ ਉਹ ਬਹੁਤ ਹੀ ਸਤਿਕਾਰਯੋਗ ਹੈ। ਕੋਈ ਵੀ ਅਸ਼ੋਰੈਂਸ ਕਿਤੇ ਵੀ ਇਨ੍ਹਾਂ ਨੇ ਦਿੱਤੀ ਹੋਵੇ, ਅਸੀਂ ਉਸ ਨੂੰ ਹਰ ਕੀਮਤ ਤੇ ਪੂਰਾ ਕਰਾਂਗੇ।

ਇੱਥੇ ਹਸਪਤਾਲਾਂ ਵਿਚ ਦਵਾਈਆਂ ਨਾ ਮਿਲਣ ਦਾ ਵੀ ਗਿਲਾ ਕੀਤਾ ਹੈ। ਇਨਸਟਰੱਕਸ਼ਨਜ਼ ਜਾਰੀ ਹੋ ਚੁੱਕੀਆਂ ਹਨ ਕਿ ਯੈਲੋ ਕਾਰਡ ਹੋਲਡਰਜ਼ ਜਿਤਨੇ ਹਨ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ ਜਾਣ। ਹੁਣ ਤੱਕ ਪੰਜਾਬ ਵਿਚ 12 ਲੱਖ ਯੈਲੋ ਕਾਰਡਜ਼ ਬਣ ਚੁੱਕੇ ਹਨ। 12 ਲੱਖ ਕਾਰਡਾਂ ਦੇ ਬਣਨ ਨਾਲ 55 ਲੱਖ ਲੋਕਾਂ ਨੂੰ ਇਹ ਸਹੂਲਤ ਦੇਣ ਦਾ ਪ੍ਰਬੰਧ ਕੀਤਾ ਹੈ। ਭਾਵੇਂ ਦਵਾਈ ਬਜ਼ਾਰ ਵਿਚੋਂ ਖਰੀਦ ਕੇ ਦੇਣੀ ਪਏ ਅਤੇ ਭਾਵੇਂ ਡਿਸਪੈਂਸਰੀ ਵਿਚੋਂ ਦੇਣੀ ਪਏ, ਡਾਕਟਰ ਇਨ੍ਹਾਂ ਨੂੰ ਦਵਾਈ ਦੇਵੇ।

ਸਪੀਕਰ ਸਾਹਿਬ, ਕੱਲ ਕੁਝ ਸਾਡੇ ਇੰਪਲਾਈਜ਼ ਚੰਡੀਗੜ੍ਹ ਵਿਚ ਡੀਮਾਂਸਟਰੇਸ਼ਨ ਕਰਦੇ ਰਹੇ। ਮੈਂ ਇਹ ਕਹਿਣਾ ਚਾਹਾਂਗਾ ਕਿ ਇੰਪਲਾਈਜ਼ ਵਾਸਤੇ ਪਿਛਲੇ ਦੋ ਸਾਲਾਂ ਵਿਚ ਪੰਜਾਬ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਜਿਤਨੀ ਹਮਦਰਦੀ ਨਾਲ ਇਨ੍ਹਾਂ ਦੀਆਂ ਸਮੱਸਿਆਵਾਂ ਦਾ ਤੇਜ਼ੀ ਨਾਲ ਹੱਲ ਕੀਤਾ ਹੈ ਇਸ ਤਰ੍ਹਾਂ ਪਹਿਲੇ ਕਦੇ ਨਹੀਂ ਹੋਇਆ। ਮੁਲਾਜ਼ਮਾਂ ਦੀ ਭਲਾਈ ਵਾਸਤੇ ਪਿਛਲੇ ਦੋ ਸਾਲਾਂ ਵਿਚ 128 ਕਰੋੜ ਦੇ ਕਰੀਬ ਰੁਪਿਆ ਖਰਚ ਹੋਇਆ ਜਿਵੇਂ ਕਿ :

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

Revision of pay scales 123 crores; 15 instalments 60 crores, House rent allowance one crore; Grant of House rent allowance to 14 cities 36 lakhs, Grant of compensatory allowance in bet areas, Increase in the rate of fixed medical allowance one crore, Increase in the rate of T. A. 50 lakhs, Grant of House Building advance 2.5 crores, Revision of the pension formula on the basis of the recommendations of the Punjab Pay Commission seven crores.

ਇਸ ਤਰੀਕੇ ਨਾਲ 47 ਕਰੋੜ ਰੁਪਏ ਦੇ ਏਰੀਅਰਜ਼ ਹੋਰ ਦਿੱਤੇ ਹਨ । ਗ਼ਰੀਬ ਮੁਲਾਜ਼ਮਾਂ ਦੀ ਭਲਾਈ ਲਈ ਇਹ 128 ਕਰੋੜ ਰੁਪਿਆ ਖ਼ਰਚ ਕੀਤਾ ਹੈ । ਮੈਂ ਇੰਪਲਾਈਜ਼ ਨੂੰ ਅਪੀਲ ਕਰਾਂਗਾ ਕਿ ਉਨ੍ਹਾਂ ਦੀਆਂ ਜੈਨੂਅਨ ਡੀਮਾਂਡਜ਼ ਅਸੀਂ ਹਰ ਸਮੇਂ ਸੁਣਦੇ ਹਾਂ ਅਤੇ ਉਨ੍ਹਾਂ ਨੂੰ ਪੂਰਾ ਵੀ ਕਰਦੇ ਹਾਂ । ਐਜੀਟੇਸ਼ਨ ਦੀ ਰਾਹ ਤੇ ਚੱਲ ਕੇ ਆਪਣਾ ਕੀਮਤੀ ਵਕਤ ਉਨ੍ਹਾਂ ਨੂੰ ਜ਼ਾਇਆ ਨਹੀਂ ਕਰਨਾ ਚਾਹੀਦਾ ਅਤੇ ਆਪਣੀ ਡਿਊਟੀ ਤੋਂ ਗ਼ੈਰ ਹਾਜ਼ਰ ਨਹੀਂ ਰਹਿਣਾ ਚਾਹੀਦਾ । ਇਹ ਕੋਈ ਅੱਛਾ ਤਰੀਕਾ ਨਹੀਂ । ਮੈਂ ਅਪੀਲ ਕਰਾਂਗਾ ਕਿ ਉਹ ਇਸ ਗੱਲ ਦਾ ਜ਼ਰੂਰ ਖਿਆਲ ਰੱਖਣ ।

ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਆਪਣੀ ਸਪੀਚ ਵਿਚ ਕੁਝ ਗੱਲਾਂ ਕਹਿ ਗਏ ਹਨ । ਉਨ੍ਹਾਂ ਨੇ ਬਹੁਤ ਜ਼ਿਆਦਾ ਪੁਲਿਟੀਕਲ ਗੱਲਾਂ ਕੀਤੀਆਂ ਹਨ । ਇਕ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਡਿਮਾਂਡ ਇਕੱਲੀ ਇਕੱਲੀ ਡਿਸਕਸ ਹੋਣੀ ਚਾਹੀਦੀ ਹੈ । ਉਹ ਬੜੇ ਪੁਰਾਣੇ ਪਾਰਲੀਮੈਂਟੇਰੀਅਨ ਹਨ । ਇਹ ਵੀ ਨਾ ਵਾਕਫ਼ੀਅਤ ਦੀ ਇਨਤਹਾ ਹੈ । ਸਪਲੀਮੈਂਟਰੀ ਡੀਮਾਂਡਜ਼ ਕਦੇ ਵੀ ਵੱਖਰੀਆਂ ਵੱਖਰੀਆਂ ਡਿਸਕਸ ਅਜੇ ਤੱਕ ਨਹੀਂ ਹੋਈਆਂ । ਕੋਈ ਐਸਾ ਪ੍ਰੈਸੀਡੈਂਟ ਨਹੀਂ ਹੈ । ਜਦੋਂ ਬਜਟ ਦੀਆਂ ਡੀਮਾਂਡਜ਼ ਫ਼ਾਰ ਗਰਾਂਟਸ ਹੁੰਦੀਆਂ ਹਨ, ਉਹ ਇਸ ਤਰ੍ਹਾਂ ਡਿਸਕਸ ਹੁੰਦੀਆਂ ਹਨ । ਇਹ ਆਪਣੀ ਵਾਕਫ਼ੀਅਤ ਵਿਚ ਇਜ਼ਾਫ਼ਾ ਕਰ ਲੈਣ । ਡਾਕਟਰ ਸਾਹਿਬ ਨੇ ਕੁਝ ਪੁਲਿਟੀਕਲ ਗੱਲਾਂ ਵੀ ਕੀਤੀਆਂ ਹਨ । ਇਸਦੇ ਬਾਰੇ ਸੀ. ਐਮ. ਸਾਹਿਬ ਤਾਂ ਤਫ਼ਸੀਲ ਨਾਲ ਜਵਾਬ ਦੇਣਗੇ ਲੇਕਿਨ ਕੁਝ ਗੱਲਾਂ ਬਾਰੇ ਮੈਂ ਵੀ ਕਹਿਣਾ ਚਾਹਾਂਗਾ । ਉਨ੍ਹਾਂ ਨੇ ਕਿਹਾ ਕਿ ਕਾਂਗਰਸ (ਆਈ) ਨੇ ਇਹ ਐਜੀਟੇਸ਼ਨ ਮੰਨਜ਼ [illegible] ਕੀਤੀ ਹੈ । ਇਹ ਐਜੀਟੇਸ਼ਨ ਕਿਉਂ ਹੋਈ ? ਬਿਲਕੁਲ ਉਹੀ ਬੋਲੀ ਇਹ ਬੋਲਦੇ ਰਹੇ ਜਿਹੜੀ ਕਿ ਸਾਡੇ ਸਾਹਮਣੇ ਬੈਠਣ ਵਾਲੇ ਭਰਾ ਬੋਲਦੇ ਰਹੇ ਹਨ । ਉਹ ਅੱਜ ਇੱਥੇ ਨਹੀਂ ਹਨ । ਇਨ੍ਹਾਂ ਨੇ ਇਹ ਕਿਹਾ ਕਿ ਚੀਫ਼ ਮਨਿਸਟਰ ਦੀ ਗੱਦੀ ਕਾਇਮ ਰੱਖਣ ਵਾਸਤੇ ਇਹ ਸਭ ਕੁਝ ਕੀਤਾ ਗਿਆ ਹੈ । ਹਾਈਜੈਕਿੰਗ ਵੀ ਆਪ ਕਰਵਾਈ ਗਈ ਹੈ । ਧਮਾਕੇ ਵੀ ਆਪ ਕਰਵਾਏ ਹਨ । ਮੈਂ ਸਖ਼ਤੀ ਨਾਲ ਇਨ੍ਹਾਂ ਗੱਲਾਂ ਨੂੰ ਕੰਟਰਾਡਿਕਟ ਹੀ ਨਹੀਂ ਕਰਦਾ ਸਗੋਂ ਇਲਜ਼ਾਮ ਲਗਾਉਂਦਾ ਹਾਂ ਕਿ ਅਕਾਲੀ ਪਾਰਟੀ ਔਰ ਇਨਤਹਾ-ਪਸੰਦ ਜੋ ਦੂਜੇ ਲੋਕ ਹਨ ਉਹ ਪੰਜਾਬ ਵਿਚ ਜੋ ਹਾਲਾਤ ਅੱਜ ਪੈਦਾ ਹੋਏ ਹਨ ਅਤੇ ਜੋ ਵੀ ਸ਼ਕਲ ਸੂਰਤ ਇੱਥੇ ਇਸ ਵੀ ਸਾਹਮਣੇ ਆਈ ਹੈ ਉਸਦੇ ਲਈ ਇਹ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ । ਮੈਂ ਕਹਿਣਾ ਚਾਹਾਂਗਾ ਕਿ ਅੱਜ ਜੋ ਇਨ੍ਹਾਂ ਨੇ ਇੱਥੇ ਕਿਹਾ ਹੈ ਬੜੀ ਦੇਰ ਤੋਂ ਪੰਜਾਬ ਦੇ ਲੋਕ ਇਹ ਗੱਲਾਂ ਸੁਣਦੇ ਆ ਰਹੇ ਸਨ । ਲਾਲਾ ਜਗਤ ਨਰਾਇਨ ਹੋਰਾਂ ਦਾ ਕਤਲ ਹੋਇਆ, ਸ੍ਰੀ ਸ਼ਾਦੀ ਲਾਲ ਦਾ ਕਤਲ

Original with;
Punjab Vidhan Sabha
Digitized by;
Panjab Digital Library

ਹੋਇਆ । ਅੱਜ ਵੀ ਇੱਥੇ ਬੜੇ ਜ਼ੋਰ ਨਾਲ ਕਿਹਾ ਗਿਆ ਕਿ ਕਾਤਲਾਂ ਨੂੰ ਸਰਕਾਰ ਕਿਉਂ ਨਹੀਂ ਫੜਦੀ । ਜੇ ਉਹ ਧਾਰਮਿਕ ਸਥਾਨਾਂ ਦੇ ਅੰਦਰ ਚਲੇ ਜਾਂਦੇ ਹਨ ਤਾਂ ਕਿਉਂ ਨਹੀਂ ਫਿਰ ਉਨ੍ਹਾਂ ਦਾ ਪਿੱਛਾ ਕਰਕੇ ਅੰਦਰ ਚਲੇ ਜਾਂਦੇ । ਕੁਝ ਲੋਕ ਇਹ ਕਹਿੰਦੇ ਸਨ ਕਿ ਜਿਸ ਤਰ੍ਹਾਂ ਨੈਕਸਲਾਈਟਸ ਨੂੰ ਐਨਕਾਊਂਟਰਜ਼ ਵਿਚ ਮਾਰ ਦਿੱਤਾ ਜਾਂਦਾ ਸੀ ਕਿਉਂ ਨਹੀਂ ਉਨ੍ਹਾਂ ਨੂੰ ਮਾਰਿਆ ਜਾਂਦਾ । ਸਪੀਕਰ ਸਾਹਿਬ, ਸਾਡਾ ਕੁਝ ਹੁੰਦਾ ਰਿਹਾ । ਲੇਕਿਨ ਨਾ ਧਾਰਮਿਕ ਅਸਥਾਨਾਂ ਵਿਚ ਅਸੀਂ ਦਾਖ਼ਲ ਹੋਏ ਅਤੇ ਨਾ ਹੀ ਸਰਕਾਰ ਨੇ ਲੋਕਾਂ ਦੇ ਜਜ਼ਬਾਤਾਂ ਨੂੰ ਮਜਰੂਹ ਕੀਤਾ ਹੈ । ਇਹ ਇਨਤਹਾ ਪਸੰਦ ਲੋਕ ਪੰਜਾਬ ਦੇ ਅਮਨ ਨੂੰ ਅੱਗ ਲਾਉਣਾ ਚਾਹੁੰਦੇ ਸਨ । ਜਿਹੜੇ ਇੱਥੇ ਨਫ਼ਰਤ ਫੈਲਾਉਣਾ ਚਾਹੁੰਦੇ ਸਨ ਉਨ੍ਹਾਂ ਦੇ ਨਾਪਾਕ ਇਰਾਦੇ ਪੂਰੇ ਨਹੀਂ ਹੋਣ ਦਿੱਤੇ । ਅਸੀਂ ਸਬਰ ਨਾਲ ਕੰਮ ਲਿਆ । ਉਸ ਦੇ ਨਤੀਜੇ ਵਜੋਂ ਪੰਜਾਬ ਵਿਚ ਮਾਹੌਲ ਬਿਲਕੁਲ ਠੀਕ ਰਿਹਾ ਹੈ । ਇਥੇ ਕਿਹਾ ਗਿਆ ਹੈ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਬੜੀ ਖ਼ਰਾਬ ਹੈ । ਲਾਅ ਐਂਡ ਆਰਡਰ ਇਥੇ ਹੈ ਹੀ ਨਹੀਂ । ਇਸ ਤਰ੍ਹਾਂ ਦੇ ਹਾਲਾਤ ਇਥੇ ਹਨ । ਇਹ ਠੀਕ ਹੈ, ਲਾਅ ਐਂਡ ਆਰਡਰ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਲੇਕਿਨ ਪੰਜਾਬ ਦੇ ਲੋਕਾਂ ਦੇ ਸਬਰ ਨਾਲ, ਪੰਜਾਬ ਦੀ ਠੀਕ ਐਡਮਨਿਸਟ੍ਰੇਸ਼ਨ ਚਲਾਉਣ ਨਾਲ, ਐਸੇ ਹਾਲਾਤ ਪੈਦਾ ਨਹੀਂ ਹੋਏ । ਸਪੀਕਰ ਸਾਹਿਬ, ਨਾ ਤਾਂ ਪੁਲਿਸ ਸਾਡੇ ਗੁਰਦਵਾਰਿਆਂ ਵਿਚ ਵੜੀ ਤੇ ਨਾ ਹੋਰ ਕੋਈ ਐਸਾ ਕੰਮ ਕੀਤਾ । ਲੇਕਿਨ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਇਹ ਕਹਿੰਦੇ ਸਨ ਕਿ ਕਾਂਗਰਸ (ਆਈ) ਇਸ ਗੱਲ ਵਿਚ ਸ਼ਾਮਲ ਹੈ ਉਨ੍ਹਾਂ ਨੂੰ ਅੱਜ ਪਤਾ ਲਗ ਗਿਆ ਹੈ, ਗੱਲ ਸਾਫ਼ ਹੋ ਗਈ ਹੈ, ਨੰਗੀ ਹੋ ਗਈ ਹੈ । ਇਹ ਗੱਲ ਨੰਗੀ ਹੋ ਗਈ ਜਿਸ ਵੇਲੇ ਕਾਤਲ ਜਿਹੜੇ ਕਤਲ ਕਰਨ ਵਾਲੇ ਸਨ ਉਹ ਫੜੇ ਗਏ ਔਰ ਪੁਲਿਸ ਤੇ ਹਮਲਾ ਕਰਨ ਵਾਲੇ ਐਨਕਾਊਂਟਰ ਵਿਚ ਮਾਰੇ ਗਏ ਤਾਂ ਇਹ ਗੱਲ ਪਤਾ ਲਗ ਗਈ ਕਿ ਜਿਹੜੀ ਹਾਲਾਤ ਨੂੰ ਵਿਗਾੜਨ ਦੀ ਅਤੇ ਬਦਅਮਨੀ ਫੈਲਾਉਣ ਦੀ ਕੋਸ਼ਿਸ਼ ਕੀਤੀ ਹੈ ਇਸ ਦੇ ਜ਼ਿੰਮੇਵਾਰ ਕੌਣ ਹਨ । ਸਪੀਕਰ ਸਾਹਿਬ, ਜਿਸ ਦਿਨ ਅਮਰੀਕ ਸਿੰਘ ਨੂੰ ਪਕੜਿਆ ਗਿਆ ਤਾਂ ਇਕ ਸੈਕਸ਼ਨ ਵਲੋਂ ਐਜੀਟੇਸ਼ਨ ਸ਼ੁਰੂ ਕਰ ਦਿੱਤੀ ਗਈ । ਉਸ ਵਿਚ ਅਕਾਲੀ ਦਲ (ਐਲ) ਦਾ ਸ਼ਾਮਲ ਹੋ ਜਾਣਾ, ਸਪੀਕਰ ਸਾਹਿਬ, ਇਹ ਸਾਬਤ ਕਰਦਾ ਹੈ ਕਿ ਵੱਖਰੀਆਂ ਵੱਖਰੀਆਂ ਇਹ ਬੋਲੀਆਂ ਬੋਲਣ ਵਾਲੇ ਇਕੱਠੇ ਹੀ ਹਨ । ਇਨਤਹਾ-ਪਸੰਦੀਆਂ ਦੀ ਮਦਦ ਵਾਸਤੇ ਸਾਰੇ ਇਕੱਠੇ ਹੋ ਗਏ । ਮੈਂ ਜ਼ਿੰਮੇਵਾਰੀ ਨਾਲ ਇਹ ਗੱਲ ਕਹਿਣੀ ਚਾਹਵਾਂਗਾ ਕਿ ਪੰਜਾਬ ਦੇ ਲੋਕਾਂ ਵੇਖਿਆ, ਹਿੰਦੁਸਤਾਨ ਦੇ ਲੋਕਾਂ ਨੇ ਵੇਖਿਆ ਕਿ ਉਹ ਅਕਾਲੀ ਦਲ ਜਿਹੜਾ ਕਹਿੰਦਾ ਸੀ ਕਿ ਉਸ ਦਾ ਇਨਤਹਾ-ਪਸੰਦੀਆਂ ਨਾਲ ਕੋਈ ਤੁਅੱਲਕ ਨਹੀਂ ਹੈ, ਉਹ ਉਨ੍ਹਾਂ ਦੇ ਨਾਲ ਹੈ । (ਸ਼ੇਮ, ਸ਼ੇਮ) ਸਾਰਾ ਮੋਰਚਾ ਉਨ੍ਹਾਂ ਤੇ ਡਿਪੈਂਡ ਕਰਦਾ ਹੈ । ਜੋ ਪਹਿਲਾਂ ਮੋਰਚਾ ਅਮਰੀਕ ਸਿੰਘ ਦੀ ਰਿਹਾਈ ਵਾਸਤੇ ਲਾਇਆ ਸੀ ਉਸ ਵਿਚ ਅਕਾਲੀ ਦਲ (ਐਲ.) ਸ਼ਾਮਲ ਹੋ ਗਿਆ । ਮੈਂ ਕਹਿੰਦਾ ਹਾਂ ਕਿ ਜਿਸ ਦਿਨ ਇਹ ਛੋਟੀ ਜਿਹੀ ਸਟੇਟ, ਛੋਟਾ ਪੰਜਾਬ ਇਨ੍ਹਾਂ ਨੇ ਲੈ ਲਿਆ, ਕੀ ਇਹ ਉਹ ਦਿਨ ਭੁੱਲ ਗਏ ਹਨ । ਅੱਜ ਜਦੋਂ ਹਰਿਆਣਾ ਬਣ ਗਿਆ, ਹਿਮਾਚਲ ਬਣ ਗਿਆ, ਪੰਜਾਬ ਦੀ ਡਿਵੀਜ਼ਨ ਹੋ ਗਈ ਤਾਂ ਹੁਣ ਇਨ੍ਹਾਂ ਨੂੰ ਯਾਦ ਆਇਆ ਕਿ ਪੰਜਾਬੀ ਬੋਲਦੇ ਇਲਾਕੇ ਬਾਹਰ ਰਹਿ ਗਏ ਹਨ, ਉਹ ਵੀ

[ਵਿੱਤ ਮੰਤਰੀ]

ਪੰਜਾਬ ਵਿਚ ਸ਼ਾਮਲ ਹੋਣੇ ਚਾਹੀਦੇ ਹਨ । ਕੀ ਇਹ ਉਸ ਵੇਲੇ ਸੁੱਤੇ ਰਹੇ ? ਕੀ ਇਹ ਅੱਜ ਜਾਗੇ ਹਨ । ਸਪੀਕਰ ਸਾਹਿਬ, ਨਾ ਤਾਂ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਵਜਾਹਤ ਹੋ ਰਹੀ ਹੈ, ਨਾ ਉਸ ਰੈਜ਼ੋਲਿਊਸ਼ਨ ਦੇ ਬਾਰੇ ਵਿਚ ਕੋਈ ਮੋਰਚਾ ਹੈ । ਉਹ ਤਾਂ ਇਸ ਕਰਕੇ ਹੋਇਆ ਹੈ ਕਿ ਇਨ੍ਹਾਂ ਕਿਹਾ ਕਿ ਦੌੜਦੇ ਦੌੜਦੇ ਇਹ ਵੀ ਗੱਲ ਉਸ ਵਿਚ ਸ਼ਾਮਲ ਕਰ ਲਈ ਜਾਵੇ । ਅੱਜ ਉਨ੍ਹਾਂ ਦੀਆਂ ਇਹ ਗੱਲਾਂ ਨੰਗੀਆਂ ਹੋ ਗਈਆਂ ਹਨ, ਬੇਨਕਾਬ ਹੋ ਗਈਆਂ ਹਨ । ਜਿਹੜੇ ਕਾਤਲ ਹਨ ਉਹ ਪਕੜੇ ਗਏ ਹਨ ਔਰ ਉਨ੍ਹਾਂ ਨੂੰ ਕਾਨੂੰਨ ਦੇ ਹਵਾਲੇ ਕਰ ਦਿੱਤਾ ਗਿਆ ਹੈ ।

ਸਪੀਕਰ ਸਾਹਿਬ, ਪੰਜਾਬ ਦੇ ਮੁੱਖ ਮੰਤਰੀ ਜੀ ਨੇ ਜਿਸ ਸਬਰ ਨਾਲ ਔਰ ਜਿਸ ਦੇਸ਼ ਭਗਤੀ ਦੀ ਭਾਵਨਾ ਨਾਲ, ਜਿਸ ਨੈਸ਼ਨੇਲਿਜ਼ਮ ਦੇ ਔਰ ਸੈਕੂਲੇਰਿਜ਼ਮ ਦੇ ਸਿਧਾਂਤਾਂ ਤੇ ਇਸ ਸੂਬੇ ਦੀ ਅਗਵਾਈ ਕੀਤੀ ਹੈ, ਉਸ ਦਾ ਵਰਨਣ ਕੀਤੇ ਬਿਨਾਂ ਮੈਂ ਨਹੀਂ ਰਹਿ ਸਕਦਾ । (ਥੰਪਿੰਗ) ਉਨ੍ਹਾਂ ਨੇ ਕਿਹਾ ਸੀ ਕਿ ਮੇਰੀ ਜਾਨ ਨੂੰ ਖਤਰਾ ਹੋ ਸਕਦਾ ਹੈ ਲੇਕਿਨ ਹਿੰਦੁਸਤਾਨ ਦੀ ਏਕਤਾ ਨੂੰ ਖਤਰਾ ਨਹੀਂ ਹੋ ਸਕਦਾ (ਥੰਪਿੰਗ) ਉਨ੍ਹਾਂ ਦਾ ਇਰਾਦਾ ਹੈ ਕਿ ਮੈਂ ਜਿੰਨਾ ਚਿਰ ਜੀਊਂਦਾ ਹਾਂ ਹਿੰਦੁਸਤਾਨ ਦਾ ਕੋਈ ਹਿਸਾ ਵੱਖਰਾ ਨਹੀਂ ਹੋ ਸਕਦਾ, ਹਿੰਦੂ-ਸਿੱਖ ਏਕਤਾ ਨੂੰ ਕੋਈ ਆਂਚ ਨਹੀਂ ਆ ਸਕਦੀ, ਹਿੰਦੂ-ਸਿੱਖਾਂ ਵਿਚ ਕੋਈ ਫਰਕ ਨਹੀਂ ਪਾ ਸਕਦਾ । ਇਹ ਉਨ੍ਹਾਂ ਦਾ ਦ੍ਰਿੜ ਇਰਾਦਾ ਹੈ । (ਥੰਪਿਗ) ਸਪੀਕਰ ਸਾਹਿਬ, ਉਹ ਦਿਨ ਕਿਤਨਾਂ ਅਭਾਗਾ ਸੀ ਜਿਸ ਦਿਨ ਰਾਹੋਂ ਦਾ ਵਾਕਿਆ ਹੋਇਆ ਹੈ । ਵਾਹਿਗੁਰੂ ਨੇ ਕ੍ਰਿਪਾ ਕੀਤੀ ਕਿ ਉਨ੍ਹਾਂ ਦੀ ਜ਼ਿੰਦਗੀ ਬਚ ਗਈ ਲੇਕਿਨ ਗਰਨੇਡ ਸੁਟਣ ਵਾਲਿਆਂ ਨੇ ਕੋਈ ਫਰਕ ਨਹੀਂ ਸੀ ਛੱਡਿਆ । ਕੀ ਉਸ ਦਿਨ 40 ਆਦਮੀ ਜ਼ਖਮੀ ਨਹੀਂ ਹੋਏ? ਇਸ ਤੋਂ ਪਹਿਲਾਂ ਹਵਾਈ ਜਹਾਜ਼ ਅਗਵਾਹ ਕਰਕੇ ਮੁਸਾਫਰਾਂ ਦੀ ਜ਼ਿੰਦਗੀ ਨੂੰ ਕੀ ਖਤਰੇ ਵਿਚ ਨਹੀਂ ਪਾਇਆਂ? ਸਪੀਕਰ ਸਾਹਿਬ, ਹਵਾਈ ਜਹਾਜ਼ ਅਗਵਾਹ ਹੋ ਸਕਦਾ ਹੈ; ਚੀਫ ਮਨਿਸਟਰ ਸਾਹਿਬ ਤੇ ਕਾਤਲਾਨਾ ਹਮਲਾ ਹੋ ਸਕਦਾ ਹੈ ਲੇਕਿਨ ਫੁੱਟੀ ਜ਼ਬਾਨ ਨਾਲ ਉਸ ਮਾੜੇ ਵਾਕਿਆਤ ਦੀ ਨਿੰਦਾ ਨਹੀਂ ਹੋ ਸਕਦੀ, ਮੁਜ਼ੱਮਤ ਨਹੀਂ ਹੋ ਸਕਦੀ? ਕਿਹਾ ਜਾਂਦਾ ਹੈ ਕਿ ਸਿੱਖਾਂ ਨਾਲ ਵਿਤਕਰਾ ਹੁੰਦਾ ਹੈ, ਸਿੱਖ ਕਮਿਊਨਿਟੀ ਨਾਲ ਵਿਤਕਰਾ ਕਹਿਣਾ ਇਹ ਗੱਲ ਕੋਈ ਵੀ ਕਹਿ ਸਕਦਾ ਹੈ ਲੇਕਿਨ ਮੈਂ ਕਹਿੰਦਾ ਹਾਂ ਕਿ ਕਤੱਅਨ ਵਿਤਕਰਾ ਨਹੀਂ ਹੁੰਦਾ। ਮੈਂ ਸਮਝਦਾ ਹਾਂ ਕਿ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਉਸ ਵੇਲੇ ਆਨੰਦਪੁਰ ਸਾਹਿਬ ਦਾ ਰੇਜ਼ਿਲਿਊਸ਼ਨ ਇੰਪਲੀਮੈਂਟ ਕਿਉਂ ਨਾ ਕਰਵਾਇਆ,ਉਸ ਵੇਲੇ ਉਸ ਨੂੰ ਇੰਪਲੀਮੈਂਟ ਕਰਾਉਂਦੇ। ਹੁਣ ਕਹਿੰਦੇ ਹਨ ਕਿ ਵਿਤਕਰਾ ਹੋ ਗਿਆ ਹੈ । ਜੇਕਰ ਗਿਆਨੀ ਜ਼ੈਲ ਸਿੰਘ ਜੀ ਹਿੰਦੁਸਤਾਨ ਦੇ ਰਾਸ਼ਟਰਪਤੀ ਬਣ ਗਏ ਤਾਂ ਕਹਿੰਦੇ ਹਨ ਵਿਤਕਰਾ ਹੋ ਗਿਆ । ਜੇਕਰ ਸਰਦਾਰ ਦਿਲਬਾਗ ਸਿੰਘ ਏਅਰ ਫੋਰਸ ਦੇ ਏਅਰ ਚੀਫ ਮਾਰਸ਼ਲ ਬਣ ਗਏ ਤਾਂ ਕੀ ਕਈ ਵਿਤਕਰਾ ਹੋ ਗਿਆ ਹੈ ? ਪਰ ਨਹੀਂ, ਸਪੀਕਰ ਸਾਹਿਬ, ਇਹ ਲੋਕਾਂ ਨੂੰ ਐਕਸਪਲਾਇਟ ਕਰਦੇ ਹਨ । ਮੈਂ ਸਮਝਦਾ ਹਾਂ ਕਿ ਇਹ ਗੱਲ ਮੁਨਾਸਿਬ ਨਹੀਂ ਹੈ, ਠੀਕ ਨਹੀਂ ਹੈ।ਮੈਂ ਇਹ ਕਹਿ ਸਕਦਾ ਹਾਂ ਕਿ ਜੋ ਕੁਝ ਮਾਨਯੋਗ ਮੈਂਬਰਾਂ ਨੇ ਕਿਹਾ ਹੈ, ਪੰਜਾਬ ਦਾ ਹਿੰਦੂ-ਸਿੱਖ ਇਕ ਹੈ ਭਾਵੇਂ ਇਨ੍ਹਾਂ (ਅਕਾਲੀ ਪਾਰਟੀ ਵਲ ਇਸ਼ਾਰਾ) ਦੀਆਂ ਕੋਸ਼ਿਸ਼ਾਂ ਕੁਝ ਵੀ ਹੋਣ । ਚਾਹੇ ਕੋਈ ਕਤਲ ਦੀ ਗੱਲ ਹੈ, ਚਾਹੇ ਹਵਾਈ ਜਹਾਜ਼ ਨੂੰ [illegible] ਦੀ ਗੱਲ ਹੈ, ਚਾਹੇ ਕਿਤੇ ਧਮਾਕੇ ਕਰਨ ਦੀ ਗਲ ਹੈ ਚਾਹੇ ਕੁਝ

Original with;
Punjab Vidhan Sabha
Digitized by;
Panjab Digital Library

ਵੀ ਕੀਤਾ ਗਿਆ ਹੈ ਲੇਕਿਨ ਖੇਤਾਂ ਵਿਚ, ਮੰਡੀਆਂ ਵਿਚ, ਬਾਜ਼ਾਰਾਂ ਵਿਚ, ਸਿਨਮਿਆਂ ਵਿਚ ਥੋਂਗਾਂ ਵਿਚ ਹਿੰਦੂ-ਸਿੱਖ ਪੰਧੇ ਨਾਲ ਪੰਧਾ ਮਿਲਾ ਕੇ ਚਲਦੇ ਹਨ । (ਥੰਪਿੰਗ) ਕਿਸੇ ਨੂੰ ਕੋਈ ਖਤਰਾ ਨਹੀਂ ਹੈ । ਮੈਂ ਦਸਦਾ ਹਾਂ ਕਿ ਪਾਰਲੇਡ ਦੋਸਤਾਂ ਨੇ ਅੱਛਾ ਕੀਤਾ ਹੈ ਕਿ ਪੁਲਿਸ ਦੇ ਬਾਰੇ ਕਿਹਾ ਹੈ । ਪੁਲਿਸ ਕਰਮਚਾਰੀਆਂ ਨੂੰ ਲਾਅ ਐਂਡ ਆਰਡਰ ਕਾਇਮ ਰੱਖਣ ਲਈ ਆਪਣੀ ਜਾਨ ਦੇਣੀ ਪਈ ਹੈ ਔਰ ਉਹ ਵੀ ਉਨ੍ਹਾਂ ਨੇ ਦਿੱਤੀ ਹੈ । ਕੀ ਉਹ ਸਿੱਖ ਪੁਲਿਸ ਕਰਮਚਾਰੀ ਧਰਮ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ ? ਸਪੀਕਰ ਸਾਹਿਬ, ਮੈਂ ਫਿਰ ਕਹਿੰਦਾ ਹਾਂ ਕਿ ਇਹ ਮਾੜਾ ਕੰਮ ਹੈ । ਪਰ ਉਨ੍ਹਾਂ ਲੋਕਾਂ ਨੇ ਜਿਹੜੇ ਇਸ ਸਾਰੀ ਚੀਜ਼ ਦੇ ਪਿੱਛੇ ਹਨ ਉਨ੍ਹਾਂ ਨੇ ਇਸ ਦੀ ਫੁੱਟੇ ਮੂੰਹ ਨਾਲ ਨਿੰਦਿਆ ਤਕ ਵੀ ਨਹੀਂ ਕੀਤੀ ।

## EXTENSION OF TIME OF THE SITTING

**Mr. Speaker** : Is it the pleasure of the House that the time of the sitting of the House be extended by 30 minutes ?

(Voices : Yes, yes.)

**Mr. Speaker** : The time of the sitting of the House is extended by 30 minutes i.e. upto 2.00 p.M.

## DISCUSSION AND VOTING OF DEMANDS FOR SUPPLEMENTARY GRANTS (*Resumption*)

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਪੰਜਾਬ ਵਿਚ ਚਾਹੇ ਮੋਰਚਾ ਲਗਾਇਆ ਗਿਆ ਹੈ, ਚਾਹੇ ਕਿਸੇ ਤਰ੍ਹਾਂ ਦੇ ਹਾਲਾਤ ਹਨ ਪਰ ਪੰਜਾਬ ਦਾ ਅਮਨ ਬਿਲਕੁਲ ਠੀਕ ਠਾਕ ਹੈ ਔਰ ਪੰਜਾਬ ਦੀ ਵਾਗਡੋਰ ਇਕ ਐਸੇ ਦੇਸ਼ ਭਗਤ ਸਖਸ਼ ਦੇ ਹੱਥਾਂ ਵਿਚ ਹੈ ਜਿਨ੍ਹਾਂ ਦੇ ਸਾਹਮਣੇ ਸਿਵਾਏ ਹਿੰਦੁਸਤਾਨ ਦੀ ਏਕਤਾ, ਮਜ਼ਬੂਤੀ ਅਤੇ ਤਰੱਕੀ ਦੇ ਹੋਰ ਕੋਈ ਚੀਜ਼ ਨਹੀਂ ਹੈ । (ਥੰਪਿੰਗ) ਉਨ੍ਹਾਂ ਨੂੰ ਖਤਰੇ ਹਜ਼ਾਰਾਂ ਆਏ ਹੋਣਗੇ ਪਰ ਉਨ੍ਹਾਂ ਨੇ ਦੇਸ਼ ਦੀ ਏਕਤਾ ਨੂੰ ਖਤਰਾ ਨਹੀਂ ਆਉਣ ਦਿੱਤਾ । ਕਿਸੇ ਸ਼ਾਇਰ ਦੇ ਸ਼ਬਦਾਂ ਵਿਚ ਉਨ੍ਹਾਂ ਦੇ ਪੱਕੇ ਮਜ਼ਬੂਤ ਇਰਾਦੇ ਦੀ ਤਸਵੀਰ ਇੰਜ ਖਿੱਚੀ ਜਾ ਸਕਦੀ ਹੈ :

"ਪਰਵਾਹ ਨਾ ਕਰ ਅਗਰ ਦੁਸ਼ਮਨ ਹੈ ਖੰਜਰ-ਬਕਫ਼,
ਗਸਤੀ ਕੀ ਰਾਹ ਸੇ ਤੁਝ ਕੋ ਹਟਾਨੇ ਕੇ ਲੀਏ,
ਸਾਹਮਨੇ ਰੱਖ ਉਨ ਸ਼ਹੀਦੋਂ ਕੀ ਮਿਸਾਲ,
ਜ਼ਿੰਦਗੀ ਜਿਨ ਕੀ ਸਬਕ ਹੈ ਇਕ ਜ਼ਮਾਨੇ ਕੇ ਲੀਏ ।
ਮੌਤ ਸੇ ਕਿਉਂ ਇਤਨਾ ਡਰ, ਜਾਨ ਕਿਉਂ ਇਤਨੀ ਅਜ਼ੀਜ਼,
ਮੌਤ ਆਨੇ ਕੇ ਲੀਏ ਹੈ, ਜਾਨ ਜਾਨੇ ਕੇ ਲੀਏ ।"

ਸਾਡੇ ਮੁੱਖ ਮੰਤਰੀ ਜੀ ਦਾ ਇਹ ਇਰਾਦਾ ਹੈ ਔਰ ਪੱਕਾ ਇਰਾਦਾ ਹੈ ਕਿ ਅਸੀਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੰਜਾਬ ਦੇ ਅਮਨ ਨੂੰ ਕਾਇਮ ਰੱਖਣਾ ਹੈ । ਪੰਜਾਬ ਦੇ ਅਮਨ ਵਾਸਤੇ ਦੋ ਕਰੋੜ ਰੁਪਿਆ ਕਿਹਾ ਗਿਆ ਹੈ ਕਿ ਜ਼ਿਆਦਾ ਹੈ । ਦੋ ਕਰੋੜ ਨਹੀਂ, ਡਾਕਟਰ ਸਾਹਿਬ, ਡਾ. ਭਗਤ ਸਿੰਘ ਜੀ ਤਿੰਨ ਕਰੋੜ ਤੋਂ ਜ਼ਿਆਦਾ ਮੰਗਿਆ ਗਿਆ ਸੀ ਲੇਕਿਨ ਫਾਇਨਾਂਸ ਡਿਪਾਰਟਮੈਂਟ ਨੇ ਆਪਣੀ ਮਜਬੂਰੀ ਮਹਿਸੂਸ ਕਰਦੇ ਹੋਏ ਕਿਹਾ ਕਿ ਦੋ ਕਰੋੜ ਅਜੇ ਦਿੱਤਾ ਜਾਵੇ, ਬਾਅਦ ਵਿਚ ਹੋਰ ਰਿਲੀਜ਼ ਕਰ ਦੇਵਾਂਗੇ । ਸਪੀਕਰ ਸਾਹਿਬ, ਇਥੇ ਦੋ ਕਰੋੜ ਦੀ ਗੱਲ ਨਹੀਂ ਹੈ, ਇਸ ਪੰਜਾਬ ਦੇ ਅਮਨ ਨੂੰ ਕਾਇਮ ਰੱਖਣ ਲਈ, ਹਿੰਦੂ-ਸਿੱਖ ਏਕਤਾ ਨੂੰ ਕਾਇਮ ਰੱਖਣ ਲਈ ਹਿੰਦੁਸਤਾਨ ਦੀ ਅਖੰਡਤਾ ਨੂੰ ਕਾਇਮ ਰਖਣ ਲਈ ਅਰਬਾਂ ਰੁਪਿਆ ਵੀ ਖ਼ਰਚ ਕਰਨਾ ਪਵੇ ਤਾਂ ਪੰਜਾਬ ਦੀ ਸਰਕਾਰ ਨਹੀਂ ਝਿਜਕੇਗੀ । ਜੇਕਰ ਕਰੋੜਾਂ ਰੁਪਏ ਨਾਲ ਗੱਲ ਨਾ ਬਣੀ, ਜੇਕਰ ਹਿੰਦੂ-ਸਿੱਖ ਏਕਤਾ ਨੂੰ ਖਤਰਾ ਹੋਵੇਗਾ ਤਾਂ ਪੰਜਾਬ ਗੌਰਮਿੰਟ ਨੂੰ ਚਲਾਉਣ ਵਾਲੇ ਆਪਣੀ ਜਾਨ ਦੇਣ ਤੋਂ ਵੀ ਗੁਰੇਜ਼ ਨਹੀਂ ਕਰਨਗੇ ਲੇਕਿਨ ਹਿੰਦੁਸਤਾਨ ਦੀ ਏਕਤਾ ਨੂੰ ਆਂਚ ਨਹੀਂ ਆਉਣ ਦੇਵਾਂਗੇ । ਸਪੀਕਰ ਸਾਹਿਬ, ਮੈਂ ਕਹਿਣਾ ਚਾਹਵਾਂਗਾ ਕਿ ਪੰਜਾਬ ਹਿੰਦੁਸਤਾਨ ਦੇ ਵਿਚ ਜੜਿਆ ਹੋਇਆ ਹੀਰਾ ਹੈ ਜਿਸ ਦੀ ਚਮਕ ਦਮਕ ਨਿਰਾਲੀ ਹੈ । ਇਸ ਹੀਰੇ ਨੂੰ ਦੁਸ਼ਮਣ ਦੀ ਅੱਖ ਖਤਮ ਕਰਨ ਦੀ ਹੈ ਔਰ ਅਸੀਂ ਉਸ ਗਹਿਰੀ ਅੱਖ ਨੂੰ ਵੇਖਦੇ ਹਾਂ । ਠੀਕ ਕਿਹਾ ਗਿਆ ਹੈ ਕਿ ਪਾਕਿਸਤਾਨ ਵੱਲ ਹਵਾਈ ਜਹਾਜ਼ ਹਾਈਜੈਕ ਕਰਕੇ ਕਿਉਂ ਲਿਜਾਇਆ ਜਾਂਦਾ ਹੈ ? ਦਿਲੀ ਵੱਲ ਅੰਦੋਲਨ ਸ਼ੁਰੂ ਕਿਉਂ ਹੁੰਦਾ ਹੈ ਉਧਰੋਂ ਦੂਸਰਾ ਕੰਮ ਸ਼ੁਰੂ ਹੋ ਜਾਂਦਾ ਹੈ ਔਰ ਇਸ ਪਾਸੇ ਵੱਲ ਨੂੰ ਆ ਜਾਂਦਾ ਹੈ । ਫਿਰ, ਸਪੀਕਰ ਸਾਹਿਬ, ਜਹਾਜ਼ ਅਗਵਾਹ ਕਰਨ ਵਾਲੇ ਵਲੋਂ ਡੀਮਾਂਡਜ਼ ਕੀ ਰੱਖੀਆ ਜਾਂਦੀਆਂ ਹਨ ? ਇਤਨੇ ਲੱਖ ਮੈਨੂੰ ਡਾਲਰ ਦੇ ਦਿਓ । ਮੈਨੂੰ ਭਿੰਡਰਾਂਵਾਲੇ ਨਾਲ ਮਿਲਾਓ, ਮਨਿਸਟਰੀ ਪੰਜਾਬ ਦੀ ਤੋੜ ਕੇ ਬਾਦਲ ਸਾਹਿਬ ਨੂੰ ਜੇਲ੍ਹ ਵਿਚੋਂ ਕੱਢ ਕੇ ਪੰਜਾਬ ਦਾ ਮੁੱਖ ਮੰਤਰੀ ਬਣਾ ਦਿਓ, ਸਰਦਾਰ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਦੇ ਪਦ ਤੋਂ ਹਟਾ ਦਿਓ । ਸਪੀਕਰ ਸਾਹਿਬ, ਪੰਜਾਬ ਇਹ ਚੀਜ਼ ਕਦੇ ਬਰਦਾਸ਼ਤ ਨਹੀਂ ਕਰੇਗਾ ਕਿ ਜਿਹੜੇ ਕਸੂਰਵਾਰ ਹਨ ਉਹ ਬਚ ਸਕਣ । ਜਿਹੜੇ ਕਾਤਲ ਹਨ ਉਹ ਕਾਨੂੰਨ ਦੇ ਹੱਥਾਂ ਤੋਂ ਕਦੇ ਬਚ ਨਹੀਂ ਸਕਦੇ, ਉਹ ਕਾਤਲ ਵਾਹਿਗੁਰੂ ਔਰ ਪ੍ਰਮਾਤਮਾਂ ਦੇ ਹੱਥੋਂ ਵੀ ਨਹੀਂ ਬਚ ਸਕਦੇ । ਮੈਂ ਸਮਝਦਾ ਹਾਂ ਕਿ ਕੋਈ ਵੀ ਕਾਨੂੰਨ ਜਾਂ ਕੋਈ ਵੀ ਮਜ਼ਹਬ ਇਸ ਤਰ੍ਹਾਂ ਦੇ ਕਾਤਲਾਂ ਨੂੰ ਉਤਸਾਹਿਤ ਨਹੀਂ ਕਰਦਾ । ਪਰ ਮੈਂ ਇਸ ਗੱਲ ਨੂੰ ਜ਼ਰੂਰ ਕਹਿਣਾ ਚਾਹਵਾਂਗਾ ਕਿ ਕੋਈ ਕਿਹੋ ਜਿਹਾ ਧਰਮ ਵੀ ਕਿਉਂ ਨਾ ਹੋਵੇ ਉਹ ਧਾਰਮਿਕ ਸਿਧਾਂਤਾਂ ਤੇ ਚਲਦਾ ਹੋਇਆ ਕਿਸੇ ਵੀ ਅਜਿਹੇ ਕਾਤਲ ਨੂੰ ਬਰਦਾਸ਼ਤ ਨਹੀਂ ਕਰੇਗਾ । ਸਾਰੇ ਧਰਮਾਂ ਨੇ ਸਾਨੂੰ ਸਿਖਾਇਆ ਹੈ ਕਿ ਅਸੀਂ ਅਮਨ ਨੂੰ ਕਾਇਮ ਰਖੀਏ ਔਰ ਪੰਜਾਬ ਦੀ ਤਰੱਕੀ ਦੇ ਕੰਮਾਂ ਵਲ ਵਧੀਏ ।

ਸਪੀਕਰ ਸਾਹਿਬ, ਮੈਂ ਕੁਝ ਚੀਜਾਂ ਦਾ ਜ਼ਿਕਰ ਹੋਰ ਕਰਨਾ ਚਾਹਵਾਂਗਾ । ਇਥੇ ਚੀਮਾ ਸਾਹਿਬ ਨੇ ਕਿਹਾ ਹੈ ਕਿ ਗੁਰਦੁਆਰਾ ਐਕਟ ਪਾਸ ਕਰ ਦੇਣਾ ਚਾਹੀਦਾ ਹੈ । ਮੈਨੂੰ ਹੈਰਾਨੀ ਹੈ ਕਿ ਗੁਰਦੁਆਰੇ ਵਿਚ ਤਾਂ ਇਨ੍ਹਾਂ ਦੀ ਆਪਣੀ ਪਾਰਟੀ ਹੀ ਵਿਸ਼ਵਾਸ ਨਹੀਂ ਕਰਦੀ । ਕਿਉਂਕਿ ਇਹ ਗੱਲ ਪ੍ਰਧਾਨ ਮੰਤਰੀ ਦੇ ਜ਼ੇਰੇ-ਗੌਰ ਹੈ ਇਸ ਲਈ ਮੈਂ ਇਸ ਤੇ ਜ਼ਿਆਦਾ ਟਿਪਣੀ ਨਹੀਂ ਕਰਨਾ ਚਾਹੁੰਦਾ । ਪਰ ਮੈਂ ਇਤਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਅਕਾਲੀ ਆਪ ਵੇਖ ਲੈਣ ਕਿ ਉਹ ਅਕੇਲੇ ਕੌਮਧਾਰੀਆਂ ਦੇ ਕਲੇ ਕਿਵੇਂ ਕਿੰਨੇ ਠੇਕਦਾਰ ਹਨ ਜਦ ਕਿ ਇਧਰ ਕਾਂਗਰਸੀਆਂ ਵਿਚ ਉਨ੍ਹਾਂ ਤੋਂ ਵੱਧ ਕੇਸਧਾਰੀ ਹਨ । ਐਕਟ ਸਿਰਫ ਇਕ ਵਾਸਤੇ ਨਹੀਂ ਬਣਨਾ ਬਲਕਿ ਸਾਰੇ ਹਿੰਦੁਸਤਾਨ ਵਾਸਤੇ ਬਣਨਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਮੁਨਾਸਬ ਨਹੀਂ ਹੋਵੇਗਾ ।

Original with;
Punjab Vidhan Sabha
Digitized by;
Panjab Digital Library

ਬਾਕੀ ਪੈਡੀ ਦੀ ਕੀਮਤ ਵਾਸਤੇ ਇਥੇ ਕਿਹਾ ਗਿਆ ਹੈ; ਉਸ ਦਾ **ਸੀ.ਐਮ.** ਸਾਹਿਬ ਨੇ ਜਵਾਬ ਵੀ ਦੇ ਦਿੱਤਾ ਸੀ। ਏ.ਪੀ.ਸੀ. ਨੇ 122 ਰੁਪਏ ਕੀਮਤ ਫਿਕਸ ਕਰਨ ਲਈ ਕਿਹਾ ਹੈ। ਸੈਂਟਰ ਜੋ ਵੀ ਕੀਮਤ ਮੁਕਰਰ ਕਰੇਗਾ ਉਹ ਅਸੀਂ ਮੰਨਾਂਗੇ।

ਫਿਰ ਰਾਜਪੁਰੇ ਫੈਕਟਰੀ ਬਾਰੇ ਕੁਝ ਦੱਸਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀ ਮਿਨੀਮਮ ਵੇਜਿਜ਼ ਫਿਕਸ ਕੀਤੀ ਹੈ ਉਹ ਸਭ ਨੂੰ ਮਿਲਣੀ ਚਾਹੀਦੀ ਹੈ। ਜੇ ਕੋਈ ਗਰੀਬ ਨੂੰ 14 ਰੁਪਏ ਦਿਹਾੜੀ ਨਹੀਂ ਦਿੰਦਾ ਤਾਂ ਉਹ ਕਸੂਰਵਾਰ ਹੈ। ਇਸ ਲਈ ਅਸੀਂ ਇਹ ਵੇਖਾਂਗੇ ਕਿ ਮਿਨੀਮਮ ਵੇਜਿਜ਼ ਜ਼ਰੂਰ ਮਿਲਣ।

ਫਿਰ ਸਪੀਕਰ ਸਾਹਿਬ, ਰੇਲਵੇ ਦੀ ਕਮੇਟੀ ਬਾਰੇ ਇਥੇ ਜੋ ਕੁਝ ਕਿਹਾ ਗਿਆ ਹੈ ਉਸ ਦਾ ਸਾਡੇ ਨਾਲ ਕੋਈ ਸਬੰਧ ਨਹੀਂ।

ਰੋਪੜ ਥਰਮਲ ਪਲਾਂਟ ਵਿਚ ਸਬ-ਸਟੈਂਡਰਡ ਚੀਜ਼ਾਂ ਲਗੀਆਂ ਹਨ, ਇਸ ਬਾਰੇ ਜੋ ਕਿਹਾ ਹੈ ਇਸ ਬਾਰੇ ਅਸੀਂ ਵੇਖਾਂਗੇ ਜੇ ਕੋਈ ਐਸੀ ਚੀਜ਼ ਹੋਈ ਤਾਂ ਜ਼ਰੂਰ ਇਨਕੁਆਇਰੀ ਕਰਾਂਗੇ। ਪੰਜਾਬ ਸਰਕਾਰ ਕੁਰੱਪਸ਼ਨ ਦੇ ਸਖਤ ਖਿਲਾਫ਼ ਹੈ, ਅਗਰ ਕੋਈ ਵੀ ਮੈਂਬਰ ਜਾਂ ਆਦਮੀ ਕਿਸੇ ਦੇ ਖਿਲਾਫ਼ ਕੁਰੱਪਸ਼ਨ ਦੀ ਸ਼ਿਕਾਇਤ ਲਿਖ ਕੇ ਦੇ ਦੇਵੇ ਔਰ ਆਪਣਾ ਨਾਂ ਪਤਾ ਪੂਰਾ ਲਿਖ ਦੇਵੇ ਤਾ ਅਸੀਂ ਉਸ ਦੀ ਜ਼ਰੂਰ ਇਨਕੁਆਇਰੀ ਕਰਾਵਾਂਗੇ ਔਰ ਸਜ਼ਾ ਦੇਵਾਂਗੇ।

ਇਸੇ ਤਰ੍ਹਾਂ ਆਨੰਦਪੁਰ ਹਾਈਡਲ ਪਰਾਜੈਕਟ ਦੇ ਬਾਰੇ ਜੋ ਕਿਹਾ ਗਿਆ ਹੈ ਕਿ ਜੁਲਾਈ ਵਿਚ ਮੁਕੰਮਲ ਨਹੀਂ ਹੋਇਆ ਪਰ ਇਸ ਲਈ ਪੰਜਾਬ ਸਰਕਾਰ ਵਚਨਬੱਧ ਹੈ। ਜਿਹੜੇ ਪ੍ਰੋਜੈਕਟ ਚਲ ਰਹੇ ਹਨ ਉਹ ਸ਼ਡਿਊਲ ਦੇ ਮੁਤਾਬਿਕ ਮੁਕੰਮਲ ਹੋ ਜਾਣ। ਬਾਰਸ਼ਾਂ ਕਾਰਨ ਚੈਨਲਜ਼ ਬਣਾਉਣ ਵਿਚ ਦਿਕਤ ਆਈ ਹੈ।

**ਡਾਕਟਰ ਭਗਤ ਸਿੰਘ** : ਇਸ ਦਾ ਮਤਲਬ ਹੈ ਕਿ ਚੀਫ਼ ਮਨਿਸਟਰ ਨੇ ਹਾਊਸ ਨੂੰ ਗੁੰਮਰਾਹ ਕੀਤਾ ਸੀ ਉਨ੍ਹਾਂ ਨੇ ਵਿਸ਼ਵਾਸ਼ ਦਿਵਾਇਆ ਸੀ ਕਿ ਜੁਲਾਈ ਵਿਚ ਕੰਪਲੀਟ ਹੋ ਜਾਵੇਗਾ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਪ੍ਰੋਜੈਕਟ ਦਾ ਕੰਮ ਬੰਦ ਨਹੀਂ ਕੀਤਾ ਜਾਂਦਾ ਪਰ ਜੇ ਉਸ ਵਿਚ ਕੋਈ ਕੁਦਰਤੀ ਆਫ਼ਤ ਆ ਜਾਵੇ ਤਾਂ ਉਸ ਦਾ ਮੁਕਾਬਲਾ ਕੌਣ ਕਰ ਸਕਦਾ ਹੈ। ਅਸੀਂ ਤਾਂ ਇਨ੍ਹਾਂ ਪ੍ਰੋਜੈਕਟਸ ਵਾਸਤੇ ਐਨੂਅਲ ਪਲਾਨ ਦੇ 50% ਤੋਂ ਵੱਧ ਰਕਮ ਰਖੀ ਹੈ। ਇਸ ਵਾਸਤੇ ਸਾਡੇ ਇੰਜੀਨੀਅਰ ਦਿਨ ਰਾਤ ਕੰਮ ਕਰ ਰਹੇ ਹਨ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਆਉਣ ਵਾਲੇ 3 ਸਾਲਾਂ ਵਿਚ 1985 ਤਕ ਅੱਜ ਜਿਹੜੀ 1537 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਹੈ ਇਸ ਵਿਚ 600-700 ਮੈਗਾਵਾਟ ਦਾ ਹੋਰ ਇਜ਼ਾਫ਼ਾ ਕਰਾਂਗੇ ਔਰ ਪੰਜਾਬ ਨੂੰ ਤਰੱਕੀ ਵਲ ਲੈ ਜਾਵਾਂਗੇ।

ਆਖੀਰ ਵਿਚ ਮੈਂ ਇਹ ਫਿਰ ਕਹਿਣਾ ਚਾਹਵਾਂਗਾ ਕਿ ਪੰਜਾਬ ਦੇ ਤਰੱਕੀ ਵੱਲ ਵਧ ਰਹੇ ਕਦਮ ਕਿਸੇ ਮੋਰਚੇ ਨਾਲ, ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀਆਂ ਧਮਕੀ ਨਾਲ ਰੁਕ ਨਹੀਂ ਸਕਣਗੇ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੰਜਾਬ ਤਰੱਕੀ ਵਲ ਜ਼ਰੂਰ ਵਧੇਗਾ। ਡਿਵੈਲਪਮੈਂਟ ਤੇ ਪੂਰਾ ਖਰਚ ਕਰਾਂਗੇ ਔਰ ਕਿਸੇ ਵੀ ਤਰ੍ਹਾਂ ਤਰੱਕੀ ਨੂੰ ਰੁਕਣ ਨਹੀਂ ਦਿਆਂਗੇ। 20 ਪੁਆਇੰਟ ਪ੍ਰੋਗਰਾਮ ਸਾਡਾ ਟੀਚਾ ਹੈ ਔਰ ਉਹ ਅਸੀਂ ਪੂਰਾ ਕਰਨਾ ਹੈ। ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨੀਆਂ ਹਨ। ਜਿਹੜੇ ਟੀਚੇ ਮਿਥੇ ਹਨ ਉਸ ਲਈ ਸਰਕਾਰ ਵਚਨਬੱਧ ਹੈ। ਇਸ ਦੇ ਨਾਲ ਹੀ ਮੈਂ ਸਾਰੇ ਮਾਨਯੋਗ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਔਰ ਕਹਾਂਗਾ ਕਿ ਇਨ੍ਹਾਂ ਸਪਲੀਮੈਂਟਰੀਜ਼ ਡੀਮਾਂਡਜ਼ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ।

**Demand No. 4**

**Mr. Speaker** : Question is—

That a supplementary sum not exceeding Rs. 1,80,000 be granted to the Governor to defray the charges that will come in course of payment for the year ending 31st March, 1983, in respect of Elections.

*The motion was carried.*

**Demand No. 7**

**Mr. Speaker** : Question is—

That a supplementary sum not exceeding Rs. 2,50,000 be granted to the Governor to defray the charges that will come in course of payment for the year ending 31st March, 1983 in respect of Finance.

*The motion was carried.*

**Demand No. 11**

**Mr. Speaker** : Question is—

That a supplementary sum not exceeding Rs. 2,00,00,000 be granted to the Governor to defray the charges that will come in course of payment for the year ending 31st March, 1983, in respect of Police.

*The motion was carried*

**Demand No. 12**

**Doctor Bhagat Singh**: What about my cut motion ? I have not been informed. But you are running through the Demands.

**Mr. Speaker**: Your cut motion was not in the proper form. That has been disallowed.

**Doctor Bhagat Singh**: But I have not yet been informed about it.

**Sardar Birdevinder Singh**: Neither he is in the proper uniform nor......

Original with;
Punjab Vidhan Sabha
Digitized by;
Panjab Digital Library

**Doctor Bhagat Singh**: What is the answer ?

**Mr. Speaker**: Your cut motion has been disallowed. It is being typed and a copy of which is being sent to you, you have already spoken on the Supplementary Demands.

**Mr. Speaker**: Question is—

That a supplementay sum not exceeding Rs. 10,00,000 be granted to the Governor to defray the charges that will come in course of payment for the year ending 31st March, 1983. in respect of Jails.

*The motion was carried.*

**Demand No. 16**

**Mr. Speaker** : Question is—

That a supplementary sum not exceeding Rs. 2,68,50,000 be granted to the Governor to defray the charges that will come in course of payment for the year ending 31st March, 1983, in respect of Education.

*The motion was carried.*

**Demand No. 17**

**Mr. Speaker**: Question is—

That a supplementary sum not exceeding Rs. 65,92,000 be granted to the Governor to defray the charges that will come in course of payment for the year ending 31st March, 1983. in respect of Technical Education.

*The motion was carried.*

**Demand No. 19**

**Mr. Speaker** : Question is—

That a supplementary sum not exceeding Rs. 2,78,00,000 be granted to the Governor to defray the charges that will come in course of payment for the year ending 31st March, 1983, in respect of Housing and Urban Development.

*The motion was carried.*

**Demand No. 20**

**Mr. Speaker**: Question is—

That a supplementary sum not exceeding Rs. 3,00,000 be granted to the Governor to defray the charges that will come in course of payment for the year ending 31st March, 1983, in respect of Information and Publicity.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 25**

**Mr. Speaker:** Question is —

That a supplementary sum not exceeding Rs. 76,00,000 be granted to the Governor to defray the charges that will come in course of payment for the year ending 31st March, 1983, in respect of Co-operation.

*The motion was carried.*

**Demand No. 26**

**Mr. Speaker:** Question is—

That a supplementary sum not exceeding Rs. 1,10,70,000 be granted to the Governor to defray the charges that will come in course of payment for the year ending 31st March, 1983 in respect of Agriculture.

*The motion was carried.*

**Demand No. 33**

**Mr. Speaker :** Question is—

That a supplementary sum not exceeding Rs. 92,42,000 be granted to the Governor to defray the charges that will come in course of payment for the year ending 31st March, 1983, in respect of Community Development.

*The motion was carried.*

**Demand No. 34**

**Mr. Speaker :** Question is—

That a supplementary sum not exceeding Rs. 1,12,34,000 be granted to the Governor to defray the charges that will come in course of payment for the year ending 31st March, 1983, in respect of Industries.

*The motion was carried.*

**Demand No. 39**

**Mr. Speaker :** Question is—

That a supplementary sum not exceeding Rs. 6,80,95,000 be granted to the Governor to defray the charges that will come in course of payment for the year ending 31st March, 1983, in respect of Irrigation, Navigation Drainage and Flood Control Projects.

*The motion was carried.*

**Demand No. 40**

**Mr. Speaker:** Question is—

That a supplementary sum not exceeding Rs. 1,61,00,000 be granted to the Governor to defray the charges that will come in course of payment for the year ending 31st March, 1983, in respect of Buildings.

*The motion was carried.*

Original with;
Punjab Vidhan Sabha
Digitized by;
Panjab Digital Library

Demand No. 41

**Mr. Speaker :** Question is—

That a supplementary sum not exceeding Rs. 19,78,00,000 be granted to the Governor to defray the charges that will come in course of payment for the year ending 31st March, 1983, in respect of loans and advances by the State Government.

*The motion was carried.*

**Mr. Speaker**: The House stands adjourned till 9.00 A.M. on Thursday, the 16th September, 1982.

+1.44 P.M.

*(The Sabha then adjourned* till 9.00 A.M. on Thursday, the 16th September, 1982)*

———

Original with;
Punjab Vidhan Sabha
Digitized by;
Panjab Digital Library

Origi al with;
Punja Vidhan Sabha
Digiti ed by;
Panja

## APPENDIX

## TO

## PUNJAB VIDHAN SABHA DEBATES

Dated the 15th September, 1982

*Vol. V—No. 2*

## UNSTARRED QUESTION AND ANSWER

### ONE DAY STRIKE BY WORKERS ON 19TH JANUARY, 1982

233. **Master Babu Singh**
**Comrade Buta Singh**
**Comrade Raj Kumar**

} Will the Minister for Welfare and Labour be pleased to state—

(a) the number of workers in each district in the State who went on one day strike on 19th January, 1982 in response to be call given by various trade union organisations;

(b) the District-wise number of Mills, Factories, Industrial Establishments etc. which were affected by the said strike fully or partially ?

ਚੌਧਰੀ ਜਗਤ ਰਾਮ : ਲੋੜੀਂਦੀ ਸੂਚਨਾ ਦੀ ਸੂਚੀ ਸਦਨ ਦੇ ਮੇਜ਼ ਉਪਰ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

## ਸੂਚੀ

(ੳ) ਜ਼ਿਲ੍ਹੇਵਾਰ ਕਿਰਤੀਆਂ ਦੀ ਗਿਣਤੀ ਜਿਨ੍ਹਾਂ ਨੇ ਵੱਖ ਵੱਖ ਟਰੇਡ ਯੂਨੀਅਨ, ਸੰਗਠਨਾਂ ਦੇ ਸੱਦੇ ਤੇ 19 ਜਨਵਰੀ, 1982 ਨੂੰ ਇਕ ਦਿਨ ਦੀ ਹੜਤਾਲ ਕੀਤੀ :

| ਲੜੀ ਨੰਬਰ | ਜ਼ਿਲ੍ਹਾ | | ਕਿਰਤੀਆਂ ਦੀ ਗਿਣਤੀ |
|---|---|---|---|
| 1. | ਅੰਮ੍ਰਿਤਸਰ | .. | 1383 |
| 2. | ਬਠਿੰਡਾ | .. | 533 |
| 3. | ਫਰੀਦਕੋਟ | .. | 350 |
| 4. | ਫਿਰੋਜ਼ਪੁਰ | .. | 790 |
| 5. | ਗੁਰਦਾਸਪਰ | .. | 1,014 |
| 6. | ਹੁਸ਼ਿਆਰਪੁਰ | .. | 1,627 |
| 7. | ਜਲੰਧਰ | .. | 375 |
| 8. | ਕਪੂਰਥਲਾ | .. | 209 |
| 9. | ਲੁਧਿਆਣਾ | .. | 1 611 |
| 10. | ਪਟਿਆਲਾ | .. | 4,200 |
| 11. | ਰੋਪੜ | .. | 2,972 |
| 12. | ਸੰਗਰੂਰ | .. | 635 |

(ਅ) ਜ਼ਿਲ੍ਹੇ-ਵਾਰ ਮਿੱਲਾਂ, ਫੈਕਟਰੀਆਂ ਅਤੇ ਉਦਯੋਗਿਕ ਅਦਾਰਿਆਂ ਆਦਿ ਦੀ ਗਿਣਤੀ ਜਿਨ੍ਹਾਂ ਤੇ ਉਕਤ ਹੜਤਾਲ ਦਾ ਮੁਕੰਮਲ ਤੌਰ ਤੇ ਜਾਂ ਅੰਸ਼ਕ ਰੂਪ ਵਿਚ ਪ੍ਰਭਾਵ ਪਿਆ :—

| ਲੜੀ ਨੰਬਰ | ਜ਼ਿਲ੍ਹਾ | | ਅਦਾਰਿਆਂ ਦੀ ਗਿਣਤੀ |
|---|---|---|---|
| 1. | ਅੰਮ੍ਰਿਤਸਰ | .. | 120 |
| 2. | ਬਠਿੰਡਾ | .. | 4 |
| 3. | ਫਰੀਦਕੋਟ | .. | 4 |
| 4. | ਫਿਰੋਜ਼ਪੁਰ | .. | 2 |
| 5. | ਗੁਰਦਾਸਪੁਰ | .. | 41 |
| 6. | ਹੁਸ਼ਿਆਰਪੁਰ | .. | 5 |
| 7. | ਜਲੰਧਰ | .. | 9 |
| 8. | ਕਪੂਰਥਲਾ | .. | 3 |
| 9. | ਲੁਧਿਆਣਾ | .. | 84 |
| 10. | ਪਟਿਆਲਾ | .. | 16 |
| 11. | ਰੋਪੜ | .. | 7 |
| 12. | ਸੰਗਰੂਰ | .. | 3 |

276—18-1-83—325—Punjab Govt. Press, Patiala.

Original with;
Punjab Vidhan Sabha
Digitized by;
Panjab Digital Library

*Original with:*
Punjab Vidhan Sabha
*Digitized by:*
Panjab Digital Library

©

1982

Published under the authority of the Punjab Vidhan Sabha and Printed by the Controller Printing & Stationery, Punjab, at the Govt. Press, Patiala

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*17th September, 1982*
*(Forenoon Sitting)*

Vol. V—No. 4

## OFFICIAL REPORT

CONTENTS

*Friday, the 17th September, 1982*
*(Forenoon Sitting)*


| | | PAGE |
|---|---|---|
| Obituary Reference | .. | (4)1 |
| Starred Questions and Answers | .. | (4)4 |
| Unstarred Questions and Answers | .. | (4)22 |
| Squatting on the Floor of the House | .. | (4)54 |
| Point of Order *re.* Revision of the Ruling of the Speaker | .. | (4)55 |
| Question of Privilege | .. | (4)56 |
| Call-Attention Notices Under Rule 66 | .. | (4)58 |



Punjab Vidhan Sabha Secretariat, Chandigarh

Price: Rs.



Original with;
Punjab Vidhan Sabha
Digitized by;
Panjab Digital Library

Paper Laid on the Table .. (4)64

Presentation of Report of the Committee on Public Undertakings .. (4,64

Presentation of the First Report of the Business Advisory Committee .. (4)64

LEGISLATIVE BUSINESS

Bill—

The Punjab Appropriation (No. 4)——., 1982 .. (4)66

Extension of Time of the Sitting .. (4)10

Bill—

The Punjab Appropriation (No. 4), ——, 1982 .. (4)105
(*Resumption of consideration*)

Extension of Time of the Sitting .. (4)110

Bill—

The Punjab Appropriation (No. 4) ——, 1982 .. (4)110
(*Resumption of consideration*)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

Friday, the 17th September, 1982

(*Forenoon Sitting*)

[*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

## OBITUARY REFERENCE

**Mr. Speaker** : Obituary reference.

**Chief Minister** (Sardar Darbara Singh) : Mr. Speaker and honourable members, with profound grief and sorrow, I have to pay my humble tributes to Sri A. Vishwanathan, who was widely regarded as a bright personality and an eminent Advocate. He was respected for his erudition, scholarship and learning. He could read and write in Hindi, Tamil, Punjabi, English and Urdu. He was progressive in his views bold and practical in expressing his opinions on social, economic and political problems.

2. He was a seasoned Parliamentarian and was elected to the Punjab Vidhan Sabha in 1967 and again in 1977 on the Jana-Sangh/ Janata Party tickets respectively. His contributions in the annals of the Legislature were commendable and praiseworthy. He served the State with distinction and shouldered many and varied responsibilities. Originally, he belonged to Madras but settled in Ludhiana where he worked hard and became popular. He remained Municipal Commissioner Ludhiana from 1964 to 1973. He remained member of the Public Accounts Committee and Privilege Committee of the Punjab Vidhan Sabha for long spells and was a member of the Telephone Committee and Railway Users Consultative Committee. He remained General Secretary of Punjab Jana-Singh for two years and its Joint Secretary for four years. He was President of Lions Club, Ludhiana.

3. In his untimely death on 16th September, 1982, we have lost an able politician and experienced Parliamentarian, who dedicated his life for the welfare of the State and communal harmony, upholding the standards of honesty and integrity.

Mr. Speaker, I propose that as a mark of respect to the great personality, who has departed from us, all the members may stand in silence for 2 minutes and the deep sympathies of the House be conveyed to his next of kins.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** (ਧਾਰੀਵਾਲ) : ਸਪੀਕਰ ਸਾਹਿਬ, ਦੋ ਤਿੰਨ ਦਿਨ ਦੀ ਗੱਲ ਹੈ ਕਿ ਏ. ਵਿਸ਼ਵਨਾਥਨ ਜੀ ਏਥੇ ਲੋਬੀ ਵਿਚ ਬਾਹਰ ਆਏ ਸਨ ਅਤੇ ਸਾਨੂੰ ਮਿਲੇ ਸਨ। ਮੈਂ ਉਨ੍ਹਾਂ ਨੂੰ ਪਿਛਲੇ 15/20 ਸਾਲਾਂ ਤੋਂ ਜ਼ਾਤੀ ਤੌਰ ਤੇ ਜਾਣਦਾ ਹਾਂ। ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਸਨ, ਪਰ ਡਿਫਰੇਂਸਿਜ਼ ਦੇ ਬਾਵਜੂਦ ਵੀ ਉਹਨਾਂ ਦੀ ਸਾਰਿਆਂ ਨਾਲ ਸਾਂਝ ਸੀ। ਇਹ ਠੀਕ ਹੈ ਕਿ ਉਹ ਸਾਊਥ ਸਟੇਟ ਵਿਚੋਂ ਆਏ ਹੋਏ ਸਨ, ਪਰ ਪੰਜਾਬ ਦੇ ਅੰਦਰ ਉਨ੍ਹਾਂ ਨੇ ਆਪਣੇ ਵਾਸਤੇ ਬਹੁਤ ਉਚੀ ਅੱਛੀ ਥਾਂ ਬਣਾਈ, ਇਹ ਆਪਣੇ ਆਪ ਵਿਚ ਹੀ ਬੜੀ ਮਹਾਨਤਾ ਵਾਲੀ ਗੱਲ ਹੈ। ਉਹ ਬੜੇ ਮਿਲਣਸਾਰ ਸਨ। ਉਹ ਇਸ ਹਾਊਸ ਵਿਚ ਇਕ ਵਾਰ ਹੀ ਨਹੀਂ ਦੋ ਵਾਰ ਮੈਂਬਰ ਬਣ ਕੇ ਆਏ। ਜਿੱਥੋਂ ਤੱਕ ਵਿਚਾਰਾਂ ਦੀ ਗੱਲ ਹੈ ਮੈਂ ਅੱਗੇ ਵੀ ਤਹਾਨੂੰ ਕਹਿੰਦਾ ਹੁੰਦਾ ਹਾਂ ਕਿ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਸੂਲ ਸਨ। ਉਹਨਾਂ ਦੇ ਕਰੈਕਟਰ ਦੀ ਇਕ ਵੱਡੀ ਗੱਲ ਇਹ ਵੀ ਸੀ ਕਿ ਉਹ ਲੋਕਾਂ ਦੀ, ਭਾਵੇਂ ਉਹ ਕਿਸੇ ਕਲਾਸ ਦੇ ਵੀ ਸਨ, ਉਨ੍ਹਾਂ ਦੀ ਦਿੱਲੋਂ ਮੱਦਦ ਕਰਦੇ ਸਨ। ਉਹ ਉੱਚ ਕੋਟੀ ਦੇ ਐਡਵੋਕੇਟਾਂ ਵਿਚੋਂ ਸਨ, ਜਿਨ੍ਹਾਂ ਨੇ ਕਮਾਈ ਵੱਲੋਂ ਪ੍ਰੈਕਟਿਸ ਦੀ ਥਾਂ ਉਤੇ ਵਰਕਰਜ਼ ਦੀ ਭਲਾਈ ਵੱਲ ਜ਼ੋਰ ਦਿੱਤਾ ਅਤੇ ਉਹਨਾਂ ਵਾਸਤੇ ਅੱਛੇ ਕੰਮ ਕੀਤੇ। ਉਹਨਾਂ ਦੇ ਗੁਜ਼ਰਨ ਨਾਲ ਉਨ੍ਹਾਂ ਦੀ ਪਾਰਟੀ ਦਾ ਤਾਂ ਨੁਕਸਾਨ ਹੈ ਹੀ ਪਰ ਇਸ ਨਾਲੋਂ ਵੱਧ ਨੁਕਸਾਨ ਉਨ੍ਹਾਂ ਦੀ ਫੈਮਲੀ ਦਾ ਹੈ। ਇਹ ਅਜਿਹਾ ਨੁਕਸਾਨ ਹੈ ਜਿਹੜਾ ਪੂਰਾ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਜਿਹੜੇ ਲੋਕੀ ਲੋਕਾਂ ਦੇ ਕੰਮਾਂ ਵਾਸਤੇ ਹਾਂ ਦਾ ਨਾਹਰਾ ਮਾਰਦੇ ਹਨ, ਲੋਕਾਂ ਦੀ ਸੇਵਾ ਕਰਦੇ ਹਨ, ਦੇਸ਼ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਚਲੇ ਜਾਣਾ ਬਹੁਤ ਦੁਖਦਾਇਕ ਗੱਲ ਹੈ। ਉਹ ਲੋਕਾਂ ਦੀਆਂ ਮੁਸ਼ਕਲਾਂ ਬੜੇ ਧਿਆਨ ਨਾਲ ਸੁਣਦੇ ਸਨ ਅਤੇ ਉਨ੍ਹਾਂ ਵਾਸਤੇ ਕੁਝ ਕਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਦਾ ਚਲੇ ਜਾਣਾ ਸਾਡੇ ਲਈ ਬਹੁਤ ਵੱਡਾ ਘਾਟਾ ਹੈ ਜਿਹੜਾ ਕਿ ਪੂਰਾ ਨਹੀਂ ਹੋ ਸਕਦਾ। ਮੈਂ ਉਨ੍ਹਾਂ ਦੇ ਪਰਵਾਰ ਨੂੰ ਆਪਣੀ ਪਾਰਟੀ ਵੱਲੋਂ ਦਿੱਲੋਂ ਅਫਸੋਸ ਕਰਦਾ ਹਾਂ ਅਤੇ ਹਾਊਸ ਦਾ ਇਹ ਸ਼ੋਕ ਮਤਾ ਉਨ੍ਹਾਂ ਦੀ ਫੈਮਿਲੀ ਨੂੰ ਭੇਜਿਆ ਜਾਵੇ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਪ੍ਰੋਫੈਸਰ ਸ੍ਰੀ ਏ. ਵਿਸ਼ਵਾਨਾਥਨ ਬੜੇ ਸੁਲਝੇ ਹੋਏ ਸਿਆਸਤਦਾਨ ਸਨ। ਪਿਛਲੇ ਸਮੇਂ ਵਿਚ 1970 ਤੋਂ 1980 ਦੌਰਾਨ ਅਸੀਂ ਇਸ ਹਾਊਸ ਵਿਚ ਇਕੱਠੇ ਰਹੇ ਹਾਂ ਅਤੇ ਉਨ੍ਹਾਂ ਨੇ ਹਾਊਸ ਦੀ ਮਰਯਾਦਾ ਅਨੁਸਾਰ ਅਤੇ ਹਾਊਸ ਦੇ ਕੰਮਾਂ ਨੂੰ ਬਿਹਤਰ ਬਨਾਉਣ ਲਈ ਬੜੇ ਅੱਛੇ ਅੱਛੇ ਕੰਮ ਕੀਤੇ। ਵਿਚਾਰ ਭਾਵੇਂ ਅੱਡ ਅੱਡ ਹੋਣ ਪਰ ਆਸ਼ਾ ਇਕ ਹੀ ਸੀ। ਉਹ ਚਾਹੇ ਕੋਈ ਕਾਨੂੰਨੀ ਨੁਕਤਾ ਹੋਵੇ, ਕੋਈ ਹੋਰ ਉਲਝਣ ਹੋਵੇ, ਉਸ ਦੀ ਚੰਗੀ ਪਕੜ ਕਰਦੇ ਸਨ ਅਤੇ ਠੀਕ ਸਲਾਹ ਦਿੰਦੇ ਸਨ। ਜੇ ਉਨ੍ਹਾਂ ਦੀ ਪਿਛਲੇ ਸਮੇਂ ਵਿਚ ਜ਼ਿੰਦਗੀ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਹ ਆਪਣੀ ਜਨ ਸੰਘ ਪਾਰਟੀ ਦੇ ਜਨਰਲ ਸਕੱਤਰ ਰਹੇ ਹਨ ਅਤੇ ਹੁਣ ਬੀ. ਜੇ. ਪੀ. ਵਿਚ ਸਨ। ਉਹ ਉਘੇ, ਸਿਆਣੇ, ਉੱਚ ਕੋਟੀ ਦੇ ਐਡਵੋਕੇਟਾਂ ਵਿਚੋਂ ਸਨ। ਮਦਰਾਸ ਤੋਂ ਇੱਥੇ ਆ ਕੇ ਆਪਣੀ ਥਾਂ ਬਨਾਉਣੀ ਬੜੀ ਵਿਸ਼ੇਸ਼ਤਾ ਵਾਲੀ ਗੱਲ ਹੈ। ਪਿਛਲੇ ਦਿਨਾਂ ਵਿਚ ਜਦੋਂ ਉਹ ਇਸ ਅਸੈਂਬਲੀ ਵਿਚ ਆਏ ਤਾਂ ਇੱਥੇ ਸਾਨੂੰ ਮਿਲੇ, ਉਹ ਬੜੇ ਖੁਸ਼ ਨਜ਼ਰ ਆਉਂਦੇ ਸਨ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਉਹ ਸਾਡੇ ਕੋਲੋਂ ਏਨੀ ਜਲਦੀ ਵਿਛੜ ਗਏ ਹਨ। ਉਨ੍ਹਾਂ ਦਾ ਪਿਛੇ ਇਕ ਲੜਕਾ ਹੈ ਅਤੇ ਇਕ ਲੜਕੀ ਹੈ। ਉਨ੍ਹਾਂ ਵਾਸਤੇ ਇਹ ਬੜੀ ਦੁਖਦਾਇਕ ਗੱਲ ਹੈ ਅਤੇ ਇਹ ਇਕ ਬਹੁਤ ਵੱਡਾ ਘਾਟਾ ਉਨ੍ਹਾਂ ਦੇ ਪਰਵਾਰ ਨੂੰ

Original with;
Punjab Vidhan Sabha
Digitized by;
Panjab Digital Library

ਪਿਆ ਹੈ । ਇਸ ਸ਼ੋਕ ਮਤੇ ਵਿਚ ਮੈਂ ਆਪਣੇ ਆਪ ਨੂੰ ਸ਼ਰੀਕ ਕਰਦਾ ਹਾਂ ਅਤੇ ਨਾਲ ਮੰਗ ਕਰਦਾ ਹਾਂ ਕਿ ਉਨ੍ਹਾਂ ਦੇ ਪਰਵਾਰ ਨੂੰ ਸ਼ੋਕ ਦਾ ਮਤਾ ਭੇਜਿਆ ਜਾਵੇ ।

**ਡਾਕਟਰ ਭਗਤ ਸਿੰਘ** (ਪੱਕਾ ਕਲਾਂ, ਐਸ. ਸੀ.) : ਸਪੀਕਰ ਸਾਹਿਬ, ਜਿਹੜਾ ਹਾਊਸ ਦੇ ਸਾਹਮਣੇ ਮਤਾ ਪੇਸ਼ ਕੀਤਾ ਗਿਆ ਹੈ, ਇਹ ਵਾਕਿਆ ਹੀ ਬੜਾ ਦੁਖਦਾਇਕ ਹੈ। ਮਿਸਟਰ ਵਿਸ਼ਵਾਨਾਥਨ ਇਕ ਬੜੇ ਸਿਆਣੇ ਅਤੇ ਸੁਲਝੇ ਹੋਏ ਵਕੀਲ ਹੀ ਨਹੀਂ ਸਨ ਬਲਕਿ ਉਨ੍ਹਾਂ ਦੀ ਹਾਊਸ ਵਿਚ ਵੀ ਜੋ ਪਰਫਾਰਮੈਂਸ ਰਹੀ ਹੈ, ਉਹ ਬੜੀ ਸ਼ਲਾਘਾਯੋਗ ਹੈ । ਸਾਡੇ ਨਾਲ ਉਹ ਦੋ ਵਾਰ ਇਸ ਹਾਊਸ ਵਿਚ ਮੈਂਬਰ ਬਣ ਕੇ ਆਏ । ਔਰ ਉਨ੍ਹਾਂ ਨੇ ਜੋ ਵੀ ਪੁਆਇੰਟ ਇਸ ਅਸੈਂਬਲੀ ਵਿਚ ਰੋਜ਼ ਕੀਤਾ, ਬੜੀ ਸਿਆਣਪ ਨਾਲ ਪੇਸ਼ ਕੀਤਾ ਔਰ ਕਾਨਸਟੀਚਿਊਸ਼ਨਲ ਢੰਗ ਨਾਲ ਪੇਸ਼ ਕੀਤਾ । ਉਨ੍ਹਾਂ ਨੇ ਗ਼ਰੀਬ ਲੋਕਾਂ ਦੀ ਬਿਹਤਰੀ ਲਈ, ਖਾਸ ਕਰਕੇ ਲੇਬਰ ਕਲਾਸ ਦੀ ਬਿਹਤਰੀ ਲਈ ਬੜੇ ਚੰਗੇ ਕੰਮ ਕੀਤੇ । ਅਜਿਹੇ ਮਨੁੱਖ ਪੰਜਾਬ ਵਿਚ ਘੱਟ ਹੀ ਹੋਏ ਹਨ । ਚੀਫ਼ ਮਨਿਸਟਰ ਸਾਹਿਬ ਨੇ ਜਿਵੇਂ ਫਰਮਾਇਆ ਹੈ ਬੇਸ਼ਕ ਉਹ ਪੰਜਾਬ ਦੇ ਨਹੀਂ ਸਨ ਉਹ ਸਾਊਥ ਇੰਡੀਅਨ ਸਨ, ਪਰ ਉਨ੍ਹਾਂ ਨੇ ਆਪਣੀ ਸਾਰੀ ਲਾਈਫ ਆਪਣੀ ਪਾਰਟੀ ਨੂੰ ਦਾਨ ਦੇ ਦਿੱਤੀ ਹੋਈ ਸੀ । ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਉਹਨਾਂ ਨੇ ਕੁਰਬਾਨ ਕਰ ਦਿੱਤਾ । ਉਹ ਬੜੇ ਯੋਗ, ਬੜੇ ਕਾਬਲ ਇਨਸਾਨ ਸਨ । ਦੋ ਤਿੰਨ ਦਿਨ ਪਹਿਲਾਂ ਉਹ ਸਾਨੂੰ ਇੱਥੇ ਹਾਊਸ ਦੇ ਲਾਂਜ ਵਿਚ ਮਿਲੇ ਸਨ, ਬੜੇ ਖੁਸ਼ ਨਜ਼ਰ ਆਉਂਦੇ ਸਨ ! ਪਤਾ ਨਹੀਂ ਉਸ ਪ੍ਰਮਾਤਮਾ ਨੂੰ ਕੀ ਮਨਜ਼ੂਰ ਸੀ, ਜਿਸ ਵਿਅਕਤੀ ਨੇ ਆਉਣ ਵਾਲੇ ਸਮੇਂ ਵਿਚ ਅਸੈਂਬਲੀ ਵਿਚ ਜਾਂ ਪਾਰਲੀਮੈਂਟ ਵਿਚ ਆਪਣਾ ਬਹੁਤ ਮਹੱਤਵ-ਪੂਰਨ ਰੋਲ ਪਲੇ ਕਰਨਾ ਸੀ, ਉਸ ਨੂੰ ਸਾਡੇ ਕੋਲੋਂ ਅਚਾਨਕ ਖੋਹ ਲਿਆ । ਉਹ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਹੋਏ ਉਨ੍ਹਾਂ ਦੀ ਸੋਚ ਬੜੀ ਉੱਚੀ ਸੀ ਅਤੇ ਨਜ਼ਰੀਆ ਹੈਲਪਿੰਗ ਸੀ । ਅਜਿਹੇ ਮਨੁੱਖ ਦੇ ਚਲੇ ਜਾਣ ਤੇ ਵਾਕਿਆ ਹੀ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਤੇ ਜੋ ਮਤਾ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਪੁਰਜ਼ੋਰ ਤਾਈਦ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਇਸ ਮਤੇ ਦੀ ਇਕ ਕਾਪੀ ਗਮਜ਼ਦਾ ਪਰਿਵਾਰ ਨੂੰ ਤੁਸੀਂ ਆਪਣੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਭੇਜ ਦੇਵੋਗੇ । ਥੈਂਕ ਯੂ ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ, ਐਸ. ਸੀ.) : ਸਪੀਕਰ ਸਾਹਿਬ, ਅਜ ਇਹ ਅਚਾਨਕ ਖ਼ਬਰ ਸੁਣ ਕੇ ਕਿ ਸ੍ਰੀ ਏ. ਵਿਸ਼ਵਾਨਾਥਨ ਜੀ ਅਕਾਲ ਚਲਾਣਾ ਕਰ ਗਏ ਹਨ, ਸਾਡੇ ਮਨ ਨੂੰ ਬੜਾ ਦੁੱਖ ਹੋਇਆ ਹੈ । ਉਹ ਸਾਡੇ ਨਾਲ 1970 ਤੋਂ 1980 ਤੱਕ ਐਮ. ਐਲ. ਏ. ਰਹੇ ਸਨ, ਜੋ ਅੱਜ ਸਾਡੇ ਤੋਂ ਉਹ ਵਿੱਛੜ ਗਏ ਹਨ । ਉਨ੍ਹਾਂ ਦੇ ਸੋਗ ਵਿਚ ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ, ਜੋ ਵੱਧ ਤੋਂ ਵੱਧ ਅਸੀਂ ਦੁੱਖ ਦਾ ਪ੍ਰਗਟਾਵਾ ਕਰ ਸਕਦੇ ਹਾਂ, ਉਹ ਕਰਕੇ ਉਨ੍ਹਾਂ ਦੇ ਦੁਖੀ ਪ੍ਰੀਵਾਰ ਨੂੰ ਉਸ ਸੋਗ ਦੇ ਮਤੇ ਦੀ ਕਾਪੀ ਭੇਜ ਕੇ ਆਪਣੇ ਦੁਖ ਦਾ ਇਜ਼ਹਾਰ ਕਰੀਏ । ਜੋ ਲੀਡਰ ਆਫ਼ ਦੀ ਹਾਊਸ ਨੇ ਮਤਾ ਰੱਖਿਆ ਹੈ, ਉਹ ਸਾਨੂੰ ਭੇਜਣਾ ਚਾਹੀਦਾ ਹੈ । ਇਕ ਗੱਲ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਉਹ ਆਰ. ਐਸ. ਐਸ. ਦੇ ਮੈਂਬਰ ਸਨ ਜਾਂ ਬੀ.ਜੇ.ਪੀ. ਦੇ ਮੈਂਬਰ ਸਨ ਔਰ ਆਪਣੀ ਪਾਰਟੀ ਦੇ ਨਾਮ ਭਾਵੇਂ ਉਹ ਬਦਲਦੇ ਰਹੇ ਹਨ ਲੇਕਿਨ ਉਨ੍ਹਾਂ ਦੇ ਆਪਣੇ ਪ੍ਰੋਗਰਾਮ ਦ੍ਰਿੜ੍ਹ ਸਨ ਔਰ ਇਹ ਦ੍ਰਿੜ੍ਹਤਾ ਹੀ ਉਨ੍ਹਾਂ ਦੀ ਪ੍ਰਸ਼ੰਸਾ ਦਾ ਕਾਰਨ ਬਣਦੀ ਸੀ । ਉਹ ਭਾਵੇਂ ਦੇਸ਼ ਦੇ ਹਿੱਤਾਂ ਵਿਚ ਹੋਵੇ ਤੇ ਭਾਵੇਂ ਦੇਸ਼ ਦੇ ਹਿੱਤਾਂ ਦੇ ਉਲਟ ਹੋਵੇ, ਲੇਕਿਨ ਉਹ ਦ੍ਰਿੜ੍ਹਤਾ ਦੇ ਬੰਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੁੰਬਾ]

ਸਨ ਅਤੇ ਸ਼ੁਰੂ ਤੋਂ ਲੈ ਕੇ ਆਖਿਰ ਤੱਕ ਜੋ ਪ੍ਰੋਗਰਾਮ ਉਨ੍ਹਾਂ ਨੇ ਆਪਣੇ ਮਨ ਵਿਚ ਉਲੀਕਿਆ ਸੀ, ਉਸ ਤੇ ਉਹ ਚਲਦੇ ਰਹੇ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ੍ਰੀ ਵਿਸ਼ਵਾਨਾਥਨ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਸ਼ਰਧਾਂਜਲੀ ਭੇਂਟ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਇਸ ਮਤੇ ਦੀ ਕਾਪੀ ਉਨ੍ਹਾਂ ਦੇ ਦੁਖੀ ਪਰਿਵਾਰ ਨੂੰ ਉਨ੍ਹਾਂ ਦੇ ਦੁਖ ਵਿਚ ਸ਼ਾਮਲ ਹੁੰਦਿਆਂ ਤੁਸੀਂ ਭੇਜ ਦੇਵੋਗੇ ।

**ਸ੍ਰੀ ਸਪੀਕਰ** : ਸਾਰੇ ਸਦਨ ਨੇ ਇਸ ਮਤੇ ਰਾਹੀਂ ਜਿਹੜਾ ਗ਼ਮ ਦਾ ਇਜ਼ਹਾਰ ਕੀਤਾ ਹੈ, ਮੈਂ ਉਸ ਦੇ ਵਿਚ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਔਰ ਮੈਂਬਰ ਸਾਹਿਬਾਨ ਅੱਗੇ ਅਨੁਰੋਧ ਕਰਦਾ ਹਾਂ ਕਿ ਸਾਰੇ ਮਾਨਯੋਗ ਮੈਂਬਰਜ਼ ਉਨ੍ਹਾਂ ਦੀ ਯਾਦ ਵਿਚ 2 ਮਿੰਟ ਲਈ ਮੋਨ ਧਾਰਨ ਲਈ ਖੜੇ ਹੋ ਜਾਣ ।

(ਇਸ ਵਕਤ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਨੇ ਦੋ ਮਿੰਟ ਲਈ ਖੜੇ ਹੋ ਕੇ ਮੋਨ ਧਾਰਨ ਕੀਤਾ ।)

## STARRED QUESTIONS AND ANSWERS

### CONSTRUCTION OF STADIUM AT BALACHAUR

***1622. Master Dalip Chand** : Will the Minister for Education be pleased to state whether there is any proposal under the consideration of the Government to construct a stadium at Balachaur; if so, the time by which it is likely to materialise ?

**Sardar Harcharn Singh Ajnala** : No, please.

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਸਾਡੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਚੀਫ਼ ਮਨਿਸਟਰ ਸਾਹਿਬ, ਇਸ ਹਲਕੇ ਦੇ ਐਮ. ਪੀ. ਰਹੇ ਹਨ ਔਰ ਉਨ੍ਹਾਂ ਨੇ ਸੈਂਟਰ ਦੀ ਸਰਕਾਰ ਵੱਲੋਂ ਇਸ ਜ਼ਿਲ੍ਹੇ ਨੂੰ ਬੈਕਵਰਡ ਕਰਾਰ ਦਿਵਾਇਆ ਸੀ । ਇਸ ਜ਼ਿਲ੍ਹੇ ਨੂੰ ਬੈਕਵਰਡ ਏਰੀਆ ਦੀਆਂ ਪੂਰੀਆਂ ਸਹੂਲਤਾਂ ਸਰਕਾਰ ਦੇ ਰਹੀ ਹੈ, ਪਰ ਸਾਡੇ ਜ਼ਿਲ੍ਹੇ ਵਿਚ ਕਿਧਰੇ ਵੀ ਕੋਈ ਸਟੇਡੀਅਮ ਨਹੀਂ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਮ-ਅਜ਼-ਕਮ ਇਸ ਸਾਰੇ ਜ਼ਿਲ੍ਹੇ ਨੂੰ ਖਾਸ ਤੌਰ ਤੇ ਮੇਰੇ ਹਲਕੇ ਬਲਾਚੌਰ ਵਿਚ ਕੋਈ ਸਟੇਡੀਅਮ ਬਣਾਉਣ ਦਾ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਬਲਾਚੌਰ ਦੇ ਹਲਕੇ ਵਿਚ ਸਟੇਡੀਅਮ ਬਣਾਉਣ ਦੀ ਗੱਲ ਕੀਤੀ ਹੈ, ਉਸ ਦੇ ਲਈ ਮਾਸਟਰ ਦਲੀਪ ਚੰਦ ਜੀ ਵੱਲੋਂ ਜਾਂ ਉਥੋਂ ਦੀ ਮਿਉਂਸਪਲ ਕਮੇਟੀ ਵੱਲੋਂ ਕੋਈ ਪ੍ਰੋਪੋਜ਼ਲ ਸਾਡੇ ਕੋਲ ਨਹੀਂ ਆਈ, ਜਿਸ ਦੇ ਲਈ ਕੋਈ ਫਰਦਰ ਕਾਰਵਾਈ ਕੀਤੀ ਜਾਵੇ, ਇਸੇ ਲਈ ਮੈਂ 'ਨਾ' ਵਿਚ ਜਵਾਬ ਦਿੱਤਾ ਹੈ । ਜਿਥੇ ਕਿਧਰੇ, ਸਪੀਕਰ ਸਾਹਿਬ, ਕੋਈ ਸਟੇਡੀਅਮ ਬਣਦਾ ਹੈ ਉਸ ਲਈ ਉਥੋਂ ਦੀ ਗਰਾਮ ਪੰਚਾਇਤ ਜਾਂ ਮਿਉਂਸਪਲ ਕਮੇਟੀ ਲੈਂਡ ਓਫਰ ਕਰਦੀ ਹੈ, ਰੈਜ਼ੋਲਿਊਸ਼ਨ ਕਰਦੀ ਹੈ ਔਰ ਉਸ

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਉਨ੍ਹਾਂ ਵੱਲੋਂ ਭੇਜੇ ਪੇਪਰਜ਼ ਦਾ ਪੂਰਾ ਪ੍ਰਾਸੈਸ ਕਰਕੇ ਕਾਰਵਾਈ ਕੀਤੀ ਜਾਂਦੀ ਹੈ। ਇਸ ਦੇ ਲਈ ਨਾ ਕੋਈ ਸਾਡੇ ਪਾਸ ਪੇਪਰ ਹੈ, ਨਾ ਕੋਈ ਰੈਫਰੈਂਸ ਹੈ ਔਰ ਨਾ ਕੋਈ ਰੈਜ਼ੋਲਿਊਸ਼ਨ ਜਾਂ ਆਫਰ ਡਿਪਾਰਟਮੈਂਟ ਦੇ ਸਾਹਮਣੇ ਆਈ ਹੈ, ਇਸ ਦਾ ਜਵਾਬ ਮੈਂ ਦਿਤਾ ਹੈ ਕਿ ਇਸ ਦੀ ਕੋਈ ਪ੍ਰੋਪੋਜ਼ਲ ਨਹੀਂ ਹੈ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਾਡੇ ਜ਼ਿਲ੍ਹੇ ਹੁਸ਼ਿਆਰਪੁਰ ਨਾਲ ਤਾਂ ਕੋਈ ਪਿਆਰ ਨਹੀਂ ਪਰ ਮੇਰੇ ਗਵਾਂਢੀ ਹਲਕੇ ਚਮਕੌਰ ਸਾਹਿਬ ਜਿਹੜੀ ਕਿ ਸ਼ਹੀਦਾਂ ਦੀ ਧਰਤੀ ਹੈ, ਉਥੇ ਕਈ ਸਾਲਾਂ ਤੋਂ ਸਟੇਡੀਅਮ ਅਧੂਰਾ ਪਿਆ ਹੈ, ਕੀ ਉਸ ਨੂੰ ਜਲਦੀ ਪੂਰਾ ਕਰਨ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਸਾਨੂੰ ਇਸ ਗੱਲ ਦਾ ਇਤਰਾਜ਼ ਹੈ ਜੋ ਮੈਨੂੰ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਾਨੂੰ ਕੋਈ ਪਿਆਰ ਨਹੀਂ ਹੈ, ਇਹ ਬਿਲਕੁਲ ਗਲਤ ਬਾਤ ਉਨ੍ਹਾਂ ਨੇ ਕਹੀ ਹੈ। ਪੰਜਾਬ ਦੀ ਸਰਕਾਰ ਪੰਜਾਬ ਦੇ ਹਰ ਜ਼ਿਲ੍ਹੇ ਨਾਲ ਇਕੋ ਜਿਹਾ ਪਿਆਰ ਕਰਦੀ ਹੈ ਔਹ ਬਹੁਤ ਅੱਛੀ ਤਰ੍ਹਾਂ ਹਰ ਮਸਲੇ ਤੇ ਵਿਚਾਰ ਕਰਕੇ ਉਸ ਨੂੰ ਹੱਲ ਕਰਦੀ ਹੈ। ਜੋ ਮੈਂਬਰ ਸਾਹਿਬ ਨੇ ਚਮਕੌਰ ਸਾਹਿਬ ਦਾ ਜ਼ਿਕਰ ਕੀਤਾ ਹੈ, ਇਹ ਇਕ ਵੱਖਰਾ ਸਵਾਲ ਹੈ ਔਰ ਇਸ ਦਾ ਧਲਾਚੌਰ ਨਾਲ ਕੋਈ ਤੱਲਕ ਨਹੀਂ ਹੈ। ਇਹ ਸੈਪਰੇਟ ਨੋਟਿਸ ਦੇ ਦੇਣ, ਇਸ ਦਾ ਪੂਰਾ ਜਵਾਬ ਦੇ ਦੇਵਾਂਗੇ ਕਿ ਕਦੋਂ ਤੱਕ ਮੁਕੰਮਲ ਹੋ ਜਾਵੇਗਾ।

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਇਤਨੀ ਹੀ ਗੱਲ ਕਰਨੀ ਹੈ ਕਿ ਜਿੱਥੇ ਮਿਊਂਸਪਲ ਕਮੇਟੀ ਨੇ ਜਗ੍ਹਾ ਦਿੱਤੀ ਹੋਈ ਹੈ ਔਰ ਪੈਸਾ ਵੀ ਦਿੱਤਾ ਹੈ ਅਤੇ ਕੰਮ ਵੀ 3-4 ਸਾਲ ਤੋਂ ਸ਼ੁਰੂ ਹੋ ਗਿਆ ਹੈ, ਉਸ ਨੂੰ ਕੰਪਲੀਟ ਕਰਨ ਵਾਸਤੇ ਬਾਕੀ ਦੇ ਕੁਝ ਪੈਸੇ ਨਹੀ ਹਨ। ਕੀ ਮਨਿਸਟਰ ਸਾਹਿਬ ਓਹ ਭੇਜ ਕੇ ਉਸ ਅਧੂਰੇ ਕੰਮ ਨੂੰ ਮੁਕੰਮਲ ਕਰਾਉਣਗੇ ਕਿ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਇਸ਼ਾਰਤਨ ਗਲ ਕੀਤੀ ਹੈ ਮੈਂ ਉਨ੍ਹਾਂ ਦਾ ਇਸ਼ਾਰਾ ਸਮਝ ਨਹੀਂ ਸਕਿਆ। ਜੇ ਉਹ ਖੁੱਲ੍ਹ ਕੇ ਗੱਲ ਕਰਦੇ ਤਾਂ ਮੈਂ ਜਵਾਬ ਦੇ ਦਿੰਦਾ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਤਕ ਸਟੇਡੀਅਮ ਬਣਾਉਣ ਦਾ ਸਵਾਲ ਹੈ ਜਾਂ ਪੰਜਾਬ ਦੇ ਵਿਚ ਸਪੋਰਟਸ ਨੂੰ ਬੜ੍ਹਾਵਾ ਦੇਣ ਦਾ ਸਵਾਲ ਹੈ ਉਸ ਲਈ ਜੋ ਕੰਮ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਆਪਣੇ ਸਮੇਂ ਵਿਚ ਕੀਤਾ ਹੈ ਉਹ ਸ਼ਾਇਦ ਮੀਲ ਪੱਥਰ ਦੇ ਤੌਰ ਤੇ ਹੋਵੇਗਾ।

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਮੈਂ ਜ਼ਰਾ ਖੁੱਲ੍ਹ ਕੇ ਸਮਝਾਉਣਾ ਚਾਹੁੰਦਾ ਹਾਂ।

**ਸ੍ਰੀ ਸਪੀਕਰ** : ਹੁਣ ਬੈਠੋ ਤੁਸੀਂ, ਚੌਧਰੀ ਜਗਜੀਤ ਸਿੰਘ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਇਕ ਸਪੋਰਟਸ ਅਕੈਡਮੀ ਬਣਾਉਣ ਦੀ ਤਜਵੀਜ਼ ਸੀ, ਉਸ ਦਾ ਕੰਮ ਕਿਥੋਂ ਤੱਕ ਸਿਰੇ ਚੜ੍ਹ ਗਿਆ ਹੈ ? ਕੀ ਵਜ਼ੀਰ ਸਾਹਿਬ ਦੱਸਣ ਦੀ ਕ੍ਰਿਪਾ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਇਕ ਵੱਖਰਾ ਸਵਾਲ ਹੈ । ਮੈਂਬਰ ਸਾਹਿਬ ਵੱਖਰਾ ਸਵਾਲ ਦੇ ਦੇਣ, ਮੈਂ ਸਾਰੀ ਡੀਟੇਲ ਦੱਸ ਦੇਵਾਂਗਾ ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਗਵਾੜਾ ਮਿਊਂਸਪਲ ਕਮੇਟੀ ਦੀ 5-4 ਏਕੜ ਜ਼ਮੀਨ ਜੋ ਬਿਲਕੁਲ ਛੱਪੜ ਪਿਆ ਸੀ ਉਹ ਵੈਲਫੇਅਰ ਡਿਪਾਰਟਮੈਂਟ ਨੇ 14 ਲੱਖ ਰੁਪਿਆ ਲਾ ਕੇ ਛੱਪੜ ਨੂੰ ਪੂਰਿਆ ਸੀ ਔਰ ਉਥੇ ਇਕ ਤਜਵੀਜ਼ ਸੀ ਕਿ ਇੱਥੇ ਸਟੇਡੀਅਮ ਬਣਾਇਆ ਜਾਵੇਗਾ । ਉਸ ਦੇ ਵੱਲ 1977 ਤੋਂ ਬਾਅਦ ਬਿਲਕੁਲ ਕੋਈ ਧਿਆਨ ਨਹੀਂ ਦਿੱਤਾ ਗਿਆ ਔਰ ਉਸ ਜ਼ਮੀਨ ਤੇ ਲੋਕੀਂ ਨਾਜਾਇਜ਼ ਕਬਜ਼ਾ ਕਰ ਰਹੇ ਹਨ । ਕੀ ਉਹ ਤਜਵੀਜ਼ ਜੋ ਸਪੋਰਟਸ ਡਿਪਾਰਟਮੈਂਟ ਦੀ ਉਥੇ ਸਟੇਡੀਅਮ ਬਣਾਉਣ ਦੀ ਸੀ, ਉਸ ਨੂੰ ਇਹ ਨੇਪਰੇ ਚਾੜ੍ਹਨਗੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ 1977 ਤੋਂ ਬਾਅਦ ਦੀ ਗੱਲ ਜੋ ਕੀਤੀ ਹੈ, ਉਸ ਦੇ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਇਸ ਦੇ ਬਾਰੇ ਸਾਰੇ ਜਾਣਦੇ ਹਨ ਕਿ 1977 ਤੋਂ 1980 ਤੱਕ ਕੀ ਕੁਝ ਹੋਇਆ ਹੈ ਅਤੇ ਕੀ ਕੁਝ ਨਹੀਂ ਹੋਇਆ । ਜਿਥੋਂ ਤੱਕ ਹੁਣ ਸਟੇਡੀਅਮ ਬਣਾਉਣ ਦਾ ਸਵਾਲ ਹੈ, ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਫਗਵਾੜੇ ਵਰਗੀ ਮਿਊਂਸਪਲ ਕਮੇਟੀ ਹੋਵੇ ਤਾਂ ਸਟੇਡੀਅਮ ਬਣਾਉਣ ਲਈ ਉਸ ਦੀ ਅਸੀਂ ਕਲੈਬੋਰੇਸ਼ਨ ਸੀਕ ਕਰਦੇ ਹਾਂ । ਮਿਊਂਸਪਲ ਕਮੇਟੀ ਦਾ ਪੈਸਾ ਲਗਦਾ ਹੈ ਅਤੇ ਉਸ ਵਿਚ ਉਹ ਇਨਵਾਲਵਡ ਹੈ । ਸਿਵਿਕ ਬਾਡੀ ਹੈ ਔਰ ਸਿਵਿਕ ਬਾਡੀ ਦੀ ਪਾਰਟੀਸੀਪੇਸ਼ਨ ਔਰ ਉਸ ਦੀ ਇਨਵਾਲਵਮੈਂਟ ਇਸ ਵਿਚ ਜ਼ਰੂਰ ਹੋਣੀ ਚਾਹੀਦੀ ਹੈ । ਇਹ ਫਗਵਾੜੇ ਦੀ ਮਿਊਂਸਪਲ ਕਮੇਟੀ ਵੱਲੋਂ ਰੈਜ਼ੋਲਿਊਸ਼ਨ ਕਰਵਾ ਕੇ ਭੇਜ ਦੇਣ ਕਿ ਉਹ ਮਾਇਕ ਸਹਾਇਤਾ ਕਿੰਨੀ ਦੇ ਸਕਦੇ ਹਨ । ਉਨ੍ਹਾਂ ਦੀ ਪ੍ਰੋਪੋਜ਼ਲ ਆਉਣ ਤੇ ਬਹੁਤ ਹਮਦਰਦੀ ਨਾਲ ਗੌਰ ਕਰ ਲਿਆ ਜਾਵੇਗਾ ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਸ ਤਰ੍ਹਾਂ ਪਹਿਲਾਂ ਸਵਾਲ ਦਾ ਜਵਾਬ ਦਿੱਤਾ ਹੈ ਕਿ ਮਿਊਂਸਪਲ ਕਮੇਟੀ ਵੱਲੋਂ ਰੈਜ਼ੋਲਿਊਸ਼ਨ ਆ ਜਾਵੇ ਅਤੇ ਉਹ ਜ਼ਮੀਨ ਦੇਣ ਦਾ ਉਪਰਾਲਾ ਕਰਨ ਤਾਂ ਸਟੇਡੀਅਮ ਬਣਾ ਦਿੰਦੇ ਹਾਂ । ਮੈਂ ਦੱਸਣਾ ਚਾਹੁੰਦਾ ਹਾਂ ਕਿ ਰਾਮਪੁਰਾ ਫੂਲ, ਜਿਹੜਾ 4 ਬਲਾਕਾਂ ਦੇ ਵਿਚਾਲੇ ਹੈ ਯਾਨੀ ਫੂਲ, ਰਾਮਪੁਰਾ, ਨਥਾਣਾ ਔਰ ਸੈਣਾ ਬਲਾਕ ਦੇ ਵਿਚਾਲੇ ਹੈ, ਜੇ ਉਥੇ ਦੀ ਮਿਊਂਸਪਲ ਕਮੇਟੀ ਜ਼ਮੀਨ ਦੇ ਦੇਵੇ ਤਾਂ ਕੀ ਮਨਿਸਟਰ ਸਾਹਿਬ ਉਥੇ ਸਟੇਡੀਅਮ ਬਣਾਉਣ ਵਾਸਤੇ ਕੋਈ ਵਿਚਾਰ ਕਰਨਗੇ ਔਰ ਉਥੇ ਕੋਈ ਸਟੇਡੀਅਮ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਹਾਈਪੋਥੇਟੀਕਲ ਜਿਹੀ ਗੱਲ ਮੈਂਬਰ ਸਾਹਿਬ ਨੇ ਕੀਤੀ ਹੈ । ਜਦੋਂ ਕਨਕਰੀਟ ਪ੍ਰੋਪੋਜ਼ਲ ਆਵੇਗੀ, ਵਿਚਾਰੀ ਜਾਵੇਗੀ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ ਮੈਂ ਪਹਿਲਾਂ ਤਾਂ ਤੁਹਾਡਾ ਧਿਆਨ ਇਸ ਪਾਸੇ ਵੱਲ ਦੁਆ ਕੇ ਕਹਿਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ 'ਨੋ' ਕਹਿ ਕੇ ਇਤਨਾ ਕਰੜਾ ਜਿਹਾ ਜਵਾਬ ਦਿੰਦੇ ਹਨ ਕਿ ਉਸ ਦੇ ਨਾਲ ਦਿਲ ਹਿਲ ਜਾਂਦਾ ਹੈ । ਇਨ੍ਹਾਂ ਨੂੰ ਕੋਈ ਨਰਮ ਜਿਹਾ ਜਵਾਬ ਦੇਣਾ ਚਾਹੀਦਾ ਹੈ । ਹੁਣ ਵੀ ਇਨ੍ਹਾਂ ਨੇ ਮੇਰੀ ਗੱਲ ਦਾ ਜਵਾਬ 'ਨੋ' ਹੀ ਦੇਣਾ ਹੈ, ਇਹ ਮੈਨੂੰ ਪਤਾ ਹੈ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਇੱਧਰ

Original with;
Punjab Vidhan Sabha
Digitized by;
Panjab Digital Library

ਸਪੋਰਟਸ ਵੱਲ ਬਹੁਤ ਧਿਆਨ ਦੇ ਰਹੀ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1982-83 ਵਿਚ ਪਿੰਡਾਂ ਵਿਚ ਕਿੰਨੇ ਸਟੇਡੀਅਮ ਬਣਾਉਣੇ ਹਨ ਅਤੇ ਉਨ੍ਹਾਂ ਲਈ ਕੀ ਕੀ ਸਪੈਸੀਫੀਕੇਸ਼ਨਜ਼ ਹਨ?

ਮੰਤਰੀ: ਸਪੀਕਰ ਸਾਹਿਬ, ਇਹ ਡਿਫਰੈਂਟ ਸਵਾਲ ਹੈ, ਇਸ ਦਾ ਇਹ ਸੈਪਰੇਟ ਨੋਟਿਸ ਦੇ ਦੇਣ । ਜਿੱਥੋਂ ਤੱਕ ਨਰਮਿਆਈ ਦਾ ਕੁਐਸਚਨ ਹੈ, ਮੈਂ ਜੋ ਕੁਝ ਸਿਖਿਆ ਹਾਂ ਇਨ੍ਹਾਂ ਕੋਲੋਂ ਹੀ ਸਿਖਿਆ ਹਾਂ ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਨੂਰ ਮਹਿਲ ਵਿਚ ਤਲਵਣ ਇਕ ਬਹੁਤ ਵੱਡਾ ਪਿੰਡ ਹੈ, ਉਥੇ ਸਟੇਡੀਅਮ ਬਣਾਉਣ ਦੀ ਤਜਵੀਜ਼ ਸੀ । ਕੀ ਉਸ ਨੂੰ ਵਿਚਾਰ ਅਧੀਨ ਕਰਕੇ ਉਥੇ ਸਟੇਡੀਅਮ ਮੁਕੰਮਲ ਬਣਾ ਦੇਣਗੇ ?

**ਮੰਤਰੀ** . ਸਰ, ਗੱਲ ਇਹ ਹੈ ਕਿ ਇਹ ਆਫ਼ ਹੈਂਡ ਸੁਆਲ ਪੁੱਛੀ ਜਾ ਰਹੇ ਹਨ ਔਰ ਤੁਸੀਂ ਸਪਲੀਮੈਂਟਰੀਜ਼ ਅਲਾਓ ਕਰ ਰਹੇ ਹੋ । ਮੇਰੀ ਅਰਜ਼ ਹੈ ਕਿ ਇਹ ਮੇਰੇ ਚੈਂਬਰ ਵਿਚ ਤਸ਼ਰੀਫ ਲੈ ਆਉਣ, ਇਨ੍ਹਾਂ ਨਾਲ ਵਿਚਾਰ ਵਟਾਂਦਰਾ ਕਰ ਲਵਾਂਗੇ ।

**ਕਾਮਰੇਡ ਬੂਟਾ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਨਸਾ ਸਬ-ਡਵੀਜ਼ਨ ਵਿਚ, ਜਿਸ ਦੇ ਨਾਲ 250, 275 ਪਿੰਡ ਲਗਦੇ ਹਨ ਅਤੇ 8 ਹਜ਼ਾਰ ਦੀ ਆਬਾਦੀ ਹੈ, ਪਿਛਲੀ ਵਾਰੀ ਇਨ੍ਹਾਂ ਨੇ ਕਿਹਾ ਸੀ ਕਿ ਸਕੀਮ ਬਣਾਈ ਹੋਈ ਹੈ । ਬੜੇ ਅਫ਼ਸੋਸ ਦੀ ਗੱਲ ਹੈ ਕਿ ਨਾ ਤਾਂ ਉਥੇ ਕੰਮ ਸ਼ੁਰੂ ਹੋਇਆ ਹੈ ਬਲਕਿ ਕਿਸੇ ਅਫ਼ਸਰ ਨੇ ਉਹ ਸਕੀਮ ਹੀ ਰਿਜੈਕਟ ਕਰ ਦਿੱਤੀ ਹੈ । ਜਗ੍ਹਾ ਵੀ ਲਈ ਹੋਈ ਹੈ ਔਰ ਬਣਾਉਣ ਦਾ ਪਿਛਲੀ ਵਾਰੀ ਵਾਅਦਾ ਵੀ ਕੀਤਾ ਸੀ । ਕੀ ਜਿਹੜਾ ਕੰਮ ਅਧੂਰਾ ਪਿਆ ਹੈ, ਉਸ ਨੂੰ ਮੁਕੰਮਲ ਕਰਨਗੇ ?

**Minister**: I take exception to this thing ਕਿ ਕਿਸੇ ਅਫ਼ਸਰ ਨੇ ਰਿਜੈਕਟ ਕੀਤੀ ਹੋਣੀ ਹੈ । ਅਗਰ ਕੋਈ ਐਸੀ ਗਲ ਹੋਵੇ ਤਾਂ ਮੇਰੇ ਲੈਵਲ ਤੇ ਹੀ ਹੁੰਦੀ ਹੈ, ਕਿਸੇ ਥੱਲੇ ਦੇ ਲੈਵਲ ਤੇ ਨਹੀਂ ਹੁੰਦੀ ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਛੇ ਮਹੀਨੇ ਪਹਿਲਾਂ ਅਮ੍ਰਿਤਸਰ ਸਟੇਡੀਅਮ ਵਿਚ ਮੰਤਰੀ ਸਾਹਿਬ ਤਸ਼ਰੀਫ ਲਿਆਏ ਸਨ । ਡੇਢ ਲਖ ਕਾਰਪੋਰੇਸ਼ਨ ਨੇ ਅਤੇ ਡੇਢ ਲੱਖ ਸਰਕਾਰ ਵੱਲੋਂ ਦੇਣ ਦਾ ਫੈਸਲਾ ਹੋਇਆ ਸੀ ਤਾਂ ਕਿ ਜਿਹੜਾ ਸਟੇਡੀਅਮ ਬੜੀ ਦੇਰ ਤੋਂ ਨਹੀਂ ਬਣ ਸਕਿਆ ਸੀ, ਉਹ ਮੁਕੰਮਲ ਹੋ ਸਕੇ । ਪਰ ਉਹ ਰੁਪਿਆ ਥੋੜ੍ਹਾ ਹੈ । ਕੀ ਉਸ ਲਈ ਕੋਈ ਹੋਰ ਫੰਡਜ਼ ਪ੍ਰੋਵਾਈਡ ਕਰਕੇ, ਉਸ ਨੂੰ ਮੁਕੰਮਲ ਕਰਾਉਣਗੇ ?

ਦੂਸਰੇ ਅੰਮ੍ਰਿਤਸਰ ਦੀ 6 ਲੱਖ ਦੀ ਆਬਾਦੀ ਹੈ ਪਰ ਸਾਡੇ ਉਥੇ ਪਲੇਅ ਗਰਾਊਂਡ ਨਹੀਂ ਹੈ । ਜਿਹੜੀਆਂ ਆਲੇ ਦੁਆਲੇ ਥਾਵਾਂ ਬਣੀਆਂ ਹਨ ਕੀ ਉਥੇ ਜਗ੍ਹਾ ਇਸ ਕੰਮ ਵਾਸਤੇ ਐਕੁਆਇਰ ਕਰਕੇ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਜਿਥੋਂ ਤੱਕ ਰੈਸਲਿਗ ਸਟੇਡੀਅਮ ਦਾ ਤੁਅੱਲਕ ਹੈ, ਉਹ ਕਾਰਪੋਰਸ਼ਨ ਦੀ ਫ਼ਾਈਨਾਂਸ਼ਲ ਕੋਲੈਬੋਰੇਸ਼ਨ ਨਾਲ ਟੇਕ ਅੱਪ ਕੀਤਾ ਹੈ ਅਤੇ ਕਾਫ਼ੀ ਪ੍ਰੋਗਰੈਸ ਹੋ ਚੁੱਕੀ ਹੈ । ਉਸ ਨੂੰ ਮੁਕੰਮਲ ਕਰਨ ਲਈ ਫ਼ੰਡਜ਼ ਦੀ ਕਮੀ ਰਸਤੇ ਵਿਚ ਰੁਕਾਵਟ ਨਹੀਂ ਬਣੇਗੀ ।

ਜਿਥੋਂ ਤੱਕ ਦੂਜੇ ਸੁਆਲ ਦਾ ਤੁਅੱਲਕ ਹੈ ਪਲੇਅ ਗਰਾਊਂਡਜ਼ ਦਾ ਮਾਮਲਾ ਅਸੀਂ ਸਾਰੀਆਂ ਕਾਰਪੋਰੇਸ਼ਨਜ਼ ਨਾਲ ਆਲਰੈਡੀ ਟੇਕ ਅੱਪ ਕਰ ਰਹੇ ਹਾਂ ਅਤੇ ਜਿੰਨੇ ਵੀ ਟਾਊਨਜ਼ ਹਨ ਉਨ੍ਹਾਂ ਦੇ ਵਿਚ ਜਿਹੜੇ ਇੰਪਰੂਵਮੈਂਟ ਟਰੱਸਟਸ ਹਨ ਉਹ ਅਗਰ ਸਾਨੂੰ ਪਲੇਅ ਗਰਾਊਂਡਜ਼ ਵਾਸਤੇ ਜ਼ਮੀਨਾਂ ਦੇ ਦੇਣ, ਅਸੀਂ ਉਨ੍ਹਾਂ ਨਾਲ ਲਿਖਾ ਪੜ੍ਹੀ ਕਰ ਰਹੇ ਹਾਂ ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਜਿੰਨੇ ਸਟੇਡੀਅਮ ਬਣਾਏ ਹਨ, ਖਾਸ ਤੌਰ ਤੇ ਰੋਪੜ, ਉਥੇ ਜਿਹੜੇ ਗਰਾਊਂਡਜ਼ ਹਨ, ਉਨ੍ਹਾਂ ਦੀ ਹਾਲਤ ਬੜੀ ਖਸਤਾ ਹੈ । ਉਨ੍ਹਾਂ ਦੀ ਮੇਂਨਟੀਨੈਂਸ ਵਾਸਤੇ ਸਰਕਾਰ ਕੋਲ ਕੋਈ ਪ੍ਰੋਵੀਜ਼ਨ ਨਜ਼ਰ ਨਹੀਂ ਆਉਂਦਾ । ਕੀ ਉਨ੍ਹਾਂ ਦੀ ਮੇਂਨਟੀਨੈਂਸ ਵਾਸਤੇ ਫ਼ੰਡਜ਼ ਕਰੀਏਟ ਕਰਨ ਲਈ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਸਟੇਡੀਅਮ ਬਣਾ ਦਿੱਤਾ ਹੈ, ਅਗਰ ਉਥੇ ਦੀ ਕਮੇਟੀ ਉਸ ਨੂੰ ਮੇਨਟੇਨ ਨਹੀਂ ਕਰ ਸਕਦੀ ਤਾਂ ਇਹ ਅਨਰੀਜ਼ਨੇਬਲ ਗੱਲ ਹੈ । ਮੈਂ ਕਮੇਟੀ ਨਾਲ ਡੀ. ਸੀ. ਦੇ ਰਾਹੀਂ ਪ੍ਰਾਪਰ ਮੇਨਟੀਨੈਂਸ ਵਾਸਤੇ ਗੱਲ ਕਰ ਲਵਾਂਗਾ ।

## STARRED QUESTION NO. 1653

**Mr. Speaker** : Extension has been asked for in respect of Starred Question No. 1653*

ਜੋਗਿੰਦਰ ਪਾਲ ਪਾਂਡੇ

ਅ: ਸ: ਪੱਤਰ ਨੰ:
ਪੀ. ਆਰ. (ਸੀ.ਪੀ.ਏ.)-82/6751
ਮਿਤੀ 16 ਸਤੰਬਰ, 1982
ਸਿਹਤ ਤੇ ਪਰੀਵਾਰ ਭਲਾਈ ਮੰਤਰੀ, ਪੰਜਾਬ ।

ਪਿਆਰੇ ਮਹਿਰਾ ਜੀ,

ਮਿਤੀ 17 ਸਤੰਬਰ, 1982 ਲਈ ਲੰਬਿਤ ਪ੍ਰਸ਼ਨਾਂ ਦੀ ਸੂਚੀ ਵਿਚ ਪੰਜਾਬ ਵਿਧਾਨ ਸਭਾ ਦੇ ਚਿੰਨ ਅੰਕਿਤ ਪ੍ਰਸ਼ਨ ਨੰਬਰ 1653, ਜੋ ਸਰਦਾਰ ਦਲੀਪ ਸਿੰਘ ਪਾਂਧੀ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਹਾਲੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕ੍ਰਿਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਵਾਸਤੇ ਸਮਾਂ ਵਧਾ ਦਿੱਤਾ ਜਾਵੇ ।

ਦਿਲੋਂ ਆਪ ਦਾ,
ਸਹੀ/-
(ਜੋਗਿੰਦਰ ਪਾਲ ਪਾਂਡੇ)

ਸ੍ਰੀ ਬ੍ਰਿਜ ਭੂਸ਼ਨ ਮਹਿਰਾ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

---

*Treated as Unstarred Question as the hon. Member was in Jail.

Original with;
Punjab Vidhan Sabha
Digitized by;
Panjab Digital Library

BAD CONDITION OF BUS STANDS IN THE STATE

*1654. *Sardar Dalip Singh Pandhi : Will the Minister of State for Transport be pleased to state—

(a) whether it is a fact that bus stands in the State are in a dilapidated condition and there is lack of civic amenities for the travelling public;

(b) if the reply to part (a) above be in the affirmative the details of the steps taken or proposed to be taken by the Government to improve the conditions of bus stands ?

ਸਰਦਾਰ ਅਵਤਾਰ ਸਿੰਘ ਗਟਵਾਲੀ : (ੳ) ਨਹੀਂ ਜੀ ।

(ਅ) (ੳ) ਨੂੰ ਮੁੱਖ ਰੱਖਦੇ ਹੋਏ (ਅ) ਬਾਰੇ ਸਵਾਲ ਹੀ ਪੈਦਾ ਨਹੀਂ ਹੁੰਦਾ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਉਨ੍ਹਾਂ ਦੀ ਅਥਾਰਟੀ ਮੇਰੇ ਕੋਲ ਹੈ ਤੁਹਾਡੇ ਕੋਲ ਵੀ ਆਈ ਹੋਣੀ ਹੈ ।

ਸ੍ਰੀ ਸਪੀਕਰ : ਉਹ ਜੇਲ੍ਹ ਵਿਚ ਹਨ । ਇਹ ਮਾਮਲਾ ਪਰੀਜ਼ਾਈਡਿੰਗ ਅਫ਼ਸਰ ਦੀ ਕਾਨਫਰੈਂਸ ਵਿਚ ਰੇਜ਼ ਹੋਇਆ ਸੀ, ਇਹ ਫੈਸਲਾ ਹੋਇਆ ਸੀ ਕਿ ਜਿਹੜਾ ਮੈਂਬਰ ਜੇਲ੍ਹ ਵਿਚ ਹੋਵੇ ਉਸ ਦੀ ਅਥਾਰਿਟੀ ਕੋਈ ਮਾਇਨੇ ਨਹੀਂ ਰੱਖਦੀ ।

ਮਾਸਟਰ ਚੰਦ ਸਿੰਘ : ਰੂਲਜ਼ ਵਿਚ ਤਾਂ ਐਸੀ ਕੋਈ ਚੀਜ਼ ਨਹੀਂ ।

ਸ੍ਰੀ ਸਪੀਕਰ : ਚੋਪੜਾ ਜੀ, ਪਹਿਲੇ ਦਿਨ ਮੈਂ ਇਸ ਬਾਰੇ ਰੂਲਿਗ ਦਿੱਤੀ ਸੀ ਉਹ ਮੈਂ ਫਿਰ ਪੜ੍ਹ ਕੇ ਸੁਣਾ ਦਿੰਦਾ ਹਾਂ ।

"In accordance with an established convention, notice of Starred Questions received from hon. Members who are in Jails have been entertained and dealt with. These questions will, however, be treated as unstarred and reply thereto, as and when received from the Government will be sent to the Members concerned."

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਰੂਲਿੰਗ ਰੀਕਨਸਿਡਰ ਕਰ ਲਵੋ ।

ਸ੍ਰੀ ਸਪੀਕਰ: ਚੋਪੜਾ ਜੀ, ਤੁਸੀਂ ਤਸ਼ਰੀਫ ਰਖੋ, ਮੈਂ ਰੂਲਿੰਗ ਦੇ ਦਿੱਤੀ ਹੈ ।

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਇਸ ਦੇ ਬਾਵਜੂਦ ਤੁਹਾਡੇ ਕੋਲ ਪੂਰੇ ਅਖ਼ਤਿਆਰ ਹਨ । ਇਹ ਪਬਲਿਕ ਇੰਪਾਰਟੈਂਸ ਦਾ ਸੁਆਲ ਹੈ । ਸਾਰੀਆਂ ਚੀਜ਼ਾਂ ਇਗਨੋਰ ਕਰਕੇ ਲਿਆ ਜਾ ਸਕਦਾ ਹੈ । ਅਗਰ ਤੁਸੀਂ ਜੇਲ੍ਹਾਂ ਵਿਚ ਬੰਦ ਕਰਨਾ ਹੈ ਔਰ ਉਨ੍ਹਾਂ ਦੀ ਗੱਲ ਵੀ ਨਹੀਂ ਸੁਣਨੀ, ਤਾਂ ਫਿਰ ਡੈਮੋਕਰੇਸੀ ਦਾ ਗਲਾ ਘੁਟਣ ਵਾਲੀ ਗੱਲ ਹੈ, ਸਕੱਟਲ ਕਰਨ ਵਾਲੀ ਗੱਲ ਹੈ ।

*Treated as Unstarred Question as the hon. Member was in Jail.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਆਵਾਜਾਈ (ਸਰਦਾਰ ਅਵਤਾਰ ਸਿੰਘ ਗਟਵਾਲੀ):** ਉਹ ਜੇਲ੍ਹਾਂ ਵਿਚ ਆਪਣੇ ਆਪ ਗਏ ਹਨ, ਕਿਸੇ ਨੇ ਨਹੀਂ ਭੇਜਿਆ ।

---

## LINKING OF DISTRICT HEADQUARTERS WITH CHANDIGARH BY DELUX BUSES

*1637. **Sardar Gurnaib Singh Brar:** Will the Minister of State for Transport be pleased to state whether there is any proposal under the consideration of the Government to link all the district Headquarters in the State with the Chandigarh by delux buses; if so, the time by which it is likely to materialize ?

**Sardar Avtar Singh Gatwali:** No, Sir.

**ਸਰਦਾਰ ਗੁਰਨੈਬ ਸਿੰਘ ਬਰਾੜ:** ਇਸ ਗੱਲ ਦਾ ਤਾਂ ਪਤਾ ਹੀ ਸੀ ਕਿ ਜਵਾਬ "ਨਹੀਂ ਜੀ" ਆਏਗਾ । ਸਪੀਕਰ ਸਾਹਿਬ, ਫਿਰੋਜ਼ਪੁਰ ਨੂੰ ਪਹਿਲਾਂ ਇਕ ਡੀਲਕਸ ਬੱਸ ਚਲਦੀ ਸੀ, ਪਿਛੇ ਜਿਹੇ ਬੰਦ ਹੋ ਗਈ, ਕੀ ਉਸ ਨੂੰ ਦੁਬਾਰਾ ਚਾਲੂ ਕਰ ਦੇਣਗੇ ?

**ਰਾਜ ਮੰਤਰੀ:** ਸਪੀਕਰ ਸਾਹਿਬ, ਮਾਨਯੋਗ ਮੈਂਬਰ ਦਾ ਸੁਆਲ ਇਹ ਸੀ ਕਿ ਕੀ ਸਾਰੇ ਡਿਸਟ੍ਰਿਕਟ ਹੈਡਕੁਆਟਰਜ਼ ਨੂੰ ਚੰਡੀਗੜ੍ਹ ਨਾਲ ਡੀਲਕਸ ਬੱਸਾਂ ਨਾਲ ਲਿੰਕ ਕੀਤਾ ਜਾਏਗਾ ? ਮੈਂ ਕਿਹਾ ਹੈ ਕਿ ਨਹੀਂ । ਹੁਣ ਚੂੰਕਿ ਫਿਰੋਜ਼ਪੁਰ ਦਾ ਪਰਟੀਕੁਲਰ ਸੁਆਲ ਕੀਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਔਰ ਬਠਿੰਡਾ ਨੂੰ ਡੀਲਕਸ ਬਸ ਨਾਲ ਚੰਡੀਗੜ੍ਹ ਨਾਲ ਲਿੰਕ ਕਰ ਰਹੇ ਹਾਂ ।

**ਸ਼੍ਰੀ ਸੰਤ ਰਾਮ ਸਿੰਗਲਾ:** ਸਪੀਕਰ ਸਾਹਿਬ, ਡੀਲੈਕਸ ਬਸ ਦੀ ਗੱਲ ਛੱਡੋ । ਸਿਵਾਏ ਸਾਡੇ ਸਮਾਣਾ ਸਬ-ਡਵੀਜ਼ਨ ਦੇ ਕੋਈ ਐਸਾ ਸਬ-ਡਵੀਜ਼ਨ ਨਹੀਂ ਜਿਹੜਾ ਚੰਡੀਗੜ੍ਹ ਨਾਲ ਲਿੰਕ ਨਾ ਹੋਵੇ । ਸਮਾਣਾ ਤੋਂ ਚੰਡੀਗੜ੍ਹ ਵਾਸਤੇ ਕੋਈ ਆਰਡੀਨਰੀ ਬਸ ਵੀ ਨਹੀਂ ਚਲਦੀ । ਕੀ ਵਜ਼ੀਰ ਸਾਹਿਬ ਇਸ ਰੂਟ ਤੇ ਆਰਡੀਨਰੀ ਬਸ ਵੀ ਚਲਾਉਣਗੇ ?

**ਰਾਜ ਮੰਤਰੀ:** ਸਪੀਕਰ ਸਾਹਿਬ, ਮੇਰਾ ਖ਼ਿਆਲ ਹੈ ਕਿ ਮੈਂਬਰ ਸਾਹਿਬ ਨੇ ਅਗਰ ਪਹਿਲੋਂ ਮਿਲ ਕੇ ਇਸ ਬਾਰੇ ਕਹਿ ਦਿੱਤਾ ਹੁੰਦਾ ਤਾਂ ਬਸ ਪਹਿਲਾਂ ਚਲਾ ਦਿੰਦੇ । ਪਰ ਇਨ੍ਹਾਂ ਨੇ ਤਾਂ ਇਥੇ ਹਾਊਸ ਵਿਚ ਹੀ ਦੱਸਿਆ ਹੈ ।

**ਚੌਧਰੀ ਸੱਜਨ ਕੁਮਾਰ ਜਾਖੜ:** ਸਪੀਕਰ ਸਾਹਿਬ, ਅਬੋਹਰ ਸਬ-ਡਵੀਜ਼ਨ ਤੋਂ ਚੰਡੀਗੜ੍ਹ ਤਕ ਪਹਿਲਾਂ ਡੀਲਕਸ ਬਸ ਚਲਦੀ ਸੀ, ਕੀ ਉਹ ਹੁਣ ਦੁਬਾਰਾ ਚਲਾਉਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਅਸੀਂ ਦੋ ਬਸਾਂ ਟਰਾਇਲ ਬੇਸਿਜ਼ ਤੇ ਚਲਾ ਰਹੇ ਹਾਂ । ਅਗਰ ਡਿਮਾਂਡ ਵੱਧੇਗੀ ਔਰ ਅਗਰ ਸ਼ਹਿਰ ਵਾਲੇ ਲਿਖ ਕੇ ਭੇਜਣਗੇ ਤਾਂ ਜ਼ਰੂਰ ਵਿਚਾਰ ਕੀਤਾ ਜਾਏਗਾ ।

**ਸ਼੍ਰੀ ਰਾਮ ਲਾਲ ਚਿੱਟੀ:** ਸਪੀਕਰ ਸਾਹਿਬ, ਪੁਰਾਣੀ ਸਰਕਾਰ ਨੇ ਬੜੀ ਟੁੱਟੀਆਂ ਬਸਾਂ ਕਾਰਪੋਰੇਸ਼ਨ ਨੂੰ ਦੇ ਦਿੱਤੀਆਂ ਸਨ ਅਤੇ ਨਾਲ ਹੀ ਸਟਾਫ ਭੇਜਿਆ ਸੀ । ਹੁਣ ਰੋਡਵੇਜ਼ ਵਾਲੇ

Original with;
Punjab Vidhan Sabha
Digitized by;
Panjab Digital Library

ਹੋਰ ਸਟਾਫ ਰੱਖਣ ਲੱਗ ਹਨ । ਕੀ ਇਹ ਆਪਣਾ ਸਟਾਫ ਵਾਪਸ ਲੈ ਲੈਣਗੇ ਤਾਂ ਕਿ ਕਾਰਪੋਰੇਸ਼ਨਾਂ ਆਪਣਾ ਸਟਾਫ ਆਪ ਰਖ ਸਕਣ ?

**ਰਾਜ ਮੰਤਰੀ**: ਇਹ ਠੀਕ ਹੈ ਕਿ ਬੱਸਾਂ ਦੀ ਬਹੁਤ ਚੰਗੀ ਹਾਲਤ ਨਹੀਂ ਸੀ ਪਰ ਸਾਡੇ ਵਾਸਤੇ ਸਾਰੇ ਸ਼ਹਿਰੀ ਔਰ ਕਰਮਚਾਰੀ ਬਰਾਬਰ ਹਨ ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਨਿਸਟਰ ਸਾਹਿਬ ਪਾਸੋਂ ਇਹ ਪੁੱਛਦਾ ਹਾਂ ਕਿ ਕੁਝ ਸਮਾਂ ਪਹਿਲਾਂ ਜਦੋਂ ਹਰਿਆਣਾ ਅਤੇ ਹਿਮਾਚਲ ਵਿਚ ਜੰਤਾ ਪਾਰਟੀ ਦੀ ਸਰਕਾਰ ਸੀ ਅਤੇ ਇਥੇ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਸੀ ਤਾਂ ਤਿੰਨਾਂ ਸਟੇਟਾਂ ਦੀ ਆਪਸ ਵਿਚ ਕੁਆਪਰੇਸ਼ਨ ਸੀ, ਜਿਸ ਕਾਰਨ ਆਨਰੇਬਲ ਮੈਂਬਰਜ਼ ਇਕ ਦੂਜੀ ਸਟੇਟ ਦੀਆਂ ਬੱਸਾਂ ਵਿਚ ਫ਼ਰੀ ਸਫਰ ਕਰ ਸਕਦੇ ਸਨ । ਹੁਣ ਤਿੰਨਾਂ ਸੂਬਿਆਂ ਵਿਚ ਕਾਂਗਰਸ ਪਾਰਟੀ ਦੀ ਗੌਰਮਿੰਟ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਹੁਣ ਉਹ ਅਰੇਂਜਮੈਂਟ ਕਿਉਂ ਟੁੱਟ ਗਿਆ ਹੈ । ਦੂਸਰਾ, ਚੰਡੀਗੜ੍ਹ ਤੋਂ ਦਿੱਲੀ ਲਈ ਕੋਈ ਡੀਲਕਸ ਬੱਸ ਦਾ ਰੂਟ ਪੰਜਾਬ ਸਰਕਾਰ ਨੇ ਨਹੀਂ ਚਲਾਇਆ । ਖਾਸ ਕਰਕੇ ਕਾਂਗਰਸੀ ਵੀਰਾਂ ਨੂੰ ਤਾਂ ਇਸ ਦੀ ਜ਼ਿਆਦਾ ਲੋੜ ਹੈ ਕਿਉਂਕਿ ਹਰ ਇੰਸਟਰੱਕਸ਼ਨ ਲੈਣ ਲਈ ਦਿੱਲੀ ਜਾਣਾ ਪੈਂਦਾ ਹੈ । ਹਰਿਆਣਾ ਗੌਰਮਿੰਟ ਦੀ ਘੰਟੇ ਘੰਟੇ ਬਾਅਦ ਡੀਲਕਸ ਬੱਸ ਚਲਦੀ ਹੈ । ਇਨ੍ਹਾਂ ਨੇ ਇਥੇ ਏਅਰ-ਕੰਡੀਸ਼ਨ ਬੱਸ ਚਲਾਉਣ ਦਾ ਕਿਹਾ ਹੈ । ਇਹ ਗੱਲ ਵਾਜ਼ਿਆ ਤੌਰ ਤੇ ਦੱਸ ਦੇਣ ਕਿ ਕਿਹੜੀ ਤਾਰੀਖ ਤੋਂ ਇਹ ਚਾਲੂ ਹੋ ਜਾਵੇਗੀ । ਮੈਨੂੰ ਇਹ ਵੀ ਪਤਾ ਹੈ ਕਿ ਹਰਿਆਣੇ ਦੇ ਕੋਲ ਇਕ ਏਅਰ ਕੰਡੀਸ਼ਨ ਬਸ ਸੀ, ਜੋ ਕਿ ਉਨ੍ਹਾਂ ਨੇ ਚਾਰ ਲੱਖ ਰੁਪਏ ਦੀ ਲਈ ਸੀ। ਉਹੀ ਬਸ ਹੁਣ 6 ਲੱਖ ਰੁਪਏ ਵਿਚ ਇਨ੍ਹਾਂ ਦੇ ਗਲ ਮੜ੍ਹੀ ਗਈ ਹੈ । ਇਸ ਪਿਛੇ ਕਹਾਣੀ ਕੀ ਹੈ, ਇਸ ਦਾ ਅਜੇ ਪਤਾ ਨਹੀਂ ਲੱਗਾ । ਇਸ ਤਰ੍ਹਾਂ ਉਹ ਤਾਂ 2 ਲੱਖ ਰੁਪਿਆ ਖੱਟ ਗਏ ਹਨ। ਇਹ ਦੱਸ ਦੇਣ ਕਿ ਕਿਹੜੀ ਤਾਰੀਖ ਤੋਂ ਇਹ ਬੱਸ ਸਰਵਿਸ ਚਾਲੂ ਹੋ ਜਾਵੇਗੀ ਔਰ ਕੀ ਇਸ ਸੌਦੇ ਦੀ ਇਨਕੁਆਇਰੀ ਕਰਾਉਣਗੇ ?

9-30 ਪੂਰਵ ਦੁਪਹਿਰ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਰਾਜ ਮੰਤਰੀ**: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਤਾਂ ਇਹ ਇਸ਼ੂ ਉਠਾਇਆ ਹੈ ਕਿ ਦਿੱਲੀ ਤੋਂ ਚੰਡੀਗੜ੍ਹ ਡੀਲਕਸ ਬਸ ਸਰਵਿਸ ਚਾਲੂ ਕੀਤੀ ਜਾਵੇ । ਦਰਅਸਲ ਮਾਨਯੋਗ ਮੈਂਬਰ ਸ਼ਾਇਦ ਭੁੱਲ ਗਏ ਹਨ ਕਿ ਇਹ ਇਲਾਕਾ ਇਨ੍ਹਾਂ ਨੇ ਹਰਿਆਣੇ ਨੂੰ ਆਪ ਦੇ ਦਿੱਤਾ ਜਿਸ ਕਾਰਨ ਹੁਣ ਸਾਨੂੰ ਉਥੇ ਪੁੱਛ ਕੇ ਬਸ ਚਲਾਉਣੀ ਪੈਂਦੀ ਹੈ । ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ ਅਤੇ ਹੁਣ ਵੀ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਦੋ ਏਅਰ ਕੰਡੀਸ਼ਨਡ ਬੱਸਾਂ ਦਿੱਲੀ ਲਈ ਚਾਲੂ ਕਰ ਰਹੇ ਹਾਂ । ਸਾਡੀਆਂ ਇਹ ਬੱਸਾਂ ਤਿਆਰ ਹੋ ਗਈਆਂ ਹਨ। ਹਰਿਆਣੇ ਨਾਲ ਐਗਰੀਮੈਂਟ ਹੋ ਗਿਆ ਹੈ। ਟਾਈਮ ਟੇਬਲ ਹਰਿਆਣੇ ਨੇ ਐਡਜਸਟ ਕਰਨਾ ਹੈ । ਜਿਸ ਦਿਨ ਐਡਜਸਟ ਹੋ ਕੇ ਆ ਜਾਵੇਗਾ ਇਹ ਦੋ ਬੱਸਾਂ ਚਾਲੂ ਕਰ ਦਿਆਂਗੇ । ਦੂਜਾ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਲੰਧਰ ਤੋਂ ਦਿੱਲੀ ਲਈ ਇਕ ਡੀਲਕਸ ਬੱਸ ਚਲਦੀ ਹੈ ਜਿਹੜੀ ਕਿ ਡਾਕਟਰ ਸਾਹਿਬ ਦੇ ਪਿੰਡੋਂ ਸ਼ਾਇਦ ਆਉਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਇਨ੍ਹਾਂ ਨੂੰ ਤਾਂ ਇਸ ਦੀ ਸਹੂਲਤ ਹੈ। ਬਾਕੀ ਇਨ੍ਹਾਂ ਨੂੰ ਇਹ ਫਿਕਰ ਹੈ ਕਿ ਕਾਂਗਰਸੀਆਂ ਨੂੰ ਦਿੱਲੀ ਜਾਣਾ ਪੈਂਦਾ ਹੈ, ਇਸ ਫ਼ਿਕਰ ਲਈ ਇਨ੍ਹਾਂ ਦੀ ਮਿਹਰਬਾਨੀ ਹੈ। ਇਹ ਸਾਡੇ ਨਾਲ ਇਤਨੀ ਹਮਦਰਦੀ ਨਾ ਕਰਨ। ਅਸੀਂ ਇਸ ਦਾ ਪ੍ਰਬੰਧ ਆਪ ਕਰ ਲਵਾਂਗੇ। ਤੀਸਰਾ, ਇਨ੍ਹਾਂ ਨੇ ਕਿਹਾ ਹੈ ਕਿ ਤਿੰਨਾਂ ਸਟੇਟਾਂ ਦਾ ਆਪਸ ਵਿਚ ਕੋਈ ਐਗਰੀਮੈਂਟ ਸੀ। ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਐਗਰੀਮੈਂਟ ਕੋਈ ਨਹੀਂ ਸੀ। ਜਾਣ ਪਛਾਣ ਲਈ ਅਗੇ ਵੀ ਮੈਂਬਰ ਸਫਰ ਕਰਦੇ ਸਨ ਅਤੇ ਹੁਣ ਵੀ ਕਰਦੇ ਹਨ। ਅਸੀਂ ਉਨ੍ਹਾਂ ਨੂੰ ਚਿੱਠੀ ਲਿਖੀ ਹੈ ਪਰ ਅਜੇ ਕੋਈ ਐਗਰੀਮੈਂਟ ਇਸ ਸਬੰਧੀ ਨਹੀਂ ਹੋ ਸਕਿਆ।

**ਮਾਸਟਰ ਚੰਦ ਸਿੰਘ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਪੀ.ਆਰ.ਟੀ.ਸੀ. ਦੀ ਡੀਲਕਸ ਬੱਸ ਬਠਿੰਡਾ ਤੋਂ ਚੰਡੀਗੜ੍ਹ ਚਲਦੀ ਹੁੰਦੀ ਸੀ। ਉਹ ਪਟਿਆਲਾ ਵਾਇਆ ਬਰਨਾਲਾ ਜਾਂਦੀ ਸੀ। ਉਹ ਬੰਦ ਹੋ ਗਈ ਹੈ। ਕੀ ਉਸ ਨੂੰ ਮੁੜ ਕੇ ਚਾਲੂ ਕਰਨਗੇ?

**ਰਾਜ ਮੰਤਰੀ:** ਮੈਂ ਇਸ ਦੇ ਬਾਰੇ ਪਹਿਲਾਂ ਵੀ ਕਿਹਾ ਹੈ ਕਿ ਅਸੀਂ ਇਹ ਬੱਸ ਸਰਵਿਸ ਚਾਲੂ ਕਰ ਰਹੇ ਹਾਂ। ਸ਼ਾਇਦ ਇਨ੍ਹਾਂ ਦਾ ਧਿਆਨ ਕਿਧਰੇ ਹੋਰ ਸੀ।

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਡਿਪਟੀ ਸਪੀਕਰ ਸਾਹਿਬ, ਇਥੇ ਮਾਮਲਾ ਬੱਸਾਂ ਦਾ ਆਇਆ ਹੈ। ਕੁਝ ਬੱਸਾਂ ਇਨ੍ਹਾਂ ਨੇ ਕਾਰਪੋਰੇਸ਼ਨਾਂ ਨੂੰ ਦਿੱਤੀਆਂ ਸਨ। ਇਨ੍ਹਾਂ ਨੇ ਇਕ ਵਾਅਦਾ ਕੀਤਾ ਸੀ, ਕਾਰਪੋਰੇਸ਼ਨ ਐਕਟ ਵਿਚ ਵੀ ਇਸ ਦਾ ਜ਼ਿਕਰ ਹੈ ਕਿ ਜਿਹੜੀਆਂ ਲੋਕਲ ਬੱਸਾਂ ਕਾਰਪੋਰੇਸ਼ਨਾਂ ਵਿਚ ਚਲਣਗੀਆਂ, ਉਸ ਦਾ ਪੈਸੰਜਰ ਟੈਕਸ ਅਤੇ ਰੋਡ ਟੈਕਸ ਜੋ ਹੋਵੇਗਾ, ਉਹ ਕਾਰਪੋਰੇਸ਼ਨ ਨੂੰ ਮਿਲੇਗਾ। ਤੁਹਾਨੂੰ ਪਤਾ ਹੀ ਹੈ ਕਿ ਉਨ੍ਹਾਂ ਨੂੰ ਬੜਾ ਘਾਟਾ ਪੈ ਰਿਹਾ ਹੈ। ਕੀ ਸਰਕਾਰ ਇਹ ਫੈਸਲਾ ਕਰੇਗੀ ਕਿ ਉਹ ਪੈਸੰਜਰ ਟੈਕਸ ਅਤੇ ਰੋਡ ਟੈਕਸ ਕਾਰਪੋਰੇਸ਼ਨਾਂ ਨੂੰ ਦਿੱਤਾ ਜਾਵੇਗਾ? ਜਿਹੜੀਆਂ ਏਅਰ-ਕੰਡੀਸ਼ਨਡ ਬੱਸਾਂ ਇਹ ਚਲਾਉਣ ਲੱਗੇ ਹਨ, ਕੀ ਉਨ੍ਹਾਂ ਵਿਚ ਮੈਂਬਰਜ਼ ਅਲਾਊਡ ਹੋਣਗੇ?

**ਰਾਜ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰਜ਼ ਨੂੰ ਫਰੀ ਬੱਸ ਟਰੈਵਲ ਦੇ ਪਾਸ ਅੱਗੇ ਹੀ ਮਿਲੇ ਹੋਏ ਹਨ। ਸਾਰੇ ਆਨਰੇਬਲ ਮੈਂਬਰਜ਼ ਸਾਰੀਆਂ ਹੀ ਕਲਾਸਾਂ ਦੀਆਂ ਬੱਸਾਂ ਵਿਚ ਸਫ਼ਰ ਕਰ ਸਕਦੇ ਹਨ। ਬਾਕੀ ਪੈਸੰਜਰ ਟੈਕਸ ਅਤੇ ਰੋਡ ਟੈਕਸ ਦੀ ਇਨ੍ਹਾਂ ਨੇ ਗੱਲ ਕੀਤੀ ਹੈ। ਇਹ ਸੈਪਰੇਟ ਕੁਐਸਚਨ ਹੈ। ਇਹ ਨੋਟਿਸ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ।

**ਸ੍ਰੀ ਗੁਰਦਿਆਲ ਸੈਣੀ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚਿੱਟੀ ਸਾਹਿਬ ਨੇ ਜਿਹੜਾ ਸਵਾਲ ਕੀਤਾ ਸੀ, ਉਹ ਬੜਾ ਮਾਕੂਲ ਸੀ ਕਿ ਜਿਹੜੇ ਬੰਦੇ ਕਾਰਪੋਰੇਸ਼ਨਾਂ ਨੂੰ ਟੁੱਟੀਆਂ ਬੱਸਾਂ ਦੇ ਨਾਲ ਭੇਜੇ ਹਨ ਕੀ ਸਰਕਾਰ ਉਨ੍ਹਾਂ ਨੂੰ ਵਾਪਸ ਲਵੇਗੀ ਕਿਉਂਕਿ ਬਾਈਲਾਜ਼ ਦੇ ਮੁਤਾਬਿਕ ਕਾਰਪੋਰੇਸ਼ਨ ਦੇ ਇੰਪ-ਲਾਈਜ਼ ਮਿਊਂਸਪਲ ਕਮੇਟੀ ਵਿਚ ਨਹੀਂ ਜਾ ਸਕਦੇ ਅਤੇ ਨਾ ਹੀ ਮਿਊਂਸਪਲ ਕਮੇਟੀ ਦੇ ਇਪਲਾਈਜ਼ ਕਿਸੇ ਕਾਰਪੋਰੇਸ਼ਨ ਵਿਚ ਜਾ ਸਕਦੇ ਹਨ? ਸਵਾਲ ਮਾਕੂਲ ਸੀ ਪਰ ਜਵਾਬ ਨਹੀਂ ਆਇਆ। ਕੀ ਜਿਹੜੇ ਸਰਕਾਰ ਦੇ ਇਪਲਾਈਜ਼ ਉਧੇ ਭੇਜੇ ਗਏ ਹਨ, ਉਨ੍ਹਾਂ ਨੂੰ ਇਹ

Original with;
Punjab Vidhan Sabha
Digitized by;
Panjab Digital Library

ਵਾਪਸ ਲਣਗੇ ਤਾਂਕਿ ਕਾਰਪਰੇਸ਼ਨ ਆਪਣੇ ਆਪ ਬੰਦੇ ਰਖ ਲਵੇ ? ਇਸ ਵਿਚ ਇਨ੍ਹਾਂ ਨੂੰ ਕੀ ਇਤਰਾਜ਼ ਹੈ ?

ਰਾਜ ਮੰਤਰੀ: ਡਿਪਟੀ ਸਪੀਕਰ ਸਾਹਿਬ, ਸਵਾਲ ਡਿਸਟ੍ਰਿਕਟ ਹੈਡਕੁਆਟਰਜ਼ ਤੋਂ ਚੰਡੀਗੜ੍ਹ ਨੂੰ ਡੀਲਕਸ ਬੱਸਾਂ ਨਾਲ ਲਿੰਕ ਕਰਨ ਦਾ ਸੀ। ਇਹ ਜਿਹੜਾ ਸਵਾਲ ਕੀਤਾ ਗਿਆ ਹੈ ਕਿ ਪੰਜਾਬ ਰੋਡਵੇਜ਼ ਦੇ ਇੰਪਲਾਈਜ਼ ਕਾਰਪੋਰੇਸ਼ਨਾਂ ਨੂੰ ਦਿੱਤੇ ਗਏ ਹਨ, ਇਸ ਨਾਲ ਇਸ ਸਵਾਲ ਦਾ ਕੋਈ ਸਬੰਧ ਨਹੀਂ ਹੈ। ਕਾਰਪੋਰੇਸ਼ਨ ਨੇ ਕੁਝ ਇੰਪਲਾਈਜ਼ ਐਬਜ਼ਾਰਬ ਕੀਤੇ। ਉਨ੍ਹਾਂ ਦੀਆਂ ਸੇਵਾਵਾਂ ਲਈਆਂ। ਜੇ ਕੋਈ ਵਾਪਸ ਆਉਣਾ ਚਾਹੁੰਦਾ ਹੈ ਤਾਂ ਇਹ ਨੋਟਿਸ ਦੇ ਦੇਣ। ਅਸੀਂ ਉਸ ਦਾ ਕੇਸ ਕੰਸਿਡਰ ਕਰਕੇ ਫੈਸਲਾ ਕਰ ਲਵਾਂਗੇ।

ਮਾਸਟਰ ਬਾਬੂ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ....

(ਇਸ ਸਮੇਂ ਦੋ ਆਨਰੇਬਲ ਮੈਂਬਰ ਸੀ.ਪੀ.ਆਈ. ਦੇ ਕਾਲੇ ਕੱਪੜੇ ਪਾ ਕੇ ਟਰੈਜ਼ਰੀ ਬੈਂਚਾਂ ਵਲੋਂ ਹੁੰਦੇ ਹੋਏ ਸਦਨ ਵਿਚ ਦਾਖ਼ਲ ਹੋਏ।)

ਟਰੈਜ਼ਰੀ ਬੈਂਚਾਂ ਵਲੋਂ ਆਵਾਜ਼ਾਂ: ਭੂਤ ਆ ਗਏ, ਭੂਤ ਆ ਗਏ।

ਮਾਸਟਰ ਬਾਬੂ ਸਿੰਘ: ਡਿਪਟੀ ਸਪੀਕਰ ਸਾਹਿਬ, ਬਠਿੰਡੇ ਤੋਂ ਦੋ ਬੱਸਾਂ ਚਲਦੀਆਂ ਸਨ ਚੰਡੀਗੜ੍ਹ ਨੂੰ ਵਾਇਆ ਬਰਨਾਲਾ ਅਤੇ ਸੰਗਰੂਰ। ਇਕ ਬੱਸ ਪੌਣੇ ਪੰਜ ਵਜੇ ਚਲਦੀ ਹੈ। ਬਠਿੰਡੇ ਤੋਂ ਲੈ ਕੇ ਪਟਿਆਲੇ ਤਕ ਬੱਚਿਆਂ ਅਤੇ ਲੇਡੀਜ਼ ਨੂੰ ਖੜ੍ਹੇ ਹੋ ਕੇ ਆਉਣਾ ਪੈਂਦਾ ਹੈ। ਪਹਿਲਾਂ ਇਕ ਡੀਲਕਸ ਬੱਸ ਚਲਦੀ ਸੀ। ਇਕ ਦੂਸਰੀ ਐਕਸਪ੍ਰੈਸ ਚਲਦੀ ਸੀ। ਕੀ ਹੁਣ ਦੋ ਬੱਸਾਂ ਚਲਾਉਣਗੇ ਜਿਸ ਦੇ ਨਾਲ ਸਵਾਰੀਆਂ ਨੂੰ ਸੌਖ ਹੋਵੇ ? ਇਹ ਰੂਟ ਇਕਨਾਮੀਕਲ ਵੀ ਹੈ। ਦੂਸਰਾ, ਰਾਮਪੁਰਾ ਫੂਲ ਤੋਂ ਫਿਰੋਜ਼ਪੁਰ ਵਾਸਤੇ ਬੱਸ ਚਲਾਉਣ ਦਾ ਫੈਸਲਾ ਹੋਇਆ ਹੈ। ਫੈਸਲਾ ਇਹ ਹੋਇਆ ਸੀ ਕਿ ਪੰਜ ਸਾਢੇ ਪੰਜ ਵਜੇ ਬੱਸ ਚਲੇਗੀ ਤਾਂ ਕਿ ਕਮਿਸ਼ਨਰ, ਕੋਰਟ ਜਾਂ ਡੀ.ਆਈ.ਜੀ. ਦੇ ਕੋਲ ਡੈਪੂਟੇਸ਼ਨ ਨੇ ਜਾਣਾ ਹੁੰਦਾ ਹੈ ਤਾਂ ਟਾਈਮ ਸਿਰ ਲੋਕ ਪਹੁੰਚ ਜਾਣ। ਉਹ ਟਾਈਮ ਠੀਕ ਹੋਣ ਵਾਲਾ ਹੈ। ਕੀ ਉਸ ਨੂੰ ਠੀਕ ਕਰ ਦੇਣਗੇ ?

ਰਾਜ ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਜੇ ਕੋਈ ਤਕਲੀਫ ਹੈ ਤਾਂ ਮਾਸਟਰ ਜੀ ਮੇਰੇ ਨਾਲ ਗੱਲ ਕਰ ਲੈਣ। ਮੈਂ ਇਨ੍ਹਾਂ ਨੂੰ ਸੈਟਿਸਫਾਈ ਕਰ ਦਿਆਂਗਾ।

---

## TUBEWELL CONNECTION ON FLAT RATE SYSTEM

*1719. **Prof. Darbari Lal**: Will the Chief Minister be pleased to state—

(a) the total number of tubewell connections granted on flat rate system by the Punjab State Electricity Board in the State as on 31st March, 1982;

Original with;
Punjab Vidhan Sabha
Digitized by;
Panjab Digital Library

[Prof. Darbari Lal]

(b) whether any cases were detected during 1981-82, where the cane crushers, electric tokkas and/or domestic lights have been run from the tubewell connections referred to in part (a) above, if so, the details thereof together with the action taken in each case;

(c) whether the Government proposes to conduct survey to detect mis-utilisation of the Tube-well connections referred to in part (a) above?

**Sardar Darbara Singh**: (a) 2,93,525

(b) As the per schedule of Agricultural pumping supply tariff, tubewell consumers are allowed to operate Chief Cutters and Cane Crushers on tubewell pumping sets under flat rate without any extra payment. Two bulbs with total candle power of 80 watts are also permissible for the lighting at the pump house. The consumers are not allowed to use electricity for domestic purposes.

During 1981-82, 216 cases of mis-utilisation of tube-well connections were detected. An amount of Rs. 50,504.45 was recovered as penal charges from the defaulters and unauthorised loads were disconnected.

(c) The Punjab State Electricity Board is already carrying out frequent checks through their field officers and special enforcement cells to detect mis-utilisation of tube-well connections by way of connecting unauthorised loads.

**ਪ੍ਰੋਫ਼ੈਸਰ ਦਰਬਾਰੀ ਲਾਲ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਟਿਊਬਵੈਲ ਕੁਨੈਕਸ਼ਨਾਂ ਦੇ ਨਾਲ ਚਾਰਾ ਕੱਟਣ ਔਰ ਗੰਨਾ ਪੀੜਨ ਵਾਸਤੇ ਪਿੰਡਾਂ ਵਿਚ ਫਲੈਟ ਰੇਟ ਤੇ ਬਿਜਲੀ ਦਿੱਤੀ ਜਾ ਰਹੀ ਹੈ, ਜਿਹੜਾ ਕਿ ਇਕ ਪਰਸ਼ੰਸਨੀਏ ਕਦਮ ਹੈ, ਕੀ ਸ਼ਹਿਰਾਂ ਵਿਚ ਵੀ ਰਹਿਣ ਵਾਲੇ ਹਰੀਜਨਾਂ ਨੂੰ ਜਿਹੜੇ ਕਿ ਹਜ਼ਾਰਾਂ ਸਾਲਾਂ ਤੋਂ ਪੱਛੜੇ ਹੋਏ ਹਨ, ਜੇਕਰ ਉਹ ਦੋ ਤਿੰਨ ਹਾਰਸ ਪਾਵਰ ਦੀ ਮੋਟਰ ਆਪਣੇ ਕੰਮ ਕਾਰ ਚਲਾਉਣ ਲਈ ਲਗਾ ਲੈਣ ਤਾਂ ਉਨ੍ਹਾਂ ਨੂੰ ਵੀ ਸਰਕਾਰ ਫਲੈਟ ਰੇਟ ਤੇ ਬਿਜਲੀ ਦੇਣ ਲਈ ਤਿਆਰ ਹੈ ?

**ਮੁੱਖ ਮੰਤਰੀ** : ਇਸ ਬਾਰੇ ਆਫ ਹੈਂਡ ਮੈਂ ਕੁਝ ਨਹੀਂ ਕਹਿ ਸਕਦਾ, ਇਸ ਤੇ ਵਿਚਾਰ ਹੋ ਸਕਦਾ ਹੈ ।

**ਪ੍ਰੋਫੈਸਰ ਦਰਬਾਰੀ ਲਾਲ**: ਸਰ, ਇਸ ਤਰ੍ਹਾਂ ਹੈ ਕਿ ਪਿਛਲੇ ਸਾਲ ਸਾਡੇ ਚੀਫ ਸੈਕਟਰੀ ਸ੍ਰੀ ਆਈ.ਸੀ. ਪੁਰੀ ਦੇ ਅਧੀਨ ਇਕ ਪਾਵਰ ਟੈਰਫ ਕਮੇਟੀ ਬਣੀ ਸੀ ਕਿਉਂਕਿ ਪਾਵਰ ਟੈਰਫ ਵਿੱਚ 40 ਪੈਸੇ ਤੋਂ ਵਾਧਾ ਕਰਕੇ 78 ਪੈਸੇ ਰੇਟ ਕੀਤਾ ਗਿਆ ਸੀ, ਜੋ ਕਿ ਜ਼ਿਆਦਾ ਸੀ । ਉਸ ਦੇ ਬਾਰੇ ਕਮੇਟੀ ਨੇ ਰਿਪੋਰਟ ਦੇਣੀ ਸੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਰਿਪੋਰਟ ਤਿਆਰ ਹ ਗਈ ਹੈ; ਜੇਕਰ ਰਿਪੋਰਟ ਤਿਆਰ ਹੋ

Original with;
Punjab Vidhan Sabha
Digitized by;
Panjab Digital Library

ਗਈ ਹੈ ਤਾਂ ਕਿਹੜੀਆਂ ਸਹੂਲਤਾਂ ਦੇਣ ਵਾਸਤੇ ਸਰਕਾਰ ਦਾ ਵਿਚਾਰ ਬਣਿਆ ਹੈ; ਜੇਕਰ ਰਿਪੋਰਟ ਤਿਆਰ ਨਹੀਂ ਹੋਈ ਤਾਂ ਕਦੋਂ ਤਕ ਤਿਆਰ ਹੋ ਜਾਵੇਗੀ ? ਟੋਟਲ ਬਿਜਲੀ ਦਾ ਕੇਵਲ 11% ਡੋਮੈਸਟਿਕ ਯੂਜ਼ ਹੁੰਦਾ ਹੈ, ਬਾਕੀ ਦੀ ਬਿਜਲੀ ਇਨਡਸਟਰੀ ਵਾਸਤੇ ਯੂਜ਼ ਹੁੰਦੀ ਹੈ ਔਰ ਇਸ ਵਾਧੇ ਦਾ ਇਨਡਸਟਰੀ ਤੇ ਮਾੜਾ ਅਸਰ ਪੈਂਦਾ ਹੈ । ਕੀ ਸਰਕਾਰ ਇਸ ਤੇ ਛੇਤੀ ਵਿਚਾਰ ਕਰੇਗੀ ?

**ਮੁੱਖ ਮੰਤਰੀ.** ਮੈਂ ਰਿਪੋਰਟ ਵੇਖੀ ਤਾਂ ਨਹੀਂ ਹੈ ਲੇਕਿਨ ਜੇਕਰ ਰਿਪੋਰਟ ਆ ਗਈ ਹੈ ਤਾਂ ਉਸ ਦੀ ਘੋਖ ਕਰਕੇ ਉਸ ਤੇ ਵਿਚਾਰ ਕੀਤਾ ਜਾਵੇਗਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਡਿਪਟੀ ਸਪੀਕਰ ਸਾਹਿਬ, ਪਹਿਲਾਂ ਜੋ ਬਿਜਲੀ ਸ਼ਹਿਰਾਂ ਦੇ ਵਿਚ ਇਨਡਸਟਰੀ ਵਾਸਤੇ ਜੋ ਹੁੰਦੀ ਸੀ, ਉਸ ਦੀ ਸਿਕਿਓਰਿਟੀ ਤਕਰੀਬਨ 60 ਰੁਪਏ ਕੇ.ਵੀ. ਦੇ ਹਿਸਾਬ ਨਾਲ ਲਈ ਜਾਂਦੀ ਸੀ । ਅੱਜ ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਣਾ ਹੈ, ਉਹ ਸਿਕਿਓਰਿਟੀ 225/— ਰੁਪਏ ਕੇ.ਵੀ. ਦੇ ਹਿਸਾਬ ਨਾਲ ਕਰ ਦਿੱਤੀ ਹੈ । ਇਸ ਦਾ ਮਾੜਾ ਅਸਰ ਇਨਡਸਟਰੀ ਤੇ ਪਵੇਗਾ । ਸਿਕਿਓਰਿਟੀ ਦੇ ਰੇਟ ਵਧਾ ਦਿੱਤੇ ਗਏ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਮੇਰੀ ਇਹ ਇਨਫਰਮੇਸ਼ਨ ਠੀਕ ਹੈ ਤਾਂ ਕੀ ਸਰਕਾਰ ਆਪਣੇ ਇਸ ਫੈਸਲੇ ਨੂੰ ਰਿਵਿਊ ਕਰਕੇ ਪਹਿਲੇ ਵਾਲੇ ਰੇਟ ਕਰਨ ਨੂੰ ਤਿਆਰ ਹੈ ?

**ਮੁੱਖ ਮੰਤਰੀ:** ਮੈਨੂੰ ਤਾਂ ਤੁਹਾਡੇ ਤੋਂ ਹੀ ਇਹ ਇਨਫਰਮੇਸ਼ਨ ਮਿਲੀ ਹੈ । ਮੈਂ ਇਸ ਨੂੰ ਵੇਖ ਲਵਾਂਗਾ ।

**ਸ੍ਰੀ ਗੁਰਦਿਆਲ ਸੈਣੀ:** ਡਿਪਟੀ ਸਪੀਕਰ ਸਾਹਿਬ, ਲੁਧਿਆਣਾ, ਜਲੰਧਰ ਔਰ ਅੰਮ੍ਰਿਤਸਰ ਦੀਆਂ ਕਾਰਪੋਰੇਸ਼ਨ ਦੀ ਹਦੂਦ ਦੇ ਵਿਚ ਜੋ ਬਿਜਲੀ ਬਲਦੀ ਹੈ, ਜੋ ਕਨਜ਼ਿਊਮ ਹੁੰਦੀ ਹੈ ਉਸ ਦੀ ਆਮਦਨ ਦਾ ਸਾਰੇ ਦਾ ਸਾਰਾ ਹਿੱਸਾ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਨੂੰ ਜਾਂਦਾ ਹੈ ਜਾਂ ਸਰਕਾਰ ਨੂੰ ਜਾਂਦਾ ਹੈ। ਕੀ ਉਸ ਵਿਚੋਂ ਕੁਝ ਪਰਸੈਂਟੇਜ ਮਿਊਂਸਪਲ ਕਾਰਪੋਰੇਸ਼ਨਾਂ ਨੂੰ ਵੀ ਦਿੱਤਾ ਜਾਵੇਗਾ ?

**ਮੁੱਖ ਮੰਤਰੀ:** ਮੈਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਹਿੱਸਾ ਸਰਕਾਰ ਨੂੰ ਜਾਂਦਾ ਹੈ ਜਾਂ ਬੋਰਡ ਨੂੰ ਜਾਂਦਾ ਹੈ । ਮੈਂ ਪਹਿਲਾਂ ਤਾਂ ਇਹ ਪਤਾ ਕਰ ਲਵਾਂ ਫਿਰ ਜਵਾਬ ਦੇ ਸਕਦਾ ਹਾਂ ।

**ਸਰਦਾਰ ਪ੍ਰਿਥੀਪਾਲ ਸਿੰਘ :** ਡਿਪਟੀ ਸਪੀਕਰ ਸਾਹਿਬ, ਸਰਕਾਰ ਕਿਸਾਨਾਂ ਨੂੰ ਸਸਤੇ ਰੇਟ ਤੇ ਜੋ ਬਿਜਲੀ ਦੇ ਰਹੀ ਹੈ, ਉਸ ਨਾਲ ਸਰਕਾਰ ਦੀ ਸਰਾਹਨਾ ਹੁੰਦੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੇ ਦੋ ਤਿੰਨ ਲਖ ਰੁਪਿਆ ਖਰਚ ਕਰਕੇ ਸ਼ੈਲਰ ਲਗਾਏ ਹਨ, ਉਨ੍ਹਾਂ ਦੀਆਂ ਸਿਕਿਓਰਿਟੀਜ਼ ਜਮ੍ਹਾਂ ਕਰਵਾਈਆਂ ਹੋਈਆਂ ਹਨ, ਉਨ੍ਹਾਂ ਦੇ ਬਿਜਲੀ ਦੇ ਕੁਨੈਕਸ਼ਨ ਰੁਕੇ ਪਏ ਹਨ। ਕੀ ਉਨ੍ਹਾਂ ਨੂੰ ਜਲਦੀ ਕੁਨੈਕਸ਼ਨ ਦੇਣ ਲਈ ਸਰਕਾਰ ਤਿਆਰ ਹੈ ?

**ਮੁੱਖ ਮੰਤਰੀ:** ਇਸ ਬਾਰੇ ਮੈਂ ਮਹਿਕਮੇ ਤੋਂ ਵਾਕਫੀਅਤ ਲੈ ਕੇ ਮੈਂਬਰ ਸਾਹਿਬ ਨੂੰ ਦੇ ਦੇਵਾਂਗਾ । ਬਾਕੀ ਜਿਤਨੀਆਂ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਅਸੀਂ ਦੇ ਸਕਦੇ ਹੋਏ ਉਹ ਦੇਵਾਂਗੇ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਮ ਲਾਲ ਚਿੱਟੀ** : ਡਿਪਟੀ ਸਪੀਕਰ ਸਾਹਿਬ, ਇਹ ਰੂਲ ਹੈ ਕਿ ਇਸ ਹਾਊਸ ਦੇ ਵਿਚ ਕੋਈ ਪੋਸਟਰ ਨਹੀਂ ਲਿਆਂਦਾ ਜਾ ਸਕਦਾ, ਕੋਈ ਇਸ ਤਰ੍ਹਾਂ ਦੀ ਅਖਬਾਰ ਨਹੀਂ ਲਿਆਂਦੀ ਜਾ ਸਕਦੀ, ਕੋਈ ਗਲਤ ਪੇਪਰ ਨਹੀਂ ਲਿਆਂਦਾ ਜਾ ਸਕਦਾ। ਪਰ ਕੀ ਮੈਂਬਰ ਸਾਹਿਬ ਇਸ ਤਰ੍ਹਾਂ ਕਾਲੇ ਕੱਪੜੇ ਪਾ ਕੇ ਇਥੇ ਹਾਊਸ ਵਿਚ ਬੈਠ ਸਕਦੇ ਹਨ, ਮੈਂ ਇਸ ਬਾਰੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ?

**ਕਾਮਰੇਡ ਰਾਜ ਕੁਮਾਰ** : ਡਿਪਟੀ ਸਪੀਕਰ ਸਾਹਿਬ, ਮਾਨਯੋਗ ਚਿੱਟੀ ਸਾਹਿਬ ਖੜ੍ਹੇ ਹੋਏ ਹਨ। ਮੈਨੂੰ ਇਹ ਦੱਸ ਦੇਣ ਕਿ ਇਹ ਕਿਹੜੇ ਰੂਲ ਦੇ ਅਧੀਨ ਖੜ੍ਹੇ ਹੋਏ ਹਨ। ਕੀ ਐਮ.ਐਲ.ਏਜ਼. ਲਈ ਕੋਈ ਪਰਟੀਕੁਲਰ ਡਰੈਸ ਨੀਅਤ ਹੈ ?

They can come in this House in any particular form ** ** (*interruptions*).

**Mr. Deputy Speaker** : Whatever is being said without permission should not be recorded.

**Shri Gopal Krishan Chatrath** : There is no provision to ask any point of order during Question Hour.

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1638**

(ਉਪ੍ਰੋਕਤ ਪ੍ਰਸ਼ਨ ਨੂੰ ਪੇਸ਼ ਕਰਨ ਲਈ ਮਾਨਯੋਗ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਅਤੇ ਸਰਦਾਰ ਪ੍ਰਿਥੀਪਾਲ ਸਿੰਘ ਜੀ ਖੜੇ ਹੋਏ।)

**ਖੇਤੀ ਬਾੜੀ ਤੇ ਸਿੰਚਾਈ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਨੂੰ ਤਾਂ ਹੈਰਾਨੀ ਹੋਈ ਹੈ ਕਿ ਪਤਾ ਨਹੀਂ ਸਰਦਾਰ ਗੁਰਨੈਬ ਸਿੰਘ ਬਰਾੜ ਜੀ ਆਪਣੀ ਅਥਾਰਿਟੀ ਸਵਾਲ ਪੁੱਟ ਕਰਨ ਦੀ ਕਿਤਨੇ ਕੁ ਮੈਂਬਰਾਂ ਨੂੰ ਦੇ ਗਏ ਹਨ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਡਿਪਟੀ ਸਪੀਕਰ ਸਾਹਿਬ, ਸਪੀਕਰ ਸਾਹਿਬ ਨੇ ਮੀਟਿੰਗ ਬੁਲਾਈ ਹੈ, ਉਹ ਉਥੇ ਚਲੇ ਗਏ ਹਨ।

**ਸਰਦਾਰ ਪ੍ਰਿਥੀਪਾਲ ਸਿੰਘ** : ਡਿਪਟੀ ਸਪੀਕਰ ਸਾਹਿਬ, ਬਰਾੜ ਸਾਹਿਬ ਜਾਂਦੇ ਹੋਏ ਕਹਿ ਜ਼ਰੂਰ ਗਏ ਹਨ, ਬਾਕੀ ਇਨ੍ਹਾਂ ਦੀ ਮਰਜ਼ੀ ਹੈ ਜਵਾਬ ਦੇਣ ਜਾਂ ਨਾ ਦੇਣ।

**ਸ੍ਰੀ ਡਿਪਟੀ ਸਪੀਕਰ** : ਬੀ. ਏ. ਸੀ. ਦੀ ਮੀਟਿੰਗ ਹੋ ਰਹੀ ਹੈ, ਉਹ ਉਥੇ ਗਏ ਹੋਏ ਹਨ।

---

AMOUNT SPENT ON THE CONSTRUCTION OF THEIN DAM

***1638. Sardar Gurnaib Singh Brar** (Put by Shri Gopal Krishan Chatrath) : Will the Minister for Agriculture be pleased to state—

(a) the total amount spent by the Government on the construction of the Thein Dam so far;

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

(b) whether the construction work being done is according to the schedule; if not, the reasons therefor and the time by which it is likely to be completed ?

**Chaudhri Kanshi Ram** : (a) The total expenditure up to the 31st August, 1982 is Rs. 56.50 crores.

(b) No Sir, the work is behind schedule on account of shortage of investible funds. Whereas the earlier schedule envisaged completion of the project by the end of 1987, the Project can actually be commissioned, according to present indications, only by the end of 1988.

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਚਾਈ ਹੈ ਕਿ ਥੀਨ ਡੈਮ ਲਈ ਜੋ ਪੈਸਾ ਦਿੱਤਾ ਹੈ, ਉਸ ਵਿਚੋਂ ਕੁਝ ਪੈਸਾ ਇਲੈਕਟ੍ਰਿਸਿਟੀ ਬੋਰਡ ਨੂੰ ਦੇ ਦਿੱਤਾ ਗਿਆ ਹੈ ਔਰ ਉਸ ਥੀਨ ਡੈਮ ਦੇ ਫੰਡ ਵਿਚੋਂ ਜੋ ਮਸ਼ੀਨਰੀ ਖਰੀਦੀ ਗਈ ਹੈ ਉਹ ਉਥੇ ਵਰਕ ਨਹੀਂ ਕਰ ਰਹੀ ਹੋਰ ਕਿਧਰੇ ਕਰ ਰਹੀ ਹੈ ? ਇਸ ਨਾਲ ਜੋ ਨਿਸ਼ਾਨਾ ਕੰਪਲੀਸ਼ਨ ਦਾ ਥੀਨ ਡੈਮ ਵਾਸਤੇ ਰੱਖਿਆ ਸੀ, ਕੀ ਉਸ ਤੇ ਫ਼ਰਕ ਨਹੀਂ ਪਵੇਗਾ ? ਜੇਕਰ ਪਵੇਗਾ ਤਾਂ ਨਿਸ਼ਾਨੇ ਨੂੰ ਪੂਰਾ ਕਰਨ ਵਾਸਤੇ ਕੀ ਸਟੈਪਸ ਸਰਕਾਰ ਵਲੋਂ ਲਏ ਜਾ ਰਹੇ ਹਨ ?

**ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ ਸੁਲਝੇ ਹੋਏ ਬੰਦੇ ਹਨ, ਪਾਰਟੀ ਦੇ ਜਨਰਲ ਸੈਕਟਰੀ ਵੀ ਹਨ । ਜੋ ਇਹ ਸਵਾਲ ਪੁੱਛਦੇ ਹਨ ਉਸ ਦੀ ਪੁਜ਼ੀਸ਼ਨ ਇਹ ਹੈ ਕਿ 22 ਕਰੋੜ ਰੁਪਏ ਦੀ ਐਲੋਕੇਸ਼ਨ ਸੀ, ਉਸ ਵਿਚੋਂ 3½ ਕਰੋੜ ਰੁਪਏ ਯੂ. ਬੀ. ਡੀ. ਸੀ. ਨੂੰ ਦਿੱਤੇ ਗਏ ਹਨ । ਬਾਕੀ ਜਿਹੜੀ ਇਹ ਗੱਲ ਕਰਦੇ ਹਨ ਕਿ ਕੋਈ ਮਸ਼ੀਨ ਲਿਆਂਦੀ ਗਈ ਔਰ ਉਹ ਇਧਰੋਂ ਉਧਰ ਚਲੀ ਗਈ ਜਾਂ ਉਧਰੋਂ ਇਧਰ ਆ ਗਈ, ਇਸ ਦੇ ਨਾਲ ਕਰੋੜਾਂ ਰੁਪਏ ਦਾ ਫਰਕ ਨਹੀਂ ਪੈ ਸਕਦਾ, ਹਾਂ ਮਸ਼ੀਨ ਤਾਂ ਇਧਰੋਂ ਉਧਰ ਹੋ ਸਕਦੀ ਹੈ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੈਂ ਤਾਂ ਪੁਛਿਆ ਹੈ ਕਿ ਅਗਰ ਮਿੱਟੀ ਪੁਟਣ ਵਾਸਤੇ ਮਸ਼ੀਨਰੀ ਖਰੀਦੀ ਗਈ ਹੈ ਔਰ ਉਹ ਉਥੋਂ ਕਿਸੇ ਹੋਰ ਪ੍ਰਾਜੈਕਟ ਤੇ ਲਿਆਂਦੀ ਗਈ ਹੈ ਔਰ ਦੂਸਰੀ ਮਿੱਟੀ ਚੁਕ ਕੇ ਸੁਟਣ ਵਾਲੀ ਮਸ਼ੀਨਰੀ ਉਥੇ ਹੈ ਤਾਂ ਉਹ ਵੀ ਮਸ਼ੀਨਰੀ ਥੀਨ ਡੈਮ ਤੇ ਪਈ ਰਹੇਗੀ । ਮੈਂ ਇਹ ਪੁੱਛਦਾ ਹਾਂ ਕਿ ਕੋਈ ਇਸ ਤਰ੍ਹਾਂ ਦੀ ਸਿਚੂਏਸ਼ਨ ਅਰਾਈਜ਼ ਤਾਂ ਨਹੀਂ ਹੋਈ ? ਕੀ ਇਸ ਤਰ੍ਹਾਂ ਦੀ ਕੋਈ ਪਲਾਨਿੰਗ ਕੀਤੀ ਹੈ ਕਿ ਇਥੇ ਥੀਨ ਡੈਮ ਤੇ ਵੀ ਕੰਮ ਚਲਦਾ ਰਹੇ ਔਰ ਜਿੱਥੇ ਕਿਤੇ ਮਸ਼ੀਨਰੀ ਸ਼ਿਫਟ ਕੀਤੀ ਗਈ ਹੈ, ਉਥੇ ਵੀ ਕੰਮ ਨਾ ਰੁਕੇ ?

**ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ ਤਾਂ ਗੱਲ ਦੀ ਖਾਤਰ ਹੀ ਗੱਲ ਕੀਤੀ ਗਈ ਹੈ । ਮੈਨੂੰ ਤਾਂ ਸਮਝ ਨਹੀਂ ਪੈ ਰਹੀ ਕਿ ਇਨ੍ਹਾਂ ਨੂੰ ਕੀ ਜਵਾਬ ਦੇਵਾਂ । ਡਿਪਟੀ ਸਪੀਕਰ ਸਾਹਿਬ, ਜਿਹੜੇ ਟੈਕਨੀਕਲ ਬੰਦੇ ਹੁੰਦੇ ਹਨ ਉਹ ਪਹਿਲਾਂ ਹੀ ਇਸ ਤਰ੍ਹਾਂ ਦੀਆਂ ਗੱਲਾਂ ਸੋਚ ਲੈਂਦੇ ਹਨ । ਬਾਕੀ 22 ਕਰੋੜ ਰੁਪਏ ਦੀ ਐਲੋਕੇਸ਼ਨ ਹੈ ਇਸ ਸਾਲ ਦੀ ਇਹ ਨਿਸਚਿੰਤ ਰਹਿਣ ਸਾਰਾ ਖਰਚ ਹੋ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਦਰਬਾਰੀ ਲਾਲ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਥੀਨ ਡੈਮ ਤੇ ਐਸਟੀਮੇਟ ਦੇ ਮੁਤਾਬਿਕ 18/19 ਸਾਲ ਪਹਿਲਾਂ ਕੋਈ 70-80 ਕਰੋੜ ਰੁਪਏ ਹੀ ਲਗਣੇ ਸਨ ਔਰ ਉਹ ਐਸਟੀਮੇਟ ਹੁਣ 500 ਕਰੋੜ ਰੁਪਏ ਤੋਂ ਜ਼ਿਆਦਾ ਦਾ ਹੈ । ਇਸ ਲਈ ਕੀ ਇਸ ਪ੍ਰਾਜੈਕਟ ਨੂੰ ਕੰਪਲੀਟ ਕਰਨ ਵਾਸਤੇ ਬਾਹਰਲੀਆਂ ਏਜੰਸੀਆਂ ਤੋਂ ਲੋਨ ਲੈਣ ਵਾਸਤੇ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ?

**ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪਹਿਲਾ ਸਵਾਲ ਤਾਂ ਉਨ੍ਹਾਂ ਨੇ ਐਜ਼ੂਅਮ ਕਰਕੇ ਕਹਿ ਦਿੱਤਾ ਹੈ । ਸ਼ਾਇਦ ਇਨ੍ਹਾਂ ਨੇ 18-20 ਸਾਲ ਪਹਿਲੇ ਦਾ ਬਜਟ ਵੇਖ ਲਿਆ ਹੋਣਾ ਹੈ । His second question is how these finances would be arranged ? ਇਸ ਗੱਲ ਦੇ ਉਤੇ ਸਾਰੇ ਚਿੰਤਤ ਹਨ ਅਤੇ ਦੂਸਰੀਆਂ ਏਜੰਸੀਆਂ ਨਾਲ ਅਸੀਂ ਗਲਬਾਤ ਕਰ ਰਹੇ ਹਾਂ ਤਾਂਕਿ ਫਾਇਨਾਂਸ਼ਿਅਲ ਅਸਿਸਟੈਂਸ ਆ ਜਾਵੇ ।

**ਮਾਸਟਰ ਬਾਬੂ ਸਿੰਘ** : ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਇਥੋਂ ਦੀਆਂ ਮਸ਼ੀਨਾਂ ਦੂਸਰੇ ਪਰੋਜੈਕਟਸ ਤੇ ਭੇਜੀਆਂ ਗਈਆਂ ਔਰ ਥੀਨ ਡੈਮ ਦਾ ਕੰਮ ਰੋਕ ਦਿੱਤਾ ਗਿਆ । ਕੀ ਇਹ ਇਸ ਗੱਲ ਦੀ ਪੜਚੋਲ ਕਰਾਉਣਗੇ ?

**ਮੰਤਰੀ** : ਹਾਊਸ ਦੇ ਮੈਂਬਰਾਂ ਦੇ ਗਿਆਤ ਲਈ ਮੈਂ ਦੱਸਣਾ ਚਾਹੁੰਦਾ ਹਾਂ ਹਰ ਪਰਾਜੈਕਟ ਅਫਸਰ ਦੀ ਡਿਊਟੀ ਅਸਾਈਨ ਹੁੰਦੀ ਹੈ ਔਰ ਉਸ ਦੇ ਮੁਤਾਬਿਕ ਉਸ ਨੇ ਕਮ ਕਰਨਾ ਹੁੰਦਾ ਹੈ । ਜੇ ਉਨ੍ਹਾਂ ਨੇ ਕੋਈ ਇੰਟਰਨਲੀ ਅਰੇਂਜਮੈਂਟ ਕਰ ਲਿਆ ਹੋਵੇ ਤਾਂ ਪਤਾ ਨਹੀਂ । ਪਰ ਜੇ ਕੋਈ ਲਾਰਜ ਸਕੇਲ ਤੇ ਕੀਤਾ ਗਿਆ ਹੋਵੇ ਤਾਂ ਇਹ ਚੀਜ਼ ਵਿਜ਼ਿਓਲਾਈਜ਼ ਹੋ ਸਕਦੀ ਹੈ ।

**ਸਰਦਾਰ ਬੀਰਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਇਸ ਥੀਨ ਡੈਮ ਦੀ ਮਿਟੀ ਦੀ ਪੁਟਾਈ ਵਾਸਤੇ ਜਿਹੜੀਆਂ ਮਸ਼ੀਨਾਂ ਮੰਗਾਉਣੀਆਂ ਸਨ, ਉਸ ਵਾਸਤੇ ਕਈ ਦੇਸ਼ਾਂ ਨੇ ਬੜੇ ਸਸਤੇ ਰੇਟ ਤੇ ਵੀ ਇਹ ਮਸ਼ੀਨਾਂ ਦੇਣ ਬਾਰੇ ਕਿਹਾ ਸੀ । ਪਰ ਸਰਕਾਰ ਵਲੋਂ ਇਕ ਚਿੱਠੀ ਚੀਫ ਇੰਜੀਨੀਅਰ ਪ੍ਰੋਜੈਕਟ ਨੂੰ ਗਈ ਸੀ ਕਿ ਇਸ ਤੇ ਫੈਸਲਾ ਕਰਨ ਤੋਂ ਪਹਿਲੇ ਗੌਰਮਿੰਟ ਨੂੰ ਕਨਸਲਟ ਕਰ ਲਿਆ ਜਾਵੇ । ਇਸ ਦੇ ਬਾਵਜੂਦ ਚੀਫ ਇੰਜੀਨੀਅਰ ਪ੍ਰੋਜੈਕਟ ਨੇ ਆਰਡਰ ਪਲੇਸ ਕਰ ਦਿੱਤਾ । ਚੀਫ ਇੰਜੀਨੀਅਰ ਪ੍ਰੋਜੈਕਟ ਨੇ ਇਹ ਮਸ਼ੀਨਾਂ ਖਰੀਦਣ ਲਈ ਸੈਂਟਰਲ ਵਾਟਰ ਕਮਿਸ਼ਨ ਨੂੰ ਚਿੱਠੀ ਭੇਜ ਦਿੱਤੀ ਹੈ । ਮੈਂ ਇਹ ਪੁੱਛਦਾ ਹਾਂ ਕਿ ਘੱਟ ਕੀਮਤ ਤੇ ਮਿਲਣ ਵਾਲੀਆਂ ਮਸ਼ੀਨਾਂ ਕਿਉਂ ਨਹੀਂ ਖਰੀਦੀਆਂ ਗਈਆਂ ?

**ਮੰਤਰੀ** : ਜਿਹੜਾ ਸਵਾਲ ਇਨ੍ਹਾਂ ਨੇ ਕੀਤਾ ਹੈ, ਉਸ ਦੀ ਪੜਚੋਲ ਕਰਵਾ ਲਵਾਂਗੇ । ਦੂਸਰਾ ਜਿਹੜਾ ਸੈਂਟਰ ਨੂੰ ਕੇਸ ਰੈਫਰ ਕੀਤਾ ਹੈ, ਉਹ ਹੋ ਸਕਦਾ ਹੈ ਕਿ ਟੈਕਨੀਕਲ ਐਡਵਾਈਸ ਲੈਣ ਵਾਸਤੇ ਕੇਸ ਭੇਜਿਆ ਗਿਆ ਹੋਵੇ ।

Original with;
Punjab Vidhan Sabha
Digitized by;
Panjab Digital Library

**Sardar Birdevinder Singh** : Inspite of the advice of the Government that the case should not be referred to the Central Water Commission, the Chief Engineer (Projects) referred the case to the Commission. That aspect should be looked into. ਇਸ ਦੀ ਮੈਂ ਐਸ਼ਓਰੈਂਸ ਚਾਹੁੰਦਾ ਹਾਂ ।

**ਮੰਤਰੀ** : ਮੈਂ ਇਸ ਦੀ ਪੜਚੋਲ ਕਰਵਾ ਲਵਾਂਗਾ ।

**ਡਾਕਟਰ ਭਗਤ ਸਿੰਘ** : ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਦੇ ਮੁਤੱਲਕ ਬੜੀ ਕੰਟਰੋਵਰਸ਼ੀਅਲ ਸਟੇਟਮੈਂਟਾਂ ਇਥੇ ਹਾਊਸ ਵਿਚ ਕੀਤੀਆਂ ਗਈਆਂ ਹਨ । ਇਸ ਦੇ ਮੁਤੱਲਕ ਚੀਫ਼ ਮਨਿਸਟਰ ਸਾਹਿਬ ਨੇ ਫੁਰਮਾਇਆ ਸੀ ਕਿ ਇਸ ਡੈਮ ਦੀ ਪਰਵਾਨਗੀ ਮਿਲ ਗਈ ਹੈ ਪਰ ਬਿਜਲੀ ਬੋਰਡ ਨੇ ਇਹ ਕਿਹਾ ਹੈ ਕਿ ਹਾਲੇ ਟੈਕਨੀਕਲ ਐਪਰੂਵਲ ਨਹੀਂ ਆਈ । ਮੈਂ ਪੁੱਛਦਾ ਹਾਂ ਕਿ ਜੇ ਇਹ ਟੈਕਨੀਕਲ ਐਪਰੂਵਲ ਨਹੀਂ ਆਈ ਤਾਂ ਕਦੋਂ ਤਕ ਆ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਗੱਲ ਤਾਂ ਠੀਕ ਹੈ ਕਿ ਪਲਾਨਿੰਗ ਕਮਿਸ਼ਨ ਨੇ ਇਹ ਪ੍ਰੋਜੈਕਟ ਕਲੀਅਰ ਕਰ ਦਿੱਤਾ ਹੈ । ਜਿਥੋਂ ਤਕ ਬਿਜਲੀ ਬੋਰਡ ਦੇ ਕਹਿਣ ਦਾ ਤੁਅੱਲਕ ਹੈ, ਇਸ ਦੇ ਮੁਤੱਲਕ ਪੜਚੋਲ ਕਰਕੇ ਦਸ ਦੇਵਾਂਗੇ ।

**ਡਾਕਟਰ ਭਗਤ ਸਿੰਘ** : ਸੈਸ਼ਨ ਤਾਂ ਅੱਜ ਰਾਤ ਨੂੰ ਚੁਕ ਦੇਣਾ ਹੈ । ਕਦ ਦਸੋਗੇ ?

**ਮੰਤਰੀ** : ਘਰ ਦਸ ਦੇਵਾਂਗੇ ।

**ਸਰਦਾਰ ਬਸੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਅਨੰਦਪੁਰ ਹਾਈਡਲ ਪ੍ਰੋਜੈਕਟ ਦਾ ਕੰਮ ਕੰਪਲੀਟ ਹੋ ਗਿਆ ਸੀ, ਪਰ ਪਾਣੀ ਨਾ ਆਉਣ ਕਰਕੇ ਕੰਮ ਚਲ ਨਹੀਂ ਰਿਹਾ ਔਰ ਪ੍ਰੋਜੈਕਟ ਦਾ ਬਹੁਤ ਨੁਕਸਾਨ ਹੋ ਰਿਹਾ ਹੈ । ਇਸ ਲਈ ਇਹ ਪ੍ਰੋਜੈਕਟ ਕਦੋਂ ਤਕ ਚਾਲੂ ਕਰਵਾ ਦੇਣਗੇ ?

**ਮੰਤਰੀ** : ਮੈਂ ਟੇਕ ਅਪ ਨਹੀਂ ਕਰ ਸਕਿਆ । ਇਹ ਦੁਬਾਰਾ ਸਵਾਲ ਕਰ ਦੇਣ ।

**ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਸਰਦਾਰ ਬਸੰਤ ਸਿੰਘ ਜੀ ਨੇ ਜਿਹੜਾ ਸਵਾਲ ਕੀਤਾ ਹੈ ਕਿ ਇਹ ਕਦੋਂ ਤਕ ਕੰਪਲੀਟ ਹੋ ਜਾਵੇਗਾ । ਇਸ ਬਾਰੇ ਸਾਰੇ ਹਾਊਸ ਨੂੰ ਪਤਾ ਹੈ ਕਿ ਐਤਕੀਂ ਬਾਰਸ਼ਾਂ ਬੇਵਕਤ ਆਈਆਂ ਹਨ ਔਰ ਪੁਟਾਈ ਨਹੀਂ ਹੋ ਸਕੀ, ਇਸ ਕਰਕੇ ਕਾਫ਼ੀ ਅਸੀਂ ਲੇਟ ਹੋਏ ਹਾਂ । ਸਾਡੀ ਇਹ ਖਾਹਿਸ਼ ਹੈ ਕਿ ਜਲਦੀ ਤੋਂ ਜਲਦੀ ਇਸ ਕੰਮ ਨੂੰ ਖਤਮ ਕੀਤਾ ਜਾਵੇ ।

**ਸਰਦਾਰ ਪ੍ਰਿਥੀਪਾਲ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਥੀਨ ਡੈਮ ਕੰਪਲੀਟ ਹੋ ਜਾਵੇਗਾ ਤਾਂ ਇਸ ਤੋਂ ਕਿੰਨੀ ਮੈਗਾਵਾਟ ਬਿਜਲੀ ਤਿਆਰ ਹੋਵੇਗੀ ?

**ਖੇਤੀ ਬਾੜੀ ਮੰਤਰੀ** : ਡਿਪਟੀ ਸਪੀਕਰ ਸਾਹਿਬ, ਡਿਜ਼ਾਇਨ ਦੇ ਮੁਤਾਬਿਕ 4 ਯੂਨਿਟ ਲਗਣੇ ਹਨ ਔਰ ਹਰ ਇਕ ਯੂਨਿਟ ਤੋਂ 120 ਮੈਗਾਵਾਟ ਬਿਜਲੀ ਤਿਆਰ ਹੋਣੀ ਹੈ, ਜਿਹੜੀ ਕਿ ਕੁਲ 480 ਮੈਗਾਵਾਟ ਹੋਵੇਗੀ । ਪਰ ਆਸ ਹੈ ਕਿ ਫਰਦਰੰਸ ਇਸ ਦਾ ਸਕੋਪ 600 ਮੈਗਾਵਾਟ ਤਕ ਹੋ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

REIMBURSEMENT OF PASSENGER TAX TO THE MUNICIPAL CORPORATIONS

*1720. **Prof. Darbari Lal** : Will the Minister for Local Government be pleased to state whether there is any proposal under the consideration of the Government to allow the Municipal Corporations of Amritsar, Jullundur and Ludhiana the re-imbursement of Passenger Tax recovered by the Transport Department to enable them to make good the losses suffered by the local bus services which stand transferred to the respective Municipal Corporations, if so, the details thereof ?

**Shri Sardari Lal Kapoor** : Yes Sir. Suitable measures are under active consideration of the Government to compensate the Municipal Corporations for the losses suffered by them on running the local transport.

* *

10-00 ਪੂਰਵ ਦੁਪਹਿਰ

(ਇਸ ਵੇਲੇ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਪ੍ਰੋਫੈਸਰ ਦਰਬਾਰੀ ਲਾਲ** : ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ, ਲੁਧਿਆਣਾ ਔਰ ਜਲੰਧਰ ਇਨ੍ਹਾਂ ਤਿੰਨੇ ਕਾਰਪੋਰੇਸ਼ਨਾਂ ਨੂੰ ਸਰਕਾਰ ਵਲੋਂ ਬਹੁਤ ਸਾਰੀਆਂ ਬਸਾਂ ਮਿਲੀਆਂ ਸਨ, ਉਨ੍ਹਾਂ ਨਾਲ ਇਨ੍ਹਾਂ ਕਾਰਪੋਰੇਸ਼ਨਾਂ ਨੂੰ 1.44 ਕਰੋੜ ਰੁਪਏ ਦੇ ਕਰੀਬ ਘਾਟਾ ਹੋ ਗਿਆ ਹੈ। ਇਸ ਲਈ ਪਿਛਲੇ ਸਾਲ 3 ਸੈਸ਼ਨਾਂ ਵਿਚ ਵੀ ਮੈਂ ਲਗਾਤਾਰ ਕਹਿੰਦਾ ਆ ਰਿਹਾ ਹਾਂ ਕਿ ਇਨ੍ਹਾਂ ਕਾਰਪੋਰੇਸ਼ਨਾਂ ਦੇ ਡਿਵੈਲਪਮੈਂਟ ਐਕਟਿਵਿਟੀਜ਼ ਨੂੰ ਇੰਪਰੂਵ ਕੀਤਾ ਜਾਵੇ ਔਰ ਜਿਹੜਾ ਪੈਸੰਜਰ ਟੈਕਸ ਸਰਕਾਰ ਲੈਂਦੀ ਹੈ ਉਹ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਦਿੱਤਾ ਜਾਵੇ। ਇਸ ਲਈ ਇਹ ਕਿੰਨੀ ਜਲਦੀ ਫੈਸਲਾ ਕਰ ਦੇਣਗੇ ?

**ਮੰਤਰੀ** : ਮੈਂ ਜਿਹੜੇ ਸਵਾਲ ਦਾ ਜਵਾਬ ਦਿੱਤਾ ਹੈ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਸ ਨੂੰ ਅਸੀਂ ਜਲਦੀ ਤੋਂ ਜਲਦੀ ਕਰ ਰਹੇ ਹਾਂ ਔਰ ਅੰਡਰ ਕੰਸੀਡਰੇਸ਼ਨ ਹੈ। ਜਿਹੜਾ ਘਾਟਾ ਪੈ ਰਿਹਾ ਹੈ ਉਸ ਨੂੰ ਕੰਪਨਸੇਟ ਕਰਨ ਦੀ ਗੱਲ ਬਣਾਈ ਜਾ ਰਹੀ ਹੈ।

**ਪ੍ਰੋਫੈਸਰ ਦਰਬਾਰੀ ਲਾਲ** : ਪਿਛਲੇ ਡੇਢ ਸਾਲ ਤੋਂ ਲਗਾਤਾਰ ਮੈਂ ਇਹ ਕਹਿ ਰਿਹਾ ਹਾਂ ਕਿ ਇਹ ਘਾਟਾ ਪੈ ਰਿਹਾ ਹੈ ਔਰ ਬਸ ਦੀ ਸਰਵਿਸ ਵੀ ਚੰਗੀ ਨਹੀਂ ਹੈ। ਹੁਣ ਮੈਂ ਡੈਫੀਨਿਟ ਐਸ਼ੋਰੈਂਸ ਚਾਹੁੰਦਾ ਹਾਂ ਕਿ ਕਿੰਨੀ ਜਲਦੀ ਇਸ ਦਾ ਫੈਸਲਾ ਕਰਨਗੇ ਔਰ ਜਿਹੜਾ ਘਾਟਾ ਡੇਢ ਕਰੋੜ ਰੁਪਏ ਦਾ ਪੈ ਰਿਹਾ ਹੈ, ਉਸ ਨੂੰ ਕੰਪਨਸੇਟ ਕਦੋਂ ਤਕ ਕਰਨਗੇ ? ਇਸ ਤੋਂ ਇਲਾਵਾ ਕਾਰਪੋਰੇਸ਼ਨ ਐਕਟ ਵਿਚ ਪਰੋਵੀਜ਼ਨ ਹੈ ਕਿ ਜਿਹੜਾ ਪੈਸੰਜਰ ਟੈਕਸ ਹੈ ਇਹ ਕਾਰਪੋਰੇਸ਼ਨ ਕੋਲ ਰਹੇਗਾ, ਇਹ ਕਦੋਂ ਤਕ ਫੈਸਲਾ ਕਰ ਦੇਣਗੇ ? ਇਸ ਵਿਚ ਡੀਲੇਅ ਕਿਉਂ ਹੋ ਰਹੀ ਹੈ ?

**ਮੰਤਰੀ** : ਇਸ ਵਾਸਤੇ ਕਮੇਟੀ ਬਣਾਈ ਹੋਈ ਹੈ, ਜਲਦੀ ਤੋਂ ਜਲਦੀ ਫੈਸਲਾ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਪਿਛਲੇ 2 ਸਾਲਾਂ ਤੋਂ ਮਿਊਂਸਪਲ ਕਾਰਪੋਰੇਸ਼ਨਾਂ ਨੂੰ ਡੇਢ ਕਰੋੜ ਰੁਪਏ ਦਾ ਘਾਟਾ ਪਿਆ ਹੈ ਔਰ ਐਕਟ ਦੇ ਮੁਤਾਬਿਕ ਸਰਕਾਰ ਰੋਡ ਟੈਕਸ ਨਹੀਂ ਲੈ ਸਕਦੀ ਪਰ ਲਈ ਜਾ ਰਹੀ ਹੈ ਅਤੇ ਘਾਟਾ ਸਾਨੂੰ ਪਈ ਜਾ ਰਿਹਾ ਹ। ਸਟੇਟ ਦੀ ਰੋਡਵੇਜ਼ ਦੀਆਂ ਬੱਸਾਂ ਕੋਈ ਰੋਡ ਟੈਕਸ ਨਹੀਂ ਦਿੰਦੀਆਂ ਫੇਰ ਮਿਊਂਸਪਲ ਕਾਰਪੋਰੇਸ਼ਨਾ ਦੀਆਂ ਬੱਸਾਂ ਆਪਣੀ ਲਿਮਿਟ ਵਿਚ ਚਲਦੀਆਂ ਹਨ, ਉਹ ਕਿਉਂ ਟੈਕਸ ਦੇਣ। ਇਸ ਦੇ ਨਾਲ ਸਾਡੇ ਸ਼ਹਿਰਾਂ ਦੀ ਡਿਵੈਲਪਮੈਂਟ ਰੁਕੀ ਹੋਈ ਹੈ। ਇਸ ਨੂੰ ਖਤਮ ਕਰਨ ਦੀ ਪੱਕੀ ਤਾਰੀਖ ਦੇਣ ਅਤੇ ਇਸ ਘਾਟੇ ਨੂੰ ਪੂਰਾ ਕਰਨ। ਕੀ ਇਹ ਜਲਦੀ ਤੋਂ ਜਲਦੀ ਕਹਿ ਕੇ 6 ਮਹੀਨੇ ਤਾਂ ਨਹੀਂ ਲੰਘਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਬਿਲਕੁਲ ਯਕੀਨ ਨਾਲ ਕਹਿੰਦਾ ਹਾਂ ਕਿ 6 ਮਹੀਨਿਆਂ ਤੋਂ ਪਹਿਲਾਂ ਇਸ ਦਾ ਫੈਸਲਾ ਕਰ ਦੇਵਾਂਗੇ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਜਾਂਦੇ ਹੋਏ ਸ਼ਹਿਰਾਂ ਦੇ ਗਲ ਇਹ ਬਲਾ ਪਾ ਗਈ ਸੀ ਔਰ ਜਿਸ ਨਾਲ ਸ਼ਹਿਰਾਂ ਦੀ ਡਿਵੈਲਪਮੈਂਟ ਰੁੱਕੀ ਹੋਈ ਹੈ। ਕੀ ਸੀ. ਐਮ. ਸਾਹਿਬ ਇਸ ਮਾਮਲੇ ਵਿਚ ਇੰਟਰਵੀਨ ਕਰਕੇ ਕੋਈ ਜਲਦੀ ਫੈਸਲਾ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਮਾਮਲਾ ਅੰਡਰ ਕੰਸਿਡਰੇਸ਼ਨ ਹੈ ਅਤੇ ਇਨ੍ਹਾਂ ਦੀ ਸ਼ਿਕਾਇਤ ਸਾਡੇ ਨੋਟਿਸ ਵਿਚ ਹੈ। ਇਸ ਦੇ ਲਈ ਜਿਹੜੀ ਸਬ-ਕਮੇਟੀ ਬਣੀ ਹੋਈ ਹੈ, ਉਹ 6 ਮਹੀਨਿਆਂ ਤੋਂ ਪਹਿਲਾਂ ਪਹਿਲਾਂ ਆਪਣਾ ਫੈਸਲਾ ਦੇ ਦੇਵੇਗੀ ਔਰ ਤੁਸੀਂ ਸੰਤੁਸ਼ਟ ਹੋ ਜਾਵੋਗੇ।

**ਸ੍ਰੀ ਸਪੀਕਰ** : ਸਾਰੇ ਮੈਂਬਰ ਸਾਹਿਬਾਨ ਦਾ ਸਵਾਲ ਹੈ ਕਿ ਤੁਸੀਂ ਕੋਈ ਟਾਈਮ ਮੁਕਰੱਰ ਕਰ ਦਿਓ ਕਿ 2-4 ਮਹੀਨਿਆਂ ਦੇ ਵਿਚ ਫੈਸਲਾ ਹੋ ਜਾਵੇਗਾ।

**ਸ੍ਰੀ ਰਾਮ ਲਾਲ ਚਿੱਟੀ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਪਤਾ ਹੈ ਕਿ 3 ਮਿਊਂਸਪਲ ਕਾਰਪੋਰੇਸ਼ਨਾਂ ਨੂੰ ਇਸ ਰਾਹੀਂ ਘਾਟਾ ਪੈ ਰਿਹਾ ਹੈ ਅਤੇ ਸ਼ਹਿਰਾਂ ਦੀ ਡਿਵੈਲਪਮੈਂਟ ਰੁਕੀ ਹੋਈ ਹੈ ਅਤੇ ਡੇਢ ਕਰੋੜ ਰੁਪਏ ਦਾ ਨੁਕਸਾਨ ਵੀ ਹੋ ਚੁੱਕਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਮੇਟੀ ਦੀ ਰਿਪੋਰਟ ਕਦੋਂ ਤਕ ਆ ਜਾਵੇਗੀ ਅਤੇ ਇਹ ਰਿਪੋਰਟ ਕਦੋਂ ਤਕ ਲਾਗੂ ਹੋ ਜਾਵੇਗੀ ? ਮਿਊਂਸਪਲ ਕਾਰਪੋਰੇਸ਼ਨ ਦੀ ਲਿਮਿਟ ਵਿਚ ਇਹ ਬੱਸਾਂ ਚਲਦੀਆਂ ਹਨ ਔਰ ਰੋਡ ਟੈਕਸ ਸਰਕਾਰ ਲੈਂਦੀ ਹੈ ਜਦ ਕਿ ਰੋਡਵੇਜ਼ ਦੀਆਂ ਬੱਸਾਂ ਸ਼ਹਿਰਾਂ ਦੇ ਵਿਚ ਚਲਦੀਆਂ ਹਨ ਅਤੇ ਪ੍ਰਬੰਧ ਮਿਊਂਸਪਲ ਕਾਰਪੋਰੇਸ਼ਨਾਂ ਕਰਦੀਆਂ ਹਨ, ਪਰ ਉਥੇ ਸਟੇਟ ਰੋਡ ਟੈਕਸ ਸਾਡੀ ਕਾਰਪੋਰੇਸ਼ਨ ਨੂੰ ਕੋਈ ਨਹੀਂ ਦਿੰਦੀ ਹੈ। ਸਾਨੂੰ ਟਾਈਮ ਲਿਮਿਟ ਦੱਸ ਦਿਓ ?

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਜਵਾਬ ਮੈਂ ਪਹਿਲੇ ਵੀ ਦੇ ਚੁੱਕਾ ਹਾਂ ਕਿ 6 ਮਹੀਨਿਆਂ ਤੋਂ ਪਹਿਲਾਂ ਅਸੀਂ ਇਸ ਦਾ ਫੈਸਲਾ ਕਰ ਦੇਵਾਂਗੇ। ਇਸ ਬਾਰੇ ਕਮੇਟੀ ਮਨਿਸਟਰ ਅਤੇ ਸੈਕਟਰੀਜ਼ ਦੀ ਬਣੀ ਹੋਈ ਹੈ ਅਤੇ ਕਾਫ਼ੀ ਕੰਮ ਮੁਕ ਗਿਆ ਹੈ ਔਰ ਅਸੀਂ ਜਲਦੀ ਤੋਂ ਜਲਦੀ ਫੈਸਲਾ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸਰਕਾਰ ਨੇ ਕਿਹਾ ਸੀ ਕਿ ਅਸੀਂ ਸ਼ਹਿਰਾਂ ਨੂੰ ਬੜਾ ਸੁੰਦਰ ਬਣਾਵਾਂਗੇ ਤਾਂ ਕਿ ਵਜ਼ੀਰਾਂ ਅਤੇ ਵੀਜ਼ੂਰੀਆਂ ਨੂੰ ਰਹਿਣ ਵਿਚ ਤੰਗੀ ਨਾ ਹੋਵੇ..

ਖੇਤੀਬਾੜੀ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਆਪਣੇ ਲਫ਼ਜ਼ ਵੀਜ਼ੂਰੀਆਂ ਵਾਪਸ ਲੈਣਾ ਚਾਹੀਦਾ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਆਪਣੇ ਲਫ਼ਜ਼ ਵੀਜ਼ੂਰੀਆਂ ਵਾਪਸ ਲੈਂਦਾ ਹਾਂ । ਮਿਊਂਸਪਲ ਕਾਰਪੋਰੇਸ਼ਨ ਐਕਟ ਦੇ ਅਧੀਨ ਇਹ ਰੋਡ ਟੈਕਸ ਲੈ ਨਹੀਂ ਸਕਦੇ ਫੇਰ ਕਿਉਂ ਸਰਕਾਰ ਲਈ ਜਾ ਰਹੀ ਹੈ ਔਰ ਜਿਹੜਾ ਘਾਟਾ ਪਿਆ ਹੈ ਇਸ ਵਿਚ ਸਰਕਾਰ ਆਪਣਾ ਹਿੱਸਾ ਦੇਵੇ ਔਰ ਸਰਕਾਰ ਦੀਆਂ ਜਿੰਨੀਆਂ ਬੱਸਾਂ ਸ਼ਹਿਰਾਂ ਦੇ ਵਿਚ ਚਲਦੀਆਂ ਹਨ, ਉਹ ਵੀ ਰੋਡ ਟੈਕਸ ਮਿਊਂਸਪਲ ਕਾਰਪੋਰੇਸ਼ਨ ਨੂੰ ਦਿਆ ਕਰਨ । ਸ਼ਹਿਰਾਂ ਦੀ ਡਿਵੈਲਪਮੈਂਟ ਇਸ ਘਾਟ ਕਰਕੇ ਰੁੱਕੀ ਪਈ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਮੈਂਬਰ ਸਾਹਿਬਾਨ ਸ਼ਹਿਰਾਂ ਦੇ ਨਾਲ ਤੁਅੱਲਕ ਰੱਖਦੇ ਹਨ ਉਨ੍ਹਾਂ ਨੇ ਆਪਣਾ ਇੰਟ੍ਰੈਸਟ ਸ਼ੋਅ ਕੀਤਾ ਹੈ, ਇਸ ਦਾ ਮਤਲਬ ਇਹ ਨਹੀਂ ਕਿ ਜਿਹੜੇ ਸ਼ਹਿਰਾਂ ਨਾਲ ਸਬੰਧ ਨਹੀਂ ਰੱਖਦੇ ਉਹ ਇੰਟ੍ਰੈਸਟ ਨਹੀਂ ਰਖਦੇ। ਜਿੰਨਾਂ ਇਨ੍ਹਾਂ ਨੂੰ ਇੰਟ੍ਰੈਸਟ ਹੈ ਉਤਨਾ ਸਾਨੂੰ ਵੀ ਹੈ । ਮੈਂ ਸਮਝਦਾ ਹਾਂ ਕਿ ਮਨਿਸਟਰ ਸਾਹਿਬ ਆਪਣੀ ਸਬ-ਕਮੇਟੀ ਨੂੰ ਕਹਿ ਦੇਣ ਕਿ ਇਤਨੇ ਟਾਈਮ ਲਿਮਿਟ ਵਿਚ ਕੰਮ ਖਤਮ ਕਰ ਦੇਣ, ਚਾਹੇ 2 ਮਹੀਨਿਆਂ ਵਿਚ ਖਤਮ ਹੋ ਜਾਵੇ ।

**Mr. Speaker** : All the Starred Questions entered in the List of Business for today have been finished and the House will now take up the next business.

---

## UNSTARRED QUESTIONS AND ANSWERS

### LICENCE FOR HEAVY INDUSTRY

239. **Sardar Dalip Singh Pandhi** : Will the Chief Minister be Pleased to state whether the Govt. has got any licence from the Central Government for setting up of heavy industry in the State since the assumption of office by the present Ministry, if so, the details thereof ?

ਮੁੱਖ ਮੰਤਰੀ : ਕੋਈ ਵੀ ਲਾਈਸੰਸ ਉਦਯੋਗ ਸਥਾਪਤ ਕਰਨ ਲਈ ਜੋ ਸੂਚੀ 'ੲ' ਆਫ ਦੀ ਇਨਡਸਟਰੀਅਲ ਪਾਲਿਸੀ ਰੈਜ਼ਲਿਊਸ਼ਨ, 1956 ਅਧੀਨ ਵੱਡੇ ਉਦਯੋਗ ਕਹਿਲਾਉਂਦੇ ਹਨ ਭਾਰਤ ਸਰਕਾਰ ਤੋਂ ਪ੍ਰਾਪਤ ਨਹੀਂ ਹੋਇਆ ਭਾਵੇਂ ਭਾਰਤ ਸਰਕਾਰ ਨੇ 95 ਆਸ਼ਾ ਪੱਤਰ, 42 ਉਦਯੋਗਿਕ ਲਾਈਸੰਸ ਵੱਡੇ ਅਤੇ ਦਰਮਿਆਨੇ ਉਦਯੋਗ ਸਥਾਪਤ ਕਰਨ ਲਈ ਜਾਰੀ ਕੀਤੇ ਹਨ ।

Original with;
Punjab Vidhan Sabha
Digitized by;
Panjab Digital Library

## ACQUISITION OF LAND IN DISTRICT PATIALA FOR MINISTRY OF DEFENCE

**245. Sardar Dalip Singh Pandhi**: Will the Minister for Revenue be pleased to state :—

(a) whether any land in district Patiala has been acquired by the State Government for the Ministry of Defence since 1970; if so, the details therof ;

if the reply to part (a) above be in the affirmative whether compensation has been paid to the land owners or the tenants; if so, the details thereof ?

ਸਰਦਾਰ ਦਰਬਾਰਾ ਸਿੰਘ (ਮੁੱਖ ਮੰਤਰੀ) :

(ੳ) ਅਤੇ (ਅ) ਹਾਂ ਜੀ। ਰਕਬੇ ਦਾ ਮੁਕੰਮਲ ਵੇਰਵਾ ਪਿੰਡਾਂ ਦੇ ਨਾਂ ਅਤੇ ਨਿਰਧਾਰਤ ਮੁਆਵਜ਼ਾ ਜੋ ਅਦਾ ਕੀਤਾ ਗਿਆ ਹੈ, ਉਹ ਅਨੁਲੱਗ 'ੳ' ਤੇ ਦਿੱਤਾ ਹੈ।

*Original with;*
Punjab Vidhan Sabha
*Digitized by;*
Panjab Digital Library

[Chief Minister]

ANNEXURE

| Sr. No. | Scheme No. | Name of Village | Area |
|---|---|---|---|
| 1 | 2 | 3 | 4 |
| | | | Acres |
| 1. | PB/5052/ACQ | Nagla | 35.14583 |
| 2. | PB/5170/ACQ | Malo Majra | 76.39600 |
| 3. | PB/5171/ACQ | Malo Majra | 67.89600 |
| 4. | PB/5074/ACQ | Malo Majra Dhamo Majra and Patiala | 4.14600 |
| 5. | PB/5037/ACQ | Dappar, Amlala Issapur, Chudiala, Bair Majra, Jangipur Hombra | 719.62000 |
| 6. | PB/5171/1/ACQ | Malo Majra | 24.58400 |
| 7. | PB/5237/ACQ | Malo Majra Hazi Majra | 244.58300 |
| 8. | PB/5448/ACQ | Barsat | 520.18750 |
| | | Chuharpur Marason | 71.33125 |
| | | Sheikhupur | 96.95833 |
| 9. | PB/5056/ACQ | Rampur Sainian | 1.37500 |
| 10. | PB/5237/1/ACQ | Malo Majra | 14.15625 |
| 11. | PB/5037/2/ACQ | Bair Majra Jalalpur Hussainpur Dappar Hansala Chudiala | 11.33000 |
| 12. | PB/5164/ACQ | Chaudhri Majra | 2.13750 |
| 13. | PB/5163/ACQ | Alhora and Daldi | 6.07300 |
| 14. | PB/5360/ACQ | Dhablan | 54.28000 |
| 15. | PB/121/ACQ | Nabha | 5.42500 |
| 16. | PB/5446/ACQ | Kheri Gujran | 40.27100 |
| | | Sher Majra | 208.50000 |
| | | Hazi Majra | 124.56000 |
| | | Passiana | 75.93800 |
| | | Dhamo Majra | 500.37500 |
| | | Malo Majra | 31.08800 |
| 17. | PB/5446/ACQ | Malo Majra | 4.18800 |
| | | Sher Majra | 2.21900 |
| | | Grand Total | 2941.26366 |

Original with;
Punjab Vidhan Sabha
Digitized by;
Panjab Digital Library

| Date of award | Awarded amount | Disbursement | Balance |
|---|---|---|---|
| 5 | 6 | 7 | 8 |
| | Rs. P. | Rs. P. | |
| 4.2.1971 | 1,03,111-46 | 1,03,111-46 | — |
| 17.3.1971 | 5,45,895-42 | 5,45,895-42 | — |
| 17.3.1971 | 5,81,736-25 | 5,81,736-25 | — |
| 17.3.1971 | 24,792-74 | 24,792-74 | — |
| 27.2.1971 | 78,02,662-48 | 73,02,662-48 | — |
| 20-8-1971 | 2,08,997-38 | 2,08,997-38 | — |
| 29-3-1972 | 16,97,661-57 | 16,97,661-57 | — |
| 27-5-197 | 41,92,210-00 | 41,92,210-00 | — |
| 27-5-1977 | 2,32,703-11 | 2,32,703-11 | — |
| 27-5-1977 | 2,32,937-96 | 2,32,937 96 | — |
| 20-10-1978 | 4,502-75 | 4502-75 | — |
| 12-8-198 | 1,74,536-45 | 1,74,536-45 | — |
| 3-2-197 | 34,873-68 | 34,873-68 | — |
| ,, | 2,092-95 | 2,092-95 | — |
| ,, | 18,886-85 | 18,886-85 | — |
| ,, | 6,065-00 | 6,065-00 | — |
| ,, | 1,711-48 | 1,711-48 | — |
| ,, | 18,313-45 | 18,313-45 | — |
| 31-5-1972 | 13,028-06 | 13,028-06 | — |
| 24-12-1976 | 31,699-69 | 31,699-69 | — |
| 10-3-1978 | 2,45,274-88 | 2,45,274-88 | — |
| 24-12-1979 | 1,78,106-25 | 2,78,106-25 | — |
| 11-4-1981 | 5,98,620-52 | | |
| ,, | 46,31,984-37 | | |
| ,, | 26,91,316-25 | 2,16,77,573-19 | 7,06,604-18 |
| ,, | 15,81,329-16 | | |
| 30-4-1981 | 1,21,87,891-66 | | |
| ,, | 6,92,635-41 | | |
| | 2,23,84,177-37 | | |
| 12-8-1981 | 96,312-50 | 96,312-50 | — |
| 12-8-1981 | 51,031-25 | 51,031-25 | — |
| | 3,88,83,320-98 | 3,81,76,716-80 | 7,06604-18 |

Original with;
Punjab Vidhan Sabha
Digitized by;
Panjab Digital Library

## INQUIRY PENDING AGAINST ANY PANCHAYAT SARPANCH/PANCH OF DISTRICT PATIALA

**257. Sardar Dalip Singh Pandhi**: Will the Minister for Development be pleased to state whether any enquiry is pending against any Panchayat/Sarpanch/Panch in Patiala District ; if so, details thereof and the approximate time by which it is likely to be completed?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਹਾਂ ਜੀ । ਪਟਿਆਲਾ ਜ਼ਿਲ੍ਹੇ ਸਬੰਧੀ ਲੰਬਤ ਪੜਤਾਲਾਂ ਦੀ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ । ਇਨ੍ਹਾਂ ਪੜਤਾਲਾਂ ਨੂੰ ਘੱਟ ਤੋਂ ਘੱਟ ਸੰਭਵ ਸਮੇਂ ਵਿਚ ਮੁਕੰਮਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ ।

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਪਟਿਆਲਾ ਦੇ ਪੰਚਾਂ/ਸਰਪੰਚਾਂ ਵਿਰੁੱਧ ਪੜਤਾਲਾਂ ਦੀ ਸੂਚੀ

ਮੁੱਢਲੀਆਂ ਪੜਤਾਲਾਂ

| ਲੜੀ ਨੰ: | ਪੰਚ/ਸਰਪੰਚ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਬਲਾਕ | ਜਿਸ ਮਿਤੀ ਨੂੰ ਮੁਢਲੀ ਪੜਤਾਲ ਇਨਕੁਆਇਰੀ ਅਫਸਰ ਨੂੰ ਸੌਂਪੀ ਗਈ। | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 1. | ਸਰਪੰਚ | ਢਕੌਲੀ | ਡੇਰਾ ਬਸੀ | 28-7-82 | ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। |
| 2. | ਸਰਪੰਚ | ਹੇਬਤਪੁਰ | ,, | 23-8-82 | ,, |
| 3. | ਸਰਪੰਚ | ਦਦਰਾਲਾ | ,, | 10-9-82 | ,, |
| 4. | ਸਰਪੰਚ | ਬਲਟਾਨਾ | ,, | 7-10-80 | ,, |
| 5. | ਸਰਪੰਚ | ਜੰਡੋਲੀ | ,, | 29-7-82 | ,, |
| 6. | ਪੰਚ | ਧਰਮਗੜ੍ਹ | ,, | 30-3-82 | ,, |
| 7. | ਸਰਪੰਚ | ਪੰਡਵਾਲਾ | ,, | 25-5-82 | ,, |
| 8. | ਅਜਮੇਰ ਸਿੰਘ, ਪੰਚ | ਚੰਡਿਆਲਾ | ,, | 25-1-82 | ,, |
| 9. | ਭਜਨ ਸਿੰਘ, ਪੰਚ | ਪਰਾਗਪੁਰ | ,, | 12-3-81 | ,, |
| 10. | ਸਰਪੰਚ | ਡੇਹਰ | ,, | 15-12-81 | ,, |

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਪਟਿਆਲਾ ਦੇ ਪੰਚਾਂ/ਸਰਪੰਚਾਂ ਵਿਰੁਧ ਪੜਤਾਲਾਂ ਦੀ ਸੂਚੀ

ਮੁੱਢਲੀਆਂ ਪੜਤਾਲਾਂ

| ਲੜੀ ਨੰ. | ਪੰਚ/ਸਰਪੰਚ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਬਲਾਕ | ਜਿਸ ਮਿਤੀ ਨੂੰ ਮੁਢਲੀ ਪੜਤਾਲ ਇਨਕੁਆਇਰੀ ਅਫਸਰ ਨੂੰ ਸੌਂਪੀ ਗਈ । | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 11. | ਸ੍ਰੀ ਅਜਮੇਰ ਸਿੰਘ, ਪੰਚ | ਮੁਬਾਰਕਪੁਰ | ਡੇਰਾ ਬਸੀ | 7-5-82 | ਰਿਪੋਟ ਦੀ ਉਡੀਕ ਕੀਤੀ ਜਾ ਰਹੀ ਹੈ। |
| 12. | ਸਰਪੰਚ/ਪੰਚ | ਘਨੌਲੀ | ,, | 13-1-81 | ਰਿਪੋਟ ਮਿਤੀ 18-5-81 ਨੂੰ ਭੇਜੀ ਸੀ, ਪਰ ਰਿਪੋਟ ਨਾਲ ਬੀ.ਡੀ.ਪੀ.ਓ. ਡੇਰਾ ਬਸੀ ਦੀ ਰਿਪੋਟ ਦੀ ਨਕਲ ਨਹੀਂ ਭੇਜੀ। ਉਨ੍ਹਾ ਪਾਸੋਂ ਜੋ ਮਿਤੀ 30-7-81 ਨੂ ਮੰਗੀ ਸ਼ੀ ਪਰ ਅਜੇ ਤੱਕ ਰਿਪੋਟ ਦੀ ਉਡੀਕ ਹੈ । |
| 13. | ਸਰਪੰਚ | ਦਿਸਾਪੁਰ ਹੋਣੀ | ,, | 7-7-81 | ਰਿਪੋਟ ਦੀ ਉਡੀਕ ਹੈ। |
| 14. | ਸਰਪੰਚ | ਬੇਰਮਾਜਰ | ,, | 10-2-81 | ,, |
| 15. | ਸਰਪੰਚ | ਸੁਰਜਪੁਰ | ,, | 8-7-81 | ,, |
| 16. | ਭੁਲਾ ਸਿੰਘ, ਸਰਪੰਚ | ਕਸੌਲੀ | ,, | 10-4-81 | ,, |
| 17. | ਦਰਬਾਰਾ ਸਿੰਘ, ਸਰਪੰਚ | ਬਜੀਦਪੁਰ | ਬਸੀ ਪਠਾਣਾ | 27-7-81 | ,, |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 18. | ਸਰਪੰਚ | ਬਹਾਦਰਗੜ੍ਹ | ,, | 26-5-82 | ,, |
| 19. | ਸਰਪੰਚ | ਫਤਿਹਪੁਰ ਅਰਾਈਆਂ | ,, | 8-7-81 | ,, |
| 20. | ਬੂਹੜ ਸਿੰਘ ਪੰਚ | ਬਲਾਹੜੀ | ,, | 2-7-80 | ,, |
| 21. | ਸਰਪੰਚ | ਬਲਾਹੜਾ ਰੱਬ ਦਾ | ,, | 25-9-81 | ,, |
| 22. | ਸਰਪੰਚ | ਝਾਮਪੁਰ | ,, | 21-1-82 | ,, |
| 23. | ਇਸਰ ਸਿੰਘ ਪੰਚ | ਕਲੋੜ | ਸਰਹਿੰਦ | 17-6-82 | ,, |
| 24. | ਸਰਪੰਚ | ਮੁਕਾਰਮਪੁਰ | ,, | 18-5-82 | ,, |
| 25. | ਸ਼ੇਰ ਸਿੰਘ ਪੰਚ | ਬਾਜਮਾ | ਬਸੀ ਪਠਾਣਾ | 9-6-82 | ,, |
| 26. | ਸਰਪੰਚ | ਨਾਨੋਵਾਲ | ,, | 21-1-82 | ,, |
| 27. | ਸਰਪੰਚ | ਪਸੌਰ | ,, | 21-1-82 | ,, |
| 28. | ਸ੍ਰੀਮਤੀ ਅਮਰ ਕੌਰ | ਝਾਂਮਪੁਰ | ,, | 9-6-82 | ,, |
| 29. | ਸਰਪੰਚ | ਸ਼ਾਹਪੁਰ | ਸਮਾਣਾ | 10-4-81 | ,, |
| 30. | ਪਿਆਰਾ ਸਿੰਘ ਸਰਪੰਚ | ਦਾਨੀਪੁਰ | ,, | 11-5-81 | ,, |
| 31. | ਸਰਪੰਚ | ਆਲਮਪੁਰ | ,, | 18-5-82 | ,, |
| 32. | ਹਰੀ ਸਿੰਘ ਸਰਪੰਚ | ਕਾਦਰਬਾਦ | ,, | 25-5-82 | ,, |
| 33. | ਮਲਕੂਲ ਸਿੰਘ, ਸਰਪੰਚ | ਨਾਈਵਾਲਾ | ,, | 24-8-81 | ,, |
| 34. | ਸਰਪੰਚ | ਧਰਮਗੜ੍ਹ | ,, | 10-9-81 | ,, |
| 35. | ਪ੍ਰੀਤਮ ਦਾਸ, ਸਰਪੰਚ | ਕੁਲਾਰਾਂ | ,, | 3-11-81 | ,, |

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਪਟਿਆਲਾ ਦੇ ਪੰਚਾਂ/ਸਰਪੰਚਾਂ ਵਿਰੁੱਧ ਪੜਤਾਲਾਂ ਦੀ ਸੂਚੀ

ਮੁਢਲੀਆਂ ਪੜਤਾਲਾਂ

| ਲੜੀ ਨੰ: | ਪੰਚ/ਸਰਪੰਚ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਬਲਾਕ | ਜਿਸ ਮਿਤੀ ਨੂੰ ਮੁਢਲੀ ਪੜਤਾਲ ਇਨਕੁਆਇਰੀ ਅਫਸਰ ਨੂੰ ਸੌਂਪੀ ਗਈ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | |
| 36. | ਪੰਚ | ਮਾਜੀਪੁਰ | ਸਮਾਣਾ | 1-12-80 | ਰਿਪੋਟ ਦੀ ਉਡੀਕ ਹੈ। |
| 37. | ਸਰਪੰਚ | ਕੁਲਬਾਨੋ | ,, | 1-1-82 | ,, |
| 38. | ਸਰਪੰਚ/ਪੰਚ | ਹਾੜੇਵਾਲ | ,, | 21-1-82 | ,, |
| 39. | ਸਰਪੰਚ | ਲੁਕਤੀ ਮਾਜਰਾ | ,, | 8-7-81 | ,, |
| 40. | ਸਰਪੰਚ/ਪੰਚ | ਦੌਲਤਪੁਰ | ,, | 22-6-82 | ,, |
| 41. | ਸਰਪੰਚ | ਕਰਤਾਰਪੁਰ ਮੋਮੀਆਂ | ,, | 9-7-82 | ,, |
| 42. | ਰਾਮ ਸਿੰਘ ਸਰਪੰਚ | ਤੁਲੇਵਾਲ | ,, | 22-6-82 | ,, |
| 43. | ਸਰਪੰਚ | ਕਰੀਮ ਨਗਰ ਉਰਫ ਰਿਚਤਵਾਲ | ,, | 26-11-81 | ,, |
| 44. | ਪਰਮਜੀਤ ਸਿੰਘ ਪੰਚ | ਭੂਤਗੜ੍ਹ | ,, | 16-1-81 | ,, |
| 45. | ਸਰਪੰਚ | ਖਾਂਗ | ,, | 6-8-81 | ,, |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 46. | ਸਰਪੰਚ | ਮਾਵੀ ਕਲਾਂ | ,, | 23-7-81 | ,, |
| 47. | ਸਰਪੰਚ | ਸਧਾਰਣਪੁਰ | ,, | 8-7-81 | ,, |
| 48. | ਸਰਪੰਚ | ਘਰਨੇਟੂ | ,, | 23-12-81 | ,, |
| 49. | ਕਸਮੀਰ ਸਿਘ, ਤੇਜਾ ਰਾਮ ਅਤੇ ਵਿਸਾ ਸਿੰਘ ਪੰਚ | ਜੈਖਰ | ,, | 7-4-80 | ,, |
| 50. | ਦਿਵਾਨ ਸਿੰਘ, ਸਰਪੰਚ | ਜੋਗੇਵਾਲਾ | ,, | 29-8-80 | ,, |
| 51. | ਸਰਪੰਚ | ਘੜਾਮ | ਭੁਨਰਹੇੜੀ | 25-9-81 | ,, |
| 52. | ਸਰਪੰਚ | ਖ਼ਾਟਵਾਂ ਖੁਰਦ | ,, | 19-3-81 | ,, |
| 53. | ਪੰਚ | ਬਲਬੇੜਾ | ,, | 14-5-82 | ,, |
| 54. | ਪਿਆਰਾ ਸਿੰਘ, ਸਰਪੰਚ | ਧਨੌਰੀ | ,, | 10-12-80 | ,, |
| 55. | ਸਰਪੰਚ | ਰੋਹੜ ਜਗੀਰ | ,, | 1-4-82 | ,, |
| 56. | ਪੰਚ | ਤੇਜਾ | ,, | 20-4-82 | ,, |
| 57. | ਸਰਪੰਚ | ਘਿਉਰਾ | ,, | 10-10-78 | ,, |
| 58. | ਸਰਪੰਚ | ਦੂਦਨ ਸਾਧਾ | ,, | 5-11-81 | ,, |
| 59. | ਸਰਪੰਚ | ਲਲੋਛੀ | ਪਟਿਆਲਾ | 2-7-81 | ,, |
| 60. | ਸਰਪੰਚ | ਗੁਥਮੜ | ਭੁਨਰਹੇੜੀ | 8-7-81 | ,, |
| 61. | ਸਰਪੰਚ | ਹਰਾਨਾ | ,, | 20-6-80 | ,, |
| 62. | ਸਰਪੰਚ | ਬਿਸ਼ਨਗੜ੍ਹ | ,, | 14-8-81 | ,, |

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਪਟਿਆਲਾ ਦੇ ਪੰਚਾਂ/ਸਰਪੰਚਾ ਵਿਰੁੱਧ ਪੜਤਾਲਾਂ ਦੀ ਸੂਚੀ

ਮੁਢਲੀਆਂ ਪੜਤਾਲਾਂ

| ਲੜੀ ਨੰ: | ਪੰਚ/ਸਰਪੰਚ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਬਲਾਕ | ਜਿਸ ਮਿਤੀ ਨੂੰ ਮੁਢਲੀ ਪੜਤਾਲ ਇਨਕੁਆਇਰੀ ਅਫਸਰ ਨੂੰ ਸੌਂਪੀ ਗਈ। | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 63. | ਮਨੋਹਰ ਸਿੰਘ ਸਰਪੰਚ | ਚਿੜਵਾ | ਭੁਨਰਹੇੜੀ | 9-12-81 | ਰਿਪੋਟ ਦੀ ਉਡੀਕ ਹੈ। |
| 64. | ਪੰਚ | ਕਛਵਾਂ | ,, | 8-1-81 | ,, |
| 65. | ਰਾਮ ਸਿੰਘ ਸਰਪੰਚ | ਪੁਨਿਆ ਖਾਨਾ | ,, | 4-6-79 | ,, |
| 66. | ਸਰਪੰਚ | ਹਰਦਾਸਪੁਰ | ਪਟਿਆਲਾ | 7-9-82 | ,, |
| 67. | ਸਰਪੰਚ | ਬਰਸਟ | ,, | 25-8-82 | ,, |
| 68. | ਸਰਪੰਚ | ਅਲੀਪੁਰ ਅਰਾਈਆਂ | ,, | 27-8-82 | ,, |
| 69. | ਸਰਪੰਚ | ਸ਼ੇਰ ਮਾਜਰਾ | ,, | 10-9-81 | ,, |
| 70. | ਸਰਪੰਚ | ਦੁਗਾਲ ਖੁਰਦ | ,, | 25-6-82 | ,, |
| 71. | ਨਛੱਤਰ ਸਿੰਘ, ਸਰਪੰਚ | ਸਿੱਧੂ ਵਾਲ | ,, | 19-5-82 | ,, |
| 72. | ਸਰਪੰਚ/ਪੰਚ | ਧੰਦੋਦਾ | ,, | 28-7-82 | ,, |

Original with; Punjab Vidhan Sabha Digitized by; Panjab Digital Library

| | | | | | |
|---|---|---|---|---|---|
| 73. | ਬਾਬੂ ਰਾਮ, ਸਰਪੰਚ | ਰਾਏਪੁਰ | ,, | 27-11-81 | ,, |
| 74. | ਸਰਪੰਚ | ਹਸਨਪੁਰ ਪਰੋੜਾ | ,, | 24-12-81 | ,, |
| 75. | ਸਾਬਕਾ ਸਰਪੰਚ | ਧਨੌਰੀ | ,, | 4-2-81 | ,, |
| 76. | ਸਰਪੰਚ | ਮੋਹੂ | ਰਾਜਪੁਰਾ | 24-7-81 | ,, |
| 77. | ਸਰਪੰਚ | ਮਛਰਾਈ ਖੁਰਦ | ਸਰਹਿੰਦ | 20-4-81 | ,, |
| 78. | ਸਰਪੰਚ | ਬਲੀਪੁਰ | ਪਟਿਆਲਾ | 30-11-81 | ,, |
| 79. | ਸਰਪੰਚ | ਪੰਜੋਲੀ ਕਲਾਂ | ,, | 21-1-82 | ,, |
| 80. | ਸਰਪੰਚ | ਚਲੈਲਾ | ,, | 12-6-81 | ,, |
| 81. | ਸਰਪੰਚ | ਬਾਗ ਸਕੰਦਰ | ,, | 6-7-81 | ,, |
| 82. | ਸਰਪੰਚ | ਡਾਲੋ ਮਾਜਰਾ | ,, | 18-9-79 | ,, |
| 83. | ਸਰਪੰਚ/ਪੰਚ | ਨੂਰਪੁਰ | ,, | 27-11-81 | ,, |
| 84. | ਸਰਪੰਚ | ਰਾਈ ਮਾਜਰਾ | ,, | 19-7-82 | ,, |
| 85. | ਸਰਪੰਚ | ਮੁਗਰਮਪੁਰ | ,, | 18-5-81 | ,, |
| 86. | ਸਰਪੰਚ | ਹਰਨਾਮ ਨਗਰ | ,, | 30-3-82 | ,, |
| 87. | ਸਰਪੰਚ | ਮਾਜਰਾ ਨੱਥੇਵਾਲ | ,, | 6-7-81 | ,, |
| 88. | ਸਰਪੰਚ | ਅਮਰਗੜ੍ਹ ਉਰਫ ਪੰਜੋਲੀ | ,, | 18-5-82 | ,, |
| 89. | ਬਜਨ ਸਿੰਘ ਪੰਚ | ਖੜੀ ਮਾਨੀਆਂ | ,, | 23-6-82 | ਮੁਢਲੀ ਰਿਪੋਟ ਮਿਲਣ ਤੇ ਰੈਗੂਲਰ ਪੜਤਾਲ ਸੌਂਪੀ ਜਾ ਰਹੀ ਹੈ । |

[ਵਿਕਾਸ ਮੰਤਰੀ]

ਜ਼ਿਲਾ ਪਟਿਆਲਾ ਦੇ ਪੰਚਾਂ/ਸਰਪੰਚਾਂ ਵਿਰੁੱਧ ਪੜਤਾਲਾਂ ਦੀ ਸੂਚੀ

ਮੁਢਲੀਆਂ ਪੜਤਾਲਾਂ—ਚਲਦਾ

| ਲੜੀ ਨੰ: | ਪੰਚ/ਸਰਪੰਚ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਬਲਾਕ | ਜਿਸ ਮਿਤੀ ਨੂੰ ਮੁਢਲੀ ਪੜਤਾਲ ਇਨਇਕੁਆਰੀ ਅਫਸਰ ਨੂੰ ਸੌਂਪੀ ਗਈ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 90. | ਸਰਪੰਚ | ਜਾਗੋ | ਸਰਹਿੰਦ | 30-11-81 | ਰਿਪੋਟ ਦੀ ਉਡੀਕ ਹੈ । |
| 91. | ਸਰਪੰਚ | ਸਲੇਮਪੁਰ | ,, | 20-4-81 | ,, |
| 92. | ਗੁਰਦੇਵ ਸਿੰਘ, ਸਰਪੰਚ | ਰੁੜਕੀ | ,, | 9-2-81 | ,, |
| 93. | ਸਰਪੰਚ | ਮਲਕੋ ਮਾਜਰਾ | ,, | 11-8-82 | ,, |
| 94. | ਸਰਪੰਚ | ਮਹਾਦੀਆਂ | ,, | 15-5-81 | ,, |
| 95. | ਸਰਪੰਚ | ਹਰਬੰਸ ਪੁਰਾ | ,, | 27-11-81 | ,, |
| 96. | ਦਰਬਾਰਾ ਸਿੰਘ, ਪੰਚ | ਨੌਲੱਖਾ | ,, | 19-3-81 | ,, |
| 97. | ਸਾਬਕਾ ਪੰਚ | ਬਾਨਪੁਰ | ,, | 24-4-81 | ,, |
| 98. | ਸਰਪੰਚ | ਨਰੈਣਗੜ੍ਹ ਛੱਨਾਂ | ,, | 30-3-82 | ,, |
| 99. | ਸਰਪੰਚ | ਦੁਬੇੜਾ (ਦੁਫੇੜਾ) | ਬਸੀ ਪੱਠਾਣਾ | 12-6-81 | ,, |
| 100. | ਪੰਚ | ਚਨਾਲਾ | ਸਰਹਿੰਦ | 24-3-82 | ,, |

Original with; Punjab Vidhan Sabha Digitized by; Panjab Digital Library

| | | | | | |
|---|---|---|---|---|---|
| 101. | ਪੰਚ | ਮਾਧੋਪੁਰ | ,, | 15-5-80 | ,, |
| 102. | ਸਰਪੰਚ | ਰਾਜਿੰਦਰਗੜ੍ਹ | ,, | 6-7-81 | ,, |
| 103. | ਸਾਬਕਾ ਸਰਪੰਚ | ਭਰਪੂਰਗੜ੍ਹ | ,, | 24-4-81 | ,, |
| 104. | ਸਰਪੰਚ | ਖਲਾਲਮਾਜਰਾ | ,, | 15-4-81 | ,, |
| 105. | ਸਰਪੰਚ | ਗਾਰਦੀ ਨਗਰ | ਰਾਜਪੁਰਾ | 23-7-81 | ,, |
| 106. | ਸਰਪੰਚ | ਘਲੌਰ | ,, | 10-9-82 | ,, |
| 107. | ਗੁਰਦੇਵ ਸਿੰਘ ਸਰਪੰਚ | ਬੜਾਨਾ | ਡੇਰਾ ਬਸੀ | 14-1-80 | ,, |
| 108. | ਸਰਪੰਚ | ਚੇਹਰਮਾਜਰਾ | ਰਾਜਪੁਰਾ | 27-11-81 | ,, |
| 109. | ਸਰਪੰਚ | ਮਨੌਲੀ | ,, | 15-10-81 | ,, |
| 110. | ਸਰਪੰਚ | ਅਮਰਾਲਾ | ਡੇਰਾ ਬਸੀ | 21-7-78 | ,, |
| 111. | ਪੰਚ | ਨਾਭਾ | ਰਾਜਪੁਰਾ | 12-4-82 | ,, |
| 112. | ਪੰਚ/ਸਰਪੰਚ | ਭਨਾਰੀ | ਪਟਿਆਲਾ | 18-8-80 | ,, |
| 113. | ਸਰਪੰਚ | ਨਰਾਲਾ | ਡੇਰਾ ਬਸੀ | 23-7-81 | ,, |
| 114. | ਸੁਚਾ ਸਿੰਘ ਸਰਪੰਚ | ਨਲੌਦਾ | ਨਾਭਾ | 6-8-81 | ,, |
| 115. | ਸਰਪੰਚ | ਜਸੋਮਾਜਰਾ | ,, | 2-7-80 | ,, |
| 116. | ਸਰਪੰਚ | ਨਰਵਾਨਾ | ,, | 22-12-80 | ,, |

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਪਟਿਆਲਾ ਦੇ ਪੰਚਾਂ/ਸਰਪੰਚਾਂ ਵਿਰੁਧ ਪੜਤਾਲਾਂ ਦੀ ਸੂਚੀ

ਮੁੱਢਲੀਆਂ ਪੜਤਾਲਾਂ—ਚਲਦਾ

| ਲੜੀ ਨੰ: | ਪੰਚ/ਸਰਪੰਚ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਬਲਾਕ | ਜਿਸ ਮਿਤੀ ਨੂੰ ਮੁੱਢਲੀ ਪੜਤਾਲ ਇਨਕੁਆਇਰੀ ਅਫ਼ਸਰ ਨੂੰ ਸੌਂਪੀ ਗਈ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 117. | ਪੰਚ | ਬਰੇ | ਨਾਭਾ | 19-6-80 | ਰਿਪੋਟ ਦੀ ਉਡੀਕ ਹੈ। |
| 118. | ਸਰਪੰਚ | ਕਲਿਹਾਣਾ | ,, | 7-12-81 | ,, |
| 119. | ਸਾਬਕਾ ਸਰਪੰਚ | ਕਲਸਨਾ | ,, | 27-11-81 | ,, |
| 120. | ਸਰਪੰਚ | ਰਾਮਪੁਰ ਸਈਆਵਾਲ | ,, | 24-11-81 | ,, |
| 121. | ਪੰਚ | ਫਖਲੀਆ ਕਲਾਂ | ,, | 7-5-81 | ,, |
| 122. | ਸਾਬਕਾ ਸਰਪੰਚ | ਮਨਸੂਰ ਪੁਰ | ,, | 20-4-81 | ,, |
| 123. | ਸਰਪੰਚ | ਰੋਹੇ | ,, | 24-7-81 | ,, |
| 124. | ਸਰਪੰਚ | ਨਸਰਾਲੀ | ,, | 8-4-81 | ,, |
| 125. | ਸਰਪੰਚ | ਅਜਨੌਦਾ ਕਲਾਂ | ,, | 11-8-81 | ,, |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 126. | ਸਰਪੰਚ | ਹਸਨਪੁਰ | ,, | 18-3-82 | ,, |
| 127. | ਸਰਪੰਚ | ਭੰਮਾਰਸੀ ਬੁਲੰਦ | ,, | 24-3-82 | ,, |
| 128. | ਸਰਪੰਚ | ਬੂਟੀ | ,, | 27-11-81 | ,, |
| 129. | ਸਰਪੰਚ | ਸਧਰੌਲੀ | ,, | 9-6-82 | ,, |
| 130. | ਸਰਪੰਚ | ਮਫੋਰ | ,, | 24-3-82 | ,, |
| 131. | ਪੰਚ | ਘੁੰਡਰ | ,, | 3-9-82 | ,, |
| 132. | ਸਰਪੰਚ | ਬਹੇੜਾ | ਡੇਰਾ ਬਸੀ | 15-3-82 | ,, |
| 133. | ਨਰੰਗ ਸਿੰਘ ਸਰਪੰਚ | ਵਜ਼ੀਰਾਬਾਦ | ਬਸੀ ਪਠਾਣਾ | 9-6-82 | ,, |
| 134. | ਸਰਪੰਚ | ਬਹੋਲੀ | ਡੇਰਾ ਬਸੀ | 30-4-81 | ,, |
| 135. | ਸਰਪੰਚ | ਦਮਨਹੇੜੀ | ਰਾਜਪੁਰਾ | 6-11-80 | ,, |
| 136. | ਸਾਬਕਾ ਸਰਪੰਚ | ਰਾਮਪੁਰ ਕਲਾਂ | ,, | 29-9-81 | ,, |
| 137. | ਸਰਪੰਚ | ਲੋਹੰਡ | ,, | 2-7-81 | ,, |
ਲੋਕ ਨਿਰਮਾਣ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗੌਰਮਿੰਟ ਦੀ ਜੁਆਇੰਟ ਰਿਸਪੌਨਸੀਬਿਲਟੀ ਹੈ। ਚੀਫ਼ ਮਨਿਸਟਰ ਸਾਹਿਬ ਹਾਊਸ ਵਿੱਚ ਬੈਠੇ ਨਹੀਂ ਹਨ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਮੇਰਾ ਜਾਂ ਕਿਸੇ ਵੀ ਮਨਿਸਟਰ ਸਾਹਿਬ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਨਟਰਵੀਨ ਕਰ ਸਕਦਾ ਹੈ। ਇਥੇ ਬੜੀਆਂ ਬੇਬੁਨਿਆਦ ਗੱਲਾਂ ਕਹੀਆਂ ਗਈਆਂ ਹਨ ਔਰ ਕਹੀਆਂ ਜਾ ਰਹੀਆਂ ਹਨ। ਜੇ ਸਰਕਾਰ ਤੇ ਕਿਸੇ ਕਿਸਮ ਦਾ ਕੋਈ ਚਿਕੜ ਸੁਟਿਆ ਜਾਵੇ ਅਤੇ ਉਸ ਦੇ ਲਈ ਅੰਗਰ ਮਨਿਸਟਰ ਕੋਈ ਬੋਲਣ ਲਈ ਖੜਾ ਹੋਵੇ ਤਾਂ ਡਾਕਟਰ ਸਾਹਿਬ ਤੁਸੀਂ ਇਸ ਗੱਲ ਦਾ ਇਤਰਾਜ਼ ਕਰੋ ਤਾਂ ਇਹ ਗੱਲ ਕੋਈ ਸੋਭਾ ਨਹੀਂ ਦਿੰਦੀ। ਗੌਰਮੈਂਟ ਦੀ ਜੁਆਇੰਟ ਰਿਸਪੌਨਸੀਬਿਲਟੀ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਿਖ ਕਲਚਰ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਮੈਂ ਇਸ ਗੱਲ ਨੂੰ ਡਿਨਾਈ ਕਰਦਾ ਹਾਂ। ਸਿਖ ਕਲਚਰ ਜਾਂ ਕਿਸੇ ਵੀ ਕਲਚਰ ਨੂੰ ਸਾਡੇ ਇਸ ਪੀਰੀਅਡ ਵਿਚ ਬਿਲਕੁਲ ਕੋਈ ਯਤਨ ਨਹੀਂ ਕੀਤਾ ਗਿਆ ਖ਼ਤਮ ਕਰਨ ਦਾ।

**Doctor Bhagat Singh**: Speaker Sahib, on what motion he is speaking and under what rule ?

**Public Works Minister**: Sir, I am on a point of Order. I have got a right to intervene. Why should I not intervene ?

**Doctor Bhagat Singh**: Under which Rules ? Sir, there are certain Rules in the Rules of Procedure and Conduct of Business in the Punjab Vidhan Sabha, Under what rule he is speaking?
ਹੌਸਲਾ ਕਰਕੇ, ਬੈਠ ਕੇ ਹੌਸਲਾ ਰੱਖ ਕੇ ਗੱਲਾਂ ਸੁਣੋ।

ਲੋਕ ਨਿਰਮਾਣ ਮੰਤਰੀ: ਸਪੀਕਰ ਸਾਹਿਬ, ਮੇਰਾ ਵੀ ਰਾਈਟ ਹੈ ਕਿ ਮੈਂ ਕੁਝ ਬੋਲਾਂ। ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਇਸ ਕਰਕੇ ਇੰਟਰਵੀਨ ਕਰ ਰਿਹਾ ਹਾਂ ਕਿ ਸਾਡਾ ਧਰਮ ਜਿਹੜਾ ਹੈ ਡਾਕਟਰ ਸਾਹਿਬ ਦਾ ਵੀ ਉਹੀ ਧਰਮ ਹੈ।

ਡਾਕਟਰ ਭਗਤ ਸਿੰਘ: ਮੇਰੀ ਕਾਂਸ਼ੀਐਂਸ ਪ੍ਰਮਿਟ ਨਹੀਂ ਕਰਦੀ। You may go against the rules.

**Mr. Speaker**: I will not go against the rules.

Original with;
Punjab Vidhan Sabha
Digitized by;
Panjab Digital Library

**Doctor Bhagat Singh**: What is the Point of Order ?

**Public Works Minister** (Sardar Beant Singh): A Minister has got every right to intervene.

**ਸ੍ਰੀ ਸਪੀਕਰ**: ਵੈਸੇ ਤਾਂ ਮੰਤਰੀ ਮਹੋਦਯ ਜੀ ਇਹ ਗੱਲ ਠੀਕ ਹੈ ਪਰ ਉਹ ਜਵਾਬ ਦਿਉ ਜਿਹੜਾ ਇਨ੍ਹਾਂ ਦਾ ਪੁਆਇੰਟ ਕਵਰ ਕਰਦਾ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਜ਼ਰੂਰੀ ਹੈ ਕਿ ਸਾਨੂੰ ਮਾਨਯੋਗ ਮੈਂਬਰਾਂ ਨੂੰ ਬੋਲਦਿਆਂ ਹੋਇਆ ਬਜਟ ਵਾਲੇ ਪਾਸੇ ਹੀ ਖਿਆਲ ਕਰਨਾ ਚਾਹੀਦਾ ਹੈ ਅਤੇ ਉਥੋਂ ਤਕ ਹੀ ਮਹਿਦੂਦ ਰਹਿਣਾ ਚਾਹੀਦਾ ਹੈ ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਬ, ਮੈਂ ਬਜਟ ਤੇ ਬੋਲ ਰਿਹਾ ਹਾਂ । ਗਰੀਬ ਆਦਮੀ ਦਾ ਪੈਸਾ ਖਰਚ ਹੋ ਰਿਹਾ ਹੈ । ਇਹ ਮੈਨੂੰ ਬੋਲਣ ਨਹੀਂ ਦੇ ਰਹੇ ।

**ਲੋਕ ਨਿਰਮਾਣ ਮੰਤਰੀ**: ਸਪੀਕਰ ਸਾਹਿਬ, ਤੁਸੀਂ ਪਿਛਲੇ ਪ੍ਰੈਸੀਡੈਂਟਸ ਕਢਵਾ ਕੇ ਦੇਖ ਲਓ । ਬਹੁਤ ਸਾਰੇ ਪ੍ਰੈਸੀਡੈਂਟਸ ਸਨ ਜਿਥੇ ਮਨਿਸਟਰਜ਼ ਹਮੇਸ਼ਾ ਇੰਟਰਵੀਨ ਕਰਦੇ ਰਹੇ ਹਨ ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਇਹ ਕੋਈ ਰੂਲ ਕੋਟ ਕਰ ਦੇਣ ।

**Mr. Speaker** Sardar Beant Singh ji, please conclude it now.

**Public Works Minister** (Sardar Beant Singh). Sir, he should cool down.

**Mr. Speaker**: I have not said 'cool down,' but I have said 'please conclude it now'.

**Public Works Minister** (Sardar Beant Singh): Sir, I am concluding it.

**Doctor Bhagat Singh**: He is going to be the Chief Minister.

**Public Works Minister** (Sardar Beant Singh): Sir, I refuse it. ਮੈਨੂੰ ਗੱਲ ਕਹਿ ਲੈਣ ਦਿਓ । ਡਾਕਟਰ ਸਾਹਿਬ, ਤੁਸੀਂ ਬੈਠੋ (ਵਿਘਨ)

ਡਾਕਟਰ ਭਗਤ ਸਿੰਘ: ਅੰਤ ਵਿਚ ਇਹ ਸਰਕਾਰ ਵਲੋਂ ਜਵਾਬ ਦੇ ਦੇਣਗੇ ਹੁਣ ਇਹ ਬੈਠਣ ।

ਸ੍ਰੀ ਸਪੀਕਰ: ਮੰਤਰੀ ਜੀ ਜਵਾਬ ਦੇ ਰਹੇ ਹਨ ।

ਡਾਕਟਰ ਭਗਤ ਸਿੰਘ: ਮੈਂ ਤਾਂ ਹਾਲੇ ਬੋਲਿਆ ਹੀ ਕੁਝ ਨਹੀਂ ।

ਸ੍ਰੀ ਸਪੀਕਰ: ਮੰਤਰੀ ਜੀ, ਤੁਸੀਂ ਕਨਕਲੂਡ ਕਰੋ ।

ਲੋਕ ਨਿਰਮਾਣ ਮੰਤਰੀ: ਸਪੀਕਰ ਸਾਹਿਬ, ਇਥੇ ਪ੍ਰੈਸੀਡੈਂਟਸ ਹਨ ਕਿ ਅੱਧਾ ਅੱਧਾ ਘੰਟਾ ਮਨਿਸਟਰ ਸਾਹਿਬ ਖੜੇ ਹੋ ਕੇ ਇੰਟਰਵੀਨ ਕਰਦੇ ਰਹੇ ਅਤੇ ਬੋਲਦੇ ਰਹੇ ਹਨ ।

Original with;
Punjab Vidhan Sabha
Digitized by;
Panjab Digital Library

ਡਾਕਟਰ ਭਗਤ ਸਿੰਘ: ਕਿਸ ਇਸ਼ੂ ਤੇ?

**Public Works Minister** (Sardar Beant Singh): I have got a right to intervene.

**Doctor Bhagat Singh**: I have not mentioned your name.

**Public Works Minister** (Sardar Beant Singh): You have mentioned the name of Chief Minister. We have got collective responsibility.

ਸਪੀਕਰ ਸਾਹਿਬ, ਇਹ ਕੋਈ ਗੱਲ ਹੈ । ਮੈਂ ਮੋਦਬਾਨਾ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਬਿਠਾਓ ।

ਸ੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਤਸ਼ਰੀਫ ਰਖੋ ।

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਮੈਂ ਕੋਈ ਇਤਰਾਜ਼ ਨਹੀਂ ਕਰ ਰਿਹਾ, ਪਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਹੜੇ ਰੂਲ ਥਲੇ ਬੋਲ ਰਹੇ ਹਨ ।

**Public Works Minister** (Sardar Beant Singh): I am answering those points, which have mentioned from the magazine.

**ਜਥੇਦਾਰ ਗੁਰਬਚਨ ਸਿੰਘ**: ਇਸ ਤਰ੍ਹਾਂ ਤੁਸੀਂ ਸਾਡੇ ਹੱਕਾਂ ਤੇ ਛਾਪੇ ਨਹੀਂ ਮਾਰ ਸਕਦੇ । ਇਸ ਤਰ੍ਹਾਂ ਅਸੀਂ ਬਿਲਕੁਲ ਹਾਊਸ ਵਿਚੋਂ ਨਹੀਂ ਨਿਕਲਨਾ । ਜਦੋਂ ਤੁਸੀਂ ਬੋਲਦੇ ਹੋ ਅਸੀਂ ਸੁਣਦੇ ਹਾਂ ਤੁਸੀਂ ਵੀ ਹੌਸਲਾ ਰਖ ਕੇ ਸੁਣੋ ।

**Mr. Speaker**; Please sit down.

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : ਲੋਕ ਬੰਬ ਸੁਟ ਜਾਂਦੇ ਹਨ ਚੀਫ ਮਨਿਸਟਰ ਤੇ ਅਤੇ ਫੜਿਆ ਕੋਈ ਨਹੀਂ ਜਾਂਦਾ । ਇਹ ਕਹਿਣਾ ਕਿ ਕੋਈ ਗਲ ਨਹੀਂ ਔਰ ਫਿਰ ਉਸ ਦੇ ਲਈ ਦੋ ਅਰਬ ਰੁਪਿਆ ਲੈਣਾ ਹੈ (ਵਿਘਨ) ਅਸੀਂ ਬੋਲਾਂਗੇ ।

**ਲੋਕ ਨਿਰਮਾਣ ਮੰਤਰੀ** : ਸਪੀਕਰ ਸਾਹਿਬ, ਅੱਨ-ਫਾਊਂਡਿਡ ਗਲਾਂ ਕੀਤੀਆਂ ਜਾ ਰਹੀਆਂ ਹਨ ।

**ਸ੍ਰੀ ਸਪੀਕਰ** : ਮੰਤਰੀ ਜੀ ਕਨਕਲੂਡ ਕਰੋ ।

ਲੋਕ ਨਿਰਮਾਣ ਮੰਤਰੀ : ਸਪੀਕਰ ਸਾਹਿਬ, ਮੈਂ ਦੋ ਗਲਾਂ ਕਰਨੀਆਂ ਹਨ ਇਨ੍ਹਾਂ ਨੇ ਅਨਫਾਊਂਡਿਡ ਗਲਾਂ ਕੀਤੀਆਂ ਹਨ । ਇਕ ਤਾਂ ਇਹ ਕਿਹਾ ਹੈ ਕਿ ਸਿਖ ਧਰਮ ਨੂੰ ਖ਼ਤਮ ਕੀਤਾ ਗਿਆ ਹੈ । ਇਸ ਗਲ ਦਾ ਮੈਂ ਜਵਾਬ ਦੇਣਾ ਹੈ । ਮੈਂ ਕਹਿੰਦਾ ਹਾਂ ਕਿ ਧਰਮ ਮੇਰਾ ਵੀ ਸਿੱਖ ਹੈ ਅਤੇ ਇਨ੍ਹਾਂ ਦਾ ਵੀ ਸਿੱਖ ਹੈ । ਮੈਂ ਕਹਿੰਦਾ ਹਾਂ ਕਿ ਸਾਡੇ ਜਮਾਨੇ ਵਿਚ ਜਿੰਨੀ ਪਰਵਰਿਸ਼ ਸਾਰਿਆਂ ਧਰਮਾਂ ਦੀ ਹੋਈ ਹੈ, ਇਸ ਤੋਂ ਪਹਿਲਾਂ ਸ਼ਾਇਦ ਹੀ ਕੋਈ ਐਸੀ ਪ੍ਰੈਜ਼ੀਡੈਂਟ ਹੋਵੇ । ਸਾਡੇ ਚੀਫ ਮਨਿਸਟਰ ਸਾਹਿਬ ਭਾਵੇਂ ਕਾਂਗਰਸ ਪਾਰਟੀ ਵਿਚ ਹਨ ਪਰ ਉਹ ਅੰਮ੍ਰਿਤਧਾਰੀ ਸਿਖ ਹਨ ਅਤੇ ਸਿਖ ਧਰਮ ਦਾ ਪੂਰਾ ਪੂਰਾ ਸਤਿਕਾਰ ਕਰਦੇ ਹਨ । ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਗਵਾਲੀਅਰ ਵਿਚ ਆਪਣੇ ਡਿਸਕਰੀਸ਼ਨਰੀ ਫੰਡ ਵਿਚੋਂ 50 ਹਜ਼ਾਰ ਰੁਪਿਆ ਦਿਤਾ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਜਿਹੜਾ ਸਰੋਵਰ ਹੈ, ਉਸ ਦੀ ਸਫ਼ਾਈ ਲਈ ਕਿੰਨਾ ਪੈਸਾ ਸਰਕਾਰ ਨੇ ਦਿਤਾ ਸੀ ਤਾਕਿ ਸਿੱਖ ਸੰਗਤਾਂ ਉਥੇ ਜਾ ਸਕਣ। ਮੈਂ ਇਨ੍ਹਾਂ ਦੀ ਇਸ ਗਲ ਨੂੰ ਝੂਠੀ ਕਹਿੰਦਾ ਹਾਂ ਜੋ ਉਨ੍ਹਾਂ ਨੇ ਕਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਆਪਣੇ ਸਿਆਸੀ ਮਕਸਦ ਲਈ ਕਹਿ ਰਹੇ ਹਨ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਕੀ ਇਹ ਪੁਆਇੰਟ ਆਫ਼ ਆਰਡਰ ਹੈ ?

**ਲੋਕ ਨਿਰਮਾਣ ਮੰਤਰੀ** : ਸਪੀਕਰ ਸਾਹਿਬ, ਮੇਰੇ ਜਜ਼ਬਾਤ ਭੜਕ ਉਠੇ ਜਦੋਂ ਇਨ੍ਹਾਂ ਨੇ ਸਿੱਖ ਕਲਚਰ ਜਾਂ ਹਿੰਦੂ ਕਲਚਰ ਦੀਆਂ ਗੱਲਾਂ ਕੀਤੀਆਂ।

**ਡਾਕਟਰ ਭਗਤ ਸਿੰਘ** : ਇਨ੍ਹਾਂ ਦੇ ਲਾਲਾ ਕੇਵਲ ਕ੍ਰਿਸ਼ਨ ਨੇ ਰੁਪਿਆ ਦੇ ਦਿਤਾ।

**ਲੋਕ ਨਿਰਮਾਣ ਮੰਤਰੀ** : ਸਪੀਕਰ ਸਾਹਿਬ, 'ਲਾਲਾ' ਕਹਿਣ ਦਾ ਕੀ ਮਤਲਬ, ਉਹ ਮਨਿਸਟਰ ਸਾਹਿਬ ਹਨ।

ਸਪੀਕਰ ਸਾਹਿਬ, ਇਨ੍ਹਾਂ ਦਾ ਇਹ ਕਹਿਣਾ ਕਿ ਸਿਖ ਕਲਚਰ ਨੂੰ ਖਤਮ ਕਰਨ ਲਈ ਦੋ ਅਰਬ ਰੁਪਿਆ ਖਰਚ ਕੀਤਾ ਜਾ ਰਿਹਾ ਹੈ। ਮੈਂ ਸਰਕਾਰ ਵਲੋਂ ਇਨ੍ਹਾਂ ਦੀ ਇਸ ਗਲ ਨੂੰ ਰਿਫਿਊਟ ਕਰਦਾ ਹਾਂ। ਸਰਕਾਰ ਵਲੋਂ ਕਿਸੇ ਧਰਮ ਤੇ, ਕਿਸੇ ਕਾਸਟ ਤੇ ਜਾਂ ਕਿਸੇ ਮਜ਼ਹਬ ਤੇ ਕੋਈ ਅਟੈਕ ਨਹੀਂ ਔਰ ਕੋਈ ਅੰਮ੍ਰਿਤਧਾਰੀ ਨਹੀਂ ਮਾਰਿਆ।

**ਡਾਕਟਰ ਭਗਤ ਸਿੰਘ** : ਤੁਸੀਂ ਆਪਣੇ ਜਵਾਬ ਵਿਚ ਦੱਸ ਦੇਣਾ।

**ਲੋਕ ਨਿਰਮਾਣ ਮੰਤਰੀ** : ਇਹ ਜਿਹੜਾ ਕਹਿੰਦੇ ਹਨ ਕਿ 2 ਅਰਬ ਰੁਪਿਆ ਦਿਤਾ ਜਾ ਰਿਹਾ ਹੈ ਸਿੱਖ ਧਰਮ ਨੂੰ ਖ਼ਤਮ ਕਰਨ ਲਈ, ਇਹ ਬੇਬੁਨਿਆਦ ਹੈ ਔਰ ਦੂਸਰਾ ਜਿਹੜਾ ਲਫਜ਼ ਲਾਲਾ ਵਰਤਿਆ ਹੈ, ਇਹ ਮਾੜੀ ਗੱਲ ਹੈ। ਇਹੋ ਜਿਹੀ ਗੱਲ ਨਹੀਂ ਕਰਨੀ ਚਾਹੀਦੀ

**ਸ੍ਰੀ ਸਪੀਕਰ** : ਕੋਈ ਕਿਸੇ ਧਰਮ ਨੂੰ ਖਤਮ ਨਹੀਂ ਕਰ ਸਕਦਾ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਐਗਰੀ ਕਰਦਾ ਹਾਂ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਤੁਹਾਡੇ ਤੋਂ ਰੂਲਿੰਗ ਲੈਣਾ ਚਾਹੁੰਦਾ ਹਾਂ। ਡਾਕਟਰ ਸਾਹਿਬ ਨੇ ਅਜੇ ਡੇਢ ਫ਼ਿਕਰਾ ਹੀ ਬੋਲਿਆ ਸੀ ਅਤੇ ਇਤਨਾ ਲੰਮਾ ਸਮਾਂ ਟਰੇਜ਼ਰੀ ਬੈਂਚਿਜ਼ ਵਾਲਿਆਂ ਨੂੰ ਬੋਲਣ ਲਈ ਦੇ ਦਿਤਾ। ਜੋ ਗੱਲ ਕਹਿਣੀ ਹੈ ਦੋ ਮਿੰਟਾਂ ਵਿਚ ਕਰਕੇ ਖ਼ਤਮ ਕਰਨ। ਬਾਕੀ ਆਪਣੇ ਰਿਪਲਾਈ ਵਿੱਚ ਜੋ ਕਹਿਣਾ ਹੋਵੇਗਾ ਸਰਕਾਰ ਕਹਿ ਦੇਵੇਗੀ।

**ਸ੍ਰੀ ਸਪੀਕਰ** : ਮਾਸਟਰ ਜੀ ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖ ਕਲਚਰ ਨੂੰ ਖ਼ਤਮ ਕਰਨ ਦਾ ਉਨ੍ਹਾਂ ਦਾ ਕੋਈ ਮਨਸ਼ਾ ਨਹੀਂ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਐਵੇਂ ਐਕਸਾਈਟ ਹੋ ਗਏ। ਜਦੋਂ ਉਹ ਜਵਾਬ ਦੇਣਗੇ ਅਸੀਂ ਸੁਣਾਂਗੇ।

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਮੈਂ ਕਹਿ ਰਿਹਾ ਸੀ ਕਿ ਚੀਫ ਮਨਿਸਟਰ ਸਾਹਿਬ ਨੇ ਤਰਦੀਦ ਕਰਨਾ ਗਵਾਰਾ ਨਹੀਂ ਕੀਤਾ । ਮੈਨੂੰ ਯਾਦ ਹੈ ਕਿ ਕੁਝ ਪ੍ਰੈਸ ਰਿਪੋਰਟਰਜ਼ ਉਨ੍ਹਾਂ ਕੋਲ ਗਏ । ਸਰਦਾਰ ਜੀ ਇਹ ਬਿਆਨ ਨਿਕਲਿਆ ਹੈ ਇਹ ਚੰਗਾ ਨਹੀਂ । ਉਨ੍ਹਾਂ ਕਿਹਾ ਇਤਰਾਜ਼ ਵਾਲੀ ਕੋਈ ਗੱਲ ਨਹੀਂ । ਮੈਂ ਨਹੀਂ ਪੜ੍ਹਿਆ ਕਿ ਉਨ੍ਹਾਂ ਨੇ ਕਿਤੇ ਮਾਫ਼ੀ ਮੰਗੀ ਹੋਵੇ । ਚੀਫ ਮਨਿਸਟਰ ਸਾਹਿਬ ਨੇ ਕਿਰਪਾਨ ਪਾਈ ਹੋਵੇ ਔਰ ਸਿੱਖ ਹੋਣ ਔਰ ਐਨੀਂ ਮਾੜੀ ਗੱਲ ਉਨ੍ਹਾਂ ਦੇ ਮੂੰਹੋਂ ਨਿਕਲੇ ਇਹ ਠੀਕ ਨਹੀਂ । ਮੈਂ ਆਪਣੇ ਦੋਸਤ ਰਾਹੀਂ ਮਿਸਟਰ ਅਨਲਸਾਰੀ ਲਿਖਾਰੀ ਤੋਂ ਤਸਦੀਕ ਕੀਤਾ ਅਤੇ ਉਨ੍ਹਾਂ ਨੇ ਦੱਸਿਆ ਕਿ ਚੀਫ ਮਨਿਸਟਰ ਸਾਹਿਬ ਨੇ ਉਸ ਵਿਚੋਂ ਇਕ ਲਫ਼ਜ਼ ਨਹੀਂ ਬਦਲਿਆ ਔਰ ਨਾ ਹੀ ਉਨ੍ਹਾਂ ਨੇ ਕੋਈ ਚਿੱਠੀ ਲਿਖੀ ਔਰ ਨਾ ਹੀ ਕੋਈ ਐਕਸ਼ਨ ਲਿਆ ।

*11-18 ਪੂਰਵ ਦੁਪਹਿਰ (ਇਸ ਸਮੇਂ ਸ਼੍ਰੀ ਬ੍ਰਹਮ ਮਹਿੰਦਰਾ, ਮੈਂਬਰ ਪੈਨਲ ਆਫ ਚੇਅਰਮੈਨ ਨੇ ਸਭਾਪਤੀ ਦੀ ਕੁਰਸੀ ਸੰਭਾਲੀ ।)

ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਅਤੇ ਲਾਲਾ ਕੇਵਲ ਕ੍ਰਿਸ਼ਨ ਨੇ ਕਿਹਾ ਕਿ ਲਗ ਜਾਏ ਭਾਵੇਂ ਦੋ ਅਰਬ ਰੁਪਿਆ ਅਸੀਂ ਸਿੱਖ ਕਲਚਰ ਨੂੰ ਖ਼ਤਮ ਕਰਨਾ ਹੈ । ਮੈਂ ਕਹਿੰਦਾ ਹਾਂ ਕਿ ਇਹ ਆਪ ਹੀ ਖ਼ਤਮ ਹੋ ਜਾਣਗੇ ਅਤੇ ਕਲਚਰ ਤਾਂ ਖ਼ਤਮ ਨਹੀਂ ਹੋ ਸਕਦਾ ।

ਚੇਅਰਮੈਨ ਸਾਹਿਬ, ਪੁਲੀਸ ਦੀ ਰਿਪੋਰਟ ਸਾਡੇ ਕੋਲ ਆ ਗਈ ਹੈ । ਮੈਂ ਦੱਸਾਂਗਾ ਕਿ ਕੀ ਕੀ ਗੱਲਾਂ ਹੋਈਆਂ ਹਨ । ਕੋਈ ਐਜੀਟੇਸ਼ਨ ਨਹੀਂ ਚਲਾਉਣਾ ਚਾਹੁੰਦਾ ਇਹ ਆਪ ਹੀ ਐਜੀਟੇਸ਼ਨਾਂ ਕਰਾਉਂਦੇ ਹਨ । ਕੋਈ ਆਪਣੀ ਕੁਰਸੀ ਲਈ ਅਤੇ ਕੋਈ ਪਾਵਰ ਲਈ ਐਜੀਟੇਸ਼ਨ ਕਰਾਉਂਦਾ ਹੈ ।

**ਸਰਦਾਰ ਬੀਰਦਵਿੰਦਰ ਸਿੰਘ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਐਜੀਟੇਸ਼ਨਾਂ ਕਾਂਗਰਸ ਆਪ ਕਰਾਉਂਦੀ ਹੈ । ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਐਜੀਟੇਸ਼ਨ ਹੈ, ਕੀ ਉਹ ਸਾਡੇ ਕਹੇ ਤੇ ਚਲਾਈ ਹੈ ?

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਇਥੇ ਹਾਊਸ ਵਿਚ ਆਨੰਦਪੁਰ ਸਾਹਿਬ ਦਾ ਮਤਾ ਪੇਸ਼ ਹੋਇਆ । ਜਦੋਂ ਮੈਂ ਪੜ੍ਹਿਆ ਸਾਰੇ ਹਾਊਸ ਨੇ ਖੁਸ਼ੀ ਵਿਚ ਡਿਸਕਾਂ ਵਜਾਈਆਂ ਮੇਰਾ 8 ਮਿੰਟ ਟਾਈਮ ਸੀ ਔਰ ਉਸ ਦੇ ਲਈ ਮੈਨੂੰ 19 ਮਿੰਟ ਬੋਲਣ ਦਿਤਾ। ਉਹ ਮਤਾ ਸਰਬ ਸੰਮਤੀ ਨਾਲ ਮੇਜ਼ ਤੇ ਰੱਖਿਆ ਗਿਆ ਸੀ ਅਤੇ ਉਹ ਪ੍ਰਾਈਮ ਮਨਿਸਟਰ ਜੀ ਨੂੰ ਚਲਾ ਗਿਆ ਸੀ ਅਸੀਂ ਉਨ੍ਹਾਂ ਨੂੰ ਚਿੱਠੀ ਲਿਖੀ ਕਿ ਅਸੀਂ ਪੀਸਫੁਲੀ ਬੈਠ ਕੇ ਨੈਗੋਸ਼ੀਏਟ ਕਰਨ ਲਈ ਤਿਆਰ ਹਾਂ । ਉਹ ਮਤਾ ਕੋਈ ਡਾਕਟਰ ਭਗਤ ਸਿੰਘ ਦਾ ਨਹੀਂ ਸ੍ਰੋਮਣੀ ਅਕਾਲੀ ਦਲ ਦਾ ਨਹੀਂ । ਇਸ ਸਦਨ ਨੇ ਜੋ ਅਪਰੂਵ ਕੀਤਾ ਹੈ, ਉਸਦੇ ਵਿੱਚ ਸਾਰੀ ਸਟੇਟ ਦੇ ਲੋਕ ਆ ਜਾਂਦੇ ਹਨ । ਕੋਈ ਉਸਨੂੰ ਮਹਾਂ ਪੰਜਾਬ ਕਹਿੰਦਾ ਹੈ । ਜੋ ਮਰਜ਼ੀ ਕੋਈ ਕਹੀ ਜਾਵੇ ਅਸੀਂ ਕੋਸ਼ਿਸ਼ ਕੀਤੀ ਹੈ ਕਿ ਹਰ ਤਰੀਕੇ ਨਾਲ ਇਸ ਸੂਬੇ ਵਿੱਚ ਪੀਸ ਕਾਇਮ ਰੱਖਿਆ ਜਾਵੇ । ਅਸੀਂ ਪ੍ਰਾਈਮ ਮਨਿਸਟਰ ਨਾਲ ਬੈਠ ਕੇ ਇਸ ਮਸਲੇ ਤੇ ਗੱਲ

Original with;
Punjab Vidhan Sabha
Digitized by;
Panjab Digital Library

ਕਰਨ ਨੂੰ ਤਿਆਰ ਹਾਂ । ਜਿਤਨੇ ਜਥੇ ਸਾਡੇ ਦਿੱਲੀ ਗਏ ਹਨ, ਕਿਸੇ ਇੱਕ ਨੇ ਜ਼ਿਆਦਤੀ ਕੀਤੀ ਹੋਵੇ, ਜਾਂ ਵਾਇਲੈਂਸ ਕੀਤੀ ਹੋਵੇ ਤਾਂ ਦੱਸੋ । ਪਰ ਇਥੇ ਕੁਝ ਬੰਦਿਆਂ ਨੂੰ ਫੜ ਕੇ ਉਸ ਮੋਰਚੇ ਨੂੰ ਜਾਣ ਬੁਝ ਕੇ ਫੇਲ੍ਹ ਕਰਨ ਦੀ ਸ਼ਰਾਰਤ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਵਾਤਾਵਰਣ ਨੂੰ ਖਰਾਬ ਕਰਕੇ ਰੱਖ ਦਿੱਤਾ ਗਿਆ ਹੈ । ਪੰਜਾਬ ਦੇ ਚੀਫ ਮਨਿਸਟਰ ਦੇ ਆਲੇ ਦੁਆਲੇ ਜੋ ਐਡਵਾਈਜ਼ਰਜ਼ ਹਨ, ਮੈਂ ਕਹਿੰਦਾ ਹਾਂ ਕਿ ਇਹ ਇਨ੍ਹਾਂ ਨੂੰ ਆਖਰ ਲੈ ਕੇ ਬਹਿ ਜਾਣਗੇ । ਚੀਫ ਮਨਿਸਟਰ ਆਪ ਕਦੇ ਅਜਿਹੀ ਮਾੜੀ ਗੱਲ ਨਹੀਂ ਕਰ ਸਕਦਾ । ਅਸੀਂ ਇਥੇ ਸਟੇਟ ਵਿਚ ਹੀ ਰਹਿਣਾ ਹੈ ।

ਚੇਅਰਮੈਨ ਸਾਹਿਬ, ਮੈਂ ਅੰਤ ਵਿਚ ਬੇਨਤੀ ਕਰਦਾ ਹਾਂ ਕਿ ਜੇਲ੍ਹਾਂ ਦੇ ਲਈ ਬਜਟ ਵਿਚ ਪੈਸਾ ਮੰਗਿਆ ਜਾ ਰਿਹਾ ਹੈ । ਉਥੇ ਓਵਰ-ਕਰਾਊਡਿੰਗ ਇਤਨੀ ਹੈ ਕਿ ਪਸ਼ੂ ਵਾਂਗ ਉਨ੍ਹਾਂ ਨੂੰ ਰੱਖਿਆ ਜਾ ਰਿਹਾ ਹੈ । ਅਜਿਹੀ ਜਗ੍ਹਾ ਤੇ ਇਨਸਾਨਾਂ ਨੂੰ ਰੱਖਿਆ ਜਾ ਰਿਹਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਹ ਸਿਆਸੀ ਕੈਦੀ ਹਨ । 107/151 ਤਾਂ ਇਨ੍ਹਾਂ ਤੇ ਅੰਗਰੇਜ਼ਾਂ ਦੇ ਟਾਈਮ ਕਦੇ ਨਹੀਂ ਸੀ ਲੱਗੀ । ਪਿਛਲੀ ਸਰਕਾਰ ਨੇ ਇਹ ਲਾਈ । ਜਨਤਾ ਪਾਰਟੀ ਨੇ ਵੀ ਇਹ ਲਾਈ ਸੀ ਤਾਂ ਮਾੜੀ ਗਲ ਸੀ । ਕਿਸੇ ਵੀ ਪੁਲੀਟੀਕਲ ਆਦਮੀ ਤੇ 107/151 ਲਾਈ ਜਾਵੇ ਤਾਂ ਠੀਕ ਗੱਲ ਨਹੀਂ ਹੈ । ਇਨ੍ਹਾਂ ਜੇਲ੍ਹਾਂ ਵਿਚ ਨਾ ਪਾਣੀ ਦਾ ਇੰਤਜ਼ਾਮ ਹੈ, ਨਾ ਫਲੱਸ਼ ਦਾ ਇੰਤਜ਼ਾਮ ਹੈ ਅਤੇ ਨਾ ਹੀ ਚੰਗੀ ਰੋਟੀ ਦਾ ਇਤਜ਼ਾਮ ਹੈ । ਦੋ ਤਿੰਨ ਜੇਲ੍ਹਾਂ ਵਿੱਚ ਵਬਾ ਐਪੀਡੈਮਿਕ ਫੈਲ ਰਹੀ ਹੈ । ਕੁਝ ਜੇਲ੍ਹਾਂ ਵਿਚ ਸਾਜ਼ਿਸ਼ਾਂ ਨਾਲ ਬੰਦੇ ਮਾਰੇ ਜਾ ਰਹੇ ਹਨ । ਕੁਝ ਆਦਮੀਆਂ ਨੂੰ ਰਾਤ ਨੂੰ ਬੱਸਾਂ ਵਿਚ ਚੜ੍ਹਾ ਕੇ ਖਿੜਕੀਆਂ ਖੁਲ੍ਹੀਆਂ ਰਖ ਕੇ ਮਾਰਿਆ ਜਾ ਰਿਹਾ ਹੈ । ਜੇਲ ਮੈਨੂਅਲ ਦੇ ਮੁਤਾਬਿਕ 6 ਵਜੇ ਤੋਂ ਬਾਅਦ ਕੋਈ ਕੈਦੀ ਜੇਲ੍ਹ ਵਿਚੋਂ ਬਾਹਰ ਭੇਜਿਆ ਨਹੀਂ ਜਾ ਸਕਦਾ ਨਾ ਹੀ ਦਾਖਲ ਕੀਤਾ ਜਾ ਸਕਦਾ ਹੈ । ਪਰ ਇਥੇ 10,11 ਵਜੇ ਰਾਤ ਨੂੰ ਬੱਸਾਂ ਵਿੱਚ ਚੜ੍ਹਾ ਦਿੰਦੇ ਹਨ । ਇਸ ਤਰ੍ਹਾਂ ਅਕਾਲੀ ਸਿੰਘਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ । ਫਿਰ ਕਿਸੇ ਨੂੰ 10 ਹਜ਼ਾਰ ਰੁਪਏ ਅਤੇ ਕਿਸੇ ਨੂੰ 12 ਹਜ਼ਾਰ ਰੁਪਏ ਦੇਣ ਦਾ ਐਲਾਨ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਐਨੀ ਕੀਮਤੀ ਲਾਈਫ ਦਾ ਮੁੱਲ ਕੀ 10 ਜਾਂ 12 ਹਜ਼ਾਰ ਰੁਪਏ ਹਨ । ਅੱਜ ਅਸੀਂ ਇਧਰ ਬੈਠੇ ਹਾਂ ਤਾਂ ਕੱਲ੍ਹ ਨੂੰ ਤੁਸੀਂ ਵੀ ਇਧਰ ਆ ਸਕਦੇ ਹੋ । ਪਰ ਪੰਜਾਬ ਦਾ ਵਾਤਾਵਰਣ ਠੀਕ ਰੱਖਣਾ ਸਾਡੀ ਜ਼ਿੰਮੇਵਾਰੀ ਹੈ । ਜਿਹੜਾ ਮਤਾ ਤੁਸੀਂ ਸਭ ਨੇ ਅਪਰੂਵ ਕੀਤਾ ਹੈ, ਉਸ ਨੂੰ ਕੰਸਿਡਰ ਕਰਨ ਲਈ ਹਾਊਸ ਦੀ ਕੋਈ ਜੁਆਇੰਟ ਕਮੇਟੀ ਬਣਾਓ । ਅਸੀਂ ਜਾ ਕੇ ਪ੍ਰਾਈਮ ਮਨਿਸਟਰ ਨੂੰ ਮਿਲ ਲੈਂਦੇ ਹਾਂ, ਗੱਲ ਕਰ ਲੈਂਦੇ ਹਾਂ ਅਤੇ ਇਸ ਤਰੀਕੇ ਨਾਲ ਕਿਸੇ ਨਤੀਜੇ ਤੇ ਪਹੁੰਚ ਸਕਦੇ ਹਾਂ । ਪਰ ਦੂਜੇ ਪਾਸੇ ਇਨ੍ਹਾਂ ਮੋਰਚਿਆਂ ਨੂੰ ਕਾਬੂ ਕਰਨ ਲਈ ਪੁਲਿਸ ਫੋਰਸ ਬਾਹਰੋਂ ਬੁਲਾ ਕੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ । ਜਿਹੜੀ ਸਟੇਟ ਦੀ ਪੁਲਿਸ ਮਸ਼ੀਨਰੀ ਹੈ, ਉਹ ਸਾਰੀ ਫੇਲ੍ਹ ਹੋ ਗਈ ਹੈ, ਮਫਲੂਜ ਹੋ ਗਈ ਹੈ । ਆਈ.ਜੀ. ਪੁਲਿਸ ਕਮਿਊਨਲ ਬੇਸਿਜ਼ ਤੇ ਲਾਏ ਜਾ ਰਹੇ ਹਨ । ਸੀਨੀਅਰ ਡੀ. ਆਈ. ਜੀ. ਨੂੰ ਜੋ ਕਿ ਸ਼ੈਡਿਊਲਡ ਕਾਸਟ ਹੈ ਨੂੰ ਨਜ਼ਰ ਅੰਦਾਜ਼ ਕਰਕੇ ਉਸ ਦੀ ਥਾਂ ਬਹੁਤ ਜੂਨੀਅਰ ਅਫਸਰ ਨੂੰ ਦਿਤੀ ਜਾ ਰਹੀ ਹੈ । ਚਾਰ ਸ਼ੈਡਿਊਲਡ ਕਾਸਟਸ ਸੀਨੀਅਰ ਸੁਪਰਡੰਟ ਪੁਲੀਸ ਨੂੰ ਬਾਈ ਪਾਸ ਕਰਕੇ ਜੂਨੀਅਰ ਅਫਸਰਾਂ ਨੂੰ ਤਰਕੀ ਦਿੱਤੀ ਗਈ ਹੈ । ਸਿਖਾਂ ਨਾਲ ਤਾਂ ਵਿਤਕਰਾ ਹੋ ਰਿਹਾ ਹੈ ਪਰ ਸ਼ੈਡਿਊਲਡ ਕਾਸਟਸ ਨਾਲ ਵੀ ਵਿਤਕਰਾ ਹੋ ਰਿਹਾ ਹੈ । ਸ਼ੈਡਿਊਲਡ ਕਾਸਟਸ ਦੇ ਨਾਂ ਤੇ ਮਹਾਤਮਾ ਗਾਂਧੀ ਜੀ ਵੀ ਰੌਲਾ ਪਾਉਂਦੇ ਸਨ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਭਾਪਤੀ : ਵਾਈਂਡ ਅਪ ਕਰਨ ਦੀ ਕੋਸ਼ਿਸ਼ ਕਰੋ।

ਡਾਕਟਰ ਭਗਤ ਸਿੰਘ : ** ** **

ਸ੍ਰੀ ਸਭਾਪਤੀ : ਜਿਹੜੇ ਮੰਦਰਾਂ ਬਾਰੇ ਲਫਜ਼ ਕਹੇ ਗਏ ਹਨ, ਇਹ ਐਕਸਪੰਜ ਕੀਤੇ ਜਾਣ।

ਡਾਕਟਰ ਭਗਤ ਸਿੰਘ : ਤੁਸੀਂ ਸਪੀਕਰ ਦੀ ਰੂਲਿੰਗ ਨੂੰ ਕਹਿੰਦੇ ਹੋ ਕਿ ਓਵਰ-ਰੂਲ ਕਰ ਸਕਦੇ ਹੋ। ਅੱਜ ਵੀ ਫਿਰ ਅਜਿਹੀ ਗੱਲ ਕਰ ਰਹੇ ਹੋ।

**Sardar Birdevinder Singh** : Chairman has all those powers which the Speaker has.

**Doctor Bhagat Singh** : What-ever ruling has been given, I will contest on that later on. I do not want to waste my time.

ਐਨੀ ਫੌਜ ਲਿਆ ਕੇ ਬਾਹਰੋਂ ਸੁੱਟ ਦਿੱਤੀ ਹੈ। ਪੰਜਾਬੀ ਸੂਬੇ ਦਾ ਜਦੋਂ ਮੋਰਚਾ ਲਗਿਆ ਸੀ ਤਾਂ 60,000 ਆਦਮੀਆਂ ਨੇ ਗ੍ਰਿਫਤਾਰੀ ਦਿੱਤੀ ਸੀ। ਉਦੋਂ ਸੂਬੇ ਦੀ ਪੁਲਿਸ ਨੇ ਹੀ ਉਨ੍ਹਾਂ ਨੂੰ ਸੰਭਾਲਿਆ ਸੀ। ਹੁਣ ਇਹ ਕਹਿੰਦੇ ਹਨ ਕਿ ਮੋਰਚਾ ਫੇਲ੍ਹ ਹੋ ਗਿਆ ਹੈ। ਸਿਰਫ 8, 10 ਹਜ਼ਾਰ ਆਦਮੀ ਹੀ ਗ੍ਰਿਫਤਾਰੀ ਲਈ ਆਏ ਹਨ। ਮੈਂ ਕਹਿੰਦਾ ਹਾਂ ਕਿ ਸਟੇਟ ਦਾ ਲਾਅ ਐਂਡ ਆਰਡਰ ਦਾ ਇਕ ਨਿੱਕਾ ਜਿਹਾ ਅਖਤਿਆਰ ਹੈ। ਉਹ ਵੀ ਤੁਸੀਂ ਸੈਂਟਰ ਨੂੰ ਦੇ ਰਹੇ ਹੋ। ਅਸੀਂ ਅਟਾਨੋਮੀ ਦੀ ਮੰਗ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਸਟੇਟਾਂ ਨੂੰ ਖੁਦ ਮੁਖਤਿਆਰੀ ਦਿਓ ਤਾਂ ਕਿ ਸਟੇਟਾਂ ਦੀ ਡਿਵੈਲਪਮੈਂਟ ਹੋ ਸਕੇ। ਦੂਜੇ ਪਾਸੇ ਪੁਲਿਸ ਕਿਹੜੀ ਬੁਲਾਈ ਜਾ ਰਹੀ ਹੈ। ਜਿਹੜੀ ਕਿ ਕਮਿਊਨਲ ਮਾਈਂਡਡ ਹੈ ਤਾਂ ਕਿ ਸਿੱਖਾਂ ਨੂੰ ਵਾਹ ਵਾਹ ਕੁੱਟੇ ਮਾਰੇ, ਇਹ ਫੈਕਟ ਹੈ। ਮੈਂ ਇਹ ਗੱਲ ਦੁੱਖ ਨਾਲ ਕਹਿ ਰਿਹਾ ਹਾਂ। ਇਸ ਪਾਸੇ ਪੈਸਾ ਖਰਚਣ ਦੀ ਬਜਾਏ ਬੈਠ ਕੇ ਰੀਕਨਸੀਲਿਏਸ਼ਨ ਕਰੋ। ਮੈਂ ਕਹਿੰਦਾ ਹਾਂ ਕਿ ਫਾਈਨਾਂਸ ਮਨਿਸਟਰ ਹਕੀਮ ਕੇਵਲ ਕ੍ਰਿਸ਼ਨ ਮਗਰ ਲੱਗ ਕੇ ਸਰਦਾਰ ਦਰਬਾਰਾ ਸਿੰਘ ਬੇੜਾ ਨਾ ਗਰਕ ਕਰਵਾ ਲੈਣ। ਅੱਗੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ ਪੰਡਿਤ ਮੋਹਣ ਲਾਲ ਐਡਵਾਈਜ਼ਰ ਸੀ। ਉਸ ਨੇ ਕੈਰੋਂ ਦਾ ਭੱਠਾ ਬਿਠਾ ਦਿੱਤਾ ਸੀ। ਉਹ ਕੰਮ ਹਕੀਮ ਕੇਵਲ ਕ੍ਰਿਸ਼ਨ ਵੱਲੋਂ ਕੀਤਾ ਜਾ ਰਿਹਾ ਹੈ। ਪੰਜਾਬ ਦੀ ਹਾਲਤ ਸੰਭਾਲੋ। ਗੋਲ ਮੇਜ਼ ਤੇ ਬੈਠ ਕੇ ਗੱਲ ਕਰੋ। ਅਸੀਂ ਰੀਕਨਸੀਲਿਏਸ਼ਨ ਕਰਨ ਨੂੰ ਤਿਆਰ ਹਾਂ। ਪੰਜਾਬ ਵਿਚ ਅੱਗ ਲੱਗੀ ਹੋਈ ਹੈ। ਕੋਈ ਇੰਡਸਟਰੀ ਇਥੇ ਨਹੀਂ ਲੱਗਣੀ। ਤਬਾਹੀ ਅਤੇ ਬਰਬਾਦੀ ਸਟੇਟ ਦੀ ਹੋ ਰਹੀ ਹੈ। ਬੇਗੁਨਾਹ ਬੰਦਿਆਂ ਨੂੰ ਮਾਰਿਆ ਜਾ ਰਿਹਾ ਹੈ। ਪੁਲੀਸ ਮੁਕਾਬਲਿਆਂ ਦੀ ਆੜ ਵਿਚ ਅਕਾਲੀ ਮੁਜਾਹਦਾਂ ਨੂੰ ਮਾਰਨ ਦੀ ਬਜਾਏ ਉਨ੍ਹਾਂ ਦੇ ਖਿਲਾਫ ਖੁੱਲ੍ਹੀਆਂ ਅਦਾਲਤਾਂ ਵਿਚ ਮੁਕੱਦਮੇ ਚਲਾਓ।

ਸ੍ਰੀ ਸਭਾਪਤੀ : ਵਾਈਂਡ ਅਪ ਕਰੋ। ਤੁਹਾਡੀ ਪਾਰਟੀ ਦਾ ਐਲੋਕੇਟਿਡ ਟਾਈਮ ਖਤਮ ਹੋ ਚੁੱਕਾ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਡਾਕਟਰ ਭਗਤ ਸਿੰਘ** : ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿੱਚ ਫੈਸਲਾ ਹੋ ਚੁੱਕਾ ਹੈ ਕਿ ਸਾਨੂੰ ਟਾਈਮ ਬੋਲਣ ਲਈ ਜ਼ਿਆਦਾ ਮਿਲੇਗਾ ।

**ਸ਼੍ਰੀ ਸਭਾਪਤੀ** : ਜੋ ਤੁਹਾਨੂੰ ਐਲੋਕੇਟਿਡ ਟਾਈਮ ਸੀ, ਉਸ ਨਾਲੋਂ ਜ਼ਿਆਦਾ ਟਾਈਮ ਤੁਸੀਂ ਲੈ ਚੁੱਕੇ ਹੋ ।

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਬੇਗੁਨਾਹ ਬੰਦਿਆਂ ਨੂੰ ਮਾਰਨ ਦੀ ਬਜਾਏ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਤੇ ਮੁਕੱਦਮੇ ਚਲਾਓ । ਅਗਰ ਉਹ ਕਸੂਰਵਾਰ ਹੋਣਗੇ ਤਾਂ ਕੋਰਟ ਉਨ੍ਹਾਂ ਨੂੰ ਸਜ਼ਾ ਦੇਵੇਗੀ । ਜਾਹਲੀ ਪੁਲਿਸ ਮੁਕਾਬਲੇ (Fake encounters) ਬਣਾ ਕੇ ਪੁਲਿਸ ਉਨ੍ਹਾਂ ਨੂੰ ਮਾਰੇ ਇਹ ਬਹੁਤ ਸ਼ਰਮਨਾਕ ਗੱਲ ਹੈ । ਇਸ ਤਰ੍ਹਾਂ ਪੰਜਾਬ ਦੇ ਨੌਜਵਾਨਾਂ ਦੀ ਜ਼ਿੰਦਗੀ ਨਾਲ ਨਾ ਖੇਲੋ । ਇਥੇ ਸ਼ਾਂਤੀ ਲਿਆਓ । ਅਮਨ ਕਾਇਮ ਕਰੋ । ਹਿੰਦੂ, ਸਿੱਖ, ਮੁਸਲਮਾਨ ਸਭ ਨੇ ਇਥੇ ਰਹਿਣਾ ਹੈ ਤਾਂ ਹੀ ਡਿਵੈਲਪਮੈਂਟ ਹੋ ਸਕਦੀ ਹੈ । ਇਥੇ ਇੰਡਸਟਰੀ ਹੋਰ ਜ਼ਿਆਦਾ ਆਵੇ । ਪਾਵਰਜ਼ ਸਟੇਟ ਨੂੰ ਜ਼ਿਆਦਾ ਮਿਲਣ । ਮੈਂ ਕਹਿੰਦਾ ਹਾਂ ਕਿ ਹਿੰਦੂ ਵੀਰਾਂ ਨੇ ਹੀ ਇੰਡਸਟਰੀ ਲਾਉਣੀ ਹੈ । ਇਨ੍ਹਾਂ ਨੇ ਹੀ ਅਮੀਰ ਹੋਣਾ ਹੈ । ਤੁਸੀਂ ਕਿਉਂ ਨਹੀਂ ਇਹ ਚੀਜ਼ ਕਹਿੰਦੇ ।

ਚੇਅਰਮੈਨ ਸਾਹਿਬ, ਜਿਹੜਾ ਇਹ ਬਜਟ ਪੇਸ਼ ਕੀਤਾ ਹੈ ਇਹ ਨਾਕਸ਼ ਹੈ, ਜ਼ਿਆਦਤੀ ਹੈ । ਇਹ ਪੰਜਾਬ ਦੇ ਕਿਸਾਨਾਂ ਅਤੇ ਫੈਕਟਰੀ ਵਰਕਰਾਂ ਉੱਤੇ ਬੋਝ ਹੈ । ਇਸ ਬੋਝ ਨੂੰ ਹਟਾਉਣਾ ਚਾਹੀਦਾ ਹੈ।

**ਕਾਮਰੇਡ ਕੁਲਵੰਤ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਟਾਈਮ ਬਾਰੇ ਦੱਸ ਦਿਓ ਕਿ ਕਿਤਨਾ ਕਿਤਨਾ ਟਾਈਮ ਮਿਲਣਾ ਹੈ ।

**ਸ਼੍ਰੀ ਸਭਾਪਤੀ** : ਟੋਟਲ ਡਿਸਕਸ਼ਨ ਦਾ ਟਾਈਮ ਦੋ ਘੰਟੇ 30 ਮਿੰਟ ਹੈ ।

| | |
|---|---|
| ਕਾਂਗਰਸ ਪਾਰਟੀ | 1 ਘੰਟਾ 56 ਮਿੰਟ |
| ਸੀ. ਪੀ. ਆਈ. | 16 ਮਿੰਟ |
| ਸੀ. ਪੀ. ਆਈ. (ਐਮ.) | 8 ਮਿੰਟ |
| ਅਕਾਲੀ ਦਲ (ਟੀ) ਪਾਰਟੀ | 6 ਮਿੰਟ |
| ਆਲ ਇੰਡੀਆ ਕਮਿਉਨਿਸਟ ਪਾਰਟੀ | 2 ਮਿੰਟ |

**ਪ੍ਰੋਫੈਸਰ ਬਲਵੰਤ ਸਿੰਘ (ਰਾਜਪੁਰਾ)**: ਚੇਅਰਮੈਨ ਸਾਹਿਬ, ਮੈਂ ਐਪਰੋਪ੍ਰੀਏਸ਼ਨ ਬਿਲ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ । 40 ਕਰੋੜ 47 ਲੱਖ ਦੀਆਂ ਡੀਮਾਂਡਜ਼ ਇਨ੍ਹਾਂ ਨੇ ਲਿਆਂਦੀਆਂ ਹਨ । ਇਸ ਦੇ ਬਾਰੇ ਮੈਂ ਆਪਣੇ ਵਿਚਾਰ ਵਿਅਕਤ ਕਰਨਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬ, ਜਿਸ ਵਾਤਾਵਰਣ ਵਿਚ ਇਹ ਸੰਗਰਾਮ ਅਸੀਂ ਕਰ ਰਹੇ ਹਾਂ, ਉਹ ਵਾਤਾਵਰਣ ਬਹੁਤ ਹੀ ਦਰਦਨਾਕ ਹੈ । ਇਹ ਚੀਜ਼ਾਂ ਵੇਖ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ । ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਲੈ ਕੇ ਜਲੰਧਰ, ਤਰਨਤਾਰਨ, ਪੱਟੀ ਅਤੇ ਸਕੱਤਰੇਤ ਜਿਥੇ ਤਿੰਨ ਰਾਜਾਂ ਦੇ ਸਕੱਤਰੇਤ ਹਨ । ਇਨ੍ਹਾਂ ਦੀਆਂ ਵਾਰਦਾਤਾਂ ਨਾਲ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਪਜਾਬ ਦੀ ਧਰਤੀ ਲਹੂ ਲੁਹਾਨ ਹੋ ਗਈ। ਐਨਕਾਊਂਟਰਜ਼ ਵਿਚ ਬੰਦੇ ਫੜ ਫੜ ਕੇ ਮਾਰੇ ਜਾ ਰਹੇ ਹਨ। ਐਸੇ ਵਾਤਾਵਰਣ ਵਿਚ ਅਸੀਂ ਸਮਾਗਮ ਕਰ ਰਹੇ ਹਾਂ, ਇਸ ਨਾਲੋਂ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ। ਅਸੀਂ ਲੋਕਾਂ ਦੇ ਨੁਮਾਇੰਦੇ ਲੋਕਾਂ ਨੂੰ ਕੋਈ ਜਵਾਬ ਨਹੀਂ ਦੇ ਸਕਦੇ ! ਅਜੇ ਤਕ ਇਕ ਵੀ ਮੁਜਰਮ ਨਾ ਫੜਿਆ ਜਾਵੇ ਫਿਰ ਵੀ ਆਪਾਂ ਆਖੀਏ ਕਿ ਇਹ ਸਰਕਾਰ ਠੀਕ ਹੈ, ਇਸ ਨੂੰ ਕਰੋੜਾਂ ਰੁਪਏ ਦੇਣੇ ਚਾਹੀਦੇ ਹਨ। ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਲਈ ਦੂਜੀਆਂ ਸਟੇਟਾਂ ਤੋਂ ਪੁਲਿਸ ਮੰਗਵਾਈ ਗਈ। ਇਥੇ ਸਾਡੇ ਵਰਗਾ ਆਦਮੀ ਕੀ ਸੇਫ ਹੋਵੇਗਾ, ਲਾਲਾ ਜਗਤ ਨਾਰਾਇਣ ਵਰਗਾ ਆਦਮੀ ਕਿਸ ਤਰ੍ਹਾਂ ਸੇਫ ਹੋਵੇਗਾ, ਜਦੋਂ ਇਥੋਂ ਦੇ ਮੁੱਖ ਮੰਤਰੀ ਤੇ ਪਾਂਸਲਾ ਵਿਖੇ ਦਿਨ ਦਿਹਾੜੇ ਹਮਲਾ ਹੋਵੇ। ਪੁਲਿਸ ਉਥੇ ਕਾਹਦੇ ਲਈ ਸੀ। ਜੇ ਉਹ ਮੁੱਖ ਮੰਤਰੀ ਨੂੰ ਬਚਾ ਨਹੀਂ ਸਕਦੇ ਤਾਂ ਉਹ ਕਿਸ ਗੱਲ ਲਈ ਉਥੇ ਬੈਠੇ ਹਨ। ਉਸ ਤੋਂ ਬਾਅਦ ਤੁਸੀਂ ਵੇਖਿਆ ਹੋਣਾ ਹੈ ਕਿ ਕਿਸ ਪ੍ਰਕਾਰ ਬੰਬ ਚਲਦੇ ਰਹੇ ਗੁਰਦੁਆਰਿਆਂ ਵਿਚ ਅਤੇ ਕੋਈ ਪੋਸਟ ਮਾਰਟਮ ਨਹੀਂ ਹੋਇਆ। ਕੋਈ ਮੁਜਰਮ ਅਜੇ ਤਕ ਗ੍ਰਿਫਤਾਰ ਨਹੀਂ ਹੋਇਆ। ਉਹ ਬੰਦੂਕਾਂ ਦੇ ਲਾਇਸੈਂਸ ਲਈ ਫਿਰਦੇ ਹਨ। ਰਾਹੋਂ ਵਿਚ ਕੀ ਹੋਇਆ ? ਸਾਡੇ ਇਕ ਮੰਤਰੀ ਸਾਹਿਬ ਫੱਟੜ ਹੋਏ। ਉਹ ਇਥੇ ਆਏ ਹੋਏ ਹਨ। ਰਾਹੋਂ ਦੇ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ। ਰਾਹੋਂ ਬਾਰੇ ਇਕ ਬੰਦਾ ਮੌਕੇ ਤੇ ਫੜਿਆ। ਮੈਂ ਸੁਣਿਆ ਹੈ ਕਿ ਉਹ ਬੰਦਾ ਜਦੋਂ ਫੜ ਲਿਆ ਤਾਂ ਉਸ ਨੂੰ ਲੈ ਗਏ ਇਨਟੈਰੋਗੇਸ਼ਨ ਵਾਸਤੇ ਅਤੇ ਉਸ ਨੂੰ ਕਿਹਾ ਕਿ ਅਸੀਂ ਤੈਨੂੰ ਪੈਟਰੋਲ ਪਾ ਕੇ ਸਾੜ ਦਿਆਂਗੇ। ਫਿਰ ਉਸ ਬੰਦੇ ਨੇ ਸਾਰੀ ਕਹਾਣੀ ਸੁਣਾ ਦਿੱਤੀ ਕਿ ਫਲਾਣੇ ਬੰਦੇ ਨੇ ਮੈਨੂੰ ਚੀਫ ਮਨਿਸਟਰ ਨੂੰ ਮਾਰਨ ਲਈ ਕਿਹਾ ਸੀ ਉਸ ਤੋਂ ਬਾਅਦ ਇਨਕਾਊਂਟਰ ਵਿਚ ਉਸ ਬੰਦੇ ਨੂੰ ਤਾਂ ਮਾਰ ਦਿੱਤਾ। ਚੇਅਰਮੈਨ ਸਾਹਿਬ, ਮੈਂ ਇਹ ਸੁਣੀ ਸੁਣਾਈ ਗੱਲ ਕਰਨ ਲੱਗਾ ਹਾਂ, ਕਹਿੰਦੇ ਹਨ ਕਿ ਉਸ ਬੰਦੇ ਨੂੰ ਤਾਂ ਮਾਰ ਦਿਤਾ ਅਤੇ ਕਿਸੇ ਹੋਰ ਬੰਦੇ ਨੂੰ ਫੜ ਲਿਆ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਚੇਅਰਮੈਨ ਸਾਹਿਬ, ਮੇਰੇ ਸਾਥੀ ਨੇ ਕਿਹਾ ਹੈ ਕਿ ਮੈਂ ਸੁਣੀ ਸੁਣਾਈ ਗੱਲ ਦੱਸਦਾ ਹਾਂ। ਕੀ ਸਦਨ ਵਿਚ ਇਸ ਤਰ੍ਹਾਂ ਦੀ ਗੱਲ ਕੀਤੀ ਜਾ ਸਕਦੀ ਹੈ ਜਿਸ ਬਾਰੇ ਕੋਈ ਫ਼ੈਕਟਸ ਪਤਾ ਨਾ ਹੋਣ ?

**ਪ੍ਰੋਫੈਸਰ ਬਲਵੰਤ ਸਿੰਘ**: ਮੈਂ ਇਹ ਗੱਲ ਤੁਹਾਡੇ ਤੋਂ ਵੀ ਸੁਣੀ ਹੈ, ਇਸ ਲਈ ਹੀ ਮੈਂ ਇਹ ਸੁਣੀ ਸੁਣਾਈ ਗੱਲ ਕਹਿੰਦਾ ਹਾਂ। ਇਹ ਖ਼ੁਸ਼ੀ ਦੀ ਗੱਲ ਨਹੀਂ ਹੈ। ਇਸ ਤਰ੍ਹਾਂ ਦੇ ਵਾਕਿਆਤ ਨਾਲ ਸਾਡਾ ਸਿਰ ਸ਼ਰਮ ਨਾਲ ਝੁਕਦਾ ਹੈ। ਸਾਨੂੰ ਸ਼ਰਮ ਆਉਂਦੀ ਹੈ ਕਿ ਜਿਸ ਦੇਸ਼ ਅੰਦਰ ਲਾਅ ਐਂਡ ਆਰਡਰ ਦੀ ਸਥਿਤੀ ਇਸ ਤਰ੍ਹਾਂ ਦੀ ਹੈ ਉਸ ਦੇਸ਼ ਦੇ ਅੰਦਰ ਅਸੀ ਰਹਿ ਰਹੇ ਹਾਂ।

ਪੁਲਿਸ ਬਾਰੇ ਤੁਸੀਂ ਵੇਖਿਆ ਹੋਣਾ ਹੈ, ਉਸ ਨੇ ਕੁਝ ਚਿਰ ਤੋਂ ਲੋਕਾਂ ਤੇ ਰੀਪਰੈਸ਼ਨ ਸ਼ੁਰੂ ਕੀਤਾ ਹੋਇਆ ਹੈ। ਮੇਰੇ ਪਾਸ ਮੈਡੀਕਲ ਰਿਪੋਰਟਾਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਔਰਤਾਂ ਦੀਆਂ ਟੰਗਾਂ ਤੇ ਨਿਸ਼ਾਨ ਲੱਗੇ ਹੋਏ ਹਨ। ਉਹ ਕਿਸ ਤਰ੍ਹਾਂ ਦੇ ਨਿਸ਼ਾਨ ਹਨ, ਉਹ ਔਰਤਾਂ ਕੀ ਮੰਗਦੀਆਂ ਹਨ, ਉਹ ਪੁਲਿਸ ਦੀ ਕੁੱਟ ਦੇ ਨਿਸ਼ਾਨ ਹਨ ਅਤੇ, ਚੇਅਰਮੈਨ ਸਾਹਿਬ, ਉਹ ਔਰਤਾਂ ਮਿਨੀਮਮ ਵੇਜ਼ ਮੰਗਦੀਆਂ ਹਨ। ਪਰ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਬਜਾਏ

Original with;
Punjab Vidhan Sabha
Digitized by;
Panjab Digital Library

ਇਸ ਤਰ੍ਹਾਂ ਨਾਲ ਲਾਅ ਐਂਡ ਆਰਡਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਜੇਕਰ ਪੁਲਿਸ ਨੂੰ ਰਿਸ਼ਵਤ ਨਾ ਦਿੱਤੀ ਜਾਵੇ ਤਾਂ ਪਰਚਾ ਦਰਜ ਨਹੀਂ ਹੁੰਦਾ, ਜੇਕਰ ਰਿਸ਼ਵਤ ਨਾ ਦਿੱਤੀ ਜਾਵੇ ਤਾਂ ਕਈ ਵਾਰੀ ਮੁਦਈ ਨੂੰ ਹੀ ਮੁਲਜ਼ਮ ਬਣ ਕੇ ਰਹਿਣਾ ਪੈਂਦਾ ਹੈ। ਇਸ ਲਈ ਜੇਕਰ ਕਤਲ ਹੋ ਜਾਵੇ, ਚੋਰੀ ਹੋ ਜਾਵੇ, ਤਾਂ ਵੀ ਪਰਚਾ ਦਰਜ ਕਰਾਉਣ ਲਈ ਰਿਸ਼ਵਤ ਦੀ ਲੋੜ ਹੁੰਦੀ ਹੈ, ਇਹ ਹਾਲ ਹੋ ਗਿਆ ਹੈ ਪੁਲਿਸ ਦਾ।

ਚੇਅਰਮੈਨ ਸਾਹਿਬ, ਪੁਲਿਸ ਕਰਮਚਾਰੀ ਵੀ ਅਪਣੀ ਥਾਂ ਤੇ ਠੀਕ ਹਨ, ਉਨ੍ਹਾਂ ਦੀਆ ਡਿਊਟੀਆ 24-24 ਘੰਟਿਆਂ ਦੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਵੀ ਕਈ ਸ਼ਿਕਾਇਤਾਂ ਹਨ। ਲੇਕਿਨ ਉਹ ਜਿਹੜੀਆਂ ਅੱਜ ਸਖਤੀਆਂ ਕਰ ਰਹੇ ਹਨ ਉਨ੍ਹਾਂ ਨੂੰ ਵੀ ਇਸ ਤਰਾਂ ਦੀਆਂ ਸਖਤੀਆਂ ਦਾ ਸਾਹਮਣਾ ਕਰਨਾ ਪਵੇਗਾ। ਜੋ ਸਖਤੀਆਂ ਅੱਜ ਪੁਲਿਸ ਦੂਸਰਿਆਂ ਤੇ ਕਰ ਰਹੀ ਹੈ। ਉਹ ਹੀ ਸਖਤੀਆਂ ਉਸ ਨੇ ਕੱਲ੍ਹ ਨੂੰ ਸਰਕਾਰੀ ਬੈਂਚਾਂ ਵਾਲਿਆਂ ਤੇ ਵੀ ਕਰਨੀਆ ਹਨ। ਇਸ ਲਈ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਮਿਆਂ ਵਿਚ ਤੁਸੀਂ ਵੀ ਵੇਖਦੇ ਰਹੇ ਹੋ ਕਿ ਪੁਲਿਸ ਨੂੰ ਤੁਸੀਂ ਐਜੂਕੇਟ ਕਰਨ ਦੀ ਬਜਾਏ ਅਨਐਜੂਕੇਟ ਕੀਤਾ ਹੈ। ਪੁਲਿਸ ਅੰਗਰੇਜ਼ਾਂ ਨੇ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ ਇਕ ਆਰਗੇਨਾਈਜ਼ੇਸ਼ਨ ਜਿਹੀ ਬਣਾਈ ਸੀ ਜਿਸ ਨੂੰ ਮਾਡਰੇਨਾਈਜ਼ ਕਰਨਾ ਚਾਹੀਦਾ ਸੀ, ਐਜੂਕੇਟ ਕਰਨਾ ਚਾਹੀਦਾ ਸੀ ਪਰ ਉਸ ਨੂੰ ਐਜੂਕੇਟ ਕਰਨ ਦੀ ਬਜਾਏ ਅਨਐਜੂਕੇਟ ਕੀਤਾ ਗਿਆ ਹੈ ਜਿਸ ਕਰਕੇ ਕਿ ਉਹ ਲੋਕਾਂ ਤੇ ਅਤਿਆਚਾਰ ਕਰ ਰਹੀ ਹੈ, ਇਨਕਾਊਂਟਰ ਵਿਚ ਲੋਕਾਂ ਨੂੰ ਮਾਰ ਰਹੀ ਹੈ। ਜਿਸ ਪੁਲਸੀਏ ਨੂੰ 24-24 ਘੰਟੇ ਡਿਊਟੀ ਦੇਣੀ ਪੈਂਦੀ ਹੋਵੇ ਕੋਈ ਛੁੱਟੀ ਨਾ ਮਿਲਦੀ ਹੋਵੇ, ਰਹਿਣ ਵਾਸਤੇ ਕੋਈ ਥਾਂ ਨਾ ਹੋਵੇ ਤਾਂ ਕੁਦਰਤੀ ਉਸ ਵਿਚ ਚਿੜਚੜਾਪਨ ਆਵੇਗਾ। ਉਨ੍ਹਾਂ ਨੂੰ ਆਰਗੇਨਾਈਜ਼ੇਸ਼ਨ ਬਣਾਉਣ ਦਾ ਅਧਿਕਾਰ ਨਹੀਂ ਹੈ। ਤੁਸੀਂ ਉਨ੍ਹਾਂ ਨੂੰ ਅਨਐਜੂਕੇਟ ਕਰਦੇ ਹੋ ਤਾਂ ਹੀ ਉਹ ਇਸ ਪ੍ਰਕਾਰ ਰਿਪਰੈਸ਼ਨ ਕਰ ਰਹੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਪੁਲਿਸ ਦੀਆਂ ਜੋ ਜਾਇਜ਼ ਮੰਗਾਂ ਹਨ ਉਨ੍ਹਾਂ ਨੂੰ ਪ੍ਰਵਾਨ ਕਰੋ, ਉਨ੍ਹਾਂ ਨੂੰ ਐਜੂਕੇਟ ਕਰੋ ਤਾਂ ਜੋ ਉਹ ਇਨਕਾਊਂਟਰ ਕਰਨ ਤੋਂ ਲੋਕਾਂ ਦੀ ਲੁੱਟ-ਕਸੁੱਟ ਕਰਨ ਤੋਂ ਉਹ ਗੁਰੇਜ਼ ਕਰਨ। ਸੁਪ੍ਰੀਮ ਕੋਰਟ ਨੇ ਵੀ ਪੁਲਿਸ ਬਾਰੇ ਰਿਮਾਰਕਸ ਦਿੱਤੇ ਹੋਏ ਹਨ ਕਿ ਇਹ ਆਰਗੇਨਾਈ-ਜ਼ਡ ਗੈਂਗ ਆਫ ਗੁੰਡਾਜ਼ ਹੈ। ਇਸ ਲਈ ਤੁਸੀਂ ਪੁਲਿਸ ਦੀ ਦਰੁਸਤੀ ਕਰੋ ਤਾਂ ਕਿ ਇਹ ਫੋਰਸ ਠੀਕ ਸੇਧ ਵਿਚ ਆ ਸਕੇ।

ਮੈਂ ਜੇਲ੍ਹ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜੇਲ੍ਹਾਂ ਦੀ ਬੁਰੀ ਹਾਲਤ ਹੈ। ਉਨ੍ਹਾਂ ਦਾ ਵੈਸੇ ਨਾਉਂ ਸੁਧਾਰ ਘਰ ਰੱਖਿਆ ਹੋਇਆ ਹੈ ਲੇਕਿਨ ਉਨ੍ਹਾਂ ਵਿਚ ਕੀ ਹੁੰਦਾ ਹੈ? ਉਨ੍ਹਾਂ ਵਿਚ ਅਫੀਮ ਵਿਕਦੀ ਹੈ, ਗੋਲੀਆਂ ਮਿਲਦੀਆਂ ਹਨ ਨਸ਼ੇ ਦੀਆਂ। ਇਹ ਕਹਾਵਤ ਹੈ ਕਿ ਬਾਹਰ ਤਾਂ ਅਫੀਮ ਚੰਗੀ ਨਹੀਂ ਮਿਲਦੀ ਲੇਕਿਨ ਜੇਲ੍ਹ ਵਿਚ ਅਫੀਮ ਚੰਗੀ ਮਿਲਦੀ ਹੈ, ਖਰੀ ਮਿਲਦੀ ਹੈ, ਗੋਲੀਆਂ ਨਸ਼ੇ ਦੀਆਂ ਖਰੀਆਂ ਮਿਲਦੀਆਂ ਹਨ। ਪਰ ਚੇਅਰਮੈਨ ਸਾਹਿਬ, ਉਥੇ ਅਖਬਾਰ ਨਹੀਂ ਮਿਲ ਸਕਦੀ, ਅਫੀਮ ਉਤੇ ਕੋਈ ਪਾਬੰਦੀ ਨਹੀਂ ਹੈ, ਨਸ਼ੇ ਦੀਆਂ ਗੋਲੀਆਂ ਤੇ ਕੋਈ ਪਾਬੰਦੀ ਨਹੀਂ ਹੈ, ਪਰ ਅਖਬਾਰ ਉਤੇ ਪਾਬੰਦੀ ਹੈ, ਉਹ ਜੇਲ੍ਹ ਵਿਚ ਨਹੀਂ ਜਾ ਸਕਦੀ। ਮੈਂ ਕਹਿੰਦਾ ਹਾਂ ਕਿ ਇਹ ਕਿਸ ਪ੍ਰਕਾਰ ਦੀ ਡੈਮੋਕ੍ਰੇਸੀ ਹੈ। ਫਿਰ ਜੇਲ੍ਹ ਦੇ ਅੰਦਰ ਰਹਿਣ ਵਾਲੇ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਰਾਤ ਨੂੰ ਉਨ੍ਹਾਂ ਦੀਆਂ ਗੱਡੀਆਂ ਭਰ ਕੇ ਲਜਾਈਆਂ ਜਾ ਰਹੀਆਂ ਹਨ ਅੰਮ੍ਰਿਤਸਰ ਵਿਚ ਐਕਸੀਡੈਂਟ ਹੋ ਰਹੇ ਹਨ। ਭਾਵੇਂ ਇਹ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਪ੍ਰੋਫ਼ੈਸਰ ਬਲਵੰਤ ਸਿੰਘ]

ਦੇ ਐਕਸੀਡੈਂਟ ਕਿਸੇ ਤਰ੍ਹਾਂ ਵੀ ਹੋਣ ਲੇਕਿਨ ਇਕ ਗਲ ਤਾ ਸਪਸ਼ਟ ਹੈ ਕਿ ਕਿਸੇ ਵੀ ਕੈਦੀ ਨੂੰ ਰਾਤ ਨੂੰ ਜੇਲ੍ਹ ਵਿਚੋਂ ਨਹੀਂ ਕੱਢਿਆ ਜਾ ਸਕਦਾ । ਤਾਂ ਫਿਰ ਉਨ੍ਹਾਂ ਨੂੰ ਰਾਤ ਨੂੰ ਜੇਲ੍ਹ ਵਿਚੋਂ ਕੱਢਣ ਦਾ ਕੀ ਕੰਮ ਸੀ, ਇਸ ਗੱਲ ਦੀ ਤਾਂ ਜੇਲ੍ਹ ਮੈਨੂਅਲ ਇਨ੍ਹਾਂ ਨੂੰ ਆਗਿਆ ਹੀ ਨਹੀਂ ਦਿੰਦਾ । ਰਾਤ ਦੇ ਛੇ ਵਜੇ ਤੋਂ ਬਾਅਦ ਪਰਿਜ਼ਨਰਜ਼ ਜੇਲ੍ਹ ਤੋਂ ਬਾਹਰ ਨਹੀਂ ਕੱਢੇ ਜਾ ਸਕਦੇ । ਜੇਕਰ ਉਨ੍ਹਾਂ ਵਾਸਤੇ ਤੁਹਾਡੇ ਪਾਸ ਪ੍ਰਬੰਧ ਨਹੀਂ ਸੀ ਫਿਰ ਮੋਰਚੇ ਵਾਲਿਆਂ ਨਾਲ ਬੈਠ ਕੇ ਗੱਲ ਕਰ ਲਵੋ ਪਰ ਗੱਲ ਬਾਤ ਕਰਨ ਦੀ ਬਜਾਏ ਤੁਸੀਂ ਐਕਸੀਡੈਂਟਾਂ ਵਾਲੇ ਹਾਲਾਤ ਕਰੀਏਟ ਕਰ ਰਹੇ ਹੋ । ਫਿਰ ਉਹ ਐਕਸੀਡੈਂਟ ਪੁਲਿਸ ਦੀ ਕਸਟੱਡੀ ਵਿਚ ਹੁੰਦੇ ਹਨ, ਤਾ ਫਿਰ ਜ਼ਿਮੇਵਾਰੀ ਵੀ ਉਨ੍ਹਾਂ ਦੀ ਹੀ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਆਉਣ ਵਾਲੀ ਨਸਲ ਉਨ੍ਹਾਂ ਨੂੰ ਮੁਆਫ ਨਹੀਂ ਕਰੇਗੀ ।

ਚੇਅਰਮੈਨ ਸਾਹਿਬ, ਹੁਣ ਮੈਂ ਇਕ ਐਸੀ ਗੱਲ ਕਰਨ ਲੱਗਾ ਹਾਂ ਜਿਸ ਦੇ ਬਾਰੇ ਇਹ ਸਾਰੇ ਕਹਿਣਗੇ ਕਿ ਪਤਾ ਨਹੀਂ ਕਿਉਂ ਮਾਰਕਸਿਸਟਸ ਬੈਂਚਾਂ ਤੋਂ ਵੀ ਇਸ ਤਰ੍ਹਾਂ ਦੀ ਗੱਲ ਕੀਤੀ ਜਾ ਰਹੀ ਹੈ ਲੇਕਿਨ ਮੈਂ ਸੱਚੀ ਗੱਲ ਕਰਨ ਲੱਗਾ ਹਾਂ । ਇਥੇ ਚੰਡੀਗੜ੍ਹ ਵਿਚ ਦੋ ਕਾਲਜ ਖੁੱਲ੍ਹੇ ਹੋਏ ਹਨ । ਉਸ ਵਿਚ ਪੰਜਾਬ ਭਰ ਤੋਂ ਡੈਪੂਟੇਸ਼ਨ ਤੇ ਆਸਾਮੀਆਂ ਭਰਨ ਵਾਸਤੇ ਬੰਦੇ ਮੰਗੇ ਗਏ ਸਨ, ਦੋ ਦੋ ਤਿੰਨ ਤਿੰਨ ਬੰਦੇ ਪ੍ਰਿੰਸੀਪਲਜ਼ ਔਰ ਡੀ. ਪੀ. ਆਈ. ਨੇ ਰਿਕੁਮੈਂਡ ਕਰਨੇ ਸਨ ਲੇਕਿਨ ਹੋਇਆ ਕੀ? ਇਥੇ ਵੀ ਫਿਰਕਾਪ੍ਰਸਤੀ ਆ ਗਈ, ਕਮਿਊਨਲਿਜ਼ਮ ਆ ਗਿਆ । ਦੋ ਕੈਂਡੀਡੇਟਸ ਦੀ ਰਿਕੁਮੈਂਡੇਸ਼ਨ ਕੀਤੀ ਗਈ । ਔਰ ਐਜੂਕੇਸ਼ਨ ਸੈਕਟਰੀ ਵੱਲੋਂ ਕੀਤੀ ਗਈ । ਇਕ ਤਾਂ ਐਜੂਕੇਸ਼ਨ ਸੈਕਟਰੀ ਦੀ ਆਪਣੀ ਨੂੰਹ ਦੀ ਰਿਕੁਮੈਂਡੇਸ਼ਨ ਕੀਤੀ ਗਈ । ਉਸ ਦਾ ਮੈਂ ਨਾਉਂ ਨਹੀਂ ਲੈਂਦਾ ਪਰ ਕਹੋ ਤਾਂ ਦੱਸ ਵੀ ਦਿੰਦਾ ਹਾਂ । ਉਸ ਦਾ ਨਾਉਂ ਪੂਨਮ ਗੁਪਤਾ ਹੈ । ਉਹ ਸਿਲੈਕਟ ਵੀ ਨਹੀਂ ਸੀ ਹੋਈ ਪਰ ਉਸ ਦਾ ਨਾਉਂ ਪੈਨਲ ਵਿਚ ਭੇਜ ਦਿੱਤਾ ਹੈ ਅਤੇ ਹੋਰ ਕਿਸੇ ਦਾ ਨਾਉਂ ਨਹੀਂ ਭੇਜਿਆ । ਇਸ ਤਰ੍ਹਾਂ ਹੀ ਇਕ ਪੈਨਲ ਹੋਰ ਭੇਜਣਾ ਸੀ ਉਸ ਦੇ ਵਾਸਤੇ ਡੇਰਾ ਬਸੀ ਦੇ ਸੁਨੀਲ ਦਾ ਨਾਉਂ ਭੇਜ ਦਿੱਤਾ ਹੈ ਔਰ ਕਿਸੇ ਵੀ ਸਿੱਖ ਦਾ ਨਾਉਂ ਨਹੀਂ ਭੇਜਿਆ । ਇਸ ਤਰ੍ਹਾਂ ਦਾ ਵਿਤਕਰਾ ਇਥੇ ਵੀ ਹਿੰਦੂ ਸਿੱਖ ਦਾ ਪਾਇਆ ਗਿਆ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਵੇਲੇ ਦੇ ਹਾਲਾਤ ਨੂੰ ਵੇਖੋ ਕਿਸ ਪਾਸੇ ਵਲ ਜਾ ਰਹੇ ਹਨ । ਅੱਜ ਡੈਮੋਕ੍ਰੇਟਿਕ ਸੈਟ-ਅੱਪ ਵਿਚ ਇਸ ਤਰ੍ਹਾਂ ਦਾ ਵਿਤਕਰਾ ਹੋ ਰਿਹਾ ਹੈ। ਫਿਰ ਅਧਿਆਪਕਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਉਹ ਐਜੀਟੇਸ਼ਨਾਂ ਲਈ ਮਜਬੂਰ ਹੋ ਰਹੇ ਹਨ । ਉਨ੍ਹਾਂ ਦੀਆਂ ਮੰਗਾਂ ਸਰਕਾਰ ਨੂੰ ਤੁਰੰਤ ਮੰਨ ਲੈਣੀਆਂ ਚਾਹੀਦੀਆਂ ਹਨ । ਡੈਮੋਕ੍ਰੇਟਿਕ ਸੈਟ ਅੱਪ ਵਿਚ ਡੀਸੈਂਟ੍ਰੇਲਾਈਜ਼ੇਸ਼ਨ ਆਫ ਪਾਵਰ ਹੋਇਆ ਕਰਦੀ ਹੈ । ਚੇਅਰਮੈਨ ਸਾਹਿਬ, ਇਥੇ ਕੀ ਹੋ ਰਿਹਾ ਹੈ, ਲਓ ਇਹ ਵੀ ਸੁਣ ਲਵੋ । ਵੀ.ਸੀ. ਪੰਜਾਬੀ ਯੂਨੀਵਰਸਿਟੀ ਨੂੰ ਕੁਝ ਪਾਵਰ ਦੇਣ ਦੀ ਗੱਲ ਸੀ ਪਰ ਉਹ ਵੀ ਨਹੀਂ ਦਿੱਤੀਆਂ ਜਾ ਰਹੀਆਂ । ਇਸ ਤਰ੍ਹਾਂ ਪ੍ਰਾਈਵੇਟ ਸਕੂਲਾਂ ਔਰ ਸਰਕਾਰੀ ਸਕੂਲਾਂ ਦੀਆਂ ਫੀਸਾਂ ਵਿਚ ਦੋ ਗੁਣਾਂ ਦਾ ਅੰਤਰ ਹੈ । ਪ੍ਰਾਈਵੇਟ ਕਾਲਜ ਵਿਚ ਐਡਮਿਸ਼ਨ ਲੈਣ ਵਾਸਤੇ ਕੋਈ 350/- ਰੁਪਏ ਐਡਮਿਸ਼ਨ ਵੇਲੇ ਦੇਣੇ ਪੈਂਦੇ ਹਨ ਪਰ ਸਰਕਾਰੀ ਕਾਲਜ ਵਿਚ ਸਿਰਫ 85/- ਰੁਪਏ ਦੇਣੇਂ ਪੈਂਦੇ ਹਨ ਪਰ ਪ੍ਰਾਈਵੇਟ ਕਾਲਜਾਂ ਨੂੰ ਸਰਕਾਰ 95 % ਗਰਾਂਟ ਵੀ ਦਿੰਦੀ ਹੈ ਪਰ ਉਥੇ ਦੀਆਂ ਫੀਸਾਂ ਦਾ ਸਰਕਾਰ

Original with;
Punjab Vidhan Sabha
Digitized by;
Panjab Digital Library

ਕਾਲਜਾਂ ਦੀਆਂ ਫ਼ੀਸਾਂ ਨਾਲ ਕਿਤਨਾ ਭਾਰੀ ਫਰਕ ਹੈ। ਇਸ ਲਈ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਦੇ ਵਿਤਕਰੇ ਦਾ ਪੰਜਾਬ ਦੇ ਲੋਕਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਫਿਰ ਬੱਚਿਆਂ ਨੂੰ ਕਾਪੀਆਂ ਕਿਤਾਬਾਂ ਬਹੁਤ ਮਹਿੰਗੀਆਂ ਮਿਲਦੀਆਂ ਹਨ। ਇਸ ਤਰ੍ਹਾਂ ਹੀ ਐਜੂਕੇਸ਼ਨ ਸਿਸਟਮ ਦੀ ਗੱਲ ਹੈ, ਬੱਚਿਆਂ ਦੇ ਪੜ੍ਹਾਈ ਦੇ ਸਲੇਬਸ ਦੀ ਗੱਲ ਹੈ। ਸਾਡਾ ਐਜੂਕੇਸ਼ਨ ਸਿਸਟਮ ਬੱਚਿਆਂ ਨੂੰ ਸਿਰਫ ਇਮਤਿਹਾਨਾਂ ਲਈ ਤਿਆਰ ਕਰਦਾ ਹੈ, ਆਉਣ ਵਾਲੇ ਸਮੇਂ ਲਈ ਨਹੀਂ ਤਿਆਰ ਕਰਦਾ। ਉਹ ਕਿਸ ਤਰ੍ਹਾਂ ਦੀ ਬੱਚਿਆਂ ਨੂੰ ਸਿੱਖਿਆ ਦਿੰਦਾ ਹੈ ? ਦੋ ਕਿੱਲੋ ਕਾਫੀ ਵਿਚ ਪੰਜ ਕਿੱਲੋ ਮਿੱਟੀ ਮਿਲਾ ਦਿੱਤੀ ਜਾਵੇ ਤਾਂ ਦੱਸੋ ਬੱਚਿਓ ਦੁਕਾਨਦਾਰ ਨੂੰ ਕਿਤਨਾ ਮੁਨਾਫਾ ਹੋਇਆ। (ਹਾਸਾ) ਇਸ ਲਈ ਜਿਹੜੇ ਬੱਚਿਆਂ ਦੇ ਸਲੇਬਸ ਹਨ, ਉਹ ਐਜੂਕੇਟਿਵ ਸਲੇਬਸ ਹੋਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਜਦੋਂ ਤਕ ਕਿਸੇ ਕੌਮ ਦੇ ਬੱਚੇ ਸਿਆਣੇ ਨਹੀਂ ਹੁੰਦੇ ਐਜੂਕੇਟ ਨਹੀਂ ਹੁੰਦੇ ਉਹ ਕੌਮ ਤਰੱਕੀ ਨਹੀਂ ਕਰ ਸਕਦੀ। ਫਿਰ ਸਕੂਲਾਂ ਦੀਆਂ ਇਮਾਰਤਾਂ ਦਾ ਬੁਰਾ ਹਾਲ ਹੈ। ਉਥੇ ਟਾਟ ਵੀ ਨਹੀਂ ਹਨ ਜਿੱਥੇ ਕਿ ਬੱਚੇ ਬੈਠ ਕੇ ਪੜ੍ਹ ਸਕਣ। ਇਸ ਲਈ ਐਜੂਕੇਸ਼ਨ ਕੰਪਲੈਕਸ ਬਨਾਉਣੇ ਚਾਹੀਦੇ ਹਨ ਔਰ ਪਿੰਡਾਂ ਦੇ ਵਿਚ ਜਿਹੜੇ ਹਾਈ ਔਰ ਮਿਡਲ ਸਕੂਲ ਹਨ ਉਨ੍ਹਾਂ ਦੀ ਹਾਲਤ ਸੁਧਾਰਨੀ ਚਾਹੀਦੀ ਹੈ। ਫਿਰ ਚੰਗੀ ਐਜੂਕੇਸ਼ਨ ਦੇਣੀ ਵੀ ਚੇਅਰਮੈਨ ਸਾਹਿਬ, ਗਰੀਬ ਆਦਮੀ ਦਾ ਕੰਮ ਨਹੀਂ ਰਹਿ ਗਿਆ। ਉਚੇਰੀ ਵਿਦਿਆ ਲਈ ਦਾਖਲੇ ਵਾਸਤੇ ਡੋਨੇਸ਼ਨਾਂ ਦੇ ਰੂਪ ਵਿਚ ਰਿਸ਼ਵਤਾ ਲਈਆਂ ਜਾਂਦੀਆਂ ਹਨ। ਇਥੋਂ ਤਕ ਕਿ ਯੂਨੀਵਰਸਿਟੀਆਂ ਦਾ ਵੀ ਇਹੋ ਹੀ ਹਾਲ ਹੋ ਗਿਆ ਹੈ। ਚੇਅਰਮੈਨ ਸਾਹਿਬ, ਅਸਲ ਵਿਚ ਇਹ ਡੋਨੇਸ਼ਨ ਹੈ ਕੀ ਚੀਜ਼ ? ਇਹ ਇਕ ਕਿਸਮ ਦੀ ਖੁਲ੍ਹੀ ਰਿਸ਼ਵਤ ਹੈ। ਇਹ ਕਿਹਾ ਜਾਂਦਾ ਹੈ ਕਿ ਠੀਕ ਹੈ ਜੇਕਰ ਇਸ ਕੋਰਸ ਵਾਸਤੇ ਦਾਖਲਾ ਲੈਣਾ ਹੈ ਤਾਂ 20 ਹਜ਼ਾਰ ਡੋਨੇਸ਼ਨ ਦਿਓ। ਸਾਫ ਹੀ ਕਹਿ ਦਿੱਤਾ ਜਾਂਦਾ ਹੈ ਕਿ ਦਾਖਲਾ ਲੈਣਾ ਹੈ ਤਾਂ ਇਤਨੀ ਰਿਸ਼ਵਤ ਚਾਹੀਦੀ ਹੈ।

ਚੇਅਰਮੈਨ ਸਾਹਿਬ, ਤੁਸੀਂ ਜਾਣਦੇ ਹੋ ਕਿ ਜਿਹੜੇ ਸਕੂਲ ਅਪਗ੍ਰੇਡ ਕੀਤੇ ਜਾਂਦੇ ਹਨ ਉਸ ਵੇਲੇ ਕਿਸ ਤਰ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਜਿਹੜੇ ਆਪੋਜੀਸ਼ਨ ਦੇ ਇਲਾਕੇ ਹਨ ਉਨ੍ਹਾਂ ਵਿਚ ਸਕੂਲ ਅਪਗਰੇਡ ਨਹੀਂ ਕੀਤੇ ਜਾਂਦੇ ਸਾਡਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ ਮੈਂ ਮਿਸਾਲ ਦਿੰਦਾ ਹਾਂ ਕਿ ਮੇਰੇ ਹਲਕੇ ਵਿਚ ਇਕ ਨਾਭਿਆਂ ਪਿੰਡ ਹੈ ਉਥੇ ਇਕ ਪ੍ਰਾਈਮਰੀ ਸਕੂਲ 104 ਸਾਲ ਪੁਰਾਣਾ ਹੈ, ਉਸ ਨੂੰ ਅਪਗਰੇਡ ਕਰਨ ਲਈ ਮੰਜ਼ੂਰੀ ਵੀ ਹੋ ਗਈ ਸੀ, ਸਟਾਫ ਵੀ ਚਲਾ ਗਿਆ ਸੀ ਪਰ ਬਾਅਦ ਵਿਚ ਉਹ ਆਰਡਰ ਵਿਦਡਰਾਅ ਕਰ ਲਏ ਔਰ ਉਹ ਅਪਗਰੇਡ ਨਹੀਂ ਕੀਤਾ ਗਿਆ। ਪਿੰਡ ਵਾਲਿਆਂ ਨੇ ਉਸ ਸਕੂਲ ਦੀ ਬਿਲਡਿੰਗ ਵੀ ਕੰਪਲੀਟ ਕਰ ਦਿੱਤੀ ਹੈ, 8-10 ਕਮਰੇ ਪਾ ਦਿੱਤੇ ਹਨ ਪਰ ਫਿਰ ਵੀ ਹਾਲੇ ਉਹ ਪ੍ਰਾਇਮਰੀ ਸਕੂਲ ਹੀ ਚਲ ਰਿਹਾ ਹੈ। (ਘੰਟੀ)

ਹੁਣ ਮੈਂ ਕੋਆਪਰੇਸ਼ਨ ਮਹਿਕਮੇ ਦੇ ਬਾਰੇ ਤੁਹਾਨੂੰ ਦੱਸਦਾ ਹਾਂ। ਇਸ ਵਾਸਤੇ ਪੈਸੇ ਮੰਗ ਲਏ ਹਨ ਔਰ ਜੋ ਕੋਆਪਰੇਸ਼ਨ ਮਹਿਕਮੇ ਦੀ ਹਾਲਤ ਹੈ, ਉਸ ਬਾਰੇ ਮੈਂ ਪਰਸੋਂ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ, ਉਸ ਵੇਲੇ ਵੀ ਦਸਿਆ ਸੀ ਕਿ ਕਿਸ ਤਰ੍ਹਾਂ ਨਾਲ ਕਿਸਾਨਾਂ ਦੇ ਬਕਾਇਆ ਹਾਲੇ ਤਕ ਖੜ੍ਹੇ ਹਨ। ਉਨ੍ਹਾਂ ਨੂੰ ਪੈਸੇ ਨਹੀਂ ਦਿੱਤੇ ਜਾ ਰਹੇ। ਰਿਕਵਰੀ ਦਾ ਇਹ ਹਾਲ ਹੈ ਕਿ ਜਿਨ੍ਹਾਂ ਕੋਲੋਂ ਤਾਂ ਲੱਖਾਂ ਰੁਪਏ ਸਰਕਾਰ ਨੇ ਲੈਣੇ ਹਨ ਉਨ੍ਹਾਂ ਨੂੰ ਤਾਂ ਬਿਲਕੁਲ ਨਹੀਂ ਫੜਿਆ ਜਾਂਦਾ ਔਰ ਜਿਨ੍ਹਾਂ ਕੋਲੋਂ ਹਜ਼ਾਰ 2 ਹਜ਼ਾਰ ਰੁਪਏ ਲੈਣੇ ਹਨ ਉਨ੍ਹਾਂ ਨੂੰ ਫੜ ਕੇ ਅੰਦਰ ਕੀਤਾ ਜਾਂਦਾ ਹੈ ਜਿਨ੍ਹਾਂ ਦੇ ਬਕਾਇਆ ਖੜ੍ਹੇ ਹਨ ਸਰਕਾਰ ਕੋਲ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਉਨ੍ਹਾਂ ਨੂੰ ਪੈਸੇ ਦੇਣ ਲਈ ਹੀ ਨਹੀਂ ਹਨ । ਤੁਹਾਨੂੰ ਪਤਾ ਹੈ ਕਿ ਸਹਕਾਰ ਦੀ ਕੀ ਹਾਲਤ ਹੋ ਰਹੀ ਹੈ ।

ਹੁਣ ਮੈਂ ਇੰਡਸਟਰੀ ਦੇ ਮੁਤੱਲਕ ਵੀ ਦਸਣਾ ਚਾਹੁੰਦਾ ਹਾਂ । ਮੈਂ ਮਿਸਾਲ ਦੇ ਕੇ ਦਸਣਾ ਚਾਹੰਦਾ ਹਾਂ ਕਿ ਕਿਸ ਤਰ੍ਹਾਂ ਨਾਲ ਇੰਡਸਟਰੀ ਵਾਲੇ ਹੇਰਾਫੇਰੀ ਕਰ ਰਹੇ ਹਨ । ਹੁਸ਼ਿਆਰਪੁਰ ਵਿਚ ਇਕ ਸੰਜੇ ਕੰਪਲੈਕਸ ਬਣਿਆ ਹੈ, ਉਥੋਂ ਦੇ 36 ਯੂਨਿਟਸ ਐਸੇ ਹਨ ਜਿਹੜੇ ਪੇਪਰਾਂ ਵਿਚ ਲਿਖੇ ਹਨ ਔਰ ਉਨ੍ਹਾਂ ਨੇ ਅਸੈਂਸ਼ਿਅਲ ਸਰਵਿਸ ਸਰਟੀਫਿਕੇਟ ਹਾਸਲ ਕਰ ਲਏ ਹਨ ਔਰ ਕੋਟੇ ਵੀ ਲਏ ਗਏ ਹਨ । ਪਰ ਅਸਲ ਗੱਲ ਇਹ ਹੈ ਕਿ ਉਹ ਇਸ ਧਰਤੀ ਤੇ ਯੂਨਿਟਸ ਸਟੈਂਡ ਹੀ ਨਹੀਂ ਕਰਦੇ । ਉਨ੍ਹਾਂ ਯੂਨਿਟਸ ਵਾਲੇ ਨੇ ਸਿਰਫ ਨਾਂ ਤੇ ਹੀ ਲਖਾਂ ਕਰੋੜਾਂ ਰੁਪਏ ਬਣਾ ਲਏ ਹਨ । ਇਹ ਸਾਰਾ ਕੰਮ ਸੰਜੇ ਗਾਂਧੀ ਕੰਪਲੈਕਸ ਦੇ ਨਾਂ ਤੇ ਚਲਦਾ ਰਿਹਾ ਹੈ । (ਘੰਟੀ) ਇਸ ਵੇਲੇ ਵਕਤ ਹੈ ਨਹੀਂ, ਨਹੀਂ ਤਾਂ ਮੈਂ ਤੁਹਾਨੂੰ ਦਸਣਾ ਸੀ ਕਿ ਕਿਸ ਤਰ੍ਹਾਂ ਨਾਲ ਉਨ੍ਹਾਂ ਨੂੰ ਕੋਟੇ ਪਰਮਿਟ ਦਿੱਤੇ ਗਏ ਹਨ ਚਾਹੇ ਉਹ ਕੋਟਾ ਸਟੀਲ ਦਾ ਹੋਵੇ ਜਾਂ ਮੋਮ ਦਾ ਹੋਵੇ । ਕੋਟੇ ਉਨ੍ਹਾਂ ਨੂੰ ਦਿੱਤੇ ਜਾ ਰਹੇ ਹਨ ਪਰ ਫੈਕਟਰੀ ਉਹ ਇਸ ਧਰਤੀ ਤੇ ਹੀ ਨਹੀਂ । ਇਸ ਤੋਂ ਇਲਾਵਾ ਜੋ ਸਮਾਲ ਸਕੇਲ ਇੰਡਸਟਰੀ ਦੀ ਹਾਲਤ ਹੈ, ਉਹ ਤੁਹਾਨੂੰ ਪਤਾ ਹੈ । ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀ ਬਿਲਕੁਲ ਤਬਾਹ ਹੋ ਰਹੀ ਹੈ । ਉਨ੍ਹਾਂ ਨੂੰ ਨਾ ਕੋਟੇ ਦਿੱਤੇ ਜਾਂਦੇ ਹਨ, ਨਾ ਬਿਜਲੀ ਦਿੱਤੀ ਜਾਂਦੀ ਹੈ । ਵਡੇ ਇੰਡਸਟਰੀ ਵਾਲੇ ਤਾਂ ਆਪਣੇ ਯੂਨਿਟ ਜੇਨਰੇਟਰਾਂ ਨਾਲ ਚਲਾ ਲੈਂਦੇ ਹਨ ਪਰ ਛੋਟਾ ਇੰਡਸਟਰੀ ਵਾਲਾ ਤਾਂ ਜੇਨਰੇਟਰ ਵੀ ਨਹੀਂ ਲਾ ਸਕਦਾ । ਇਸ ਤਰ੍ਹਾਂ ਨਾਲ ਛੋਟੀ ਇੰਡਸਟਰੀ ਤਬਾਹ ਹੋ ਰਹੀ ਹੈ । ਇਸ ਤੋਂ ਇਲਾਵਾ ਤੁਹਾਨੂੰ ਪਤਾ ਹੈ ਕਿ ਪੰਜਾਬ ਵਿਚ ਮਜ਼ਦੂਰਾਂ ਨੂੰ ਘੱਟੋ ਘੱਟ ਜੋ ਉਜਰਤ ਸਰਕਾਰ ਨੇ ਫਿਕਸ ਕੀਤੀ ਹੈ, ਉਹ ਵੀ ਨਹੀਂ ਦਿੱਤੀ ਜਾ ਰਹੀ । ਜਿਹੜਾ ਉਨ੍ਹਾਂ ਨੂੰ ਬੋਨਸ ਮਿਲਣਾ ਚਾਹੀਦਾ ਸੀ, ਉਹ ਵੀ ਨਹੀਂ ਮਿਲ ਰਿਹਾ । ਪਿਛਲੇ ਸਮੇਂ ਇਕ ਫਰਵਰੀ ਤਕ ਇਹ ਬੋਨਸ ਮਿਲਣਾ ਚਾਹੀਦਾ ਸੀ, ਪਰ ਉਹ ਵੀ ਨਹੀਂ ਮਿਲ ਰਿਹਾ । ਪਰ ਦੂਜੇ ਪਾਸੇ ਉਨ੍ਹਾਂ ਵਰਕਰਾਂ ਨਾਲ ਬੁਰਾ ਹਾਲ ਕੀਤਾ ਜਾ ਰਿਹਾ ਹੈ । ਰਾਜਪੁਰੇ ਦੇ 4 ਹਜ਼ਾਰ ਮਜ਼ਦੂਰ ਬਾਹਰ ਬੈਠੇ ਹਨ ਉਥੇ ਸੈਂਟਰਲ ਰਿਜ਼ਰਵ ਪੁਲਿਸ ਬੁਲਾਈ ਹੋਈ ਹੈ ਔਰ ਉਨ੍ਹਾ ਮਜ਼ਦੂਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ । ਉਨ੍ਹਾਂ ਦੀਆਂ ਜਿਹੜੀਆਂ ਜਾਇਜ਼ ਮੰਗਾਂ ਹਨ ਉਹ ਪਰਵਾਨ ਨਹੀਂ ਕੀਤੀਆਂ ਜਾ ਰਹੀਆਂ ਬਲਕਿ ਉਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ । ਮਿਲ ਮਾਲਕਾਂ ਨੇ ਉਨ੍ਹਾਂ ਨੂੰ ਦੁਖੀ ਕੀਤਾ ਹੋਇਆ ਹੈ ਪਰ ਸਰਕਾਰ ਦਾ ਕੋਈ ਕੰਟਰੋਲ ਨਹੀਂ । (ਘੰਟੀ)

ਹੁਣ ਮੈਂ ਇਰੀਗੇਸ਼ਨ ਬਾਰੇ ਵੀ ਇਕ ਗਲ ਕਹਿਣੀ ਚਾਹੁੰਦਾ ਹਾਂ । ਮੈਂ ਇਕ ਮਿੰਟ ਹੀ ਲਵਾਂਗਾ । ਤੁਹਾਨੂੰ ਪਤਾ ਹੈ ਕਿ ਪੰਜਾਬ ਦੇ ਵਿਚ ਪਾਣੀ ਦੀ ਪਹਿਲੇ ਹੀ ਕਮੀ ਹੈ ਪਰ ਇਹ ਸਰਕਾਰ ਪੰਜਾਬ ਦਾ ਪਾਣੀ ਕੱਢ ਕੇ ਦੂਸਰੀਆਂ ਸਟੇਟਾਂ ਨੂੰ ਦੇ ਰਹੀ ਹੈ । ਵਾਈਟ ਪੇਪਰਜ਼ ਵਿਚ ਤਾਂ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਜਿਹੜਾ ਪੰਜਾਬ ਦਾ ਫਾਲਤੂ ਪਾਣੀ ਹੈ, ਉਹ ਦਿੱਤਾ ਜਾ ਰਿਹਾ ਹੈ । ਇਹ ਕਹਿਣਾ ਕਿ ਅਨਯੂਟੇਲਾਈਜ਼ਡ ਪਾਣੀ ਦਿੱਤਾ ਜਾ ਰਿਹਾ ਹੈ, ਇਹ ਕਹਿ ਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨਾ ਹੈ । ਇਹ ਬਿਲਕੁਲ ਗਲਤ ਗੱਲ ਹੈ । ਇਹ ਜਿਹੜਾ ਪਾਣੀ ਗੋਬਿੰਦ ਸਾਗਰ ਤੋਂ ਨਹਿਰਾਂ ਕੱਢ ਕੇ ਦਿੱਤਾ ਜਾ ਰਿਹਾ ਹੈ ਇਹ ਪੰਜਾਬ

Original with;
Punjab Vidhan Sabha
Digitized by;
Panjab Digital Library

ਦੇ ਲੋਕਾਂ ਨੇ ਯੂਟੇਲਾਈਜ਼ ਕਰਨਾ ਸੀ । ਕੋਈ ਨਹਿਰ ਪਾਤੜਾਂ ਤੋਂ ਕੱਢ ਲਈ ਹੈ ਔਰ ਕੋਈ ਨਹਿਰ ਸਰਾਲਾ ਤੋਂ ਕੱਢ ਲਈ ਹੈ, ਇਸ ਤਰ੍ਹਾਂ ਇਹ ਨਹਿਰਾਂ ਕੱਢ ਕੇ ਹਰਿਆਣੇ ਨੂੰ ਪਾਣੀ ਦਿੱਤਾ ਜਾ ਰਿਹਾ ਹੈ ਪਰ ਪੰਜਾਬ ਨੂੰ ਪਾਣੀ ਨਹੀਂ ਮਿਲ ਰਿਹਾ ।

ਫਿਰ ਜਿਹੜਾ ਕਿਹਾ ਜਾਂਦਾ ਹੈ ਕਿ ਪਾਣੀ ਵੱਧ ਗਿਆ ਹੈ, ਇਹ ਗਲਤ ਹੈ। ਜਿਹੜੀ ਵਾਟਰ ਸੀਰੀਜ਼ ਇਹ ਗਿਣਦੇ ਹਨ ਉਹ 1921 ਤੋਂ 1945 ਤਕ ਦੀ ਗਿਣਦੇ ਹਨ, ਅਗਰ ਇਹ 1945 ਤੋਂ ਹੁਣ ਤਕ ਦੀ ਵਾਟਰ ਸੀਰੀਜ ਗਿਣਨ ਤਾਂ ਇਹ ਪਾਣੀ ਜ਼ਿਆਦਾ ਨਹੀਂ ਹੈ । ਪੰਜਾਬ ਦੇ ਲੋਕਾਂ ਦੀ ਮੰਗ ਹੈ ਕਿ ਇਹ ਪਾਣੀ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਸ ਦਾ ਫੈਸਲਾ ਕਰਨ ਵਾਸਤੇ ਕੋਈ ਸੁਪ੍ਰੀਮ ਕੋਰਟ ਦਾ ਜੱਜ ਹੋਣਾ ਚਾਹੀਦਾ ਹੈ। ਉਸ ਨੂੰ ਇਹ ਕੇਸ ਦੇ ਦੇਣਾ ਚਾਹੀਦਾ ਹੈ । ਅੱਜ ਪੰਜਾਬ ਦੀ ਧਰਤੀ ਸੁਕ ਰਹੀ ਹੈ । ਤੁਸੀਂ ਵੇਖੋਗੇ ਕਿ ਅੱਜ ਹਰਿਆਣੇ ਅੰਦਰ ਕਈ ਲਿਫਟ ਸਕੀਮਾਂ ਲਾਕੇ ਲੋਕਾਂ ਨੂੰ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਉਨ੍ਹਾਂ ਨੇ ਆਪਣੇ ਇਲਾਕੇ ਦੇ ਲੋਕਾਂ ਨੂੰ ਪਾਣੀ ਦੇਣ ਵਾਸਤੇ ਪੰਜਾਬ ਤੋਂ ਨਹਿਰਾਂ ਕੱਢ ਲਈਆਂ ਹਨ। ਪਰ ਪੰਜਾਬ ਦੇ ਲੋਕਾਂ ਨੂੰ ਪਾਣੀ ਦੇਣ ਵਾਸਤੇ, ਜਿਨ੍ਹਾਂ ਦੇ ਖੇਤ ਸੁਕ ਰਹੇ ਹਨ, ਨਾ ਕੋਈ ਲਿਫਟ ਸਕੀਮ ਹੈ ਔਰ ਨਾ ਹੀ ਕੋਈ ਸੂਆ ਹੈ । ਪਰ ਸਾਡੀ ਸਰਕਾਰ ਇਸ ਪਾਸੇ ਧਿਆਨ ਦੇਣ ਨੂੰ ਤਿਆਰ ਨਹੀਂ । ਜੇ ਇਹ ਕੇਸ ਸੁਪਰੀਮ ਕੋਰਟ ਦੇ ਜੱਜ ਨੂੰ ਦੇ ਦਿੱਤਾ ਜਾਵੇ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਜਿਹੜਾ ਪਾਣੀ ਪੰਜਾਬ ਨੇ ਯੂਟੇਲਾਈਜ਼ ਕਰਨਾ ਹੈ ਉਹ ਪਾਣੀ ਉਨ੍ਹਾਂ ਨੂੰ ਦਿੱਤਾ ਜਾ ਰਿਹਾ ਹੈ । ਇਸ ਪਾਣੀ ਦੇ ਸਬੰਧ ਵਿਚ ਜਿਹੜਾ ਸਮਝੌਤਾ ਹਰਿਆਣੇ ਨਾਲ ਕੀਤਾ ਹੋਇਆ ਹੈ, ਉਹ ਗਲਤ ਹੈ । ਇਸ ਲਈ ਮੈਂ ਇਹੋ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਹੁਣ ਮੈਂ ਬਿਲਡਿੰਗਾਂ ਬਾਰੇ ਇਕ ਗਲ ਕਹਿਣਾ ਚਾਹੁੰਦਾ ਹਾਂ । ਬਿਲਡਿੰਗਾਂ ਵਾਸਤੇ ਵੀ ਇਨ੍ਹਾਂ ਨੇ ਪੈਸੇ ਮੰਗ ਲਏ ਹਨ, ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ । ਪਟਿਆਲਾ ਦਾ ਕਿਲ੍ਹਾ ਅਤੇ ਹੋਰ ਕਈ ਬਿਲਡਿੰਗਾਂ ਕਈ ਸਾਲਾਂ ਤੋਂ ਅਨਸੇਫ ਡਿਕਲੇਅਰ ਕੀਤੀਆਂ ਹੋਈਆਂ ਹਨ, ਪਰ ਉਥੇ ਹਾਲੇ ਵੀ ਹਜ਼ਾਰਾਂ ਮੁਲਾਜ਼ਮ ਕੰਮ ਕਰ ਰਹੇ ਹਨ । ਭਲਾ ਕੀ ਉਹ ਕਿਸੇ ਦੇ ਬੱਚੇ ਨਹੀਂ, ਜਿਨ੍ਹਾਂ ਨੂੰ ਅਨਸੇਫ ਬਿਲਡਿੰਗ ਵਿਚ ਬੈਠਾਇਆ ਹੋਇਆ ਹੈ । 20 ਸਾਲ ਤੋਂ ਇਹ ਕਿਲ੍ਹਾ ਅਨਸੇਫ ਡਿਕਲੇਅਰ ਕੀਤਾ ਹੋਇਆ ਹੈ ਪਰ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ । ਇਸ ਵਿਚ ਚਾਹੇ ਭਾਸ਼ਾ ਦਾ ਦਫ਼ਤਰ ਹੈ, ਟਰੇਯਰੀ ਹੈ ਜਾਂ ਹੋਰ ਕੋਈ ਦਫ਼ਤਰ ਹਨ, ਪਰ ਮੈਂ ਸਮਝਦਾ ਹਾਂ ਕਿ ਇਸ ਬਿਲਡਿੰਗ ਵਿਚ ਇਹ ਦਫ਼ਤਰ ਨਹੀਂ ਹੋਣੇ ਚਾਹੀਦੇ । ਕਿਸੇ ਵੇਲੇ ਵੀ ਉਨ੍ਹਾਂ ਦਾ ਨੁਕਸਾਨ ਹੋ ਸਕਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਤੁਰੰਤ ਬਦਲ ਦੇਵੇ (ਘੰਟੀ) ਚੇਅਰਮੈਨ ਸਾਹਿਬ, ਮੈਂ ਸਿਰਫ ਇਕ ਮਿੰਟ ਲਵਾਂਗਾ । ਜੇਕਰ ਸਰਕਾਰ ਦਾ ਇਹੀ ਰਵਈਆ ਰਿਹਾ ਤਾਂ ਸਰਕਾਰ ਆਪਣੀ ਜ਼ਿਮੇਵਾਰੀ ਤੋਂ ਬੱਚ ਨਹੀਂ ਸਕੇਗੀ ਔਰ ਪੰਜਾਬ ਦੇ ਲੋਕ ਇਨ੍ਹਾਂ ਨੂੰ ਮੁਆਫ਼ ਨਹੀਂ ਕਰਨਗੇ । ਇਹ ਬਿਆਨਬਾਜ਼ੀ ਕਰਦੇ ਹਨ ਕਿ ਬੜਾ ਕੰਮ ਕੀਤਾ ਹੈ ਪਰ ਹੋਇਆ ਕੁਝ ਵੀ ਨਹੀਂ । ਇਹ ਕਹਿੰਦੇ ਹਨ ਕਿ ਪਤਾ ਲਗ ਗਿਆ ਹੈ ਕਾਤਲਾਂ ਦਾ, ਸਾਨੂੰ ਸਮਝ ਆ ਗਈ ਹੈ ਫਲਾਣੇ ਫਲਾਣੇ ਬੰਦੇ ਨੇ ਕਤਲ ਕੀਤਾ ਹੈ ਔਰ ਫਲਾਣੇ ਫਲਾਣੇ ਨੇ ਕਰਵਾਇਆ ਹੈ । ਪਰ ਫਿਰ ਵੀ ਕੁਝ ਨਹੀਂ ਕੀਤਾ ਜਾਂਦਾ । (ਘੰਟੀ) ਚੇਅਰਮੈਨ ਸਾਹਿਬ, ਪੰਜਾਬ ਦੇ ਲੋਕ ਪਾਣੀ ਤੋਂ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਤਰਸ ਰਹੇ ਹਨ ਪਰ ਦੂਜੀਆਂ ਸਟੇਟਾਂ ਨੂੰ ਪਾਣੀ ਦਿੱਤਾ ਜਾ ਰਿਹਾ ਹੈ, ਪੰਜਾਬ ਦੇ ਪੈਸੇ ਨੂੰ ਤਬਾਹ ਕੀਤਾ ਜਾ ਰਿਹਾ ਹੈ, ਕੋਈ ਸਰਕਾਰ ਕੰਮ ਨਹੀਂ ਕਰ ਰਹੀ। ਚੇਅਰਮੈਨ ਸਾਹਿਬ, ਇਹ ਜਿਹੜਾ ਪੈਸਾ ਮੰਗਿਆ ਜਾ ਰਿਹਾ ਹੈ ਇਹ ਫਜ਼ੂਲ ਜਾਵੇਗਾ, ਇਸ ਦਾ ਕੋਈ ਫ਼ਾਇਦਾ ਨਹੀਂ ਹੋਣਾ ਇਸ ਪੈਸੇ ਦੀ ਦੁਰਵਰਤੋਂ ਹੋਵੇਗੀ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ): ਚੇਅਰਮੈਨ ਸਾਹਿਬ, ਇਹ ਜਿਹੜੀਆਂ ਡਿਮਾਂਡਜ਼ ਸਨ, ਇਨ੍ਹਾਂ ਸਾਰੀਆਂ ਤੇ ਡਿਸਕਸ਼ਨ ਹੋ ਚੁੱਕੀ ਹੈ ਔਰ ਅੱਜ 40 ਕਰੋੜ 75 ਹਜ਼ਾਰ ਰੁਪਏ ਹਾਊਸ ਨੇ ਖਰਚੇ ਲਈ ਮੰਜ਼ੂਰ ਕਰਨੇ ਹਨ। ਇਸ ਉਤੇ ਕੋਈ ਲੰਬਾ ਚੌੜਾ ਭਾਸ਼ਣ ਦੇਣ ਦੀ ਲੋੜ ਨਹੀਂ ਹੈ। ਗੱਲ ਸਿਰਫ਼ ਇਤਨੀ ਹੈ ਕਿ ਬਜਟ ਵਿਚ ਹੋਰ ਪੈਸੇ ਦੀ ਲੋੜ ਸੀ ਅਤੇ ਮੰਗਾਂ ਰਾਹੀਂ ਪਾਸ ਕਰਵਾਉਣ ਲਈ ਇਹ ਬਿਲ ਲਿਆਂਦਾ ਹੈ। ਬਹੁਤ ਸਾਰੇ ਮੇਰੇ ਦੋਸਤ ਇਸ ਬਹਿਸ ਨੂੰ ਧਰਮ ਵੱਲ ਲੈ ਗਏ, ਜਿਸ ਦਾ ਧਰਮ ਨਾਲ ਕੋਈ ਸਬੰਧ ਨਹੀਂ ਸੀ ਅਤੇ ਕੁਝ ਆਪ ਨੂੰ ਧਰਮ ਦੇ ਠੇਕੇਦਾਰ ਕਹਿੰਦੇ ਹਨ, ਜਦ ਕਿ ਸਾਡੀ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਧਰਮ ਦੇ ਨਾਂ ਨੂੰ ਉਚਾ ਕਰਨ ਵਾਸਤੇ ਗੁਰਦੁਆਰੇ ਵਿਚ ਵਗੀ ਪਾਣੀ ਸਪਲਾਈ ਕੀਤਾ ਅਤੇ ਗੁਰੂ ਦੇ ਸੇਵਕ ਹੋਣ ਕਰਕੇ ਉਨ੍ਹਾਂ ਨੇ ਹਰਮਿੰਦਰ ਸਾਹਿਬ ਵਿਚ ਪਾਣੀ ਦਾ ਖਰਚਾ ਸਰਕਾਰ ਨੇ ਆਪਣੇ ਜ਼ਿੰਮੇ ਲਿਆ ਅਤੇ ਮੰਦਰਾਂ ਵਿਚ ਸਰਕਾਰ ਵਲੋਂ ਯੋਗਦਾਨ ਦਿਤਾ ਅਤੇ ਸਰਕਾਰ ਵਲੋਂ ਜੋ ਕੁਝ ਧਰਮ ਦੀ ਖਾਤਰ ਹੋ ਸਕਦਾ ਸੀ, ਉਸ ਨਾਲੋਂ ਜ਼ਿਆਦਾ ਕੀਤਾ ਹੈ। ਇਤਨੀ ਸ਼ਰਧਾ ਧਰਮ ਵਿਚ ਰੱਖਣ ਵਾਲੇ ਹਨ, ਪਰ ਇਹ ਜਿਹੜੇ ਧਰਮ ਦੇ ਨਾਂ ਨੂੰ ਨੀਵਾਂ ਕਰੀ ਜਾ ਰਹੇ ਹਨ, ਇਹ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਕਹਿੰਦੇ ਹਨ। ਸਰਦਾਰ ਦਰਬਾਰਾ ਸਿੰਘ ਨੇ ਗੋਇੰਦਵਾਲ ਸਾਹਿਬ ਵਿਚ ਇੰਡਸਟਰੀਅਲ ਕੰਪਲੈਕਸ ਬਨਾਉਣ ਦਾ ਫੈਸਲਾ ਕੀਤਾ, ਪਰ ਧਰਮ ਦੇ ਠੇਕੇਦਾਰ ਕੀ ਕਰ ਰਹੇ ਹਨ ਉਹ ਮੈਂ ਦੱਸਦਾ ਹਾਂ।

*11.53 . | (ਇਸ ਸਮੇਂ* ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਪਹਿਲੇ ਸਾਰੇ ਮਨੁੱਖ ਸਵੇਰੇ ਗੁਰਦੁਆਰੇ ਜਾਂਦੇ ਸਨ ਅਤੇ ਕਿਸੇ ਨੂੰ ਕੋਈ ਪੁਛੇ ਕੌਣ ਹੈ ਤਾਂ ਉਹ ਫਖਰ ਨਾਲ ਕਹਿੰਦਾ ਹੁੰਦਾ ਸੀ ਕਿ ਮੈਂ ਅੰਮ੍ਰਿਤਧਾਰੀ ਹਾਂ ਜਾਂ ਸਹਿਜ ਧਾਰੀ ਸਿੱਖ ਹਾਂ ਅਤੇ ਮੇਰਾ ਨਾਂ ਇਹ ਹੈ ਅਤੇ ਵਲਦ ਫਿਲਾਣਾ ਹਾਂ ਪਰ ਹੁਣ ਕੋਈ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਲਿਖਣ ਲਈ ਅਤੇ ਦੱਸਣ ਲਈ ਤਿਆਰ ਨਹੀਂ ਹੈ। ਇਹ ਇਸ ਕਰਕੇ ਕਿਉਂਕਿ ਇਨ੍ਹਾਂ ਨੇ ਉਨ੍ਹਾਂ ਦੇ ਦਿਲਾਂ ਵਿਚ ਨਫਰਤ ਪੈਦਾ ਕਰ ਦਿੱਤੀ ਹੈ। ਇਥੇ ਡਾਕਟਰ ਭਗਤ ਸਿੰਘ ਨੇ ਕਿਹਾ ਸੀ ਕਿ ਸਾਡੀ ਸਰਕਾਰ ਬੱਚਿਆਂ ਤੇ ਜ਼ੁਲਮ ਕਰ ਰਹੀ ਹੈ ਪਰ ਮੇਰੀ ਸਰਕਾਰ ਤਾਂ ਕੋਈ ਜ਼ੁਲਮ ਨਹੀਂ ਕਰ ਰਹੀ ਬਲਕਿ ਜੋ ਤੁਹਾਡੀ ਪਾਰਟੀ ਨੇ ਬੱਚਿਆਂ ਦੇ ਸਕੂਲ ਵਿਚ ਬੰਬ ਸੁਟਿਆ ਹੈ ਅਤੇ ਉਨ੍ਹਾਂ ਨੂੰ ਜ਼ਖਮੀ ਕੀਤਾ ਅਤੇ ਹਸਪਤਾਲ ਵਿਚ ਪਾਇਆ, ਉਹ ਤੁਹਾਨੂੰ ਕਦੇ ਮੁਆਫ ਨਹੀਂ ਕਰਨਗੇ। ਜਿਸ ਸਕੂਲ ਤੇ ਇਨ੍ਹਾਂ ਦੇ ਬੰਦਿਆਂ ਨੇ ਬੰਬ ਸੁਟਿਆ, ਉਹ ਸਕੂਲ ਲੋਕਾਂ ਦੀ ਮੱਦਦ ਨਾਲ ਅਤੇ ਸਰਕਾਰ ਦੀ ਮੱਦਦ ਨਾਲ ਬਣਿਆ ਸੀ, ਜਿਸ ਨੂੰ 10ਵੀਂ ਜਮਾਤ ਤੱਕ ਰਖਿਆ ਗਿਆ ਸੀ ਅਤੇ ਇਸ ਨੂੰ 1976 ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਬਨਾਉਣ ਦਾ ਫੈਸਲਾ ਕੀਤਾ ਸੀ। ਇਸ ਤੋਂ ਬਾਅਦ ਸਰਕਾਰ

Original with;
Punjab Vidhan Sabha
Digitized by;
Panjab Digital Library

ਆ ਗਈ ਅਕਾਲੀਆ ਦੀ, ਇਹ ਬੱਚੇ ਦਰਖਤਾਂ ਥੱਲੇ ਬੈਠ ਕੇ ਐਜੂਕੇਸ਼ਨ ਪ੍ਰਾਪਤ ਕਰਦੇ ਸਨ ਤਾਕਿ ਉਨ੍ਹਾਂ ਨੂੰ ਐਜੂਕੇਸ਼ਨ ਠੀਕ ਤਰੀਕੇ ਨਾਲ ਮਿਲ ਸਕੇ । ਇਸ ਲਈ ਸਰਕਾਰ ਨੇ ਮਦਦ ਦਿੱਤੀ ਅਤੇ ਬੈਠਣ ਵਾਸਤੇ ਇੰਤਜ਼ਾਮ ਕੀਤਾ ਔਰ ਲੋਕਾਂ ਨੇ ਪੈਸੇ ਦਾ ਇੰਤਜ਼ਾਮ ਕੀਤਾ । ਜਿਸ ਦਿਨ ਬੰਬ ਸੁਟਿਆ ਗਿਆ ਉਸ ਦਿਨ ਸੀ. ਐਮ. ਸਾਹਿਬ ਨੇ ਇਹ ਸਕੂਲ ਬੱਚਿਆਂ ਨੂੰ ਹੈਂਡ ਓਵਰ ਕਰਨਾ ਸੀ, ਪਰ ਇਨ੍ਹਾਂ ਨੇ ਬੱਚਿਆ ਦੇ ਅਰਮਾਨਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ।

**ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ :** ਡਿਪਟੀ ਸਪੀਕਰ ਸਾਹਿਬ, ** ** **

**ਸ੍ਰੀ ਡਿਪਟੀ ਸਪੀਕਰ :** ਮੇਰੀ ਪਰਮਿਸ਼ਨ ਤੋਂ ਬਗੈਰ ਜੋ ਕੁਝ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ ।

**ਸਰਦਾਰ ਦਿਲਬਾਗ ਸਿੰਘ :** ਡਿਪਟੀ ਸਪੀਕਰ ਸਾਹਿਬ, ਅਗਰ ਇਹ ਸੁਨਣ ਲਈ ਤਿਆਰ ਹਨ ਤਾਂ ਮੈਂ ਇਨ੍ਹਾਂ ਨੂੰ ਦੱਸ ਦੇਵਾਂਗਾ ਕਿ ਉਹ ਬੰਦੇ ਕਿਥੋਂ ਆਏ ਅਤੇ ਕੌਣ ਸਨ ? ਇਹ ਕਹਿੰਦੇ ਹਨ ਕਿ ਅਸੀਂ ਇਹ ਬੰਬ ਨਹੀਂ ਚਲਾਏ ਪਰ ਜਿਨ੍ਹਾਂ ਬੰਦਿਆਂ ਨੇ ਬੰਬ ਸੁਟਿਆ ਉਹ ਗੁਰਦੁਆਰੇ ਦੀ ਦਿਵਾਰ ਤੇ ਬੈਠੇ ਹੋਏ ਸਨ ਔਰ ਉਨ੍ਹਾਂ ਨੂੰ ਪਤਾ ਸੀ ਕਿ ਇਥੋਂ ਸਾਨੂੰ ਕੋਈ ਨਹੀਂ ਰੋਕ ਸਕਦਾ । ਗੁਰਦੁਆਰੇ ਵਾਲਿਆਂ ਨੇ ਕਾਫੀ ਦੇਰ ਤੋਂ ਸਕੂਲ ਵਾਲਿਆਂ ਦੀ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਸੀ ਔਰ ਅਸੀਂ ਇਨ੍ਹਾਂ ਦੇ 3 ਮਹੀਨਿਆਂ ਤੋਂ ਤਰਲੇ ਕਰੀ ਆ ਰਹੇ ਸੀ ਕਿ ਸਕੂਲ ਦੀ ਜ਼ਮੀਨ ਸਕੂਲ ਨੂੰ ਦੇ ਦਿਓ ਅਤੇ ਗੁਰਦੁਆਰੇ ਦੀ ਜ਼ਮੀਨ ਗੁਰਦੁਆਰੇ ਨੂੰ ਚਲੀ ਜਾਵੇ ਪਰ ਇਹ ਆਖਿਰ ਤੱਕ ਨਹੀਂ ਮੰਨੇ ਔਰ ਝਗੜਾ ਚਲਦਾ ਰਿਹਾ। ਇਹ ਤਿੰਨੇ ਆਦਮੀ ਗੁਰਦੁਆਰੇ ਦੀ ਦੀਵਾਰ ਤੇ ਖੜ੍ਹੇ ਸਨ ਅਤੇ ਇਨ੍ਹਾਂ ਨੂੰ ਪਤਾ ਸੀ ਕਿ ਸੀ. ਐਮ. ਸਾਹਿਬ ਨੇ ਇੱਧਰ ਨੂੰ ਆਉਣਾ ਹੈ ਅਤੇ ਅਸੀਂ ਵਾਰ ਕਰ ਦੇਵਾਂਗੇ ਪਰ ਕਲਗੀ ਵਾਲੇ ਦੀ ਮਿਹਰ ਸੀ ਕਿ ਉਸ ਦਿਨ ਬਾਰਸ਼ ਬਹੁਤ ਹੋਈ ਅਤੇ ਗੁਰਦੁਆਰੇ ਦੇ ਕੋਲ 3-3 ਫੁੱਟ ਪਾਣੀ ਖੜ੍ਹਾ ਹੋ ਗਿਆ ਅਤੇ ਐਸ. ਐਸ. ਪੀ. ਨੇ ਕਿਹਾ ਕਿ ਸੀ. ਐਮ. ਸਾਹਿਬ ਤੁਹਾਡੀ ਕਾਰ ਛੋਟੀ ਹੈ ਔਰ ਇਸ ਰਸਤੇ ਤੇ ਨਹੀਂ ਜਾ ਸਕਦੀ ਇਸ ਲਈ ਤੁਸੀਂ ਦੂਜੇ ਰਸਤੇ ਵਲੋਂ ਆ ਜਾਓ ਜਾਂ ਫੇਰ ਕਾਰ ਬਦਲ ਲਵੋ । ਪਰ 2 ਦਿਨ ਪਹਿਲਾਂ ਮਾਰਕਿਟ ਕਮੇਟੀ ਦੇ ਚੇਅਰਮੈਨ, ਚੌਧਰੀ ਦਰਸ਼ਨ ਸਿੰਘ ਨੇ ਉਹ ਸੜਕ ਬਣਵਾਈ ਸੀ ਔਰ ਮੈਂ ਕਿਹਾ ਕਿ ਇਹ ਰਸਤਾ ਵੀ ਠੀਕ ਹੈ ਔਰ ਸੀ. ਐਮ. ਸਾਹਿਬ ਸਕੂਲ ਦੇ ਅਦਰ ਚਲੇ ਗਏ ਔਰ ਇਹ ਆਪਸ ਵਿਚ ਕਹਿਣ ਲਗੇ ਉਹ ਸਾਲਿਆ ਸੀ. ਐਮ. ਤਾਂ ਅੰਦਰ ਵੀ ਜਾ ਰਿਹਾ ਹੈ, ਤੁਸੀਂ ਇਥੇ ਕੀ ਕਰ ਰਹੇ ਹੋ ? ਇਤਨੇ ਵਿਚ ਇਨ੍ਹਾਂ ਨੇ 3 ਬੰਬ ਸੁਟੇ ਜਦੋਂ ਇਹ ਤਿੰਨੇ ਗੁਰਦੁਆਰੇ ਦੀ ਦੀਵਾਰ ਤੇ ਖੜ੍ਹੇ ਸਨ । ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਜੇਕਰ ਮੈਂ ਕੋਈ ਗਲਤ ਬਿਆਨੀ ਕੀਤੀ ਹੋਵੇ ।

**ਜਥੇਦਾਰ ਗੁਰਬਚਨ ਸਿੰਘ ਲਖਮੀਰ ਵਾਲਾ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਜੋ ਮੇਰੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ**: ਡਿਪਟੀ ਸਪੀਕਰ ਸਾਹਿਬ, ਅਗਰ ਇਹ ਚਾਹੁੰਦੇ ਹਨ ਕਿ ਇਨ੍ਹਾਂ ਤਿੰਨ ਆਦਮੀਆਂ ਦੇ ਪਿਛੇ ਕੌਣ ਕੌਣ ਸੀ ਅਤੇ ਇਹ ਆਦਮੀ ਕੌਣ ਸਨ ਤਾਂ ਸਾਰਾ ਕੁਝ ਇਨ੍ਹਾਂ ਦੀ ਤਸੱਲੀ ਵਾਸਤੇ ਮੈਂ ਦੱਸ ਦੇਵਾਂਗਾ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਆਪਣੇ ਆਪ ਨੂੰ ਸਵਾ ਲੱਖ ਕਹਿੰਦੇ ਹਨ ਪਰ ਅਸੀਂ ਆਪਣੇ ਆਪ ਨੂੰ ਸਵਾ ਲੱਖ ਕਹਿੰਦੇ ਹਾਂ। ਇਹ ਨਕਲੀ ਸਵਾ ਲੱਖ ਹਨ ਅਤੇ ਅਸੀਂ ਅਸਲੀ ਸਵਾ ਲੱਖ ਹਾਂ। ਇਨ੍ਹਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨੇ ਤਿੰਨ ਬੰਬ ਅੰਮ੍ਰਿਤਧਾਰੀ ਤੇ ਸੁਟੇ ਹਨ, ਪਰ ਉਸ ਦਾ ਕੋਈ ਵਾਲ ਵਿੰਗਾ ਨਹੀਂ ਹੋਇਆ ਅਤੇ ਉਹ ਪੰਜਾਬ ਨੂੰ ਤਰੱਕੀ ਦੇ ਰਾਹ ਤੇ ਲਿਜਾ ਰਿਹਾ ਹੈ।

**ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** ** ** **

**ਸ੍ਰੀ ਡਿਪਟੀ ਸਪੀਕਰ**: ਇਹ ਜੋ ਕੁਝ ਵਿਦਾਊਟ ਪਰਮਿਸ਼ਨ ਦੇ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਦਿਲਬਾਗ ਸਿੰਘ**: ਡਿਪਟੀ ਸਪੀਕਰ ਸਾਹਿਬ, ਮੇਰੇ ਬੋਲਣ ਤੋਂ ਬਾਅਦ ਤੁਸੀਂ ਇਨ੍ਹਾਂ ਨੂੰ ਵੀ ਬੋਲਣ ਦਾ ਟਾਇਮ ਦੇ ਦਿਓ ਅਤੇ ਉਸ ਤੋਂ ਬਾਅਦ ਫਿਰ ਹਾਊਸ ਫੈਸਲਾ ਕਰੇ। ਇਸ ਤਰ੍ਹਾਂ ਰੌਲਾ ਪਾਉਣ ਨਾਲ ਗੱਲ ਨਹੀਂ ਬਣਦੀ। ਡਿਪਟੀ ਸਪੀਕਰ ਸਾਹਿਬ, ਸਾਢੇ ਬਾਰਾਂ ਵਜੇ ਬੰਬ ਸੁਟਿਆ ਗਿਆ ਅਤੇ ਸਾਢੇ ਬਾਰਾਂ ਵਜੇ ਹੀ ਹਵਾਈ ਜਹਾਜ਼ ਅਗਵਾ ਕੀਤਾ ਗਿਆ ਉਸ ਦੇ ਨਾਲ ਹੀ ਅਕਾਲੀਆਂ ਨੇ ਮੋਰਚਾ ਸ਼ੁਰੂ ਕਰ ਦਿਤਾ। ਇਹ ਇਸ ਗਲ ਤੋਂ ਬੱਚ ਨਹੀਂ ਸਕਦੇ। ** ** **

**ਸ੍ਰੀ ਡਿਪਟੀ ਸਪੀਕਰ**: ਨੋ ਇੰਟਰੱਪਸ਼ਨ ਪਲੀਜ਼। ਹਰ ਇਕ ਆਨਰੇਬਲ ਮੈਂਬਰ ਨੂੰ ਰਾਈਟ ਹੈ ਕਿ ਉਹ ਆਪਣੇ ਵਿਚਾਰ ਪਰ੍ਗਟ ਕਰ ਸਕਦਾ ਹੈ। ਜੋ ਆਨਰੇਬਲ ਮੈਂਬਰ ਬੈਠੇ ਬੈਠੇ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਦਿਲਬਾਗ ਸਿੰਘ**: ਡਿਪਟੀ ਸਪੀਕਰ ਸਾਹਿਬ, ਜੋ ਇਹ ਕਹਿੰਦੇ ਹਨ ਕਿ ਸਾਡਾ ਇਨ੍ਹਾਂ ਕੰਮਾਂ ਵਿਚ ਕੋਈ ਦਖਲ ਨਹੀਂ ਹੈ ਤਾਂ ਫਿਰ ਰੌਲਾ ਪੰਜਾਬ ਵਿਚ ਕਿਸ ਚੀਜ਼ ਦਾ ਪੈ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਪਾਕਿਸਤਾਨ ਹਵਾਈ ਜਹਾਜ਼ ਅਗਵਾਹ ਕੀਤਾ ਗਿਆ ਸੀ ਤਾਂ ਉਸ ਬੰਦੇ ਦੀ ਡਿਮਾਂਡ ਸੀ ਕਿ ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਜੀ ਨੂੰ ਲਾਹ ਦਿਓ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਮੁੱਖ ਮੰਤਰੀ ਬਣਾ ਦਿਓ।

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ**: ਡਿਪਟੀ ਸਪੀਕਰ ਸਾਹਿਬ, ਜਦੋਂ ਡਾਕਟਰ ਭਗਤ ਸਿੰਘ ਜੀ ਬੋਲਦੇ ਸਨ ਤਾਂ ਇਨ੍ਹਾਂ ਦੇ ਮਨਿਸਟਰ ਨੇ ਅੱਧਾ ਘੰਟਾ ਇਨਟਰੱਪਟ ਕੀਤਾ ਪਰ ਤੁਸੀਂ ਸਾਨੂੰ ਬੋਲਣ ਨਹੀਂ ਦਿੰਦੇ।

**ਸ੍ਰੀ ਡਿਪਟੀ ਸਪੀਕਰ**: ਜਦੋਂ ਡਾਕਟਰ ਭਗਤ ਸਿੰਘ ਜੀ ਬੋਲਦੇ ਸਨ ਉਨ੍ਹਾਂ ਨੂੰ ਕਿਸੇ ਨੇ ਇਨਟਰੱਪਟ ਨਹੀਂ ਕੀਤਾ। ਇਸ ਲਈ ਸਰਦਾਰ ਦਿਲਬਾਗ ਸਿੰਘ ਜੀ ਨੂੰ ਆਪਣੇ ਵਿਚਾਰ ਰੱਖ ਲੈਣ ਦਿਓ। ਜਦੋਂ ਤੁਹਾਡਾ ਟਾਈਮ ਬੋਲਣ ਦਾ ਆਵੇਗਾ ਤਾਂ ਤੁਸੀਂ ਜੋ ਮਰਜ਼ੀ ਬੋਲ ਲੈਣਾ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਹਰ ਚੀਜ਼ ਧੱਕੇ ਨਾਲ ਮਨਾਉਣਾ ਚਾਹੁੰਦੇ ਹਨ । ਮੈਂ ਇਨ੍ਹਾਂ ਨੂੰ ਇੱਕ ਗੱਲ ਦਸ ਦੇਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਸਰਕਾਰ ਸਾਰੇ ਪੰਜਾਬੀਆਂ ਦੀ ਹੈ । ਪੰਜਾਬ ਦੇ ਲੋਕ ਜਿਸ ਨੂੰ ਮਰਜ਼ੀ ਹੈ ਲਾ ਦੇਣ ਅਤੇ ਜਿਸ ਨੂੰ ਮਰਜ਼ੀ ਹੈ ਗੱਦੀ ਤੋਂ ਥਿਠਾ ਦੇਣ ਪਰ ਬੰਬਾਂ ਦੇ ਨਾਲ ਸਰਕਾਰਾਂ ਨਹੀਂ ਟੁਟਦੀਆਂ। ਇਸ ਲਈ ਤੁਸੀਂ ਅੰਮ੍ਰਿਤਧਾਰੀ ਨੂੰ ਨਾ ਮਾਰੋ ।

**ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਵਿਦਾਉਟ ਪਰਮਿਸ਼ਨ ਦੇ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਗਲਤ ਗੱਲ ਕਹਿਣ ਦੇ ਹੱਕ ਵਿਚ ਨਹੀਂ ਹਾਂ । ਮੈਨੂੰ ਇਥੇ ਬੈਠਿਆਂ ਨੂੰ 22 ਸਾਲ ਹੋ ਗਏ ਹਨ । ਬੇਸ਼ਕ, ਡਿਪਟੀ ਸਪੀਕਰ ਸਾਹਿਬ, ਮੇਰਾ ਤੁਸੀਂ ਰਿਕਾਰਡ ਕਢਾ ਕੇ ਵੇਖ ਲਉ । ਉਸ ਵਿਚ ਇਕ ਗੱਲ ਵੀ ਝੂਠੀ ਨਹੀਂ ਹੋਵੇਗੀ । ਅਸੀਂ ਸੱਚੀਆਂ ਗੱਲਾਂ ਕਰਦੇ ਹਾਂ, ਜਿਸ ਕਰਕੇ ਪੰਜਾਬ ਦੇ ਲੋਕਾਂ ਨੇ ਸਾਨੂੰ ਉਧਰ ਤੋਂ ਇਧਰ ਬਿਠਾ ਦਿਤਾ ਹੈ ਅਤੇ ਤੁਹਾਨੂੰ ਉਧਰ ਆਪੋਜ਼ੀਸ਼ਨ ਵੱਲ ਬਿਠਾ ਦਿਤਾ ਹੈ । ਤੁਸੀਂ ਕਦੇ ਪੰਥ ਦਾ ਨਾਅਰਾ ਲਗਾਉਂਦੇ ਹੋ ਕਿ ਪੰਥ ਖਤਰੇ ਵਿਚ ਹੈ। ਇਹ ਹੋ ਗਿਆ, ਉਹ ਹੋ ਗਿਆ । ਸਾਡੀਆਂ ਸਾਰੀਆਂ ਸੱਚੀਆਂ ਗਲਾਂ ਹਨ । ਡਿਪਟੀ ਸਪੀਕਰ ਸਾਹਿਬ, 35,000 ਆਦਮੀ ਮੌਜੂਦ ਸਨ ਜਦੋਂ ਤਿੰਨ ਬੰਬ ਸੁਟੇ ਗਏ ਤਾਂ ਉਸ ਵੇਲੇ ਮੁੱਖ ਮੰਤਰੀ ਜੀ ਨੇ ਪੌਣਾ ਘੰਟਾ ਸਪੀਚ ਕੀਤੀ ਅਤੇ ਲੋਕਾਂ ਨੇ ਹੱਥ ਖੜ੍ਹੇ ਕੀਤੇ ਅਤੇ ਤਾੜੀਆਂ ਦੇ ਨਾਲ ਸਵਾਗਤ ਕੀਤਾ। ਇਸ ਲਈ ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ । ਇਹ ਬੰਬ ਸੁਟਣ ਵਾਲੇ ਹਨ । ਮੈਂ ਡਿਪਟੀ ਸਪੀਕਰ ਸਾਹਿਬ, ਮੌਕੇ ਦਾ ਗਵਾਹ ਹਾਂ । ਮੈਂ ਉਥੇ ਉਸ ਵੇਲੇ ਹਾਜ਼ਰ ਸੀ , ਇਨ੍ਹਾਂ ਨੇ ਸਕੂਲ ਦੇ ਬੱਚਿਆਂ ਉਤੇ ਵੀ ਬੰਬ ਸੁਟੇ, ਪਰ ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ।

**ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** ** ** **

**ਸ੍ਰੀ ਡਿਪਟੀ ਸਪੀਕਰ** : ਇਹ ਜੋ ਵਿਦਾਊਟ ਪਰਮਿਸ਼ਨ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । ਜਥੇਦਾਰ ਗੁਰਬਚਨ ਸਿੰਘ ਜੀ ਇਨ੍ਹਾਂ ਨੂੰ ਬੋਲ ਲੈਣ ਦਿਉ । ਸਰਦਾਰ ਦਿਲਬਾਗ ਸਿੰਘ ਜੀ ਤੁਸੀਂ ਬੋਲੋ, ਟਾਇਮ ਬਹੁਤ ਥੋੜਾ ਹੈ ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਅਜੇ ਬਹੁਤ ਸਾਰੀਆਂ ਗੱਲਾਂ ਕਰਨੀਆਂ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਵੀ ਉਹੀ ਕਹਿਣਾ ਹੈ ਜੋ ਮੈਂ ਕਹਿਣਾ ਹੈ ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਵੀ ਸੱਚੀਆਂ ਗੱਲਾਂ ਕਰਨੀਆਂ ਹਨ । ਉਹ ਧਰਮੀ ਆਦਮੀ ਨੇ ਅਤੇ ਪੰਜਾਬ ਦੀ ਤਰੱਕੀ ਵਾਸਤੇ ਸੋਚਦੇ ਹਨ । ਜੇ ਕਰ ਆਪੋਜ਼ੀਸ਼ਨ ਵਾਲਿਆਂ ਨੇ ਝੂਠੀਆਂ ਗੱਲਾਂ ਕਰਨੀਆਂ ਹਨ ਤਾਂ ਉਹ ਕਦੇ ਵੀ ਇਧਰ ਨਹੀਂ ਆ ਸਕਦੇ ।

---

** Not recorded Expunged as ordered by The Chair .

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਬਾਕੀ ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪਕੜਿਆ ਕੋਈ ਨਹੀਂ ਗਿਆ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਹਾਂ (ਵਿਘਨ)

**ਸ਼੍ਰੀ ਡਿਪਟੀ ਸਪੀਕਰ :** ਚਾਰ ਪੰਜ ਮਿੰਟਾਂ ਵਿਚ ਹੀ ਵਾਈਂਡ ਅਪ ਕਰੋ ।

**ਸਰਦਾਰ ਦਿਲਬਾਗ ਸਿੰਘ :** ਮੈਂ ਹੁਣੇ ਹੀ ਵਾਈਂਡ ਅਪ ਕਰਦਾ ਹਾਂ ।

**ਸ਼੍ਰੀ ਡਿਪਟੀ ਸਪੀਕਰ :** ਵਾਈਂਡ ਅਪ ਕਰੋ ਅਤੇ ਬਜਟ ਤੇ ਬੋਲੋ ।

**ਸਰਦਾਰ ਦਿਲਬਾਗ ਸਿੰਘ :** ਮੈਂ ਬਜਟ ਤੇ ਹੀ ਬੋਲ ਰਿਹਾ ਹਾਂ ਜੀ । ਪਰ ਜੇ ਇਹ ਕੋਈ ਗਲਤ ਗੱਲ ਕਹਿਣਗੇ ਤਾਂ ਉਸ ਦਾ ਜਵਾਬ ਦੇਣਾ ਹੀ ਹੁੰਦਾ ਹੈ । ਇਹ ਕਹਿੰਦੇ ਹਨ ਕਿ ਪੁਲਿਸ ਵਾਲਿਆਂ ਤੋਂ ਕੁਝ ਨਹੀਂ ਹੁੰਦਾ । ਮੈਂ ਕਹਿੰਦਾ ਹਾਂ ਕਿ ਬੰਬ ਸੁਟਣ ਵਾਲੇ ਨੂੰ ਮੌਕੇ ਤੇ ਹੀ ਪਕੜ ਲਿਆ ਗਿਆ । ਦੂਸਰਾ ਸਵੇਰੇ ਜਾ ਕੇ ਪਕੜਿਆ ਗਿਆ ਔਰ ਐਨਕਾਊਂਟਰ ਵਿਚ ਮਾਰਿਆ ਗਿਆ ਔਰ ਤੀਜਾ ਮੁਲਜ਼ਮ ਦੋ ਚਾਰ ਦਿਨਾ ਵਿਚ ਹੀ ਪਕੜਿਆ ਜਾਏਗਾ । ਅਸੀਂ ਤਾਂ ਉਸ ਨੂੰ ਮਾਰਿਆ ਜਿਸ ਨੇ ਬੰਬ ਚਲਾਇਆ । ਪਰ ਬੂੜਾ ਸਿੰਘ, ਇਕ ਫਰੀਡਮ ਫਾਈਟਰ ਨੈਕਸਲਾਈਟ ਸੀ ਜੋ ਕਿ 15 ਸਾਲ ਅੰਗਰੇਜ਼ ਦੀ ਜੇਲ ਵਿਚ ਕੈਦ ਰਿਹਾ, ਉਸ ਨੂੰ ਇਨ੍ਹਾਂ ਨੇ ਮਾਰਿਆ । ਇਹ ਰਿਕਾਰਡ ਤੇ ਹੈ ਔਰ ਅਗਰ ਇਹ ਗਲਤ ਹੋਵੇ ਤਾਂ ਮੈਂ ਅਸੰਬਲੀ ਤੋਂ ਅਸਤੀਫਾ ਦੇ ਦਿਆਂਗਾ (ਥੰਪਿੰਗ) ਇਹ ਫਰੀਡਮ ਫਾਈਟਰ ਨੂੰ ਮਾਰਨ ਵਾਲੇ ਬੰਦੇ ਅੱਜ ਇਹੋ ਜਿਹੀਆਂ ਗੱਲਾਂ ਕਰਦੇ ਹਨ । ਸਰਦਾਰ ਦਰਬਾਰਾ ਸਿੰਘ ਜੀ ਨੇ ਦੋ ਸਾਲਾਂ ਵਿਚ ਪਿੰਡਾਂ ਦੀ ਕਿੰਨੀ ਤਰੱਕੀ ਕੀਤੀ ਹੈ । ਕੋਆਪ੍ਰੇਸ਼ਨ ਵਿਚ ਸੁਧਾਰ ਕੀਤਾ ਹੈ ਔਰ ਕੁਰੱਪਸ਼ਨ ਵਿਚ ਵੀ ਸੁਧਾਰ ਕੀਤਾ ਹੈ । ਇਹ ਭਗਤੀ ਵਿਚ ਵੀ ਕਿਸੇ ਨਾਲੋਂ ਘੱਟ ਨਹੀਂ ਹਨ । ਬੰਬ ਚਲਣ ਤੋਂ ਬਾਅਦ ਤੁਸੀਂ ਇਨ੍ਹਾਂ ਨੂੰ ਹੋਰ ਵੀ ਅੱਗੇ ਖੜ੍ਹਾ ਕਰ ਦਿੱਤਾ ਹੈ । ਇਹ ਤੁਹਾਡੀ ਕਾਰਵਾਈ ਹੈ । ਤੁਸੀਂ ਉਸ ਨੂੰ ਕਮਜ਼ੋਰ ਕਹਿੰਦੇ ਹੋ । ਪਰ ਕਮਜ਼ੋਰ ਉਹ ਹੈ ਨਹੀਂ ।

**ਸ਼੍ਰੀ ਡਿਪਟੀ ਸਪੀਕਰ :** ਵਾਈਂਡ ਅਪ ਕਰੋ ਜੀ ।

**ਸਰਦਾਰ ਦਿਲਬਾਗ ਸਿੰਘ :** ਜੇ ਇਨ੍ਹਾਂ ਨੂੰ ਕੋਈ ਸਮਝ ਦੀ ਗਲ ਕਹਿੰਦੇ ਹਾਂ ਤਾਂ ਇਨ੍ਹਾਂ ਨੂੰ ਸਮਝ ਨਹੀਂ ਆਉਂਦੀ । ਜੇ ਇਨ੍ਹਾਂ ਨੂੰ ਅਸੀਂ ਕਹਿੰਦੇ ਹਾਂ ਕਿ ਧਰਮ ਦੇ ਮਾਮਲੇ ਵਿਚ ਅਸੀਂ ਤੁਹਾਡੇ ਨਾਲੋਂ ਜ਼ਿਆਦਾ ਠੇਕੇਦਾਰ ਹਾਂ ਤਾਂ ਇਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਨਾਲੋਂ ਜ਼ਿਆਦਾ ਧਰਮ ਦੇ ਠੇਕੇਦਾਰ ਹਾਂ ।

**ਸ਼੍ਰੀ ਡਿਪਟੀ ਸਪੀਕਰ :** ਵਾਈਂਡ ਅਪ ਕਰੋ ।

**ਸਰਦਾਰ ਦਿਲਬਾਗ ਸਿੰਘ :** ਜੋ ਪਖੰਡਬਾਜ਼ੀ ਅਕਾਲੀ ਪਾਰਟੀ ਵਿਚ ਹੈ ਉਹ ਹੋਰ ਕਿਸੇ ਪਾਰਟੀ ਵਿਚ ਨਹੀਂ ਹੈ । ਇਹ ਲੋਕਾਂ ਨੂੰ ਮਗਰ ਲਗਾਕੇ ਉਨ੍ਹਾਂ ਤੋਂ ਕੁਝ ਨਾ ਕੁਝ ਕਰਾ ਲੈਂਦੇ ਹਨ, ਪਰ ਜਦੋਂ ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲਗਦਾ ਹੈ ਤਾਂ ਲੋਕ ਇਨ੍ਹਾਂ ਨੂੰ ਛੱਡ ਜਾਂਦੇ ਹਨ । ਕਦੇ ਇਹ ਧਰਮ ਦੇ ਨਾਂ ਤੇ ਮੋਰਚਾ ਲਗਾ ਦਿੰਦੇ ਹਨ, ਕਦੇ ਬੱਸਾਂ ਦੇ ਕਿਰਾਏ ਬਾਰੇ ਮੋਰਚਾ ਲਗਾ ਦਿੰਦੇ ਹਨ ਔਰ ਕਦੇ ਪਾਣੀ ਬਾਰੇ ਮੋਰਚਾ ਲਗਾ ਦਿੰਦੇ ਹਨ ।

Original with;
Punjab Vidhan Sabha
Digitized by;
Panjab Digital Library

ਮੋਰਚਾ ਸੰਭਾਲਣ ਵਾਲੇ ਬੰਦੇ, ਤੁਹਾਡੇ ਮੋਰਚੇ ਨੂੰ ਚੰਗੀ ਤਰ੍ਹਾਂ ਸਮਝਦੇ ਹਨ । ਅਗਰ ਤੁਸੀਂ ਸਿੱਖ ਹੋ ਤਾਂ ਇਹ ਵੀ ਸਿੱਖ ਹੈ । ਜੇ ਤੁਸੀਂ ਭਗਤੀ ਕਰਦੇ ਹੋ ਤਾਂ ਇਹ ਵੀ ਭਗਤੀ ਕਰਦੇ ਹਨ ਅੌਰ ਜੇ ਤੁਸੀਂ ਜਪੁਜੀ ਸਾਹਿਬ ਦਾ ਪਾਠ ਕਰਦੇ ਹੋ ਤਾਂ ਇਹ ਵੀ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ (ਵਿਘਨ)

**ਸਰਦਾਰ ਜਗਤ ਸਿੰਘ** ** ** **

**ਸ੍ਰੀ ਡਿਪਟੀ ਸਪੀਕਰ** : ਜੋ ਕੁਝ ਮੈਂਬਰ ਸਾਹਿਬ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ ।

**ਕਾਮਰੇਡ ਕੁਲਵੰਤ ਸਿੰਘ** (ਆਦਮਪੁਰ) : ਸਰਕਾਰ ਨੇ ਬੜੀ ਵੱਡੀ ਰਕਮ ਖਜ਼ਾਨੇ ਵਿਚੋਂ ਦੇਣੀ ਹੈ । ਇਹ ਗੱਲਾਂ ਜੋ ਹੋ ਰਹੀਆਂ ਹਨ ਇਹ ਸ਼ੋਭਦੀਆਂ ਨਹੀਂ । ਇਹ ਬੜਾ ਜ਼ਰੂਰੀ ਮਸਲਾ ਹੈ ਅੌਰ ਪਹਿਲਾਂ ਮੈਂ ਪੁਲਿਸ ਬਾਰੇ ਥੋੜਾ ਜਿਹਾ ਬੋਲਣਾ ਚਾਹੁੰਦਾ ਹਾਂ । 33 ਲੱਖ ਰੁਪਿਆ ਮੋਟਰ-ਸਾਈਕਲਾਂ ਅੌਰ ਕਾਰਾਂ ਖਰੀਦਣ ਵਾਸਤੇ ਰਖਿਆ ਗਿਆ ਹੈ । ਮੁਲਜ਼ਮ ਇਨ੍ਹਾਂ ਤੋਂ ਇਕ ਸਾਲ ਵਿਚ ਪਕੜੇ ਨਹੀਂ ਗਏ ਹਨ । ਲਾਅ ਐਂਡ ਆਰਡਰ ਦਾ ਮਸਲਾ ਅੌਰ ਪੁਲਿਸ ਦਾ ਮਸਲਾ ਮੈਂ ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ : ਪਿਛਲੇ ਦਿਨਾਂ ਵਿਚ ਇਹ ਗੱਲ ਸਾਫ ਹੋਈ ਸੀ ਕਿ ਪੰਜਾਬ ਦਾ ਵੱਡਾ ਅਫਸਰ ਖੂਨੀ ਜੱਥਿਆਂ ਨੂੰ ਟਰੇਨਿੰਗ ਦਿੰਦਾ ਰਿਹਾ । ਅੱਜ ਉਸ ਨੂੰ ਸਜ਼ਾ ਦੇਣ ਦੀ ਬਜਾਏ ਹੋਰ ਕਿਤੇ ਬਦਲ ਦਿੱਤਾ ਜਾਏ, ਇਹ ਕਿਥੋਂ ਦਾ ਇਨਸਾਫ ਹੈ । ਪੰਜਾਬ ਪੁਲਿਸ ਦੀ ਅਲਾਈਨਿੰਗ ਹੋ ਗਈ ਹੈ । ਮੈਂ ਇਸ ਬਾਰੇ ਡਾਕਟਰ ਭਗਤ ਸਿੰਘ ਨਾਲ ਸਹਿਮਤ ਨਹੀਂ ਹਾਂ ਕਿ ਆਈ. ਜੀ. ਪੁਲਿਸ ਹਿੰਦੂ ਨਹੀਂ ਹੋਣਾ ਚਾਹੀਦਾ । ਮੈਂ ਚਾਹੁੰਦਾ ਹਾਂ ਕਿ ਆਈ. ਜੀ. ਪੁਲਿਸ ਚਾਹੇ ਹਿੰਦੂ ਹੋਵੇ, ਚਾਹੇ ਸਿੱਖ ਹੋਵੇ ਪਰ ਆਈ. ਜੀ. ਪੁਲਿਸ ਉਸ ਨੂੰ ਲਗਾਉਣਾ ਚਾਹੀਦਾ ਹੈ ਜੋ ਸੀਨੀਅਰ ਹੋਵੇ । ਪੁਲਿਸ ਦੇ ਅੰਦਰ ਜੋ ਵੰਡ ਹੋ ਗਈ ਹੈ ਉਸ ਨੂੰ ਖਤਮ ਕਰਨਾ ਚਾਹੀਦਾ ਹੈ । ਪੰਜਾਬ ਅੰਦਰ ਖੂਨੀ ਜੱਥੇ ਤਿਆਰ ਕੀਤੇ ਜਾਣ, ਇਸ ਚੀਜ਼ ਨੂੰ ਖਤਮ ਕਰਨਾ ਚਾਹੀਦਾ ਹੈ । ਜੋ ਪੁਲਿਸ ਦੀਆਂ ਜ਼ਰੂਰੀ ਲੋੜਾਂ ਜਾਂ ਡੀਮਾਂਡਾਂ ਹਨ, ਉਹ ਪੂਰੀਆਂ ਹੋਣੀਆਂ ਚਾਹੀਦੀਆਂ ਹਨ । ਲਾਅ ਐਂਡ ਆਰਡਰ ਨੂੰ ਸੰਭਾਲਣਾ ਚਾਹੀਦਾ ਹੈ । ਇਸ ਨੂੰ ਜੇਕਰ ਨਾ ਸੰਭਾਲਿਆ ਗਿਆ ਤਾਂ ਜੋ ਕੁਝ ਅੱਗੇ ਇਕ ਸਾਲ ਵਿਚ ਪੰਜਾਬ ਵਿਚ ਹੋਇਆ ਹੈ ਉਸ ਨੂੰ ਅੱਗੇ ਨੂੰ ਰੋਕਣਾ ਮੁਸ਼ਕਿਲ ਹੋ ਜਾਏਗਾ । ਇਸ ਲਾਅ ਐਂਡ ਆਰਡਰ ਨੂੰ ਲਾਅ ਐਂਡ ਆਰਡਰ ਨਹੀਂ ਕਹਿੰਦੇ, ਜਦੋਂ ਕਿ ਵਜ਼ੀਰਾਂ ਦੀਆਂ ਆਪਣੀਆਂ ਪੁਜ਼ੀਸ਼ਨਾਂ ਨਾ ਸੰਭਾਲੀਆਂ ਜਾਣ । ਇਕ ਗੱਲ ਹੋਰ ਮੈਂ ਕਹਾਂਗਾ ਕਿ ਪੁਲਿਸ ਨੂੰ ਐਨਕਾਊਂਟਰ ਵਿਚ ਆਦਮੀ ਮਾਰਨ ਦੀ ਖੁਲ੍ਹੀ ਛੁੱਟੀ ਦੇਣਾ ਜਮਹੂਰੀਅਤ ਲਈ ਖਤਰਾ ਹੈ । ਇਹ ਸਾਹਮਣੇ ਬਾਪੂ ਦੀ ਫੋਟੋ ਲਗੀ ਹੋਈ ਹੈ । ਇਸ ਨੂੰ ਦਿਨੇ ਹੀ ਗੋਲੀ ਮਾਰ ਦਿੱਤੀ ਗਈ ਸੀ ਅੌਰ ਨਥੂ ਰਾਮ ਗੋਡਸੇ ਨੂੰ ਇਸ ਸਬੰਧ ਵਿਚ ਪਕੜ ਲਿਆ ਗਿਆ ਅੌਰ ਉਸ ਤੇ ਬਾਕਾਇਦਾ ਮੁਕੱਦਮਾ ਚਲਾਇਆ ਗਿਆ ਸੀ । ਇਹੋ ਜਿਹੀ ਤਾਕਤ ਇਨ੍ਹਾਂ ਨੂੰ ਦੇ ਦੇਣੀ ਚਾਹੀਦੀ ਹੈ । ਅਕਾਲੀਆਂ ਨੇ ਵੀ ਆਪਣੇ ਰਾਜ ਵਿਚ ਅਨੇਕਾਂ ਹੀ ਨੈਕਸੇਲਾਈਟ ਅੰਨਕਾਊਂਟਰ ਵਿਚ ਮਾਰ ਦਿੱਤੇ ਸਨ । ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਾਂਗਰਸੀ ਸਿੱਖ ਮੋਰਚੇ ਦੇ ਖਿਲਾਫ ਨਹੀਂ ਬੋਲਦੇ । ਰਾਹੋਂ ਬੰਬ ਕਾਂਡ ਤੋਂ ਬਾਅਦ ਇਹ ਡਰਦੇ ਹਨ (ਵਿਘਨ)

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਪੰਡਿਤ ਸਰਵਣ ਰਾਮ** ** ** **

**ਸ੍ਰੀ ਡਿਪਟੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਕਾਮਰੇਡ ਕੁਲਵੰਤ ਸਿੰਘ**: ਮੈਂ ਬਹੁਤੀ ਗੱਲ ਨਹੀਂ ਕਰਨੀ । ਪਿਛਲੇ ਮਹੀਨੇ ਰਾਤ ਦੇ ਦਸ ਵਜੇ ਸਰਦਾਰ ਬੇਅੰਤ ਸਿੰਘ ਜੀ ਲੁਧਿਆਣਾ ਗਏ ਸੀ । ਮੈਂ ਇਹ ਕਹਿੰਦਾ ਹਾਂ ਕਿ ਰਾਹੋਂ ਕੇਸ ਤੋਂ ਬਾਅਦ ਵਜ਼ੀਰਾਂ ਨੇ ਕਿੰਨੇ ਜਲਸੇ ਅਟੈਂਡ ਕੀਤੇ ਹਨ । (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਕਾਮਰੇਡ ਕੁਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਏਨੀ ਕੁ ਗੱਲ ਕਹਿਣੀ ਚਾਹੁੰਦਾ ਹਾਂ, ਇਹ ਇਸ ਨੂੰ ਕਿਸੇ ਪਾਸੇ ਨਾ ਲੈਣ । ਇਹ ਜਿਹੜੀ ਗੱਲ ਬੜੀ ਸਾਫ ਹੈ । ਅਸੀਂ ਲਾਅ ਐਂਡ ਆਰਡਰ ਬਾਰੇ ਗੱਲ ਕਰ ਰਹੇ ਹਾਂ । ਅੰਮ੍ਰਿਤਸਰ ਵਿਚ ਜੇ ਇਹ 24 ਘੰਟੇ ਪਹਿਲਾਂ ਹਰਕਤ ਵਿਚ ਆ ਜਾਂਦੇ ਜਦੋਂ ਗਾਈਆਂ ਦੇ ਸਿਰ ਮੰਦਰਾਂ ਅੱਗੇ ਟੰਗੇ ਗਏ ਸਨ, ਤਾਂ ਹਾਲਾਤ ਖਰਾਬ ਨਾ ਹੁੰਦੇ । ਸਿਰਫ 24 ਘੰਟੇ ਪਹਿਲਾਂ ਹੀ ਸੋਚ ਲੈਂਦੇ ਤਾਂ ਅੱਜ ਉਥੇ ਇਹੋ ਜਿਹੇ ਹਾਲਾਤ ਨਹੀਂ ਸਨ ਹੋਣੇ । ਇਹ ਹਰਕਤ ਵੱਖ-ਵਾਦੀਆਂ ਅਤੇ ਅਤ-ਵਾਦੀਆਂ ਦੀ ਹੈ । ਇਹ ਸੀ. ਪੀ. ਆਈ. ਨੂੰ ਕਹਿੰਦੇ ਹਨ ਕਿ ਇਹ ਛੋਟੀ ਪਾਰਟੀ ਹੈ । ਪਰ ਇਹੀ ਪਹਿਲੀ ਪਾਰਟੀ ਸੀ ਜਿਸ ਨੇ ਜਲੰਧਰ ਵਿੱਚ ਹਜ਼ਾਰਾਂ ਦੀ ਨਹੀਂ ਲੱਖਾਂ ਦੀ ਗਿਣਤੀ ਵਿੱਚ ਜਲੂਸ ਕੱਢਿਆ ਸੀ ਇਸ ਗੱਲ ਦੇ ਵਿਰੁੱਧ ਹਿੰਦੂ ਸਿੱਖ ਨੂੰ ਜੋ ਲੜਾਵੇ ਉਹ ਦੇਸ਼ ਦਾ ਵੈਰੀ ਹੈ । ਜੇ ਅਸੀਂ ਇਕ ਥਾਂ ਤੇ ਆ ਜਾਈਏ ਤਾਂ ਉਹ ਜਿਹੜੇ ਪੰਜਾਬ ਵਿੱਚ ਹਿੰਦੂ ਸਿੱਖ ਨੂੰ ਲੜਾਉਣ ਦੇ ਯਤਨ ਕਰ ਰਹੇ ਹਨ ਉਹ ਫੇਲ੍ਹ ਹੋ ਜਾਣਗੇ । ਜਿਹੜੇ ਉਨ੍ਹਾਂ ਅੱਤਵਾਦੀਆਂ ਤੇ ਐਨਕਾਊਂਟਰ ਹੋਏ ਹਨ, ਉਹਨਾਂ ਦੀ ਜੁਡੀਸ਼ੀਅਲ ਇਨਕੁਆਰੀ ਹੋਵੇ ਤਾਂਕਿ ਅੱਤਵਾਦੀਆਂ ਨੂੰ ਤਾਕਤ ਨਾ ਮਿਲੇ । ਡੈਮੋਕ੍ਰੇਸੀ ਵਿਚ ਇਥੇ ਡੈਮੋਕਰੇਟਿਕ ਰੂਲ ਚਲਣੇ ਚਾਹੀਦੇ ਹਨ । ਸਮਾਂ ਥੋਹੜਾ ਹੈ । ਇਕ ਪਾਸੇ ਯੂ. ਪੀ. ਵਿਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ ਤਾਂ ਦੂਸਰੇ ਪਾਸੇ ਇਥੇ ਔੜ ਨੇ ਤਬਾਹੀ ਮਚਾਈ ਹੋਈ ਹੈ । ਝੋਨੇ ਅਤੇ ਕਪਾਹ ਦੀ ਫਸਲ ਤਬਾਹ ਹੋ ਰਹੀ ਹੈ । ਅਸੀਂ ਇਥੇ ਕਈ ਵਾਰ ਕਾਲ ਅਟੈਨਸ਼ਨ ਨੋਟਿਸ ਲਿਖ ਚੁੱਕੇ ਹਾਂ ਕਿ ਥੋਹੜੇ ਦਿਨਾਂ ਵਾਸਤੇ ਬਿਜਲੀ ਵਧਾ ਦਿਉ । ਜਿੱਥੇ 8 ਘੰਟੇ ਦਿੰਦੇ ਹੋ ਉਥੇ 16 ਘੰਟੇ ਦੇ ਦਿਉ ਤਾਂਕਿ ਉਜੜ ਰਹੀ ਫਸਲ ਬਚ ਜਾਵੇ । ਪਰ ਇਸ ਵੱਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਕਹਿੰਦੇ ਹਨ ਕਿ ਬਿਜਲੀ ਦੀ ਪੈਦਾਵਾਰ ਵਧਾਉਣੀ ਹੈ । ਅਸੀਂ ਇਹਨਾਂ ਤੋਂ ਪੁੱਛਦੇ ਹਾਂ ਕਿ ਬਈ ਥੀਨ ਡੈਮ ਕਿੱਥੇ ਕੁ ਖੜਾ ਹੈ, ਅਨੰਦਪੁਰ ਹਾਈਡਲ ਪ੍ਰਾਜੈਕਟ ਕਿਥੇ ਕੁ ਖੜਾ ਹੈ । ਰਿਪੋਰਟਾਂ ਤੁਹਾਡੇ ਸਾਹਮਣੇ ਹਨ । ਕਹਿੰਦੇ ਹਨ ਕਿ ਥਰਮਲ ਪਲਾਂਟ ਲਈ ਬੜੀ ਤੇਜ਼ੀ ਨਾਲ ਕੰਮ ਚਲ ਰਿਹਾ ਹੈ ਤੇ ਯੋਜਨਾ ਵਿੱਚ ਅੱਧੇ ਨਾਲੋਂ ਵੱਧ ਬਿਜਲੀ ਤੇ ਖਰਚ ਕਰਨਾ ਹੈ । ਪਾਣੀ ਦੀ ਤੰਗੀ ਹੈ । ਪੰਜਾਬ ਵਿਚ ਪਾਣੀ ਨੂੰ ਵਧਾਉਣਾ ਹੈ । ਮੋਰਚਾ ਲਾਉਣ ਵਾਲਿਆਂ ਨੂੰ ਨਹੀਂ ਪਤਾ ਕਿ ਕਪੂਰੀ ਵਿਖੇ ਮੋਰਚਾ ਕਿਉਂ ਲਗਾਇਆ ਗਿਆ ਸੀ । ਇਹ ਤਾਂ ਉਹ ਗੱਲ ਹੋਈ ਕਿ ਇਕ ਫੌਜੀ ਨੇ ਕਮੀਜ਼ ਪਿਛਲੇ ਪਾਸਿਉਂ ਪੈਂਟ ਦੇ ਉਪਰ ਕੀਤੀ ਹੋਈ ਸੀ ਅਤੇ ਅਗਲੇ ਪਾਸਿਓਂ ਪੈਂਟ ਵਿਚ ਕੀਤੀ ਹੋਈ ਸੀ ਲੋਕਾਂ ਨੇ ਪੁੱਛਿਆ ਭਾਈ ਇਹ ਵੀ ਕੋਈ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਫੈਸ਼ਨ ਹੈ ਤਾਂ ਉਸ ਨੇ ਕਿਹਾ ਕਿ ਮੇਰਾ ਪਿਛਲੇ ਪਾਸਿਉਂ ਪਾਟੀ ਹੋਈ ਹੈ ਅਤੇ ਕੁੜਤਾ ਅਗਲੇ ਪਾਸਿਉਂ ਫਟਿਆ ਹੋਇਆ ਹੈ । ਸੋ, ਇਹੀ ਇਹਨਾਂ ਦੀ ਗੱਲ ਹੈ । ਜੇ ਪੁਛੋ ਕਿ ਥੀਨ ਡੈਮ ਜਾਂ ਅਨੰਦਪੁਰ ਹਾਈਡਲ ਪ੍ਰੋਜੈਕਟ ਦਾ ਕੀ ਹਾਲ ਹੈ ਤਾਂ ਕਹਿ ਦਿੰਦੇ ਹਨ ਕਿ ਪੈਸੇ ਦੀ ਕਮੀ ਹੈ । ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਕਮੀ ਨੂੰ ਜੇ ਪੂਰਾ ਨਾ ਕੀਤਾ ਗਿਆ ਤਾਂ ਪੰਜਾਬ ਦੀ ਤਰੱਕੀ ਦੀ ਕੀ ਪੋਜ਼ੀਸ਼ਨ ਹੋਵੇਗੀ । ਇਹ ਕਹਿੰਦੇ ਹਨ ਕਿ ਪੰਜਾਬ ਵਿਚ ਡਿਵੈਲਪਮੈਂਟ ਦਾ ਕੰਮ ਹੋ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਤਾਂ ਤਬਾਹ ਹੋ ਰਿਹਾ ਹੈ । ਮੀਂਹ ਨਾਲ ਝੋਨੇ ਦੀ ਫਸਲ ਤਬਾਹ ਹੋ ਰਹੀ ਹੈ । ਉਸਨੂੰ ਨਹਿਰਾਂ ਦਾ ਪਾਣੀ ਦਿਉ । ਝੋਨੇ ਦੀ ਫਸਲ ਨੂੰ ਬਚਾ ਲਓ । ਉਸਨੂੰ ਬਿਜਲੀ ਦਿਓ, ਪਾਣੀ ਦਿਓ ਤਾਕਿ ਪੰਜਾਬ ਵਿੱਚ ਹੋਣ ਵਾਲੀ ਤਬਾਹੀ ਨੂੰ ਬਚਾਇਆ ਜਾ ਸਕੇ । ਇਨ੍ਹਾਂ ਨੇ ਕਿਹਾ ਹੈ ਕਿ ਪਾਰਟੀਆਂ ਵਾਲੇ 140/- ਰੁਪਏ ਰੇਟ ਫਿਕਸ ਕਰਾਉਣਾ ਚਾਹੁੰਦੇ ਹਨ । ਐਗਰੀਕਲਚਰਲ ਪ੍ਰਾਈਸ ਕਮਿਸ਼ਨ ਨੇ ਜਦੋਂ ਕੀਮਤਾਂ ਦਾ ਫੈਸਲਾ ਕਰਨਾ ਹੈ ਤਾਂ ਉਸ ਵਿੱਚ ਫਸਲ ਪੈਦਾ ਕਰਨ ਵਾਲਿਆਂ ਦਾ ਵੀ ਇਕ ਨੁਮਾਇੰਦਾ ਹੋਣਾ ਚਾਹੀਦਾ ਹੈ ਤਾਕਿ ਉਹ ਵੀ ਆਪਣੇ ਹਿਤਾਂ ਨੂੰ ਸਾਹਮਣੇ ਰੱਖ ਸਕੇ । ਕੋਈ ਕਹਿੰਦਾ ਹੈ ਕਿ 132 ਰੁ: ਕੁਇੰਟਲ ਦਿਓ ਅਤੇ ਦੂਸਰਾ ਕਹਿੰਦਾ ਹੈ ਕਿ 122 ਰੁ: ਕੁਇੰਟਲ ਦਿਓ । ਪਰ ਅਜੇ ਤੱਕ ਕੀਮਤਾਂ ਦਾ ਐਲਾਨ ਨਹੀਂ ਹੋਇਆ । ਪਿਛਲੀ ਗੌਰਮਿੰਟ ਬਾਰੇ ਮੈਂ ਏਨਾਂ ਕਹਿ ਸਕਦਾ ਹਾਂ ਕਿ ਉਸਨੇ ਫਸਲਾਂ ਬੀਜਣ ਤੋਂ ਪਹਿਲਾਂ ਹੀ ਕੀਮਤਾਂ ਦਾ ਐਲਾਨ ਕਰ ਦਿੱਤਾ ਸੀ । ਅੱਜ ਮੰਡੀਆਂ ਵਿੱਚ ਫਸਲ ਵਿਕਣ ਲਈ ਵੀ ਆ ਗਈ ਹੈ ਤਾਂ ਵੀ ਉਨ੍ਹਾਂ ਦੀਆਂ ਕੀਮਤਾਂ ਦਾ ਅਜੇ ਤੱਕ ਐਲਾਨ ਨਹੀਂ ਹੋਇਆ । ਪਿਛਲੇ ਸਾਲ ਅੰਮ੍ਰਿਤਸਰ ਵਿੱਚ ਅੱਧਾ ਝੋਨਾ ਵਿਕ ਗਿਆ ਸੀ । ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਕਿਹਾ ਸੀ ਕਿ ਜਿਨ੍ਹਾਂ ਨੇ ਝੋਨਾ ਵੇਚ ਦਿੱਤਾ ਹੈ ਅਤੇ ਜਿਨ੍ਹਾਂ ਦਾ ਝੋਨਾ 70-80 ਰੁਪਏ ਦੇ ਹਿਸਾਬ ਨਾਲ ਵਿਕ ਗਿਆ ਹੈ, ਉਹ ਆਪਣੀਆਂ ਰਸੀਦਾਂ ਸਾਂਭ ਕੇ ਰੱਖਣ ਤਾਂਕਿ ਉਨ੍ਹਾਂ ਨੂੰ ਸਹੀ ਰੇਟ 105 ਰੁਪਏ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾ ਸਕੇ । ਉਹ ਅੱਜ ਤੱਕ ਰਸੀਦਾਂ ਸਾਂਭੀ ਫਿਰਦੇ ਹਨ ਲੇਕਿਨ ਉਹਨਾਂ ਨੂੰ ਕੁਝ ਨਹੀਂ ਮਿਲਿਆ । ਅੱਜ ਵੀ ਇਹ ਇਹੀ ਕਹਿੰਦੇ ਹਨ ਕਿ ਅਕਤੂਬਰ ਵਿੱਚ ਕੀਮਤਾਂ ਦਾ ਐਲਾਨ ਹੋ ਜਾਵਗਾ । ਇਹ ਕਹਿੰਦੇ ਹਨ ਕਿ 140/- ਰੁ: ਕੁਇੰਟਲ ਕੀਮਤ ਜ਼ਿਆਦਾ ਹੈ । ਕਣਕ ਦਾ ਭਾਅ 142 ਰੁਪਏ ਕੁਇੰਟਲ ਕੀਤਾ ਸੀ । ਜਿਵੇਂ ਕੱਲ੍ਹ ਭਗਵਾਨ ਦਾਸ ਜੀ ਨੇ ਇਥੇ ਕਿਹਾ ਸੀ ਕਿ ਕਣਕ ਦੀ ਕੀਮਤ 140-42 ਰੁਪਏ ਕਿਸਾਨ ਨੂੰ ਦਿਤੀ ਹੈ । ਖ਼ਰਚ ਸਾਰਾ 12.30 ਰੁਪਏ ਦੀ ਬੋਰੀ ਤੇ ਆਉਂਦਾ ਹੈ । ਜੇ ਸੂਦ ਵੀ ਗਿਣ ਲਈਏ ਤਾਂ ਵੀ 156-57 ਰੁ: ਤੱਕ ਕੀਮਤ ਪੈ ਜਾਂਦੀ ਹੈ । ਲਾਹਨਤ ਹੈ ਪੰਜਾਬ ਦੇ ਜਿਸਦੇ ਖਾਣ ਵਾਲਿਆਂ ਨੂੰ ਕਣਕ 180/- ਰੁਪਏ ਕੁਇੰਟਲ ਦੇ ਹਿਸਾਬ ਨਾਲ ਮਿਲਦੀ ਹੈ । ਜਦੋਂ ਸੈਂਟਰ ਨੇ 142 ਰੁਪਏ ਕੀਮਤ ਕੀਤੀ ਸੀ ਤਾਂ ਪੰਜਾਬ ਸਰਕਾਰ ਦਾ ਰੈਜ਼ੋਲਿਊਸ਼ਨ ਸੀ ਕਿ 161 ਰੁਪਏ ਦੇਵਾਂਗੇ । ਅੱਜ ਕਿਸਾਨ ਵੀ ਅਤੇ ਖਪਤਕਾਰ ਵੀ ਲੁੱਟਿਆ ਜਾ ਰਿਹਾ ਹੈ । ਜੇ ਠੀਕ ਕੀਮਤ ਮਿਲੇ ਤਾਂ ਅਨਾਜ ਪੈਦਾ ਕਰਨ ਵਾਲੇ ਨੂੰ ਵੀ ਉਸ ਦੀ ਮਿਹਨਤ ਦਾ ਮੁੱਲ ਮਿਲ ਜਾਂਦਾ ਹੈ । ਅਤੇ ਜੇ ਵੰਡ ਪ੍ਰਣਾਲੀ ਠੀਕ ਹੋਵੇ ਤਾਂ ਗਰੀਬ ਦੀ ਝੌਂਪੜੀ ਤੱਕ ਵੀ ਆਟਾ ਠੀਕ ਭਾਅ ਤੇ ਪਹੁੰਚ ਸਕਦਾ ਹੈ ਨਹੀਂ ਤਾਂ ਸਾਰੀ ਗੱਲ ਡਿਪੂ ਵਿਚ ਬੈਠੇ ਖਪਤਕਾਰ ਅਤੇ ਹੱਟੀ ਵਿੱਚ ਬੈਠੇ ਬਾਣੀਏ ਤੇ ਨਿਰਭਰ ਕਰਦੀ ਹੈ । ਬਾਹਰ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਵਿੱਚ ਕਣਕ ਅਤੇ ਝੋਨਾ ਸਭ ਤੋਂ ਜ਼ਿਆਦਾ ਹੁੰਦਾ ਹੈ ਪਰ ਇਹ ਬੜੀ ਦੁਖ ਦੀ ਗੱਲ ਹੈ ਕਿ ਏਥੇ ਅੱਧੀ ਗਰੀਬ ਜਨਤਾ ਭੁੱਖੀ ਮਰ ਰਹੀ ਹੈ । ਤੁਸੀਂ ਇਹ ਡਿਪਟੀ ਸਪੀਕਰ ਸਾਹਿਬ, ਦੇਖ ਲੈਣਾ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਪੰਜਾਬ ਵਿੱਚ ਆਟਾ 3/- ਰੁਪਏ ਕਿਲੋ ਦੇ ਭਾਅ ਤੇ ਵਿਕੇਗਾ ਉਦੋਂ ਪੈਦਾ ਕਰਨ ਵਾਲੇ ਨੂੰ ਵੀ ਅਤੇ ਖਾਣ ਵਾਲੇ ਨੂੰ ਵੀ ਸ਼ਰਮ ਆਵੇਗੀ। ਹੁਣ ਪੋਜ਼ੀਸ਼ਨ ਇਹ ਹੈ ਕਿ ਇਕ ਪਾਸੇ ਤਾਂ ਭਾਅ ਨਹੀਂ ਠੀਕ ਮਿਲਦਾ ਅਤੇ ਦੂਜੇ ਪਾਸੇ ਕੋ-ਉਪਰੇਟਿਵ ਵਿੱਚ ਦਫ਼ਾ 67 ਲਾਈ ਹੈ ਕਿ ਸਿਰਫ ਕਿਸਾਨ ਦੀ ਹੀ ਪੱਗ ਲਾਹਣੀ ਹੈ। ਦੁਨੀਆਂ ਦੀ ਹਿਸਟਰੀ ਦੇ ਕਿਸੇ ਕਾਨੂੰਨ ਵਿੱਚ ਇਹ ਨਹੀਂ ਹੈ ਕਿ ਜਿਸ ਨੇ ਕਿਸੇ ਤੋਂ ਕੁਝ ਲੈਣਾ ਹੋਵੇ, ਉਸ ਨੂੰ ਹੀ ਜੇਲ੍ਹ ਅੰਦਰ ਸੁਟ ਦਿੱਤਾ ਜਾਵੇ। ਜਲੰਧਰ ਵਿਚ ਪੀ. ਐਸ. ਜੈਨ, ਜਿਸ ਨੇ ਕਰੋੜਾਂ ਰੁਪਿਆ ਖਾ ਲਿਆ, ਉਸ ਨੂੰ ਕੋਈ ਨਹੀਂ ਪੁਛ ਸਕਦਾ। ਕਿਸਾਨ ਨੇ ਜਿਸ ਦਾ 500/- ਰੁਪਿਆ ਵੀ ਦੇਣਾ ਹੋਵੇ ਤਾਂ ਕੋ-ਉਪਰੇਟਿਵ ਦੇ ਅਫਸਰ ਉਸ ਨੂੰ ਹਥਕੜੀਆਂ ਲਵਾ ਕੇ ਜ਼ਲੀਲ ਕਰਕੇ ਜੇਲ੍ਹ ਵਿੱਚ ਸਟਵਾ ਦਿੰਦੇ ਹਨ। ਕਿਸਾਨ ਨਾਲ ਵੀ ਬੜਾ ਅੰਨਿਆਂ ਹੋ ਰਿਹਾ ਹੈ ਇਸ ਕਰਕੇ ਕਿ ਉਸ ਨੇ ਕਣਕ ਪੈਦਾ ਕੀਤੀ ਹੈ। ਮੇਰੇ ਕੋਲ ਵੀ ਕਾਗਜ਼ਾਤ ਇਸ ਸਬੰਧੀ ਹਨ ਕਿ ਖੜਿਆਲਾ ਜ਼ਿਲ੍ਹਾ ਸੰਗਰੂਰ ਵਿਚ ਸਾਢੇ ਚਾਰ ਲੱਖ ਦਾ ਗਬਨ ਹੋਇਆ। ਅੱਧਾ ਜਮ੍ਹਾਂ ਕਰਵਾਇਆ ਗਿਆ ਅਤੇ ਅੱਧਾ ਪੈਸਾ ਖਾ ਲਿਆ ਗਿਆ। ਸਾਢੇ ਚਾਰ ਲੱਖ ਦੇ ਗਬਨ ਦੇ ਤਾਂ ਵਰਕੇ ਪਾੜ ਦਿੱਤੇ ਹਨ ਕਿਉਂਕਿ ਏ. ਆਰ. ਨੇ 11 ਵਾਰੀ ਵਿਜ਼ਿਟ ਕੀਤਾ ਹੈ। ਕੋਈ ਵੀ ਕੋ-ਉਪਰੇਟਿਵ ਅਫ਼ਸਰ ਹੱਥ ਨਹੀਂ ਪਾਉਣਾ ਚਾਹੁੰਦਾ। ਕੋ-ਉਪਰੇਟਿਵ ਕਮੇਟੀਆਂ, ਕੋ-ਉਪਰੇਟਿਵ ਸੋਸਾਇਟੀਆਂ ਦੀਆਂ ਬਣੀਆਂ ਹੋਈਆਂ ਹਨ ਜੇ ਕੋਈ ਗਬਨ ਹੋਵੇ ਤਾਂ ਕਮੇਟੀ ਨੂੰ ਸਰਚਾਰਜ ਕੀਤਾ ਜਾ ਸਕਦਾ ਹੈ। ਪਰ ਇਥੇ ਕਿਸੇ ਅਫਸਰ ਨੂੰ ਸਰਚਾਰਜ ਨਹੀਂ ਕੀਤਾ ਜਾ ਸਕਦਾ ਕਿਉਂਕਿ ਕਾਨੂੰਨ ਉਸ ਦੀ ਮਦਦ ਕਰਦਾ ਹੈ। ਇਹ ਜਿਹੜੇ ਕੋ-ਉਪਰੇਟਿਵ ਅਦਾਰੇ ਅਤੇ ਕਾਰਪੋਰੇਸ਼ਨਾਂ ਹਨ, ਇਹਨਾਂ ਵਿੱਚ ਜਿਹੜੇ ਕੁਰੱਪਸ਼ਨ ਦੇ ਮੁਤੱਲਕ ਅਫਸਰ ਇੰਚਾਰਜ ਜ਼ੁੰਮੇਵਾਰ ਹੁੰਦੇ ਹਨ, ਉਨ੍ਹਾਂ ਨੂੰ ਸਜ਼ਾ ਦੇਣ ਲਈ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ। ਬਾਹਰ ਟਰਾਂਸਪੋਰਟ ਵਾਲੇ ਬੈਠੇ ਹਨ। ਉਹ ਕਹਿੰਦੇ ਹਨ ਕਿ ਹਨੇਰਾ ਹੀ ਹਨੇਰਾ ਹੈ। ਇਕ ਜੀ. ਐਮ. ਜਲੰਧਰ ਡਿਪੂ ਵਿਚ ਕੁਰੱਪਸ਼ਨ ਦੇ ਜੁਰਮ ਵਿਚ ਫੜਿਆ ਗਿਆ ਹੈ। ਪਰ ਅਜੇ ਤੱਕ ਉਸਦਾ ਵਾਲ ਵੀ ਵਿੰਗਾ ਨਹੀਂ ਹੋਇਆ। ਪਰ ਦੂਜੇ ਪਾਸੇ ਜੇ ਕੋਈ ਸਾਧਾਰਨ ਕੰਡਕਟਰ ਦੁਆਨੀ ਚੁਆਨੀ ਦੀ ਗਲਤੀ ਕਰ ਬੈਠਦਾ ਹੈ ਤਾਂ ਉਸ ਨੂੰ ਨੌਕਰੀਓਂ ਕੱਢ ਦਿੱਤਾ ਜਾਂਦਾ ਹੈ। ਕਿਰਾਇਆ ਵਧਾ ਕੇ ਵੀ ਇਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋਇਆ ਪਰ ਗਰੀਬ ਜਨਤਾ ਤੇ ਤਾਂ ਸਾਰਾ ਭਾਰ ਪੈ ਗਿਆ ਹੈ। ਕਿਰਾਇਆ ਵਧਾਉਣ ਦੇ ਬਾਵਜੂਦ ਵੀ ਇਹ ਅਦਾਰਾ ਤਬਾਹ ਹੋ ਰਿਹਾ ਹੈ। ਕੁਰੱਪਸ਼ਨ ਹਰ ਪਾਸੇ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹੋ ਜਿਹੇ ਜਿਹੜੇ ਹਾਲਾਤ ਹਨ ਇਨ੍ਹਾਂ ਹਾਲਾਤ ਤੋਂ ਇਨ੍ਹਾਂ ਅਦਾਰਿਆਂ ਨੂੰ ਬਚਾਉਣ ਲਈ ਸਰਕਾਰ ਇਸ ਪਾਸੇ ਧਿਆਨ ਦੇਵੇ। ਕੁਰੱਪਟ ਅਫਸਰਾਂ ਨੂੰ ਨੱਥ ਪਾਉਣ ਵਾਸਤੇ ਕਾਨੂੰਨ ਬਣਾਏ ਜਾਣ।

ਕੋਆਪ੍ਰੇਸ਼ਨ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸਪਿਨਿੰਗ ਮਿੱਲਜ਼ ਲਾਉਣੀਆਂ ਹਨ। ਜਿਹੜੀ ਬਠਿੰਡਾ ਸਪਿਨਿੰਗ ਮਿੱਲ 9 ਕਰੋੜ ਰੁਪਏ ਦੀ ਲਗੀ ਸੀ ਉਸ ਦੀ ਕਿਤਾਬੀ ਕੀਮਤ 15 ਕਰੋੜ ਰੁਪਏ ਹੋ ਗਈ ਹੈ ਅਤੇ ਮਾਰਕਿਟ ਕੀਮਤ ਉਸ ਦੀ 24 ਕਰੋੜ ਹੋ ਗਈ ਹੈ। ਅੱਜ ਉਸ ਮਿੱਲ ਨੂੰ 13-14 ਕਰੋੜ ਰੁਪਏ ਵਿਚ ਵੇਚ ਦਿਤਾ ਜਾਵੇ ਤਾਂ ਇਹ ਦਿਨ ਦਿਹਾੜੇ ਡਾਕਾ ਹੈ। ਅਫਸਰ ਆਪਣੀ ਮਨਮਾਨੀ ਕਰਦੇ ਹਨ ਅਤੇ ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਅਜ ਪੰਜਾਬ ਵਿਚ ਬੇਰੁਜ਼ਗਾਰੀ ਦੀ ਹਾਲਤ ਕਿਹੋ ਜਿਹੀ ਹੈ ? ਜਿਹੜਾ ਅਗੇ ਬੇਰੁਜ਼ਗਾਰੀ ਭੱਤਾ 40 ਰੁਪਏ, 80 ਰੁਪਏ ਦਿੰਦੇ ਸੀ ਉਹ 50 ਰੁਪਏ, 100 ਰੁਪਏ ਕਰ ਦਿਤਾ ਹੈ ਪਰ ਨਾਲ ਹੀ ਇਹ ਸ਼ਰਤ ਲਗਾ ਦਿਤੀ ਹੈ ਕਿ ਉਸ ਨੂੰ ਮਿਲੇਗਾ ਜਿਹੜਾ ਕੋਈ ਪੜ੍ਹਿਆ ਲਿਖਿਆ ਬੇਰੁਜ਼ਗਾਰ ਘਰ ਬੈਠਾ ਹੈ ਉਸ ਪਾਸ ਪੀਲਾ ਕਾਰਡ ਹੋਵੇ । ਪਿਛਲੀ ਵਾਰ ਚੀਫ਼ ਮਨਿਸਟਰ ਨੇ ਕਿਹਾ ਸੀ ਕਿ ਬੇਰੁਜ਼ਗਾਰੀ ਭੱਤੇ ਵਿਚ ਪੀਲੇ ਕਾਰਡ ਨਹੀਂ ਆਉਣਗੇ ਪਰ ਕਿਸੇ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿਤਾ । ਜੇ ਪੜ੍ਹੇ ਲਿਖੇ ਬੇਰੁਜ਼ਗਾਰ ਮੁੰਡਿਆਂ ਨੂੰ ਰੁਜ਼ਗਾਰ ਨਹੀਂ ਮਿਲੇਗਾ ਤਾਂ ਫਿਰ ਉਹ ਹੜਤਾਲ ਨਹੀਂ ਕਰਨਗੇ ਤਾਂ ਹੋਰ ਕੀ ਕਰਨਗੇ ? ਉਨ੍ਹਾਂ ਦਾ ਬੇਰੁਜ਼ਗਾਰੀ ਭੱਤਾ 50 ਰੁਪਏ ਅਤੇ 100 ਰੁਪਏ ਜਿਹੜਾ ਕੀਤਾ ਗਿਆ ਹੈ, ਇਹ ਠੀਕ ਹੈ ਲੇਕਿਨ ਪੀਲੇ ਕਾਰਡ ਦੀ ਸ਼ਰਤ ਨਹੀਂ ਹੋਣੀ ਚਾਹੀਦੀ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ ।

**ਕਾਮਰੇਡ ਕੁਲਵੰਤ ਸਿੰਘ** : ਹੁਣ ਮੈਂ ਲੇਬਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਮਿਨੀਮਮ ਵੇਜ ਬਾਰੇ ਪ੍ਰੋਫੈਸਰ ਬਲਵੰਤ ਸਿੰਘ ਨੇ ਕਿਹਾ ਹੈ, ਮੈਂ ਵੀ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਮਿਨੀਮਮ ਵੇਜ 14 ਰੁਪਏ ਬਹੁਤ ਨਹੀਂ ਹੈ। ਇਸ ਨਾਲ ਤਾਂ ਉਨ੍ਹਾਂ ਦਾ ਮਸਾਂ ਲੂਣ ਤੇਲ ਹੀ ਚਲਦਾ ਹੈ । ਮਗਰ ਇਹ 14 ਰੁਪਏ ਵੀ ਉਨ੍ਹਾਂ ਨੂੰ ਰੋਜ਼ ਦੇ ਨਹੀਂ ਮਿਲਣੇ। ਪਤਾ ਨਹੀਂ ਮਹੀਨੇ ਵਿਚ ਉਨ੍ਹਾਂ ਨੂੰ 15 ਦਿਨ ਜਾਂ 10 ਦਿਨ ਕੰਮ ਮਿਲਣਾ ਹੈ । ਇਸ ਲਈ ਮੈਂ ਕਹਾਂਗਾ ਕਿ ਮਿਨੀਮਮ ਵੇਜ ਨੂੰ ਸਖਤੀ ਨਾਲ ਲਾਗੂ ਕਰਵਾਇਆ ਜਾਵੇ । ਜਿਥੇ ਐਗਰੀਕਲਚਰ ਲੇਬਰ ਕੰਮ ਕਰਦੀ ਹੈ, ਉਸ ਨੂੰ ਵੀ ਪੂਰੀ ਦਿਹਾੜੀ ਨਹੀਂ ਦਿਤੀ ਜਾਂਦੀ । ਇੰਡਸਟਰੀਅਲ ਲੇਬਰ ਦੇ ਬਾਰੇ ਪ੍ਰੋਫੈਸਰ ਬਲਵੰਤ ਸਿੰਘ ਨੇ ਕਿਹਾ ਸੀ । ਇੱਕਲਾ ਰਾਜਪੁਰਾ ਹੀ ਨਹੀਂ ਹੋਰ ਵੀ ਬਹੁਤ ਸਾਰੀਆਂ ਥਾਵਾਂ ਤੇ ਅਜਿਹੇ ਅਦਾਰੇ ਹਨ ਜਿਥੇ ਪੂਰੇ ਵੇਜ ਨਹੀਂ ਮਿਲ ਰਹੇ । ਅੱਜ ਮਹਿੰਗਾਈ ਦੀ ਚੱਕੀ ਨਾਲ ਮੁਲਾਜ਼ਮ ਪਿਸ ਰਿਹਾ ਹੈ । ਅੱਜ ਜਿਹੜਾ ਵੀ ਕੋਈ ਛੋਟਾ ਮੋਟਾ ਅਨਸਕਿਲਡ ਕਾਮਾ ਹੈ, ਉਹ ਇਹੀ ਚਾਹੁੰਦਾ ਹੈ ਕਿ ਉਸ ਪਾਸ ਖਾਣ ਪੀਣ ਲਈ ਅੱਛਾ ਹੋਵੇ ਅਤੇ ਪਹਿਨਣ ਲਈ ਚੰਗੇ ਕੱਪੜੇ ਹੋਣ ਅਤੇ ਉਸ ਨੂੰ ਵੇਜ ਪੂਰੀ ਮਿਲੇ। ਮਗਰ ਅੱਜ ਹਾਲਤ ਇਹ ਹੈ ਕਿ ਕਿਸੇ ਵੀ ਕਾਰਖਾਨੇ ਵਿਚ ਉਨ੍ਹਾਂ ਨੂੰ ਪੂਰੀ ਵੇਜ ਨਹੀਂ ਮਿਲਦੀ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮਿਨੀਮਮ ਵੇਜ ਐਕਟ ਦੇ ਵਿਚ ਸਾਰੀਆਂ ਇੰਡਸਟਰੀਆਂ, ਫੈਕਟਰੀਆਂ ਆਉਣ । ਲੇਬਰ ਕੋਰਟਾਂ ਸਾਰਿਆਂ ਜ਼ਿਲ੍ਹਿਆਂ ਵਿਚ ਹੋਣ ਤਾਕਿ ਲੇਬਰ ਨੂੰ ਇਨਸਾਫ ਮਿਲ ਸਕੇ । ਜਿੰਨੇ ਸਰਕਾਰੀ ਅਦਾਰੇ ਹਨ ਉਨ੍ਹਾਂ ਵਿਚ ਮਿਨੀਮਮ ਵੇਜ ਲਾਗੂ ਨਹੀਂ ਹਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਸਰਕਾਰੀ ਅਦਾਰਿਆਂ ਵਿਚ ਹੀ ਮਿਨੀਮਮ ਵੇਜ ਲਾਗੂ ਨਹੀਂ ਹੁੰਦੇ ਤਾਂ ਫਿਰ ਇਸ ਤਰ੍ਹਾਂ ਕੀ ਹਾਲ ਹੋਵੇਗਾ ? ਪੀ.ਡਬਲਿਊ.ਡੀ. ਵਿਚ ਤੁਸੀਂ ਦੇਖ ਲਵੋ ਕਿ ਕਿਸ ਤਰ੍ਹਾਂ ਉਥੇ ਦੀ ਲੇਬਰ ਬਾਹਰ ਝੁੱਗੀਆਂ ਲਾ ਕੇ ਬੈਠੀ ਹੈ । ਉਨ੍ਹਾਂ ਨੂੰ ਪੂਰੀ ਤਾਂ ਕੀ ਅੱਧੀ ਦਿਹਾੜੀ ਵੀ ਨਹੀਂ ਮਿਲਦੀ । ਦੂਸਰੇ ਸੂਬਿਆਂ ਵਿਚੋਂ ਪੰਜਾਬ ਵਿਚ ਲੇਬਰ ਇਸੇ ਕਰਕੇ ਆਉਂਦੀ ਹੈ ਕਿ ਇਥੇ ਖਾਣ ਪੀਣ ਲਈ ਚੰਗਾ ਮਿਲਦਾ ਹੈ ਅਤੇ ਦਿਹਾੜੀ ਚੰਗੀ ਮਿਲਦੀ ਹੈ ਪਰ ਜੇ ਉਨ੍ਹਾਂ ਨੂੰ ਦਿਹਾੜੀ ਵੀ ਪੂਰੀ ਨਾ ਦਿਤੀ ਜਾਵੇ ਤਾਂ ਉਹ ਕੀ ਕਰਨਗੇ । ਇਸ ਦੇ ਉਲਟ ਉਨ੍ਹਾਂ ਦੀ ਐਕਸਪਲਾਇਟੇਸ਼ਨ ਹੁੰਦੀ ਹੈ । ਉਨ੍ਹਾਂ ਨੂੰ ਪੂਰੀ ਦਿਹਾੜੀ ਮਿਲਣੀ ਚਾਹੀਦੀ ਹੈ । ਉਨ੍ਹਾਂ ਗਰੀਬ ਲੋਕਾਂ ਨੂੰ ਉਨ੍ਹਾਂ ਦੀ ਪੂਰੀ ਮਿਹਨਤ ਮਿਲਣੀ ਚਾਹੀਦੀ ਹੈ । ਇਸ ਬਾਰੇ ਕਾਨੂੰਨ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ । ਇਸ ਤਰ੍ਹਾਂ ਪੰਜਾਬ ਤਰੱਕੀ ਕਰੇਗਾ । ਡਿਪਟੀ ਸਪੀਕਰ ਸਾਹਿਬ, ਐਨੀ ਗਲ ਕਹਿੰਦਾ ਹੋਇਆ ਮੈਂ ਤੁਹਾਨੂੰ ਘੰਟੀ ਮਾਰਨ ਤੋਂ ਪਹਿਲਾਂ ਤੁਹਾਡਾ ਧਨਵਾਦ ਕਰਦਾ ਹੋਇਆ ਬੈਠਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸੁਰਿੰਦਰ ਕਪੂਰ (ਬਠਿੰਡਾ); ਡਿਪਟੀ ਸਪੀਕਰ ਸਾਹਿਬ, ਐਪਰੋਪਰੀਏਸ਼ਨ ਬਿਲ ਹਾਊਸ ਦੇ ਸਾਹਮਣੇ ਹੈ, ਮੈਂ ਉਸ ਉਤੇ ਆਪਣੇ ਵਿਚਾਰ ਪ੍ਰਗਟ ਕਰਨਾ ਚਾਹੁੰਦਾ ਹਾਂ। ਇਹ 40 ਕਰੋੜ 47 ਲੱਖ ਰੁਪਏ ਦੀਆਂ ਡੀਮਾਂਡਜ਼ ਹਨ ਇਸ ਵਿਚ 19 ਕਰੋੜ 78 ਲੱਖ ਰੁਪਏ ਦੀ ਲੋਨ ਦੀ ਰੀਪੇਮੈਂਟ ਹੈ। 11 ਕਰੋੜ ਸੈਂਟਰਲ ਏਡ ਦਾ ਹੈ। ਅਰਬਨ ਡੀਵੈਲਪਮੈਂਟ ਦੀ ਲੋਨ ਦੀ ਰਿਪੇਮੈਂਟ ਲਈ 1 ਕਰੋੜ 73 ਲੱਖ ਰੁਪਏ ਹਨ। ਮਾਈਨਰ ਇਰੀਗੇਸ਼ਨ ਐਂਡ ਸਾਈਲ ਕਨਜ਼ਰਵੇਸ਼ਨ ਵਾਸਤੇ 13 ਕਰੋੜ ਰੁਪਿਆ ਹੈ। ਇੰਡਸਟਰੀਅਲ ਰਿਸਰਚ ਐਂਡ ਡਿਵੈਲਪਮੈਂਟ ਵਾਸਤੇ 3 ਕਰੋੜ ਰੁਪਏ ਹਨ। ਟ੍ਰਾਂਸਪੋਰਟ ਲਈ 2 ਕਰੋੜ ਰੁਪਏ ਹਨ। ਇਸ ਸਰਕਾਰ ਨੇ ਪ੍ਰਾਈਵੇਟ ਮੈਨੇਜਡ ਸਕੂਲਾਂ ਅਤੇ ਕਾਲਜਾਂ ਨੂੰ ਗਰਾਂਟ ਦਿਤੀ ਹੈ ਅਤੇ ਉਥੇ ਦੇ ਸਟਾਫ ਨੂੰ ਕਿਸ਼ਤਾਂ ਦਿਤੀਆਂ ਹਨ। ਫਿਰ ਮੈਡੀਕਲ ਅਲਾਊਂਸ 10 ਰੁਪਏ ਦੇ ਹਿਸਾਬ ਨਾਲ ਦਿਤਾ ਗਿਆ ਹੈ। ਫਿਰ ਯੂਨੀਵਰਸਿਟੀਆਂ ਨੂੰ ਗਰਾਂਟ ਅਤੇ ਏਡ ਦਿਤੀ ਗਈ। ਡਿਪਟੀ ਸਪੀਕਰ ਸਾਹਿਬ, ਪਟਿਆਲਾ ਯੂਨੀਵਰਸਿਟੀ ਵਲੋਂ ਬਠਿੰਡੇ ਲਈ ਰੀਜਨਲ ਸੈਂਟਰ ਮਨਜ਼ੂਰ ਕੀਤਾ ਗਿਆ ਸੀ। ਇਸ ਬਾਰੇ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕੀਤੀ ਸੀ। ਮੈਂ ਬੇਨਤੀ ਕਰਾਂਗਾ ਕਿ ਇਹ ਪਟਿਆਲਾ ਯੂਨੀਵਰਸਿਟੀ ਵਲੋਂ ਬਠਿੰਡਾ ਲਈ ਜਿਹੜਾ ਰੀਜਨਲ ਸੈਂਟਰ ਮਨਜ਼ੂਰ ਕੀਤਾ ਗਿਆ ਹੈ, ਇਹ ਉਥੇ ਖੋਲ੍ਹਿਆ ਜਾਵੇ। ਮਨਿਸਟਰ ਸਾਹਿਬ ਕੱਲ ਵੀ ਕਹਿ ਰਹੇ ਸਨ ਕਿ ਐਜੂਕੇਸ਼ਨ ਦਾ ਫੈਲਾਓ ਉਥੇ ਕੀਤਾ ਜਾਵੇਗਾ ਜਿਥੇ ਐਜੂਕੇਸ਼ਨ ਦੀ ਬੈਕਵਰਡਨੈਸ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਬਠਿੰਡੇ ਜ਼ਿਲੇ ਦੇ ਹੋ। ਤੁਹਾਨੂੰ ਪਤਾ ਹੈ ਕਿ ਬਠਿੰਡਾ ਐਜੂਕੇਸ਼ਨ ਦੇ ਲਿਹਾਜ਼ ਨਾਲ ਕਾਫੀ ਬੈਕਵਰਡ ਹੈ। ਸੈਂਸਜ਼ ਦੇ ਫਿੱਗਰਜ਼ ਸਾਹਮਣੇ ਆ ਚੁੱਕੇ ਹਨ ਲੇਕਿਨ ਉਥੇ ਐਜੂਕੇਸ਼ਨ ਦੇ ਫੈਲਾਉ ਵਾਸਤੇ ਜ਼ਿਆਦਾ ਸਟੈਪਸ ਨਹੀਂ ਚੁਕੇ ਗਏ। ਬਠਿੰਡਾ ਵਿਚ ਬੀ. ਐਡ. ਕਾਲਜ ਵੀ ਨਹੀਂ ਹੈ ਅਤੇ ਹੋਰ ਕਾਲਜ ਵੀ ਨਹੀਂ, ਜਿਥੋਂ ਕਿ ਉਥੋਂ ਦੇ ਬੱਚੇ ਐਜੂਕੇਸ਼ਨ ਪ੍ਰਾਪਤ ਕਰ ਸਕਣ। ਉਥੋਂ ਦੇ ਗਰੀਬ ਆਦਮੀ ਬਾਹਰ ਜਾ ਕੇ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ। ਉਹ ਲੋਕ ਹੋਰ ਐਕਸਪੈਂਸਿਜ਼ ਨਹੀਂ ਕਰ ਸਕਦੇ, ਜਿਸ ਕਰਕੇ ਉਹ ਐਜੂਕੇਸ਼ਨ ਵਿਚ ਬੈਕਵਰਡ ਹਨ। ਇਸ ਲਈ ਮੈਂ ਬੇਨਤੀ ਕਰਾਂਗਾਂ ਕਿ ਉਥੋਂ ਦੀ ਬੈਕਵਰਡਨੈਸ ਦੂਰ ਕਰਨ ਵਾਸਤੇ ਪਟਿਆਲਾ ਯੂਨੀਵਰਸਿਟੀ ਵਲੋਂ ਉਥੇ ਲਈ ਜਿਹੜਾ ਰੀਜਨਲ ਸੈਂਟਰ ਮਨਜ਼ੂਰ ਕੀਤਾ ਗਿਆ ਹੈ ਉਸ ਨੂੰ ਉਥੇ ਖੋਲ੍ਹਿਆ ਜਾਵੇ ਤਾਕਿ ਲੋਕ ਉਸ ਦਾ ਫਾਇਦਾ ਉਠਾ ਸਕਣ।

ਇਸੇ ਤਰ੍ਹਾਂ ਸਕੂਲ ਅੱਪਗ੍ਰੇਡ ਕਰਨ ਦੀ ਗੱਲ ਹੈ। ਪਿਛਲੇ ਦੋ ਢਾਈ ਸਾਲਾਂ ਵਿਚ ਜਿਸ ਹਿਸਾਬ ਨਾਲ ਸਕੂਲ ਅੱਪਗ੍ਰੇਡ ਕੀਤੇ ਹਨ, ਉਸ ਹਿਸਾਬ ਨਾਲ ਮੇਰੇ ਹਲਕੇ ਵਿਚ ਸਕੂਲ ਅੱਪਗ੍ਰੇਡ ਨਹੀਂ ਕੀਤੇ ਗਏ। ਮੈਂ ਇਥੇ ਕੱਲ ਪਰਸੋਂ ਵੀ ਕਿਹਾ ਸੀ ਕਿ ਸਾਡੇ ਉਥੇ ਕਈ ਪਿੰਡਾਂ ਵਿਚ ਕਈ ਪ੍ਰਾਇਮਰੀ ਸਕੂਲ 70-75 ਸਾਲਾਂ ਤੋਂ ਚਲ ਰਹੇ ਹਨ ਅਤੇ ਅੱਜ ਵੀ ਐਨੇ ਸਾਲਾਂ ਬਾਅਦ ਉਹ ਪ੍ਰਾਈਮਰੀ ਸਕੂਲ ਹੀ ਚਲ ਰਹੇ ਹਨ, ਉਨ੍ਹਾਂ ਨੂੰ ਅੱਪਗ੍ਰੇਡ ਕਰਕੇ ਮਿਡਲ ਸਕੂਲ ਬਣਾਇਆ ਜਾਵੇ ਅਤੇ ਜਿਹੜੇ ਮਿਡਲ ਸਕੂਲ ਹਨ ਉਨ੍ਹਾਂ ਨੂੰ ਹਾਈ ਸਕੂਲ ਬਣਾਇਆ ਜਾਵੇ। ਤਾਂਕਿ ਉਥੇ ਦੇ ਪਿੰਡਾਂ ਦੇ ਬੱਚੇ ਸਿਖਿਆ ਪ੍ਰਾਪਤ ਕਰ ਸਕਣ। ਕਈ ਪਿੰਡਾਂ ਦੇ ਬੱਚਿਆਂ ਨੂੰ ਬੜੀ ਦੂਰ ਦੂਰ ਸਕੂਲ ਪੜ੍ਹਨ ਜਾਣਾ ਪੈਂਦਾ ਹੈ, ਜਿਸ ਕਾਰਣ ਉਹ ਉਥੇ ਪੜ੍ਹ ਨਹੀਂ ਸਕਦੇ ਅਤੇ ਉਹ ਵਿਦਿਆ ਦਾ ਲਾਭ ਪ੍ਰਾਪਤ ਨਹੀਂ ਕਰ ਸਕਦੇ। ਇਸ ਵਾਸਤੇ ਉਨ੍ਹਾਂ ਪਿੰਡਾਂ ਵਿਚ ਜਿੱਥੇ ਪ੍ਰਾਇਮਰੀ ਸਕੂਲ ਹਨ ਉਹਨਾਂ ਸਕੂਲਾਂ ਵਿੱਚ ਜਿੱਥੇ ਬਹੁਤ ਦੇਰ ਹੋ ਗਈ ਹੈ ਬਿਲਡਿੰਗਾਂ ਵੀ ਹਨ, ਉਥੇ ਉਹ ਸਕੂਲ ਪ੍ਰਾਇਮਰੀ ਤੋਂ ਅਪਗ੍ਰੇਡ ਕਰਕੇ ਮਿਡਲ ਕੀਤੇ ਜਾਣ। ਪਿੰਡ ਬੁਰਜ ਮਹਿਮਾ ਵਿੱਚ ਇੱਕ ਪ੍ਰਾਇਮਰੀ ਸਕੂਲ ਹੈ ਜੋ ਕਿ ਪਿਛਲੇ 75 ਸਾਲਾਂ ਤੋਂ ਪ੍ਰਾਇਮਰੀ ਸਕੂਲ ਹੀ ਚਲਿਆ ਆ ਰਿਹਾ ਹੈ। ਇਸ ਪਿੰਡ ਦਾ

Original with;
Punjab Vidhan Sabha
Digitized by;
Panjab Digital Library

ਆਬਾਦੀ ਵੀ ਮਾਢੇ ਚਾਰ ਹਜ਼ਾਰ ਦੇ ਕਰੀਬ ਹੈ ਅਤੇ ਇਸ ਦੇ ਨੇੜੇ ਵੀ ਕੋਈ ਮਿਡਲ ਸਕੂਲ ਨਹੀਂ । ਬੱਚਿਆਂ ਨੂੰ ਪੜ੍ਹਨ ਲਈ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਹਨ । ਸਰਕਾਰ ਦੀ ਜਿਹੜੀ ਸਕੂਲ ਅਪਗ੍ਰੇਡ ਕਰਨ ਦੀ ਪਰੋਪੋਜ਼ਲ ਹੈ, ਉਸ ਵਿੱਚ ਇਸ ਸਕੂਲ ਨੂੰ ਅਪਗ੍ਰੇਡ ਕਰ ਦਿੱਤਾ ਜਾਵੇ । ਇਸ ਤੋਂ ਇਲਾਵਾ ਸ਼ਹਿਰ ਵਿੱਚ ਇਕ ਗਰਲਜ਼ ਹਾਇਰ ਸੈਕੰਡਰੀ ਸਕੂਲ ਹੈ, ਪਰ ਉਥੇ ਲੜਕਿਆਂ ਵਾਸਤੇ ਹਾਈ ਸਕੂਲ ਕੋਈ ਨਹੀਂ ਹੈ । ਬੱਚਿਆਂ ਨੂੰ ਐਡਮਿਸ਼ਨ ਵਿੱਚ ਬੜੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ । ਕਿਉਂਕਿ ਸੀਟਾਂ ਘੱਟ ਹੁੰਦੀਆਂ ਹਨ ਇਸ ਵਾਸਤੇ ਉਥੇ ਸ਼ਹਿਰ ਵਿਚ ਹਾਈ ਸਕੂਲ ਇੱਕ ਹੋਰ ਸਕੂਲ ਬਣਾਇਆ ਜਾਵੇ ਤਾਂ ਜੋ ਬੱਚੇ ਉੱਥੇ ਸਿਖਿਆ ਪ੍ਰਾਪਤ ਕਰ ਸਕਣ ਔਰ ਪ੍ਰਾਈਵੇਟ ਸਕੂਲਾਂ ਦੀਆਂ ਜੋ ਫੀਸਾਂ ਹਨ ਇਹ ਬਹੁਤ ਹੀ ਜ਼ਿਆਦਾ ਹਨ । ਬੱਚੇ ਐਨੀਆਂ ਫੀਸਾਂ ਨਹੀਂ ਦੇ ਸਕਦੇ । ਮਾਪੇ ਆਪਣੇ ਬੱਚਿਆਂ ਨੂੰ ਫੀਸਾਂ ਜ਼ਿਆਦਾ ਹੋਣ ਕਾਰਨ ਅੱਗੇ ਨਹੀਂ ਪੜ੍ਹਾ ਸਕਦੇ । ਮੈਨੂੰ ਕਈ ਮੁੰਡੇ ਵਿਦਿਆਰਥੀ ਮਿਲੇ ਹਨ ਜਿਨ੍ਹਾਂ ਨੇ ਆਪਣੀ ਫੀਸਾਂ ਜ਼ਿਆਦਾ ਹੋਣ ਕਾਰਨ ਬੇਵਸੀ ਜ਼ਾਹਿਰ ਕੀਤੀ ਹੈ । ਜੇ ਵਿਦਿਆ ਦਾ, ਸਕੂਲਾਂ ਦਾ, ਫੈਲਾਅ ਕਰਨਾ ਹੈ ਜਾਂ ਬੈਕਵਰਡਨੈਸ ਨੂੰ ਦੂਰ ਕਰਨਾ ਹੈ ਤਾਂ ਇਸ ਜਿਹੇ ਵੱਲ ਖਾਸ ਧਿਆਨ ਦਿਤਾ ਜਾਣਾ ਚਾਹੀਦਾ ਹੈ ਤਾਂ ਜੋ ਬੈਕਵ-ਵਰਡਨੈਸ ਦੂਰ ਹੋ ਸਕੇ । ਇਸ ਦੇ ਨਾਲ ਹੀ ਮੈਂ ਅਰਬਨ ਡੀਵੈਲਪਮੈਂਟ ਦੇ ਸਬੰਧ ਵਿਚ ਵੀ ਕੁਝ ਕਹਿਣਾ ਚਾਹੁੰਦਾ ਹਾਂ । ਸਰਕਾਰ ਦੀ ਜ਼ਮੀਨਾਂ ਤੇ ਬੜੇ ਨਜਾਇਜ਼ ਕਬਜ਼ੇ ਹੋਏ ਹਨ । ਕਈ ਵਾਰ ਇਸ ਦੀ ਚਰਚਾ ਹਾਊਸ ਵਿੱਚ ਵੀ ਹੋਈ ਹੈ । ਸਾਡੇ ਬਜ਼ੁਰਗ ਮੰਤਰੀ ਜੀ ਨੇ ਬੜੇ ਵਿਸ਼ਵਾਸ ਨਾਲ ਇਸ ਚੀਜ਼ ਦਾ ਭਰੋਸਾ ਦਿਵਾਇਆ ਹੈ ਕਿ ਜਿੱਥੇ ਜਿੱਥੇ ਵੀ ਇਲ-ਲੀਗਲ ਇਨਕਰੋਚਮੈਂਟ ਹੋਈ ਹੈ ਉਹਨਾਂ ਥਾਵਾਂ ਨੂੰ ਅਸੀਂ ਸਖਤੀ ਨਾਲ ਖਾਲੀ ਕਰਾਵਾਂਗੇ । ਲੇਕਿਨ ਮੈਂ ਸਮਝਦਾ ਹਾਂ ਕਿ ਅਰਬਨ ਡੀਵੈਲਪਮੈਂਟ ਲਈ ਜੋ ਏਜੰਸੀਆਂ ਕੰਮ ਕਰ ਰਹੀਆਂ ਹਨ, ਉਨ੍ਹਾਂ ਦੀ ਆਪਸ ਵਿੱਚ ਕੋਈ ਕੋਆਰਡੀਨੇਸ਼ਨ ਨਹੀਂ । ਇੰਮਪਰੂਵਮੈਂਟ ਟਰੱਸਟ ਵਾਲੇ ਆਪਣੇ ਹਿਸਾਬ ਨਾਲ ਕੰਮ ਕਰਦੇ ਹਨ, ਸੀਵਰੇਜ ਬੋਰਡ ਵਾਲੇ ਆਪਣੇ ਹਿਸਾਬ ਨਾਲ ਕੰਮ ਕਰਦੇ ਹਨ, ਇਲੈਕਟ੍ਰੀਸਿਟੀ ਵਾਲੇ ਆਪਣੇ ਹਿਸਾਬ ਨਾਲ ਕੰਮ ਕਰਦੇ ਹਨ ਔਰ ਮਿਊਂਸੀਪਲ ਕਮੇਟੀਆਂ ਜੋ ਹਨ ਇਹ ਆਪਣੇ ਹਿਸਾਬ ਨਾਲ ਕੰਮ ਕਰਦੀਆਂ ਹਨ । ਜੇਕਰ ਮਿਊਂਸੀਪਲ ਕਮੇਟੀ ਵਾਲੇ ਸੜਕਾਂ ਬਣਾ ਕੇ ਹਟਦੇ ਹਨ ਤਾਂ ਨਾਲ ਹੀ ਸੀਵਰੇਜ ਵਾਲੇ ਉਸ ਨੂੰ ਹਟਾਉਣ ਲਈ ਆ ਜਾਂਦੇ ਹਨ । ਸੜਕਾਂ ਤੇ ਥਾਂ ਥਾਂ ਟੋਏ ਪਏ ਹੋਏ ਹਨ, ਜਿਸ ਨਾਲ ਕਈ ਵਾਰ ਰਾਤ ਨੂੰ ਐਕਸੀਡੈਂਟ ਹੋ ਜਾਂਦੇ ਹਨ । ਬਠਿੰਡਾ ਸ਼ਹਿਰ ਦੀ ਇਸ ਵੇਲੇ ਅਜਿਹੀ ਸਥਿੱਤੀ ਹੈ ਕਿ ਕੋਈ ਗਲੀ ਅਜਿਹੀ ਨਹੀਂ ਜਿਥੇ ਠੀਕ ਪਰਬੰਧ ਹੋਵੇ, ਗਲੀਆਂ ਵਿੱਚ ਰਾਤ ਨੂੰ ਤੁਰਨਾ ਫਿਰਨਾ ਸੁੱਰਖਿਅਤ ਨਹੀਂ । ਸ਼ਹਿਰ ਵਿੱਚ ਟੋਏ ਬਣੇ ਹੋਏ ਹਨ, ਆਵਾਜਾਈ ਵੀ ਠੀਕ ਨਹੀਂ, ਆਵਾਜਾਈ ਦੇ ਪੂਰੇ ਸਾਧਨ ਨਹੀਂ । ਇਸ ਕੰਮ ਉਤੇ ਬਹੁਤ ਜ਼ਿਆਦਾ ਖ਼ਰਚਾ ਆਉਂਦਾ ਹੈ । ਜੇਕਰ ਪਲਾਨਿੰਗ ਅਨੁਸਾਰ ਡੀਵੈਲਪਮੈਂਟ ਕੀਤੀ ਜਾਵੇ ਤਾਂ ਖ਼ਰਚਾ ਬਚ ਸਕਦਾ ਹੈ ਜੇ ਕਰ ਇਨ੍ਹਾਂ ਕੰਮਾਂ ਨਾਲ ਸਬੰਧਤ ਵੱਖ ਵੱਖ ਡੀਪਾਰਟਮੈਂਟਸ ਦੀ ਕੋਆਰਡੀ-ਨੇਸ਼ਨ ਹੋਵੇ ਤਾਂ ਸਰਕਾਰ ਦੇ ਪੈਸੇ ਦੀ ਬੱਚਤ ਹੋ ਸਕਦੀ ਹੈ ਔਰ ਸਰਕਾਰ ਦਾ ਸਰਮਾਇਆ ਹੋਰ ਡੀਵੈਲਪਮੈਂਟ ਦੇ ਕੰਮਾਂ ਵਿੱਚ ਪਲਾਂਡ ਢੰਗ ਨਾਲ ਲਗਾਇਆ ਜਾ ਸਕਦਾ ਹੈ । ਸੋ ਸਰਕਾਰ ਨੂੰ ਮੰਤਰੀ ਜੀ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ।

ਵਾਟਰ ਸਪਲਾਈ ਲਈ ਜੋ ਇੱਕ ਕਰੋੜ ਰੁਪਿਆ ਰੱਖਿਆ ਗਿਆ ਹੈ, ਮੈਂ ਇੱਥੇ ਬਠਿੰਡਾ ਦਾ ਹੀ ਇੱਕ ਕੇਸ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਥੇ ਜਿਹੜੀਆਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਵਾਟਰ ਪਾਈਪ ਲਾਈਨਜ਼ ਵਛਾਈਆਂ ਗਈਆਂ ਹਨ, ਇਹਨਾ ਵਿੱਚੋਂ ਪਾਈਪ ਲੀਕ ਕਰ ਗਈ ਔਰ ਇਸ ਨਾਲ ਉਥੇ ਬਣੇ ਮਕਾਨਾਂ ਦੀਆਂ ਨੀਹਾਂ ਵਿੱਚ ਪਾਣੀ ਚਲਾ ਗਿਆ। ਪੰਜ ਸੱਤ ਮਕਾਨ ਉਥੇ ਬੁਰੀ ਤਰ੍ਹਾਂ ਡੈਮੇਜ਼ ਹੋ ਗਏ ਹਨ ਔਰ ਮਾਲਕ ਮਕਾਨ ਖਾਲੀ ਕਰਕੇ ਚਲੇ ਗਏ ਹਨ। ਇਸ ਸਬੰਧੀ ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਜਿੰਨਾਂ ਦੇ ਮਕਾਨ ਡੈਮੇਜ਼ ਹੋ ਗਏ ਹਨ ਔਰ ਇਹ ਡੀਪਾਰਟਮੈਂਟਸ ਦੀ ਕੁਤਾਹੀ ਕਾਰਨ ਹੋਏ ਹਨ, ਕਿਸੇ ਅਫ਼ਸਰ ਨੇ ਇਸ ਚੀਜ਼ ਵੱਲ ਕੋਈ ਧਿਆਨ ਨਹੀਂ ਦਿੱਤਾ, ਕੋਈ ਦੇਖਭਾਲ ਨਹੀਂ ਕੀਤੀ ਉਹਨਾਂ ਨੂੰ ਕੰਪਨਸੇਟ ਕੀਤਾ ਜਾਵੇ। ਇਹ ਲੋਕ ਬੜੇ ਗਰੀਬ ਹਨ। ਪਤਾ ਨਹੀਂ ਇਹਨਾਂ ਵਿਚਾਰਿਆਂ ਨੇ ਇਹ ਛੋਟੇ ਛੋਟੇ ਮਕਾਨ ਕਿਵੇਂ ਬਨਾਏ ਸਨ। ਇਹਨਾਂ ਵਿੱਚੋਂ ਇਕ ਗਰੀਬ ਵਿਧਵਾ ਔਰਤ ਵੀ ਹੈ, ਇਸ ਦਾ ਕੋਈ ਸਹਾਰਾ ਨਹੀਂ ਔਰ ਉਹ ਵਿਚਾਰੀ ਆਪਣਾ ਮਕਾਨ ਛੱਡਣ ਲਈ ਮਜਬੂਰ ਹੋ ਗਈ। ਮੈਂ ਕਹਿੰਦਾ ਹਾਂ ਕਿ ਉਹਨਾਂ ਅਫ਼ਸਰਾਂ ਦੀ ਪੜਤਾਲ ਕਰਾਈ ਜਾਵੇ ਜਿੰਨਾਂ ਨੇ ਕਿ ਅਜਿਹੀ ਕੁਤਾਹੀ ਕੀਤੀ ਹੈ ਔਰ ਜਿੰਨਾਂ ਗਰੀਬਾਂ ਦਾ ਨੁਕਸਾਨ ਹੋਇਆ ਹੈ ਉਹਨਾਂ ਨੂੰ ਜ਼ਰੂਰ ਕਮਪਨਸੇਟ ਕੀਤਾ ਜਾਵੇ। ਇਮਪਰੂਵਮੈਂਟ ਟਰਸਟਾਂ ਦੇ ਸਬੰਧ ਵਿੱਚ ਮੈਂ ਦੱਸ ਚੁੱਕਿਆ ਹਾਂ ਅਤੇ ਵਜ਼ੀਰ ਸਾਹਿਬ ਨੂੰ ਵੱਖਰੇ ਤੌਰ ਤੇ ਵੀ ਦੱਸ ਦਿਆਂਗਾ। ਮਿਹਰਬਾਨੀ ਕਰਕੇ ਜੋ ਲੋਕਾਂ ਦੀ ਤਕਲੀਫਾਂ ਹਨ ਉਹਨਾਂ ਨੂੰ ਦੂਰ ਕੀਤਾ ਜਾਵੇ। ਬਠਿੰਡਾ ਜ਼ਿਲ੍ਹੇ ਵਿੱਚ 25/26 ਅਨ-ਬਿਲਟ ਏਰੀਆ ਡਿਕਲੇਅਰ ਹੋਏ ਸਨ। ਮੈਂ ਮੰਤਰੀ ਜੀ ਨੂੰ ਮੌਕੇ ਤੇ ਵੀ ਦੱਸਿਆ ਸੀ ਔਰ ਹਾਊਸ ਵਿੱਚ ਵੀ ਮੈਂ ਵਾਰ ਵਾਰ ਕਿਹਾ ਹੈ। ਮੈਂ ਕੁਐਸਚਨ ਵੀ ਭੇਜੇ ਹਨ, ਢਾਈ ਤਿੰਨ ਸਾਲ ਵਿੱਚ ਹਰ ਸੈਸ਼ਨ ਵਿੱਚ ਮੈਂ ਕਹਿੰਦਾ ਰਿਹਾ ਹਾਂ ਤਕਰੀਬਨ 80% ਬਿਲਟ ਅੱਪ ਏਰੀਆ ਕਰਾਰ ਦਿੱਤਾ ਹੈ। ਸਰਕਾਰ ਨੂੰ ਇਸ ਸਕੀਮ ਅਧੀਨ ਬਾਕੀ ਰਹਿੰਦੇ ਏਰੀਏ ਤੇ ਵੀ ਮਕਾਨ ਬਨਾਉਣ ਦੀ ਆਗਿਆ ਦੇਣੀ ਚਾਹੀਦੀ ਹੈ। ਇਸ ਨਾਲ ਮਿਊਂਸੀਪਲ ਕਮੇਟੀਆਂ ਦੀ ਇਨਕਮ ਵਧੇਗੀ ਅਤੇ ਜੋ ਟੈਕਸ ਵਗੈਰਾ ਹੋਣਗੇ ਉਹ ਮਿਊਂਸੀਪਲ ਕਮੇਟੀ ਲੈ ਸਕਿਆ ਕਰੇਗੀ। ਲੇਕਿਨ ਤਿੰਨ ਸਾਲ ਹੋ ਗਏ ਹਨ ਇਸ ਤੇ ਕੋਈ ਗੌਰ ਨਹੀਂ ਕੀਤਾ ਗਿਆ। ਇਸ ਲਈ ਵਜ਼ੀਰ ਸਾਹਿਬ ਨੂੰ ਬੇਨਤੀ ਹੈ ਕਿ ਇਸ ਦੀ ਪੜਤਾਲ ਕੀਤੀ ਜਾਵੇ ਕਿਉਂਕਿ ਲੋਕਾਂ ਨੂੰ ਬੜੀਆਂ ਮੁਸ਼ਕਲਾਂ ਆ ਰਹੀਆਂ ਹਨ ਅਤੇ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ ਡੀਵੈਲਪਮੈਂਟ ਬਹੁਤ ਫਾਸਟ ਹੋ ਰਹੀ ਹੈ ਬਾਕੀਆਂ ਇਲਾਕਿਆਂ ਦੇ ਵਿੱਚ ਪਰ ਏਥੇ ਲੋਕਾਂ ਦੇ ਮਕਾਨਾਂ ਦੇ ਨਕਸ਼ੇ ਹੀ ਪਾਸ ਨਹੀਂ ਹੋ ਰਹੇ। ਰਿਜ਼ਲਟ ਇਹ ਹੁੰਦਾ ਹੈ ਕਿ ਜਿਨ੍ਹਾਂ ਮੁਲਾਜ਼ਮਾਂ ਨੇ ਗੌਰਮਿੰਟ ਤੋਂ ਲੋਨ ਲਿਆ ਹੁੰਦਾ ਹੈ, ਉਹਨਾਂ ਨੂੰ ਮਕਾਨ ਬਨਾਉਣ ਲਈ ਕਿਹਾ ਜਾਂਦਾ ਹੈ ਪਰ ਨਕਸ਼ੇ ਪਾਸ ਨਹੀਂ ਹੋ ਰਹੇ। ਜੇ ਮਕਾਨ ਉਹ ਮੁਲਾਜ਼ਮ ਨਾ ਬਣਾਏ ਤਾਂ ਉਸਨੂੰ ਲੋਨ ਵਾਪਸ ਕਰਨ ਲਈ ਕਿਹਾ ਜਾਂਦਾ ਹੈ। ਇਸ ਲਈ, ਸਪੀਕਰ ਸਾਹਿਬ, ਇਸ ਚੀਜ਼ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ।

ਹਾਊਸਿੰਗ ਬੋਰਡ ਦੀਆਂ ਕਾਲੋਨੀਆਂ ਦੇ ਵਿੱਚ ਸੀਵਰੇਜ ਦਾ ਨਾਕਸ ਪ੍ਰਬੰਧ ਹੈ। ਉਥੇ ਕੋਈ ਡਿਸਪੋਜ਼ਲ ਨਹੀਂ। ਸ਼ਹਿਰਾਂ ਵਿੱਚ ਜੇ ਕੋਈ ਡਿਸਪੋਜ਼ਲ ਨਹੀਂ ਤਾਂ ਇਹਨਾਂ ਪਾਈਪ ਲਾਈਨਜ਼ ਦਾ ਕੋਈ ਫਾਇਦਾ ਹੀ ਨਹੀਂ, ਇਸ ਨਾਲ ਸਗੋਂ ਬਿਮਾਰੀਆਂ ਲੱਗਣਗੀਆਂ। ਇਸ ਲਈ ਬੇਨਤੀ ਹੈ ਕਿ ਇਹ ਜੋ ਸੀਵਰ ਹੈ ਇਹ ਕੁਨੈਕਸ਼ਨ ਹੋਣ ਤੋਂ ਪਹਿਲਾਂ ਡਿਸਪੋਜ਼ਲ ਦਾ ਪਰਬੰਧ ਕਰੋ ਤਾਂ ਹੀ ਇਸਦਾ ਕੋਈ ਫਾਇਦਾ ਹੈ। ਹਾਊਸਿੰਗ ਬੋਰਡ ਅਤੇ ਮਿਊਂਸੀਪਲ ਕਮੇਟੀ ਦਾ

Original with;
Punjab Vidhan Sabha
Digitized by;
Panjab Digital Library

ਆਪਸ ਵਿੱਚ ਕੋਈ ਝਗੜਾ ਹੈ, ਜਿਸ ਵਿੱਚ ਨੁਕਸਾਨ ਲੋਕਾਂ ਨੂੰ ਹੁੰਦਾ ਹੈ, ਇਸ ਲਈ ਇਸ ਨੂੰ ਛੇਤੀ ਤੋਂ ਛੇਤੀ ਨਿਪਟਾਉਣਾ ਚਾਹੀਦਾ ਹੈ ਤਾਂ ਕਿ ਡਿਸਪੋਜ਼ਲ ਹੋ ਸਕੇ । ਆਖਿਰ ਵਿੱਚ ਮੈਂ ਥੋੜ੍ਹੀ ਜਿਹੀ ਗੱਲ ਪੁਲਿਸ ਸਬੰਧੀ ਕਹਿਣੀ ਚਾਹੁੰਦਾ ਹਾਂ । ਮੈਂ ਇਸ ਗੱਲ ਤੇ ਪੂਰੀ ਤਰ੍ਹਾਂ ਸਹਿਮਤ ਹਾਂ ਜਿਵੇਂ ਫਾਇਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਵਿੱਚ ਅਮਨ ਕਾਇਮ ਰੱਖਣ ਵਾਸਤੇ, ਹਿੰਦੂ ਸਿੱਖਾਂ ਵਿਚਕਾਰ ਏਕਤਾ ਕਾਇਮ ਰੱਖਣ ਵਾਸਤੇ ਅਤੇ ਲਾਅ ਐਂਡ ਆਰਡਰ ਵਾਸਤੇ ਜੇ ਲੋੜ ਪਈ ਤਾਂ ਅਸੀਂ 2 ਕਰੋੜ ਰੁਪਇਆ ਹੋਰ ਖ਼ਰਚ ਕਰ ਦਿਆਂਗੇ । ਇਹ ਗੱਲ ਬਿਲਕੁਲ ਠੀਕ ਹੈ । ਇਨਸਾਨੀ ਜੀਵਨ ਨਾਲੋਂ ਪੈਸੇ ਦਾ ਕੋਈ ਮਹੱਤਵ ਨਹੀਂ । ਸਰਕਾਰ ਦਾ ਫਰਜ਼ ਹੈ ਕਿ ਲੋਕਾਂ ਦੀ ਮਾਲ ਅਤੇ ਜਾਨ ਦੀ ਰੱਖਿਆ ਕਰੇ । ਇਸ ਵਾਸਤੇ ਜੋ ਮਿਸਕ੍ਰੀਐਂਟਸ ਹਨ ਚਾਹੇ ਉਹ ਕੋਈ ਵੀ ਹੋਣ ਪੁਲਿਸ ਨੂੰ ਮਿਸਕ੍ਰੀਐਂਟਸ ਨਾਲ ਨਜਿੱਠਣ ਲਈ ਮੋਬੇਲਾਇਜ਼ ਕਰਨ ਵਾਸਤੇ, ਹੋਰ ਚੰਗੇ ਸਾਧਨ ਦੇਣ ਵਾਸਤੇ ਇਹ ਪੈਸੇ ਖ਼ਰਚ ਕੀਤੇ ਜਾਣ । ਮੈਂ ਸਮਝਦਾ ਹਾਂ ਕਿ ਡਾਕਟਰ ਸਾਹਿਬ ਦੀ ਇਹ ਗੱਲ ਬਿਲਕੁਲ ਠੀਕ ਹੈ ਕਿ ਮਿਸਕ੍ਰੀਐਂਟਸ ਨੂੰ ਮਜ਼ਬੂਤ ਹੱਥਾਂ ਨਾਲ ਲੈਣਾ ਚਾਹੀਦਾ ਹੈ । ਜੇ ਹੋਰ ਖ਼ਰਚਾ ਵੀ ਕਰਨਾ ਪਵੇ ਤਾਂ ਜ਼ਰੂਰ ਕਰ ਦਿੱਤਾ ਜਾਵੇ । ਲੇਕਿਨ ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਪੁਲਿਸ ਥਾਣਿਆਂ ਵਿੱਚ ਜਿਹੜੇ .ਐਸ.ਐਚ.ਓ. ਹਨ, ਉਹਨਾਂ ਵੱਲ ਵੀ ਧਿਆਨ ਦਿੱਤਾ ਜਾਵੇ । ਜੋ ਪੁਲਸ ਇੰਚਾਰਜ ਹਨ ਚਾਹੇ ਡੀ.ਆਈ.ਜੀ. ਹੋਣ, ਚਾਹੇ ਆਈ.ਜੀ. ਹੋਣ ਜਾਂ ਕੋਈ ਹੋਰ ਹੋਵੇ ਥਾਣਿਆਂ ਦੀ ਉਹਨਾਂ ਨੂੰ ਗਾਹੇ ਬਗਾਹੇ ਜਾ ਕੇ ਹਾਲਤ ਵੇਖਣੀ ਚਾਹੀਦੀ ਹੈ । ਮੈਂ ਕਈ ਮਾਮਲਿਆਂ ਵਿੱਚ ਆਈ.ਜੀ. ਨੂੰ ਮਿਲਿਆ ਹਾਂ ਪਰ ਕੋਈ ਤਸੱਲੀ ਨਹੀਂ ਹੋਈ । ਬਠਿੰਡੇ ਅੰਤਰ ਪ੍ਰਤਾਪ ਨਗਰ ਵਿੱਚ ਦੋ ਬੱਚੇ ਕਤਲ ਹੋਏ । ਇਹ ਦੋਨੋਂ ਬੱਚੇ ਹੀ ਇੱਕ ਪਰਵਾਰ ਦੇ ਸਨ । ਇਹਨਾਂ ਦਾ ਕਤਲ ਇੱਕੋ ਥਾਂ ਤੇ ਕੀਤਾ ਗਿਆ ਅਤੇ ਇਹਨਾਂ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ । ਪੁਲਿਸ ਨੇ ਕੋਈ ਜਾਂਚ ਪੜਤਾਲ ਨਹੀਂ ਕੀਤੀ । ਮੈਂ ਇਸ ਬਾਰੇ ਆਈ.ਜੀ. ਪੁਲਿਸ ਨੂੰ ਮਿਲਿਆ, ਉਹਨਾਂ ਨੂੰ ਬੇਨਤੀ ਕੀਤੀ ਕਿ ਜੋ ਇਹ ਦਹਿਸ਼ਤ ਫੈਲਾ ਦਿੱਤੀ ਗਈ ਹੈ, ਉਸਨੂੰ ਦੂਰ ਕਰਨ ਵਾਸਤੇ ਉਹਨਾਂ ਲੋਕਾਂ ਨੂੰ ਨੰਗਾ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਇਹ ਕਤਲ ਕੀਤਾ ਹੈ । ਇਸੇ ਤਰ੍ਹਾਂ ਹੁਣੇ ਪਿਛੇ ਜਿਹੇ ਖ਼ਬਰਾਂ ਵੀ ਆਈਆਂ ਸਨ ਜਿਹੜੀਆਂ ਕਿ ਦਰੁਸਤ ਹਨ ਬਿਹਾਰੀ ਲੋਕ ਜੋ ਰਿਕਸ਼ਾ ਚਾਲਕ ਸਨ, ਉਨ੍ਹਾਂ ਦੀ ਮੌਤ ਹੋ ਗਈ ਹੈ । ਮੈਂ ਡੀ.ਸੀ. ਸਾਹਿਬ ਨਾਲ ਵੀ ਗੱਲ ਕੀਤੀ, ਐਸ.ਐਸ.ਪੀ. ਸਾਹਿਬ ਨਾਲ ਵੀ ਗੱਲ ਕੀਤੀ ਔਰ ਹੋਰ ਕਈਆਂ ਨਾਲ ਵੀ ਗਲਬਾਤ ਕੀਤੀ ਹੈ ਔਰ ਕਿਹਾ ਹੈ ਕਿ ਇਹ ਜੋ ਮੌਤਾਂ ਹੋਈਆਂ ਹਨ, ਇਨ੍ਹਾਂ ਦਾ ਕਾਰਨ ਕੀ ਹੈ ? ਇਸ ਗੱਲ ਦੀ ਘੋਖ ਕੀਤੀ ਜਾਵੇ, ਪੜਤਾਲ ਕੀਤੀ ਜਾਵੇ ਕਿ ਇਹ ਮੌਤਾਂ ਕਿਸ ਤਰ੍ਹਾਂ ਹੋਈਆਂ ਹਨ ? ਕੀ ਇਹ ਦਹਿਸ਼ਤ ਫੈਲਾਉਣ ਦੀਆਂ ਗੱਲਾਂ ਤਾਂ ਨਹੀਂ ਕੀਤੀਆਂ ਜਾ ਰਹੀਆਂ । ਇਨ੍ਹਾਂ ਸਾਰੀਆਂ ਗੱਲਾਂ ਨੂੰ ਘੋਖਣ ਦੀ ਲੋੜ ਹੈ, ਪੜਤਾਲਣ ਦੀ ਲੋੜ ਹੈ, ਇਸ ਦੀ ਜਾਂਚ ਦੀ ਜ਼ਰੂਰਤ ਹੈ । ਇਸ ਲਈ ਮੇਰੀ ਬੇਨਤੀ ਹੈ ਮੁੱਖ ਮੰਤਰੀ ਸਾਹਿਬ ਨੂੰ ਔਰ ਸਾਰੀ ਕੈਬਨਿਟ ਕੋਲ ਕਿ ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਘੋਖਣ, ਪੜਤਾਲਣ ਔਰ ਦੇਖਣ ।

ਡਿਪਟੀ ਸਪੀਕਰ ਸਾਹਿਬ, ਇਕ ਚੀਜ਼ ਮੈਂ ਹੋਰ ਜ਼ਰੂਰ ਕਹਾਂਗਾ ਔਰ ਪਿਛਲੇ ਸੈਸ਼ਨ ਵਿੱਚ ਮੈਂ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ, ਮੈਂ ਕੁਐਸਚਨਜ਼ ਵੀ ਦਿੱਤੇ ਸਨ ਔਰ ਇਸ ਗੱਲ ਦਾ ਜ਼ਿਕਰ ਵੀ ਕੀਤਾ ਸੀ ਕਿ ਠੀਕ ਹੈ ਅਰਬਨ ਡੀਵੈਲਪਮੈਂਟ ਦੇ ਵਾਸਤੇ ਅਸੀਂ ਜਿਆਦਾ ਸੋਚਦੇ ਹਾਂ ਲੇਕਿਨ ਇਸ ਦੇ ਨਾਲ ਨਾਲ ਲੋਕਾਂ ਦੀ ਸਿਹਤ ਵਾਸਤੇ ਵੀ ਸਾਡੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਰਿੰਦਰ ਕਪੂਰ]

ਸਰਕਾਰ ਨੂੰ ਸੋਚਣਾ ਚਾਹੀਦਾ ਹੈ । ਜੋ ਬਠਿੰਡੇ ਥਰਮਲ ਪਲਾਂਟ ਹੈ, ਉਸ ਦੇ ਬਾਰੇ ਅਖ਼ਬਾਰਾਂ ਨੇ ਰੌਲਾ ਪਾਇਆ, ਡਾਕਟਰਾਂ ਨੇ ਵੀ ਰਿਪੋਰਟ ਦਿੱਤੀ, ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ, ਇਥੇ ਹਾਊਸ ਵਿੱਚ ਵੀ ਰਿਪੋਰਟਾਂ ਦਿੱਤੀਆਂ ਗਈਆਂ ਕਿ ਉਥੋਂ ਦੇ ਲੋਕਾਂ ਦੀ ਸਿਹਤ ਬਹੁਤ ਖ਼ਰਾਬ ਹੋ ਰਹੀ ਹੈ । ਉਥੇ ਦੇ ਲੋਕ ਟੀ.ਬੀ. ਦੇ ਸ਼ਿਕਾਰ ਹੋ ਰਹੇ ਹਨ, ਆਈ ਡਿਜ਼ੀਜ਼ਜ਼ ਵੱਧ ਰਹੀਆਂ ਹਨ, ਚੈਸਟ ਡਿਜ਼ੀਜ਼ਿਜ਼ ਵੱਧ ਰਹੀਆਂ ਹਨ, ਇਨ੍ਹਾਂ ਨੂੰ ਕੌਣ ਰੋਕੇਗਾ। ਅਸੀਂ ਇਸ ਦੇ ਬਾਰੇ ਕਈ ਵਾਰੀ ਗੱਲ ਕੀਤੀ ਹੈ, ਕਮੇਟੀ ਵਿੱਚ ਵੀ ਗੱਲ ਕੀਤੀ ਹੈ ਅਤੇ ਹਾਊਸ ਵਿੱਚ ਕਈ ਵਾਰੀ ਜ਼ਿਕਰ ਕੀਤਾ ਹੈ । ਜਿਸ ਵੇਲੇ ਕੋਈ ਗੱਲ ਕਰਦੇ ਹਾਂ ਤਾਂ ਉਸ ਵੇਲੇ ਬੜੀ ਲੰਮੀ ਚੌੜੀ ਪਲੈਨ ਬਣਾ ਕੇ ਦੱਸ ਦਿੰਦੇ ਹਨ ਕਿ 5-7 ਸਾਲ ਤਕ ਇਥੇ ਇਕੁਇਪਮੈਂਟ ਲਗ ਜਾਵੇਗਾ ਤਾਂਕਿ ਲੋਕਾਂ ਦੀ ਸਿਹਤ ਖ਼ਰਾਬ ਨਾ ਹੋਵੇ । (ਘੰਟੀ) ਮੈਂ, ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿ ਉਥੇ ਦੇ ਲੋਕਾਂ ਵਿੱਚ ਇਸ ਦੇ ਬਾਰੇ ਬੜੀ ਰਿਜ਼ੈਂਟਮੈਂਟ ਹੈ, ਇਸ ਵਲ ਫੌਰੀ ਤੌਰ ਤੇ ਧਿਆਨ ਦਿੱਤਾ ਜਾਵੇ । ਜਿਸ ਤਰ੍ਹਾਂ 2 ਕਰੋੜ ਰੁਪਿਆ ਪੁਲਿਸ ਵਾਸਤੇ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਕਰਨ ਵਾਸਤੇ ਰਖਿਆ ਗਿਆ ਹੈ, ਇਸੇ ਤਰ੍ਹਾਂ ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਲੋਕਾਂ ਦੀ ਸਿਹਤ ਦਾ ਵੀ ਧਿਆਨ ਕਰਨ ਅਤੇ ਇਸ ਕੰਮ ਵਾਸਤੇ ਰੁਪਿਆ ਰੱਖਿਆ ਜਾਵੇ ਅਤੇ ਉਥੇ ਜੋ ਇਕੁਇਪਮੈਂਟਸ ਦੀ ਜ਼ਰੂਰਤ ਹੈ, ਉਨ੍ਹਾਂ ਦਾ ਜਲਦੀ ਤੋਂ ਜਲਦੀ ਪ੍ਰਬੰਧ ਕੀਤਾ ਜਾਵੇ । ਇਤਨਾ ਸਮਾਂ ਲੋਕਾਂ ਕੋਲੋਂ ਹੁਣ ਇੰਤਜ਼ਾਰ ਨਹੀਂ ਹੁੰਦਾ । ਇਸ ਲਈ ਮੇਰੀ ਵਿੱਤ ਮੰਤਰੀ ਸਾਹਿਬ ਅਗੇ ਇਹੀ ਰਿਕੁਐਸਟ ਹੈ ਕਿ ਉਹ ਜਲਦੀ ਤੋਂ ਜਲਦੀ ਇਸ ਦਾ ਪ੍ਰਬੰਧ ਕਰਨ ਤਾਂਕਿ ਲੋਕਾਂ ਦੀ ਸਿਹਤ ਹੋਰ ਨਾ ਖਰਾਬ ਹੋਵੇ । ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਚੌਧਰੀ ਮਾਲੂ ਰਾਮ (ਮਲੋਟ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੇਰੀ ਸਰਕਾਰ ਪੰਜਾਬੀਆਂ ਨੂੰ ਤਰੱਕੀ ਦੀ ਤਰਫ਼ ਲਿਜਾਣ ਵਾਸਤੇ, ਉਨ੍ਹਾਂ ਨੂੰ ਐਜੂਕੇਸ਼ਨ ਦੇਣ ਵਾਸਤੇ ਔਰ ਉਨ੍ਹਾਂ ਦੀ ਹਾਲਤ ਨੂੰ ਹੋਰ ਬੇਹਤਰ ਬਣਾਉਣ ਵਾਸਤੇ ਬਹੁਤ ਕੋਸ਼ਿਸ਼ ਕਰ ਰਹੀ ਹੈ ਔਰ ਬਹੁਤ ਰੁਪਿਆ ਲਗਾ ਰਹੀ ਹੈ। ਇਹ ਬਹੁਤ ਅੱਛੀ ਗੱਲ ਹੈ ਪਰ ਮੈਂ ਉਸ ਤਬਕੇ ਦੀ ਬਾਬਤ ਕੁਝ ਕਹਿਣਾ ਚਾਹੁੰਦਾ ਹਾਂ ਜਿਹੜਾ ਹਜ਼ਾਰਾਂ ਸਾਲਾਂ ਤੋਂ ਹਿੰਦੁਸਤਾਨ ਦੇ ਸਮਾਜ ਵਿੱਚ ਪੱਛੜਿਆ ਹੋਇਆ ਹੈ ਔਰ ਉਨ੍ਹਾਂ ਦੇ ਵਿੱਚ ਬੇਰੁਜ਼ਗਾਰੀ ਬਹੁਤ ਜ਼ਿਆਦਾ ਹੈ । ਮੈਂ ਸਮਝਦਾ ਹਾਂ ਕਿ ਮੇਰੀ ਸਰਕਾਰ ਨੇ ਬੇਰੁਜ਼ਗਾਰੀ ਨੂੰ ਦੂਰ ਕਰਨ ਵਾਸਤੇ ਕਾਫੀ ਯਤਨ ਕੀਤੇ ਹਨ, ਕਰ ਰਹੀ ਹੈ ਔਰ ਕਰੇਗੀ । ਮਗਰ ਉਹ ਲੋਕ ਜੋ ਹਜ਼ਾਰਾਂ ਸਾਲਾਂ ਤੋਂ ਪੱਛੜੇ ਹੋਏ ਹਨ, ਜਿਨ੍ਹਾਂ ਦੀ ਹਾਲਤ ਅੱਜੇ ਵੀ ਬਹੁਤ ਬੁਰੀ ਹੈ ਉਨ੍ਹਾਂ ਵਲ ਜ਼ਿਆਦਾ ਧਿਆਨ ਕਰਨ ਦੀ ਲੋੜ ਹੈ । ਜਿਥੋਂ ਤਕ ਐਜੂਕੇਸ਼ਨ ਦਾ ਤਲੱਕ ਹੈ ਉਹ ਲੋਕ ਪੜ੍ਹ ਰਹੇ ਹਨ । ਹਰੀਜਨਾਂ ਦੇ ਬੱਚੇ, ਪਛੜੀਆਂ ਸ਼੍ਰੇਣੀਆਂ ਦੇ ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ, ਪੜ੍ਹਾਈ ਕਰ ਰਹੇ ਹਨ ਲੇਕਿਨ ਉਹ ਪੜ੍ਹ ਲਿਖ ਕੇ ਵਿਚਾਰੇ ਸੜਕਾਂ ਤੇ ਮਾਰੇ ਮਾਰੇ ਫਿਰ ਰਹੇ ਹਨ ਕਿਉਂਕਿ ਉਨ੍ਹਾਂ ਪਾਸ ਨੌਕਰੀ ਲੈਣ ਵਾਸਤੇ ਅਪਰੋਚ ਨਹੀਂ, ਲਾਉਣ ਲਈ ਉਨ੍ਹਾਂ ਪਾਸ ਪੈਸਾ ਨਹੀਂ । ਮੈਂ ਸਮਝਦਾ ਹਾਂ ਕਿ ਮੇਰੀ ਸਰਕਾਰ ਨੇ ਅਗਰ ਬੇਰੁਜ਼ਗਾਰੀ ਦੂਰ ਕਰਨੀ ਹੈ ਤਾਂ ਉਸ ਦੇ ਲਈ ਉਸ ਨੂੰ ਕੋਈ ਫਾਰਮੂਲਾ ਬਣਾਉਣਾ ਚਾਹੀਦਾ ਹੈ । ਉਨ੍ਹਾਂ ਬੱਚਿਆਂ ਨੂੰ ਜਿਨ੍ਹਾਂ ਦੇ ਮਾਂ ਬਾਪ ਪਾਸ ਘਰ ਨਹੀਂ, ਕਾਰੋਬਾਰ ਨਹੀਂ, ਖੇਤ ਨਹੀਂ ਅਤੇ ਪਿੰਡ ਵਿੱਚ ਰਹਿਣ ਲਈ ਮਕਾਨ ਨਹੀਂ, ਜਿਸ ਨੇ ਆਪਣੇ

Original with;
Punjab Vidhan Sabha
Digitized by;
Panjab Digital Library

ਬੱਚਿਆਂ ਨੂੰ ਬੜੀਆਂ ਮੁਸ਼ਕਲਾਂ ਕਟ ਕੇ ਪੜ੍ਹਾਇਆ ਹੈ ਅਤੇ ਇਤਨੀਆਂ ਮੁਸੀਬਤਾਂ ਦੇ ਬਾਅਦ ਅਗਰ ਉਹ ਆਪਣੇ ਬੱਚੇ ਨੂੰ ਪੜ੍ਹਾਏ ਲਿਖਾਏ ਤੇ ਫਿਰ ਵੀ ਉਸ ਦਾ ਬੱਚਾ ਅਗਰ ਪੜ੍ਹ ਲਿਖ ਕੇ ਬੇਰੁਜ਼ਗਾਰ ਰਹੇ ਤਾਂ ਮੈਂ ਸਮਝਦਾ ਹਾਂ ਕਿ ਉਸ ਨੂੰ ਪੜ੍ਹਾਈ ਦਾ ਕੋਈ ਫਾਇਦਾ ਨਹੀਂ। ਇਕ ਬੱਚਾ ਹੈ ਉਸ ਦਾ ਬਾਪ ਬਿਜ਼ਨੈਸਮੈਨ ਹੈ, ਉਹ ਕਾਰਖਾਨੇਦਾਰ ਵੀ ਹੈ, ਉਸ ਦੀ ਜ਼ਮੀਨ ਵੀ ਹੈ ਅਤੇ ਹੋਰ ਵੀ ਕਾਰੋਬਾਰ ਹੈ, ਇਕ ਪਾਸੇ ਤਾਂ ਉਸ ਦਾ ਬੱਚਾ ਹੈ ਅਤੇ ਦੂਸਰੇ ਪਾਸੇ ਇਕ ਬੱਚਾ ਹੈ ਉਸ ਦੇ ਬਾਪ ਦਾ ਕੋਈ ਮਕਾਨ ਨਹੀਂ, ਉਸ ਦਾ ਕੋਈ ਕਾਰੋਬਾਰ ਨਹੀਂ, ਕੋਈ ਜ਼ਮੀਨ ਨਹੀਂ ਅਤੇ ਉਹ ਖੇਤ ਮਜ਼ਦੂਰ ਹੈ ਜਿਹੜਾ ਕੇ ਬੜੀ ਮੁਸ਼ਕਲ ਨਾਲ ਆਪਣੇ ਬੱਚੇ ਨੂੰ ਪੜ੍ਹਾਉਂਦਾ ਹੈ ਤਾਂ ਸਰਕਾਰ ਨੂੰ ਉਸ ਦੇ ਬੱਚੇ ਨੂੰ ਨੌਕਰੀ ਤੇ ਲਾਉਣ ਵੇਲੇ ਪਹਿਲ ਦੇਣੀ ਚਾਹੀਦੀ ਹੈ, ਉਸ ਨੂੰ ਨੌਕਰੀ ਤੇ ਲਾਉਣਾ ਚਾਹੀਦਾ ਹੈ ਜਿਸ ਦੇ ਬਾਪ ਦਾ ਵੀ ਕੋਈ ਰੁਜ਼ਗਾਰ ਨਹੀਂ ਹੈ। ਇਸ ਤਰ੍ਹਾਂ ਦੀ ਮੇਰੀ ਸਰਕਾਰ ਕੋਈ ਲਾਈਨ ਬਣਾਏਗੀ ਤਾਂ ਇਹ ਬੇਰੁਜ਼ਗਾਰੀ ਦੂਰ ਹੋ ਸਕਦੀ ਹੈ। ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਬੱਚਿਆਂ ਵਾਸਤੇ ਪੜ੍ਹਾਈ ਕੋਈ ਇਸ ਕਿਸਮ ਦੀ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਉਹ ਕੋਈ ਕਾਰੀਗਰ ਬਣ ਸਕੇ। ਪੜ੍ਹ ਲਿਖ ਕੇ ਜੇ ਹਰੀਜਨਾਂ ਦੇ ਬੱਚਿਆਂ ਨੂੰ ਨੌਕਰੀ ਨਹੀਂ ਮਿਲਦੀ ਤਾਂ ਜੇ ਉਸ ਨੇ ਕੋਈ ਹੁਨਰ ਸਿਖਿਆ ਹੋਵੇਗਾ ਤਾਂ ਉਹ ਆਪਣਾ ਕੰਮ ਕਰ ਸਕਦਾ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਬੱਚਿਆਂ ਵਾਸਤੇ ਖਾਸ ਤੌਰ ਤੇ ਇਸ ਕਿਸਮ ਦੀ ਵਿਦਿਆ ਦਿੱਤੀ ਜਾਵੇ ਕੋਈ ਦਸਤਕਾਰੀ ਦੀ ਜਾਂ ਕਾਰੀਗਰੀ ਦੀ ਜਿਸ ਦੇ ਨਾਲ ਉਹ ਆਪਣਾ ਕੋਈ ਕਾਰੋਬਾਰ ਕਰ ਸਕੇ। ਇਹ ਠੀਕ ਹੈ ਕਿ ਮੇਰੀ ਸਰਕਾਰ ਹਰੀਜਨਾਂ ਨੂੰ ਕਾਰੋਬਾਰ ਵਾਸਤੇ 5-7 ਹਜ਼ਾਰ ਰੁਪਿਆ ਦਿੰਦੀ ਹੈ ਔਰ ਜੇ ਕੋਈ ਹਰੀਜਨ ਅਨਪੜ੍ਹ ਹੈ ਤਾਂ ਉਹ ਆਪਣਾ ਕਾਰੋਬਾਰ ਕਰ ਸਕੇ। ਪਰ ਮੈਂ ਸਮਝਦਾ ਹਾਂ ਕਿ ਉਹ ਰੁਪਿਆ ਆਪਣਾ ਬੇਕਾਰ ਵਿੱਚ ਜ਼ਾਇਆ ਕਰ ਦੇਵੇਗਾ ਜੇ ਉਸ ਦੇ ਕੋਲ ਕੋਈ ਹੁਨਰ ਨਹੀਂ ਹੈ ਤਾਂ ਉਹ ਰੁਪਿਆ ਖਰਚ ਕਰ ਕੇ ਫਿਰ ਬੇਰੁਜ਼ਗਾਰ ਦਾ ਬੇਰੁਜ਼ਗਾਰ ਹੀ ਰਹਿ ਜਾਵੇਗਾ। ਇਸ ਲਈ ਮੇਰੀ ਅਰਜ਼ ਹੈ ਕਿ ਰੁਪਿਆ ਦੇਣ ਤੋਂ ਪਹਿਲਾਂ, ਕਰਜ਼ਾ ਦੇਣ ਤੋਂ ਪਹਿਲਾਂ ਉਸ ਨੂੰ ਕਾਰੀਗਰ ਬਣਾਓ ਅਤੇ ਇਸ ਕਿਸਮ ਦੀ ਵਿਦਿਆ ਉਸ ਨੂੰ ਦਿਓ ਜਿਸ ਦੇ ਨਾਲ ਉਹ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ ਤਾਂ ਇਹ ਸਾਡੀ ਬੇਰੁਜ਼ਗਾਰੀ ਦੂਰ ਹੋਵੇਗੀ। ਮੈਂ ਸਮਝਦਾ ਹਾਂ ਕਿ ਇਹ ਚੀਜ਼ ਅੱਛੀ ਹੈ ਕਿ ਸਰਕਾਰ ਸਾਡੇ ਲੋਕਾਂ ਨੂੰ ਰੁਪਿਆ ਦਿੰਦੀ ਹੈ। ਮੱਝਾਂ ਖਰੀਦਣ ਵਾਸਤੇ ਵੀ ਰੁਪਿਆ ਦਿੰਦੀ ਹੈ। 2 ਹਜ਼ਾਰ ਰੁਪਿਆ ਮੱਝ ਖਰੀਦਣ ਵਾਸਤੇ ਦਿੰਦੀ ਹੈ। ਇਸ ਦੇ ਵਿਚੋਂ 5-7 ਸੌ ਰੁਪਿਆ ਤਾਂ ਮਹਿਕਮੇ ਵਾਲੇ ਖਾ ਜਾਂਦੇ ਹਨ। (ਥੰਪਿੰਗ) ਉਸ ਦਾ ਹੋਰ ਰੁਪਿਆ ਵੀ ਜ਼ਾਇਆ ਹੁੰਦਾ ਹੈ। ਮੈਂ ਸਰਕਾਰ ਨੂੰ ਦਰਖਾਸਤ ਕਰਾਂਗਾ ਕਿ ਉਹ ਇਸ ਗੱਲ ਵਲ ਧਿਆਨ ਦੇਵੇ। ਮੇਰੀ ਸਰਕਾਰ ਅੱਗੇ ਇਹ ਵੀ ਦਰਖਾਸਤ ਹੈ ਕਿ ਨੌਕਰੀਆਂ ਦੇਣ ਵੇਲੇ ਧਿਆਨ ਰਖਿਆ ਜਾਵੇ ਅਤੇ ਉਸ ਦੇ ਲਈ ਇਕ ਲਾਈਨ ਬਣਾਈ ਜਾਵੇ, ਇਕ ਫਾਰਮੂਲਾ ਬਣਾਇਆ ਜਾਵੇ, ਜਿਸ ਦੇ ਨਾਲ ਉਸ ਬੱਚੇ ਨੂੰ ਨੌਕਰੀ ਮਿਲਣੀ ਚਾਹੀਦੀ ਹੈ ਤਾਂ ਇਹ ਸਾਡੀ ਬੇਰੁਜ਼ਗਾਰੀ ਦੂਰ ਹੋਣੀ ਹੈ। ਰੱਜਿਆਂ ਪੁੱਜਿਆਂ ਦੇ ਬੱਚੇ ਅਗੇ ਆ ਜਾਂਦੇ ਹਨ ਅਤੇ ਨੌਕਰੀਆਂ ਲੈ ਜਾਂਦੇ ਹਨ ਪਰ ਬੇਰੁਜ਼ਗਾਰਾਂ ਦੇ ਬੱਚੇ ਪਿੱਛੇ ਰਹਿ ਜਾਂਦੇ ਹਨ। ਬੇਰੁਜ਼ਗਾਰ ਬਾਪ ਦੇ ਬੱਚੇ ਵੀ ਬੇਰੁਜ਼ਗਾਰ ਰਹਿ ਜਾਂਦੇ ਹਨ। ਇਸ ਲਈ ਮੈਂ ਆਪਣੀ ਸਰਕਾਰ ਨੂੰ ਦਰਖਾਸਤ ਕਰਾਂਗਾ ਕਿ ਇਨ੍ਹਾਂ ਲੋਕਾਂ ਨੂੰ ਅਗੇ ਲਿਆਉਣਾ ਚਾਹੀਦਾ ਹੈ। ਜੇ ਬੇਰੁਜ਼ਗਾਰਾਂ ਦੇ ਬੱਚਿਆਂ ਨੂੰ ਅਗੇ ਲਿਆਵਾਂਗੇ ਤਾਂ ਇਸ ਦੇ ਨਾਲ ਬੇਰੁਜ਼ਗਾਰੀ ਦੂਰ ਹੋਵੇਗੀ ਵਰਨਾ ਉਹ ਲੋਕ ਜਿਹੜੇ ਹਜ਼ਾਰਾਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਮਾਤੂ ਰਾਮ]

ਸਾਲਾਂ ਤੋਂ ਪੱਛੜੇ ਹੋਏ ਹਨ, ਉਹ ਫਿਰ ਵੀ ਪੱਛੜੇ ਰਹਿਣਗੇ ਅਤੇ ਹਿੰਦੁਸਤਾਨ ਵਿਚੋਂ, ਪੰਜਾਬ ਵਿੱਚੋਂ ਬੇਰੁਜ਼ਗਾਰੀ ਦੂਰ ਨਹੀਂ ਹੋਵੇਗੀ । ਇਸ ਵੇਲੇ ਨੌਕਰੀਆਂ ਵਿੱਚ ਭਰਤੀ ਹੋਣ ਵਾਲਿਆਂ ਜੋ ਇਨ੍ਹਾਂ ਹਾਲਾਤ ਵਿੱਚ ਭਰਤੀ ਹੋ ਜਾਂਦੇ ਹਨ ਉਨ੍ਹਾਂ ਦੀ ਐਨਾ ਪੜ੍ਹ ਲਿਖ ਕੇ ਫਿਰ ਤਰੱਕੀ ਵੇਲੇ ਜੋ ਹਾਲਤ ਹੁੰਦੀ ਹੈ, ਉਹ ਵੀ ਤੁਹਾਡੇ ਸਾਹਮਣੇ ਹੈ । ਇਸ ਵੇਲੇ ਹਾਲਤ ਇਹ ਹੈ ਕਿ ਸਾਡੇ ਪੜ੍ਹੇ ਲਿਖੇ ਲੋਕਾਂ ਦੀ ਕੋਈ ਤਰੱਕੀ ਨਹੀਂ ਹੋ ਰਹੀ । ਮੈਨੂੰ ਯਾਦ ਹੈ ਕਿ ਇਕ ਮਹਿਕਮੇ ਦੇ ਓਵਰਸੀਅਰਾਂ ਵਿਚੋਂ 20 ਐਸ.ਡੀ.ਓਜ਼. ਬਣਨੇ ਸੀ । ਉਨ੍ਹਾਂ ਵਿੱਚ ਹਰੀਜਨ ਵੀ ਕਾਫੀ ਸਨ । ਇਨ੍ਹਾਂ ਹਰੀਜਨਾਂ ਵਿਚੋਂ 8-9 ਹਰੀਜਨਾਂ ਦੇ ਤਰੱਕੀ ਵੇਲੇ ਕਰੈਕਟਰ ਰੋਲ ਹੀ ਖ਼ਰਾਬ ਕਰ ਦਿੱਤੇ ਤਾਂਕਿ ਉਹ ਤਰੱਕੀ ਨਾ ਕਰ ਲੈਣ । ਇਹੋ ਜਿਹਾ ਜ਼ੁਲਮ ਜੋ ਅਫ਼ਸਰ ਸਾਡੇ ਲੋਕਾਂ ਨਾਲ ਕਰਦੇ ਹਨ, ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ । ਮੇਰੀ ਸਰਕਾਰ ਨੂੰ ਇਹ ਦੇਖਣਾ ਚਾਹੀਦਾ ਹੈ ਅਤੇ ਜੋ ਅਫ਼ਸਰ ਇਸ ਤਰ੍ਹਾਂ ਕਰਦੇ ਹਨ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲੈਣਾ ਚਾਹੀਦਾ ਹੈ ।

ਇਕ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਵੈਲਫੇਅਰ ਮਨਿਸਟਰ ਸਾਹਿਬ ਨੂੰ ਕਿਹਾ ਸੀ ਕਿ ਮੇਰੇ ਹਲਕੇ ਮਲੋਟ ਵਿੱਚ ਬੇਰੁਜ਼ਗਾਰਾਂ ਨੂੰ ਨਾਮ ਦਰਜ ਕਰਾਉਣ ਵਾਸਤੇ 30-30 ਮੀਲ ਦੂਰ ਜਾ ਕੇ ਇਮਪਲਾਇਮੈਂਟ ਐਕਸਚੇਂਜ ਵਿੱਚ ਨਾਮ ਦਰਜ ਕਰਾਉਣ ਲਈ ਜਾਣਾ ਪੈਂਦਾ ਹੈ । ਇਸ ਲਈ ਕੋਈ ਸਬ-ਆਫਿਸ ਇਮਪਲਾਇਮੈਂਟ ਐਕਸਚੇਂਜ ਦਾ ਉਥੇ ਖੋਲ੍ਹ ਦਿਓ ਤਾਂ ਕਿ ਉਨ੍ਹਾਂ ਬੱਚਿਆਂ ਨੂੰ ਨਾਮ ਦਰਜ ਕਰਾਉਣ ਵਾਸਤੇ ਇਤਨੀ ਦੂਰ ਨਾ ਜਾਣਾ ਪਵੇ ਅਤੇ ਵਾਧੂ ਦਾ ਖਰਚਾ ਨਾ ਕਰਨਾ ਪਵੇ ਪਰ ਕੋਈ ਸੁਣਵਾਈ ਨਹੀਂ । ਮੈਂ ਫਿਰ ਸਰਕਾਰ ਨੂੰ, ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਨ੍ਹਾਂ ਬੇਰੁਜ਼ਗਾਰ ਬੱਚਿਆਂ ਨੂੰ ਨਾਮ ਦਰਜ ਕਰਾਉਣ ਵਾਸਤੇ ਜੋ 30-30 ਮੀਲ ਦੀ ਦੂਰੀ ਤੇ ਜਾਂਦੇ ਹਨ ਅਤੇ 5-7 ਰੁਪਏ ਖਰਚ ਕੇ ਜਾਂਦੇ ਹਨ ਅਤੇ 5-7 ਰੁਪਏ ਖਰਚ ਕਰਕੇ ਆਉਂਦੇ ਹਨ, ਉਨ੍ਹਾਂ ਦੀ ਸਹੂਲਤ ਵਾਸਤੇ ਅਤੇ ਖਰਚਾ ਬਚਾਉਣ ਵਾਸਤੇ ਮੇਰੇ ਹਲਕੇ ਵਿੱਚ ਇਮਪਲਾਇਮੈਂਟ ਐਕਸਚੇਂਜ ਦਾ ਇਕ ਸਬ-ਆਫਿਸ ਖੋਲ੍ਹਿਆ ਜਾਵੇ ਤਾਂਕਿ ਉਹ ਆਪਣਾ ਨਾਮ ਦਰਜ ਕਰਵਾ ਸਕਣ ।

ਅੰਤ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਅਰਜ਼ ਕਰਾਂਗਾ ਕਿ ਬੇਰੁਜ਼ਗਾਰੀ ਨੂੰ ਦੂਰ ਕਰਨ ਵਾਸਤੇ ਸਰਕਾਰ ਨੂੰ ਇਕ ਲਾਈਨ ਖਿਚਣੀ ਪਵੇਗੀ, ਇਕ ਫਾਰਮੂਲਾ ਬਣਾਉਣਾ ਪਵੇਗਾ, ਜਿਸ ਨਾਲ ਕਿ ਗਰੀਬ ਹਰੀਜਨਾਂ ਦੇ ਬੱਚਿਆਂ ਨੂੰ, ਗਰੀਬ ਪੱਛੜੇ ਹੋਏ ਵਰਗ ਦੇ ਬੱਚਿਆਂ ਨੂੰ ਰੋਜ਼ਗਾਰ ਮਿਲ ਸਕੇ । ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਡੀਮਾਂਡਜ਼ ਦੇ ਸਬੰਧ ਵਿੱਚ ਐਪਰੋਪ੍ਰੀਏਸ਼ਨ ਬਿਲ ਹਾਊਸ ਵਿੱਚ ਪੇਸ਼ ਹੋਇਆ ਹੈ । ਮਾਨਯੋਗ ਮੈਂਬਰਾਂ ਨੇ, ਹਰ ਪਾਸਿਓਂ ਦੇ ਮਾਨਯੋਗ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਅਕਾਲੀ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ.(ਐਮ.) ਅਤੇ ਕਾਂਗਰਸ ਪਾਰਟੀ, ਸਾਰਿਆਂ ਨੇ ਵਿਚਾਰ ਪ੍ਰਗਟ ਕੀਤੇ ਹਨ । ਮੈਂ ਸਾਰਿਆਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਦੇ ਵਿੱਚ ਹਿੱਸਾ ਪਾਇਆ ਹੈ । ਕੁਝ ਕ੍ਰਿਟੇਸਾਈਜ਼ ਵੀ ਕੀਤਾ ਹੈ ਅਤੇ ਕੁਝ ਸੁਜੈਸ਼ਨਜ਼ ਵੀ ਦਿੱਤੇ ਹਨ । ਪਰ,

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਜੋ ਰੂਲਜ਼ ਆਫ ਪ੍ਰੋਸੀਜਰ ਵਿੱਚ ਲਿਖਿਆ ਹੈ ਉਸ ਦੀ ਪਾਲਣਾ ਮਾਨਯੋਗ ਮੈਂਬਰਜ਼ ਨੇ ਨਹੀਂ ਕੀਤੀ । ਰੂਲਜ਼ ਆਫ ਪ੍ਰੋਸੀਜਰ ਮੁਤਾਬਿਕ ਬਿਲਕੁਲ ਡੀਮਾਂਡਜ਼ ਨਾਲ ਸਬੰਧਤ ਡਿਸਕਸ਼ਨ ਚੇਅਰ ਨੂੰ ਅਲਾਓ ਕਰਨੀ ਚਾਹੀਦੀ ਹੈ । ਮੈਂਬਰਾਂ ਦਾ ਹੱਕ ਹੈ ਉਹ ਆਪਣੀ ਗੱਲ ਕਹਿੰਦੇ ਹਨ ਕਿਸ ਢੰਗ ਨਾਲ ਕਹਿੰਦੇ ਹਨ, ਇਸ ਦੀ ਵੀ ਕਨਵੈਨਸ਼ਨ ਐਸੀ ਹੈ । ਮੈਂ ਵੈਲਕਮ ਕਹਦਾ ਹਾਂ ਜੋ ਕੁਝ ਰੂਲਜ਼ ਦੇ ਮੁਤਾਬਕ ਜਾਂ ਅਦਰਵਾਈਜ਼ ਕਿਹਾ ਗਿਆ ਹੈ ਮੈਂ ਉਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਕੁਝ ਅਜਿਹੀਆਂ ਨਵੀਂ ਸਰਕਾਰ ਦੀਆਂ ਪਾਲੀਸੀਆਂ ਜਿਹੜੀਆਂ ਕਿ ਪੰਜਾਬ ਦੀ ਤਰੱਕੀ ਵਾਸਤੇ ਪਹਿਲੀ ਵਾਰੀ ਹੀ ਆਈਆਂ, ਉਨ੍ਹਾਂ ਬਾਰੇ ਮੈਂ ਦਸਣਾ ਚਾਹੁੰਦਾ ਹਾਂ । ਮੈਂ ਦਸਦਾ ਹਾਂ ਕਿ ਕੰਟਰੀ ਲਿਕੁਅਰ ਦੀ ਸੇਲ ਤੇ ਟੈਕਸ ਪੰਚਾਇਤ ਸੰਮਤੀਆਂ ਨੇ ਪਹਿਲਾਂ ਵੀ ਸ਼ੁਰੂ ਕੀਤਾ ਸੀ, ਪਰ ਉਹ ਟੈਕਸ ਪੰਚਾਇਤ ਸੰਮਤੀਆਂ ਇਕੱਠਾ ਨਹੀਂ ਕਰ ਸਕੀਆਂ ਜਿਸ ਲਈ ਇਹ ਸਕੀਮ ਫੇਲ੍ਹ ਹੋ ਕੇ ਰਹਿ ਗਈ । ਸਾਡੀ ਪੰਜਾਬ ਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਪਿੰਡਾਂ ਦੀ ਤਰੱਕੀ ਹੀ ਪੰਜਾਬ ਦੀ ਤਰੱਕੀ ਹੈ । ਅਸਲ ਪੰਜਾਬ ਪਿੰਡਾਂ ਵਿਚ ਵਸਦਾ ਹੈ। ਪਿੰਡ ਦੇ ਲੋਕਾਂ ਵਲ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ ਔਰ ਇਹ ਸੋਚਿਆ ਗਿਆ ਕਿ ਉਨ੍ਹਾਂ ਦੀ ਕਿਸ ਤਰ੍ਹਾਂ ਸਹਾਇਤਾ ਕਰਨੀ ਹੈ । ਲੋਕਾਂ ਵਿਚ ਸ਼ਰਾਬ ਪੀਣ ਦੀ ਆਦਤ ਹਟ ਨਹੀਂ ਸਕਦੀ । ਅਗਰ ਉਸ ਤੇ ਟੈਕਸ ਲਗਾ ਹੋਵੇ ਤਾਂ ਕਿਸੇ ਨੂੰ ਚੁਭਦਾ ਨਹੀਂ ਕਿਉਂਕਿ ਹਰ ਇਕ ਇਹ ਸਮਝਦਾ ਹੈ ਕਿ ਜਿਸ ਦੇ ਕੋਲ ਫਾਲਤੂ ਪੈਸੇ ਹੋਣਗੇ, ਪੀਵੇਗਾ । ਲੋਕਾਂ ਨੇ ਇਸ ਟੈਕਸ ਨੂੰ ਸਵੀਕਾਰ ਕੀਤਾ ਜਿਹੜਾ 30, 40 ਲੱਖ ਰੁਪਿਆ ਇਕੱਠਾ ਹੋਇਆ ਸੀ ਕਦੇ ਉਹ 1981-82 ਅਤੇ 1982-83 ਵਿਚ 98 ਲੱਖ ਰੁਪਿਆ ਲਿਕੁਅਰ ਤੋਂ ਆਮਦਨ ਕਰਕੇ ਅਸੀਂ ਪਿੰਡਾਂ ਨੂੰ ਦਿਤਾ ਤਾਂ ਕਿ ਪਿੰਡਾਂ ਦੀ ਤਰੱਕੀ ਹੋਵੇ । ਇਹ ਰੁਪਿਆ ਗਲੀਆਂ ਨਾਲੀਆਂ ਅਤੇ ਸੜਕਾਂ ਤੇ ਖਰਚ ਹੋਵੇਗਾ । (ਥੰਪਿੰਗ) ਪਿੰਡਾਂ ਵਾਸਤੇ ਗਲੀਆਂ ਨਾਲੀਆਂ ਦੀ ਸਕੀਮ ਪਹਿਲੀ ਵਾਰੀ ਇਸ ਸਰਕਾਰ ਨੇ ਲਿਆਂਦੀ । ਮੈਨੂੰ ਖੁਸ਼ੀ ਹੈ ਕਿ ਪੰਜਾਬ ਦੇ ਸੈਂਕੜੇ ਪਿੰਡਾਂ ਵਿਚ ਗਲੀਆਂ ਨਾਲੀਆਂ ਪੱਕੀਆਂ ਕਰ ਦਿਤੀਆਂ । ਲੋਕ ਬਹੁਤ ਖੁਸ਼ ਹਨ ਅਤੇ ਕਹਿੰਦੇ ਹਨ ਕਿ ਜਿੰਨਾ ਰੁਪਿਆ ਪਿੰਡਾਂ ਵਿਚ ਹੁਣ ਲਗ ਰਿਹਾ ਹੈ ਇਤਨਾ ਕਦੇ ਵੀ ਨਹੀਂ ਲਗਿਆ। (ਥੰਪਿੰਗ) ਲੇਕਿਨ ਪੰਜਾਬ ਸਰਕਾਰ ਨੇ ਸ਼ਹਿਰਾਂ ਨੂੰ ਵੀ ਇਗਨੋਰ ਨਹੀਂ ਕੀਤਾ । ਉਥੇ ਸਲਮਜ਼ ਵਿਚ ਵੀ ਰਹਿਣ ਵਾਲੇ ਹਨ । ਅਸੀਂ ਮਿਊਂਸਿਪਲ ਕਮੇਟੀਆਂ ਵਿਚ ਵਾਟਰ ਸਪਲਾਈ ਆਦਿ ਦੀਆਂ ਸਕੀਮਾਂ ਚਲਾਈਆਂ । ਐਸੀਆਂ ਮਿਊਂਸਿਪਲ ਕਮੇਟੀਆਂ ਹਨ, ਜਿਨ੍ਹਾਂ ਦੀ ਆਮਦਨ ਘੱਟ ਹੈ ਅਤੇ ਖਰਚ ਜ਼ਿਆਦਾ ਉਨ੍ਹਾਂ ਦੀ ਮੱਦਦ ਕੀਤੀ ਹੈ ਔਰ ਪੰਜਾਬ ਸਰਕਾਰ ਨੇ ਪਿੰਡਾਂ ਦੇ ਨਾਲ ਨਾਲ ਸ਼ਹਿਰਾਂ ਦਾ ਵੀ ਖਿਆਲ ਰਖਿਆ ਹੈ । ਬੜੇ ਲਿਬਰਲ ਹੋ ਕੇ ਮਿਊਂਸਿਪਲ ਕਮੇਟੀਆਂ ਨੂੰ ਗਰਾਂਟਾਂ ਦਿਤੀਆਂ ਹਨ, ਐਸਾ ਸਿਲਸਿਲਾ ਸ਼ੁਰੂ ਕੀਤਾ ਹੈ ਜੋ ਇਸ ਤੋਂ ਪਹਿਲਾਂ ਨਹੀਂ ਕੀਤਾ ਗਿਆ । 50 ਲੱਖ ਰੁਪਿਆ ਪਹਿਲਾਂ ਦਿਤਾ, ਇਕ ਕਰੋੜ ਰੁਪਿਆ ਬਾਦ ਵਿਚ ਅਤੇ ਇਕ ਕਰੋੜ ਰੁਪਿਆ ਇਸ ਸਪਲੀਮੈਂਟਰੀ ਡਿਮਾਂਡਜ਼ ਵਿਚ ਲਿਆਂਦਾ । ਇਹ ਸਾਰਾ ਰੁਪਿਆ ਗਰਾਂਟ ਦੇ ਤੌਰ ਤੇ ਦਿਤਾ ਜਾਏਗਾ । ਇਹ ਵਾਪਸ ਨਹੀਂ ਲੈਣਾ ਬਾਕੀ ਸਲੱਮ ਕਲੀਅਰੈਂਸ ਵਾਸਤੇ ਬੜੇ ਲੋਨਜ਼ ਦਿਤੇ ਹਨ । ਜਿਸ ਤਰ੍ਹਾਂ ਪਿੰਡਾਂ ਵਿਚ ਲਿਕੁਅਰ ਤੇ ਟੈਕਸ ਲਗਾਇਆ ਹੈ, ਇਸੇ ਤਰ੍ਹਾਂ ਸ਼ਹਿਰਾਂ ਵਿਚ ਸ਼ਰਾਬ ਤੇ ਔਕਟਰਾਏ ਲਗਦਾ ਸੀ । ਮਿਊਂਸਿਪਲ ਕਮੇਟੀਆਂ ਔਪਾ ਟੈਕਸ ਨਹੀਂ ਵਸੂਲ ਕਰ ਸਕਦੀਆਂ ਸਨ । ਉਨ੍ਹਾਂ ਕੋਲ ਕੇਵਲ ਦੋ ਕਰੋੜ ਰੁਪਿਆ ਆਉਂਦਾ ਸੀ ਜਿਸ ਨਾਲ ਕਸਬਿਆਂ ਦੀ

Original with;
Punjab Vidhan Sabha
Digitized by;
Panjab Digital Library

[ਵਿਤ ਮੰਤਰੀ]

ਸ਼ਹਿਰਾਂ ਦੀ ਡਿਵੈਲਪਮੈਂਟ ਰੁਕ ਗਈ ਸੀ ਮੈਨੂੰ ਇਹ ਦਸਣ ਵਿਚ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਸਟੈਪ ਲਿਆ ਹੈ, ਜਿਸ ਦੇ ਨਾਲ ਔਕਟਰਾਏ ਦੀ ਆਮਦਨ ਦੁਗਨੀ ਹੋ ਗਈ ਹੈ । ਜਿਥੇ ਦੋ ਕਰੋੜ ਰੁਪਏ ਸੀ ਉਥੇ 4 ਕਰੋੜ ਰੁਪਏ ਆਮਦਨ ਹੋਈ ਹੈ । ਇਹ ਮੱਦਦ ਦੇ ਤੌਰ ਤੇ ਪੰਜਾਬ ਸਰਕਾਰ ਮਿਉਂਸਿਪਲ ਕਮੇਟੀਆਂ ਨੂੰ ਦੇਵੇਗੀ । ਜਿਹੜਾ ਟੈਕਸ ਇਹ ਇਕੱਠਾ ਨਹੀਂ ਕਰ ਸਕਦੀਆਂ ਸਨ, ਉਹ ਅਸੀਂ ਇਕੱਠਾ ਕਰਕੇ ਦਿਤਾ ਹੈ ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦਾ ਪੁਆਇੰਟ ਆਇਆ ਸੀ, ਮੈਂ ਦਸਦਾ ਹਾਂ ਕਿ ਅਸੀਂ ਕਿੰਨੀ ਤਰੱਕੀ ਕੀਤੀ ਹੈ । ਪੰਜਾਬ ਵਿਚ ਪ੍ਰਾਇਮਰੀ ਸਕੂਲ, ਮਿਡਲ ਸਕੂਲ, ਹਾਈ ਸਕੂਲ ਔਰ ਕਾਲਜ ਹਨ । ਗੌਰਮਿੰਟ ਸਕੂਲਾਂ ਦੇ ਨਾਲ ਨਾਲ ਪ੍ਰਾਈਵੇਟ ਸਕੂਲ ਕਾਲਜ ਹਨ, ਜਿਨ੍ਹਾਂ ਨੂੰ ਅਸੀਂ ਉਨ੍ਹਾਂ ਦੇ ਡੈਫ਼ਿਸਿਟ ਬਜਟ ਦਾ 95% ਗ੍ਰਾਂਟ ਦੇ ਤੌਰ ਤੇ ਦਿੰਦੇ ਹਾਂ । ਉਨ੍ਹਾਂ ਸਕੂਲਾਂ ਦੇ ਟੀਚਰਾਂ ਦੀਆਂ ਤਨਖਾਹਾਂ ਸਰਕਾਰੀ ਸਕੂਲਾਂ ਦੇ ਟੀਚਰਾਂ ਦੇ ਬਰਾਬਰ ਕੀਤੀਆਂ । ਏ.ਡੀ.ਏ. ਦੀਆਂ ਕਿਸ਼ਤਾਂ ਸਰਕਾਰੀ ਮੁਲਾਜ਼ਮਾਂ ਨੂੰ ਤਾਂ ਮਿਲ ਚੁਕੀਆਂ ਸਨ ਪਰ ਜਿਹੜਾ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦਾ ਸਟਾਫ਼ ਹੈ ਉਨ੍ਹਾਂ ਨੂੰ ਨਹੀਂ ਸਨ ਮਿਲੀਆਂ । ਪੰਜਾਬ ਸਰਕਾਰ ਨੇ 2 ਕਰੋੜ 68 ਲੱਖ 50 ਹਜ਼ਾਰ ਰੁਪਿਆ ਇਨ੍ਹਾਂ ਸਪਲੀਮੈਂਟਰੀ ਰਾਹੀਂ ਬਤੌਰ ਸਹਾਇਤਾ ਲਿਆਂਦਾ ਹੈ ਤਾਂਕਿ ਉਨ੍ਹਾਂ ਲੋਕਾਂ ਨੂੰ ਉਤਸ਼ਾਹ ਮਿਲੇ ਔਰ ਉਨ੍ਹਾਂ ਦੇ ਦਿਲ-ਓ-ਦਿਮਾਗ ਵਿਚ ਨਾ ਰਹੇ ਕਿ ਉਹ ਸਰਕਾਰੀ ਟੀਚਰਾਂ ਤੋਂ ਇਨਫੀਰੀਅੱਰਜ਼ ਹਨ । ਅਗਰ ਕਿਸੇ ਗੁਰੂ ਦੇ ਦਿਲ ਵਿਚ ਇਹ ਹੋ ਜਾਏ ਕਿ ਕਿਸੇ ਗਲੋਂ ਕਮਜ਼ੋਰ ਹੈ, ਉਹ ਠੀਕ ਤਰ੍ਹਾਂ ਪੜ੍ਹਾ ਨਹੀਂ ਸਕਦਾ ਇਸ ਲਈ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਇਹ ਫਾਈਨਾਂਸ਼ਲ ਹੈਲਪ ਕੀਤੀ ਹੈ ।

ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡਜ਼ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾ ਜ਼ਿਕਰ ਆਇਆ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਰਧਾ ਦੇ ਪਾਤਰ ਹਨ, ਸਤਿਕਾਰ ਦੇ ਪਾਤਰ ਹਨ ਔਰ ਇਹ ਜ਼ਰੂਰੀ ਹੈ ਕਿ ਐਸੀਆਂ ਮਹਾਨ ਹਸਤੀਆਂ ਦੇ ਨਾਂ ਤੇ ਇੰਸਟੀਚਿਊਸ਼ਨ ਹੋਵੇ ਔਰ ਉਸ ਦੀ ਹਾਲਤ ਬੁਰੀ ਹੋਵੇ ਤਾਂ ਪੰਜਾਬ ਸਰਕਾਰ ਇਹ ਬਰਦਾਸ਼ਤ ਨਹੀਂ ਕਰ ਸਕਦੀ । ਉਸ ਦੇ ਲਈ ਪੰਜਾਬ ਸਰਕਾਰ ਨੇ 61 ਲੱਖ ਰੁਪਿਆ ਹੁਣ ਦਿੱਤਾ ਹੈ ਔਰ ਹੋਰ ਵੀ ਜ਼ਰੂਰਤ ਹੋਈ ਤਾਂ ਦੇਵਾਂਗੇ। ਪੰਜਾਬ ਸਰਕਾਰ ਉਸ ਨੂੰ ਮੁਕੰਮਲ ਕਰਨ ਵਾਸਤੇ ਪੈਸਾ ਖਰਚ ਕਰੇਗੀ ।

ਇਥੇ ਗੁਰੂ ਨਾਨਕ ਦੇਵ ਹਸਪਤਾਲ ਦਾ ਜ਼ਿਕਰ ਆਇਆ ਹੈ ਔਰ ਇਹ ਅੰਮ੍ਰਿਤਸਰ ਵਿਚ ਹੈ । ਉਸ ਮਹਾਨ ਗੁਰੂ ਦੇ ਨਾਂ ਤੇ ਇਸ ਦਾ ਨਾਮ ਰਖਿਆ ਹੈ । ਇਤਨੀ ਮਹਾਨ ਹਸਤੀ ਦੇ ਨਾਂ ਤੇ ਹਸਪਤਾਲ ਹੋਵੇ ਪਿਛਲੇ ਕਈ ਸਾਲਾਂ ਤੋਂ, ਹੋਰ ਵੀ ਕਈ ਸਰਕਾਰਾਂ ਰਹੀਆਂ ਉਹ ਬਣਦਾ ਹੋਵੇ ਅਤੇ ਉਸ ਦਾ ਔਪਰੇਸ਼ਨ ਥਿਏਟਰ ਨਾ ਹੋਵੇ ਇਹ ਠੀਕ ਨਹੀਂ ਹੈ। ਸਰਕਾਰ ਉਹ ਹਸਪਤਾਲ ਪੂਰਾ ਕਰਨਾ ਚਾਹੁੰਦੀ ਹੈ ਔਰ ਇਸ ਸਪਲੀਮੈਂਟਰੀ ਡਿਮਾਂਡਜ਼ ਵਿਚ 80 ਲੱਖ ਰੁਪਿਆ ਖਰਚਨ ਦਾ ਪ੍ਰਬੰਧ ਕੀਤਾ ਹੈ ਤਾਂਕਿ ਅਗਰ ਕੋਈ ਇੰਸਟੀਚਿਊਸ਼ਨ ਗੁਰੂ ਦੇ ਨਾਂ ਤੇ ਹੈ ਤਾਂ ਉਹ ਇੰਸਟੀਚਿਊਸ਼ਨ ਉਸ ਦੀ ਸ਼ਾਨ ਦੇ ਮੁਤਾਬਕ ਹੋਵੇ ।

ਫ਼ਤਹਿਗੜ੍ਹ ਸਾਹਿਬ ਇਕ ਬੜਾ ਮੁਤਬਰੱਕ ਸਥਾਨ ਹੈ । ਉਹ ਸ਼ਰਧਾ ਵਾਲਾ ਸਥਾਨ ਹੈ। ਉਥੇ ਕੋਈ ਹਸਪਤਾਲ ਹੋਣਾ ਚਾਹੀਦਾ ਹੈ ਪਰ ਉਥੇ ਇਹ ਮੁਕੰਮਲ ਹੋਣਾ ਤਾਂ ਇਕ ਪਾਸੇ ਰਿਹਾ

Original with;
Punjab Vidhan Sabha
Digitized by;
Panjab Digital Library

ਉਥੇ ਪਿਛਲੇ 5,7 ਸਾਲਾਂ ਵਿਚ ਇਕ ਪੈਸਾ ਵੀ ਨਹੀਂ ਲਗਿਆ । ਉਸ ਲਈ 20 ਲੱਖ ਰੁਪਿਆ ਦਿਤਾ ਹੈ ਤਾਂਕਿ ਜਿਹੜੇ ਗਰੀਬ ਲੋਕ ਉਥੇ ਜਾਣ, ਉਹ ਰਾਹਤ ਪਾ ਸਕਣ । ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਇਸ ਪੰਜਾਬ ਦੇ ਮਹਾਨ ਪੁਰਸ਼ਾਂ, ਗੁਰੂਆਂ, ਸੰਤਾਂ ਔਰ ਦੇਸ਼ ਤੇ ਜਾਨ ਦੇਣ ਵਾਲੇ ਪ੍ਰਵਾਨਿਆਂ ਦਾ ਸਤਿਕਾਰ ਕਰਦੀ ਹੈ ਔਰ ਉਨ੍ਹਾਂ ਦੇ ਨਾਂ ਦੇ ਨਾਲ ਸਬੰਧਤ ਕੋਈ ਵੀ ਇੰਸਟੀਚਿਊਸ਼ਨ ਹੋਵੇ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ।

ਇਕ ਗੋਇੰਦਵਾਲ ਪ੍ਰੋਜੈਕਟ ਹੈ, ਜਿਹੜਾ ਕਿ ਬਹੁਤ ਦੇਰ ਤੋਂ ਖਿਆਲਾਂ ਵਿਚ ਸੀ ਲੇਕਿਨ ਇਹ ਕਰੈਡਿਟ ਇਸ ਪੰਜਾਬ ਸਰਕਾਰ ਨੂੰ ਜਾਂਦਾ ਹੈ ਕਿ ਗੋਇੰਦਵਾਲ ਇੰਡਸਟਰੀਅੱਲ ਅਤੇ ਇਨਵੈਸਟਮੈਂਟ ਕਾਰਪੋਰੇਸ਼ਨ ਕਾਇਮ ਕੀਤੀ ਹੈ ਔਰ ਉਸ ਦੇ ਲਈ 5 ਕਰੋੜ ਰੁਪਏ ਦਾ ਮਸੌਦਾ ਬਣਾਇਆ ਹੈ । 1982-83 ਵਿਚ ਦੋ ਕਰੋੜ ਰੁਪਏ ਦੇਣੇ ਹਨ । ਇਹ 5 ਕਰੋੜ ਰੁਪਿਆ ਅਗਲੇ ਸਾਲ ਵਿਚ ਪੂਰਾ ਮਿਲ ਜਾਏਗਾ । ਇਹ ਗੋਇੰਦਵਾਲ ਦੇ ਕੰਪਲੈਕਸ ਦੀ ਖਾਸ ਮਹੱਤਤਾ ਇਹ ਹੈ ਕਿ ਬੇਰੁਜ਼ਗਾਰ ਰੁਜ਼ਗਾਰ ਹਾਸਲ ਕਰ ਸਕਣ । ਇਸ ਤਰ੍ਹਾਂ ਦਾ ਕੰਪਲੈਕਸ ਅਸੀਂ ਬਣਾਉਣਾ ਚਾਹੁੰਦੇ ਹਾਂ । ਸਾਨੂੰ ਆਸ ਹੈ ਕਿ ਇਹ ਜਲਦੀ ਕੰਪਲੀਟ ਹੋਵੇਗਾ ।

ਡਿਪਟੀ ਸਪੀਕਰ ਸਹਿਬ, ਅਸੀਂ ਕਹਿ ਸਕਦੇ ਹਾਂ ਕਿ ਅੰਮ੍ਰਿਤਸਰ ਇੱਕ ਪਵਿੱਤਰ ਨਗਰੀ ਹੈ, ਗੁਰੂਆਂ ਦੀ ਨਗਰੀ । ਹਰਮੰਦਰ ਸਾਹਿਬ ਇਥੇ ਹੈ, ਜਲ੍ਹਿਆਂ ਵਾਲਾ ਬਾਗ ਇਥੇ ਹੈ । ਰਾਮਤੀਰਥ ਅਸਥਾਨ ਇਥੇ ਹੈ । ਦੁਰਗਿਆਨਾ ਮੰਦਰ ਇਥੇ ਹੈ । ਸਾਡੇ ਭਰਾ ਕਹਿੰਦੇ ਹਨ ਕਿ ਇਸ ਸ਼ਹਿਰ ਨੂੰ ਪਵਿੱਤਰ ਕਰੋ । ਸਾਨੂੰ ਕੋਈ ਇਤਰਾਜ਼ ਨਹੀਂ । ਪਵਿੱਤਰ ਸ਼ਹਿਰ ਤਾਂ ਇਹ ਧੁਰ ਤੋਂ ਹੈ । ਹਰਮੰਦਰ ਸਾਹਿਬ ਪਵਿੱਤਰ ਹੈ, ਜਲ੍ਹਿਆਂ ਵਾਲਾ ਬਾਗ ਪਵਿੱਤਰ ਹੈ, ਰਾਮਤੀਰਥ ਅਸਥਾਨ ਪਵਿੱਤਰ ਹੈ, ਦੁਰਗਿਆਨਾ ਮੰਦਰ ਪਵਿੱਤਰ ਹੈ । ਪਰ ਇਸ ਸ਼ਹਿਰ ਨੂੰ ਅਗਰ ਪਵਿੱਤਰ ਕਰਨ ਦੀ ਕੋਸ਼ਿਸ਼ ਕਿਸੇ ਨੇ ਕੀਤੀ ਹੈ ਤਾਂ ਉਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ । ਦੁਰਗਿਆਨਾ ਮੰਦਰ ਦੇ ਆਸ ਪਾਸ , ਦਰਬਾਰ ਸਾਹਿਬ ਦੇ ਆਸ ਪਾਸ 200 ਗਜ਼ ਦੀ ਦੂਰੀ ਤਕ ਕੋਈ ਸ਼ਰਾਬ, ਮੀਟ ਜਾਂ ਤੰਬਾਕੂ ਦੀ ਦੁਕਾਨ ਹੋਵੇ, ਉਹ ਹਟਾ ਦਿੱਤੀ ਹੈ । ਇਸ ਤੋਂ ਪਹਿਲਾਂ ਕਿਤਨੀਆਂ ਸਰਕਾਰਾਂ 1967, 1969 ਵਿਚ ਰਹੀਆਂ ਹਨ। ਪਰ ਇਸ ਬਾਰੇ ਕਿਸੇ ਨੇ ਨਹੀਂ ਸੋਚਿਆ । ਇਹ ਵੇਖਣ ਲਈ ਕਿ ਸਰੋਵਰਾਂ ਦਾ ਪਾਣੀ ਸਾਫ ਸੁਥਰਾ ਹੋਵੇ, ਅਸੀਂ ਮਿਊਂਸਿਪਲ ਕਾਰਪੋਰੇਸ਼ਨ ਨੂੰ 52 ਲੱਖ ਰੁਪਿਆ ਦਿੱਤਾ ਹੈ । ਇਥੇ ਇਹ ਕਿਹਾ ਗਿਆ ਸੀ ਕਿ ਪਾਣੀ ਦੀ ਸਫਾਈ ਲਈ ਪੈਸੇ ਲਏ ਜਾਂਦੇ ਹਨ । ਪੰਜਾਬ ਸਰਕਾਰ ਕੋਈ ਪੈਸਾ ਨਹੀਂ ਲੈਣਾ ਚਾਹੁੰਦੀ ਅਤੇ ਨਾ ਹੀ ਲਵੇਗੀ । ਬਲਕਿ ਕੈਬਨਿਟ ਨੇ ਤੇ ਫੈਸਲਾ ਕਰ ਦਿਤਾ ਹੈ ਕਿ ਕੋਈ ਵੀ ਧਾਰਮਿਕ ਸਰੋਵਰ ਹੋਵੇ, ਉਥੇ ਸਾਫ ਪਾਣੀ ਪ੍ਰੋਵਾਈਡ ਕਰਨ ਲਈ ਕੋਈ ਪੈਸਾ ਚਾਰਜ ਨਹੀਂ ਕੀਤਾ ਜਾਵੇਗਾ ।

ਡਿਪਟੀ ਸਪੀਕਰ ਸਾਹਿਬ, ਡਿਵੈਲਪਮੈਂਟ ਦੇ ਕੰਮ ਸਟੇਟ ਲੈਵਲ ਤੇ ਹੋਏ ਹਨ ਅਤੇ ਜ਼ਰੂਰ ਹੋਣੇ ਚਾਹੀਦੇ ਹਨ । ਇਹ ਸਟੇਟਾਂ ਹਿੰਦੁਸਤਾਨ ਦੀ ਸਰਕਾਰ ਦਾ ਨਾ-ਟੁੱਟਣ ਵਾਲਾ ਹਿੱਸਾ ਹਨ । ਇਸ ਦੇਸ਼ ਦੀ ਸੈਂਟਰਲ ਸਰਕਾਰ ਸਟੇਟਾਂ ਦਾ ਪੂਰਾ ਪੂਰਾ ਖਿਆਲ ਰਖਦੀ ਹੈ । ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਵਿੱਚ ਇਨ੍ਹਾਂ ਚੀਜ਼ਾਂ ਦਾ ਜ਼ਿਕਰ ਆਇਆ ਹੈ ਪਰ ਮੈਨੂੰ ਅਫਸੋਸ ਹੈ ਕਿ ਕਿਸੇ ਆਨਰੇਬਲ ਮੈਂਬਰ ਨੇ ਇਸ ਦਾ ਜ਼ਿਕਰ ਨਹੀਂ ਕੀਤਾ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸੈਂਟਰਲ ਗੌਰਮਿੰਟ ਨੇ ਸਪੈਸ਼ਲ ਸੈਂਟਰਲ ਅਸਿਸਟੈਂਸ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸ਼ਡਿਊਲਡ ਕਾਸਟਸ ਪ੍ਰਾਜੈਕਟਸ ਵਾਸਤੇ ਦਿੱਤੀ ਹੈ। 76 ਲੱਖ ਰੁਪਿਆ ਦਿੱਤਾ ਹੈ ਤਾਂਕਿ 1000 ਫੈਮਿਲੀਜ਼ ਨੂੰ ਫਾਇਦਾ ਪਹੁੰਚੇ। ਉਨ੍ਹਾਂ ਨੂੰ ਬੁਣਨ ਦਾ ਕੰਮ, ਵਰਕ ਸ਼ੈਡਜ਼ ਬਣਾਉਣ ਵਾਸਤੇ ਸੈਂਟਰਲ ਗੌਰਮਿੰਟ ਵੱਲੋਂ ਪੈਸਾ ਆਇਆ ਹੈ। ਇਹ ਰੁਪਿਆ ਖਾਸ ਕਰਕੇ ਗਰੀਬ ਹਰੀਜਨ ਭਰਾਵਾਂ ਲਈ ਖਰਚ ਹੋਵੇਗਾ। ਮੈਨੂੰ ਖੁਸ਼ੀ ਹੈ ਕਿ ਬਾਈਓ ਗੈਸ ਪਲਾਂਟਸ ਲਈ ਸੈਂਟਰਲ ਗੌਰਮਿੰਟ ਬਹੁਤ ਕੀਨ ਹੈ ਕਿਉਂਕਿ ਐਨਰਜੀ ਦੀ, ਬਿਜਲੀ ਦੀ ਕਮੀ ਹੈ। ਗੈਸ ਦੀ ਕਮੀ ਵੀ ਮਹਿਸੂਸ ਹੁੰਦੀ ਹੈ। ਗੋਬਰ ਗੈਸ ਪਲਾਂਟਸ ਵਾਸਤੇ ਸੈਂਟਰਲ ਗੌਰਮਿੰਟ ਨੇ ਸਾਰੇ ਹਿੰਦੋਸਤਾਨ ਦੇ ਲੋਕਾਂ ਨੂੰ ਕਿਹਾ ਹੈ ਕਿ 20 ਪੁਆਇੰਟ ਪ੍ਰੋਗਰਾਮ ਦਾ ਹਿੱਸਾ ਹੈ। ਇਨ੍ਹਾਂ ਨੂੰ ਲਗਾਇਆ ਜਾਵੇ। ਜਿਹੜੇ ਜ਼ਿਮੀਂਦਾਰ ਅਤੇ ਕਿਸਾਨ ਪਿੰਡਾਂ ਵਿੱਚ ਪਸ਼ੂ ਰਖਦੇ ਹਨ ਉਨ੍ਹਾਂ ਦਾ ਗੋਬਰ ਜਾਇਆ ਨਾ ਹੋਵੇ ਬਲਕਿ ਉਸ ਨੂੰ ਇਸਤੇਮਾਲ ਕਰਕੇ ਗੈਸ ਬਣਾਈ ਜਾਵੇ ਤਾਂ ਕਿ ਚੁਲ੍ਹਿਆਂ ਸਾਹਮਣੇ ਫੂਕਾਂ ਮਾਰ ਮਾਰ ਕੇ ਆਪਣੀਆਂ ਅਖਾਂ ਅੰਨ੍ਹੀਆਂ ਕਰਨ ਵਾਲੀਆਂ ਸਾਡੀਆਂ ਭੈਣਾਂ ਅਤੇ ਮਾਵਾਂ ਨੂੰ ਰਾਹਤ ਮਿਲੇ। ਸ਼ਹਿਰਾਂ ਵਿੱਚ ਤਾਂ ਲੋਕ ਗੈਸ ਦਾ ਇਸਤੇਮਾਲ ਕਰਦੇ ਹਨ ਅਗਰ ਪਿੰਡਾਂ ਵਿਚ ਇਹ ਗੋਬਰ ਗੈਸ ਪਲਾਂਟ ਲੋਕੀਂ ਇਕੱਠੇ ਲਗਾਉਣ ਤਾਂ ਇਸ ਤਰ੍ਹਾਂ ਉਨ੍ਹਾਂ ਘਰਾਂ ਨੂੰ ਗੈਸ ਸਪਲਾਈ ਕੀਤੀ ਜਾ ਸਕਦੀ ਹੈ। ਪੰਜਾਬ ਦੇ ਵਾਸਤੇ 75 ਲੱਖ 70 ਹਜ਼ਾਰ ਰੁਪਿਆ ਇਸ ਕੰਮ ਲਈ ਸੈਂਟਰ ਦੀ ਸਰਕਾਰ ਨੇ ਦਿੱਤਾ ਹੈ ਤਾਂਕਿ ਬਈਓ ਗੈਸ ਪਲਾਂਟਸ ਪੰਜਾਬ ਦੇ ਪਿੰਡਾਂ ਵਿੱਚ ਲਗਾਏ ਜਾਣ। ਇਹ ਵੀ ਇਨ੍ਹਾਂ ਸਪਲੀਮੈਂਟਰੀ ਡੀਮਾਂਡਜ਼ ਦਾ ਹਿੱਸਾ ਹਨ। ਮੈਂ ਕਹਿੰਦਾ ਹਾਂ ਕਿ ਜਿਥੇ ਸ਼ਡਿਊਲਡ ਕਾਸਟਸ ਦਾ ਖਿਆਲ ਕੀਤਾ ਹੈ ਉਥੇ ਆਮ ਜਾਤੀ ਦੇ ਲੋਕਾਂ ਦਾ ਵੀ ਖਿਆਲ ਕੀਤਾ ਹੈ। ਪੰਜਾਬ ਵਿੱਚ ਮਾਰਕਿਟਸ ਅੱਛੀਆਂ ਬਣਨ ਇਸਦੇ ਵਾਸਤੇ ਵੀ ਸੈਂਟਰਲ ਗੌਰਮਿੰਟ ਨੇ ਅਸਿਸਟੈਂਸ ਦਿੱਤੀ ਹੈ ਤਾਂ ਕਿ ਆਫਿਸ-ਕਮ-ਗੋਡਾਊਨਜ਼ ਬਣਨ। ਉਨ੍ਹਾਂ ਵਿੱਚ ਪਾਣੀ ਦੀ ਸਪਲਾਈ ਦਾ ਇੰਤਜਾਮ ਸੈਨੀਟੇਸ਼ਨ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ। ਇਸ ਦੇ ਵਾਸਤੇ ਵੀ 35 ਲੱਖ ਰੁਪਏ ਸੈਂਟਰਲ ਗੌਰਮਿੰਟ ਵੱਲੋਂ ਆਏ ਹਨ। ਇਹ ਵੀ ਇਸ ਐਪਰੋਪ੍ਰੀਏਸ਼ਨ ਬਿਲ ਦਾ ਪਾਰਟ ਹੈ। ਇਹ ਜਿਕਰ ਮੈਂ ਇਸ ਲਈ ਕੀਤਾ ਹੈ ਤਾਂਕਿ ਸਾਨੂੰ ਖਿਆਲ ਹੋਵੇ ਕਿ ਹਿੰਦੁਸਤਾਨ ਦੇ ਨਾਲ ਜੁੜੀ ਹੋਈ ਸਟੇਟ ਦਾ ਸੈਂਟਰ ਦੀ ਸਰਕਾਰ ਕਿਤਨਾ ਖਿਆਲ ਰਖਦੀ ਹੈ। 1 ਕਰੋੜ 14 ਲੱਖ 50 ਹਜ਼ਾਰ ਰੁਪਿਆ ਸ਼ਡਿਊਲਡ ਕਾਸਟਸ ਭਰਾਵਾਂ ਨੂੰ ਹੈਂਡਲੂਮਜ਼ ਵਗੈਰਾ ਦੀ ਟਰੇਨਿੰਗ ਦੇਣ ਵਾਸਤੇ ਦਿੱਤਾ ਹੈ ਤਾਂਕਿ ਇਹ ਲੋਕ ਟਰੇਨਿੰਗ ਹਾਸਲ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ। ਜਿਥੇ ਗਰਾਂਟ ਦੇ ਤੌਰ ਤੇ ਸੈਂਟਰਲ ਗੌਰਮਿੰਟ ਨੇ ਅਸਿਸਟੈਂਸ ਦਿੱਤੀ ਹੈ ਉਥੇ ਲੋਨ ਵੀ ਕਾਫੀ ਦਿੱਤਾ ਹੈ। ਇਨ੍ਹਾਂ ਸਾਰਿਆਂ ਦਾ ਮੈਂ ਜ਼ਿਕਰ ਨਹੀਂ ਕਰਨਾ ਚਾਹਾਂਗਾ। ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਪੰਜਾਬ ਦੀ ਸਰਕਾਰ ਦਾ ਸ਼ਹਿਰਾਂ ਵੱਲ ਵੀ ਪੂਰਾ ਧਿਆਨ ਹੈ। ਵਰਲਡ ਬੈਂਕ ਦੀ ਸੀਵਰੇਜ ਐਂਡ ਡਰਿੰਕਿੰਗ ਵਾਟਰ ਸਪਲਾਈ ਸਕੀਮ ਚਲ ਰਹੀ ਹੈ। ਇਸੇ ਤਰ੍ਹਾਂ ਇੱਕ ਇੰਟੇਗਰੇਟਿਡ ਅਰਬਨ ਡਿਵੈਲਪਮੈਂਟ ਪ੍ਰੋਗਰਾਮ ਹੈ। ਇਸਦੇ ਤਹਿਤ ਵੀ ਸਟੇਟ ਗੌਰਮਿੰਟ ਪੈਸਾ ਦਿੰਦੀ ਹੈ। 1 ਕਰੋੜ 78 ਲੱਖ ਰੁਪਿਆ ਇਸਦੀ ਡਿਵੈਲਪਮੈਂਟ ਵਾਸਤੇ ਰੱਖਿਆ ਹੈ ਤਾਂਕਿ ਸ਼ਹਿਰਾਂ ਵਿੱਚ ਜ਼ਿੰਦਗੀ ਬੇਹਤਰ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਡਰਾਊਟ ਬਹੁੱਤ ਜ਼ਿਆਦਾ ਹੈ ਇਸ ਕਾਰਣ ਕਿਸਾਨਾਂ ਦੀ ਮੱਦਦ ਕਰਨਾ ਚਾਹੀਦੀ ਹੈ। ਪੰਜਾਬ ਗੌਰਮਿੰਟ ਨੇ ਕਦੇ ਆਪਣੇ

Original with;
Punjab Vidhan Sabha
Digitized by;
Panjab Digital Library

ਆਪ ਨੂੰ ਪਿੰਡਾਂ ਵਿੱਚ ਵਸਣ ਵਾਲੇ ਦਖੀ ਕਿਸਾਨਾਂ ਤੋਂ ਦੂਰ ਨਹੀਂ ਰੱਖਿਆ । ਚਾਹੇ ਕਦੇ ਖੁਸ਼ਕਸਾਲੀ ਪਈ ਹੈ, ਚਾਹੇ ਤੁਗਿਆਨੀ ਆਈ ਹੈ, ਤੂਫਾਨ ਆਇਆ ਹੈ, ਪੰਜਾਬ ਸਰਕਾਰ ਨੇ ਉਨ੍ਹਾਂ ਦਾ ਦਰਦ ਸ਼ੇਅਰ ਕੀਤਾ ਹੈ । ਮੈਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ 1980-81 ਵਿੱਚ 7 ਕਰੋੜ 31 ਲੱਖ ਰੁਪਏ, 1981-82 ਵਿੱਚ 6 ਕਰੋੜ 18 ਲੱਖ ਰੁਪਏ ਅਤੇ 1982-83 ਵਿੱਚ 2 ਕਰੋੜ 68 ਲੱਖ ਰੁਪਏ, ਜਿਸਦਾ ਟੋਟਲ 16 ਕਰੋੜ 17 ਲੱਖ ਬਣਦਾ ਹੈ, ਇਹ ਜ਼ਿਮੀਂਦਾਰਾਂ ਦੀ ਮੱਦਦ ਵਾਸਤੇ ਦਿੱਤਾ ਹੈ । ਮੈਨੂੰ ਇਹ ਕਹਿਣ ਵਿੱਚ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਇਸ ਫਰਜ਼ ਨੂੰ ਪੂਰਾ ਕੀਤਾ ਹੈ । ਇਸੇ ਤਰ੍ਹਾਂ ਤੌਖਲਾ ਜ਼ਾਹਰ ਕੀਤਾ ਗਿਆ ਹੈ ਕਿ ਬਿਜਲੀ ਦੀ ਕਮੀ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਜਿਸ ਵੇਲੇ ਪੈਡੀ ਫਸਲ ਵਾਸਤੇ ਖੜੀ ਖੁਸ਼ਕਸਾਲੀ ਸੀ, ਅਸੀਂ 12 ਘੰਟੇ ਲਗਾਤਾਰ ਕਿਸਾਨਾਂ ਨੂੰ ਬਿਜਲੀ ਦੇ ਕੇ ਉਨ੍ਹਾਂ ਨੂੰ ਰਿਕਾਰਡ ਚਾਵਲ ਦੀ ਪੈਦਾਵਾਰ ਕਰਨ ਦਾ ਮੌਕਾ ਦਿੱਤਾ । 37 ਲੱਖ ਟਨ ਤੋਂ ਜ਼ਿਆਦਾ ਚਾਵਲ ਦੀ ਪੈਦਾਵਾਰ ਹੋਈ । ਕਣਕ ਦਾ ਸੋਇੰਗ ਸੀਜ਼ਨ ਸੀ । ਅਸੀਂ ਇੰਡਸਟਰੀ ਵਾਲੇ ਭਰਾਵਾਂ ਨੂੰ ਨਾਰਾਜ਼ ਕੀਤਾ । ਮੇਲਜ਼ ਟੈਕਸ ਵੀ ਛੱਡਿਆ । ਪਰ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕੀਤਾ ਕਿ ਕਿਸਾਨ ਦੀ ਫਸਲ ਬਰਬਾਦ ਹੋਵੇ । ਕਿਸਾਨ ਨੇ ਜਿਹੜੀ ਫਸਲ ਬੀਜੀ ਹੈ, ਆਪਣਾ ਪਸੀਨਾ ਬਹਾਇਆ ਹੈ ਮਿਹਨਤ ਕੀਤੀ ਹੈ, ਖਾਦ ਪਾਈ ਹੈ ਉਹ ਜ਼ਾਇਆ ਜਾਵੇ, ਇਹ ਸਰਕਾਰ ਇਸ ਚੀਜ਼ ਨੂੰ ਕਦੇ ਬਰਦਾਸ਼ਤ ਨਹੀਂ ਕਰੇਗੀ । ਉਨ੍ਹਾਂ ਦੀ ਨਰਾਜ਼ਗੀ ਲੈਣ ਦੇ ਬਾਵਜੂਦ, ਨੁਕਸਾਨ ਉਠਾਉਣ ਦੇ ਬਾਵਜੂਦ ਅਸੀਂ 10 ਤੋਂ ਲੈ ਕੇ 12 ਘੰਟੇ ਤਕ ਬਿਜਲੀ ਦਿੱਤੀ ਹੈ । ਹੁਣ ਵੀ ਪਿਛਲੇ ਸਾਲ ਵਾਂਗ ਗੰਨੇ ਦੀ ਫਸਲ ਨੂੰ ਪਕਾਉਣ ਵਾਸਤੇ 12 ਘੰਟੇ ਕਿਸਾਨ ਨੂੰ ਬਿਜਲੀ ਦਿਆਂਗੇ । ਅਗਰ ਡਰਾਊਟ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਉਸਦੇ ਵਿੱਚ ਕੋਈ ਕਮੀ ਨਹੀਂ ਹੋਵੇਗੀ । ਕਿਸਾਨ ਦੀ ਹਰ ਹਾਲਤ ਵਿੱਚ ਪੂਰੀ ਤਰ੍ਹਾਂ ਮੱਦਦ ਕਰਾਂਗੇ । ਮੈਂ ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹਾਂਗਾ ਕਿ ਪੰਜਾਬ ਸਰਕਾਰ ਨੇ ਕਦੇ ਵੀ ਕਿਸਾਨ ਨੂੰ ਆਪਣੀ ਨਜ਼ਰ ਤੋਂ ਔਝਲ ਨਹੀਂ ਕੀਤਾ । ਅਸੀਂ ਲੋਕਾਂ ਦੀਆਂ ਤਕਲੀਫਾਂ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਜਾਣੂ ਰਖਦੇ ਹਾਂ ।

ਡਿਪਟੀ ਸਪੀਕਰ ਸਾਹਿਬ, ਫਾਈਨਾਂਸ ਦੇ ਮਹਿਕਮੇ ਦਾ ਟਰੇਜ਼ਰੀਜ਼ ਨਾਲ ਸਬੰਧ ਹੈ । ਟਰੈਜ਼ਰੀਆਂ ਦੀ ਹਾਲਤ ਨੂੰ ਚੰਗਾ ਕਰਨ ਲਈ, ਫਰਨੀਚਰ ਵਾਸਤੇ ਪੈਸਾ ਮੰਗਿਆ ਹੈ । ਅੱਜ ਤੋਂ ਪਹਿਲਾਂ ਕਦੇ ਕਿਸੇ ਸਰਕਾਰ ਨੇ ਇਤਨੀਆਂ ਸਬ ਟਰੈਜ਼ਰੀਆਂ ਨਹੀਂ ਖੋਲ੍ਹੀਆਂ । ਨਵੇਂ ਛੋਟੇ ਖਜ਼ਾਨੇ 1980-81 ਵਿੱਚ ਅਤੇ 1981-82 ਵਿੱਚ 14 ਖੋਲ੍ਹੇ ਹਨ । ਜ਼ਰੂਰਤ ਦੇ ਮੁਤਾਬਿਕ ਹੋਰ ਵੀ ਖੋਲ੍ਹਾਂਗੇ ਤਾਂ ਕਿ ਦਿਹਾਤ ਦੇ ਲੋਕਾਂ ਨੂੰ ਵੱਧ ਤੋਂ ਵੱਧ ਫਾਇਦਾ ਹੋਵੇ । ਖੇਮ ਕਰਨ, ਖਡੂਰ ਸਾਹਿਬ, ਸਾਦੂਲਗੜ੍ਹ, ਲੰਬੀਆਂ, ਨਿਹਾਲਸਿੰਘਵਾਲਾ, ਬੰਗਾ, ਕਰਤਾਰਪੁਰ, ਪਾਇਲ, ਮਰੂਟ ਅਤੇ ਨੂਰਪੁਰ ਬੇਦੀ ਵਿਖੇ ਨਵੀਆਂ ਸਬ-ਟਰੈਜ਼ਰੀਆਂ ਖੋਲ੍ਹੀਆਂ ਹਨ । ਇਹ ਅਸੀਂ ਇਸ ਲਈ ਖੋਲ੍ਹੀਆਂ ਹਨ ਤਾਂਕਿ ਕਿਸਾਨ ਨੂੰ ਤਕਲੀਫ ਨਾ ਹੋਵੇ । ਕੋਈ ਠੇਕੇਦਾਰ ਪ੍ਰੇਸ਼ਾਨ ਨਾ ਹੋਵੇ । ਜਿਹੜੇ ਚੈਕ ਸਨ ਉਨ੍ਹਾਂ ਨੂੰ ਡਾਇਰੈਕਟ ਬੈਂਕ ਵਿਚ ਭੇਜ ਦਿਤਾ ਤਾਂਕਿ ਉਹ ਬੈਂਕ ਦੇ ਵਿਚੋਂ ਪੈਸਾ ਲੈ ਸਕਣ ਔਰ ਟ੍ਰੇਯਰੀ ਦਾ ਕੋਈ ਕਰਮਚਾਰੀ ਉਨ੍ਹਾਂ ਨੂੰ ਪ੍ਰੇਸ਼ਾਨ ਨਾ ਕਰ ਸਕੇ । ਡਿਪਟੀ ਸਪੀਕਰ ਸਾਹਿਬ, ਅਸੀਂ ਇਹੋ ਜਿਹੀਆਂ ਇਨਸਟਰੱਕਸ਼ਨਜ਼ ਹੋਰ ਵੀ ਦਿੱਤੀਆਂ ਹਨ, ਜਿਨ੍ਹਾਂ ਨਾਲ ਕਿ ਕੰਮ ਸੌਖਾ ਹੋ ਸਕੇ ਔਰ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋਵੇ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਕ ਡਿਪਟੀ ਸਪੀਕਰ ਸਾਹਿਬ, ਸਾਡੀ ਜ਼ਿਮੇਂਵਾਰੀ ਸੀ ਔਰ ਇਹ ਕੰਮ ਅਸੀਂ ਪਹਿਲੀ ਵਾਰੀ ਕੀਤਾ ਹੈ ਕਿ ਹਰ ਡਿਪਾਰਟਮੈਂਟ ਵਿਚ ਆਪਣਾ ਆਪਣਾ ਇਨਟਰਨਲ ਆਡਿਟ ਹੋਵੇ। ਇਸ ਚੀਜ਼ ਨੂੰ ਮਹਿਸੂਸ ਕੀਤਾ ਗਿਆ ਹੈ ਔਰ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਟੈਕਸੇਸ਼ਨ ਡਿਪਾਰਟਮੈਂਟ ਵਿਚ, ਰੈਵੇਨਿਊ ਡਿਪਾਰਟਮੈਂਟ ਵਿਚ, ਟਰਾਂਸਪੋਰਟ ਡਿਪਾਰਟਮੈਂਟ ਵਿਚ ਔਰ ਚੀਫ ਇਲੈਕਟ੍ਰੀਕਲ ਇਨਸਪੈਕਟਰ ਦੇ ਆਫਿਸ ਵਿਚ ਇਨਟਰਨਲ ਆਡਿਟ ਸ਼ੁਰੂ ਕੀਤਾ ਜਾਵੇ ਔਰ ਇਹ ਸ਼ੁਰੂ ਹੋ ਗਿਆ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਹੈ ਕਿ ਇਸ ਦੇ ਰਿਜ਼ਲਟਸ ਚੰਗੇ ਮਿਲ ਰਹੇ ਹਨ, ਰਿਪੋਰਟਸ ਚੰਗੀਆਂ ਆ ਰਹੀਆਂ ਹਨ, ਕਈ ਵਾਰੀ ਕਿਧਰੇ ਕੋਈ ਪੈਸਾ ਠੀਕ ਢੰਗ ਨਾਲ ਵਰਤਿਆ ਨਹੀਂ ਸੀ ਜਾਂਦਾ ਤਾਂ ਸਾਡੇ ਨੋਟਿਸ ਵਿਚ ਨਹੀਂ ਸੀ ਆਉਂਦਾ ਪਰ ਹੁਣ ਅਸੀਂ ਐਡਮਨਿਸਟ੍ਰੇਟਿਵਲੀ ਐਸੀਆਂ ਚੀਜ਼ਾਂ ਨੂੰ ਕਾਬੂ ਕਰਾਂਗੇ ਔਰ ਪੰਜਾਬ ਦੀ ਅਕਾਨੋਮੀ ਨੂੰ ਹੋਰ ਅੱਛਾ ਕਰਾਂਗੇ। ਜਿਹੜੀ ਫਜ਼ੂਲ ਖਰਚੀ ਵਗੈਰਾ ਦੀ ਗੱਲ ਹੈ ਉਸਨੂੰ ਠੀਕ ਕਰਨ ਲਈ ਸਾਡਾ ਜਿਹੜਾ ਇਨਟਰਨਲ ਆਡਿਟ ਹੋਵੇਗਾ ਉਹ ਸਾਡੀ ਮੱਦਦ ਕਰੇਗਾ।

ਡਿਪਟੀ ਸਪੀਕਰ ਸਾਹਿਬ, ਪੈਨਸ਼ਨਰਜ਼ ਵੀ ਇਸ ਸੋਸਾਇਟੀ ਦਾ ਮਹਤਵਪੂਰਨ ਹਿੱਸਾ ਹਨ ਔਰ ਪੰਜਾਬ ਸਰਕਾਰ ਨੇ ਪੈਨਸ਼ਨਰਜ਼ ਵਾਸਤੇ 4,96,00,000/-ਰੁਪਏ ਦਾ ਸਾਲਾਨਾ ਦਾ ਬੋਝਾ ਬਰਦਾਸ਼ਤ ਕੀਤਾ ਹੋਇਆ ਹੈ। ਉਨ੍ਹਾਂ ਦੀ ਬਿਹਤਰੀ ਲਈ ਬਾਕਾਇਦਾ ਤੌਰ ਤੇ ਉਨ੍ਹਾਂ ਨੂੰ ਇਹ ਪੈਸਾ ਮਿਲ ਰਿਹਾ ਹੈ। ਸਾਨੂੰ ਆਸ ਹੈ ਕਿ ਉਹ ਬਜ਼ੁਰਗ ਵੀ ਇਸ ਅੱਛੇ ਕੰਮ ਲਈ ਸਾਨੂੰ ਅੱਛੀਆਂ ਦੁਆਵਾਂ ਦੇਣਗੇ।

ਅਸੀਂ ਡਿਪਟੀ ਸਪੀਕਰ ਸਾਹਿਬ, ਸਮਝਦੇ ਹਾਂ ਕਿ ਪਲਾਨ ਵਿਚ ਜੋ ਖਰਚਾ ਕਰਦੇ ਹਾਂ ਉਹ ਕਾਫੀ ਨਹੀਂ ਹੈ। ਇਸ ਲਈ ਅਸੀਂ ਇਸ ਦੇ ਨਾਲ ਹੀ ਫਾਇਨਾਂਸ਼ੀਅਲ ਇਨਸਟੀਚਿਊਸ਼ਨ ਤੇ ਪਬਲਿਕ ਅੰਡਰਟੇਕਿੰਗਜ਼ ਹਨ ਜਾਂ ਪ੍ਰਾਈਵੇਟ ਇਨਟਰਪ੍ਰੈਨਿਉਅਰਜ਼ ਜਿਹੜੇ ਹਨ, ਉਨ੍ਹਾਂ ਨੂੰ ਵੀ ਪੈਸਾ ਮਿਲੇ। ਇਸ ਦੇ ਵਾਸਤੇ ਅਸੀਂ ਡਾਇਰੈਕਟਰ, ਇਨਸਟੀ-ਚਿਊਸ਼ਨਲ ਫਾਇਨਾਂਸ ਨੂੰ ਪਹਿਲੀ ਦਫਾ ਸੰਨ 1980-81 ਵਿਚ 127 ਕਰੋੜ, ਸੰਨ 1981-82 ਵਿਚ 225 ਕਰੋੜ ਤੇ ਸੰਨ 1982-83 ਵਿਚ 317 ਕਰੋੜ ਦਾ ਸਾਡਾ ਟੀਚਾ ਹੈ ਕਿ ਇਹ ਪੈਸਾ ਅਸੀਂ ਉਨ੍ਹਾਂ ਨੂੰ ਦੇਵਾਂਗੇ। ਡਿਪਟੀ ਸਪੀਕਰ ਸਾਹਿਬ, ਸਾਨੂੰ ਖੁਸ਼ੀ ਹੈ ਕਿ ਅਸੀਂ ਪੀਲੇ ਕਾਰਡਾਂ ਵਾਲਿਆਂ ਨੂੰ ਹੈਲਪ ਦੇਣ ਦਾ ਪ੍ਰੋਗਰਾਮ ਬਣਾਇਆ ਹੈ ਤਾਂਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਇਥੇ ਜ਼ਿਕਰ ਕੀਤਾ ਗਿਆ ਹੈ ਕਿ ਉਹ ਲੋਕ ਬੇਕਾਰ ਹਨ। ਡਿਪਟੀ ਸਪੀਕਰ ਸਾਹਿਬ, ਇਕ ਅਸੀਂ ਪ੍ਰੋਗਰਾਮ ਇਨਟੈਗਰੇਟਿਡ ਰੂਰਲ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਨੂੰ ਆਈ.ਆਰ.ਡੀ.ਪੀ. ਵੀ ਕਿਹਾ ਜਾਂਦਾ ਹੈ ਔਰ ਮੈਨੂੰ ਖੁਸ਼ੀ ਹੈ ਕਿ ਲਗਭੱਗ ਅਸੀਂ 50 ਕਰੋੜ ਤੋਂ ਜ਼ਿਆਦਾ ਦੀ ਰਕਮ ਬਿਨਾ-ਸੂਦ ਲੋਨਜ਼ ਦੇ ਤੌਰ ਤੇ ਪੀਲੇ ਕਾਰਡ ਵਾਲਿਆਂ ਨੂੰ ਦਿੱਤੀ ਹੈ ਔਰ 1,62,015 ਲੋਕਾਂ ਨੂੰ ਇਸ ਨਾਲ ਬੈਨੀਫਿਟ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਨਾਲ ਦੀ ਨਾਲ ਸ਼ਹਿਰਾਂ ਦਾ ਵੀ ਪੂਰਾ ਪੂਰਾ ਧਿਆਨ ਰਖਦੇ ਹਾਂ। ਸ਼ਹਿਰਾਂ ਵਿਚ ਵੀ ਲੋਕਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ ਹੈ, ਇਨਟਰਸਟ ਫਰੀ ਲੋਨਜ਼ ਦਿੱਤੇ ਗਏ ਹਨ। ਹੋਰ ਸਕੀਮਜ਼ ਵੀ ਲਾਗੂ ਕੀਤੀਆਂ ਗਈਆਂ ਹਨ, ਜਿਨ੍ਹਾਂ ਨਾਲ ਕੋਈ ਦੋ ਲੱਖ ਪਰਿਵਾਰਾਂ ਨੂੰ ਲਾਭ ਪ੍ਰਾਪਤ ਹੋਇਆ ਹੈ ਔਰ ਉਹ ਲੋਕ ਆਪਣੇ ਪੈਰਾਂ ਤੇ ਖੜ੍ਹੇ

Original with;
Punjab Vidhan Sabha
Digitized by;
Panjab Digital Library

ਹੋਣ ਯੋਗ ਹੋਏ ਹਨ । ਇਥੇ ਇਹ ਵੀ ਕਿਹਾ ਗਿਆ ਹੈ ਕਿ ਪੀਲੇ ਕਾਰਡ ਹੋਲਡਰਜ਼ ਵਿਚ ਅਨਇੰਪਲਾਇਮੈਂਟ ਹੈ ।

**ਸ੍ਰੀ ਡਿਪਟੀ ਸਪੀਕਰ** : ਡਾਕਟਰ ਸਾਹਿਬ, ਤੁਸੀਂ ਕਿਤਨਾਂ ਕੁ ਟਾਈਮ ਹੋਰ ਲਵੋਗੇ ?

**ਵਿੱਤ ਮੰਤਰੀ** : 15 ਕੁ ਮਿੰਟ ਹੋਰ ਲਵਾਂਗਾ ਜੀ।

## EXTENSION OF TIME OF THE SITTING

**Mr. Deputy Speaker** : Is it the pleasure of the House that the time of the sitting of the House be extended by 15 minutes ?

(*Voices : Yes, yes.*)

**Mr. Deputy Speaker** : The time of the sitting of the House is extended upto 1.45 P.M.

## THE PUNJAB APPROPRIATION (NO. 4) BILL, 1982
(*Resumption of Consideration*)

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਵੀ ਦੱਸਣ ਵਿਚ ਖੁਸ਼ੀ ਹੈ ਕਿ ਜਿਹੜੇ ਲੋਕ ਬੇਕਾਰ ਹਨ ਔਰ ਜਿਨ੍ਹਾਂ ਦੀ ਆਮਦਨ ਘਟ ਹੈ ਪਰ ਉਨ੍ਹਾਂ ਪਾਸ ਪੀਲੇ ਕਾਰਡ ਨਹੀਂ ਹਨ, ਕਿਉਂਕਿ ਉਹ ਉਨ੍ਹਾਂ ਦੀ ਲਿਮਿਟ ਵਿਚ ਨਹੀਂ ਆਉਂਦੇ, ਉਨ੍ਹਾਂ ਦੇ ਵੀ ਅਸੀਂ ਦੁਖ ਦਰਦ ਸਾਂਝੇ ਕੀਤੇ ਹਨ । ਐਸੇ ਪੀਲੇ ਕਾਰਡਾਂ ਵਾਲੀਆਂ ਕੋਈ 12 ਲੱਖ ਫੈਮਿਲੀਜ਼ ਹਨ, ਉਹ ਤਾਂ ਗਰੀਬੀ ਦੀ ਰੇਖਾ ਤੋਂ ਥੱਲੇ ਹਨ ਉਨ੍ਹਾਂ ਨੂੰ ਅਨਇੰਪਲਾਇਮੈਂਟ ਅਲਾਉਂਸ ਅਸੀਂ 80/-ਰੁਪਏ ਮਹੀਨੇ ਤੋਂ 100/-ਰੁਪਏ ਮਹੀਨਾ ਕਰ ਦਿੱਤਾ ਹੈ । ਸੰਨ 1980-81 ਵਿਚ ਇਸ ਸਕੀਮ ਹੇਠ 39,64,000/-ਰੁਪਏ ਔਰ ਸੰਨ 1981-82 ਵਿਚ 49,13,000/-ਰੁਪਏ ਦਿੱਤੇ ਹਨ । ਹੁਣ ਅਸੀਂ ਇਹ ਵੀ ਫੈਸਲਾ ਕਰ ਲਿਆ ਹੈ ਕਿ ਜਿਹੜੇ ਲੋਕ ਅਨਇੰਪਲਾਇਡ ਹਨ, ਜਿਨ੍ਹਾਂ ਦੀ ਆਮਦਨ ਵੀ ਪੀਲੇ ਕਾਰਡਾਂ ਵਾਲਿਆਂ ਨਾਲੋਂ ਕੁਝ ਜ਼ਿਆਦਾ ਹੈ, ਅਸੀਂ ਉਨ੍ਹਾਂ ਨੂੰ ਵੀ ਇਸ ਸਕੀਮ ਹੇਠ ਕਨਸਿਡਰ ਕਰਾਂਗੇ ਤਾਂਕਿ ਉਹ ਇਹ ਨਾ ਮਹਿਸੂਸ ਕਰਨ ਕਿ ਸਾਡੇ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ । ਨਹੀਂ, ਅਸੀਂ ਉਨ੍ਹਾਂ ਵੱਲ ਵੀ ਧਿਆਨ ਦਿੱਤਾ ਹੈ ।

ਡਿਪਟੀ ਸਪੀਕਰ ਸਾਹਿਬ, ਟਰੱਸਟਾਂ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਸ਼ੱਕ ਨਹੀਂ ਹੈ ਕਿ ਪਹਿਲਾਂ ਇੰਪਰੂਵਮੈਂਟ ਟਰੱਸਟ ਤੋੜ ਦਿੱਤੇ ਗਏ ਸਨ ਔਰ ਹੁਣ ਦੁਬਾਰਾ ਟਰੱਸਟ ਬਣਨਗੇ ਔਰ ਇਸ ਤਰ੍ਹਾਂ ਟਰੱਸਟ ਬਣਾ ਕੇ ਅਸੀਂ ਲੋਕਾਂ ਦੀ ਹੋਰ ਮੱਦਦ ਕਰਾਂਗੇ ।

ਇਥੇ ਕਿਹਾ ਗਿਆ ਹੈ ਕਿ ਅੱਗੇ ਨੂੰ ਤਿੰਨ ਰੁਪਏ ਕਿਲੋ ਆਟਾ ਵਿਕਿਆ ਕਰੇਗਾ । ਪਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਯਕੀਨ ਨਾਲ ਕਹਿੰਦਾ ਹਾਂ ਕਿ ਤਿੰਨ ਰੁਪਏ ਕਿਲੋ ਆਟਾ ਵਿਕਣ ਵਾਲੀ ਨੌਬਤ ਕਦੇ ਪੰਜਾਬ ਵਿਚ ਨਹੀਂ ਆਵੇਗੀ ਫੂਡ ਮਨਿਸਟਰ ਸਾਹਿਬ ਨੇ ਕਹਿ ਦਿੱਤਾ ਹੈ ਕਿ 1.80 ਰੁਪਏ ਕਿਲੋ ਆਟਾ, ਜਿਨ੍ਹਾਂ ਪਾਸ ਪੀਲੇ ਕਾਰਡ ਹਨ, ਉਨ੍ਹਾਂ ਲੋਕਾਂ ਨੂੰ ਲਗਾਤਾਰ ਮਿਲਦਾ ਰਹੇਗਾ । ਇਸ ਘੱਟ ਕੀਮਤ ਤੇ ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਆਟਾ ਲੋਕਾਂ ਨੂੰ ਪਹੁੰਚਾਵੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਕਿਸਾਨ ਵੀ ਮਰ ਗਿਆ, ਔਰ ਖਪਤਕਾਰ ਵੀ ਮਰ ਗਿਆ । ਪਰ ਮੈਨੂੰ ਨਹੀਂ ਪਤਾ ਕਿ ਇਨ੍ਹਾਂ ਨੇ ਮਰਿਆਂ ਦੀਆਂ ਲਾਸ਼ਾਂ ਕਿੱਥੇ ਵੇਖ ਲਈਆਂ ਹਨ । ਪੰਜਾਬ ਤਾਂ ਡਿਪਟੀ ਸਪੀਕਰ ਸਾਹਿਬ, ਹਿੰਦੋਸਤਾਨ ਦੀ ਗਰੇਨਰੀ ਹੈ, ਹਿੰਦੋਸਤਾਨ ਦਾ ਖਜ਼ਾਨਾ ਹੈ । ਇਸ ਨੇ ਅਨਾਜ ਦਾ ਭੰਡਾਰ ਬਣਾ ਕੇ, ਖਜ਼ਾਨਾ ਬਣਾ ਕੇ ਰੱਖਿਆ ਹੋਇਆ ਹੈ । ਖੇਡ ਦੇ ਮੈਦਾਨ ਵਿਚ ਪੰਜਾਬ ਦਾ ਨਾਉਂ ਨੰਬਰ ਇਕ ਤੇ ਆਉਂਦਾ ਹੈ, ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਦੀਆਂ ਅੱਖਾਂ ਵਿਚ ਪੀਲਾਪਨ ਕਿਉਂ ਆ ਗਿਆ ਹੈ ਔਰ ਇਨ੍ਹਾਂ ਨੂੰ ਕਿਸਾਨ ਵੀ ਔਰ ਖਪਤਕਾਰ ਵੀ ਮਰੇ ਹੋਏ ਨਜ਼ਰ ਆਉਣ ਲਗ ਪਏ ਹਨ । ਖਪਤਕਾਰ ਨੂੰ ਹਰ ਸਾਲ 9 ਕਰੋੜ ਰੁਪਏ ਦੇ ਕਰੀਬ ਅਸੀਂ ਸਬਸਿਡੀ ਦਿੰਦੇ ਹਾਂ । ਕਿਸਾਨ ਨੂੰ ਉਸ ਦੀ ਫਸਲ ਦਾ ਜਿਤਨਾ ਵਧ ਤੋਂ ਵੱਧ ਮੁੱਲ ਇਸ ਸਰਕਾਰ ਨੇ ਦਿੱਤਾ ਹੈ, ਮੈਂ ਕਹਿ ਸਕਦਾ ਹਾਂ ਕਿ ਇਹ ਇਕ ਰਿਕਾਰਡ ਹੈ, ਤਹਿਲਾਂ ਕਦੇ ਕਿਸੇ ਸਰਕਾਰ ਨੇ ਏਨਾ ਮੁੱਲ ਨਹੀਂ ਸੀ ਦਿੱਤਾ । ਪਰ ਇਹ ਗੱਲ ਸਮਝ ਨਹੀਂ ਆਉਂਦੀ ਕਿ ਇਹ ਲੋਕ ਕਿਸ ਤਰ੍ਹਾਂ ਨਰਾਸ਼ਾਜਨਕ ਨਜ਼ਰੀਆ ਬਣਾ ਲੈਂਦੇ ਹਨ । ਇਸ ਲਈ ਇਨ੍ਹਾਂ ਨੂੰ ਨਰਾਜ਼ ਨਹੀਂ ਹੋਣਾ ਚਾਹੀਦਾ, ਆਪਟੀਮਿਸਟ ਹੋਣਾ ਚਾਹੀਦਾ ਹੈ ।

ਪ੍ਰਾਜੈਕਟਸ ਦੀ ਕੰਪਲੀਸ਼ਨ ਦੇ ਬਾਰੇ ਕਿਹਾ ਗਿਆ ਹੈ, ਕਿ ਉਹ ਕੰਪਲੀਟ ਨਹੀਂ ਹੋ ਰਹੇ । ਪਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਫਖ਼ਰ ਨਾਲ ਗੱਲ ਕਹਿ ਸਕਦਾ ਹਾਂ ਕਿ ਪਿਛਲੇ 5 ਸਾਲਾਂ ਵਿਚ ਇਤਨਾਂ ਖਰਚਾ ਨਹੀਂ ਹੋਇਆ ਜਿਤਨਾਂ ਕਿ ਅਸੀਂ ਦੋ ਸਾਲਾਂ ਵਿਚ ਪ੍ਰਾਜੈਕਟਾਂ ਤੇ ਕਰ ਚੁਕੇ ਹਾਂ । ਮੈਂ ਇਹ ਕਹਿ ਸਕਦਾ ਹਾਂ ਕਿ ਆਉਣ ਵਾਲੇ ਸਾਲਾਂ ਵਿਚ ਜੋ ਪ੍ਰਾਜੈਕਟਸ ਦੇ ਕੰਪਲੀਸ਼ਨ ਦਾ ਸ਼ਡਿਊਲ ਹੈ, ਉਸ ਦੇ ਮੁਤਾਬਿਕ ਹੀ ਉਹ ਕੰਪਲੀਟ ਹੋਣਗੇ । 189 ਕਰੋੜ ਰੁਪਿਆ ਇਸ ਵਾਰੀ ਦੇ ਬਜਟ ਵਿਚ ਰਖਿਆ ਹੋਇਆ ਹੈ । ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਉਸ ਜੇਕਰ ਇਸ ਪਾਸੇ ਖਿਆਲ ਰਖਦੇ ਹਨ ਤਾਂ ਉਹ ਸਾਰੇ ਹੀ ਪੰਜਾਬ ਦਾ ਖਿਆਲ ਰੱਖਣ ਔਰ ਪੰਜਾਬ ਦਾ ਉਹ ਨਕਸ਼ਾ ਜੋ ਕਿ ਅਜ ਤੋਂ 20 ਸਾਲ ਪਹਿਲਾਂ ਸੀ, ਉਹ ਵੀ ਸਾਹਮਣੇ ਰੱਖਣ, ਉਸ ਵੇਲੇ ਦੇ ਕਿਸਾਨ ਦਾ ਔਰ ਮੌਜੂਦਾ ਕਿਸਾਨ ਦਾ ਮੁਕਾਬਲਾ ਕਰਨ, ਉਸ ਵੇਲੇ ਲੋਕਾਂ ਦੇ ਘਰਾਂ ਦਾ ਹੁਣ ਦੇ ਘਰਾਂ ਨਾਲ ਮੁਕਾਬਲਾ ਕਰਨ । ਪਰ ਇਸ ਤਰ੍ਹਾਂ ਹੀ ਸਰਕਾਰ ਨੂੰ ਮਾੜਾ ਕਹੀ ਜਾਣਾ ਇਹ ਤਾਂ ਇਕ ਮਾਯੂਸ ਹੋਣ ਵਾਲੀ ਗੱਲ ਹੈ ਔਰ ਉਨ੍ਹਾਂ ਨੂੰ ਮੈਂ ਫਿਰ ਕਹਾਂਗਾ ਕਿ ਮਾਯੂਸ ਨਹੀਂ ਹੋਣਾ ਚਾਹੀਦਾ, ਆਪਟੀਮਿਸਟ ਹੋਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਕਿਹਾ ਗਿਆ ਹੈ ਕਿ ਫ਼ਲਾਂ ਵਾਕਿਆਂ ਤੋਂ ਬਾਅਦ ਮਨਿਸਟਰ ਪਬਲਿਕ ਮੀਟਿੰਗਾਂ ਵਿਚ ਨਹੀਂ ਗਏ । ਇਹ ਬਿਲਕੁਲ ਗਲਤ ਗੱਲ ਹੈ, ਪੰਜਾਬ ਸਰਕਾਰ ਦੇ ਮਨਿਸਟਰ ਪਹਿਲੀ ਤਰ੍ਹਾਂ ਹੀ ਮੀਟਿੰਗਾਂ ਅਟੈਂਡ ਕਰਦੇ ਹਨ । ਥੋੜ੍ਹੇ ਹੀ ਦਿਨ ਹੋਏ ਹਨ ਮੈਂ ਇਕ ਵੱਡੀ ਭਾਰੀ ਮੀਟਿੰਗ ਅਟੈਂਡ ਕਰਕੇ ਆਇਆ ਹਾਂ, ਜਿਸ ਵਿਚ ਕੋਈ 15/20 ਹਜ਼ਾਰ ਦੀ ਹਾਜ਼ਰੀ ਸੀ । ਉਹ ਮੈਂ ਅਟੈਂਡ ਕਰਕੇ ਆਇਆ ਹਾਂ । ਪੰਜਾਬ ਦੇ ਮਨਿਸਟਰ ਬੇਖੌਫ਼ ਹੋ ਕੇ ਕੰਮ ਕਰਦੇ ਹਨ । ਜੇਕਰ ਉਨ੍ਹਾਂ ਦੀ ਪਿੰਡਾਂ ਵਿਚ ਡਿਊਟੀ ਲੱਗੀ ਹੈ ਤਾਂ ਉਹ ਲੋਕਾਂ ਪਾਸ ਜਾਂਦੇ ਹਨ ਔਰ ਉਨ੍ਹਾਂ ਨੂੰ ਸਮਝਾਉਂਦੇ ਬੁਝਾਉਂਦੇ ਹਨ, ਉਨ੍ਹਾਂ ਦੀ ਸੇਵਾ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਹੁਣ ਵੀ ਮਨਿਸਟਰ ਲੋਕਾਂ ਨਾਲ ਸੁਜੀਵ, ਜੀਉਂਦਾ ਜਾਗਦਾ ਤਾਲ ਮੇਲ ਰਖਦੇ ਹਨ । ਡਿਪਟੀ ਸਪੀਕਰ ਸਾਹਿਬ, ਬੁਜ਼ਦਿਲ ਤਾਂ ਰੋਜ਼ ਮਰਦਾ ਹੈ

Original with;
Punjab Vidhan Sabha
Digitized by;
Panjab Digital Library

ਪਰ ਬਹਾਦਰ ਦੀ ਮੌਤ ਇਕ ਵਾਰੀ ਹੀ ਆਉਂਦੀ ਹੈ । ਸਰਦਾਰ ਦਰਬਾਰਾ ਸਿੰਘ ਜੀ ਦੀ ਮਨਿਸਟਰਾਂ ਦੀ ਟੀਮ ਜਿਹੜੀ ਹੈ, ਇਹ ਨਿਡਰ ਹੋ ਕੇ ਲੋਕਾਂ ਦੀ ਸੇਵਾ ਕਰ ਰਹੀ ਹੈ ।

ਫਿਰ ਬਿਲਡਿੰਗਾਂ ਬਾਰੇ ਕਿਹਾ ਗਿਆ ਹੈ ਕਿ ਕੁਝ ਬਿਲਡਿੰਗਾਂ ਪਟਿਆਲੇ ਵਿਚ ਐਸੀਆਂ ਹਨ ਜਿਨ੍ਹਾਂ ਹੇਠ ਬੈਠਣਾ ਖਤਰਨਾਕ ਹੈ । ਮੈਂ ਵੀ ਸਮਝਦਾ ਹਾਂ ਕਿ ਪਟਿਆਲੇ ਦੀਆਂ ਜਿਹੜੀਆਂ ਇਸ ਤਰ੍ਹਾਂ ਦੀਆਂ ਬਿਲਡਿੰਗਾਂ ਹਨ, ਉਨ੍ਹਾਂ ਦੀ ਮੁਰੰਮਤ ਹੋਣੀ ਚਾਹੀਦੀ ਹੈ । ਬਾਕੀ ਐਸੀ ਕੋਈ ਗੱਲ ਨਹੀਂ ਹੈ ਕਿ ਖਤਰਨਾਕ ਬਿਲਡਿੰਗਾਂ ਵਿਚ ਕਰਮਚਾਰੀਆਂ ਨੂੰ ਅਸੀ ਕੰਮ ਕਰਨ ਦੇਈਏ। ਇਹ ਜਿਹੜੀ ਵਾਟਰ ਡਿਸਪਿਊਟ ਦੇ ਮਸਲੇ ਵਾਲੀ ਗਲ ਹੈ, ਮੈਂ ਇਸ ਨੂੰ ਹੁਣ ਦੁਹਰਾਉਣਾ ਨਹੀਂ ਚਾਹੁੰਦਾ ਪਰ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪਾਣੀ ਦਾ ਇਕ ਕਤਰਾ ਵੀ ਜ਼ਾਇਆ ਨਹੀਂ ਕੀਤਾ । ਪੰਜਾਬ ਦੀ ਇਕ ਇੰਚ ਧਰਤੀ ਵੀ ਡਰਾਈ ਨਹੀਂ ਹੋਵੇਗੀ ਬਲਕਿ ਪੰਜਾਬ ਦੀ 3 ਲੱਖ ਏਕੜ ਹੋਰ ਭੂਮੀ ਸਿੰਜਾਈ ਹੋਣ ਲਗ ਜਾਵੇਗੀ । ਇਸ ਵਾਸਤੇ ਅਸੀਂ ਜਿਹੜਾ ਐਸ. ਵਾਈ. ਐਲ. ਦਾ ਕੰਮ ਸ਼ੁਰੂ ਕੀਤਾ ਹੈ, ਇਸ ਕੰਮ ਨੂੰ ਸ਼ੁਰੂ ਕਰਨ ਲਈ ਪਿਛਲੀ ਸਰਕਾਰ ਨੇ ਇਕ ਕਰੋੜ ਰੁਪਿਆ ਲੈ ਲਿਆ ਸੀ ਔਰ ਉਸ ਵਾਸਤੇ ਅੱਧੋ ਅੱਧ ਪਾਣੀ ਦੇਣਾ ਵੀ ਮੰਨ ਲਿਆ ਸੀ ਜਿਹੜਾ ਕਿ ਅਸੀਂ 3.5 ਕਿਊਸਿਕਸ ਤੋਂ ਵਧਾ ਕੇ 4.8 ਕਿਊਸਿਕਸ ਪਾਣੀ ਲਿਆ ਹੈ । ਸਾਨੂੰ ਪਾਣੀ ਵੱਧ ਮਿਲਿਆ ਹੈ ਔਰ ਐਸ. ਵਾਈ. ਐਲ. ਦਾ ਕੰਮ ਸ਼ੁਰੂ ਕੀਤਾ ਹੈ । ਅਸੀਂ ਇਨ੍ਹਾਂ ਵਾਲੀ ਗਲ ਨਹੀਂ ਕੀਤੀ । (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਇਕ ਇਥੇ ਗਲ ਹੁਸ਼ਿਆਰਪੁਰ ਦੇ ਸੰਜੇ ਗਾਂਧੀ ਕੰਪਲੈਕਸ ਬਾਰੇ ਕੀਤੀ ਗਈ ਹੈ । ਮੈਨੂੰ ਨਹੀਂ ਪਤਾ ਕਿ ਉਥੇ ਕੋਈ ਐਸਾ ਯੂਨਿਟ ਹੋਵੇਗਾ ਜਿਸ ਨੂੰ ਅਵੇਸਲਾ ਛਡਿਆ ਹੋਵੇ । ਪਰ ਫਿਰ ਵੀ ਜੇ ਉਨ੍ਹਾਂ ਦੇ ਮਨ ਵਿਚ ਕੋਈ ਅਜਿਹੀ ਗੱਲ ਹੈ ਔਰ ਪੂਰਾ ਪਤਾ ਹੈ ਤਾਂ ਦਸ ਦੇਣ ਅਸੀਂ ਖਿਆਲ ਕਰ ਲਵਾਂਗੇ ।

ਪ੍ਰੋਫੈਸਰ ਬਲਵੰਤ ਸਿੰਘ ਜੀ ਨੇ ਇਥੇ ਬਹੁਤ ਜਲਦੀ ਜਲਦੀ ਗੱਲਾਂ ਕਹੀਆਂ ਹਨ । ਉਹ ਇਸ ਤਰ੍ਹਾਂ ਜਲਦੀ ਨਾਲ ਬੋਲਦੇ ਹਨ, ਕਈ ਗੱਲਾਂ ਇਕੋ ਵਾਰ ਹੀ ਕਹਿ ਜਾਂਦੇ ਹਨ । ਬੜੀ ਅੱਛੀ ਗਲ ਹੈ । ਇਕ ਗੱਲ ਉਨ੍ਹਾਂ ਨੇ ਕਹੀ ਹੈ ਕਿ ਅਜੂਕੇਸ਼ਨ ਡਿਪਾਰਟਮੈਂਟ ਵਿਚ ਕਮਿਊਨਲਿਜ਼ਮ ਬਹੁਤ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਕਮਿਊਨਲਿਜ਼ਮ ਵਾਲੀ ਗੱਲ ਇਨ੍ਹਾਂ ਵੇਲੇ ਹੁੰਦੀ ਹੋਵੇਗੀ ਹੁਣ ਨਹੀਂ । ਇਹ ਸਰਕਾਰ ਕਮਿਊਨਲਿਜ਼ਮ ਦੂਰ ਕਰਨ ਵਾਲੀ ਹੈ ਅਤੇ ਕਮਿਊਨਲਿਜ਼ਮ ਪੈਦਾ ਕਰਨ ਵਾਲੀ ਨਹੀਂ । ਜੇ ਕੋਈ ਅਫ਼ਸਰ ਇਸ ਤਰ੍ਹਾਂ ਦੀ ਅੱਖ ਨਾਲ ਵੇਖਦਾ ਹੈ ਤਾਂ ਉਹ ਸਾਡੇ ਤੋਂ ਬਚ ਨਹੀਂ ਸਕਦਾ । ਸਾਡੀ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦੇ ਲੋਕ ਤਕੜੇ ਹੋਣ, ਸੈਕੂਲਰ ਹੋਣ । ਫਿਰ ਵੀ ਜੇ ਕੋਈ ਗੱਲ ਹੈ ਤਾਂ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਇਨ੍ਹਾਂ ਦਾ ਰੈਫਰੈਂਸ ਨੋਟ ਕਰ ਲਿਆ ਹੋਣਾ ਹੈ ਔਰ ਉਹ ਧਿਆਨ ਕਰ ਲੈਣਗੇ । ਪਰ ਪੰਜਾਬ ਸਰਕਾਰ ਨੇ ਕਦੇ ਕੋਈ ਅਜਿਹੀ ਗਲ ਨਹੀਂ ਕੀਤੀ ।

ਬਾਕੀ ਜਿਹੜੀ ਮਿਨੀਮਮ ਵੇਜਿਜ਼ ਦੇਣ ਬਾਰੇ ਗੱਲ ਕੀਤੀ ਗਈ ਹੈ, ਮੈਂ ਸਮਝਦਾ ਹਾਂ ਕਿ ਸਾਡੀ ਇਹ ਪਹਿਲੀ ਸਰਕਾਰ ਹੈ ਜਿਸ ਨੇ 14 ਰੁਪਏ ਦਿਹਾੜੀ ਦੇ ਮੁਕੱਰਰ ਕੀਤੇ ਹਨ । ਇਸ ਤੋਂ ਪਹਿਲਾਂ ਕਿਸੇ ਸਰਕਾਰ ਨੇ ਇਹ ਨਹੀਂ ਕੀਤਾ । ਅਸੀਂ ਇਨ੍ਹਾਂ ਮਿਨੀਮਮ ਵੇਜਿਜ਼ ਨੂੰ ਇੰਪਲੀਮੈਂਟ ਕਰਾਉਣ ਲਈ 12 ਡਿਸਟ੍ਰਿਕਟ ਅਫਸਰ ਵੀ ਮੁਕੱਰਰ ਕੀਤੇ ਹਨ । ਅਸੀਂ ਚਾਹਵਾਂਗ ਕਿ ਜਿਥੇ ਵੀ ਸਾਡੇ ਮਜ਼ਦੂਰ ਨੂੰ ਕੋਈ ਤਕਲੀਫ਼ ਹਵੇ, ਸਾਡੀ ਸਰਕਾਰ ਉਸ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਮਦਦ ਕਰੇ । ਫਿਰ ਵੀ ਅਗਰ ਕੋਈ ਖਾਸ ਗਲ ਉਨ੍ਹਾਂ ਨੂੰ ਪਤਾ ਹੈ ਤਾਂ ਉਹ ਦੱਸ ਦੇਣ, ਅਸੀਂ ਦੇਖ ਲਵਾਂਗੇ ।

ਕੁਝ ਗੱਲਾਂ ਡਾਕਟਰ ਜੁਗਤ ਸਿੰਘ ਜੀ ਨੇ ਇਥੇ ਕੀਤੀਆਂ ਹਨ । ਇਕ ਗੱਲ ਤਾਂ ਉਨ੍ਹਾਂ ਨੇ ਇਹ ਕਹੀ ਹੈ ਕਿ ਪੰਜਾਬ ਵਿਚ ਜੇਲ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਸ਼ਾਇਦ ਇਨ੍ਹਾਂ ਨੂੰ ਵੀ ਜੇਲ੍ਹਾਂ ਦਾ ਫਿਕਰ ਪੈ ਗਿਆ ਹੈ । ਇਸ ਕਰਕੇ ਇਹ ਕਹਿੰਦੇ ਹਨ ਕਿ ਜੇਲ੍ਹਾਂ ਦੀ ਹਾਲਤ ਬਹੁਤ ਮਾੜੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹਵਾਂਗਾ ਕਿ ਹੁਣ ਜੇਲ੍ਹਾਂ ਦੀ ਹਾਲਤ ਪਿਛਲੇ ਸਾਲਾਂ ਨਾਲੋਂ ਬੈਟਰ ਹੋਈ ਹੈ । 80% ਜੇਲ੍ਹਾਂ ਵਿਚ ਫਲੱਸ਼ ਸਿਸਟਮ ਮੁਕੰਮਲ ਹੋ ਗਿਆ ਹੈ ਅਤੇ 20% ਜੇਲ੍ਹਾਂ ਐਸੀਆਂ ਹਨ ਜਿਨ੍ਹਾਂ ਵਿਚ ਇਹ ਕੰਮ ਹੋਣਾ ਰਹਿੰਦਾ ਹੈ । ਅਸੀਂ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਵਿਚ ਵੀ ਫਲੱਸ਼ ਸਿਸਟਮ ਮੁਕੰਮਲ ਹੋ ਜਾਵੇ । ਕਿਉਂਕਿ ਜੇਲ੍ਹਾਂ ਵਿਚ ਜਾਣ ਵਾਲੇ ਵੀ ਸਾਡੇ ਪੰਜਾਬ ਦੇ ਵਾਸੀ ਹਨ, ਇਸ ਲਈ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਕੋਈ ਤਕਲੀਫ਼ ਨਾ ਹੋਵੇ । ਬੋਰਸਟਲ ਜੇਲ੍ਹ ਵਿਚ ਬੱਚਿਆਂ ਵਾਸਤੇ ਅਸੀਂ ਖਾਸ ਖਿਆਲ ਰਖਿਆ ਹੈ । ਮੈਂ ਸਮਝਦਾ ਹਾਂ ਕਿ ਹਾਊਸ ਦੇ ਮੈਂਬਰ ਇਸ ਕੰਮ ਲਈ ਐਪਰੀਸ਼ੀਏਟ ਕਰਨਗੇ । ਬਾਕੀ ਜਿਹੜੀਆਂ ਜੇਲ੍ਹਾਂ ਓਵਰ-ਕਰਾਊਡਿਡ ਹਨ, ਉਨ੍ਹਾਂ ਦਾ ਵੀ ਖਿਆਲ ਰਖਾਂਗੇ । ਬਾਕੀ ਜੇਲ੍ਹ ਜੇਲ੍ਹ ਹੈ, ਘਰ ਵਾਲੀ ਗਲ ਤਾਂ ਉਥੇ ਹੋ ਨਹੀਂ ਸਕਦੀ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਵੀ ਕਹਿਣੀ ਚਾਹਵਾਂਗਾ ਪਰ ਡਾਕਟਰ ਸਾਹਿਬ ਗੁੱਸਾ ਮਹਿਸੂਸ ਨਾ ਕਰਨ । ਉਨ੍ਹਾਂ ਨੇ ਕਿਹਾ ਹੈ ਕਿ ਬ੍ਰਿਟਿਸ਼ ਰਾਜ ਵਿਚ **107/151** ਦਾ ਇਸਤੇਮਾਲ ਨਹੀਂ ਹੁੰਦਾ ਸੀ । ਪਰ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਉਸ ਵੇਲੇ ਕੀ ਇਸਤੇਮਾਲ ਹੁੰਦਾ ਸੀ ? ਜਲ੍ਹਿਆਂਵਾਲੇ ਬਾਗ ਵਿਚ ਕੀ ਹਾਲ ਹੋਇਆ ? ਅੰਡੇਮਾਨ ਜਾ ਕੇ ਕਿੰਨੇ ਜ਼ੁਲਮ ਕੀਤੇ ਗਏ । ਮੈਨੂੰ ਬੜੀ ਹੈਰਾਨੀ ਹੈ ਕਿ ਅੱਜ ਡਾਕਟਰ ਸਾਹਿਬ ਅੰਗ੍ਰੇਜ਼ਾਂ ਦੇ ਰਾਜ ਦਾ ਮੁਕਾਬਲਾ ਇਕ ਪ੍ਰਜਾਤੰਤਰ, ਜਮਹੂਰੀਅਤ ਸਰਕਾਰ ਨਾਲ ਕਰ ਰਹੇ ਹਨ । 'ਕਿਥੇ ਟੂੰ ਟੂੰ ਕਿਥੇ ਬਿਸਤ" । ਕਿਥੋਂ ਅੰਗ੍ਰੇਜ਼ਾਂ ਦੀ ਸਰਕਾਰ ਔਰ ਕਿਥੇ ਅਜ਼ਾਦ ਮੁਲਕ ਦੀ ਪਰਜਾਤੰਤਰ ਸਰਕਾਰ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦਾ ਰੈਫਰੈਂਸ ਨਹੀਂ ਸੀ ਦੇਣਾ ਚਾਹੀਦਾ । ਜੇ ਉਹ ਅਜੇ ਤਕ ਅੰਗ੍ਰੇਜ਼ਾਂ ਦੇ ਰਾਜ ਨੂੰ ਯਾਦ ਕਰਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਹਾਲੇ ਉਹ ਗੁਲਾਮੀ ਦੀ ਜ਼ਹਿਨੀਅਤ ਤੋਂ ਨਿਕਲੇ ਨਹੀਂ ।

ਇਕ ਹੋਰ ਖਾਸ ਗੱਲ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ । ਉਹ ਇਹ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਇਹ ਸਰਕਾਰ 2 ਅਰਬ ਰੁਪਏ ਖਰਚ ਕਰਕੇ ਸਿੱਖ ਕਲਚਰ ਨੂੰ ਖਤਮ ਕਰਨਾ ਚਾਹੁੰਦੀ ਹੈ । ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਇਨ੍ਹਾਂ ਦਾ ਠੀਕ ਨਹੀਂ । ਅਸੀਂ ਸਮਝਦੇ ਹਾਂ ਕਿ ਸਿੱਖ ਧਰਮ ਜਿਹੜਾ ਹੈ ਇਹ ਬੜਾ ਸੈਕਰਡ ਔਰ ਬਹੁਤ ਉੱਚਾ ਧਰਮ ਹੈ । ਸਾਰੇ ਹਿੰਦੁਸਤਾਨ ਦੇ ਲੋਕ ਇਸ ਦਾ ਬਹੁਤ ਸਤਿਕਾਰ ਕਰਦੇ ਹਨ ਕਿਉਂਕਿ ਬ੍ਰਾਹਮਣ ਦੀ ਰੱਖਿਆ, ਜਨੇਊ ਦੀ ਰਖਿਆ ਲਈ ਔਰ ਗਊ ਦੀ ਰੱਖਿਆ ਲਈ ਖਾਲਸਾ ਦੀ ਸਿਰਜਨਾ ਹੋਈ ਸੀ । ਮੈਂ ਤਾਂ ਸਿੱਖ ਧਰਮ ਨੂੰ ਬੜਾ ਉੱਚਾ ਸਮਝਦਾ ਹਾਂ ਔਰ ਇਸ ਦਾ ਸਤਿਕਾਰ ਕਰਦਾ ਹਾਂ । ਮੈਂ ਇਹ ਗੱਲ ਨਹੀਂ ਕਹੀ ਸੀ ਕਿ 2 ਅਰਬ ਰੁਪਿਆ ਖਰਚ ਕੇ ਸਿੱਖ ਧਰਮ ਨੂੰ ਖਤਮ ਕਰਾਂਗੇ । ਮੈਂ ਤਾਂ ਇਹ ਸ਼ਬਦ ਕਹੇ ਸਨ; ਬੇਸ਼ਕ ਰਿਕਾਰਡ ਕਢਵਾ

Original with;
Punjab Vidhan Sabha
Digitized by;
Panjab Digital Library

ਕੇ ਵੇਖ ਲਓ, ਮੈਂ ਤਾਂ ਇਹ ਕਿਹਾ ਸੀ ਕਿ 2 ਕਰੋੜ ਰੁਪਿਆ ਤਾਂ ਕੀ, ਪੰਜਾਬ ਦੇ ਅਮਨ ਨੂੰ ਕਾਇਮ ਰੱਖਣ ਲਈ ਸ਼ਾਂਤੀ ਨੂੰ ਕਾਇਮ ਰਖਣ ਲਈ, ਦੇਸ਼ ਦੀ ਆਜ਼ਾਦੀ ਬਚਾਉਣ ਲਈ, ਅਰਬਾਂ ਖਰਬਾਂ ਰੁਪਏ ਖਰਚ ਕਰ ਦਿਆਂਗੇ ਔਰ ਇਸ ਤੋਂ ਵੀ ਵੱਧ ਜੇ ਆਪਣੀਆਂ ਜਾਨਾਂ ਦੀ ਲੋੜ ਪਈ ਤਾਂ ਉਹ ਵੀ ਕੁਰਬਾਨ ਕਰਨ ਨੂੰ ਤਿਆਰ ਹੋ ਜਾਵਾਂਗੇ । ਹੁਣ ਮੈਂ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਅਮਨ ਕਾਇਮ ਰੱਖਣ ਲਈ ਸ਼ਾਂਤੀ ਕਾਇਮ ਰਖਣ ਲਈ, ਆਜ਼ਾਦੀ ਬਚਾਉਣ ਲਈ ਕਿਸੇ ਕੀਮਤ ਤੇ ਵੀ ਅਸੀਂ ਇਸ ਦੀ ਰੱਖਿਆ ਕਰਾਂਗੇ ਔਰ ਆਪਣੀਆਂ ਜਾਨਾਂ ਵੀ ਕੁਰਬਾਨ ਕਰ ਦਿਆਂਗੇ ਬਾਕੀ ਸਾਡੇ ਦਿਲ ਵਿਚ ਸਿੱਖ ਧਰਮ ਲਈ ਸਤਿਕਾਰ ਹੈ ਔਰ ਮੈਂ ਅੱਜ ਵੀ ਕਹਿੰਦਾ ਹਾ ਕਿ ਜੇ ਗੁਰੂ ਗੋਬਿੰਦ ਸਿੰਘ ਖਾਲਸਾ ਦੀ ਸਰਜਨਾਂ ਨਾ ਕਰਦੇ ਤਾਂ ਅੱਜ ਵਾਘਾ ਦੀ ਸਰਹੱਦ ਅੰਮ੍ਰਿਤਸਰ ਨਾ ਹੁੰਦੀ ਬਲਕਿ ਦਿੱਲੀ ਤੇ ਜਾਕੇ ਹੁੰਦੀ । ਇਕ ਉਨ੍ਹਾਂ ਨੇ ਇਹ ਕਿਹਾ ਹੈ ਕਿ ਸਾਡੇ ਮੁੱਖ ਮੰਤਰੀ ਨੇ ਕਿਸੇ ਇੰਟਰਵਿਊ ਵਿੱਚ ਸਿੱਖ ਧਰਮ ਦੇ ਬਾਰੇ ਕੁਝ ਗੱਲਾਂ ਕਹੀਆਂ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਕਦੇ ਵੀ ਸਿੱਖ ਧਰਮ ਦੇ ਬਾਰੇ ਸਿਰਫ ਲਫਜ਼ਾਂ ਨਾਲ ਹੀ ਨਹੀਂ, ਬਲਕਿ ਕਰਮਾਂ ਨਾਲ ਕੋਈ ਅਜਿਹੀ ਗੱਲ ਨਹੀਂ ਕੀਤੀ। ਉਹ ਤਾਂ ਆਪ ਬਾਣੀ ਦਾ ਪਾਠ ਕਰਦੇ ਹਨ ਔਰ ਮੈਂ ਚੈਲੰਜ ਕਰਕੇ ਕਹਿ ਸਕਦਾ ਹਾਂ ਕਿ ਉਹ ਸਿੱਖ ਅਨੁਯਾਈ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ । ਉਹ ਸਿੱਖ ਧਰਮ ਦਾ ਪੂਰਾ ਸਤਿਕਾਰ ਕਰਦੇ ਹਨ । ਪਰ ਡਾਕਟਰ ਭਗਤ ਸਿੰਘ ਜੀ ਨੇ ਇਸ ਦੇ ਬਾਰੇ ਜਿਹੜੀ ਕਿਤਾਬ ਦਾ ਹਵਾਲਾ ਦਿੱਤਾ, ਉਸ ਦੇ ਵਾਸਤੇ ਮੈਂ ਇਨ੍ਹਾਂ ਨੂੰ ਕਈ ਸੁਨੇਹੇ ਵੀ ਭੇਜੇ ਕਿ ਉਹ ਕਿਹੜੀ ਕਿਤਾਬ ਹੈ ਤਾਂਕਿ ਮੈਂ ਵੀ [illegible] ਵਾਂ ਪਰ ਇਨ੍ਹਾਂ ਨੇ ਕਿਸੇ ਦਾ ਜਵਾਬ ਹੀ ਨਹੀਂ ਦਿੱਤਾ ।

ਇਕ ਗੱਲ ਇਨ੍ਹਾਂ ਨੇ ਮੇਰੇ ਬਾਰੇ ਅਤੇ ਪੰਜਾਬ ਸਰਕਾਰ ਬਾਰੇ ਕਹੀ ਹੈ ਕਿ ਅਸੀਂ ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਖਤਮ ਕਰ ਰਹੇ ਹਾਂ ਅਤੇ ਇਸ ਗੱਲ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਪੰਜਾਬ ਸਰਕਾਰ ਤਾਂ ਐਸਾ ਕਰਮ ਨਹੀਂ ਕਰ ਸਕਦੀ ਅਤੇ ਨਾ ਹੀ ਦੁਨੀਆਂ ਵਿਚ ਕੋਈ ਐਸੀ ਤਾਕਤ ਹੈ ਜਿਹੜੀ ਅੰਮ੍ਰਿਤਧਾਰੀਆਂ ਨੂੰ ਖਤਮ ਕਰ ਸਕੇ । ਇਹ ਬੜੇ ਪਵਿੱਤਰ ਇਨਸਾਨ ਹੁੰਦੇ ਹਨ ਅਤੇ ਇਨ੍ਹਾਂ ਨੂੰ ਪ੍ਰਮਾਤਮਾ ਨਾਲ ਪਿਆਰ ਹੁੰਦਾ ਹੈ ਅਤੇ ਗਰੀਬ ਲੋਕਾਂ ਦੀ ਸੇਵਾ ਕਰਨਾ ਉਹ ਆਪਣਾ ਫਰਜ਼ ਸਮਝਦੇ ਹਨ । ਪਰ ਜਿਹੜਾ ਸੰਤ ਭਗਵੇਂ ਕਪੜ ਪਾ ਕੇ ਜ਼ੁਰਮ ਲੋਕਾਂ ਤੇ ਕਰਦਾ ਹੈ ਅਤੇ ਡਾਕਾ ਮਾਰਦਾ ਹੈ, ਕਤਲ ਕਰਦਾ ਹੈ, ਉਸਨੂੰ ਅਸੀਂ ਸੰਤ ਨਹੀਂ ਕਹਿ ਸਕਦੇ ਅਤੇ ਉਸ ਨੂੰ ਅਸੀਂ ਕਾਤਲ ਦੀ ਨਿਗਾਹ ਨਾਲ ਹੀ ਵੇਖਾਂਗੇ । ਸਾਡੇ ਦਿਲ ਵਿਚ ਸੰਤਾਂ, ਮਹਾਤਮਾਂ ਲਈ ਬੜੀ ਸ਼ਰਧਾ ਹੈ ਅਤੇ ਅਸੀਂ ਮਾਨ ਦਿੰਦੇ ਹਾਂ ਪਰ ਜੇ ਕਰ ਕੋਈ ਡਾਕਾ ਮਾਰੇਗਾ ਤਾਂ ਅਸੀਂ ਉਸਨੂੰ ਡਾਕੂ ਹੀ ਕਹਾਂਗੇ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਔਰ ਜਿਹੜਾ ਮਾਸੂਮਾਂ ਤੇ ਗੋਲੀ ਚਲਾਏ ਅਤੇ ਬੱਚਿਆਂ ਨੂੰ ਯਤੀਮ ਕਰ ਦੇਵੇ ਉਸ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ । ਅੰਮ੍ਰਿਤਧਾਰੀ ਸਿੱਖ ਬਹੁਤ ਮਹਾਨ ਇਨਸਾਨ ਹੁੰਦਾ ਹੈ, ਉਹ ਕਿਸੇ ਦਾ ਕਤਲ ਨਹੀਂ ਕਰ ਸਕਦਾ ਅਤੇ ਨਾ ਕਿਸੇ ਬੱਚੇ ਨੂੰ ਯਤੀਮ ਕਰ ਸਕਦਾ ਹੈ । ਨਾ ਹੀ ਕੋਈ ਅੰਮ੍ਰਿਤਧਾਰੀ ਐਸਾ ਕੁਕਰਮ ਕਰ ਸਕਦਾ ਹੈ । ਪੰਜਾਬ ਸਰਕਾਰ ਹਮੇਸ਼ਾ ਧਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਸੇਵਾ ਕਰਦੀ ਹੈ ਅਤੇ ਉਨ੍ਹਾਂ ਨੂੰ ਆਦਰ ਅਤੇ ਮਾਣ ਦਿੰਦੀ ਹੈ । ਸਾਡੀ ਸਰਕਾਰ ਕਾਤਲ ਨੂੰ ਕਦੇ ਮੁਆਫ ਨਹੀਂ ਕਰ ਸਕਦੀ ਹੈ (ਵਿਘਨ) ਇਥੇ ਕਿਹਾ ਗਿਆ ਹੈ ਕਿ ਪੁਲਿਸ ਇਨਕਾਊਂਟਰ ਬੋਗਸ ਹਨ ਅਤੇ ਮੈਨੂੰ ਪਤਾ ਹੈ ਕਿ ਪੰਜਾਬ ਸਰਕਾਰ ਨੇ ਬੜੇ ਸਬਰ ਤੋਂ ਕੰਮ ਲਿਆ ਹੈ ਅਤੇ ਲੋਕ ਕਹਿੰਦੇ ਹੁੰਦੇ ਸਨ ਕਿ ਪੰਜਾਬ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਰਕਾਰ ਕੀ ਹੈ ਕੁਝ ਨਹੀਂ ਕਰ ਰਹੀ, ਉਹ ਗੋਲੀ ਚਲਾ ਕੇ ਮਾਰ ਕੇ ਚਲੇ ਜਾਂਦੇ ਹਨ ਅਤੇ ਫੜੇ ਨਹੀਂ ਜਾਂਦੇ ।

**ਕਾਮਰੇਡ ਰਾਜ ਕੁਮਾਰ**: ਤੁਸੀਂ ਸੱਚ ਮੱਚ ਆਪਣੇ ਆਪ ਓਨ ਕਰਨ ਲਗ ਪਏ ਹੋ ।

## EXTENSION OF TIME OF THE SITTING

**Mr. Deputy Speaker**: Is it the pleasure of the House that the time of the sitting be extended by half an hour ?

(*Voices*: yes, yes.)

**Mr. Deputy Speaker**: The time of the House is extended upto 2.00. P.M.

## THE PUNJAB APPROPRIATION (NO. 4) BILL, 1982.

(*Resumption of consideration*)

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ): ਮੇਰਾ ਇਸ਼ਾਰਾ ਉਸ ਵੱਲ ਹੈ ਕਿ ਪੰਜਾਬ ਸਰਕਾਰ ਨੇ ਬੜੀ ਦਲੇਰੀ ਨਾਲ ਸਟੈਂਡ ਲਿਆ ਤਾਂਕਿ ਕੋਈ ਮਜਬੂਰ ਇਨਸਾਨ ਅਤੇ ਗਰੀਬ ਤੇ ਗੋਲੀ ਨਾ ਚਲੇ ਅਤੇ ਜਿਹੜੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਕੇ ਜੁਰਮ ਕਰ ਰਹੇ ਹਨ, ਅਤੇ ਕਸੂਰਵਾਰ ਹਨ, ਉਨ੍ਹਾਂ ਨੂੰ ਕਾਨੂੰਨ ਦੀ ਗਰਿੱਪ ਵਿਚ ਲਿਆਂਦਾ ਜਾਵੇ ਔਰ ਉਹ ਲੋਕ ਜਿਹੜੇ ਗੋਲੀਆਂ ਚਲਾ ਕੇ ਭੱਜ ਜਾਂਦੇ ਸਨ, ਹੁਣ ਉਹ ਪੁਲਿਸ ਮੁਕਾਬਲੇ ਵਿਚ ਮਰੇ ਹਨ । ਇਸ ਪੁਲਿਸ ਇਨਕਾਊਂਟਰ ਦੀ ਮੈਜਿਸਟ੍ਰੇਟ ਦੁਆਰਾ ਇਨਕੁਆਰੀ ਹੋ ਰਹੀ ਹੈ । ਜਿਹੜੇ ਕਸੂਰਵਾਰ ਹੋਣਗੇ ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲੇਗੀ । ਪੰਜਾਬ ਸਰਕਾਰ ਬਿਲਕੁਲ ਸੈਕੂਲਰ ਹੈ ਅਤੇ ਧਰਮ ਪ੍ਰਤੀ, ਲੋਕਾਂ ਦੇ ਪ੍ਰਤੀ ਪੂਰਾ ਆਦਰ ਤੇ ਮਾਨ ਰੱਖਦੀ ਹੈ ।

ਮੈਂ ਸਾਰੇ ਮੈਂਬਰ ਸਾਹਿਬਾਨ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਆਪਣੀਆਂ ਆਪਣੀਆਂ ਸੁਜੈਸ਼ਨਾਂ ਦਿੱਤੀਆਂ ਹਨ ਅਤੇ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਸਰਵ-ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ ।

**ਪ੍ਰੋਫੈਸਰ ਬਲਵੰਤ ਸਿੰਘ**: ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਸਾਰੀ ਦੁਨੀਆਂ ਦੇ ਵਿਚ ਹਿੰਦੁਸਤਾਨ ਇਕ ਐਸਾ ਮੁਲਕ ਹੈ ਜਿਥੇ ਡੈਮੋਕਰੇਸੀ ਦਾ ਸਥਾਨ ਸਭ ਨਾਲੋਂ ਉੱਚਾ ਹੈ ਪਰ ਡਾਕਟਰ ਸਾਹਿਬ ਹੁਣ ਕਹਿ ਗਏ ਹਨ ਕਿ ਪੁਲਿਸ ਮੁਕਾਬਲਿਆਂ ਦੇ ਵਿਚ ਉਨ੍ਹਾਂ ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ ਹੈ ਜਿਹੜੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਂਦੇ ਸਨ । ਕੀ ਇਹ ਜਜ਼ਬਾਤ ਵਿਚ ਕਹਿ ਗਏ ਹਨ ਜਾਂ ਸੱਚ ਮੁੱਚ ਐਸੀ ਗੱਲ ਹੈ ?

**ਮਾਸਟਰ ਬਾਬੂ ਸਿੰਘ**: ਆਨ ਏ ਪੁਆਇੰਟ ਆਫ ਕਲੈਰੀਫ਼ੀਕੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਖਾੜਕੂਆਂ ਨਾਲ ਜਿਨ੍ਹਾਂ ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਚੌਧਰੀ

Original with;
Punjab Vidhan Sabha
Digitized by;
Panjab Digital Library

ਜਗਤ ਰਾਮ ਜੀ ਵੇਖ ਕੇ ਆਏ ਸਨ, ਕੀ ਉਥੇ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਰਿਲੀਫ ਮਿਲੇਗਾ ਵੀ, ਜਾਂ ਨਹੀਂ ? ਦੂਜੀ ਗੱਲ ਮਹਾਤਮਾ ਗਾਂਧੀ ਸ਼ਰਾਬ ਪੀਣ ਵਾਲਿਆਂ ਦੇ ਖਿਲਾਫ ਸਨ ਅਤੇ ਨਸ਼ਾਬੰਦੀ ਦੇ ਹੱਕ ਵਿਚ ਸਨ, ਪਰ ਇਹ ਤਾਂ ਬੱਚਿਆਂ ਨੂੰ ਸ਼ਰਾਬ ਪਿਲਾ ਕੇ ਫੰਡਜ਼ ਦੇ ਰਿਸੋਰਸ ਇਕੱਠੇ ਕਰ ਰਹੇ ਹਨ, ਇਸ ਬਾਰੇ ਸਪਸ਼ਟੀਕਰਨ ਦੇਣ ।

**ਸ੍ਰੀ ਗੁਰਦਿਆਲ ਸੈਣੀ** : ਆਨ ਏ ਪੁਆਇੰਟ ਆਫ ਕਲੈਰੀਫੀਕੇਸ਼ਨ ਸਰ । ਡਿਪਟੀ ਸਪੀਕਰ ਸਾਹਿਬ, 1981 ਵਿਚ ਸਾਰਿਆਂ ਪਿੰਡਾਂ ਨੂੰ ਮੁਆਵਜ਼ਾ ਮਿਲ ਗਿਆ ਸੀ ਜਿਨ੍ਹਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਇਆ ਸੀ, ਪਰ ਸਿਰਫ ਇਕ ਪਿੰਡ ਤੇਰਕਿਆਨਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਦਾ ਹੈ ਜਿਹੜਾ ਡਾਕਟਰ ਸਾਹਿਬ ਦੇ ਇਲਾਕੇ ਨਾਲ ਹੀ ਲਗਦਾ ਹੈ, ਉਥੇ ਹਾਲੇ ਤੱਕ ਸਰਕਾਰ ਵਲੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਹੈ, ਜਦ ਕਿ ਸਰਕਾਰ ਨੇ ਕਿਹਾ ਸੀ ਕਿ ਦੇਵਾਂਗੇ । ਇਸ ਬਾਰੇ ਦੱਸਿਆ ਜਾਏ ।

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਪ੍ਰੋਫੈਸਰ ਬਲਵੰਤ ਸਿੰਘ ਜੀ ਦੀ ਸੀ ਕਿ ਪੁਲਿਸ ਮੁਕਾਬਲਿਆਂ ਦੇ ਵਿਚ ਜਿਹੜੇ ਬੰਦੇ ਮਾਰੇ ਗਏ ਹਨ ਉਹ ਫ਼ੇਕ ਇਨਕਾਊਂਟਰ ਸਨ । ਪੁਲਿਸ ਨੇ ਆਪਣੀ ਡਿਫੈਂਸ ਵਿਚ ਗੋਲੀ ਮਾਰੀ ਹੈ ਔਰ ਜੇਕਰ ਕੋਈ ਪੁਲਿਸ ਨੂੰ ਲਲਕਾਰੇਗਾ ਅਤੇ ਪੁਲਿਸ ਤੇ ਹਮਲਾ ਕਰੇਗਾ ਤਾਂ ਪੁਲਿਸ ਨੇ ਮੁਕਾਬਲੇ ਵਿਚ ਗੋਲੀ ਤਾਂ ਚਲਾਣੀ ਹੀ ਹੈ । ਕਾਨੂੰਨ ਨੇ ਆਪਣਾ ਰਸਤਾ ਇਖਤਿਆਰ ਕਰਨਾ ਹੀ ਹੈ ਅਤੇ ਇਸ ਵਿਚ ਕਸੂਰਵਾਰ ਲੋਕ ਹੀ ਮਰੇ ਹਨ ਕੋਈ ਬੇ-ਕਸੂਰ ਨਹੀਂ ਮਾਰਿਆ ਹੈ । ਬਾਕੀ ਮਾਸਟਰ ਬਾਬੂ ਸਿੰਘ ਜੀ ਮੈਨੂੰ ਲਿਖ ਕੇ ਭੇਜ ਦੇਣ ਜਿਹੜੀ ਇਨ੍ਹਾਂ ਦੀ ਸ਼ਕਾਇਤ ਹੈ, ਉਹ ਮੈਂ ਦੇਖ ਲਵਾਂਗਾ । ਦੂਜੀ ਗੱਲ ਇਨ੍ਹਾਂ ਨੇ ਕਹੀ ਸੀ ਕਿ ਲਿੱਕਰ ਦੇ ਖਿਲਾਫ ਮਹਾਤਮਾ ਗਾਂਧੀ ਜੀ ਸਨ ਅਤੇ ਅਸੀਂ ਵੀ ਹੁਣ ਪਾਬੰਦੀ ਚਾਹੁੰਦੇ ਹਾਂ ਪਰ ਅਸੀਂ ਲੋਕਾਂ ਨੂੰ ਆਜ਼ਾਦ ਮੁਲਕ ਵਿਚ ਕਿਸੇ ਨੂੰ ਰੋਕ ਨਹੀਂ ਸਕਦੇ । ਅਸੀਂ ਬੋਤਲਾਂ ਤੇ ਲਿਖਿਆ ਹੋਇਆ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ ਅਤੇ ਕਈ ਹਊਚਜ਼ ਟਰੈਜਡੀਜ਼ ਵੀ ਹੋਈਆਂ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਪਰਸਨਲੀ ਸ਼ਰਾਬ ਪੀਣ ਦੇ ਖਲਾਫ਼ ਹਾਂ । ਡਿਪਟੀ ਸਪੀਕਰ ਸਾਹਿਬ, ਅਸੀਂ ਹਰ ਬੋਤਲ ਉਤੇ ਲਿਖਾਇਆ ਹੋਇਆ ਹੈ ਕਿ ਇਹ ਜ਼ਹਿਰ ਹੈ ਨਾ ਪੀਓ ਪਰ ਲੋਕ ਫਿਰ ਵੀ ਸ਼ਰਾਬ ਪੀਂਦੇ ਹਨ । ਜੇਕਰ ਡਿਪਟੀ ਸਪੀਕਰ ਸਾਹਿਬ, ਫਿਰ ਵੀ ਲੋਕ ਨਾ ਹਟਣ ਤਾਂ ਅਸੀਂ ਕੀ ਕਰੀਏ ? ਡਿਪਟੀ ਸਪੀਕਰ ਸਾਹਿਬ, ਸ੍ਰੀ ਗੁਰਦਿਆਲ ਸੈਣੀ ਜੀ ਨੇ ਪਿੰਡ ਤੇਰਕਿਆਨਾ ਦੀ ਗੱਲ ਕੀਤੀ ਹੈ, ਉਸ ਪਿੰਡ ਵਿਚ ਕੋਈ ਪਰਾਬਲਮ ਹੈ । ਮੈਂ ਸੈਣੀ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਉਸ ਪਰਾਬਲਮ ਨੂੰ ਅਸੀਂ ਦੂਰ ਕਰਾਂਗੇ ।

**Mr. Deputy Speaker**: Question is—

That the Punjab Appropriation (No. 4) Bill be taken into consideration at once.

*The Motion was carried.*

**Mr. Deputy Speaker**: Now the House will consider the Bill clause by clause.

Original with;
Punjab Vidhan Sabha
Digitized by;
Panjab Digital Library

CLAUSE 2

**Mr. Deputy Speaker**: Question is—

That Clause 2 stand part of the Bill.

*The motion was carried.*

CLAUSE 3

**Mr. Deputy Speaker**: Question is—

That Clause 3 stand part of the Bill.

*The motion was carried.*

THE SCHEDULE

**Mr. Deputy Speaker**: Question is—

That the Schedule stand part of the Bill.

*The motion was carried.*

CLAUSE 1

**Mr. Deputy Speaker**: Question is—

That Clause 1 stand part of the Bill.

*The motion was carried.*

TITLE

**Mr. Deputy Speaker**: Question is—

That Title be the Title of the Bill.

*The motion was carried.*

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ): ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਕਹਾਂ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ, ਮੈਂ ਇੱਕ ਦੋ ਲਫ਼ਜ਼ ਕਹਿਣਾ ਚਾਹਵਾਂਗਾ। ਡਿਪਟੀ ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਜੀ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਇਸ ਹਾਊਸ ਨੇ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਪਾਸ ਕਰਕੇ ਸੈਂਟਰਲ ਗੌਰਮਿੰਟ ਨੂੰ ਭੇਜਿਆ ਸੀ। ਇਸ ਜਾਣਕਾਰੀ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਡੀਬੇਟ ਮੰਗਵਾਈ ਸੀ। ਇਹੋ ਜਿਹਾ ਕੋਈ ਰੈਜ਼ੋਲਿਊਸ਼ਨ ਅਸੈਂਬਲੀ ਨੇ ਪਾਸ ਨਹੀਂ ਕੀਤਾ। ਸ੍ਰੀ ਬਲਰਾਮ ਜਾਖੜ ਜੀ ਨੇ ਇਕ ਰੈਜ਼ੋਲਿਊਸ਼ਨ ਪੇਸ਼ ਕੀਤਾ ਸੀ, ਜਿਹੜੀ ਲੁਧਿਆਣੇ ਕਾਨਫ਼ਰੰਸ ਹੋਈ ਸੀ। ਉਸ ਬਾਰੇ ਉਹ ਇਸ ਤਰ੍ਹਾਂ ਹੈ ਕਿ.

"This House expresses its grave concern at the resolution passed at All India Akali Conference at Ludhiana.

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, 1969 ਵਿਚ ਵੀ ਇਹੋ ਜਿਹਾ ਕੋਈ ਰੈਜ਼ੋਲਿਊਸ਼ਨ ਪਾਸ ਨਹੀਂ ਹੋਇਆ, ਕਿਉਂਕਿ ਮੈਂ ਉਸ ਵੇਲੇ ਵੀ ਮੈਂਬਰ ਸੀ। 1977 ਵਿਚ ਵੀ ਇਹੋ ਜਿਹਾ ਕੋਈ ਰੈਜ਼ੋਲਿਊਸ਼ਨ ਪਾਸ ਨਹੀਂ ਹੋਇਆ, ਕਿਉਂਕਿ ਮੈਂ ਉਸ ਵੇਲੇ ਵੀ ਮੈਂਬਰ ਸੀ। ਜੇਕਰ ਇਹੋ ਜਿਹਾ ਰੈਜ਼ੋਲਿਊਸ਼ਨ 1967 ਵਿਚ ਪਾਸ ਹੋਇਆ ਹੋਵੇਗਾ ਤਾਂ ਇਨ੍ਹਾਂ ਨੂੰ ਪਤਾ ਹੋਵੇਗਾ। ਇਹੋ ਜਿਹਾ ਕੋਈ ਰੈਜ਼ੋਲਿਊਸ਼ਨ ਅਸੈਂਬਲੀ ਵਿਚ ਪਾਸ ਨਹੀਂ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਕਿਤੇ ਵੀ ਪੰਜਾਬ ਦੀ ਅਸੈਂਬਲੀ ਨੇ ਪਾਸ ਨਹੀਂ ਕੀਤਾ ਅਤੇ ਨਾ ਹੀ ਪਾਸ ਕਰਕੇ ਸੈਂਟਰਲ ਗੌਰਮਿੰਟ ਨੂੰ ਭੇਜਿਆ ਹੈ।

Sir, I beg to move—

That the Punjab Appropriation (No. 4) Bill be passed.

**Mr. Deputy Speaker**: Motion moved—

That the Punjab Appropriation (No. 4) Bill be passed.

**Mr. Deputy Speaker**: Question is—

That the Punjab Appropriation (No. 4) Bill be passed.

*The motion was carried.*

**Mr. Deputy Speaker**: The House stands adjourned till 3.00 P.M. today, the 17th September, 1982.

*1.55 P.M. (*The Sabha then *adjourned till 3.00 P.M. on that day.*)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX

## 10

## PUNJAB VIDHAN SABHA DEBATES

*Dated 17th September, 1982 (Forenoon sitting)*

*Vol. V—No. 4*

### STARRED QUESTION AND ANSWER.

### MEMORIAL AT HUSSAINIWALA

*1653. **Sardar Dalip Singh Pandhi, M.L.A.** Will the Minister for Health be pleased to state :—

(a) whether any expenditure was incurred by the Government on the repairs and maintenance of the Martyrs Memorial at Hussainiwala during the last six years, if so, how much, if not, the reasons therefor;

(b) whether there is any proposal under the consideration of Government to make the said memorial more beautiful and attractive during the current year or the next year, if so, the details thereof and the time by which it is likely to materialise ?

ਸ਼੍ਰੀ ਜੋਗਿੰਦਰ ਪਾਲ ਪਾਂਡੇ :

(ੳ) ਜੀ ਹਾਂ । 44,435/-ਰੁਪਏ

(ਅ) ਜੀ ਹਾਂ, ਮਾਰਟਾਇਰਜ਼ ਮੈਮੋਰੀਅਲ ਪਾਰਕ ਨੂੰ ਸੁੰਦਰ ਬਣਾਉਣ ਲਈ ਇਸ ਵਿਚ ਪੈਦਲ ਚੱਲਣ ਲਈ ਰਸਤਾ, ਭੂਮੀ ਨੂੰ ਅਕਰਸ਼ਕ ਬਣਾਉਣਾ, ਜਨਤਾ ਲਈ ਸ਼ੈਲਟਰ, ਅਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਆਦਮ ਕਦ ਨਾਲੋਂ ਵੱਡੇ ਬੁੱਤ ਲਗਾਉਣ ਸਬੰਧੀ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ । ਰਾਜ ਸਰਕਾਰ ਨੇ ਇਸ ਸਕੀਮ ਨੂੰ ਮੁਕੰਮਲ ਕਰਨ ਲਈ 12 ਲੱਖ ਰੁਪਏ 1982-83 ਵਿੱਤੀ ਸਾਲ ਦੇ ਦੌਰਾਨ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਹੈ ।

334—26-2-83 325 Punjab Government Press Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

1982

Published under the authority of the Punjab Vidhan Sabha and Printed by the Controller Printing & Stationery, Punjab, at the Govt. Press, Patiala

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*18th September, 1982*

Vol. V—No. 6

## OFFICIAL REPORT

Chief Reporter
Punjab Vidhan Sabha
Chandigarh

CONTENTS

*Saturday, the 18th September, 1982*

| | PAGE |
|---|---|
| Starred Questions and Answers .. | (6) 1 |
| Unstarred Questions and Answers .. | (6)19 |
| Call-Attention Notices under Rule 66 .. | (6)26 |
| Motion under Rule 16 .. | (6)35 |
| Substantive motion *re*-condemnation of the activities of divisive and extremist elements in the Punjab State inspired by reactionary and capitalist forces. .. | (6)36 |
| Extension of time of the sitting. .. | (6)81 |
| Substantive motion *re*-condemnation of the activities of divisive and extremist elements in the Punjab State inspired by reactionary and capitalist forces (*Resumption*). .. | (6)81 |

Punjab Vidhan Sabha Secretariat, Chandigarh

Price: Rs.

Original with;
Punjab Vidhan Sabha
Digitized by;
Panjab Digital Library

Extension of time of the sitting. ..

Substantive motion *re.* condemnation of the activities of divisive and extremist elements in the Punjab State inspired by reactionary and capitalist forces (*Resumption*). ..

Extension of time of the sitting. ..

Substantive motion *re.* condemnation of the activities of divisive and extremist elements in the Punjab State inspired by reactionary and capitalist forces (*Resumption*). ..

Extension of time of the Sitting. ..

Substantive motion *re.* condemnation of the activities of divisive and extremist elements in the Punjab State inspired by reactionary and capitalist forces (*Resumption*). ..

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Saturday, the 18th September, 1982**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

———

## STARRED QUESTIONS AND ANSWERS

### EXCESS PAYMENT IN CASE OF METAL BODIES

***1660 Comrade Kulwant Singh**
**Comrade Raj Kumar** } Will the Minister of State for Transport be pleased to state whether the Director, State Transport received any memorandum from Upper India Coach Builders Association, Jallandhar through a legislator regarding excess payment in case of metal bodies of buses in February, 1981, if so, the action taken/proposed to be taken thereon ?

**ਸ੍ਰੀ ਜੋਗਿੰਦਰ ਪਾਲ ਪਾਂਡੇ (ਸਿਹਤ ਮੰਤਰੀ)** : ਹਾਂ ਜੀ, ਅਪਰ ਇੰਡੀਆ ਕੋਚ ਬਿਲਡਰਜ਼ ਐਸੋਸੀਏਸ਼ਨ, ਜਲੰਧਰ ਵੱਲੋਂ ਪ੍ਰਤੀ-ਬੇਨਤੀ ਵਿਚਾਰ ਅਧੀਨ ਹੈ ਅਤੇ ਪ੍ਰਾਥਮਿਕਤਾ ਦੇ ਆਧਾਰ ਤੇ ਫੈਸਲਾ ਕੀਤਾ ਜਾਵੇਗਾ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, 14 ਅਗਸਤ, 1981 ਨੂੰ ਇਹ ਰਿਪਰ-ਜ਼ੈਂਟੇਸ਼ਨ ਇਨ੍ਹਾਂ ਨੂੰ ਭੇਜੀ ਸੀ । ਇਸ ਗੱਲ ਨੂੰ ਇਕ ਸਾਲ ਤੋਂ ਵੱਧ ਹੋ ਗਿਆ ਹੈ । ਬੜੀ ਸਿੰਪਲ ਜਿਹੀ ਗੱਲ ਸੀ ਕਿ 25, 25 ਸੌ ਰੁਪਏ ਐਂਵੇ ਹੀ ਡਿਪਾਰਟਮੈਂਟ ਨੇ ਕੁਝ ਬਾਡੀ ਬਿਲਡਰਜ਼ ਨੂੰ ਦੇ ਦਿੱਤੇ ਹਨ । ਹੁਣ ਇਸਦੇ ਵਿਚ ਵੇਖਣ ਵਾਲਾ ਕੀ ਹੈ ਜੋ ਇਕ ਸਾਲ ਵਿਚ ਇਹ ਸੈਟਲ ਨਹੀਂ ਕਰ ਸਕੇ । ਹੁਣ ਤੱਕ ਜੋ ਇਨ੍ਹਾਂ ਨੇ ਕੀਤਾ ਹੈ ਉਹ ਦੱਸ ਦੇਣ ਤਾਂ ਕਿ ਸਾਨੂੰ ਅੰਦਾਜ਼ਾ ਹੋ ਸਕੇ ਕਿ ਅੱਗੇ ਕੀ ਕੁਝ ਹੋਣਾ ਹੈ ?

**ਸਿਹਤ ਮੰਤਰੀ** : 2 ਫਰਵਰੀ, 1982 ਨੂੰ ਇਕ ਚਿੱਠੀ ਸ੍ਰੀ ਰਾਜ ਕੁਮਾਰ ਜੀ ਨੇ ਵਾਸਤਵਾ, ਡਾਇਰੈਕਟਰ, ਸਟੇਟ ਟਰਾਂਸਪੋਰਟ, ਪੰਜਾਬ ਨੂੰ ਲਿਖੀ ਅਤੇ ਉਸਦੇ ਨਾਲ ਸ੍ਰੀ ਪੀ. ਐਸ. ਹੁੰਡਲ, ਜਿਹੜੇ ਕਿ ਗੁਰੂ ਨਾਨਕ ਬਾਡੀ ਬਿਲਡਰਜ਼ ਦੇ ਮਾਲਕ ਜਾਂ ਪਾਰਟਨਰ ਹਨ, ਦੀ ਪ੍ਰਤੀ-ਬੇਨਤੀ ਭੇਜੀ । ਇਹ ਸ੍ਰੀ ਰਾਜ ਕੁਮਾਰ ਜੀ ਨੂੰ 14 ਅਗਸਤ, 1981 ਨੂੰ ਉਨ੍ਹਾਂ ਨੇ ਭੇਜੀ ਸੀ ਅਤੇ ਇਨ੍ਹਾਂ ਨੇ ਡਾਇਰੈਕਟਰ, ਸਟੇਟ ਟਰਾਂਸਪੋਰਟ ਨੂੰ 2 ਫਰਵਰੀ, 1982 ਨੂੰ ਭੇਜੀ । ਡਿਪਾਰਟਮੈਂਟ ਨੂੰ ਇਹ 9 ਫਰਵਰੀ, 1982 ਨੂੰ ਮਿਲੀ । 9 ਫਰਵਰੀ, 1982 ਨੂੰ ਹੀ ਇਹ ਐਕਨਾਲਜ ਕਰ ਦਿੱਤੀ ਤੇ ਇਸਦਾ ਜਵਾਬ ਦੇ ਦਿੱਤਾ । ਪਹਿਲੀ ਗੱਲ ਤਾਂ ਇਹ ਗਲਤ ਜਾਪਦੀ ਹੈ ਕਿ ਮਿਸਟਰ ਹੁੰਡਲ ਨੇ ਕੋਈ ਕੰਪਲੇਂਟ 1981 ਵਿਚ ਡਿਪਾਰਟਮੈਂਟ ਨੂੰ ਭੇਜੀ । ਡਿਪਾਰਟਮੈਂਟ ਦੇ ਰਿਕਾਰਡ ਤੇ ਕੋਈ ਅਜਿਹੀ ਚਿੱਠੀ ਨਹੀਂ ਹੈ ਜਿਹੜੀ ਚਿੱਠੀ ਉਨ੍ਹਾਂ ਨੇ ਸ੍ਰੀ ਰਾਜ ਕੁਮਾਰ ਜੀ ਨੂੰ ਭੇਜੀ ਅਤੇ ਸ੍ਰੀ ਰਾਜ ਕੁਮਾਰ ਨੇ ਡਿਪਾਰਟਮੈਂਟ ਨੂੰ ਭੇਜੀ ਹੈ ਉਹ ਮੌਜੂਦ ਹੈ । ਇਸ ਲਈ ਕਿਸੇ ਕਿਸਮ ਦੀ ਕੋਤਾਹੀ ਨਹੀਂ ਹੋਈ । ਨੰਬਰ ਦੋ ਮੈਂ ਇਹ ਦੱਸਣਾ

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਚਾਹੁੰਦਾ ਹਾਂ ਕਿ ਕੁਝ ਟੈਕਨੀਕਲ ਵਜਾਹ ਦੀ ਬਿਨਾ ਤੇ ਇਨ੍ਹਾਂ ਨੂੰ ਜਵਾਬ ਫਰਵਰੀ ਤੋਂ ਹੁਣ ਤੱਕ ਨਹੀਂ ਜਾ ਸਕਿਆ । ਐਨਾ ਮੈਂ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਪੰਜ ਦਸ ਦਿਨਾਂ ਵਿਚ ਇਨ੍ਹਾਂ ਨੂੰ ਜਵਾਬ ਭੇਜ ਦਿਆਂਗੇ ।

---

NOMINATIONS FOR THE RECRUITMENT TO THE P. C. S. (EXECUTIVE)

***1651. Comrade Raj Kumar**
**Comrade Buta Singh** :—Will the Chief Minister be pleased to state whether the Chief Secretary to Government, Punjab, received any letter from a Legislator in March, 1982 regarding inviting fresh nominations for recruitment to the P.C.S. (Executive Branch) from Register A-II (Ministerial Staff); if so, the action taken/proposed to be taken thereon. ?

**Doctor Kewal Krishan** (Finance Minister) : Yes, the suggestions contained in the letter of the Legislator were considered by the Government and it was decided that it would not be expedient to invite fresh nominations for recruitment to the P. C. S. (Executive Branch) from Register A-II (Ministerial Staff) in respect of the vacancies for the years 1976 and 1977.

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਐਕਸਪੀਡੀਐਂਸੀ ਕੀ ਹੈ ? ਇਹ ਐਕਸਪੀਡੀਐਂਸੀ ਪੁਲਿਟੀਕਲ ਹੈ, ਐਡਮਨਿਸਟ੍ਰੇਟਿਵ ਹੈ ਜਾਂ ਪਰਸਨਲ ਹੈ, ਇਹ ਇਲੈਬੋਰੇਟ ਕਰ ਦੇਣ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਪੀ. ਸੀ. ਐਸ. ਦੀਆਂ ਇਹ ਵੇਕੇਂਸੀਆਂ 50% ਓਪਨ ਰਿਕਰੂਟਮੈਂਟ ਰਾਹੀਂ ਅਤੇ 50% ਗੌਰਮਿੰਟ ਵਲੋਂ ਨਾਮੀਨੇਸ਼ਨਜ਼ ਰਾਹੀਂ ਭਰੀਆਂ ਜਾਂਦੀਆਂ ਹਨ । ਤਹਿਸੀਲਦਾਰ, ਨਾਇਬ ਤਹਿਸੀਲਦਾਰ, ਮਨਿਸਟੀਰਅਲ ਸਟਾਫ, ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ ਜਿਹੜੇ ਕਿ ਦੂਸਰੇ ਕਿਸੇ ਰਜਿਸਟਰ ਵਿੱਚ ਕਵਰ ਨਹੀਂ ਹੁੰਦੇ ਉਨ੍ਹਾਂ ਵਿਚੋਂ 18%, 16%, 11% ਅਤੇ 5% ਦੇ ਹਿਸਾਬ ਨਾਲ ਭਰੀਆਂ ਜਾਂਦੀਆਂ ਹਨ । 1976 ਅਤੇ 1977 ਵਿੱਚ ਪਬਲਿਕ ਸਰਵਿਸ ਕਮਿਸ਼ਨ ਨੇ ਇਸਦੇ ਲਈ ਨਾਂ ਮੰਗੇ ਸਨ । 1976 ਵਿੱਚ ਜਿਹੜੀ ਗੌਰਮਿੰਟ ਸੀ ਉਸਨੇ ਬੜੀ ਮੁਸ਼ਕਲ ਨਾਲ 1979 ਵਿੱਚ ਇਸ ਬਾਰੇ ਫੈਸਲਾ ਕੀਤਾ ਪਰ ਉਹ ਨਾਂ ਨਹੀਂ ਭੇਜ ਸਕੇ । ਫਿਰ ਗਵਰਨਰੀ ਰਾਜ ਆ ਗਿਆ । ਗਵਰਨਰੀ ਰਾਜ ਵਿਚ ਇਹ ਨਾਂ ਭੇਜੇ ਗਏ । ਫਿਰ ਨਵੀਂ ਗੌਰਮਿੰਟ ਇਨਸਟਾਲ ਹੋ ਗਈ ਅਤੇ ਉਸ ਨੇ ਮਹਿਸੂਸ ਕੀਤਾ ਅਤੇ ਆਪਣੀਆਂ ਰਿਕੁਮੈਂਡੇਸ਼ਨਜ਼ ਭੇਜੀਆਂ । ਉਹ ਰਿਕਮੈਂਡੇਸ਼ਨਜ਼ ਕੰਸਿਡਰ ਹੋ ਕੇ ਜਾ ਚੁਕੀਆਂ ਹਨ । ਦੇਰ ਜ਼ਰੂਰ ਲੱਗੀ ਹੈ ਲੇਕਿਨ ਦੇਰੀ ਦੇ ਜੋ ਕਾਰਨ ਸਨ ਉਹ ਮੈਂ ਦੱਸ ਦਿੱਤੇ ਹਨ । ਹੁਣ ਬਕਾਇਦਾ ਉਨ੍ਹਾਂ ਦੇ ਨਾਂ ਜਾ ਚੁਕੇ ਹਨ ।

---

ਨਿਸ਼ਾਨਵਾਲਾ ਪ੍ਰਸ਼ਨ ਨੰ: 1639

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ ।)

---

Original with;
Punjab Vidhan Sabha
Digitized by;
Panjab Digital Library

## GRANT OF HOUSE RENT ALLOWANCE

*1649. **Comrade Sarwan Singh** Dharam kot
**Comrade Sohan Singh** (Put by Comrade Saghar Singh) : Will the Minister for Finance be pleased to state —

(a) the census figures for S. A. S. Nagar on the basis of 1981 census;

(b) the population on the basis of which the Punjab Government allows the House Rent Allowance to its employees posted in a town and within eight K.Ms. from the periphery of that town;

(c) the names of new towns where the Punjab Government has granted House Rent Allowance to its employees on the basis of 1981 census;

(d) the reasons for not allowing the House Rent Allowance to the employees posted within 8 Kms. from the periphery of S.A.S. Nagar ?

**ਡਾਕਟਰ ਕੇਵਲ ਕ੍ਰਿਸ਼ਨ :** (ੳ) 32,310

(ਅ) ਕਸਬਿਆਂ/ਸ਼ਹਿਰਾਂ ਵਿਚ ਜਾਂ ਉਨ੍ਹਾਂ ਦੀ ਹੱਦ ਤੋਂ 8 ਕਿਲੋਮੀਟਰ ਦੇ ਅੰਦਰ ਨਿਯੁਕਤ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਦੇਣ ਵਾਸਤੇ ਇੱਕ ਲੱਖ ਜਾਂ ਵੱਧ ਆਬਾਦੀ ਵਾਲੇ ਸ਼ਹਿਰ ਨੂੰ ਦਰਜਾ ਇੱਕ ਦਾ ਸ਼ਹਿਰ ਅਤੇ 25,000 ਤੋਂ ਵੱਧ ਪਰ ਇਕ ਲੱਖ ਤੋਂ ਘੱਟ ਆਬਾਦੀ ਵਾਲੇ ਨੂੰ ਦੂਜੇ ਦਰਜੇ ਦਾ ਸ਼ਹਿਰ ਘੋਸ਼ਿਤ ਕੀਤਾ ਜਾਂਦਾ ਹੈ ।

(ੲ) ਲੋੜੀਂਦੀ ਸੂਚੀ ਅਨੁਲਗ 'ੳ' ਤੇ ਹੈ ਜਿਹੜੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਭਾਵੇਂ ਆਬਾਦੀ ਦੇ ਆਧਾਰ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੂਜੇ ਦਰਜੇ ਦਾ ਸ਼ਹਿਰ ਹੈ ਪਰ ਇਸ ਨੂੰ ਅਜਿਹਾ ਘੋਸ਼ਿਤ ਨਹੀਂ ਕੀਤਾ ਗਿਆ ਕਿਉਂਕਿ ਇਹ ਚੰਡੀਗੜ੍ਹ (ਦਰਜਾ ਇਕ ਦਾ ਸ਼ਹਿਰ) ਦੀ ਹੱਦ ਤੋਂ 8 ਕਿਲੋਮੀਟਰ ਦੇ ਅੰਦਰ ਹੈ ਅਤੇ ਇਥੇ ਨਿਯੁਕਤ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਉਸੇ ਦਰ ਤੇ ਮਿਲਦਾ ਹੈ ਜਿਸ ਦਰ ਤੇ ਚੰਡੀਗੜ੍ਹ ਵਿਚ ਨਿਯੁਕਤ ਕਰਮਚਾਰੀਆ ਨੂੰ ਮਿਲਦਾ ਹੈ ।

Original with;
Punjab Vidhan Sabha
Digitized by;
Panjab Digital Library

[Finance Minister]

## ANNEXURE 'A'

Name of the new Towns declared as First Class and Second Class Cities on the basis of Census of India, 1981.

| First Class Cities | Second Class Cities |
|---|---|
| 1. Bhatinda | 1. Tarn Taran |
| 2. Pathankot | 2. Rampura Phul |
| 3. Batala | 3. Samana |
| 4. Ferozepure (including Ferozepur Cantt.) | 4. Sirhind |
| | 5. Dhuri |
| | 6. Gidderbaha |
| | 7. Nawan Shahr |
| | 8. Gobindgarh |
| | 9. Nakodar |
| | 10. Jaitu |

**ਕਾਮਰੇਡ ਸੱਘੜ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 8 ਕਿਲੋਮੀਟਰ ਦੀ ਪੈਰੀਫੈਰੀ ਦੇ ਅੰਦਰ ਅੰਦਰ ਹੀ ਮਕਾਨ ਕਿਰਾਇਆ ਭੱਤਾ ਦਿੱਤਾ ਜਾਂਦਾ ਹੈ । ਨਵੇਂ ਕਸਬਿਆਂ ਦੇ ਜਿਹੜੇ ਨਾਂ ਦਿੱਤੇ ਹਨ ਉਹ ਤਾਂ ਮਿਲੇ ਨਹੀਂ ਹਨ ।

**ਮੰਤਰੀ :** ਅਨੈਕਸਚਰ ਪੜ੍ਹ ਲਓ ।

**ਕਾਮਰੇਡ ਸ਼ੱਘੜ ਸਿੰਘ :** ਮੇਰੇ ਕੋਲ ਤਾਂ ਇਹ ਆਇਆ ਨਹੀਂ ਹੈ । ਤੁਸੀਂ ਹੀ ਪੜ੍ਹ ਦਿਓ ।

**ਮੰਤਰੀ :** ਸਪੀਕਰ ਸ਼ਾਹਿਬ, ਸੈਕੰਡ ਕਲਾਸ ਸ਼ਹਿਰ ਜਿਹੜੇ ਹਨ ਉਹ ਹਨ— ਤਰਨ ਤਾਰਨ, ਰਾਮਪੁਰਾ ਫੂਲ, ਸਮਾਣਾ, ਸਰਹਿੰਦ, ਧੂਰੀ, ਗਿੱਦੜਬਾਹਾ, ਨਵਾਂ ਸ਼ਹਿਰ, ਗੋਬਿੰਦਗੜ੍ਹ, ਨਕੋਦਰ ਅਤੇ ਜੈਤੋਂ । ਇਹ 1981 ਵਿਚ ਡਿਕਲੇਅਰ ਹੋਏ ਹਨ । ਜਿਹੜੇ ਸ਼ਹਿਰ ਹੋਰ ਨੋਟਫਾਈ ਬਾਅਦ ਵਿੱਚ ਕੀਤੇ ਹਨ ਉਨ੍ਹਾਂ ਨੂੰ ਨਾਲ ਮਿਲਾਕੇ ਕੁੱਲ 25 ਸ਼ਹਿਰ ਹੁਣ ਇਸ ਵਕਤ ਹਨ । ਇਹ ਹਨ—ਹੁਸ਼ਿਆਰਪੁਰ, ਬਠਿੰਡਾ, ਫਿਰੋਜ਼ਪੁਰ, ਗੁਰਦਾਸਪੁਰ, ਕਪੂਰਥਲਾ, ਸੰਗਰੂਰ, ਬਟਾਲਾ ਜਗਰਾਉਂ, ਮੋਗਾ, ਮੁਕਤਸਰ, ਮਲੇਰਕੋਟਲਾ ਆਦਿ । ਇਨ੍ਹਾ ਵਿਚੋਂ ਚਾਰ ਸ਼ਹਿਰ ਬਠਿੰਡਾ, ਫ਼ਿਰੋਜ਼ਪੁਰ, ਬਟਾਲਾ ਅਤੇ ਪਠਾਨਕੋਟ ਨਿਕਲ ਗਏ ਹਨ ਅਤੇ ਇਹ ਫਸਟ ਕਲਾਸ ਸ਼ਹਿਰ ਬਣ ਗਏ ਹਨ । ਨੰਗਲ ਟਾਊਨਸ਼ਿਪ, ਖੰਨਾ, ਬਰਨਾਲਾ, ਮਾਨਸਾ, ਫਰੀਦਕੋਟ, ਰਾਜਪੁਰਾ ਟਾਊਨਸ਼ਿਪ ਸੈਕੰਡ ਕਲਾਸ ਹਨ । 1981 ਵਿੱਚ 4 ਸ਼ਹਿਰ ਫਸਟ ਕਲਾਸ ਡਿਕਲੇਅਰ ਹੋਏ ਸਨ ਅਤੇ 10 ਸੈਕੰਡ ਕਲਾਸ ਹੋਏ ਸਨ । ਇਸ ਤੋਂ ਬਾਅਦ ਫਿਰ ਪੰਜ ਹੋਰ ਸਹਿਰ ਫਸਟ ਕਲਾਸ ਅਤੇ 25 ਸੈਕੰਡ ਕਲਾਸ ਡਿਕਲੇਅਰ ਹੋ ਚੁੱਕੇ ਹਨ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਇਥੇ ਹੁਣੇ ਮਾਨਸਾ ਦਾ ਜ਼ਿਕਰ ਆਇਆ ਹੈ । ਜੋ ਮੰਤਰੀ ਜੀ ਨੇ ਮਾਨਸਾ ਦੀ ਆਬਾਦੀ ਦੱਸੀ ਹੈ ਉਸ ਵਿਚ 10 ਹਜ਼ਾਰ ਦਾ ਫਰਕ ਹੈ । ਮਰਦਮ ਸੁਮਾਰੀ ਦੇ ਹਿਸਾਬ ਨਾਲ ਉਥੇ ਦੀ ਆਬਾਦੀ 41 ਹਜ਼ਾਰ ਦੱਸੀ ਗਈ ਹੈ ਪਰ ਰਾਸ਼ਨਕਾਰਡਾਂ ਦੇ ਹਿਸਾਬ ਨਾਲ ਉਥੇ ਦੀ ਆਬਾਦੀ 51 ਹਜ਼ਾਰ ਬਣਦੀ ਹੈ । ਇਸ ਤਰ੍ਹਾਂ ਨਾਲ 10 ਹਜ਼ਾਰ ਦੀ ਆਬਾਦੀ ਦਾ ਫਰਕ ਹੈ । ਕੀ ਇਹ ਪੜਤਾਲ ਕਰਵਾ ਕੇ ਜੋ ਆਬਾਦੀ ਠੀਕ ਹੈ ਉਹ ਸਰਕਾਰ ਦੇ ਰਿਕਾਰਡ ਵਿਚ ਸ਼ਾਮਲ ਕਰਨ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਆਬਾਦੀ ਵਾਸਤੇ ਮਰਦਮ ਸੁਮਾਰੀ ਦਾ ਆਧਾਰ ਹੀ ਮੰਨਿਆ ਜਾਂਦਾ ਹੈ, ਰਾਸ਼ਨਕਾਰਡਾਂ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ ਭਾਵੇਂ ਰਾਸ਼ਨ ਕਾਰਡ ਵੀ ਮਰਦਮ ਸੁਮਾਰੀ ਤੋਂ ਹੀ ਬਣਦੇ ਹਨ ਲੇਕਿਨ ਉਹ ਕਾਰਡ ਮਰਦਮ ਸੁਮਾਰੀ ਦਾ ਬੇਸ ਨਹੀਂ ਬਣ ਸਕਦੇ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਥੋਂ ਮੁਹਾਲੀ ਚਾਰ ਪੰਜ ਕਿਲੋਮੀਟਰ ਤਾਂ ਵੈਸੇ ਹੀ ਹੈ । ਬਾਕੀ ਚਾਰ ਕਿਲੋਮੀਟਰ ਰਹਿ ਜਾਂਦਾ ਹੈ ਕਿਉਂਕਿ 8 ਕਿਲੋਮੀਟਰ ਦੇ ਘੇਰੇ ਵਿਚ ਜਿਹੜੀ ਆਬਾਦੀ ਆਉਂਦੀ ਹੈ ਤੁਸੀਂ ਉਸ ਨੂੰ ਵੇਖਦੇ ਹੋ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਮੁਹਾਲੀ ਦੇ ਅੱਠ ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਹਨ ਕੀ ਉਨ੍ਹਾਂ ਨੂੰ ਸਰਕਾਰ ਜੇਕਰ ਫਸਟ ਕਲਾਸ ਨਹੀਂ ਦੇ ਸਕਦੀ ਤਾਂ ਸੈਕੰਡ ਕਲਾਸ ਸਿਟੀ ਜਿਤਨਾ ਹਾਊਸ ਰੈਂਟ ਅਲਾਉਂਸ ਦੇਣ ਲਈ ਕਨਸਿਡਰ ਕਰਨਗੇ ?

ਨੰਬਰ ਦੋ ਇਹ ਕਿ ਕਈਆਂ ਪਿੰਡਾਂ ਵਿਚ ਜਿਹੜੇ ਮਿਉਂਸਪਲ ਕਮੇਟੀਆਂ ਵਿਚ ਆਉਂਦੇ ਹਨ ਉਥੇ ਹਾਊਸ ਰੈਂਟ ਪਹਿਲਾਂ ਮਿਲਦਾ ਸੀ ਪਰ ਬਾਅਦ ਵਿਚ ਬੰਦ ਕਰ ਦਿੱਤਾ ਗਿਆ ਹੈ । ਰੈਵੀਨਿਊ ਡਿਪਾਰਟਮੈਂਟ ਨੇ ਵੈਰੀਫਿਕੇਸ਼ਨ ਵੀ ਕੀਤੀ ਹੈ ਪਰ ਉਥੇ ਰਹਿਣ ਵਾਲੇ ਮੁਲਾਜ਼ਮਾਂ ਨੂੰ ਅਜੇ ਵੀ ਹਾਊਸ ਰੈਂਟ ਅਲਾਉਂਸ ਮੁੜ ਦੇਣਾ ਸ਼ੁਰੂ ਨਹੀਂ ਕੀਤਾ । ਕੀ ਮੁੜ ਕੇ ਐਸੇ ਪਿੰਡਾਂ ਵਿਚ ਇਹ ਅਲਾਉਂਸ ਸਰਕਾਰ ਦੇਣ ਲਈ ਤਿਆਰ ਹੈ ? ਇਕ ਇਹ ਵੀ ਦੱਸਿਆ ਜਾਵੇ ਕਿ ਧੂਰੀ ਸ਼ਹਿਰ ਵੀ ਹਾਊਸ ਰੈਂਟ ਅਲਾਉਂਸ ਦੇਣ ਦੀ ਹੱਦ ਵਿੱਚ ਆਉਂਦਾ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਧੂਰੀ ਸੈਕੰਡ ਕਲਾਸ ਸਿਟੀ ਡਿਕਲੇਅਰ ਹੋ ਗਿਆ ਹੈ । ਉਸ ਦੀ ਆਬਾਦੀ 25 ਹਜ਼ਾਰ ਤੋਂ ਜ਼ਿਆਦਾ ਹੈ । ਉਹ ਲਿਸਟ ਵਿਚ ਸ਼ਾਮਲ ਹੈ । ਇਸ ਤਰ੍ਹਾਂ ਨਾਲ 9 ਫਸਟ ਕਲਾਸ ਸਿਟੀਜ਼ ਔਰ 31 ਸੈਕੰਡ ਕਲਾਸ ਸਿਟੀਜ਼ ਡਿਕਲੇਅਰ ਕੀਤੇ ਗਏ ਹਨ ।

ਬਾਕੀ ਮੁਹਾਲੀ ਦੇ ਬਾਰੇ ਮੈਂ ਪਹਿਲਾਂ ਵੀ ਦੱਸ ਚੁਕਾ ਹਾਂ ਕਿ ਉਥੇ ਫਸਟ ਕਲਾਸ ਸਿੱਟੀ ਦਾ ਅਲਾਉਂਸ ਮਿਲਦਾ ਹੈ । ਇੰਪਲਾਈਜ਼ ਦੀ ਮੈਜਾਰਿਟੀ ਮੁਹਾਲੀ ਵਿਚ ਰਹਿੰਦੀ ਹੈ ਔਰ ਉਹ ਇਸ ਗੱਲ ਨੂੰ ਮੁਨਾਸਿਬ ਨਹੀਂ ਸਮਝਣਗੇ ਕਿ ਮੁਹਾਲੀ ਨੂੰ ਸੈਕਿੰਡ ਕਲਾਸ ਸਿਟੀ ਵਾਲਾ ਹਾਊਸ ਰੈਂਟ ਉਨ੍ਹਾਂ ਨੂੰ ਮਿਲੇ । ਜਿਹੜੀ ਗੱਲ ਤੁਸੀਂ ਨਾਲ ਲਗਦੇ ਪਿੰਡਾਂ ਦੀ ਕਰਦੇ ਹੋ ਉਨ੍ਹਾਂ ਪਿੰਡਾਂ ਨੂੰ ਸੈਕੰਡ ਕਲਾਸ ਸਿਟੀ ਵਾਲਾ ਅਲਾਉਂਸ ਦੇਣ ਵਾਸਤੇ ਤਾਂ ਸਾਰੇ ਮੁਹਾਲੀ ਸ਼ਹਿਰ ਨੂੰ ਹੀ ਸੈਕੰਡ ਕਲਾਸ ਸਿੱਟੀ ਡਿਕਲੇਅਰ ਕਰਨਾ ਪਵੇਗਾ ਔਰ ਇਸ ਤਰ੍ਹਾਂ ਕਰਨ ਨਾਲ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜੋ ਮੁਹਾਲੀ ਦੇ ਅੱਗੇ 12½% ਹਾਊਸ ਰੈਂਟ ਅਲਾਊਂਸ ਲੈਂਦੇ ਹਨ ਉਨ੍ਹਾਂ ਨੂੰ ਵੀ 7½% ਲੈਣਾ ਪਵੇਗਾ । ਇਸ ਲਈ ਕਬਨਿਟ ਦਾ ਇਹ ਡਿਸੀਜ਼ਨ ਹੋ ਚੁਕਿਆ ਹੋਇਆ ਹੈ ਔਰ ਮੁਹਾਲੀ ਵਿਚ ਰਹਿ ਰਹੇ ਮੁਲਾਜ਼ਮਾਂ ਨੂੰ 12½% ਅਲਾਊਂਸ ਮਿਲ ਰਿਹਾ ਹੈ ।

---

## P.W.D. LAND GRAB IN DISTRICT ROPAR

***1650 Comrade Raj Kumar**
**Comrade Buta Singh** } : Will the Minister for Public Works be pleased to state whether he received a memorandum in April, 1982 through a legislator regarding case of P.W.D. land grab in District Ropar; if so, the action taken/proposed to be taken thereon ?

**ਸਰਦਾਰ ਬੇਅੰਤ ਸਿੰਘ**: (1) ਹਾਂ ਜੀ ।

(2) ਕੁਲੈਕਟਰ, ਖਰੜ ਦੀ ਅਦਾਲਤ ਵਿਚ ਜੁਲਾਈ, 1982 ਵਿਚ ਇਨਕਰੋਚਮੈਂਟ ਉਠਾਉਣ ਲਈ ਦਾਵਾ ਦਾਇਰ ਕੀਤਾ ਗਿਆ ਹੈ ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੰਤਰੀ ਜੀ ਦਾ ਜਵਾਬ ਆਇਆ ਹੈ ਕਿ ਇਨਕਰੋਚਮੈਂਟ ਹਟਾਉਣ ਵਾਸਤੇ ਕੇਸ ਅਦਾਲਤ ਵਿਚ ਚਲ ਰਿਹਾ ਹੈ । ਠੀਕ ਹੈ, ਉਥੇ ਇਨਕਰੋਚਮੈਂਟ ਪੱਕੀ ਟਾਈਪ ਦੀ ਹੈ ਕਿਉਂਕਿ ਉਥੇ ਪੱਕੇ ਕਮਰੇ ਬਣਾਏ ਹੋਏ ਹਨ ਔਰ ਦੁਕਾਨਾਂ ਬਣਾਈਆਂ ਹੋਈਆਂ ਹਨ ਪਰ ਕੁਝ ਪਾਵਰ ਗੌਰਮਿੰਟ ਪਾਸ ਹੈ, ਡਿਪਾਰਟਮੈਂਟ ਪਾਸ ਹੈ ਕਿ ਉਹ ਕੋਰਟ ਵਿਚ ਜਾਣ ਤੋਂ ਪਹਿਲਾਂ ਇਨਕਰੋਚਮੈਂਟ ਕਰਨ ਵਾਲੇ ਨੂੰ ਨੋਟਿਸ ਦੇ ਕੇ ਆਪ ਹੀ ਰਿਮੂਵ ਕਰਵਾ ਦੇਵੇ । ਕੀ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਅਦਾਲਤ ਵਿਚ ਕੇਸ ਭੇਜਣ ਤੋਂ ਪਹਿਲਾਂ ਜੋ ਮਹਿਕਮਾ ਆਪ ਆਪਣੀਆਂ ਪਾਵਰਜ਼ ਵਰਤ ਸਕਦਾ ਸੀ, ਉਹ ਵਰਤੀਆਂ ਗਈਆਂ ਹਨ ?

**ਮੰਤਰੀ**: ਸਪੀਕਰ ਸਾਹਿਬ, ਡਿਪਾਰਟਮੈਂਟ ਕੋਰਟ ਵਿਚ ਜਾਂਦਾ ਹੀ ਤਾਂ ਹੈ ਜਦੋਂ ਉਹ ਆਪਣੀ ਪਾਵਰਜ਼ ਵਰਤ ਹਟਦਾ ਹੈ । ਕੱਲ੍ਹ ਵੀ ਇਸ ਤਰ੍ਹਾਂ ਦਾ ਇਕ ਬਿੱਲ ਇਥੇ ਆਇਆ ਸੀ । ਅਸਲ ਵਿਚ, ਸਪੀਕਰ ਸਾਹਿਬ, ਸਾਡੇ ਅਫਸਰਾਂ ਕੋਲ ਕੁਲੈਕਟਰਜ਼ ਦੀਆਂ ਪਾਵਰਜ਼ ਨਹੀਂ ਹੁੰਦੀਆਂ । ਇਹ ਵੀ ਅਸੀਂ ਯਤਨ ਕਰ ਰਹੇ ਹਾਂ ਕਿ ਕਿਸੇ ਐਸ. ਈ. ਨੂੰ ਜਾਂ ਕਿਸੇ ਐਕਸ.ਈ.ਐਨ. ਨੂੰ ਜਾਂ ਕਿਸੇ ਪੀ. ਸੀ. ਐਸ. ਅਫਸਰਾਂ ਨੂੰ ਕੁਲੈਕਟਰਜ਼ ਦੀਆਂ ਪਾਵਰਜ਼ ਲੈ ਦੇਈਏ । ਸਾਡੇ ਅਫਸਰਾਂ ਕੋਲ ਕੁਲੈਕਟਰਜ਼ ਦੀਆ ਪਾਵਰਜ਼ ਨਹੀਂ ਹਨ ਇਸ ਕਰਕੇ ਹੀ ਅਸੀਂ ਕੁਲੈਕਟਰਜ਼ ਕੋਲ ਕੇਸ ਫਾਈਲ ਕਰਦੇ ਹਾਂ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਮੈਂ ਇਹ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਇਸ ਗੱਲ ਦਾ ਇਲਮ ਹੈ ਕਿ ਸਾਰੇ ਪੰਜਾਬ ਵਿਚ ਸ਼ਹਿਰਾਂ ਦੇ ਵਿਚ ਖਾਸ ਤੌਰ ਤੇ ਪੀ. ਡਬਲਿਊ. ਡੀ. ਦੀ ਕਾਫੀ ਜਗ੍ਹਾ ਇਨਕਰੋਚ ਹੋਈ ਹੋਈ ਹੈ ? ਇਕ ਇਹ ਵੀ ਪ੍ਰਾਬਲਮ ਹੈ ਕਿ ਮਿਊਂਸਪਲ ਕਮੇਟੀਆਂ ਨੇ ਇਨ੍ਹਾਂ ਥਾਂਵਾਂ ਕਈ ਥਾਵਾਂ ਤੇ ਬਾਕਾਇਦਾ ਅਲਾਟਮੈਂਟਾਂ ਕੀਤੀਆਂ ਹੋਈਆਂ ਹਨ ਔਰ ਉਥੇ ਕਾਫੀ ਦੇਰ ਤੋਂ ਖੋਖੇ

Original with;
Punjab Vidhan Sabha
Digitized by;
Panjab Digital Library

ਚਲ ਰਹੇ ਹਨ। ਕੀ ਕੋਈ ਸਰਕਾਰ ਦੇ ਲੇਵਲ ਤੇ ਵਜ਼ੀਰ ਸਾਹਿਬ ਨੇ ਫੈਸਲਾ ਕਰਾਉਣ ਦੀ ਕੋਸ਼ਿਸ਼ ਕੀਤੀ ਹੈ; ਜੇਕਰ ਕੀਤੀ ਹੈ ਤਾਂ ਉਸ ਦੇ ਕੀ ਰਿਜ਼ਲਟਸ ਨਿਕਲੇ ਹਨ ?

**ਮੰਤਰੀ**: ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਗੱਲ ਦਰੁਸਤ ਹੈ ਕਿ ਖਾਸ ਤੌਰ ਤੇ ਸ਼ਹਿਰਾਂ ਵਿਚ ਹੀ ਨਜਾਇਜ਼ ਕਬਜ਼ੇ ਹੁੰਦੇ ਹਨ ਅੌਰ ਜਦੋਂ ਉਸ ਜਗਾਹ ਨੂੰ ਖਾਲੀ ਕਰਾਉਣ ਦਾ ਮਸਲਾ ਆਉਂਦਾ ਹੈ ਤਾਂ ਪੁਲਿਟੀਕਲ ਇਨਟਰਫੀਅਰੈਂਸ ਹੁੰਦੀ ਹੈ। ਸਪੀਕਰ ਸਾਹਿਬ, ਇਹ ਮਾਨਯੋਗ ਮੈਂਬਰ ਮੇਰੇ ਦੋਸਤ ਹਨ, ਅਗਰ ਕੋਈ ਸਪੈਸੀਫਿਕ ਗੱਲ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਇਹ ਮੈਨੂੰ ਦੱਸ ਦੇਣ। ਕੱਲ੍ਹ ਵੀ ਇਸ ਤਰ੍ਹਾਂ ਦੀਆਂ ਗੱਲਾਂ ਇਥੇ ਹੁੰਦੀਆਂ ਰਹੀਆਂ ਹਨ ਅੌਰ ਵਜਾਹ ਉਹ ਹੀ ਹੈ ਜੋ ਕਿ ਮੈਂ ਪਹਿਲਾਂ ਦੱਸ ਚੁੱਕਾ ਹਾਂ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਪਰ ਮਿਉਂਸਪਲ ਕਮੇਟੀਆਂ ਨੇ ਵੀ ਤੁਹਾਡੀ ਜਗਾਹ ਰੋਕੀ ਹੋਈ ਹੈ, ਇਹ ਤਾਂ ਕਾਫੀ ਝਗੜਾ ਪਿਆ ਹੋਇਆ ਹੈ। ਪੀ. ਡਬਲਿਉ. ਡੀ. ਵਾਲੇ ਕਹਿੰਦੇ ਹਨ ਕਿ ਸਾਡੀ ਜਗਾਹ ਖਾਲੀ ਕਰ ਦਿਓ ਪਰ ਮਿਉਂਸਪਲ ਕਮੇਟੀਆਂ ਵਾਲੇ ਕਹਿੰਦੇ ਹਨ ਕਿ ਇਹ ਜਗਾਹ ਅਸੀਂ ਬੜੀ ਦੇਰ ਤੋਂ ਵਰਤ ਰਹੇ ਹਾਂ। ਇਸ ਝਗੜੇ ਦੇ ਬਾਰੇ ਸਰਕਾਰ ਕੀ ਕਰ ਰਹੀ ਹੈ ?

**ਮੰਤਰੀ**: ਇਹ ਗੱਲ ਮੇਰੇ ਨੋਟਿਸ ਵਿਚ ਨਹੀਂ ਹੈ। ਇਨ੍ਹਾਂ ਦੇ ਜੇਕਰ ਨੋਟਿਸ ਵਿਚ ਹੈ ਤਾਂ ਇਹ ਇਸ ਗੱਲ ਦਾ ਸੈਪਰੇਟ ਨੋਟਿਸ ਦੇ ਦੇਣ, ਮੈਂ ਲੋਕਲ ਬਾਡੀਜ਼ ਮਨਿਸਟਰ ਨਾਲ ਮੀਟਿੰਗ ਕਰਕੇ ਫੈਸਲਾ ਕਰਵਾ ਦੇਵਾਂਗਾ।

---

ਨਿਸ਼ਾਨਵਾਲਾ ਪ੍ਰਸ਼ਨ ਨੰ: 1640

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਛ ਨਹੀਂ ਕੀਤਾ ਗਿਆ।)

---

REGULARISATION OF ADHOC EMPLOYEES

*1656. 1. **Master Babu Singh**
2. **Comrade Raj Kumar** : Will the Minister for Education be pleased to state—

(a) whether the Government issued any order in the month of October, 1980 whereby the services of *adhoc* employees of the Education Department were to be regularised ;

(b) if the reply to part (a) above be in the affirmative a copy of the order alongwith the categorywise and Districtwise details of the *adhoc* employees whose services have been so regularised up to date be laid on the Table of the House ?

**Sardar Harcharan Singh Ajnala**: (a) Yes.

(b) Information is laid on the Table of the House.

Original with;
Punjab Vidhan Sabha
Digitized by;
Panjab Digital Library

[Education Minister]

## Information

Category-wise and district-wise number of adhoc employees of the Education Department whose services have been regularised up-to-date

| Sr. No. | Name of District | Masters/ Mistresses | C & V and other teachers | Vocational teachers | Social Education Supervisors & workers | School Librarians | Jr. S.S. | Steno Typists | Clerks | Drivers |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 |
| 1. | Amritsar .. | 325 | 100 | — | 1 | 3 | — | — | 20 | — |
| 2. | Bhatinda .. | 334 | 112 | 8 | 11 | 4 | — | — | 22 | — |
| 3. | Ferozepur .. | 237 | 38 | — | 5 | 3 | — | — | 13 | — |
| 4. | Faridkot .. | 281 | 29 | — | 7 | 5 | — | — | 39 | — |
| 5. | Gurdaspur .. | 285 | 135 | 14 | 7 | 5 | 1 | — | 11 | — |
| 6. | Hoshiarpur .. | 326 | 190 | 14 | 4 | 1 | 1 | — | 8 | — |
| 7. | Jullundur .. | 379 | 309 | 6 | 1 | 3 | — | — | 30 | 2 |
| 8. | Kapurthala .. | 223 | 59 | 8 | — | 3 | — | — | 11 | — |
| 9. | Ludhiana .. | 236 | 162 | — | 13 | 2 | — | — | 15 | — |
| 10. | Patiala .. | 328 | 13 | — | — | 3 | — | 1 | 15 | 1 |
| 11. | Rupnagar .. | 183 | 107 | 7 | 11 | 2 | — | — | 1 | — |
| 12. | Sangrur .. | 248 | 65 | — | — | 7 | — | — | 25 | 1 |
| 13. | Headquarters & offices located at Chandigarh .. | — | — | — | — | — | — | 1 | 18 | 1 |
| | Total .. | 3,385 | 1,307 | 57 | 60 | 41 | 2 | 2 | 228 | 5 |

Original with; Punjab Vidhan Sabha Digitized by; Panjab Digital Library

## GOVERNMENT OF PUNJAB

### DEPARTMENT OF PERSONNEL AND ADMINISTRATIVE REFORMS

### (PERSONNEL POLICIES BRANCH)

### ORDER OF THE GOVERNOR OF PUNJAB

In supersession of this department order No. 6/234/78—3PP. dated the 2nd May, 1980, it has been decided by the Governor of Punjab that the Services of all *adhoc* employees holding the posts carrying an initial pay of Rs. 325/—to Rs. 699/—P.M. (Both inclusive) in various Govt. Deptt./offices shall be regularised subject to the following conditions :—

(i) that the *adhoc* employees should have completed a minimum of one year's service on the 30th September, 1980 while calculating the period of service, any break of national nature falling and between *adhoc* appointments in the same category of posts and in the same Deptt. may be ignored. In other words, the breaks in *adhoc* service would not be ignored in cases where :—

(a) the employee concerned left service of his own volition whether to join some other deptt. or some other reasons.

OR

(b) the *adhoc* appointment was against a post/vacancy for which no regular recruitment was intendent /required to be made e.g. leave arrangements of filling of other short term vacancies.

(ii) that they fulfil the conditions of eligibility as prescribe (i. e. they have been recruited through the Employment Exchange or by open advertisement), academic qualifications, experience and the condition of age at the time of their first *adhoc* appointment in accordance with the departmental service Rules and instructions issued by the Govt.

(iii) that their record of service is satisfactory.

(iv) that they have been found medically fit for entry into Govt. service and that their character and antecedents have also been duly verified and found suitable for Govt. Services.

(v) that a regular post/vacancy is available for regularisation.

(vi) that they have been found fit for regularisation by the Departmental Selection Committees constituted in accordance with instructions contained in Govt. Circular letter No. 12/19/80-1GE/3582, dated 23.3.80. These Departmental Selection Committee shall also consider cases of common categories of employees.

(vii) *Inter* :—Seniority of *adhoc* employees will be determined on the basis of service rendered on *adhoc* basis. The older member will be senior to younger member appointed on the same date. All such *adhoc* employees will be placed junior to these working on regular basis.

2. The cases of such *adhoc* employees who have already completed three years service on 30-9-80 and have satisfactory record of service but who do not fulfil the prescribed conditions with regard to qualifications, age or mode of their initial recruitment also be considered for regularisation in relaxation of those condtiions if the department as services rules applicable to these employees provide for relaxation of these conditions of recruitment.

3. The orders of regularisation of *adhoc* employees service will be affective from the Ist. Oct, 1980 and the process of finalisation of all such cases shall be completed within a maximum period of three months.

Original with;
Punjab Vidhan Sabha
Digitized by;
Panjab Digital Library

[Education Minister]

4. In order to arrest the practise of allowing continued *adhoc* appointments beyond the period of six months pending regular recruitment to be made against vacancies/posts required to be made against vacancies/posts required to be filled up on regular basis by the method of direct recruitment, as also to ensure equal opportunity for all aspirants seeking employments, the State Govt. has already decided to stop further *adhoc* appointments *vide* circular letter No. 6/234/18-BP/11207 dt. 7-10-80 recruitment to these posts shall be made by the Punjab Public Service Commission/Subordinate Services Selection Board, or the Departmental Selection Committee (s) as the case may be.

5. The *adhoc* employees whose services are regularised under these order will henceforth be governed by the relevant Departmental Service Rules and Government instructions issued from time to time.

I.C. PURI,

Chief Secretary to Govt., Punjab.

Dated, Chandigarh

28th Oct., 1980

No. 6/234/78-3pp/11961 Dated

A copy is forwarded to all the Heads of Department, Registrar, Punjab and Haryana High Court, Commissioners of Divisions, Deputy Commissioners and Sub-Divisional Officers (Civil) in the State for information and necessary action.

2. They are requested to ensure that these orders are implemented promptly. A report in this connection should be sent to Govt. after a period of three months.

Sd/—

Under Secretary to Govt., Punjab.

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਮੈਂ ਮੋਹਤਰਮ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਲਿਸਟ ਦਿੱਤੀ ਹੈ ਇਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਕੁਝ ਸਟੈਨੋਗਰਾਫਰਜ਼ ਅੌਰ 5 ਡਰਾਈਵਰਜ਼ ਰੈਗੂਲਰ ਕੀਤੇ ਹਨ। ਇਸ ਤਰ੍ਹਾਂ ਹੀ ਸਟੈਨੋਗਰਾਫਰਜ਼ ਅੌਰ ਡਰਾਈਵਰਜ਼ ਹੋਰ ਡਿਸਟ੍ਰਿਕਟਸ ਵਿਚ ਵੀ ਹਨ ਉਨ੍ਹਾਂ ਨੂੰ ਕਿਉਂ ਨਹੀਂ ਰੈਗੂਲਰ ਕੀਤਾ ਗਿਆ ?

**ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਸਾਰੀ ਸਟੇਟਮੈਂਟ ਪਹਿਲਾਂ ਪੜ੍ਹ ਲੈਣ। ਇਹ ਤਾਂ ਸਿੰਪਲ ਜਿਹਾ ਸਵਾਲ ਹੈ; ਇਕ ਤਾਂ ਇਹ ਕਿ ਉਨ੍ਹਾਂ ਦਾ ਨੰਬਰ ਹੀ ਥੋੜ੍ਹਾ ਹੋਵੇਗਾ ਅੌਰ ਦੂਸਰਾ ਇਹ ਕਿ ਰੈਗੂਲਰ ਕਰਨ ਵਾਲੀਆਂ ਪੋਸਟਾਂ ਹੀ ਇਤਨੀਆਂ ਹੋਣਗੀਆਂ।

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਸਿਲਾਈ ਟੀਚਰੈਸਿਜ਼ ਛੇ ਸੱਤ ਸਾਲਾਂ ਦੀਆਂ ਸਰਵਿਸ ਵਾਲੀਆਂ ਰੈਗੂਲਰ ਨਹੀਂ ਹੋਈਆਂ। ਉਨ੍ਹਾਂ ਨੂੰ ਜਾਂ ਤਾਂ ਇਹ ਵੋਕੇਸ਼ਨਲ ਟਾਈਪ ਦੀਆਂ ਪੋਸਟਾਂ ਵਿਚ ਲੈ ਆਉਣ ਜਾਂ ਹੋਰ ਕਿਸੇ ਕਾਡਰ ਵਿਚ ਲੈ ਆਉਣ ਲੇਕਿਨ ਉਨ੍ਹਾਂ ਨੂੰ ਵੀ ਰੈਗੂਲਰ ਕਰਨਾ ਚਾਹੀਦਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਕਦੋਂ ਤਕ ਐਡਹਾਕ ਬੇਸਿਜ਼ ਤੋਂ ਰੈਗੂਲਰ ਕਰ ਦੇਣਗੇ ? ਮੈਨੂੰ ਪਤਾ ਲਗਾ ਹੈ ਕਿ ਇਸ ਵਿਚ ਫਾਇਨਾਂਸ ਡਿਪਾਰਟਮੈਂਟ ਦੀ ਕੋਈ ਹਿੱਚ ਹੈ। ਕੀ ਇਹ ਉਸ ਹਿੱਚ ਨੂੰ ਦੂਰ ਕਰਵਾਕੇ ਉਨ੍ਹਾਂ ਨੂੰ ਰੈਗੂਲਰ ਕਰਨਗੇ ਔਰ ਇਹ ਵੀ ਦੱਸ ਦੇਣ ਕਿ ਕਦੋਂ ਤਕ ਕਰ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਹੁਣ ਪਤਾ ਲਗਿਆ ਕਿ ਮਜ਼ਮੂਨ ਹੋਰ ਸੀ ਔਰ ਲਫਾਫਾ ਹੋਰ ਸੀ। (ਹਾਸਾ) ਕਈ ਦਿਨ ਪਹਿਲਾਂ ਵੀ ਇਹ ਪੁੱਛ ਚੁਕੇ ਹਨ ਔਰ ਮੈਂ ਇਨ੍ਹਾਂ ਨੂੰ ਦੱਸ ਵੀ ਬੈਠਾ ਹਾਂ। ਇਹ ਤਾਂ ਉਹ ਗੱਲ ਹੋ ਗਈ ਕਿ 'ਮੇਰੇ ਮਜ਼ਮੂਨ ਕੋ ਪੜ੍ਹ, ਮੇਰੇ ਲਫਾਫੇ ਕੋ ਨਾ ਦੇਖ।' (ਹਾਸਾ) ਮੈਂ ਕਈ ਵਾਰੀ ਦੱਸ ਚੁੱਕਾ ਹਾਂ ਕਿ the case is under active consideration of the Government. We have taken up the matter with the Finance Department and that is going to be decided shortly.

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਲਫਾਫੇ ਦੇ ਮਜ਼ਮੂਨ ਤੇ ਹੀ ਸਵਾਲ ਕਰਨ ਲਗਾ ਹਾਂ। (ਹਾਸਾ)

ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 30-9-1980 ਨੂੰ ਡਿਪਾਰਟਮੈਂਟ ਵਿਚ ਐਡਹਾਕ ਇੰਪਲਾਈਜ ਦੀ ਟੋਟਲ ਇਲਿਜੀਬਿਲਿਟੀ ਕਿਤਨੀ ਕੁ ਹੋਈ ਸੀ ? ਤੁਸੀਂ ਲਿਸਟ ਵੀ ਦਿੱਤੀ ਹੈ, ਨੰਬਰ ਅਸੀਂ ਪੜ੍ਹ ਲਿਆ ਹੈ, ਜੇਕਰ ਇਹ ਪਹਿਲਾਂ ਦੇ ਦਿੰਦੇ ਤਾਂ ਅਸੀਂ ਹੋਰ ਵੀ ਸਵਾਲ ਪੁੱਛਦੇ। ਤੁਸੀਂ ਇਹ ਦੱਸ ਦਿਓ ਕਿ ਜਿਹੜੇ ਬਾਕੀ ਦੇ ਮੁਲਾਜ਼ਮ ਰਹਿ ਗਏ ਹਨ ਉਨ੍ਹਾਂ ਨੂੰ ਕਦੋਂ ਤਕ ਰੈਗੂਲਰ ਕਰ ਦਿਉਗੇ ?

**ਮੰਤਰੀ**: ਜਿਹੜੀ ਇਨਫਰਮੇਸ਼ਨ ਮੰਗੀ ਸੀ, ਉਸ ਦਾ ਜਵਾਬ ਦੇ ਦਿੱਤਾ ਹੈ। ਬਾਕੀ ਮੈਂ ਇਹ ਆਸ਼ਵਾਸ਼ਨ ਫਿਰ ਦੇ ਦਿੰਦਾ ਹਾਂ ਕਿ ਅਸੀਂ ਜਲਦੀ ਹੀ ਇਹ ਕੇਸ ਫਾਈਨੇਲਾਈਜ਼ ਕਰ ਰਹੇ ਹਾਂ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਸ਼ਡਿਊਲਡ ਕਾਸਟਸ ਟੀਚਰਜ਼ ਨੇ ਜਿਹੜੀ ਸਪੈਸ਼ਲ ਟਰੇਨਿੰਗ ਲਈ ਸੀ ਉਨ੍ਹਾਂ ਵਿਚੋਂ ਕੋਈ ਤਾਂ ਛੁੱਟੀ ਵਾਲੀ ਪੋਸਟ ਤੇ ਲਗਿਆ ਹੋਇਆ ਹੈ ਔਰ ਕਈ ਐਡਹਾਕ ਤੇ ਲਗੇ ਹੋਏ ਹਨ। ਉਨ੍ਹਾਂ ਨੂੰ ਲਗਿਆਂ ਇਕ ਸਾਲ ਹੋ ਗਿਆ ਹੈ, ਕੀ ਉਨ੍ਹਾਂ ਨੂੰ ਹੁਣ ਰੈਗੂਲਰ ਕਰ ਦੇਣਗੇ ?

**ਮੰਤਰੀ**: ਸਰ ਫੰਡਾਮੈਂਟਲ ਰੂਲਜ਼ ਦੀ ਕਾਪੀ ਇਨ੍ਹਾਂ ਨੂੰ ਇਸ਼ੂ ਕਰ ਦਿੱਤੀ ਹੈ। Those who are qualified and are eligible for regularization, their cases will be taken up. ਇਹ ਸਾਰੇ ਅਸੀਂ ਕੀਤੇ ਹਨ। ਬਾਕੀ ਜਿਹੜਾ ਸਵਾਲ ਇਨ੍ਹਾਂ ਨੇ ਕੀਤਾ ਹੈ, ਉਸ ਦਾ ਇਸ ਨਾਲ ਕੋਈ ਸਬੰਧ ਨਹੀਂ ਪਰ ਮੈਂ ਇਨ੍ਹਾਂ ਨੂੰ ਇਸ ਸਬੰਧੀ ਸਾਰੀ ਡਿਟੇਲ ਦੇ ਦੇਵਾਂਗਾ ਤਾਕਿ ਇਨ੍ਹਾਂ ਨੂੰ ਫਿਰ ਸਪਲੀਮੈਂਟਰੀ ਕਰਨ ਦੀ ਲੋੜ ਹੀ ਨਾ ਪਵੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੁੰਬਾ:** ਸਪੀਕਰ ਸਾਹਿਬ, ਅਜਨਾਲਾ ਸਾਹਿਬ ਨੇ ਸਵਾਲ ਦਾ ਜਵਾਬ ਤਾਂ ਦਰੁਸਤ ਦੇ ਦਿਤਾ ਹੈ ਪਰ ਜਿਹੜੀ ਅਸਲ ਵਿੱਚ ਹਿੱਚ ਹੈ ਉਹ ਤਾਂ ਇਨ੍ਹਾਂ ਕੇਸਾਂ ਵਿਚ ਫਿਨਾਂਸ ਡਿਪਾਰਟਮੈਂਟ ਵਲੋਂ ਹੈ । ਅੱਜ ਫਿਨਾਂਸ ਮਨਿਸਟਰ ਵੀ ਇਥੇ ਬੈਠੇ ਹੋਏ ਹਨ, ਜੇ ਉਹ ਇਹ ਹਿੱਚ ਦੂਰ ਕਰ ਦੇਣ ਤਾਂ ਇਹ ਮਸਲਾ ਹਲ ਹੋ ਜਾਵੇਗਾ ।

**ਮੰਤਰੀ:** ਸਪੀਕਰ ਸਾਹਿਬ, ਸਵਾਲ ਇਹ ਐਜੂਕੇਸ਼ਨ ਡਿਪਾਰਟਮੈਂਟ ਦਾ ਹੈ । How do we take it up, how do we get it sorted out and how it is to be done, it is entirely the job of the Education Department and not the Finance Department.

**ਕਾਮਰੇਡ ਬਲਦੇਵ ਸਿੰਘ ਲੁੰਬਾ:** ਪੈਸੇ ਤਾਂ ਫਿਨਾਂਸ ਮਨਿਸਟਰ ਨੇ ਦੇਣੇ ਹਨ....

**ਸ਼੍ਰੀ ਸਪੀਕਰ:** ਲੁੰਬਾ ਸਾਹਿਬ, ਤਸ਼ਰੀਫ਼ ਰਖੋ । ਜਿਸ ਮਹਿਕਮੇ ਦਾ ਸਵਾਲ ਹੁੰਦਾ ਹੈ ਉਹ ਮਨਿਸਟਰ ਤਿਆਰ ਹੋਕੇ ਆਉਂਦਾ ਹੈ । ਫਿਨਾਂਸ ਡਿਪਾਰਟਮੈਂਟ ਕੋਲ ਇਹੋ ਜਿਹੇ ਸੈਂਕੜੇ ਹਜ਼ਾਰਾਂ ਕੇਸ ਪਏ ਹੋਏ ਹੋਣੇ ਹਨ । ਫਿਨਾਂਸ ਮਨਿਸਟਰ ਸਾਹਿਬ ਕਿਸ ਤਰ੍ਹਾਂ ਜ਼ਵਾਬ ਦੇ ਸਕਦੇ ਹਨ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ:** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਡਹਾਕ ਬੇਸਿਜ਼ ਤੇ ਇੰਪਲਾਈਜ਼ ਸਰਵਿਸ ਵਿਚ ਲਾਉਣ ਦੀ ਪਾਲਿਸੀ ਹੈ, ਜੋ ਉਹ ਹੁਣ ਬੰਦ ਕਰ ਦਿੱਤੀ ਹੈ ਤਾਂ ਕੀ ਉਹ ਰਿਵਾਈਜ਼ ਕਰਨਗੇ ਕਿਉਂਕਿ ਬਹੁਤ ਸਾਰੇ ਟੀਚਰਜ਼ ਛੁੱਟੀ ਚਲੇ ਜਾਂਦੇ ਹਨ, ਖਾਸ ਤੌਰ ਤੇ ਮੈਟਰਨਿਟੀ ਲੀਵ ਤੇ ਚਲੇ ਜਾਂਦੇ ਹਨ, ਜੇ ਉਨ੍ਹਾਂ ਦੀ ਜਗ੍ਹਾ ਤੇ ਐਡਹਾਕ ਟੀਚਰਜ਼ ਰਖ ਲਏ ਜਾਣ ਤਾਂ ਬੱਚਿਆਂ ਦੀ ਪੜ੍ਹਾਈ ਖਰਾਬ ਨਹੀਂ ਹੋਵੇਗੀ ।

**ਮੰਤਰੀ:** ਸਪੀਕਰ ਸਾਹਿਬ, ਜਿਥੋਂ ਤਕ ਐਜੂਕੇਸ਼ਨ ਮਹਿਕਮੇ ਦਾ ਤੁਅੱਲੁਕ ਹੈ ਉਸ ਵਿੱਚ ਸਪੈਸ਼ਲ ਕੇਸ ਤੇ ਪਰਸਨਲ ਡਿਪਾਰਟਮੈਂਟ ਤੋਂ ਇਜਾਜ਼ਤ ਲੈ ਲਈ ਹੈ, ਜਿਥੇ ਲੋੜ ਹੁੰਦੀ ਹੈ ਉਥੇ ਟੀਚਰਜ਼ ਰਖ ਲਏ ਜਾਂਦੇ ਹਨ ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ:** ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਿਕ ਹਾਇਰ ਕੁਆ-ਲੀਫਾਈਡ ਪਰਸਨਲ ਲੋਅਰ ਪੋਸਟ ਤੇ ਲੈਸ ਕੁਆਲੀਫਿਕੇਸ਼ਨ ਵਾਲੀ ਪੋਸਟ ਤੇ ਲਗ ਸਕਦਾ ਹੈ, ਕੀ ਵਜ਼ੀਰ ਸਾਹਿਬ ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਆਦਮੀਆਂ ਨੂੰ ਰੇਗੂਲਰ ਕਰ ਦੇਣਗੇ ਜਿਹੜੇ ਹਾਇਰ ਕੁਆਲੀਫਾਈਡ ਲੋਅਰ ਪੋਸਟਾਂ ਤੇ ਕੰਮ ਕਰ ਰਹੇ ਹਨ ?

**Minister:** Sir, qualification for every category of post has already been prescribed and laid down and we follow those norms.

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ:** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਹਾਇਰ ਕੁਆਲੀਫਾਈਡ ਜਿਹੜੇ ਆਦਮੀ ਹਨ, ਜਿਥੇ ਕੁਆਲੀਫਿਕੇਸ਼ਨ ਮੈਟ੍ਰਿਕ ਚਾਹੀਦੀ ਹੈ ਔਰ ਉਥੇ ਐਮ.ਏ. ਲਗਿਆ ਹੋਇਆ ਹੈ ਕੀ ਉਸ ਨੂੰ ਰੇਗੂਲਰ ਕਰ ਦੇਣਗੇ ਕਿਉਂਕਿ ਚੀਫ਼ ਸੈਕਟਰੀ ਦੀਆਂ ਇੰਸਟ੍ਰਕਸ਼ਨਜ਼ ਦੇ ਮੁਤਾਬਿਕ higher qualified person can be posted against the lower post?

(ਕੋਈ ਉੱਤਰ ਨਹੀਂ ਆਇਆ ।)

Original with;
Punjab Vidhan Sabha
Digitized by;
Panjab Digital Library

**ਪੰਡਿਤ ਸਰਵਣ ਰਾਮ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਐਡਹਾਕ ਤੇ ਰਖਣ ਦੀ ਇਜਾਜ਼ਤ ਲਈ ਹੋਈ ਹੈ। ਮੈਂ ਇਹ ਕਹਿੰਦਾ ਹਾਂ ਕਿ ਜੇ ਇਜਾਜ਼ਤ ਲਈ ਹੋਈ ਹੈ ਤਾਂ ਕੀ ਮੇਰੇ ਇਲਾਕੇ ਕੰਡੀ ਦੇ ਏਰੀਏ ਵਿਚ ਜਿਹੜੀਆਂ ਪੋਸਟਾਂ ਖਾਲੀ ਪਈਆਂ ਹਨ ਉਹ ਪੂਰੀਆਂ ਕਰ ਦੇਣਗੇ ?

**Minister**: We are making efforts in this respect also. ਇਨ੍ਹਾਂ ਨੂੰ ਕੰਡੀ ਏਰੀਆ ਦਾ ਦਿਨ ਅੌਰ ਰਾਤ ਖਿਆਲ ਰਹਿੰਦਾ ਹੈ। ਅਸੀਂ ਉਥੇ ਵੀ ਜਲਦੀ ਤੋਂ ਜਲਦੀ ਪੋਸਟਾਂ ਭਰ ਦੇਵਾਂਗੇ।

**ਕਾਮਰੇਡ ਸੱਘੜ ਸਿੰਘ**: ਸਪੀਕਰ ਸਾਹਿਬ, ਕਈ ਲੜਕੀਆਂ 6-6 ਸਾਲ ਤੋਂ ਐਡਹਾਕ ਤੇ ਲਗੀਆਂ ਹੋਈਆਂ ਹਨ ਅਤੇ ਕਈ 150-150 ਮੀਲ ਤੇ ਪੜ੍ਹਾਉਣ ਜਾਂਦੀਆਂ ਹਨ। ਜਦੋਂ ਤਕ ਉਹ ਰੈਗੂਲਰ ਨਹੀਂ ਹੁੰਦੀਆਂ ਉਨ੍ਹਾਂ ਦੇ ਤਬਾਦਲੇ ਵੀ ਨਹੀਂ ਹੋ ਸਕਦੇ। ਕੀ ਮਨਿਸਟਰ ਸਾਹਿਬ ਉਨ੍ਹਾਂ ਨੂੰ ਜਲਦੀ ਰੈਗੂਲਰ ਕਰਨਗੇ ਅੌਰ ਉਨ੍ਹਾਂ ਦੇ ਘਰਾਂ ਦੇ ਨੇੜੇ ਤਬਾਦਲੇ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਸ਼ਰਾਬ ਉਹੀ ਸਿਰਫ਼ ਬੋਤਲ ਬਦਲ ਗਈ ਹੈ। ਮੈਂ ਪਹਿਲਾਂ ਆਸ਼ਵਾਸਨ ਦਿੱਤਾ ਹੈ ਕਿ ਜਿਹੜੇ ਰੈਗੂਲਰ ਨਹੀਂ ਹੋਏ We are actively considering their cases and we will take a decision very shortly.

---

## WELFARE COMMITTEE FOR GURU TEGH BAHADUR HOSPITAL, AMRITSAR

*1662. **Comrade Darshan Singh Jhabal** (Put by Master Chand Singh): Will the Minister for Health be pleased to state—

(a) whether any Hospital Welfare Committee was constituted during the period from 1977 to 1979 in the Guru Teg Bahadur Hospital, Amritsar, if so, the names of the members of the Committee;

(b) whether the said Committee is functioning at present or it has been abolished;

(c) whether the Government proposes to reconstitute the said Committee?

**ਸ੍ਰੀ ਜੋਗਿੰਦਰ ਪਾਲ ਪਾਂਡੇ**: (ੳ) ਹੇਠ ਲਿਖੇ ਮੈਂਬਰਾਂ ਨਾਲ ਅਗਸਤ, 1977 ਵਿੱਚ ਹਸਪਤਾਲ ਦੇ ਮਾਮਲਿਆਂ ਸਬੰਧੀ ਕਮੇਟੀ ਬਣਾਈ ਗਈ ਸੀ :—

1. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
2. ਡਾਕਟਰ ਬਲਦੇਵ ਪ੍ਰਕਾਸ਼, ਸਾਬਕਾ-ਮੈਂਬਰ ਪਾਰਲੀਆਮੈਂਟ।
3. ਸ੍ਰੀ ਹਰਬੰਸ ਲਾਲ ਖੰਨਾ, ਸਾਬਕਾ-ਮੈਂਬਰ ਵਿਧਾਨ ਸਭਾ।

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

4. ਸ੍ਰੀ ਸ਼ਸ਼ਪਾਲ ਸਿੰਘ, ਸਾਬਕਾ-ਮੈਂਬਰ ਵਿਧਾਨ ਸਭਾ ।

5. ਸ੍ਰੀਮਤੀ ਬਰਾਨੀ, ਸੋਸ਼ਲ ਵਰਕਰ ।

6. ਪ੍ਰਿੰਸੀਪਲ, ਮੈਡੀਕਲ ਕਾਲਜ, ਅੰਮ੍ਰਿਤਸਰ ।

7. ਮੈਡੀਕਲ ਸੁਪਰਡੈਂਟ ।

8. ਸ੍ਰੀ ਮੁਖਤਿਆਰ ਸਿੰਘ, ਫਾਰਮਾਸਿਸਟ ।

9. ਸ੍ਰੀ ਕੇ.ਸੀ. ਰਾਹੀ, ਦਰਜਾ 4 ਕਰਮਚਾਰੀਆਂ ਦਾ ਪ੍ਰਤੀਨਿਧ।

(ਅ) ਇਹ ਇਸ ਵੇਲੇ ਕੰਮ ਨਹੀਂ ਕਰ ਰਹੀ।

(ਏ) ਸਰਕਾਰ ਵੱਲੋਂ ਰਾਜ ਦੇ ਵੱਡੇ ਹਸਪਤਾਲਾਂ ਲਈ ਸਲਾਹਕਾਰ ਕਮੇਟੀਆਂ ਬਣਾਉਣ ਦੀ ਤਜਵੀਜ਼ ਹੈ ।

**ਮੰਤਰੀ** :--ਕੀ ਇਨ੍ਹਾਂ ਕੋਲ ਅਥਾਰਿਟੀ ਹੈ ?

**ਸ੍ਰੀ ਸਪੀਕਰ**: ਹਾਂ ਜੀ।

**ਮੰਤਰੀ**: ਸਪੀਕਰ ਸਾਹਿਬ, ਇਹ ਕਮੇਟੀ ਵੀ ਬਹੁਤ ਜਲਦੀ ਬਣਾ ਦਿਤੀ ਜਾਵੇਗੀ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਚੰਗਾ ਕਿਹਾ ਹੈ ਕਿ ਬਹੁਤ ਜਲਦੀ ਬਣਾ ਦੇਵਾਂਗੇ । ਪਹਿਲੇ ਇਹ ਕਮੇਟੀ 1977 ਵਿਚ ਬਣਾਈ ਸੀ ਔਰ ਫਿਰ ਤੋੜ ਦਿਤੀ । ਇਹ ਜਿਹੜੀ ਹੁਣ ਕਮੇਟੀ ਬਣਾਉਣੀ ਹੈ ਕੀ ਇਸ ਲਈ ਡੇਟ ਬਾਊਂਡ ਕਰਨਗੇ ਕਿ ਕਦੋਂ ਤਕ ਇਹ ਕਮੇਟੀ ਬਣਾ ਦਿੱਤੀ ਜਾਵੇਗੀ ਤਾਂਕਿ ਹਸਪਤਾਲ ਦਾ ਕੰਮ ਠੀਕ ਚਲ ਸਕੇ ?

**ਮੰਤਰੀ**: ਸਪੀਕਰ ਸਾਹਿਬ, ਇਹ ਜਿਹੜੀ ਕਮੇਟੀ ਬਣਾਉਣੀ ਹੈ ਇਸ ਦੇ ਮੈਂਬਰਾਂ ਦੀ ਲਿਸਟ ਮੇਰੇ ਕੋਲ ਆ ਚੁਕੀ ਹੈ, ਮੈਂ ਕਿਹਾ ਹੈ ਬਹੁਤ ਜਲਦੀ ਬਣਾ ਦੇਵਾਂਗੇ ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਬਹੁਤ ਜਲਦੀ ਵਿਚ ਤਾਂ 12-12 ਸਾਲ ਵੀ ਲੱਗ ਜਾਂਦੇ ਹਨ। 1977 ਤੋਂ ਬਾਅਦ ਕੋਈ ਕਮੇਟੀ ਨਹੀਂ ਬਣਾਈ ਗਈ। ਕੀ ਹੁਣ ਇਹ ਡੇਟ ਦੱਸਣਗੇ ਕਦੋਂ ਤਕ ਇਹ ਕਮੇਟੀ ਬਣਾ ਦਿੱਤੀ ਜਾਵੇਗੀ ?

**ਮੰਤਰੀ**: ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਫਾਈਲ ਆ ਗਈ ਹੈ ਔਰ ਇਹ ਕਮੇਟੀ ਜਲਦੀ ਬਣਾ ਦਿਤੀ ਜਾਵੇਗੀ । ਜੇ ਇਹ ਡੇਟ ਚਾਹੁੰਦੇ ਹਨ ਤਾਂ ਫਸਟ ਵੀਕ ਆਫ਼ ਅਕਤੂਬਰ ਤਕ ਕਰ ਦੇਵਾਂਗੇ । (ਥੰਪਿੰਗ)

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਮੈਂ ਵਜ਼ੀਰ ਸਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੈਡੀਕਲ ਕਾਲਜ ਜਾਂ ਹਸਪਤਾਲ ਸਰਕਾਰ ਤੋਂ ਕਾਫੀ ਮਾਤਰਾ ਵਿਚ ਗ੍ਰਾਂਟ ਲੈਂਦੇ ਹਨ ਕੀ ਸਰਕਾਰ ਉਥੇ ਦੇ ਕਾਲਜਾਂ ਜਾਂ ਹਸਪਤਾਲਾਂ ਦੇ ਲਈ ਕੋਈ ਐਡਵਾਈਜ਼ਰੀ ਜਾਂ ਚੈਕ ਕਮੇਟੀਆਂ ਬਣਾਉਣ ਲਈ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਹਿਬ, ਹਸਪਤਾਲਾਂ ਵਾਸਤੇ ਪਹਿਲੇ ਹੀ ਕਮੇਟੀਆਂ ਬਣਦੀਆਂ ਹਨ। ਜਿਹੜੇ ਹਸਪਤਾਲਾਂ ਦੀਆਂ ਰਹਿ ਗਈਆਂ ਹਨ ਉਥੇ ਵੀ ਬਣਾ ਦੇਵਾਂਗੇ ਔਰ ਮੈਂਟਲ ਹਸਪਤਾਲ ਅੰਮ੍ਰਿਤਸਰ ਦੀ ਕਮੇਟੀ ਅਕਤੂਬਰ ਦੇ ਪਹਿਲੇ ਹਫਤੇ ਵਿਚ ਬਣਾਦੇਵਾਂਗੇ ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਹਿਬ, ਸਾਡੀ ਸਰਕਾਰ ਬਣੀ ਨੂੰ ਢਾਈ ਸਾਲ ਗੁਜ਼ਰ ਗਏ ਹਨ, ਇਹ ਅਜ ਤੱਕ ਇਨ੍ਹਾਂ ਹਸਪਤਾਲਾਂ ਦੀਆਂ ਕਮੇਟੀਆਂ ਨਹੀਂ ਬਣਾ ਸਕੇ ਇਸ ਦੇ ਕੀ ਕਾਰਨ ਹਨ ? ਦੂਜੀ, ਗੱਲ, ਇਥੇ ਹਾਊਸ ਵਿਚ ਪਹਿਲੇ ਹੈਲਥ ਮਨਿਸਟਰ ਕਪੂਰ ਸਹਿਬ ਨੇ ਯਕੀਨ ਦਿਵਾਇਆ ਸੀ ਕਿ ਅਸੀਂ ਜਲਦੀ ਤੋਂ ਜਲਦੀ ਅੰਮ੍ਰਿਤਸਰ ਵਿਚ ਡਾਲੇਸਿਜ਼ ਮਸ਼ੀਨ ਜਿਹੜੀ ਖੂਨ ਨੂੰ ਸਾਫ ਕਰਦੀ ਹੈ ਦੀ ਇਨਸਟਾਲਮੈਂਟ ਕਰਾਂਗੇ ਪਰ ਹਾਲੇ ਤੱਕ ਨਹੀਂ ਹੋਇਆ । ਇਹ ਕਦੋਂ ਤੱਕ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਕਪੂਰ ਸਾਹਿਬ ਦੀ ਐਸ਼ੋਰੈਂਸ ਕਢਵਾਕੇ ਦੇਖ ਲਵਾਂਗਾ ਅਤੇ ਉਸ ਤੇ ਅਮਲ ਕਰਵਾਵਾਂਗਾ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਹਿਬ, ਪਿਛਲੇ 5 ਸਾਲਾਂ ਤੋਂ ਅੰਮ੍ਰਿਤਸਰ ਦੇ ਹਸਪਤਾਲਾਂ ਲਈ ਕਮੇਟੀਆਂ ਨਹੀਂ ਬਣੀਆਂ ਔਰ ਹੁਣ ਮੈਂਬਰ ਸਾਹਿਬ ਨੇ ਸਵਾਲ ਦਿੱਤਾ ਹੈ ਤਾਂ ਇਹ ਕਹਿੰਦੇ ਹਨ ਕਿ ਅਕਤੂਬਰ ਤੱਕ ਬਣਾ ਦੇਵਾਂਗੇ । ਕੀ ਇਹ ਇਸ ਤਰ੍ਹਾਂ ਦੀਆਂ ਕਮੇਟੀਆਂ ਡਿਸਟ੍ਰਿਕਟ ਹੈਡ ਕੁਆਟਰਾਂ ਤੇ ਹਸਪਤਾਲਾਂ ਲਈ ਵੀ ਬਣਾਉਣਗੇ ਅਤੇ ਕਦੋਂ ਤੱਕ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਇਨ੍ਹਾਂ ਸਵਾਲਾਂ ਦੇ ਜਵਾਬ ਦੇ ਚੁਕਾ ਹਾਂ ਅਤੇ ਕਿਹਾ ਹੈ ਕਿ ਮੈਂਟਲ ਹਸਪਤਾਲ, ਅੰਮ੍ਰਿਤਸਰ ਦੀ ਕਮੇਟੀ ਅਕਤੂਬਰ ਦੇ ਪਹਿਲੇ ਹਫਤੇ ਤੱਕ ਬਣਾ ਦੇਵਾਂਗੇ ਬਾਕੀ ਹਸਪਤਾਲਾਂ ਵਾਸਤੇ ਵੀ ਬਣਾਵਾਂਗੇ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਇਹ ਜਿਹੜਾ ਅੰਮ੍ਰਿਤਸਰ ਦਾ ਹਸਪਤਾਲ ਹੈ ਇਹ ਕੇਵਲ ਅੰਮ੍ਰਿਤਸਰ ਦੇ ਲੋਕਾਂ ਦੀ ਨੀਡ ਨੂੰ ਹੀ ਨਹੀਂ ਪੂਰਾ ਕਰਦਾ ਬਲਕਿ ਇਹ ਗੁਰਦਾਸਪੁਰ ਦੇ ਲੋਕਾਂ ਦੀ ਨੀਡ ਨੂੰ ਵੀ ਪੂਰੀ ਕਰਦਾ ਹੈ । ਇਸ ਲਈ ਅਮ੍ਰਿਤਸਰ ਵਿਚ ਡਾਲੇਸਿਜ਼ ਮਸ਼ੀਨ ਦੀ ਬਹੁਤ ਜ਼ਰੂਰਤ ਹੈ । ਔਰ ਇਹ ਕਦੋਂ ਤੱਕ, ਜਲਦੀ ਤੋਂ ਜਲਦੀ, ਲਗਾ ਦੇਣਗੇ ?

**ਮੰਤਰੀ** : ਸਪੀਕਰ ਸਹਿਬ, ਇਹ ਸਵਾਲ ਵਾਰ ਵਾਰ ਆ ਰਿਹਾ ਹੈ ਅਤੇ ਮੈਂ ਪਹਿਲੇ ਹੀ ਕਈ ਵਾਰ ਜਵਾਬ ਦੇ ਚੁਕਾ ਹਾਂ ਕਿ ਮਨਿਸਟਰ ਸਾਹਿਬ ਦੀ ਮੈਂ ਐਸ਼ੋਰੈਂਸ ਕਢਵਾ ਕੇ ਦੇਖ ਲਵਾਂਗਾ ਅਤੇ ਉਸ ਤੇ ਜਲਦੀ ਤੋਂ ਜਲਦੀ ਅਮਲ ਕਰਾਂਗੇ ਅਤੇ ਇਨ੍ਹਾਂ ਦੀ ਸੁਜੈਸ਼ਨ ਤੇ ਵੀ ਗੌਰ ਕਰਾਂਗੇ ।

---

Original with;
Punjab Vidhan Sabha
Digitized by;
Panjab Digital Library

## 25—Bed Hospital In Village Bhakna, District Amritsar

***1663. Comrade Darshan Singh Jhabal** (Put by Master Chand Siugh): Will the Minister for Health be pleased to state :—

(a) whether the foundation stone of a 25-bed hospital in village Bhakna, Block Gandiwind, District Amritsar was laid in the beginning of 1980, to commemorate the memory of the patriot Baba Sohan Singh Bhakna;

(b) the total amount deposited by the residents of the said village togetherwith the details of the progress, if any, made so far in this direction ?

**ਸ੍ਰੀ ਜੋਗਿੰਦਰ ਪਾਲ ਪਾਂਡੇ**: (ੳ) ਹਾਂ ਜੀ ।

(ਅ) ਸਰਪੰਚ ਗਰਾਮ ਪੰਚਾਇਤ, ਭਕਨਾ ਨੇ ਇਕ ਲੱਖ ਰੁਪਏ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ, ਅੰਮ੍ਰਿਤਸਰ ਕੋਲ 20-2-82 ਨੂੰ ਜਮ੍ਹਾਂ ਕਰਵਾਏ ਸਨ ।

ਹਸਪਤਾਲ ਦੀ ਬਿਲਡਿੰਗ ਦੀ ਉਸਾਰੀ ਦੀ ਪ੍ਰਗਤੀ ਹੇਠ ਅਨੁਸਾਰ ਹੈ :—

(1) ਛੱਤ ਦਾ 50% ਕੰਮ ਪੂਰਾ ਹੋ ਚੁਕਾ ਹੈ ।

(2) ਪਲੱਸਤਰ ਪ੍ਰਗਤੀ ਵਿੱਚ ਹੈ ।

(3) 9 ਕਮਰੇ ਅਤੇ ਇੱਕ ਕਾਰੀਡਾਰ ਲੈਂਟਰ ਪਧਰ ਤਕ ਪੂਰੇ ਕੀਤੇ ਜਾ ਚੁੱਕੇ ਹਨ ।

(4) ਦੋ ਕਮਰੇ ਅਤੇ ਇਕ ਹਾਲ ਛੱਤ ਪੱਧਰ ਤੱਕ ਉਸਾਰੇ ਜਾ ਚੁੱਕੇ ਹਨ ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸਰਪੰਚ ਗਰਾਮ ਪੰਚਾਇਤ, ਭਕਨਾ ਨੇ ਇਕ ਲੱਖ ਰੁਪਿਆ ਸਰਕਾਰ ਕੋਲ ਜਮ੍ਹਾਂ ਕਰਵਾ ਦਿਤਾ ਤਾਂਕਿ ਹਸਪਤਾਲ ਬਣ ਸਕੇ ਪਰ ਇਸ ਦੀ ਉਸਾਰੀ 50% ਤੋਂ ਵੀ ਬਹੁਤ ਘੱਟ ਹੈ । ਹੁਣ ਇਹ ਬਿਲਡਿੰਗ ਕਦੋਂ ਤੱਕ ਬਣਾ ਦੇਣਗੇ । ਇਹ ਪਿੰਡ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਦਾ ਹੈ ।

**ਮੰਤਰੀ**: ਸਪੀਕਰ ਸਹਿਬ, ਇਸ ਬਿਲਡਿੰਗ ਨੂੰ ਬਣਾਉਣ ਦਾ ਫੈਸਲਾ 1979 ਵਿਚ ਹੋਇਆ ਸੀ ਅਤੇ ਉਸ ਵੇਲੇ ਕੁਝ ਕੰਡੀਸ਼ਨਜ਼ ਲਗਾਈਆਂ ਗਈਆਂ ਸਨ ਕਿ ਗਰਾਮ ਪੰਚਾਇਤ ਸਰਕਾਰ ਨੂੰ 8 ਲੱਖ 10 ਹਜ਼ਾਰ ਰੁਪਿਆ ਦੇਵੇਗੀ ਅਤੇ 5 ਏਕੜ ਜ਼ਮੀਨ ਵੀ ਦੇਵੇਗੀ ਪਰ ਇਨ੍ਹਾਂ ਦੀ ਗਰਾਮ ਪੰਚਾਇਤ ਨੇ ਆਪਣੀਆਂ ਕੰਡੀਸ਼ਨਜ਼ ਨੂੰ ਪੂਰਾ ਹਾਲੇ ਤੱਕ ਨਹੀਂ ਕੀਤਾ। ਗਰਾਮ ਪੰਚਾਇਤ ਨੇ ਸਿਰਫ ਇਕ ਲੱਖ ਰੁਪਿਆ ਦਿੱਤਾ ਹੈ । ਤੁਸੀਂ ਅੰਦਾਜ਼ਾ ਲਗਾ ਲਵੋ ਕਿ ਥੋੜੇ ਪੈਸੇ ਦੇ ਬਾਵਜੂਦ ਵੀ ਸਰਕਾਰ ਨੇ ਬਿਲਡਿੰਗ ਦਾ ਕੰਮ 50% ਤੱਕ ਕਰ ਦਿੱਤਾ ਹੈ । ਇਸ ਦੇ ਵਿਚ ਸਰਕਾਰ ਨੇ 50 ਹਜ਼ਾਰ ਰੁਪਿਆ ਆਪਣੇ ਕੋਲੋਂ ਦਿੱਤਾ ਸੀ ਅਤੇ ਡੀ.ਸੀ. ਨੇ ਮੈਚਿੰਗ ਗ੍ਰਾਂਟ 50 ਹਜ਼ਾਰ ਰੁਪਏ ਦੀ ਦਿਤੀ ਸੀ ਤਾਂਕਿ ਇਸ ਕੰਮ ਦੀ ਸ਼ੁਰੂਆਤ ਹੋ ਸਕੇ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੇਰੇ ਨਾਲ ਕਾਫੀ ਦੇਰ ਤੋਂ ਵਿਤਕਰਾ ਹੋ ਰਿਹਾ ਹੈ ਔਰ ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ । ਮੇਰੇ ਇਲਾਕੇ ਵਿਚ ਇਕ ਸਿਵਲ ਹਸਪਤਾਲ 200 ਬੈਡਜ਼ ਦਾ ਬਣਾਉਣਾ ਸੀ ਅਤੇ ਹੈਲਥ ਸੈਕਟਰੀ ਨੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਬਣਾ ਦੇਵਾਂਗੇ, ਪੈਸੇ ਸਪਲੀਮੈਂਟਰੀ ਗ੍ਰਾਂਟ ਰਾਹੀਂ ਵੀ ਪਾਸ ਹੋਏ ਸਨ ਕਿ ਲੁਧਿਆਣੇ ਅਤੇ ਸਰਹਿੰਦ ਹਸਪਤਾਲਾਂ ਤੇ ਲਗਾਏ ਜਾਣਗੇ ਪਰ ਇਹ ਸਰਹਿੰਦ ਹਸਪਤਾਲ ਤੇ ਲਗ ਗਏ ਹਨ ਔਰ ਲੁਧਿਆਣਾ ਦਾ ਹਸਪਤਾਲ ਰਹਿ ਗਿਆ ਹੈ । ਕੀ ਮੇਰੇ ਨਾਲ ਇਹ ਵਿਤਕਰਾ ਚਲਦਾ ਰਹੇਗਾ ?

**ਮੰਤਰੀ :** ਸਪੀਕਰ ਸਾਹਿਬ ਬੇਸ਼ਕ ਸਾਡੇ ਕੋਲ ਫਾਈਨੈਂਸ ਦੀ ਬੜੀ ਘਾਟ ਹੈ ਪਰ ਫੇਰ ਵੀ ਕਪੂਰ ਸਾਹਿਬ ਦੀ ਮੇਹਰਬਾਨੀ ਨਾਲ ਮਿਉਂਸਪਲ ਕਾਰਪੋਰੇਸ਼ਨ, ਲੁਧਿਆਣਾ, ਨੇ 5 ਲੱਖ ਰੁਪਿਆ ਇਸ ਕੰਮ ਲਈ ਦੇ ਦਿੱਤਾ ਹੈ । ਗੁਪਤਾ ਜੀ ਮੇਰੇ ਕੋਲ ਆ ਜਾਣ ਅਤੇ ਨੀਂਹ ਪੱਥਰ ਦੀ ਤਾਰੀਖ ਮੁਕਰਰ ਕਰ ਲੈਣ ਅਸੀਂ ਨੀਂਹ ਪਥਰ ਰਖ ਦੇਵਾਂਗੇ ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਹਸਪਤਾਲ ਐਸੇ ਹਨ ਜਿਥੇ 2-2 ਲੱਖ ਰੁਪਿਆ ਸਰਕਾਰ ਦਾ ਲਗਾ ਹੋਇਆ ਹੈ ਪਰ ਉਸਾਰੀ ਰੁੱਕੀ ਪਈ ਹੈ, ਜਿਸ ਤਰ੍ਹਾਂ ਮੇਰੇ ਹਲਕੇ ਦੇ ਪਿੰਡ ਬਾਦਸ਼ਾਹਪੁਰ ਵਿਖੇ ਹਸਪਤਾਲ ਬਣਾਉਣਾ ਸੀ । ਪਰ ਵਜ਼ੀਰ ਸਾਹਿਬ ਨੂੰ 2 ਸਾਲ ਤੋਂ ਉਦਘਾਟਨ ਕਰਨ ਦਾ ਟਾਈਮ ਨਹੀਂ ਮਿਲਿਆ । ਇਹ ਕਦੋਂ ਤੱਕ ਉਦਘਾਟਨ ਕਰ ਦੇਣਗੇ ?

**ਮੰਤਰੀ :** ਸਪੀਕਰ ਸਹਿਬ, ਇਨ੍ਹਾਂ ਦਾ ਸਵਾਲ ਜਨਰਲ ਟਾਈਮ ਦਾ ਹੈ । ਇਸ ਤਰ੍ਹਾਂ ਦੇ ਕੇਸਿਜ਼ ਕਾਫੀ ਸਾਡੇ ਨੋਟਿਸ ਵਿਚ ਆਏ ਹਨ ਜਿਹੜੇ ਅਕਾਲੀ ਜਨਤਾ ਰਾਜ ਵੇਲੇ ਫੈਸਲੇ ਕੀਤੇ ਗਏ ਸਨ ਪਰ ਉਨ੍ਹਾਂ ਫੈਸਲਿਆਂ ਤੇ ਅਮਲ ਕਰਨ ਲਈ ਫਾਈਨੈਂਸ ਦਾ ਅਤੇ ਸਮੱਗਰੀ ਦਾ ਇੰਤਜ਼ਾਮ ਨਹੀਂ ਕੀਤਾ ਗਿਆ ਸੀ । ਹੋ ਸਕਦਾ ਹੈ ਕਿ ਇਨ੍ਹਾਂ ਦਾ ਸਵਾਲ ਵੀ ਐਸਾ ਹੀ ਹੋਵੇ ਪਰ ਫੇਰ ਵੀ ਮੈਂ ਲੂੰਬਾ ਜੀ ਨੂੰ ਕਹਾਂਗਾ ਕਿ ਇਹ ਮੈਨੂੰ ਮਿਲ ਲੈਣ ਅਸੀਂ ਦੇਖ ਲਵਾਂਗੇ ?

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਭਕਨਾ ਪਿੰਡ ਵਿੱਚ ਹਸਪਤਾਲ ਦੀ ਉਸਾਰੀ ਹਾਲੇ ਤੱਕ 2 ਕਮਰੇ ਅਤੇ ਇਕ ਹਾਲ ਛੱਤ ਪੱਧਰ ਤੱਕ ਹੀ ਪੁਜ ਹਨ । ਇਹ ਇਸ ਬਿਲਡਿੰਗ ਨੂੰ ਕਦੋਂ ਤੱਕ ਮੁਕੰਮਲ ਕਰ ਦੇਣਗੇ ਅਤੇ ਉਥੇ ਡਾਕਟਰ ਨੂੰ ਕਦੋਂ ਤੱਕ ਭੇਜ ਦੇਣਗੇ ।

**ਮੰਤਰੀ :** ਸਪੀਕਰ ਸਾਹਿਬ ਅਗਰ ਇਨ੍ਹਾਂ ਦੋਸਤਾਂ ਦੀ ਮੇਰੇ ਜਵਾਬ ਨਾਲ ਤਸੱਲੀ ਨਹੀਂ ਹੁੰਦੀ ਤਾਂ ਇਹ ਮੈਨੂੰ ਦੱਸ ਦੇਣ ਤਾਂ ਮੈਂ ਉਥੇ ਇਕ ਸਿਵਿਲ ਡਿਸਪੈਂਸਰੀ ਖੋਲ੍ਹਣ ਲਈ ਤਿਆਰ ਹਾਂ ਔਰ ਡਿਸਪੈਂਸਰੀ ਦਾ ਇੰਤਜ਼ਾਮ ਹੋ ਜਾਵੇਗਾ ।

**ਕਾਮਰੇਡ ਅਮਰ ਸਿੰਘ :** ਸਪੀਕਰ ਸਹਿਬ, ਮੇਰੇ ਹਲਕੇ ਵਿਚ ਲਹਿਰਾਗਾਗਾ ਪਿੰਡ ਹੈ ਉਥੇ 13,000 ਦੀ ਅਬਾਦੀ ਹੈ । ਉਥੇ ਕੋਈ ਹਸਪਤਾਲ ਬਣਾਇਆ ਜਾਵੇ ਅਤੇ ਡਾਕਟਰ ਭੇਜਿਆ ਜਾਵੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਡਾਕਟਰ ਦੀ ਗੱਲ ਕੀਤੀ ਹੈ। ਬਗੈਰ ਡਿਸਪੈਂਸਰੀ ਦੇ ਡਾਕਟਰ ਨਹੀਂ ਹੁੰਦੇ ਪਹਿਲਾਂ 25-ਬੈਡਿਡ ਹਸਪਤਾਲ ਬਣੇਗਾ ਅਤੇ ਸਾਰੀ ਚੀਜ਼ ਕੰਪਲੀਟ ਹੋਵੇਗੀ ਫਿਰ ਡਾਕਟਰ ਭੇਜਿਆ ਜਾਂਦਾ ਹੈ।

**ਸਰਦਾਰ ਪ੍ਰਿਥੀਪਾਲ ਸਿੰਘ:** ਸਪੀਕਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸੁਲਤਾਨ ਕੋਟ ਤੇ ਕੋਟ ਬਾਬਾ ਦੀਪ ਸਿੰਘ ਦੇ ਸਾਹਮਣੇ ਜਿਹੜਾ ਹਸਪਤਾਲ ਬਣ ਰਿਹਾ ਹੈ ਉਹ ਹਸਪਤਾਲ ਕਦੋਂ ਤੱਕ ਕੰਪਲੀਟ ਹੋ ਜਾਵੇਗਾ ? ਕੀ ਇਸ ਵਿਚ ਸਾਰਾ ਰੁਪਿਆ ਸਰਕਾਰ ਖਰਚ ਕਰ ਰਹੀ ਹੈ ਜਾਂ ਇਸ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਸ਼ੇਅਰ ਕਰ ਰਹੀ ਹੈ ?

**ਮੰਤਰੀ:** ਸਪੀਕਰ ਸਹਿਬ, ਇਹ ਜਿਹੜੇ ਸੁਆਲ ਪੁਟ ਕੀਤੇ ਜਾ ਰਹੇ ਹਨ ਉਨ੍ਹਾਂ ਸਾਰੇ ਸਵਾਲਾਂ ਦਾ ਰਿਕਾਰਡ ਮੇਰੇ ਕੋਲ ਨਹੀਂ ਹੈ। ਇਹ ਜ਼ਰੂਰੀ ਨਹੀਂ ਕਿ ਸਾਰੇ ਸਵਾਲਾਂ ਦਾ ਰਿਕਾਰਡ ਮੇਰੇ ਕੋਲ ਇਸ ਵੇਲੇ ਮੌਜੂਦ ਹੋਵੇ।

**ਮਾਸਟਰ ਚੰਦ ਸਿੰਘ:** ਸਪੀਕਰ ਸਹਿਬ, ਜਿਥੇ 25-ਬੈਡਿਡ ਹਸਪਤਾਲ ਹੋਵੇ ਤਾਂ ਕੀ ਮਨਿਸਟਰ ਸਾਹਿਬ, ਉਥੇ ਡਾਕਟਰ ਭੇਜ ਦੇਣਗੇ ? ਸਰਕਾਰ ਦੀ ਮਨਜ਼ੂਰੀ ਨਾਲ 25-ਬੈਡਿਡ ਹਸਪਤਾਲ ਦੀ ਉਥੇ ਉਸਾਰੀ ਹੋ ਰਹੀ ਹੈ ਪਰ ਪੰਜਾਬ ਸਰਕਾਰ ਉਥੇ ਡਾਕਟਰ ਕਿਉਂ ਨਹੀਂ ਭੇਜ ਰਹੀ ਹੈ ਜਦਕਿ ਬਾਕੀ ਅਮਲਾ ਜਾਂਦਾ ਹੈ ?

**ਮੰਤਰੀ:** ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੂੰ ਪਤਾ ਹੈ ਕਿ ਡਾਕਟਰ ਕਿਸ ਤਰ੍ਹਾਂ ਉਥੇ ਭੇਜ ਦੇਈਏ ਜਿੰਨਾਂ ਚਿਰ ਤੱਕ ਉਥੇ ਜਗ੍ਹਾ ਨਹੀਂ ਮਿਲਦੀ। ਮੈਂਬਰ ਮਹਿਬਾਨ ਜੇਕਰ ਮੈਨੂੰ ਜਗ੍ਹਾ ਲੈ ਕੇ ਦੇ ਦੇਣ ਤਾਂ ਅਸੀਂ ਸਾਰਾ ਸਮਾਨ ਉਥੇ ਲੈ ਜਾਵਾਂਗੇ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ:** ਸਪੀਕਰ ਸਹਿਬ, ਸਰਦਾਰ ਪ੍ਰਿਥੀਪਾਲ ਸਿੰਘ ਜੀ ਦੇ ਸਪਲੀਮੈਂਟਰੀ ਤੇ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਸੀ ਕਿ ਸਾਰੇ ਸਵਾਲਾਂ ਦਾ ਰਿਕਾਰਡ ਤਾਂ ਮੇਰੇ ਕੋਲ ਇਸ ਵੇਲੇ ਨਹੀਂ ਹੈ। ਜਦੋਂ ਸ਼੍ਰੀ ਓਮ ਪ੍ਰਕਾਸ਼ ਗੁਪਤਾ ਜੀ ਨੇ ਲੁਧਿਆਣੇ ਦਾ ਜ਼ਿਕਰ ਕੀਤਾ ਸੀ ਤਾਂ ਉਸ ਵੇਲੇ ਕ੍ਰਿਹਾ ਗਿਆ ਸੀ ਕਿ ਜਦੋਂ ਵੀ ਤੁਸੀਂ ਕਹੋਗੇ ਤਾਂ ਨੀਂਹ ਪਥਰ ਰਖ ਦੇਵਾਂਗੇ। ਪਰ ਬਾਕੀਆਂ ਵੇਲੇ ਰਿਕਾਰਡ ਮੌਜੂਦ ਨਹੀਂ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਫਗਵਾੜੇ ਹਸਪਤਾਲ ਬਾਰੇ ਮੈਂ ਕਾਫੀ ਦੇਰ ਤੋਂ ਮੰਗ ਕਰ ਰਿਹਾ ਹਾਂ ਮਨਿਸਟਰ ਸਹਿਬ ਅਤੇ ਮੁੱਖ ਮੰਤਰੀ ਸਾਹਿਬ ਵੀ ਉਥੇ ਗਏ ਸਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਵੀ ਅਰਜ਼ ਕੀਤੀ ਸੀ। ਫਗਵਾੜੇ ਹਸਪਤਾਲ ਦੀ ਬੜੀ ਹੀ ਜ਼ਰੂਰਤ ਹੈ। ਉਥੇ ਹਸਪਤਾਲ ਲਈ ਪੈਸਾ ਵੀ ਮਨਜ਼ੂਰ ਹੋਇਆ ਪਿਆ ਹੈ। ਇਸ ਲਈ ਮੰਤਰੀ ਜੀ ਉਥੇ ਬਿਲਡਿੰਗ ਕਦੋਂ ਤੱਕ ਸ਼ੁਰੂ ਕਰਾ ਦੇਣਗੇ ?

**ਮੰਤਰੀ:** ਸਪੀਕਰ ਸਾਹਿਬ, ਲੁਧਿਆਣੇ ਬਾਰੇ ਮੈਂ ਪਹਿਲਾਂ ਹੀ ਚੀਫ ਮਨਿਸਟਰ ਸਾਹਿਬ ਨੂੰ ਫਾਊਂਡੇਸ਼ਨ ਰਖਣ ਬਾਰੇ ਦਰਖਾਸਤ ਕੀਤੀ ਹੋਈ ਹੈ। ਜਿਥੋਂ ਤਕ ਫਗਵਾੜੇ ਦੇ ਹਸਪਤਾਲ ਦਾ ਤੁਅੱਲਕ ਹੈ, ਇਨ੍ਹਾਂ ਕੋਲ ਜਗ੍ਹਾ ਹੈ। ਮੈਂ ਇਨਕੁਆਰੀ ਕਰਾਉਣ ਲਈ ਆਪਣੇ ਕਿਸੇ ਅਫਸਰ ਨੂੰ ਭੇਜ ਦਿਆਂਗਾ। ਉਸ ਤੋਂ ਬਾਅਦ ਫ਼ਾਈਨਾਂਸ ਡਿਪਾਰਟਮੈਂਟ ਕੋਲ ਕੇਸ ਜਾਵੇਗਾ। ਜਦੋਂ ਸਾਰੀਆਂ ਗੱਲਾਂ ਪੂਰੀਆਂ ਹੋਣਗੀਆਂ ਤਾਂ ਉਸ ਤੋਂ ਬਾਅਦ ਪੈਸੇ ਮਿਲਣਗੇ।

Original with;
Punjab Vidhan Sabha
Digitized by;
Panjab Digital Library

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : ਸਪੀਕਰ ਸਾਹਿਬ, ਸਰਦਾਰ ਅਮਰ ਸਿੰਘ ਹੋਰਾਂ ਨੇ ਲਹਿਰੇਗਾਗਾ ਦਾ ਸਵਾਲ ਕੀਤਾ ਸੀ । ਉਹ ਸਵਾਲ ਰੌਲੇ ਰੱਪੇ ਵਿਚ ਹੀ ਨਿਕਲ ਗਿਆ । ਲਹਿਰਾਗਾਗਾ ਹਸਪਤਾਲ ਬਣਾਉਣ ਲਈ 50,000/— ਰੁਪਏ ਦੀ ਮਿਟੀ ਵੀ ਪਾ ਦਿੱਤੀ ਹੈ । ਉਥੇ ਲੋਕ 3 ਲੱਖ ਰੁਪਿਆ ਲਗਾਉਣ ਲਈ ਵੀ ਤਿਆਰ ਹਨ। ਦੋ ਸਾਲ ਹੋ ਗਏ ਹਨ । ਇਕ ਕਮੇਟੀ ਵੀ ਬਣੀ ਸੀ ਅਤੇ ਉਸ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਸਨ । ਉਥੇ ਬਲਾਕ ਸੰਮਤੀ ਅਤੇ ਸਬ–ਤਹਿਸੀਲ ਵੀ ਹੈ । ਇਸ ਲਈ ਹੁਣ ਕੀ ਮਨਿਸਟਰ ਸਾਹਿਬ, ਯਕੀਨ ਦਿਵਾਉਣਗੇ ਕਿ ਉਥੇ ਕਦੋਂ ਨੀਂਹ ਪੱਥਰ ਰੱਖ ਕੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਇਕ ਵੰਨ ਥਰਡ ਸਕੀਮ ਹੈ । ਜਿਸ ਸਕੀਮ ਦੇ ਵਿਚ ਵੰਨ ਥਰਡ ਪੈਸਾ ਪਿੰਡ ਵਾਲੇ ਜਾਂ ਪੰਚਾਇਤ ਵਾਲੇ ਜਾਂ ਰੈਡ ਕਰਾਸ ਵਾਲੇ ਜਾਂ ਹੋਰ ਕੋਈ ਵਾਲੰਟਰੀ ਲਗਾਉਂਦਾ ਹੈ ਅਤੇ ਹੋਰ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਤਾਂ ਇਸ ਸਕੀਮ ਹੇਠ ਗੌਰਮਿੰਟ ਆਫ ਇੰਡੀਆ ਵੀ ਰੁਪਿਆ ਦਿੰਦੀ ਹੈ । ਮੈਨੂੰ, ਸਪੀਕਰ ਸਾਹਿਬ, ਜ਼ਬਾਨੀ ਤਾਂ ਪਤਾ ਨਹੀਂ ਹੈ ਕਿ ਉਸ ਸਕੀਮ ਵਿਚ ਲਹਿਰਾਗਾਗਾ ਸ਼ਾਮਲ ਹੈ ਜਾਂ ਨਹੀਂ ਲੇਕਿਨ ਅਸੀਂ 20—22 ਕੇਸ ਗੌਰਮਿੰਟ ਆਫ ਇੰਡੀਆ ਨੂੰ ਭੇਜੇ ਹਨ । ਉਨ੍ਹਾਂ ਵਿਚੋਂ ਚੰਦ ਕੇਸਾਂ ਦੀ ਮਨਜ਼ੂਰੀ ਆ ਗਈ ਹੈ ਅਤੇ ਚੰਦ ਕੇਸਾਂ ਦੀ ਮਨਜ਼ੂਰੀ ਹਾਲੇ ਆਉਣੀ ਰਹਿੰਦੀ ਹੈ । ਜੇਕਰ ਇਨ੍ਹਾਂ ਦਾ ਕੇਸ ਵੀ ਵੰਨ ਥਰਡ ਸਕੀਮ ਵਿਚ ਹੋਵੇਗਾ ਤਾਂ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਲਿਖਾਂਗੇ ਕਿ ਜਲਦੀ ਮਨਜ਼ੂਰੀ ਮਿਲ ਜਾਵੇ ਤਾਂਕਿ ਹਸਪਤਾਲ ਬਣ ਸਕੇ ।

**Mr. Speaker** : All the Starred Questions entered in the List of Business for today have been finished.

## UNSTARRED QUESTIONS AND ANSWERS

### FUNCTIONING OF GRAM PANCHAYAT BAIR MAJRA (PATIALA)

241. **Comrade Raj Kumar**
**Comrade Amar Singh** : Will the Minister for Development be pleased to state whether he received a letter from the Legislator in the month of January, 1982 regarding the functioning of Gram Panchayat Bair Majra (Patiala), if so, the detail thereof alongwith the action taken/proposed to be taken thereon ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਸ਼੍ਰੀ ਰਾਜ ਕੁਮਾਰ, ਐਮ.ਐਲ.ਏ, ਵਲੋਂ ਵਿਕਾਸ ਤੇ ਪੰਚਾਇਤ ਮੰਤਰੀ ਜੀ ਨੂੰ ਮਿਤੀ 12—1—82 ਜਿਸ ਵਿਚ ਉਨ੍ਹਾਂ ਵਲੋਂ ਸ਼੍ਰੀ ਗਰੀਬ ਦਾਸ ਸਰਪੰਚ, ਬੈਰ ਮਾਜਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਨੂੰ ਜੁਡੀਸ਼ੀਅਲ ਮੈਜਿਸਟਰੇਟ ਦਰਜਾ ਅਵੱਲ, ਰਾਜਪੁਰਾ, ਦੀ ਅਦਾਲਤ ਵਲੋਂ ਆਈ.ਪੀ.ਸੀ. ਦੀ ਧਾਰਾ 326 ਅਧੀਨ ਸਜ਼ਾ ਹੋਣ ਤੇ ਉਸ ਨੂੰ ਹਟਾਉਣ ਬਾਰੇ ਲਿਖਿਆ ਗਿਆ ਸੀ । ਇਸ ਸਬੰਧ ਵਿਚ ਸ਼੍ਰੀ ਗੁਰਦੇਵ ਸਿੰਘ ਪੁਤਰ ਰੌਣਕ, ਵਾਸੀ ਪਿੰਡ ਬੈਰ ਮਾਜਰਾ ਦੀ ਸ਼ਿਕਾਇਤ ਤੇ ਉਕਤ ਸਰਪੰਚ ਵਿਰੁਧ ਪੰਜਾਬ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਗਰਾਮ ਪੰਚਾਇਤ ਐਕਟ, 1952 ਦੀ ਧਾਰਾ 102 ਅਧੀਨ ਕਾਰਵਾਈ ਕੀਤੀ ਗਈ ਸੀ ਪਰੰਤੂ ਉਸ ਨੂੰ ਡਿਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤਸ, ਪਟਿਆਲਾ ਨੇ ਆਪਣੇ ਹੁਕਮ ਮਿਤੀ 18-1—82 ਰਾਹੀਂ ਡਾਇਰੈਕਟਰ ਪੰਚਾਇਤਸ ਦੇ ਕੁਆਸੀ ਜੁਡੀਸ਼ਲ ਅਧਿਕਾਰ ਜਿਹੜੇ ਉਨ੍ਹਾਂ ਨੂੰ ਡੈਲੀਗੇਟ ਕੀਤੇ ਗਏ, ਵਰਤਦਿਆਂ ਮੁਕਤ ਕਰ ਦਿੱਤਾ ।

---

INADEQUATE BUILDING FOR SCHOOL IN JAMALPURA HOUSING COLONY

243. **Comrade Raj Kumar**
**Comrade Buta Singh** : Will the Minister for Education be pleased to state whether he received a memorandum in the month of April, 1982 from the residents of Jamalpura Housing Colony (Ludhiana) regarding inadequate building of School in the said colony; if so, the action taken proposed to be taken in the matter ?

**ਸਰਦਾਰ ਹਰਚਰਨ ਸਿੰਘ ਅਜਨਾਲਾ** : ਹਾਂ ਜੀ । ਪ੍ਰਾਇਮਰੀ ਸਕੂਲ ਦੀ ਇਮਾਰਤ ਦੀ ਉਸਾਰੀ ਲਈ ਪੰਜਾਬ ਮਕਾਨ ਉਸਾਰੀ ਬੋਰਡ ਪਾਸੋਂ ਲੋੜੀਂਦੀ ਜ਼ਮੀਨ ਦਾ ਪ੍ਰਬੰਧ ਕਰਨ ਦੇ ਪਹਿਲਾਂ ਹੀ ਯਤਨ ਕੀਤੇ ਜਾ ਰਹੇ ਹਨ । ਉਸ ਦੇ ਉਪਰੰਤ ਫੰਡ ਉਪਲਬਧ ਹੋਣ ਤੇ ਹੀ ਇਮਾਰਤ ਦੀ ਉਸਾਰੀ ਲਈ ਕਦਮ ਚੁਕੇ ਜਾਣਗੇ ।

---

GRANT OF PROJECT ALLOWANCE

246. **Comrade Raj Kumar**
**Comrade Saghar Singh** : Will the Minister for Agriculture be pleased to state whether the Secretary to Government, Punjab, Irrigation Department received a memorandum in July, 1982 from Anandpur Sahib Hydel Project Mazdoor Union regarding grant of Project Allowance etc., if so, the action taken/proposed to be taken thereon ?

**ਚੌਧਰੀ ਕਾਂਸ਼ੀ ਰਾਮ** : ਹਾਂ ਜੀ । ਯਾਦ ਪੱਤਰ ਵਿਚ ਦੋ ਮੰਗਾਂ ਦਰਜ ਸਨ, ਇਕ ਪ੍ਰੋਜੈਕਟ ਅਲਾਊਂਸ ਵਿਚ ਵਾਧਾ ਕਰਨ ਬਾਰੇ ਅਤੇ ਦੂਸਰੀ ਪਿਛਲੀ ਮਿਤੀ ਤੋਂ ਬੂਟ ਅਤੇ ਵਰਦੀ ਭੱਤਾ ਪ੍ਰਵਾਨ ਕਰਨ ਬਾਰੇ । ਜੁਲਾਈ, 1982 ਵਿਚ ਪ੍ਰਾਪਤ ਹੋਈ ਯੂਨੀਅਨ ਦੀ ਪ੍ਰਤੀ-ਬੇਨਤੀ ਤੋਂ ਪਹਿਲਾਂ ਹੀ ਪਹਿਲੀ ਮੰਗ ਤੇ ਸਰਕਾਰ ਵਲੋਂ ਵਿਚਾਰ ਕੀਤਾ ਜਾ ਚੁਕਿਆ ਸੀ, ਪਰ ਇਹ ਪ੍ਰਵਾਨ ਨਹੀਂ ਹੋਈ । ਦੂਸਰੀ ਮੰਗ ਸਰਕਾਰ ਦੇ ਵਿਚਾਰ ਅਧੀਨ ਹੈ ।

---

COMMUNITY HEALTH WORKERS SCHEME

**247.** **Comrade Raj Kumar**
**Comrade Saghar Singh** : Will the Minister for Health be pleased to state—

(a) whether there is any scheme named "Community Health Workers Scheme" for rural areas in the state;

(b) whether the scheme referred to (a) above is still in operation;

Original with;
Punjab Vidhan Sabha
Digitized by;
Panjab Digital Library

(c) if the reply to part (b) above is in the negative, the reasons for discontinuing the said scheme and steps taken/ proposed to be taken for providing alternative services ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ), (ਅ) ਤੇ (ੲ) ਕਮਿਊਨਿਟੀ ਹੈਲਥ ਵਲੰਟੀਅਰਜ਼ ਸਕੀਮ ਸਾਲ 1977-78 ਦੇ ਦੌਰਾਨ ਪੰਜਾਬ ਰਾਜ ਦੇ 20 ਉਸਾਰੂ ਅਧੀਨ ਬਲਾਕਾਂ ਵਿੱਚ ਲਾਗੂ ਕੀਤੀ ਗਈ ਸੀ । ਸਾਲ 1978-79 ਦੇ ਦੌਰਾਨ ਹੋਰ 20 ਬਲਾਕਾਂ ਵਿੱਚ ਵਾਧਾ ਕੀਤਾ ਗਿਆ । ਉਸ ਸਮੇਂ ਸਕੀਮ ਦਾ ਸੌ ਫ਼ੀ ਸਦੀ ਖਰਚਾ ਭਾਰਤ ਸਰਕਾਰ ਕਰਦੀ ਸੀ । ਸਾਲ 1979-80 ਦੇ ਦੌਰਾਨ ਸਕੀਮ ਅਧੀਨ ਕੇਂਦਰੀ ਵਿੱਤੀ ਸਹਾਇਤਾ ਦਾ ਪੈਟਰਨ 100% ਤੋਂ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਿਚਕਾਰ 50 : 50 ਦੇ ਅਨੁਪਾਤ ਵਿੱਚ ਬਦਲ ਦਿੱਤਾ ਗਿਆ । ਇਹੀ ਮੁਢਲਾ ਕਾਰਨ ਸੀ ਕਿ ਰਾਜ ਸਰਕਾਰ ਇਸ ਸਾਰੇ ਖਰਚੇ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਸੀ ਅਤੇ ਇਹ ਸਕੀਮ ਬੰਦ ਕਰਨੀ ਪਈ । ਭਾਰਤ ਸਰਕਾਰ ਨੇ ਇਕ ਹੋਰ ਅਜਿਹੀ ਸਕੀਮ ਜਿਸ ਨੂੰ ਹੈਲਥ ਗਾਈਡ ਸਕੀਮ ਦਾ ਨਾਂ ਦਿੱਤਾ ਗਿਆ ਅਤੇ ਜਿਸ ਦਾ ਸੌ ਫ਼ੀ ਸਦੀ ਵਿੱਤੀ ਖਰਚਾ ਭਾਰਤ ਸਰਕਾਰ ਕਰੇਗੀ, ਚਾਲੂ ਕਰ ਦਿੱਤੀ । ਚਾਲੂ ਮਾਲੀ ਸਾਲ ਦੌਰਾਨ ਨਵੀਂ ਸਕੀਮ ਨੂੰ ਰਾਜ ਵਿੱਚ 40 ਉਸਾਰੀ ਅਧੀਨ ਬਲਾਕਾਂ ਵਿੱਚ ਲਾਗੂ ਕਰਨ ਲਈ ਤਜਵੀਜ਼ ਕੀਤੀ ਹੈ ।

---

## FUNCTIONING ON GRAM PANCHAYAT SAUKE (FARIDKOT)

240. **Comrade Saghar Singh**, **Comrade Raj Kumar** : Will the Minister for Development be pleased to state whether he received any complaint recently through a Legislator relating to the functioning of Gram Panchayat, Sauke (Faridkot) in May, 1982; if so, the action taken/proposed to be taken thereon ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਸਰਵਸ਼੍ਰੀ ਜਰਨੈਲ ਸਿੰਘ ਅਤੇ ਬਗੀਚਾ ਸਿੰਘ ਵਾਸੀ ਪਿੰਡ ਸਾਉਕੇ ਵਲੋਂ 22 ਬੇਘਰੇ ਆਦਮੀਆਂ ਨੂੰ ਪਲਾਟ ਅਲਾਟ ਕਰਨ ਸਬੰਧੀ ਕਾਮਰੇਡ ਰਾਜ਼ਕੁਮਾਰ, ਐਮ. ਐਲ. ਏ., ਦੁਆਰਾ ਮਿਲੀ ਸ਼ਕਾਇਤ ਦੀ ਪੜਤਾਲ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ ਪਾਸੋਂ ਕਰਵਾਈ ਗਈ । ਉਸਦੀ ਰਿਪੋਰਟ ਅਤੇ ਉਸ ਉਪਰੰਤ ਡਿਪਟੀ ਕਮਿਸ਼ਨਰ, ਫਰੀਦਕੋਟ ਵਲੋਂ ਪੁਜੀ ਸੂਚਨਾ ਅਨੁਸਾਰ ਇਹ ਪਾਇਆ ਗਿਆ ਕਿ ਇਹ ਜ਼ਮੀਨ ਉਪ ਮੰਡਲ ਅਫਸਰ (ਸਿਵਲ) ਮੁਕਤਸਰ ਵਲੋਂ ਇਕੁਆਇਰ ਕੀਤੀ ਗਈ ਅਤੇ ਉਨ੍ਹਾਂ ਦੀ ਵੈਰੀਫਿਕੇਸ਼ਨ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲੋਟ ਵਲੋਂ 23 ਬੇਘਰੇ ਵਿਅਕਤੀਆਂ ਨੂੰ ਪਲਾਟ ਅਲਾਟ ਕੀਤੇ ਗਏ । ਇਸ ਅਲਾਟਮੈਂਟ ਵਿਚ ਸਰਪੰਚ ਦਾ ਕੋਈ ਹੱਥ ਨਹੀਂ । ਸਰਪੰਚ ਵਿਰੁੱਧ ਦੋਸ਼ ਸਿੱਧ ਨਹੀਂ ਹੋਇਆ ਅਤੇ ਸ਼ਿਕਾਇਤ ਫਾਈਲ ਕਰ ਦਿੱਤੀ ਗਈ ।

---

Original with;
Punjab Vidhan Sabha
Digitized by;
Panjab Digital Library

## NAMING OF GOVERNMENT HIGH SCHOOL BHAKNA (Amritsar)

248. **Comrade Sohan Singh**
**Comrade Raj Kumar** : Will the Minister for Education be pleased to state whether there is any proposal under the consideration of the Government to name Government High School Bhakna (Amritsar) after the great freedom fighter Baba Sohan Singh; if so, the time by which it is likely to materialize ?

ਸਰਦਾਰ ਹਰਚਰਨ ਸਿੰਘ ਅਜਨਾਲਾ : ਹਾਂ ਜੀ, ਮਾਮਲਾ ਵਿਚਾਰ ਅਧੀਨ ਹੈ ਜਲਦੀ ਫੈਸਲਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ।

---

## PROMOTION AGAINST POSTS OF PES II

244. **Shri Piara Ram Dhanowalia** : Will the Minister for Education be pleased to state—

(a) the number of school cadre Lecturers who were promoted and posted against the P.E.S.-II posts during the period from January, 1980 to 31st March, 1982;

(b) whether the reservation policy of the Government for the scheduled castes was adhered to at the time of making the said promotions; if not the reasons therefor ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) 56

(ਅ) ਹਾਂ ਜੀ ।

---

## COMPLAINT AGAINST SOME MUNICIPAL COMMISSIONERS, BHATINDA

242. **Master Babu Singh**
**Comrade Buta Singh** : Will the Minister for Local Government be pleased to state whether he received a complaint through a legislator in April/May, 1982 against the working of some of the Municipal Commissioners of Bhatinda Municipal Committee if so, the details thereof and the action taken/proposed to be taken thereon ?

ਸ੍ਰੀ ਸਰਦਾਰੀ ਲਾਲ ਕਪੂਰ : ਹਾਂ ਜੀ ।

ਸ੍ਰੀ ਰਾਜ ਕੁਮਾਰ, ਐਮ. ਐਲ. ਏ., ਨੇ ਮਿਤੀ 29.4.82 ਨੂੰ ਸ੍ਰੀ ਸਤੀਸ਼ ਮਿੰਗਲਾ 1757, ਨਵੀਂ ਬਸਤੀ-6, ਬਠਿੰਡਾ ਦੀ ਸ਼ਿਕਾਇਤ ਭੇਜੀ ਸੀ । ਸ਼ਿਕਾਇਤ ਅਤੇ ਇਸ ਉਤੇ ਕੀਤੀ ਕਾਰਵਾਈ ਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਇਹ ਸ਼ਿਕਾਇਤ ਪ੍ਰਾਪਤ ਹੋਣ ਤੇ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ

Original with;
Punjab Vidhan Sabha
Digitized by;
Panjab Digital Library

ਫਿਰੋਜ਼ਪੁਰ, ਨੂੰ ਇਹ ਮਾਮਲਾ ਜਾਤੀ ਪੱਧਰ ਤੇ ਘੋਖ ਕਰਨ ਲਈ ਤੇ ਰਿਪੋਰਟ ਭੇਜਣ ਲਈ ਹਦਾਇਤ ਕੀਤੀ ਗਈ। ਹੁਣ ਇਹ ਰਿਪੋਰਟ ਪ੍ਰਾਪਤ ਹੋ ਗਈ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਸ੍ਰੀ ਪਵਨ ਕੁਮਾਰ ਅਤੇ ਸ੍ਰੀ ਬਨਵਾਰੀ ਲਾਲ ਵੱਲੋਂ ਸਕੀਮ ਨੰ: 2 ਭਾਗ 2 ਵਿਚ 260 ਫੁੱਟ ਜ਼ਰਬ 12 ਫੁੱਟ ਹਿੱਸਾ ਗਲੀ ਦਾ ਇਨਕਰੋਚ ਕੀਤਾ ਗਿਆ ਜਿਸ ਕਰਕੇ ਬਿਲਡਿੰਗ ਇਨਸਪੈਕਟਰ ਨੇ ਮਿਤੀ 2-2-1982 ਨੂੰ ਰਿਪੋਰਟ ਕਰ ਦਿੱਤੀ ਅਤੇ ਕਾਰਜ ਸਾਧਕ ਅਫਸਰ ਵਲੋਂ ਮਿਤੀ 3-2-82 ਨੂੰ ਧਾਰਾ 195 ਪੀ. ਐਮ. ਐਕਟ, 1911 ਅਧੀਨ ਨੋਟਿਸ ਜਾਰੀ ਕਰ ਦਿੱਤਾ। ਪ੍ਰੰਤੂ ਇਹ ਜਗ੍ਹਾ ਕਈ ਵਿਅਕਤੀਆਂ ਨੇ ਇਨਕਰੋਚ ਕੀਤੀ ਸੀ, ਜਿਸ ਕਰਕੇ ਮਿਤੀ 14-2-82 ਨੂੰ ਸਰਵ ਸ੍ਰੀ ਰੋਸ਼ਨ ਲਾਲ, ਰਵਿੰਦਰ ਕੁਮਾਰ, ਸੂਰਜ ਭਾਨ, ਨੱਥੂ ਰਾਮ, ਸੁਦੇਸ਼ ਕੁਮਾਰ ਅਤੇ ਸ਼ੀਲਾ ਦੇਵੀ ਦੇ ਨਾਂ ਧਾਰਾ 195 ਪੰਜਾਬ ਮਿਊਂਸਪਲ ਐਕਟ, 1911 ਅਧੀਨ ਨੋਟਿਸ ਜਾਰੀ ਕਰਨ ਲਈ ਰਿਪੋਰਟ ਕੀਤੀ।

ਨਗਰ ਪਾਲਕਾ, ਬਠਿੰਡਾ ਵੱਲੋਂ ਸ੍ਰੀਮਤੀ ਦਵਾਰਕੀ ਦੇਵੀ ਦਾ ਨਕਸ਼ਾ ਪਾਸ ਕਰ ਦਿੱਤਾ ਗਿਆ ਸੀ ਪਰ ਉਕਤ ਵਿਅਕਤੀਆਂ ਨੇ ਜਿਹੜੀ ਗਲੀ ਦਵਾਰਕੀ ਦੇਵੀ ਦੇ ਮਕਾਨ ਨੂੰ ਲਗਦੀ ਸੀ, ਉਪਰ ਇਨਕਰੋਚ ਕਰ ਲਿਤੀ ਜਿਸ ਕਰਕੇ ਸ੍ਰੀਮਤੀ ਦਵਾਰਕੀ ਦੇਵੀ ਨੇ ਸ੍ਰੀ ਰੋਸ਼ਨ ਲਾਲ, ਰਵਿੰਦਰ ਕੁਮਾਰ, ਸੂਰਜ ਭਾਨ, ਨੱਥੂ ਰਾਮ ਆਦਿ ਦੇ ਵਿਰੁੱਧ ਕੋਰਟ ਵਿੱਚ ਦਾਵਾ ਦਾਇਰ ਕਰ ਦਿੱਤਾ ਅਤੇ ਨਗਰ ਪਾਲਕਾ ਨੂੰ ਵੀ ਪਾਰਟੀ ਬਣਾ ਦਿੱਤਾ ਗਿਆ ਅਤੇ ਇਹ ਕੇਸ ਹੁਣ ਵੀ ਕੋਰਟ ਵਿੱਚ ਚਲ ਰਿਹਾ ਹੈ, ਜਿਸ ਕਰਕੇ ਹਾਲ ਦੀ ਘੜੀ ਇਸ ਕੇਸ ਵਿੱਚ ਹੋਰ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ।

## ANNEXURE

BHATINDA
15th March, 1982.

Respected Sh. Raj Kumar M.L.A.

A great resentment has been caused by the land-grabbers in this town of Bhatinda. Recently certain influential persons supported by the Municipal Commissioners particularly by the politicians have successfully taken possession of a piece of land measuring hundreds of yards valuing crores of rupees. News items have appeared in the following Newspapers.

(i) Bhatinda Times, Bhatinda on 6.2.1982.

(ii) Nawan Zamana, Jullundur on 12.2.1982.

(iii) The Tribune, Chandigarh, 13.2.1982.

(iv) The Tribune, Chandigarh on 8.3.1982.

Many other papers have also covered the story relating to this land grabbing. I have made representations to the Punjab Govt. District authorities, local body authorities, Chandigarh and the Executive Officer of the Municipal Committee alongwith the Municipal President without yielding any results. People are feeling helpless in the hands of politicians who have much political power.

Now we are approaching you as representative of the public in the constituent Assembly to raise the issue in a befitting manner in the current session of the Assembly. It will not only oblige us but also an attempt in delivering

Original with;
Punjab Vidhan Sabha
Digitized by;
Panjab Digital Library

[Minister for Local Government]

justice. Municipal Committee failed to issue notice to the concerned persons under section 195 for unauthorised constructions or under section 172 for encroaching the Municipal land. These land grabbers grabbed Municipal land, Municipal parks and Public streets.

We, therefore, again request you to take up the issue in the Assembly.

Thanking you,

Yours Sincerely,

Sd/-

(SATISH SINGLA)
1757, Nai Basti-6,
BHATINDA.

**Comrade Raj Kumar** : On a point of order, Sir, I hope you remember what I had said on that day about the expunction of my remarks. You had promised to look into the proceedings. I hope you must have seen those proceedings. We will certainly be interested to know the outcome.

**ਸ੍ਰੀ ਸਪੀਕਰ** : ਕਾਮਰੇਡ ਰਾਜਕੁਮਾਰ ਜੀ, ਜਿਸ ਤਰ੍ਹਾਂ ਮੈਂ ਕਲ੍ਹ ਹਾਊਸ ਵਿਚ ਕਿਹਾ ਸੀ ਕਿ ਮੈਂ ਰਿਕਾਰਡ ਦੇਖ ਲਵਾਂਗਾ, ਇਸ ਸਬੰਧੀ ਚੀਫ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ । ਕੱਲ੍ਹ ਮੈਂ ਵੀ ਰਿਕਾਰਡ ਵੇਖਿਆ ਹੈ ਅਤੇ ਤੁਹਾਨੂੰ ਵੀ ਵਿਖਾਇਆ ਗਿਆ ਸੀ ਅਤੇ ਤੁਸੀਂ ਉਸ ਵੇਲੇ ਸੈਟਿਸਫਾਈ ਹੋ ਗਏ ਸੀ । ਇਹ ਸਾਰੀ ਚੀਜ਼ ਤੁਹਾਡੇ ਨੋਟਿਸ ਵਿਚ ਹੈ । ਤੁਹਾਨੂੰ ਸਾਰਾ ਰਿਕਾਰਡ ਵੀ ਪੜ੍ਹਾ ਦਿਤਾ ਸੀ । ਉਹ ਸਾਰਾ ਰਿਕਾਰਡ ਦੇਖਣ ਤੋਂ ਬਾਅਦ ਮੇਰਾ ਖਿਆਲ ਸੀ ਕਿ ਤੁਸੀਂ ਸੰਤੁਸ਼ਟ ਹੋ ?

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਤਾਂ ਸੰਤੁਸ਼ਟ ਹੋ ਗਿਆ ਸੀ । ਹਾਊਸ ਦੀਆਂ ਜਿਹੜੀਆਂ ਪ੍ਰੋਸੀਡਿੰਗਜ਼ ਹੁੰਦੀਆਂ ਹਨ, ਉਹ ਅਖਬਾਰਾਂ ਵਿਚ ਪਬਲਿਸ਼ ਹੁੰਦੀਆਂ ਹਨ । ਕੁਝ ਅਖਬਾਰਾਂ ਨੇ ਇਸ ਕਰਕੇ ਨਹੀਂ ਛਾਪਿਆ ਕਿਉਂਕਿ ਉਹ ਲਫਜ਼ ਐਕਸਪੰਜ ਹੋ ਗਏ ਸਨ । ਮੈਨੂੰ ਪਤਾ ਲਗਾ ਹੈ ਕਿ ਇਸ ਦਾ ਕੋਈ ਪ੍ਰੋਸੀਜਰ ਹੈ ਕਿ ਜਿਹੜੇ ਲਫਜ਼ ਐਕਸਪੰਜ ਹੁੰਦੇ ਹਨ, ਉਹ ਸਰਕੂਲੇਟ ਕੀਤੇ ਜਾਂਦੇ ਹਨ । ਮੈਨੂੰ ਪਤਾ ਲਗਾ ਹੈ ਕਿ ਇਹ ਐਕਸਪੰਕਸ਼ਨ ਸਰਕੂਲੇਟ ਹੋਈ ਹੈ । ਜੇ ਇਹ ਐਕਸਪੰਕਸ਼ਨ ਸਰਕੂਲੇਟ ਹੋਈ ਹੈ ਤਾਂ ਕਿਹੜੇ ਸਰਕਮਸਟਾਂਸ ਵਿਚ ਸਰਕੂਲੇਟ ਹੋਈ ਹੈ ?

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਜੀ, ਸਾਡਾ ਪ੍ਰੈਸ ਗੈਲਰੀ ਨਾਲ ਅਰੇਂਜਮੈਂਟ ਹੈ । ਜਿਹੜੇ ਰਿਮਾਰਕਸ ਐਕਸਪੰਜ ਹੁੰਦੇ ਹਨ, ਉਨ੍ਹਾਂ ਦੀ ਇਕ ਕਾਪੀ ਪ੍ਰੈਸ ਗੈਲਰੀ ਨੂੰ ਭੇਜਦੇ ਹਾਂ । ਜਿਥੋਂ ਤਕ ਮੇਰਾ ਖਿਆਲ ਹੈ ਕਿ ਇਹ ਸਰਕੂਲੇਟ ਨਹੀਂ ਹੋਈ ਅਤੇ ਨਾ ਹੀ ਭੇਜੀ ਗਈ ਹੈ ।

**ਮਾਸਟਰ ਚੰਦ ਸਿੰਘ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਤੁਸੀਂ ਸਾਨੂੰ ਬੋਲਣ ਲਈ ਪਰਮਿਟ ਕਰਦੇ ਹੋ, ਜਿਵੇਂ ਮਾਸਟਰ ਚੰਦ ਸਿੰਘ ਜੀ ਨੇ ਕੋਈ ਗੱਲ ਕਹੀ ਤਾਂ ਤੁਸੀਂ ਉਨ੍ਹਾਂ ਦੀ ਕਹੀ ਹੋਈ ਗੱਲ ਨੂੰ ਨੋ-ਪੁਆਇੰਟ ਆਫ ਆਰਡਰ ਕਰ ਦਿਤਾ.........।

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਜੀ, ਰੂਲਜ਼ ਐਂਡ ਰੈਗੂਲੇਸ਼ਨਜ਼ ਹਨ, ਉਨ੍ਹਾਂ ਦੇ ਮੁਤਾਬਿਕ ਹੀ ਮੈਨੂੰ ਚੱਲਣਾ ਪੈਂਦਾ ਹੈ । ਕੋਈ ਵੀ ਮਾਮਲਾ ਉਠਾਉਣਾ ਹੋਵੇ ਤਾਂ ਉਸ ਦਾ ਪ੍ਰੋਸੀਜਰ ਹੈ । ਅਗਰ ਮਾਸਟਰ ਚੰਦ ਸਿੰਘ ਜੀ ਨੇ ਕੋਈ ਮਾਮਲਾ ਉਠਾਉਣਾ ਹੈ ਤਾਂ ਹਾਊਸ ਵਿਚ ਤਰੀਕੇ ਨਾਲ ਉਠਾਇਆ ਜਾਵੇ ਤਾਂ ਬਹੁਤ ਚੰਗਾ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਅੱਜ ਹੀ ਅਖਬਾਰ ਵਿਚ ਇਹ ਆਇਆ ਹੈ ਅਤੇ ਅੱਜ ਹੀ ਸੈਸ਼ਨ ਖਤਮ ਹੋਣਾ ਹੈ ।

**ਸ੍ਰੀ ਸਪੀਕਰ** : ਮਾਸਟਰ ਚੰਦ ਸਿੰਘ ਜੀ, ਤੁਸੀਂ ਬੈਠੋ । ਇਹ ਚੀਜ਼ ਜਿਹੜੀ ਕਹੀ ਜਾਂਦੀ ਹੈ ਇਹ ਸਰਕਾਰ ਦੇ ਨੋਟਿਸ ਵਿਚ ਲਿਆਉਣ ਵਾਸਤੇ ਕਹੀ ਜਾਂਦੀ ਹੈ । ਤੁਹਾਡਾ ਹਰ ਪੁਆਇੰਟ ਇਥੇ ਡਿਸਕਸ ਹੁੰਦਾ ਹੈ । ਚਾਹੇ ਲੈਜਿਸਲੇਟਿਵ ਬਿਜ਼ਨੈਸ ਹੋਵੇ ਜਾਂ ਹੋਰ ਕੋਈ ਬਿਜ਼ਨੈਸ ਹੋਵੇ ਉਸ ਤੇ ਡਿਸਕਸ਼ਨ ਵੇਲੇ ਤੁਸੀਂ ਆਪਣਾ ਪਰਸਨਲ ਪੁਆਇੰਟ ਰਿਫਲੈਕਟ ਕਰਨ ਦੀ ਕੋਸ਼ਿਸ਼ ਕਰਦੇ ਹੋ । ਜਾਂ ਤਾਂ ਕਿਸੇ ਰੂਲਜ਼ ਕਮੇਟੀ ਵਿਚ ਬੈਠ ਕੇ ਇਹੋ ਜਿਹੀ ਅਮੈਂਡਮੈਂਟ ਕਰ ਲਓ ਫਿਰ ਤਾਂ ਬਾਅਦ ਦੀ ਗੱਲ ਹੈ । ਪਰ ਜਿਥੋਂ ਤਕ ਹਣ ਦੀ ਗੱਲ ਹੈ, ਮੈਂ ਕਿਹਾ ਹੈ ਕਿ ਪੁਆਇੰਟ ਆਫ ਆਰਡਰ ਨਹੀਂ ਬਣਦਾ ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਤੁਹਾਨੂੰ ਇਹ ਚੀਜ਼ ਰੂਲਜ਼ ਕਮੇਟੀ ਵਿਚ ਕਨਸਿਡਰ ਕਰਨੀ ਚਾਹੀਦੀ ਹੈ । ਸੈਸ਼ਨ ਕਾਲ ਕਰਨ ਲਈ 15 ਦਿਨਾਂ ਦਾ ਨੋਟਿਸ ਚਾਹੀਦਾ ਹੈ । ਪਰ ਇਸ ਲਈ ਕੋਈ ਪਾਬੰਦੀ ਵੀ ਨਹੀਂ ਹੈ ਔਰ ਇਹ 7-8 ਦਿਨਾਂ ਦੇ ਨੋਟਿਸ ਤੇ ਵੀ ਬੁਲਾਇਆ ਜਾ ਸਕਦਾ ਹੈ । ਸੈਸ਼ਨ ਸ਼ਾਰਟ ਨੋਟਿਸ ਤੇ ਬਲਾਉਣ ਕਰਕੇ ਮੈਂਬਰਜ਼ ਦੇ ਰੈਜ਼ੋਲਿਊਸ਼ਨ ਨਹੀਂ ਆ ਸਕਦੇ । ਜੋ ਰਾਜ ਕੁਮਾਰ ਜੀ ਨੇ ਰੈਫਰ ਕੀਤਾ ਹੈ, ਇਹ ਮਾਮਲੇ ਇਸੇ ਢੰਗ ਨਾਲ ਹੀ ਆ ਸਕਦੇ ਹਨ ।

**ਸ੍ਰੀ ਸਪੀਕਰ** : ਸੁਜੈਸ਼ਨਜ਼ ਮੰਗਵਾ ਲਵਾਂਗੇ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਦੂਸਰੇ ਮੈਂ ਐਮ. ਐਲ. ਏ. ਫਲੈਟਸ ਬਾਰੇ ਬੜੀ ਵਾਰੀ ਤੁਹਾਡਾ ਧਿਆਨ ਦਿਵਾਇਆ ਹੈ ਕਿ ਉਥੇ ਬਿਜਲੀ ਨਹੀਂ ਹੈ । ਐਮ. ਐਲ. ਏ.

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਫਲੈਟਸ ਵਿਚ ਇੱਕ ਕਮਰੇ ਵਿਚ ਚਾਰ ਚਾਰ ਬਲਬ ਬਾਲ ਕੇ ਵੀ ਅਖਬਾਰ ਨਹੀਂ ਪੜ੍ਹਿਆ ਜਾ ਸਕਦਾ। ਨਾ ਉਥੇ ਬਿਜਲੀ ਹੈ ਔਰ ਨਾ ਹੀ ਉਥੇ ਪਾਣੀ ਹੈ। ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਨੂੰ ਸਟੈਂਪ ਅੱਪ ਕਰਨ ਲਈ ਕੀ ਕੀਤਾ ਗਿਆ ਹੈ ?

**ਸ੍ਰੀ ਸਪੀਕਰ** : ਮੇਰਾ ਖਿਆਲ ਹੈ ਕਿ ਇਹ ਚੀਜ਼ ਐਮ. ਐਲ. ਏ. ਹੋਸਟਲ ਤਕ ਹੀ ਮਹਿਦੂਦ ਨਹੀਂ। ਮਨਿਸਟਰ ਸਾਹਿਬਾਨ ਦੱਸਣਗੇ ਕਿ ਉਨ੍ਹਾਂ ਦੀਆਂ ਕੋਠੀਆਂ ਵਿਚ ਵੀ ਇਹੋ ਜਿਹੀ ਪਰਾਬਲਮ ਹੈ। ਇਹ ਸਾਰੇ ਚੰਡੀਗੜ੍ਹ ਦਾ ਮਸਲਾ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਐਮ. ਐਲ. ਏ. ਹੋਸਟਲ ਵਿਚ ਟਰਾਂਸਫਾਰਮਰ ਵੱਖਰਾ ਹੈ। ਐਮ. ਐਲ. ਏ. ਫਲੈਟਸ ਵਿਚ ਕੋਈ ਬਿਜਲੀ ਨਹੀਂ, ਉਥੇ ਕੋਈ ਪਾਣੀ ਨਹੀਂ। ਇਸ ਬਾਰੇ ਇੰਤਜ਼ਾਮ ਕਰਨਾ ਚਾਹੀਦਾ ਹੈ।

**ਸਰਦਾਰ ਗੁਰਬਚਨ ਸਿੰਘ ਚੀਮਾ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਸ ਬਾਰੇ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਦੇ ਦਿੰਦੇ।

**ਸ੍ਰੀ ਰਾਮ ਸਵਰੂਪ ਬਾਗੀ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ੍ਰੀ ਰਾਮ ਪ੍ਰਕਾਸ਼ ਬਾਲੀ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਹੁਣ ਕਾਲ ਅਟੈਨਸ਼ਨ ਮੋਸ਼ਨਜ਼ ਲਈਆਂ ਜਾਂਦੀਆਂ ਹਨ।

---

## CALL-ATTENTION NOTICES UNDER RULE 66

(ਕ੍ਰਮ ਨੰ: 33)

**ਮਾਸਟਰ ਦਲੀਪ ਚੰਦ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਮੇਰੇ ਹਲਕੇ ਬਲਾਚੌਰ ਵਿਚ ਸਲਫਰ ਫੈਕਟਰੀ ਦੇ ਕਾਰਨ ਪਿੰਡ ਰੇਲ ਮਾਜਰਾ ਅਤੇ ਪਿੰਡ ਟੌਂਸਾ ਅਤੇ ਬਨਾਂ ਦੇ 400 ਏਕੜ ਜ਼ਮੀਨ ਵਿਚ ਜੋ ਬਿਸਤ ਦੋਆਬ ਨਹਿਰ ਤੋਂ ਨੀਚੇ ਹੈ ਧਾਨਾਂ ਦੀ ਫ਼ਸਲ ਨੂੰ ਬਹੁਤ ਨੁਕਸਾਨ ਹੋਇਆ ਹੈ। ਧਾਨ ਸੁੱਕ ਗਏ ਹਨ। ਲੋਕਾਂ ਵਿਚ ਇਸ ਬਾਰੇ ਬਹੁਤ ਘਬਰਾਹਟ ਅਤੇ ਪ੍ਰੇਸ਼ਾਨੀ ਪਾਈ ਜਾਂਦੀ ਹੈ। ਸਰਕਾਰ ਇਸ ਦਾ ਜਵਾਬ ਸਦਨ ਵਿਚ ਦੇਣ ਦੀ ਕਿਰਪਾਲਤਾ ਕਰੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਪੁਨਰਵਾਸ ਅਤੇ ਉਦਯੋਗ** (ਸਰਦਾਰ ਦਰਸ਼ਨ ਸਿੰਘ ਕੇ. ਪੀ.) : ਪੰਜਾਬ ਰਾਜ ਜਲ ਦੂਸ਼ਨ ਰੋਕਥਾਮ ਬੋਰਡ ਦੇ ਅਫ਼ਸਰਾਂ ਨੇ ਬੀਤੀ 15–16 ਸਤੰਬਰ, 1982 ਦੀ ਰਾਤ ਨੂੰ ਮੌਕੇ ਤੇ ਤਹਿਕੀਕਾਤ ਕੀਤੀ ਹੈ ਅਤੇ ਇਹ ਠੀਕ ਪਾਇਆ ਗਿਆ ਕਿ ਇਨ੍ਹਾਂ ਪਿੰਡਾਂ ਵਿਚ ਝੋਨੇ ਅਤੇ ਮੱਕੀ ਦੀਆਂ ਫ਼ਸਲਾਂ ਨੂੰ ਨੁਕਸਾਨ ਹੋਇਆ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਐਕਸਪਰਟਾਂ ਨੇ ਇਸ ਦੀ ਜਾਂਚ ਕੀਤੀ ਹੈ ਅਤੇ ਉਨ੍ਹਾਂ ਦੀ ਰਿਪੋਰਟ ਅਨੁਸਾਰ ਇਹ ਜਾਪਦਾ ਹੈ ਕਿ ਫ਼ਸਲ ਨੂੰ ਕੁੱਝ ਨੁਕਸਾਨ ਸਲਫਰ ਡਾਇਔਕਸਾਈਡ ਗੈਸ ਦੇ ਨਾਲ, ਜਿਹੜਾ ਕਿ ਸ਼ਿਵਾਲਿਕ ਫਰਟੇਲਾਈਜ਼ਰ ਲਿਮਿਟਡ ਤੋਂ ਆਉਂਦਾ ਹੈ, ਹੋਇਆ ਹੈ। ਸਰਕਾਰ ਨੂੰ ਸਬੰਧਤ ਕਿਸਾਨਾਂ ਨਾਲ ਹਮਦਰਦੀ ਹੈ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**ਮਾਸਟਰ ਦਲੀਪ ਚੰਦ** : ਮੈਂ ਜਿਸ ਤਰ੍ਹਾਂ ਫਰਮਾਇਆ ਸੀ ਕਿ ਸਾਡੇ ਮਾਨਯੋਗ ਐਫ. ਐਮ. ਸਾਹਿਬ ਨੇ ਵੀ ਮੌਕੇ ਤੇ ਜਾ ਕੇ ਦੇਖਿਆ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਫਸਲਾਂ ਦੀ ਬਿਮਾਰੀ ਸਬੰਧੀ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਰਿਪੋਰਟ ਆ ਗਈ ਹੈ ਜਿਸ ਵਿਚ ਲਿਖਿਆ ਹੈ ਕਿ ਫ਼ਸਲਾਂ ਨੂੰ ਕੋਈ ਬਿਮਾਰੀ ਵਗੈਰਾ ਨਹੀਂ। ਇਸ ਦਾ ਮਤਲਬ ਹੈ ਕਿ ਇਹ ਫ਼ਸਲਾਂ ਕਿਸੇ ਬਿਮਾਰੀ ਕਾਰਨ ਨਹੀਂ ਸਗੋਂ ਫੈਕਟਰੀ ਵਲੋਂ ਆਉਣ ਵਾਲੇ ਸਲਫਰ ਡਾਇਔਕਸਾਈਸਡ ਦੀ ਪੌਲਿਊਸ਼ਨ ਕਾਰਨ ਸੁੱਕੀਆਂ ਹਨ। ਜਿਨ੍ਹਾਂ ਲੋਕਾਂ ਦਾ ਸਲਫਰ ਫ਼ੈਕਟਰੀ ਕਾਰਨ ਨੁਕਸਾਨ ਹੋਇਆ ਹੈ, ਉਸਨੂੰ ਪੂਰਾ ਕਰਨ ਲਈ ਫੈਕਟਰੀ ਵਾਲਿਆਂ ਤੋਂ ਕੰਪਨਸੇਸ਼ਨ ਦਿਵਾਇਆ ਜਾਵੇ।

**ਰਾਜ ਮੰਤਰੀ** : ਮਾਨਯੋਗ ਮੈਂਬਰ ਸਾਹਿਬਾਨ ਦੀ ਯਾਦ ਵਾਸਤੇ ਮੈਂ ਇਕ ਵਾਰ ਫੇਰ ਦੱਸ ਦੇਂਦਾ ਹਾਂ ਜਿਸ ਤਰ੍ਹਾਂ ਮੈਂ ਆਪਣੇ ਜਵਾਬ ਵਿਚ ਵੀ ਇਸ ਸਬੰਧੀ ਕਿਹਾ ਹੈ ਕਿ ਮੈਂ ਕਨਸਰਨਡ ਅਫਸਰਾਂ ਨਾਲ ਗੱਲਬਾਤ ਕੀਤੀ ਹੈ। ਇਕ ਪਾਸੇ ਨਹਿਰ ਦਾ ਸੂਆ ਜਾਂਦਾ ਹੈ ਅਤੇ ਦੂਜੇ ਪਾਸੇ ਫੈਕਟਰੀ ਹੈ। ਉਥੋਂ ਧੂਆਂ ਅਤੇ ਭਾਫ਼ ਵਗੈਰਾ ਆਉਂਦੀ ਹੈ ਜਿਸ ਕਾਰਨ ਫਸਲਾਂ ਨੂੰ ਫਰਕ ਪਿਆ ਹੈ। ਇਸ ਸਬੰਧ ਵਿਚ ਮੈਂ ਦੋਬਾਰਾ ਜ਼ਰੂਰ ਪੜਤਾਲ ਕਰਾਂਗਾ। ਨੁਕਸਾਨ ਨੂੰ ਪੂਰਾ ਕਰਨ ਦਾ ਯਤਨ ਕਰਾਂਗੇ ਅਤੇ ਕਿਸਾਨਾਂ ਦੀ ਮਦਦ ਕਰਾਂਗੇ। ਜਦੋਂ ਉਥੇ ਜਾਵਾਂਗੇ ਤਾਂ ਦਲੀਪ ਚੰਦ ਜੀ ਨੂੰ ਵੀ ਨਾਲ ਲੈ ਲਵਾਂਗੇ।

**ਸ੍ਰੀ ਸਪੀਕਰ** : ਇਹ ਠੀਕ ਹੈ ਕਿ ਫਸਲਾਂ ਨੂੰ ਨੁਕਸਾਨ ਹੋਇਆ ਹੈ। ਪੌਲਿਊਸ਼ਨ ਕੰਟਰੋਲ ਥੱਲੇ ਜਿਹੜਾ ਧੂਆਂ ਆ ਰਿਹਾ ਹੈ, ਉਸਨੂੰ ਟਰੀਟ ਕਰਨ ਵੱਲ ਧਿਆਨ ਦਿਓ। ਉਸ ਧੂਏਂ ਨੂੰ ਪਰੇ ਹਟਾਇਆ ਜਾਵੇ। ਇਸ ਵੱਲ ਜ਼ਰੂਰ ਧਿਆਨ ਦਿਓ।

**ਰਾਜ ਮੰਤਰੀ** : ਠੀਕ ਹੈ ਜੀ, ਅਸੀਂ ਜ਼ਰੂਰ ਧਿਆਨ ਦੇਵਾਂਗੇ।

(ਕ੍ਰਮ ਨੰ: 36)

**ਸ੍ਰੀ ਸੁਰਿੰਦਰ ਕਪੂਰ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਥਰਮਲ ਪਲਾਂਟ, ਬਠਿੰਡਾ ਵਿਖੇ ਕਈ ਵਾਰ ਐਕਸਪਲੋਜ਼ਨ ਹੋ ਚੁੱਕੇ ਹਨ ਅਤੇ ਅਜ ਕੱਲ ਤਾਂ ਬਹੁਤ ਹੀ ਹੁੰਦੇ ਹਨ ਜਿਸ ਕਾਰਨ ਯੂਨਿਟ ਬੰਦ ਹੋ ਜਾਂਦੇ ਹਨ ਅਤੇ ਬਿਜਲੀ ਦੀ ਉਤਪਤੀ ਨਹੀਂ ਹੁੰਦੀ। ਸਿਟੇ ਵਜੋਂ ਰਾਜ ਦੇ ਲੋਕਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਨੂੰ ਖਾਸ ਕਰਕੇ ਇੰਡਸਟਰੀਅਲਿਸਟਸ ਅਤੇ ਜ਼ਿਮੀਂਦਾਰਾਂ ਨੂੰ ਬਹੁਤ ਨੁਕਸਾਨ ਹੁੰਦਾ ਹੈ। ਬਿਜਲੀ ਬਕਾਇਦਾ ਨਾ ਮਿਲਣ ਕਾਰਨ ਇੰਡਸਟਰੀ ਬੰਦ ਹੋਣ ਦਾ ਖਤਰਾ ਹੈ ਜਿਸ ਕਾਰਨ ਕੇਵਲ ਇੰਡਸਟਰੀਅਲਿਸਟਸ ਨੂੰ ਘਾਟਾ ਨਹੀਂ ਹੋਵੇਗਾ ਬਲਕਿ ਮਸ਼ੀਨਰੀ ਨੂੰ ਭਾਰੀ ਨੁਕਸਾਨ ਹੁੰਦਾ ਹੈ ਜਿਸ ਦੀ ਰਿਪੇਅਰ ਤੇ ਵੀ ਬਹੁਤ ਸਾਰਾ ਖ਼ਰਚਾ ਹੋ ਰਿਹਾ ਹੈ ਅਤੇ ਲੱਖਾਂ ਰੁਪਏ ਦਾ ਨੁਕਸਾਨ ਬੋਰਡ ਨੂੰ ਹੋ ਰਿਹਾ ਹੈ। ਇਨ੍ਹਾਂ ਕਾਰਨਾਂ ਕਾਰਨ ਜਨਤਾ ਵਿਚ ਬੜਾ ਰੋਸ ਹੈ। ਇਸ ਦੀ ਰੋਕਥਾਮ ਅਤੇ ਸਹੀ ਵਰਤੋਂ ਸਬੰਧੀ ਸਰਕਾਰ ਇਸ ਬਾਰੇ ਹਾਊਸ ਵਿਚ ਬਿਆਨ ਦੇਵੇ।

**Finance Minister** (Doctor Kewal Kris an) : It is incorrect to state that there have been many explosions in the Guru Nanak Dev Thermal Plant, Bhatinda. Only one explosion took place and this was on the 31st August, 1982. All necessary pre cautions to avoid any untoward accidents are taken regularly by the Technical Staff responsible for operation and Maintenance.

The damaged unit is likely to be repaired and made available for service by the end of September, 1982. The Government has taken all possible steps to ensure efficient service to agriculture and industry.

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਨੂੰ ਇਹ ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਬਠਿੰਡਾ ਥਰਮਲ ਪਲਾਂਟ ਵਿਖੇ ਸਿਰਫ ਇਕੋ ਹੀ ਐਕਸਪਲੋਜ਼ਨ ਹੋਇਆ ਹੈ। ਇਸ ਸਬੰਧੀ ਚਾਹੇ ਤੁਸੀਂ ਅਖਬਾਰਾਂ ਦੇਖ ਲਵੋ ਜਾਂ ਥਰਮਲ ਪਲਾਂਟ ਦਾ ਰਿਕਾਰਡ ਦੇਖ ਲਵੋ ਕਿ ਉਥੇ ਕਿੰਨੇ ਐਕਸਪਲੋਜ਼ਨ ਹੋਏ ਹਨ, ਕਿੰਨੇ ਯੂਨਿਟ ਬੰਦ ਹੋਏ ਹਨ ਅਤੇ ਕਿੰਨਾ ਨੁਕਸਾਨ ਹੋਇਆ ਹੈ। ਇਸ ਸਬੰਧ ਵਿਚ ਬੋਰਡ ਨੇ ਵੀ ਮੰਨਿਆ ਹੈ ਤੇ ਪੇਪਰ ਵਿਚ ਵੀ ਆਇਆ ਹੈ। For the first time the authorities admitted that mishap took place in Thermal Plant, Bhatinda. ਇਹ ਫਸਟ ਟਾਈਮ ਮਨੇ ਹਨ। ਐਕਸਪਲੋਜ਼ਨ ਕਈ ਵਾਰ ਹੋ ਚੁੱਕੇ ਹਨ ਅਤੇ ਯੂਨਿਟ ਵੀ ਕਈ ਵਾਰ ਬੰਦ ਹੋਏ ਹਨ। ਮੈਂ ਤੁਹਾਨੂੰ ਲਾਸਟ ਦੀ ਰਿਪੋਰਟ ਵੀ ਦੱਸਦਾ ਹਾਂ। ਕਾਰਨ ਐਸਾ ਹੁੰਦਾ ਹੈ ਕਿ Poor quality of coal with very high ash contents. ਥਰਮਲ ਯੂਨਿਟ ਬੰਦ ਹੋਣ ਨਾਲ ਬਿਜਲੀ ਦੀ ਜੈਨਰੇਸ਼ਨ ਨਹੀਂ ਹੋਇਆ ਕਰਦੀ। ਜਿਸ ਬਿਜਲੀ ਦੀ ਜੈਨਰੇਸ਼ਨ ਲਈ ਤੁਸੀਂ ਵੱਧ ਤੋਂ ਵੱਧ ਜ਼ੋਰ ਲਗਾ ਰਹੇ ਹੋ ਅਤੇ ਕੋਸ਼ਿਸ਼ ਕਰ ਰਹੇ ਹੋ ਕਿ ਇਸ ਦੀ ਵੱਧ ਤੋਂ ਵੱਧ ਸਪਲਾਈ ਕੀਤੀ ਜਾਵੇ, ਉਹ ਬਿਜਲੀ ਇਸ ਤਰ੍ਹਾਂ ਐਕਸਪਲਜ਼ਨ ਹੁੰਦੀ ਰਹੇ ਤਾਂ ਜੈਨਰੇਟ ਨਹੀਂ ਹਵੇਗੀ। ਇਸ ਨਾਲ ਨਾ ਸਿਰਫ ਥਰਮਲ ਪਲਾਂਟ ਨੂੰ ਹੀ ਘਾਟਾ ਪਵੇਗਾ ਬਲਕਿ ਪਰੋਡਕਸ਼ਨ ਵਿਚ ਵੀ ਘਾਟਾ ਪਵੇਗਾ, ਐਗਰੀਕਲਕਰ ਅਤੇ ਇੰਡਸਟਰੀ ਨੂੰ ਵੀ ਘਾਟਾ ਪਵੇਗਾ। ਥਰਮਲ ਪਲਾਂਟ ਵਿਚ ਜਿਹੜਾ ਮੈਟੀਰੀਅਲ ਯੂਜ਼ ਹੁੰਦਾ ਹੈ, ਉਸਦੀ ਫਲਾਈ ਐਸ਼ ਨਾਲ, ਸਮੋਕ ਨਾਲ ਸ਼ਹਿਰਾਂ ਦੀ ਵਸੋਂ ਨੂੰ ਵੀ ਕਾਫੀ ਨੁਕਸਾਨ ਹੋ ਰਿਹਾ ਹੈ। ਮਸ਼ੀਨਰੀ ਅਤੇ ਰੈਸਪਰੇਟਰ ਡੈਮੇਜ ਹੋ ਚੁਕਾ ਹੈ। ਮੈਂ ਇਸ ਸਬੰਧੀ ਬੇਨਤੀ ਕਰਾਂਗਾ ਕਿ ਐਕਸਪਰਟਸ ਨੂੰ ਨਾਲ ਲਿਜਾ ਕੇ ਐਗਜ਼ਾਮਿਨ ਕਰਵਾਇਆ ਜਾਵੇ ਅਤੇ ਲੋਕਾਂ ਨੂੰ ਰਾਹਿਤ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਥਰਮਲ ਪਲਾਂਟ, ਬਠਿੰਡਾ ਜਿਹੜੀ ਬਿਜਲੀ ਪੈਦਾ ਕਰਦਾ ਹੈ, ਉਹ ਪੰਜਾਬ ਲਈ ਬਹੁਤ ਵੱਡੀ ਐਨਰਜੀ ਦਾ ਅਸੈਟ ਹੈ ਜਿਥੇ 4 ਯੂਨਿਟ 110 ਮੈਗਾਵਾਟ ਦੇ ਲੱਗੇ ਹੋਏ ਹਨ। ਬਹੁਤ ਸਾਰੀ ਬਿਜਲੀ ਸਾਨੂੰ ਬਠਿੰਡਾ ਥਰਮਲ ਪਲਾਂਟ ਤੋਂ ਮਿਲਦੀ ਹੈ। ਜਿਹੜਾ ਮੈਟੀਰੀਅਲ ਯਾਨੀ ਕੋਲਾ ਆਦਿ ਉਥੇ ਇਸਤੇਮਾਲ ਹੁੰਦਾ ਹੈ ਇਹ ਠੀਕ ਹੈ ਕਿ ਇਸਦੀ ਕੁਆਲਿਟੀ ਹਲਕੀ ਵੀ ਆ ਸਕਦੀ ਹੈ। ਕੋਲੇ ਦੇ ਜਲਨ ਨਾਲ ਕਈ ਦਫਾ ਹੀਟ ਜ਼ਿਆਦਾ ਹੋ ਜਾਵੇ, ਕੋਲੇ ਦੀ ਐਕਸੈਸ ਯੂਜ਼ ਹੋ ਜਾਏ ਤਾਂ ਛੋਟੇ ਛੋਟੇ ਐਕਸਪਲੋਜ਼ਨ ਹੋ ਸਕਦੇ ਹਨ। ਵੱਡਾ ਐਕਸਪਲੋਜ਼ਨ ਜਿਸ ਨਾਲ ਨੁਕਸਾਨ ਹੋਇਆ ਹੈ, ਉਹ 31 ਅਗਸਤ, 1982 ਨੂੰ ਜਿਸ ਵੇਲੇ 4 ਹੀ ਯੂਨਿਟ ਚਲਦੇ ਪਏ ਸਨ, ਸ਼ਾਮ ਦੇ ਕੋਈ ਸਵਾ ਚਾਰ ਵਜੇ ਧਮਾਕਾ ਹੋਇਆ ਹੈ, ਧਮਾਕਾ ਵੀ ਨਹੀਂ ਕੁਝ ਸ਼ੋਰ ਜਿਹਾ ਹੋਇਆ ਹੈ। ਮਸ਼ੀਨਰੀ ਨੂੰ ਇਸ ਨਾਲ ਕੋਈ 4 ਲੱਖ ਦਾ ਨੁਕਸਾਨ ਹੋ ਗਿਆ ਹੈ। ਮਸ਼ੀਨਰੀ ਦੀ ਠੀਕ ਰਿਪੇਅਰ ਲਈ ਮੈਸਰਜ਼ ਬੀ. ਐਚ. ਈ. ਐਲ. ਦੇ ਐਕਸਪਰਟਜ਼ ਉਥੇ ਪਹੁੰਚ ਗਏ ਹਨ ਅਤੇ ਇਕ ਮੈਂਬਰ ਪੰਜਾਬ ਰਾਜ ਬਿਜਲੀ ਬੋਰਡ ਦਾ ਜਿਹੜਾ ਜੈਨਰੇਸ਼ਨ ਨਾਲ ਸਬੰਧ ਰੱਖਦਾ ਹੈ, ਸ੍ਰੀ ਰਾਮ ਪਾਲ, ਉਹ ਵੀ ਉਥੇ ਪਹੁੰਚ ਗਿਆ ਹੈ। ਉਥੇ ਮੁਰੰਮਤ ਦਾ ਕੰਮ ਤੇਜ਼ੀ ਨਾਲ ਹੋ ਰਿਹਾ ਹੈ। ਇਸ ਮਹੀਨੇ ਦੇ ਅੰਤ ਤਕ ਜ਼ਰੂਰ ਪੂਰਾ ਹੋ ਜਾਵੇਗਾ। ਮੈਨੂੰ ਇਹ ਦੱਸਣ ਵਿਚ ਵੀ ਖੁਸ਼ੀ ਹੈ ਕਿ ਸਾਲ 1979-80 ਵਿਚ ਜਿਹੜੀ ਇਨ੍ਹਾਂ ਯੂਨਿਟਸ ਦੇ ਥਰੂ ਜੈਨਰੇਸ਼ਨ ਹੋਈ ਸੀ, ਉਹ 1141 ਮਿਲੀਅਨ ਯੂਨਿਟਸ ਸੀ ਜਿਸਦੀ ਪਰਸੈਂਟੇਜ 29.5 ਸੀ ਅਤੇ ਆਲ ਇੰਡੀਆ ਲੈਵਲ ਤੇ ਪਰਸੈਂਟੇਜ 34.8 ਸੀ। 1980-81 ਵਿਚ ਕੁਝ ਹੋਰ ਉਪਰਾਲੇ ਕੀਤੇ ਗਏ ਅਤੇ ਬਿਜਲੀ 1458 ਮਿਲੀਅਨ ਯੂਨਿਟਸ ਪੈਦਾ ਹੋਈ ਜਿਸਦੀ ਪਰਸੈਂਟੇਜ 37.8 ਸੀ ਅਤੇ ਨੈਸ਼ਨਲ ਐਵਰੇਜ 33.3 ਸੀ। 1981–82 ਵਿਚ ਹੋਰ ਧਿਆਨ ਦੇ ਕੇ 1592 ਮਿਲੀਅਨ ਯੂਨਿਟਸ ਪੈਦਾ ਕੀਤੀ ਜਿਸਦੀ ਪਰਸੈਂਟੇਜ 41.4 ਸੀ ਜਦ ਕਿ ਨੈਸ਼ਨਲ ਲੈਵਲ ਤੇ ਇਹ ਪਰਸੈਂਟੇਜ 37.2 ਸੀ। ਹੁਣ 41.58 ਪਰਸੈਂਟੇਜ ਹੈ, ਯਾਨੀ ਅੱਗੇ ਨਾਲੋਂ ਵੀ ਵੱਧ ਬਿਜਲੀ ਪੈਦਾ ਕੀਤੀ ਜਾ ਰਹੀ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਬਠਿੰਡਾ ਥਰਮਲ ਪਲਾਂਟ ਦਾ ਕੰਮ ਅੱਗੇ ਨਾਲੋਂ ਅੱਛਾ ਹੈ। ਜਿਥੋਂ ਤਕ ਐਸ਼ ਦਾ ਲੋਕਾਂ ਤੇ ਪੈਣ ਦਾ ਸਵਾਲ ਹੈ, ਉਸ ਲਈ ਟਰੀਟਮੈਂਟ ਪਲਾਂਟ ਲਗੇ ਹੋਏ ਹਨ। ਇਸ ਤਕਲੀਫ ਨੂੰ ਘੱਟ ਤੋਂ ਘੱਟ ਕਰਨ ਦੇ ਹੋਰ ਯਤਨ ਕਰਾਂਗੇ ਤਾਕਿ ਸ਼ਹਿਰੀ ਲੋਕਾਂ ਨੂੰ ਇਸ ਤਕਲੀਫ ਤੋਂ ਬਚਾਇਆ ਜਾ ਸਕੇ।

**ਸ੍ਰੀ ਸਪੀਕਰ** : ਇਕ ਹੋਰ ਪੁਆਇੰਟ ਹੈ। ਬਿਜਲੀ ਦੀ ਪੈਦਾਵਾਰ ਦੀ ਪਰਸੈਂਟੇਜ ਅਗਸਤ ਮਹੀਨੇ ਵਿਚ 60.12 ਹੋ ਚੁਕੀ ਹੈ।

**ਮੰਤਰੀ** : ਨਹੀਂ ਜੀ, ਸਪੀਕਰ ਸਾਹਿਬ, ਇਹ 60.25 ਹੈ।

**ਸ੍ਰੀ ਸਪੀਕਰ** : ਹਾਂ ਜੀ, 60.25 ਹੀ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਤੁਸੀਂ ਕੰਪਲੀਮੈਂਟਸ ਦਿੱਤੇ ਹਨ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ, ਮੇਰੀ ਗੱਲ ਵੱਲ ਤਾਂ ਧਿਆਨ ਦਿਓ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਕਾਲ-ਅਟੈਨਸ਼ਨ ਮੋਸ਼ਨ ਤੇ ਇਕੋ ਸਪਲੀਮੈਂਟਰੀ ਹੋ ਸਕਦੀ ਹੈ। ਇਹ ਮੇਰੀ ਮਜ਼ਬੂਰੀ ਹੈ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਐਸ਼ੋਰੈਂਸ ਦਿਵਾਈ ਜਾਵੇ ਕਿ ਇਹ ਕਦੋਂ ਤਕ ਹੋ ਜਾਵੇਗਾ। ਅਸੀਂ ਜਾ ਕੇ ਲੋਕਾਂ ਨੂੰ ਕੀ ਦੱਸਾਂਗੇ। ਅਸੀਂ ਲੋਕਾਂ ਨੂੰ ਕੀ ਜਵਾਬ ਦਿਆਂਗੇ। ਲੋਕ ਸਾਨੂੰ ਕੀ ਕਹਿਣਗੇ। ਸਾਨੂੰ ਇਸ ਗੱਲ ਦਾ ਜਵਾਬ ਦਿਵਾਓ ਨਹੀਂ ਤਾਂ ਮੈਂ ਪਰੋਟੈਸਟ ਕਰਾਂਗਾ।

**ਸ਼੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨ ਤੇ ਇਕ ਸਪਲੀਮੈਂਟਰੀ ਹੋ ਸਕਦੀ ਹੈ ਅਤੇ ਉਹ ਤੁਸੀਂ ਕਰ ਲਈ ਹੈ।

**ਸ਼੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਤੁਸੀਂ ਮੇਰੇ ਸਵਾਲ ਦਾ ਜਵਾਬ ਤਾਂ ਦਿਵਾਓ।

---

*(Serial No. 26)**

**Comrade Sarwan Singh Cheema**
**Comrade Kulwant Singh** : Sir, I beg to draw the attention of the Government towards a matter of urgent public importance, namely, acute power-shortage in the State adversely affecting industrial and agricultural production. Workers are being laid-off. The Tubewells and Industries within the State are not getting supply of power for even 8 hours. There is a great resentment amongst the people

The Government may be asked to make a statement in this behalf in the House.

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਸਰਕਾਰ ਇਸ ਗੱਲ ਲਈ ਵਚਨਬੱਧ ਹੈ ਕਿ ਬਿਜਲੀ ਦੀ ਮੁਨਾਸਿਬ ਸਪਲਾਈ ਐਗਰੀਕਲਚਰਲ ਸੈਕਟਰ ਅਤੇ ਇੰਡਸਟਰੀਅਲ ਸੈਕਟਰ ਨੂੰ ਜ਼ਰੂਰ ਮਿਲਦੀ ਰਹੇ ਹਰ ਟਾਪ ਪ੍ਰਾਇਰਿਟੀ ਟਿਊਬਵੈਲਾਂ ਵਾਸਤੇ ਦਿਤੀ ਜਾ ਰਹੀ ਹੈ। ਇਹ ਗਲਤ ਹੈ ਕਿ ਸਿਰਫ 8 ਘੰਟੇ ਟਿਊਬਵੈਲਾਂ ਨੂੰ ਬਿਜਲੀ ਮਿਲਦੀ ਹੈ। ਜੁਲਾਈ ਅਤੇ ਅਗਸਤ, 1982 ਵਿਚ, ਜਦ ਕਿ ਫ਼ਸਲਾਂ ਨੂੰ ਜ਼ਿਆਦਾ ਪਾਣੀ ਦੀ ਲੋੜ ਸੀ, 12 ਘੰਟੇ ਟਿਊਬਵੈਲਾਂ ਨੂੰ ਬਿਜਲੀ ਦੀ ਸਪਲਾਈ ਰਹੀ ਅਤੇ ਉਹ ਇਸ ਕਰਕੇ ਕਿਉਂਕਿ ਮੌਨਸੂਨ ਦੀਆਂ ਬਾਰਿਸ਼ਾਂ ਦੇਰ ਨਾਲ ਹੋਈਆਂ ਸਨ। 3 ਸਤੰਬਰ, 1982 ਤੋਂ ਟਿਊਬਵੈਲਾਂ ਨੂੰ 11 ਘੰਟੇ ਰੋਜ਼ ਬਿਜਲੀ ਦੀ ਸਪਲਾਈ ਮਿਲ ਰਹੀ ਹੈ। ਇਸ ਤਰ੍ਹਾਂ ਕਿਸਾਨ ਦੀ ਬਿਜਲੀ ਦੀ ਜਿਹੜੀ ਡੀਮਾਂਡ ਸੀ ਉਹ ਪੂਰੀ ਕੀਤੀ ਗਈ ਹੈ। ਸਨਅਤੀ ਖੇਤਰ ਵਿਚ ਇਸ ਦੀ ਕੰਜ਼ੰਪਸ਼ਨ ਵਾਸਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਅਤੇ ਉਹ ਇਸ ਕਰਕੇ ਕੀਤਾ ਗਿਆ ਤਾਕਿ ਸਾਡਾ ਜਿਹੜਾ ਐਗਰੀਕਲਚਰਿਸਟ ਹੈ, ਸਾਡਾ ਜਿਹੜਾ ਫਾਰਮਰ ਹੈ, ਜਿਹੜਾ ਸਾਡਾ ਕਿਸਾਨ ਭਰਾ ਹੈ ਉਸ ਨੂੰ ਜ਼ਿਆਦਾ ਫਾਇਦਾ ਪਹੁੰਚਾਇਆ ਜਾਵੇ। ਲਾਰਜ ਇੰਡਸਟਰੀ

*Read in Punjabi.

Original with;
Punjab Vidhan Sabha
Digitized by;
Panjab Digital Library

ਵਾਲੇ ਜਿਹੜੇ 1 ਮੈਗਾਵਾਟ ਅਤੇ ਇਸ ਤੋਂ ਜ਼ਿਆਦਾ ਬਿਜਲੀ ਲੈਣ ਵਾਲੇ ਹਨ ਉਨ੍ਹਾਂ ਨੂੰ 8 ਜੁਲਾਈ, 1982 ਤੋਂ 21 ਜੁਲਾਈ, 1982 ਤਕ ਬਿਜਲੀ ਬੰਦ ਕੀਤੀ ਗਈ ਸੀ ਅਤੇ 22 ਜੁਲਾਈ, 1982 ਤੋਂ 25 ਜੁਲਾਈ, 1982 ਤਕ 50% ਬਿਜਲੀ ਦੀ ਸਪਲਾਈ ਉਨ੍ਹਾਂ ਨੂੰ ਦਿਤੀ ਗਈ ਸੀ। ਅਗਸਤ ਦੇ ਮਹੀਨੇ ਵਿਚ ਇੰਡਸਟਰੀ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ। 3 ਸਤੰਬਰ, 1982 ਤੋਂ ਫਿਰ ਇੰਡਸਟਰੀ ਤੇ ਕੁਝ ਰਿਸਟਰਿਕਸ਼ਨ ਲਗਾ ਦਿਤੀ ਗਈ ਹੈ ਅਤੇ ਜਦੋਂ ਜ਼ਿਆਦਾ ਬਿਜਲੀ ਮਿਲਣੀ ਸ਼ੁਰੂ ਹੋ ਗਈ ਤਾਂ ਫਿਰ ਇਹ ਰਿਸਟਰਿਕਸ਼ਨ ਵੀ ਘਟਾ ਦਿਤੀ ਜਾਵੇਗੀ। ਇਹ ਕਹਿਣਾ ਗਲਤ ਹੈ ਕਿ ਬਿਜਲੀ ਦੀ ਬਹੁਤ ਸਾਰੀ ਡਾਈਵਰਸ਼ਨ ਪੰਜਾਬ ਤੋਂ ਦਿੱਲੀ ਵਲ ਨੂੰ ਤੇ ਹੋਰ ਸਟੇਟਾਂ ਨੂੰ ਕੀਤੀ ਜਾ ਰਹੀ ਹੈ। ਭਾਖੜਾ ਸਿਸਟਮ ਵਿਚੋਂ ਦਿੱਲੀ ਇਲੈਕਟ੍ਰਿਕ ਸਪਲਾਈ ਅੰਡਰਟੇਕਿੰਗ ਅਤੇ ਰਾਜਿਸਥਾਨ ਵਲੋਂ ਕੁਝ ਗੈਰ-ਅਧਿਕਾਰਿਤ ਵਿਦਡਰਾਲਜ਼ ਹੋਈਆਂ ਪਰ ਇਸ ਤੇ ਪੰਜਾਬ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨਾਲ ਅਤੇ ਗੌਰਮਿੰਟ ਆਫ ਇੰਡੀਆ ਨਾਲ ਇਹ ਮਾਮਲਾ ਟੇਕ ਅੱਪ ਕੀਤਾ। ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਸਾਨੂੰ ਉਸ ਵਿਚੋਂ ਸਾਡਾ ਪਿਛਲਾ ਪੂਰਾ ਹਿੱਸਾ ਮਿਲ ਗਿਆ ਹੈ।

ਕਾਮਰੇਡ ਸਰਵਣ ਸਿੰਘ ਚੀਮਾ : ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿਚ ਜਿੰਨੀ ਔੜ ਲਗੀ ਹੈ ਉਸ ਨਾਲ ਕਿਸਾਨ ਦੀਆਂ ਫਸਲਾਂ, ਚਾਹੇ ਝੋਨੇ ਦੀ ਫਸਲ ਹੈ ਜਾਂ ਕੋਈ ਹੋਰ ਫ਼ਸਲ ਹੈ, ਉਹ ਸਾਰੀਆਂ ਦੀਆਂ ਸਾਰੀਆਂ ਤਬਾਹ ਹੋ ਰਹੀਆਂ ਹਨ। ਖਾਦ ਮਹਿੰਗੀ ਹੋ ਗਈ ਹੈ, ਹਰ ਚੀਜ਼ ਮਹਿੰਗੀ ਹੋ ਗਈ ਹੈ। ਖੇਤੀਬਾੜੀ ਦੀ ਵਰਤੋਂ ਵਿਚ ਆਉਣ ਵਾਲੀਆਂ ਸਾਰੀਆਂ ਚੀਜ਼ਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ। ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਆਸਮਾਨ ਨੂੰ ਪਹੁੰਚ ਗਈਆਂ ਹਨ। ਕਿਸਾਨ ਬਹੁਤ ਦੁਖੀ ਹੈ। ਇਹ ਕਹਿੰਦੇ ਹਨ ਕਿ ਕਿਸਾਨ ਨੂੰ ਕਦੇ 11 ਘੰਟੇ ਅਤੇ ਕਦੇ 12 ਘੰਟੇ ਬਿਜਲੀ ਮਿਲੀ ਹੈ। ਸਪੀਕਰ ਸਾਹਿਬ, ਇਹ ਗਲਤ ਗੱਲ ਹੈ। ਇਨ੍ਹਾਂ ਨੂੰ ਪਿੰਡਾਂ ਦੀ ਹਾਲਤ ਦਾ ਪਤਾ ਨਹੀਂ ਹੈ। ਪਿੰਡਾਂ ਵਿਚ ਜਾ ਕੇ ਦੇਖੋ, 7-8 ਘੰਟੇ ਤੋਂ ਵਧ ਬਿਜਲੀ ਨਹੀਂ ਮਿਲ ਰਹੀ। ਜਿਹੜੀ ਮਿਲਦੀ ਵੀ ਹੈ ਉਹ ਵੀ ਲਗਾਤਾਰ ਨਹੀਂ ਮਿਲਦੀ। ਕਦੇ 2 ਘੰਟੇ ਆ ਗਈ ਅਤੇ ਕਦੇ 1 ਘੰਟਾ ਆ ਗਈ। ਬਾਰ ਬਾਰ ਬਿਜਲੀ ਬੰਦ ਹੁੰਦੀ ਹੈ। ਇਸ ਕਰਕੇ ਕਿਸਾਨ ਬਹੁਤ ਦੁਖੀ ਹਨ। ਮੈਂ ਮੰਗ ਕਰਦਾ ਹਾਂ ਕਿ ਇਸ ਵੇਲੇ ਘਟੋ ਘਟ 16 ਘੰਟੇ ਬਿਜਲੀ ਹਰ ਰੋਜ਼ ਟਿਊਬਵੈੱਲਾਂ ਨੂੰ ਮਿਲਣੀ ਚਾਹੀਦੀ ਹੈ ਤਾਂ ਕਿ ਕਿਸਾਨ ਦੀਆਂ ਫਸਲਾਂ ਪੱਕ ਸਕਣ ਨਹੀਂ ਤਾਂ ਜਿੰਨੀ ਔੜ ਲਗੀ ਹੋਈ ਹੈ ਉਸ ਨਾਲ ਸਾਰੀਆਂ ਫਸਲਾਂ ਕਿਸਾਨਾਂ ਦੀਆਂ ਮਾਰੀਆਂ ਜਾਣੀਆਂ ਹਨ। ਪੰਜਾਬ ਦੀ ਸਰਕਾਰ ਨੂੰ ਅੱਖਾਂ ਬੰਦ ਕਰਕੇ ਨਹੀਂ ਬੈਠੇ ਰਹਿਣਾ ਚਾਹੀਦਾ। ਬਿਜਲੀ ਨਾ ਮਿਲਣ ਕਰਕੇ ਸਨਅਤ ਵੀ ਬੰਦ ਹੋ ਰਹੀ ਹੈ। ਬਿਜਲੀ ਲਗਾਤਾਰ ਬੰਦ ਰਹਿੰਦੀ ਹੈ। ਪੈਦਾਵਾਰ ਘਟ ਰਹੀ ਹੈ। ਇਸ ਤਰ੍ਹਾਂ ਸਾਰੇ ਦੇਸ਼ ਦਾ ਨੁਕਸਾਨ ਹੋਵੇਗਾ, ਕੌਮ ਦਾ ਨੁਕਸਾਨ ਹੋਵੇਗਾ। ਜਿਥੇ ਸਨਅਤੀ ਪੈਦਾਵਾਰ ਘਟਦੀ ਹੈ ਉਥੇ ਮਜ਼ਦੂਰ ਵੀ ਬੇਕਾਰ ਹੋ ਰਹੇ ਹਨ। ਉਹ ਭੁੱਖੇ ਮਰ ਰਹੇ ਹਨ। ਇਸ ਲਈ ਸਨਅਤ ਵਾਸਤੇ ਵੀ ਪੂਰੀ ਬਿਜਲੀ ਮਿਲਣੀ ਚਾਹੀਦੀ ਹੈ। ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ ਤਾਂ ਹੀ ਸਨਅਤ ਤਰੱਕੀ ਕਰੇਗੀ ਅਤੇ ਮਜ਼ਦੂਰਾਂ ਨੂੰ ਕੰਮ ਮਿਲ ਸਕੇਗਾ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਅਗਲੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਸਿਕਿਉਰਟੀਆਂ ਵਿਚ ਵਾਧਾ ਕੀਤਾ ਜਾ ਰਿਹਾ ਹੈ, ਚਾਹੇ ਉਹ ਘਰਾਂ ਦੀਆਂ ਸਿਕਿਉਰਟੀਆਂ ਹਨ ਅਤੇ ਚਾਹੇ ਉਹ ਟਿਊਬਵੈਲਾਂ ਦੀਆਂ ਸਿਕਿਉਰਟੀਆਂ ਹਨ, ਉਨ੍ਹਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਇਹ ਵਾਧਾ ਨਹੀਂ ਕਰਨਾ ਚਾਹੀਦਾ। ਪੰਜਾਬ ਦੇ ਲੋਕ ਸਾਰੇ ਦੁਖੀ ਹਨ।

ਹੋਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਬਿਜਲੀ ਦਿੱਲੀ ਨੂੰ ਜਾ ਰਹੀ ਹੈ। ਹੁਣ ਇਹ ਕਹਿੰਦੇ ਹਨ ਕਿ ਅਸੀਂ ਉਹ ਵਾਪਿਸ ਲੈ ਰਹੇ ਹਾਂ। ਅਸੀਂ ਇਥੇ ਮਰ ਰਹੇ ਹਾਂ ਪਰ ਇਹ ਬਿਜਲੀ ਬਾਹਰ ਦੇ ਰਹੇ ਹਨ। ਇਸ ਬਾਰੇ ਵਜ਼ੀਰ ਸਾਹਿਬ ਜਵਾਬ ਦੇਣ।

**ਮੰਤਰੀ :** ਸਪੀਕਰ ਸਾਹਿਬ, ਤੁਸੀਂ ਬੜੇ ਫਰਾਖਦਿਲ ਹੋ, ਤੁਸੀਂ ਇਕ ਸਪਲੀ-ਮੈਂਟਰੀ ਨਹੀਂ ਸਗੋਂ ਬਹੁਤ ਸਾਰੀਆਂ ਸਪਲੀਮੈਂਟਰੀਜ਼ ਕਰਨ ਦੀ ਆਗਿਆ ਦੇ ਦਿੰਦੇ ਹੋ। ਮੈਂ ਪਹਿਲੀ ਗੱਲ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਦਰਤੀ ਆਫਤ ਵਿਚ ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਦਾ ਵਿਸ਼ਵਾਸ਼ ਹੋਵੇ ਜਾਂ ਨਾ ਹੋਵੇ, ਪਰ ਅਸੀਂ ਸਮਝਦੇ ਹਾਂ ਕਿ ਕੁਦਰਤੀ ਆਫਤ ਜਿਹੜੀ ਹੈ ਇਹ ਪ੍ਰਮਾਤਮਾ, ਵਾਹਿਗੁਰੂ ਨਾਲ ਸਬੰਧਤ ਹੈ। ਜੇ ਪ੍ਰਮਾਤਮਾ ਮਿਹਰਬਾਨ ਹੋ ਜਾਵੇ ਤਾਂ ਇਕ ਪਾਸੇ ਫਲੱਡ ਆ ਜਾਂਦੇ ਹਨ ਅਤੇ ਦੂਜੇ ਪਾਸੇ ਡਰਾਟ ਹੋ ਜਾਂਦਾ ਹੈ। ਇਸ ਦਾ ਹੱਲ ਇਹ ਹੈ ਕਿ ਅਸੀਂ ਪ੍ਰਮਾਤਮਾ, ਵਾਹਿਗੁਰੂ ਦੀ ਭਗਤੀ ਕਰੀਏ ਤਾਕਿ ਉਹ ਸਾਡੇ ਤੇ ਮਿਹਰਬਾਨ ਰਹੇ ਅਤੇ ਸਾਡੇ ਤੇ ਕੁਦਰਤੀ ਆਫਤ ਨਾ ਆਵੇ। ਦੁਨੀਆਂ ਤੇ ਜਿਹੜੇ ਇਨਸਾਨ ਹਨ, ਸਰਕਾਰਾਂ ਹਨ, ਉਨ੍ਹਾਂ ਦਾ ਫਰਜ਼ ਹੈ ਕਿ ਇਹੋ ਜਿਹੇ ਹਾਲਾਤ ਦਾ ਮੁਕਾਬਲਾ ਕਰਨ ਲਈ ਤਿਆਰ ਰਹਿਣ। ਪੰਜਾਬ ਸਰਕਾਰ ਨੇ ਜਦ ਕਦੇ ਵੀ ਕੋਈ ਕੁਦਰਤੀ ਆਫਤ ਆਈ ਹੈ ਤਾ ਪੰਜਾਬ ਦੇ ਲੋਕਾਂ ਦੀ ਉਸ ਤਕਲੀਫ ਵਿਚ ਮਦਦ ਕੀਤੀ ਹੈ। ਚਾਹੇ ਹੜ੍ਹ ਆਏ ਜਾਂ ਡਰਾਟ ਹੋਇਆ, ਪੰਜਾਬ ਸਰਕਾਰ ਨੇ ਪੂਰੀ ਮਦਦ ਕੀਤੀ 16 ਕਰੋੜ ਰੁਪਿਆ ਫਲੱਡ ਤੋਂ ਦੁਖੀ ਲੋਕਾਂ ਨੂੰ ਅਤੇ ਡਰਾਟ ਵਾਸਤੇ ਵੀ ਦਿਤਾ ਗਿਆ। ਪਿਛਲੇ ਸਾਲ ਬਾਰਸ਼ਾਂ ਘਟ ਪਈਆਂ ਅਤੇ ਡਰਾਟ ਰਹੀ, ਉਦੋਂ ਵੀ ਪੈਡੀ ਦੀ ਫਸਲ ਵਾਸਤੇ ਮਦਦ ਕੀਤੀ। 12 ਘੰਟੇ ਲਗਾਤਾਰ ਕਿਸਾਨਾਂ ਨੂੰ ਬਿਜਲੀ ਦਿਤੀ ਗਈ। ਇਸ ਤਰ੍ਹਾਂ ਰਿਕਾਰਡ ਪੈਦਾਵਾਰ ਪੈਡੀ ਦੀ ਹੋਈ। ਇਸ ਸਾਲ ਵੀ ਪੰਜਾਬ ਸਰਕਾਰ ਨੂੰ ਪੂਰਾ ਧਿਆਨ ਹੈ। ਪੰਜਾਬ ਸਰਕਾਰ ਦੇ ਇਹ ਧਿਆਨ ਵਿਚ ਹੈ ਕਿ ਪੰਜਾਬ ਦੇ ਕਿਸਾਨ ਨੂੰ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਮਿਲੇ, ਕਿਸਾਨ ਦੀ ਫਸਲ ਤਬਾਹ ਨਾ ਹੋਵੇ, ਕਿਸਾਨ ਨੂੰ ਪੂਰਾ ਪੂਰਾ ਪਾਣੀ ਮਿਲੇ। ਇਹ ਸਾਡੀ ਪੂਰੀ ਕੋਸ਼ਿਸ਼ ਹੈ। ਸਪੀਕਰ ਸਾਹਿਬ, ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਕ ਪਾਸੇ ਤਾਂ ਇਹ ਕਿਸਾਣ ਦਾ ਰੋਣਾ ਰੋਂਦੇ ਹਨ ਪਰ ਦੂਜੇ ਪਾਸੇ ਇੰਡਸਟਰੀ ਵਾਸਤੇ ਕਹਿੰਦੇ ਹਨ ਕਿ ਇੰਡਸਟਰੀ ਖਤਮ ਹੋ ਰਹੀ ਹੈ। ਬਿਜਲੀ ਐਸੀ ਚੀਜ਼ ਹੈ ਇਹ ਕੋਈ ਰਾਤੋ ਰਾਤ ਦੁਗਣੀ ਨਹੀਂ ਕੀਤੀ ਜਾ ਸਕਦੀ। ਬਿਜਲੀ ਵਾਸਤੇ ਥਰਮਲ ਪਲਾਂਟ ਹਨ। ਜਿਸ ਤਰ੍ਹਾਂ ਮੈਂ ਬਠਿੰਡਾ ਥਰਮਲ ਪਲਾਂਟ ਬਾਰੇ ਪਹਿਲਾਂ ਦਸਿਆ ਹੈ 60.25% ਪਰੋਡਕਸ਼ਨ ਬਿਜਲੀ ਦੀ ਅਗਸਤ ਦੇ ਮਹੀਨੇ ਵਿਚ ਹੋਈ, ਜਿਹੜਾ ਕਿ ਇਕ

Original with;
Punjab Vidhan Sabha
Digitized by;
Panjab Digital Library

ਰਿਕਾਰਡ ਹੈ । ਬਿਜਲੀ ਇਕ ਗ੍ਰਿਡ ਹੈ ਅਤੇ ਇਹ ਗ੍ਰਿਡ ਦੇ ਤੌਰ ਤੇ ਸਾਰਾ ਹਿੰਦੁਸਤਾਨ ਇਕ ਹੈ । ਹਿੰਦੁਸਤਾਨ ਇਕ ਹੋਣ ਕਰਕੇ ਦਿੱਲੀ ਨੂੰ ਵੀ ਬਿਜਲੀ ਜਾਣੀ ਹੈ, ਰਾਜਿਸਥਾਨ ਨੂੰ ਵੀ ਬਿਜਲੀ ਜਾਣੀ ਹੈ ਅਤੇ ਹਰਿਆਣੇ ਨੂੰ ਵੀ ਬਿਜਲੀ ਜਾਣੀ ਹੈ । ਹਿੰਦੁਸਤਾਨ ਇਕ ਹੋਣ ਕਰਕੇ ਅਤੇ ਸਟੇਟਾਂ ਦੀ ਜ਼ਰੂਰਤ ਨੂੰ ਮਹਿਸੂਸ ਕਰਦੇ ਹੋਏ ਉਸ ਪਾਸੇ ਬਿਜਲੀ ਡਾਈਵਰਟ ਕੀਤੀ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ । ਇਹ ਸਚ ਹੈ ਕਿ ਪਿਛਲੇ ਦਿਨਾਂ ਵਿਚ ਬਿਜਲੀ ਦਿੱਲੀ ਨੂੰ ਵੀ ਗਈ, ਪਿਛਲੇ ਦਿਨਾਂ ਵਿਚ ਬਿਜਲੀ ਰਾਜਿਸਥਾਨ ਨੂੰ ਵੀ ਗਈ ਪਰ ਜਦੋਂ ਸਾਨੂੰ ਕਿਸਾਨ ਵਾਸਤੇ ਜ਼ਿਆਦਾ ਬਿਜਲੀ ਦੀ ਲੋੜ ਪਈ ਤਾਂ ਸਾਡੀ ਗਲ ਉਨ੍ਹਾਂ ਨੇ ਮੰਨ ਲਈ । ਸਾਨੂੰ ਇਸ ਵੇਲੇ ਪੂਰੀ ਬਿਜਲੀ ਮਿਲ ਰਹੀ ਹੈ ਔਰ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਬਿਜਲੀ ਦੀ ਕਮੀ ਫਾਰਮਰਜ਼ ਨੂੰ ਨਹੀਂ ਆਉਣ ਦਿਤੀ ਜਾਵੇਗੀ, ਕਿਸੇ ਸੂਰਤ ਵਿਚ ਨਹੀਂ ਆਉਣ ਦਿਤੀ ਜਾਵੇਗੀ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਦਾ ਬਹੁਤ ਧੰਨਵਾਦੀ ਹਾਂ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਕਿਸਾਨਾਂ ਨੂੰ ਬਿਜਲੀ ਦੀ ਘਾਟ ਨਹੀਂ ਆਉਣ ਦਿਤੀ ਜਾਵੇਗੀ । ਪਰ ਮੈਂ ਕਹਿੰਦਾ ਹਾਂ ਕਿ ਅੱਜ ਤੋਂ ਪਹਿਲਾਂ ਜਦੋਂ ਬਿਜਲੀ ਦੀ ਘਾਟ ਹੋਈ ਤਾਂ ਉਦੋਂ ਇਹ ਕਹਿੰਦੇ ਸਨ ਕਿ ਭਾਖੜੇ ਵਿਚ ਪਾਣੀ ਘਟ ਗਿਆ ਹੈ । ਭਾਖੜੇ ਵਿਚ ਪਾਣੀ ਦੀ ਕਮੀ ਆ ਜਾਣ ਕਾਰਨ ਪੂਰੀ ਬਿਜਲੀ ਸਪਲਾਈ ਨਹੀਂ ਕੀਤੀ ਜਾ ਸਕਦੀ । ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਭਾਖੜੇ ਵਿਚ ਹੁਣ ਇਹ ਕਹਿੰਦੇ ਹਨ ਕਿ ਪਾਣੀ ਬਹੁਤ ਹੈ, ਹੁਣ ਇਨ੍ਹਾਂ ਨੇ ਇਹ ਪਾਣੀ ਕਿਧਰ ਤੋਰਨਾ ਹੈ ? ਪਿਛਲੇ ਸਾਲ ਇਸੇ ਸਮੇਂ 16 ਘੰਟੇ ਬਿਜਲੀ ਆਉਂਦੀ ਸੀ ਹੁਣ ਉਤਨੇ ਸਮੇਂ ਲਈ ਹੀ ਬਹਾਲ ਕਰ ਦਿਤੀ ਜਾਵੇ । ਕਿਸਾਨਾਂ ਨੂੰ ਪਾਣੀ ਦੀ ਬਹੁਤ ਲੋੜ ਹੈ । ਜ਼ਮੀਨ ਸਾਰੀ ਬਰਾਨੀ ਹੋ ਰਹੀ ਹੈ । ਉਥੇ ਫ਼ਸਲ ਨਹੀਂ ਹੋ ਸਕਣੀ । ਜੋ ਪਿਛਲੇ ਸਾਲ 16 ਘੰਟੇ ਬਿਜਲੀ ਦੀ ਸਪਲਾਈ ਸੀ ਤਾਂ ਇਸ ਵੇਲੇ ਫਿਰ ਇਹ ਏਨੀ ਹੀ ਕਰ ਦੇਣ । ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਜੋ ਹੈ ਉਹ ਵੀ ਏਥੋਂ ਇਨ੍ਹਾਂ ਬੈਂਚਾਂ ਤੋਂ ਹੀ ਆਉਣੀ ਹੈ । ਜਿਹੜੀ ਇਹ ਉਨ੍ਹਾਂ ਨੂੰ ਅੱਠ ਘੰਟੇ ਦੀ ਸਪਲਾਈ ਕਰਦੇ ਹਨ ਉਸਦੇ ਵਿਚ ਵੀ ਕੱਟ ਲਗਦੀ ਹੈ । ਅਗਰ ਚਲਦੇ ਕੰਮ ਵਿਚ ਬਿਜਲੀ ਬੰਦ ਹੋ ਜਾਵੇ ਤਾਂ ਪਿੱਗ ਆਇਰਨ ਇੰਡਸਟਰੀ ਦਾ ਕੀਤਾ ਸਾਰਾ ਕੰਮ ਵੇਸਟ ਹੋ ਜਾਂਦਾ ਹੈ । ਕਿਸੇ ਵੇਲੇ ਉਨ੍ਹਾਂ ਨੂੰ ਬਿਜਲੀ ਦੇ ਦੇਣ, ਦਿਨ ਨੂੰ ਜਾਂ ਰਾਤ ਨੂੰ, ਪਰ ਇਹ ਲਗਾਤਾਰ ਸਪਲਾਈ ਹੋਣੀ ਚਾਹੀਦੀ ਹੈ । ਜੇ ਬਿਜਲੀ ਸਹੀ ਨਹੀਂ ਆਉਂਦੀ ਤਾਂ ਵਰਕਰਜ਼ ਨੂੰ ਵਿਹਲਾ ਰਹਿਣਾ ਪੈਂਦਾ ਹੈ ਅਤੇ ਮਾਲਕ ਕਿਸੇ ਨਾ ਕਿਸੇ ਢੰਗ ਨਾਲ ਉਸ ਨੂੰ ਕੰਮ ਤੋਂ ਜਵਾਬ ਦੇ ਦੇਂਦੇ ਹਨ । ਇੰਡਸਟਰੀ ਇਸ ਵੇਲੇ ਸਫਰ ਕਰਦੀ ਹੈ ।

**ਮੰਤਰੀ** : ਸਪੀਕਰ ਸਾਹਿਬ, ਇਹ ਇਕ ਨਜ਼ਾਕਤ ਹੈ ਕਿ 'ਚਿਲਮਿਨ ਸੇ ਲਗੇ ਬੈਠੇ ਹੈਂ, ਸਾਥ ਆਤੇ ਭੀ ਨਹੀਂ ਸਾਥ ਛੋੜਤੇ ਭੀ ਨਹੀਂ ।' ਨਾ ਇਹ ਪੂਰੀ ਤਰ੍ਹਾਂ ਕਿਸਾਨਾਂ ਦੇ ਹਮਦਰਦ ਹਨ ਅਤੇ ਨਾ ਹੀ ਇੰਡਸਟਰੀ ਵਾਲਿਆਂ ਦੀ ਗੱਲ ਕਰਦੇ ਹਨ । ਕਿਸਾਨਾਂ ਨੂੰ ਬਿਜਲੀ ਦੀ ਲੋੜ ਹੈ ਅਤੇ ਇੰਡਸਟਰੀ ਵਾਲਿਆਂ ਦੀ ਬਿਜਲੀ ਦੀ ਲੋੜ ਵੀ ਘੱਟ ਨਹੀਂ । ਲੇਕਿਨ ਪੰਜਾਬ ਬਿਜਲੀ ਦੀ ਸਪਲਾਈ ਤੋਂ ਪਿਛੇ ਨਹੀਂ ਹਟਦਾ । ਪੰਜਾਬ ਦੇ ਕਿਸਾਨ ਨੂੰ ਵੱਧ ਤੋਂ ਵੱਧ ਬਿਜਲੀ ਦਿਤੀ ਜਾਂਦੀ ਹੈ ਔਰ ਇਸ ਵੇਲੇ ਵੀ ਦਿਤੀ ਜਾ ਰਹੀ ਹੈ । ਜੋ ਇਹ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਹਿੰਦੇ ਹਨ ਕਿ ਇੰਡਸਟਰੀ ਸਫ਼ਰ ਕਰਦੀ ਹੈ, ਇਨ੍ਹਾਂ ਦੀ ਇਹ ਗੱਲ ਠੀਕ ਨਹੀਂ। ਇੰਡਸਟਰੀ ਨੂੰ ਵੀ ਬਿਜਲੀ ਦਿਤੀ ਜਾਂਦੀ ਹੈ ਅਤੇ ਜਦੋਂ ਡਰਾਟ ਹੋਵੇ ਤਾਂ ਉਦੋਂ ਵੀ ਅਸੀਂ ਕਿਸਾਨ ਨੂੰ ਵਧ ਤੋਂ ਵਧ ਬਿਜਲੀ ਦਿੰਦੇ ਹਾਂ । ਜੇ 12 ਘੰਟੇ ਬਿਜਲੀ ਦੀ ਸਪਲਾਈ ਇਨ੍ਹਾਂ ਨੂੰ 16 ਘੰਟੇ ਮਹਿਸੂਸ ਹੁੰਦੀ ਹੈ ਤਾਂ ਬਹੁਤ ਅੱਛੀ ਗਲ ਹੈ ਤਾਂ ਹੁਣ ਵੀ ਇਨ੍ਹਾਂ ਨੂੰ 12 ਘੰਟੇ ਨੂੰ 16 ਘੰਟੇ ਹੀ ਕਹਿਣਾ ਚਾਹੀਦਾ ਹੈ । ਅਸੀਂ ਇਨ੍ਹਾਂ ਦੇ ਬੜੇ ਮਸ਼ਕੂਰ ਹੋਵਾਂਗੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਕੋਲ ਜਿੰਨੀ ਬਿਜਲੀ ਹੈ ਉਸ ਨੂੰ ਅਸੀਂ ਪੰਜਾਬ ਦੇ ਲੋਕਾਂ ਵਾਸਤੇ, ਉਨ੍ਹਾਂ ਦੀ ਸੇਵਾ ਵਾਸਤੇ ਠੀਕ ਤਰ੍ਹਾਂ ਤਕਸੀਮ ਕਰਨਾ ਹੈ । ਇੰਡਸਟਰੀਅਲ ਪਰੋਡਕਸ਼ਨ ਵੀ ਕਦੇ ਥੋੜੀ ਦੇਰ ਰੁਕੇਗੀ, ਉਨ੍ਹਾਂ ਨੂੰ ਇੰਤਜ਼ਾਰ ਕਰਨੀ ਪਵੇਗੀ । ਜਦੋਂ ਕਿ ਕਿਸਾਨ ਜਿਸ ਨੂੰ ਬਿਜਲੀ ਚਾਹੀਦੀ ਹੈ ਉਸ ਨੂੰ ਅਸੀਂ ਤੁਰੰਤ ਬਿਜਲੀ ਦੇਵਾਂਗੇ । ਮੈਂ ਅੰਤ ਵਿਚ ਫਿਰ ਕਹਿੰਦਾ ਹਾਂ ਕਿ ਅਸੀਂ ਕਿਸਾਨ ਨੂੰ ਜ਼ਰੂਰ ਵੱਧ ਤੋਂ ਵੱਧ ਬਿਜਲੀ ਦੇਵਾਂਗੇ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਦਿਤੀ ਸੀ, ਉਸ ਨੂੰ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਵਿਚ ਤਬਦੀਲ ਕਰਕੇ ਐਡਮਿਟ ਕਰ ਲਿਆ । ਇਹ ਮੇਰੇ ਕੋਲ ਆ ਵੀ ਗਈ ਪਰ ਹੁਣ ਲਿਸਟ ਵਿਚ ਨਹੀਂ ਹੈ । ਅਜ ਹਾਊਸ ਦਾ ਲਾਸਟ ਦਿਨ ਹੈ, ਇਸ ਦਾ ਜਵਾਬ ਮੈਨੂੰ ਕਦੋਂ ਮਿਲੇਗਾ ? ਮੇਰਾ ਮਸਲਾ ਬੜਾ ਅਹਿਮ ਹੈ । ਮੈਂ 14 ਤਰੀਕ ਨੂੰ ਦਿਤੀ ਸੀ 15 ਤਰੀਕ ਨੂੰ ਉਹ ਏਥੇ ਜਿਹੜੇ ਬੇਕਾਰ ਆਏ ਹੋਏ ਸਨ ਉਹ ਆਪਣਾ ਮਸਲਾ ਆਪ ਲੈ ਕੇ ਆਏ ਹੋਏ ਸਨ ਕਿ ਉਨ੍ਹਾਂ ਦਾ ਬੇਕਾਰੀ ਭੱਤਾ ਇਨ੍ਹਾਂ ਪੀਲੇ ਕਾਰਡਾਂ ਨੇ ਬੰਦ ਕਰ ਦਿਤਾ ਹੈ । ਇਹ ਪੀਲੇ ਕਾਰਡ ਉਨ੍ਹਾਂ ਦੇ ਬਣੇ ਨਹੀਂ । ਇਸ ਤਰ੍ਹਾਂ ਬਹੁਤ ਸਾਰੇ ਪੜ੍ਹੇ ਲਿਖੇ ਨੌਜਵਾਨ ਇਸ ਬੇਕਾਰੀ ਭੱਤੇ ਤੋਂ ਬਿਲਕੁਲ ਵਾਂਝੇ ਰਹਿ ਰਹੇ ਹਨ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਵਜ਼ੀਰ ਸਾਹਿਬ ਤੋਂ ਤੁਸੀਂ ਇਸ ਦਾ ਜਵਾਬ ਲੈ ਦਿਓ । ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ । ਤੁਹਾਡੇ ਕੋਲ ਬਹੁਤ ਅਧਿਕਾਰ ਹਨ ।

ਸ੍ਰੀ ਸਪੀਕਰ : ਜਿਥੋਂ ਤਕ ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਦਾ ਸਵਾਲ ਹੈ, ਇਹ ਗਲ ਤੁਹਾਡੀ ਬਿਲਕੁਲ ਠੀਕ ਹੈ ਕਿ ਕਲ੍ਹ ਚਾਰ ਕਾਲ ਅਟੈਨਸ਼ਨ ਮੋਸ਼ਨਜ਼ ਰਹਿ ਗਈਆਂ ਸਨ । ਉਨ੍ਹਾਂ ਵਿਚੋਂ ਇਕ ਤੁਹਾਡੀ ਵੀ ਸੀ । ਕਾਨੂੰਨ ਅਨੁਸਾਰ, ਕਾਇਦੇ ਅਨੁਸਾਰ ਇਨ੍ਹਾਂ ਨੂੰ ਬੈਲਟ ਕੀਤਾ ਗਿਆ ਸੀ । ਉਨ੍ਹਾਂ ਵਿਚੋਂ ਤਿੰਨ ਆ ਗਈਆਂ ਸਨ, ਇਕ ਰਹਿ ਗਈ ਸੀ । ਮੈਨੂੰ ਇਸ ਵਿਚ ਕੋਈ ਇਨਕਾਰ ਨਹੀਂ ਜੇ ਵਜ਼ੀਰ ਸਾਹਿਬ ਜਵਾਬ ਦੇ ਦੇਣ, ਇਹ ਉਨ੍ਹਾਂ ਨੂੰ ਪਹਿਲਾਂ ਭੇਜੀ ਜਾ ਚੁਕੀ ਹੈ ।

ਮੰਤਰੀ : ਜਦੋਂ ਤੁਸੀਂ, ਸਪੀਕਰ ਸਾਹਿਬ, ਡਿਸਅਲਾਉ ਹੀ ਕਰ ਦਿੱਤੀ ਹੈ ਤਾਂ How can it be replied ?

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਤੁਸੀਂ ਆਪੋਜ਼ੀਸ਼ਨ ਵਾਲਿਆਂ ਨਾਲ ਜ਼ਿਆਦਤੀ ਕਰਦੇ ਹੋ ਅਤੇ ਰੂਲਿੰਗ ਪਾਰਟੀ ਦੀ ਗੱਲ ਕਰਦੇ ਹੋ । ਸਪੀਕਰ ਸਾਹਿਬ, Rules of Procedure and Conduct of Business in the Punjab Vidhan Sabha ਅਨੁਸਾਰ ਇਸ ਤਰ੍ਹਾਂ ਹਾਊਸ ਦਾ ਕੰਮ ਠੀਕ ਨਹੀਂ

Original with;
Punjab Vidhan Sabha
Digitized by;
Panjab Digital Library

ਚਲ ਸਕਦਾ ਕਿਉਂਕਿ ਆਪੋਜ਼ੀਸ਼ਨ ਨੇ ਨੁਕਤਾ ਉਠਾਇਆ ਹੈ ਅਤੇ ਇਸ ਦਾ ਜਵਾਬ ਕੋਈ ਨਹੀਂ ਆਉਂਦਾ ।

**ਸ੍ਰੀ ਸਪੀਕਰ** : ਮੈਂ ਤੁਹਾਨੂੰ ਦਸਦਾ ਹਾਂ ਕਿ ਇਹ ਬਕਾਇਦਾ ਬੈਲੱਟ ਕੀਤਾ ਗਿਆ ਸੀ ਅਤੇ ਇਹ ਵਿਧਾਨ ਸਭਾ ਸੈਕਰੀਟੇਰੀਏਟ ਨੇ ਕੀਤਾ ਸੀ । ਉਸ ਵਿਚ ਸਰਕਾਰ ਦਾ ਕੋਈ ਹੱਥ ਨਹੀਂ । ਇਹ ਜੋ ਕੁਝ ਹੋਇਆ ਹੈ ਇਹ ਬਿਲਕੁਲ ਕਾਨੂੰਨ ਤੇ ਕਾਇਦੇ ਅਨੁਸਾਰ ਹੋਇਆ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਨੂੰ ਕੀ ਪਤਾ ਹੈ ਕਿ ਇਹ ਸਰਕਾਰ ਨੇ ਕੀਤਾ ਹੈ ਜਾਂ ਵਿਧਾਨ ਸਭਾ ਨੇ ਕੀਤਾ ਹੈ । ਤੁਸੀਂ ਅਲਾਓ ਕਰਦੇ ਜਾਂ ਨਾ ਕਰਦੇ ਪਰ ਜਦੋਂ ਇਹ ਅਲਾਓ ਕਰ ਦਿਤਾ ਹੈ ਤਾਂ ਵਜ਼ੀਰ ਸਾਹਿਬ ਜਾਣ ਬੁੱਝ ਕੇ ਜਵਾਬ ਕਿਉਂ ਨਹੀਂ ਦਿੰਦੇ । ਬੇਕਾਰੀ ਭੱਤਾ ਕਿਸੇ ਨੂੰ ਨਹੀਂ ਮਿਲ ਰਿਹਾ (ਵਿਘਨ ਸ਼ੋਰ) ਗਰੀਬ ਲੋਕਾਂ ਦੇ ਪੀਲੇ ਕਾਰਡ ਨਹੀਂ ਬਣੇ । ਇਹ ਸਾਰੇ ਬੇਕਾਰੀ ਭੱਤੇ ਤੋਂ ਵਾਂਝੇ ਰਹਿ ਰਹੇ ਹਨ । ਸਪੀਕਰ ਸਾਹਿਬ, ਮੇਰੀ ਤੁਹਾਡੇ ਕੋਲ ਬੇਨਤੀ ਹੈ ਕਿ ਇਸ ਦਾ ਜਵਾਬ ਲੈ ਦਿਉ ।

**ਸ੍ਰੀ ਸਪੀਕਰ** : ਜੇ ਮਨਿਸਟਰ ਸਾਹਿਬ ਜਵਾਬ ਦੇਣਾ ਚਾਹੁਣ ਤਾਂ ਦੇ ਦੇਣ, ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ।

**ਮੰਤਰੀ** : ਤੁਸੀਂ ਐਡਮਿਟ ਹੀ ਨਹੀਂ ਕੀਤੀ, ਜਵਾਬ ਕਿਸ ਤਰ੍ਹਾਂ ਹੋ ਸਕਦਾ ਹੈ । (ਵਿਘਨ)

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਵੇ ।

**ਵਿਦਿਆ ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੇ ਅਨ-ਪਾਰਲੀਮੈਂਟਰੀ ਲਫਜ਼ ਇਨ੍ਹਾਂ ਨੇ ਵਰਤੇ ਹਨ, ਇਹ ਰਿਕਾਰਡ ਤੇ ਨਹੀਂ ਆਉਣੇ ਚਾਹੀਦੇ ।

**ਸ੍ਰੀ ਸਪੀਕਰ** : ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਇਹ ਰਿਕਾਰਡ ਨਹੀਂ ਹੋਣਗੇ । ਮੈਂ ਇਨ੍ਹਾਂ ਦੀ ਕਾਲ ਅਟੈਨਸ਼ਨ ਮੋਸ਼ਨ ਦੀ ਕਾਪੀ ਵਜ਼ੀਰ ਸਾਹਿਬ ਨੂੰ ਭੇਜ ਦਿਤੀ ਹੈ, ਜੇ ਉਹ ਚਾਹੁਣ ਤਾਂ ਇਸ ਦਾ ਜਵਾਬ ਦੇ ਦੇਣ ।

**ਸਿਹਤ ਮੰਤਰੀ** : ਸਪੀਕਰ ਸਾਹਿਬ, ਇਹ ਅੱਜ ਦੇ ਏਜੰਡੇ ਤੇ ਆਈਟਮ ਨਹੀਂ । ਹੈ ।

## MOTION UNDER RULE 16

**Finance Minister** (Dr. Kewal Krishan) : Sir, I beg to move—

> That the Vidhan Sabha (Assembly) at its rising this day shall stand adjourned *sine die*.

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Motion moved—

That the Vidhan Sabha (Assembly) at its rising this day shall stand adjourned *sine die.*

**Mr. Speaker** : Question is—

That the Vidhan Sabha (Assembly) at its rising this day shall stand adjourned *sine die.*

*The motion was carried unanimously.*

---

## SUBSTANTIVE MOTION RE. CONDEMNATION OF THE ACTIVITIES OF DIVISIVE AND EXTREMIST ELEMENTS IN THE PUNJAB STATE INSPIRED BY REACTIONARY AND CAPITALIST FORCES.

**Comrade Raj Kumar** (Dhariwal) : Sir I beg to move—

That this House condemns the activities of divisive and extremist elements in the Punjab State inspired by reactionary and capitalist forces.

ਸਪੀਕਰ ਸਾਹਿਬ, ਇਹ ਬਹੁਤ ਹੀ ਚੰਗਾ ਫੈਸਲਾ ਸੀ ਬਿਜ਼ਨਸ ਐਡਵਾਇਜ਼ਰੀ ਕਮੇਟੀ ਦਾ ਜਿਸ ਨੂੰ ਹਾਊਸ ਨੇ ਅਪਣਾਇਆ ਹੈ ਕਿ ਅਸੀਂ ਪੰਜਾਬ ਦੀ ਜੋ ਅੱਜ ਸਥਿਤੀ ਹੈ, ਐਕਸਟਰੀਮਿਸਟਸ ਐਕਟਿਵਿਟੀਜ਼, ਵੰਡ–ਪਾਊ ਤਾਕਤਾਂ ਦੀ ਸਰਗਰਮੀ ਔਰ ਉਨ੍ਹਾਂ ਦੀਆਂ ਪਿੱਛੇ ਮੈਨੀਪੁਲੇਟ ਕਰਨ ਵਾਲੀਆਂ ਤਾਕਤਾਂ ਦੀ ਸਰਗਰਮੀ ਜੋ ਹੈ ਉਸ ਨੂੰ ਹਾਊਸ ਵਿਚ ਵਿਚਾਰਿਆ ਜਾਵੇ। ਸ਼ਾਇਦ ਅਸੀਂ ਆਪਣੇ ਕੰਮ ਵਿਚ ਇਕ ਕਮੀ ਛੱਡ ਜਾਂਦੇ ਅਗਰ ਇਹ ਫੈਸਲਾ ਨਾ ਕਰ ਸਕਦੇ ਔਰ ਹਾਊਸ ਦੇ ਸਾਰੇ ਹਿੱਸੇ ਇਸ ਨੂੰ ਸਰਬ ਸੰਮਤੀ ਨਾਲ ਡਿਸਕਸ ਨਾ ਕਰਦੇ। ਉਸ ਦੇ ਵਾਸਤੇ ਸਪੀਕਰ ਸਾਹਿਬ, ਤੁਹਾਡੀ ਇੰਟਰਵੈਨਸ਼ਨ, ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਇੰਟਰਵੈਨਸ਼ਨ ਜੋ ਹੈ ਉਨ੍ਹਾਂ ਸਾਰਿਆਂ ਦਾ ਮੈਂ ਧੰਨਵਾਦ ਕਰਦਾ ਹਾਂ। ਸਾਰੇ ਇਸ ਸਬੰਧੀ ਸੋਚ ਰਹੇ ਹਨ ਔਰ ਸਾਰੇ ਮੁਲਕ ਵਿਚ ਇਹ ਡਿਸਕਸ ਹੋ ਰਿਹਾ ਹੈ ਕਿ ਸਾਡੇ ਪੰਜਾਬ ਵਿਚ ਪੰਜਾਬ ਦੇ ਪ੍ਰਤੀਨਿਧੀਆਂ ਦਾ ਹਾਊਸ ਸਾਨੂੰ ਕੀ ਗਾਈਡੈਂਸ ਦਿੰਦਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਵੀ ਇਹ ਸੰਤੁਸ਼ਟੀ ਦੇਵੇਗਾ। ਸਪੀਕਰ ਸਾਹਿਬ, ਕਮਿਊਨਿਲਿਜ਼ਮ ਦੀ ਜਿਹੜੀ ਸਮੱਸਿਆ ਹੁਣ ਤਕ ਚਲਦੀ ਸੀ ਉਸ ਦਾ ਟਾਕਰਾ ਕਰਨਾ ਜ਼ਰੂਰੀ ਸੀ ਪਰ ਹੁਣ ਇਹ ਸਮੱਸਿਆ ਇਕ ਐਸੇ ਦੌਰ ਵਿਚ ਦਾਖਲ ਹੋ ਗਈ ਹੈ ਕਿ ਇਸ ਦਾ ਕੇਵਲ ਟਾਕਰਾ ਕਰਨਾ ਹੀ ਨਹੀਂ ਕੰਮ ਰਿਹਾ, ਕੰਡੈਮਨੇਸ਼ਨ ਕਰਨਾ ਹੀ ਕੰਮ ਨਹੀਂ ਸਗੋਂ ਉਚੇਚੇ ਤੌਰ ਤੇ ਹੁਣ ਪੰਜਾਬ ਵਿਚ, ਸਾਰੇ ਮੁਲਕ ਵਿਚ ਸੈਕੂਲੇਰਿਜ਼ਮ ਨੂੰ ਪ੍ਰੋਮੋਟ ਕਰਨ ਵਾਸਤੇ ਕੰਮ ਕਰਨਾ ਹੈ। ਸ਼ਾਇਦ ਅਸੀਂ ਇਸ ਸਮਝ ਵਿਚ ਅੱਜ ਤਕ ਰਹੇ ਹਾਂ ਕਿ ਕਮਿਊਨਿਲਿਜ਼ਮ ਨੂੰ ਫਾਈਟ ਕਰਨਾ ਹੈ ਪਰ ਅੱਜ ਕਮਿਊਨਿਲਿਜ਼ਮ ਨੂੰ ਫਾਈਟ ਕਰਨ ਦੇ ਨਾਲ ਨਾਲ ਸੈਕੂਲੈਰਿਜ਼ਮ ਨੂੰ ਪ੍ਰੋਮੋਟ ਕਰਨਾ ਹੈ। ਪਿਛਲੀਆਂ ਹੋਈਆਂ ਬਹੁਤ ਸਾਰੀਆਂ ਗੱਲਾਂ ਇਸ ਗਲ ਦੀਆਂ ਗਵਾਹ ਹਨ ਕਿ ਕਮਿਊਨਿਲਿਜ਼ਮ ਫਾਈਟ ਕਰਨ ਨਾਲ ਹੀ ਨਹੀਂ ਸਗੋਂ ਸੈਕੂਲੇਰਿਜ਼ਮ ਨੂੰ ਪ੍ਰੋਮੋਟ ਕਰਨ ਨਾਲ ਹੀ ਕਮਿਊਨਿਲਿਜ਼ਮ ਖ਼ਤਮ ਹੋਇਆ ਹੈ। ਵਰਨਾ ਹਿੰਦੋਸਤਾਨ ਜਿਸ ਦੇ ਵਿਚ

Original with;
Punjab Vidhan Sabha
Digitized by;
Panjab Digital Library

ਕਮਿਊਨਿਲਿਜ਼ਮ ਨੂੰ ਪ੍ਰੋਵੋਕ ਕੀਤਾ ਗਿਆ ਔਰ ਜਿਸ ਦੇ ਵਿਚ ਇਹ ਸਮਝ ਪੈ ਸਕਦੀ ਹੈ ਕਿ 7 ਹਜ਼ਾਰ ਮੀਲ ਤੋਂ ਦੂਰ ਆ ਕੇ ਇਤਨੇ ਵਡੇ ਦੇਸ਼ ਹਿੰਦੁਸਤਾਨ ਉਤੇ ਅੰਗਰੇਜ਼ ਰਾਜ ਕਰ ਗਏ। ਉਨ੍ਹਾਂ ਨੇ ਡਿਵਾਈਸਿਵ ਰਸਤੇ ਅਖ਼ਤਿਆਰ ਕੀਤੇ, ਡੀਵਾਈਸਿਵ ਤਰੀਕੇ ਅਖ਼ਤਿਆਰ ਕਰਕੇ ਉਸ ਦੀ ਫੈਲਾਈ ਹੋਈ ਫਿਰਕਾਪ੍ਰਸਤੀ ਨੂੰ ਪੈਦਾ ਕਰਕੇ ਉਨ੍ਹਾਂ ਦਾ ਰਾਜ ਕਰਨ ਦਾ ਤਰੀਕਾ ਸੀ। ਸਪੀਕਰ ਸਾਹਿਬ, ਮੈਨੂੰ ਇਹ ਦੋਸਤ ਮੁਆਫ਼ ਕਰਨਗੇ ਔਰ ਸ਼ਾਇਦ ਇਹ ਨਾ ਸਮਝ ਕੇ ਕਿ ਮੈਂ ਨੁਕਤਾਚੀਨੀ ਦੀ ਖਾਤਰ ਕਹਿ ਰਿਹਾ ਹਾਂ, ਜਿਸ ਤਰੀਕੇ ਨਾਲ ਇਹ ਸਮੱਸਿਆ ਅਸੀਂ ਪਿਛਲੇ ਕੁਝ ਸਾਲਾਂ ਵਿਚ ਡੀਲ ਕੀਤੀ ਹੈ ਉਸ ਨਾਲ ਪੰਜਾਬ ਵਿਚ, ਹਿੰਦੁਸਤਾਨ ਵਿਚ ਕਮਿਊਨਿਲਿਜ਼ਮ ਦਾ ਤਾਕਤਵਰ ਹੋਣਾ ਔਰ ਕਮਿਊਨਲ ਟਰੈਂਡ ਦਾ ਮਜ਼ਬੂਤ ਹੋਣਾ ਇਹ ਇਕ ਕਾਰਨ ਹੈ ਅਤੇ ਇਹ ਉਸ ਦਾ ਨਤੀਜਾ ਹੈ। ਜੇ ਇਸ ਦੇ ਲਈ ਅਸੀਂ ਕੁਝ ਕਰਨਾ ਹੈ ਤਾਂ ਇਸ ਗੱਲ ਨੂੰ ਬਹਿਸ ਵਿਚ ਰਿਡਿਊਸ ਕਰਨ ਦੀ ਲੋੜ ਨਹੀਂ ਸਗੋਂ ਇਸ ਬਹਿਸ ਨੂੰ ਠੋਸ ਕੰਟੈਂਟ ਦੇਣ ਦੀ ਲੋੜ ਹੈ। ਅਸੀਂ, ਸਪੀਕਰ ਸਾਹਿਬ; ਪਿਛਲੇ ਸਮਿਆਂ ਵਿਚ ਜੋ ਵਾਕਿਆਤ ਇਕ ਤੋਂ ਬਾਅਦ ਦੂਸਰੇ ਵਾਕਿਆਤ ਪੈਦਾ ਹੋਏ ਉਹ ਦੇਖਦੇ ਚਲਦੇ ਆਏ ਹਾਂ। ਅੱਜ ਇਸ ਗੱਲ ਦਾ ਸਿਖ਼ਰ ਸਾਹਮਣੇ ਆਇਆ ਜਦੋਂ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਸਰਦਾਰ ਦਰਬਾਰਾ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਸਿਖਿਆ ਮੰਤਰੀ ਸਾਹਿਬ ਜਦੋਂ ਮੌਜੂਦ ਸਨ ਅਤੇ ਉਨ੍ਹਾਂ ਦੇ ਨਾਲ ਮੇਰੇ ਦੋਸਤ ਸਰਦਾਰ ਦਿਲਬਾਗ ਸਿੰਘ, ਜੋ ਇਸ ਵੇਲੇ ਹਾਊਸ ਵਿਚ ਨਹੀਂ ਹਨ, ਉਸ ਵੇਲੇ ਮੁੱਖ ਮੰਤਰੀ ਸਾਹਿਬ ਦੇ ਨਾਲ ਮੌਜੂਦ ਸਨ ਜੋ ਇਕ ਸਕੂਲ ਵਿਚ ਆਪਣੇ ਸਰਕਾਰੀ ਫਰਜ਼ ਦੀ ਅਦਾਇਗੀ ਵਾਸਤੇ ਗਏ ਸਨ ਤਾਂ ਉਨ੍ਹਾਂ ਨੂੰ ਬੰਬ ਮਾਰਿਆ ਗਿਆ। ਇਹ ਇਕ ਸੋਚੀ ਸਮਝੀ ਪਲੈਨ ਸੀ। ਇਹ ਕੋਈ ਇਤਫਾਕ ਦੀ ਗਲ ਨਹੀਂ ਸੀ। ਸਪੀਕਰ ਸਾਹਿਬ, ਇਹ ਇਤਫਾਕ ਦੀ ਗੱਲ ਨਹੀਂ ਕਿ ਜਿਸ ਦਿਨ ਬੰਬ ਮਾਰਿਆ ਗਿਆ ਉਸ ਦਿਨ ਹੀ ਇਕ ਹਵਾਈ ਜਹਾਜ਼ ਹਾਈ-ਜੈਕ ਹੋਇਆ। ਇਹ ਵੀ ਇਤਫਾਕ ਦੀ ਗੱਲ ਨਹੀਂ ਕਿ ਜਿਸ ਦਿਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਇਕ ਹਜ਼ਾਰ ਸਾਥੀਆਂ ਨੂੰ ਲੈ ਕੇ ਮੋਰਚੇ ਨੂੰ ਇਨਾਗੁਰੇਟ ਕੀਤਾ ਉਸ ਦਿਨ ਵੀ ਹਾਈ-ਜੈਕ ਹੋਇਆ ਸੀ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਇਹ ਇਕ ਵਾਕਿਆ ਹੁੰਦਾ ਤੇ ਭਾਵੇਂ ਹੋਰ ਵਾਕਿਆ ਹੁੰਦਾ ਹੈ ਇਹ ਇਕ ਕੰਸਿਸਟੈਂਟ ਫਿਨਾਮਿਨਾ ਹੈ ਔਰ ਸਾਡੀ ਐਡਮਨਿਸਟਰੇਸ਼ਨ ਅਨਅਵੇਅਰ ਹੈ। ਇਹ ਕੋਈ ਛੋਟੀ ਜਿਹੀ ਗਲ ਨਹੀਂ। ਮੈਂ ਇਹ ਸੋਚਦਾ ਹਾਂ ਕਿ ਜੋ ਕੁਝ ਕਰਨ ਦਾ ਇਰਾਦਾ ਸੀ ਅਗਰ ਉਹ ਉਨ੍ਹਾਂ ਦਾ ਇਰਾਦਾ ਪੂਰਾ ਹੋ ਜਾਂਦਾ ਤਾਂ ਉਸ ਵੇਲੇ ਸਾਡੇ ਪੰਜਾਬ ਦੀ ਕੀ ਅਵਸਥਾ ਹੁੰਦੀ, ਸਾਡੇ ਮੁਲਕ ਦੀ ਕੀ ਅਵਸਥਾ ਹੁੰਦੀ। ਉਨ੍ਹਾਂ ਦਾ ਕੋਈ ਡੈਫੀਨਿਟ ਮਕਸਦ ਸੀ ਔਰ ਜੇ ਉਹ ਕਾਮਯਾਬ ਹੋ ਜਾਂਦੇ ਤਾਂ ਪੰਜਾਬ ਦੇ ਅੰਦਰ ਹਿੰਦੁਸਤਾਨ ਦੇ ਅੰਦਰ ਇਨਸਟੇਬਲ ਤਾਕਤਾਂ ਆਪਣੀ ਕਾਮਯਾਬੀ ਸਮਝਦੀਆਂ। ਇਹ ਸਾਡੀ ਖੁਸ਼ਕਿਸਮਤੀ ਹੈ, ਮੁਲਕ ਦੀ ਖੁਸ਼ਕਿਸਮਤੀ ਹੈ ਕਿ ਉਹ ਬੰਬ ਤੋਂ ਬਚ ਗਏ ਹਨ। ਮੈਂ ਇਹ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇਥੋਂ ਤਕ ਵਾਕਿਆਤ ਹੋ ਸਕਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਹਨ ਤਾਂ ਸਾਡੀ ਐਡਮਨਿਸਟਰੇਸ਼ਨ ਜੋ ਹੈ, ਜੋ ਰਾਖੀ ਰਖਣ ਵਾਲਾ ਵਿੰਗ ਹੈ, ਕੀ ਅਸੀਂ ਇਹ ਮੰਨ ਲਈਏ ਕਿ ਉਹ ਇਸ ਤਰ੍ਹਾਂ ਨਿਕਾਰਾ ਹੋ ਗਿਆ ਹੈ ? ਇਹ ਕੁਐਸਚਨ ਹੈ ਅੱਜ ਸਾਡੇ ਸਾਹਮਣੇ । ਮੈਂ ਇਹ ਚਾਹਾਂਗਾ ਕਿ ਇਸ ਮਾਮਲੇ ਨੂੰ ਹੋਰ ਗਹਿਰਾਈ ਨਾਲ ਦੇਖਿਆ ਜਾਵੇ । ਇਹ ਜੋ ਵਾਕਿਆਤ ਹੋ ਰਹੇ ਹਨ ਇਕ ਤੋਂ ਬਾਅਦ ਦੂਸਰਾ ਵਾਕਿਆਤ ਹੋ ਰਿਹਾ ਹੈ ਇਹ ਸਾਡੇ ਲਈ ਸੈਡ ਰੀਮਾਂਈਂਡਰ ਹੈ । ਉਨ੍ਹਾਂ ਵਾਕਿਆਤ ਦੀ ਲੜੀ ਦਾ ਜਿਹੜੇ ਪੰਜਾਬ ਦੇ ਅੰਦਰ ਇਕ ਤੋਂ ਬਾਅਦ ਦੂਸਰੇ ਹੁੰਦੇ ਰਹੇ ਹਨ । ਜਿਨ੍ਹਾਂ ਨੇ ਇਹ ਵਿਸਫੋਟਿਕ ਹਾਲਾਤ ਪੈਦਾ ਕੀਤੇ । ਉਹ ਹਾਲਾਤ ਜੋ ਕਿਸੇ ਵੇਲੇ ਵੀ ਐਸੀ ਹਾਲਤ ਪੈਦਾ ਕਰ ਸਕਦੇ ਹਨ ਜੋ ਮੁਲਕ ਲਈ ਨੁਕਸਾਨਦੇਹ ਹੋਵੇ । ਇਸ ਦੇ ਲਈ ਜੋ ਜ਼ਿੰਮੇਵਾਰ ਹਨ ਉਨ੍ਹਾਂ ਲੋਕਾਂ ਦੇ ਨਿਸ਼ਾਨੇ ਵਿਚ ਇਹ ਸ਼ਾਮਲ ਹੈ । ਉਹ ਲੋਕ ਪੰਜਾਬ ਦੇ ਅੰਦਰ ਕਨਫਰੰਟੇਸ਼ਨ ਦੇ ਹਾਲਾਤ ਪੈਦਾ ਕਰ ਰਹੇ ਹਨ । ਪਾਸੀਬਲ ਹੋ ਸਕੇ ਤਾਂ ਪੰਜਾਬ ਦੇ ਅੰਦਰ ਇਨਸਰਜੈਂਸੀ ਸ਼ੁਰੂ ਕੀਤੀ ਜਾਵੇ । ਨਾਰਦਰਨ ਈਸਟਰਨ ਸਟੇਟਸ ਵਿਚ ਇਹ ਸ਼ੁਰੂ ਹੋਈ । ਇਸ ਪਾਸੇ ਵਲ ਨੂੰ ਇਥੇ ਵੀ ਧਿਆਨ ਦਿੱਤਾ ਜਾਵੇ । ਸਪੀਕਰ ਸਾਹਿਬ, ਮੈਂ ਪੂਰੀ ਹਕੀਕਤ ਨਾਲ ਇਹ ਬਿਆਨ ਕਰ ਰਿਹਾ ਹਾਂ ਕਿ ਸਾਡਾ ਪੰਜਾਬ ਹਿੰਦੁਸਤਾਨ ਦਾ ਬੜਾ ਸੈਂਸੇਟਿਵ ਪਾਰਟ ਹੈ । ਦੁਨੀਆਂ ਦੇ ਨਕਸ਼ੇ ਵਿਚ ਇਸ ਨੂੰ ਤੁਸੀਂ ਦੇਖ ਲਓ ਕਿ ਇਹ ਪੰਜਾਬ ਜੋ ਹੈ ਇਹ ਬਹੁਤ ਹੀ ਸੈਂਸੇਟਿਵ ਪਾਰਟ ਹੈ । ਸਾਰੀ ਦੁਨੀਆਂ ਦੇ ਅੰਦਰ ਇਸਦੇ ਇਰਦ ਗਿਰਦ ਕੀ ਹੋਇਆ ਹੈ । ਇਸ ਦੇ ਇਰਦ ਗਿਰਦ ਰਿਲੀਜੀਅਸ ਰੀਵਾਈਵਲ, ਰਿਲੀਜੀਅਸ ਫੰਡਾਮੈਂਟੇਲਿਜ਼ਮ, ਧਰਮ ਦੀ ਮਜ਼ਬੂਤੀ ਦੇ ਉਤੇ ਆਧਾਰਤ ਸੰਕਲਪ ਸੋਚ ਵਾਲੀ ਸਰਕਾਰ ਔਰ ਉਨ੍ਹਾਂ ਵਿਚੋਂ ਹਰ ਰਾਜ ਨੇ ਆਪਣੀ ਹੋਂਦ ਕਾਇਮ ਰਖਣ ਵਾਸਤੇ ਆਪਣੀ ਮਿਲਟਰੀ ਤਾਕਤ ਨੂੰ ਮਜ਼ਬੂਤ ਕਰਨ ਵਾਸਤੇ ਇਸ ਨੂੰ ਵਰਤਿਆ । ਸਾਡੇ ਕੋਲ ਜਿਹੜੀ ਤਾਕਤ ਹੈ ਉਸ ਨੇ ਸਾਰਾ ਕੁਝ ਜੋ ਪਹਿਲਾਂ ਕੀਤਾ ਸੀ ਉਹ ਸਭ ਕੁਝ ਛੱਡ ਦਿੱਤਾ ਔਰ ਫੰਡਾਮੈਂਟਲਿਜ਼ਿਮ ਔਰ ਮਿਲਟਰੀ ਰਿਜੀਮ ਇਥੇ ਆ ਗਿਆ ਹੈ । ਜਨਰਲ ਜ਼ਿਆ ਨੇ ਆਪਣੇ ਮੁਲਕ ਨੂੰ ਅਮਰੀਕਾ ਦੀ ਮਦੱਦ ਨਾਲ ਗੈਰ ਜ਼ਰੂਰੀ ਤੌਰ ਤੇ ਸ਼ਸਤਰ ਬੱਧ ਕੀਤਾ ਹੈ । ਇਹ ਗਲ ਐਸੀ ਨਹੀਂ ਜਿਸ ਨਾਲ ਅਸੀਂ ਚਲ ਸਕੀਏ । ਇਸ ਤਰ੍ਹਾਂ ਸੈਂਸੀਟਿਵ ਏਰੀਆ ਵਿਚ ਇਹ ਵਾਕਿਆਤ ਹੋ ਰਹੇ ਹਨ ਇਨ੍ਹਾਂ ਵਾਕਿਆਤ ਨੂੰ ਬਿਲਕੁਲ ਘਟ ਨਾ ਸਮਝੋ । ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਕਲ ਵੀ ਇੰਡੀਅਨ ਐਕਸਪ੍ਰੈਸ ਦਾ ਹਵਾਲਾ ਦਿੱਤਾ ਸੀ, ਸ਼ਾਇਦ ਮੇਰਾ ਪੁਆਇੰਟ ਅੱਜ ਕਲੀਅਰ ਹੋ ਜਾਏ । ਅਖਬਾਰ ਛਾਪਣ ਵਾਲੇ ਨੇ ਸਾਡੇ ਦੇਸ਼ ਦੇ ਲੀਡਰ ਦਾ ਜ਼ਿਕਰ ਕੀਤਾ ਹੈ । ਲੰਦਨ ਵਿਚ ਉਹ ਪੇਪਰ ਸ਼ਾਇਆ ਕੀਤੇ ਜਾਣ, ਉਹ ਖਬਰ ਸ਼ਾਇਆ ਕੀਤੀ ਜਾਏ ਜਿਸਦੀ ਕਿਸੇ ਵਕਤ ਹਿੰਦੁਸਤਾਨੀਆਂ ਨੇ ਉਸ ਵਕਤ ਦੇ ਹਾਲਾਤ ਦੀ ਕੰਪਲਸ਼ਨ ਵਿਚ ਹਿਮਾਇਤ ਕੀਤੀ ਸੀ ਜਿਹੜੇ ਖਿਆਲ ਅੰਗਰੇਜ਼ਾਂ ਦੇ ਆਦਰਸ਼ ਸਨ ਕਿ ਇਕ ਆਜ਼ਾਦ ਪੰਜਾਬ, ਇਕ ਸਾਵਰਨ ਸਟੇਟ ਹਿੰਦੁਸਤਾਨ ਔਰ ਪਾਕਿਸਤਾਨ ਦੇ ਵਿਚ ਹੋਵੇ । ਉਸ ਵਕਤ ਇਸ ਦਾ ਨਾਂ ਖਾਲਿਸਤਾਨ ਨਹੀਂ ਸੀ, ਆਜ਼ਾਦ ਪੰਜਾਬ ਸੀ । ਉਹ ਪੇਪਰ ਅੱਜ ਸ਼ਾਇਆ ਕੀਤੇ ਜਾਣ ਇਨ੍ਹਾਂ ਵਿਸਫੋਟਿਕ ਹਾਲਾਤ ਦੇ ਅੰਦਰ ਸਾਡੇ ਦੇਸ਼ ਵਿਚ ਇਸ ਦੇ ਪਿਛੇ ਫਾਰਨ ਹੈਂਡ ਹੈ । ਇਸ ਚੀਜ਼ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ । ਸਾਡੇ ਭੂਤਪੂਰਵ ਹੋਮ ਮਨਿਸਟਰ

Original with;
Punjab Vidhan Sabha
Digitized by;
Panjab Digital Library

ਔਰ ਅੱਜ ਦੇ ਰਾਸ਼ਟਰਪਤੀ ਨੇ ਸਤੰਬਰ, 1981 ਵਿਚ ਇਸ ਗਲ ਵਲ ਧਿਆਨ ਦਿਵਾਇਆ ਸੀ । ਉਨ੍ਹਾਂ ਕਿਹਾ ਸੀ ਕਿ ਇਨ੍ਹਾਂ ਤਮਾਮ ਵਾਕਿਆਤ ਪਿਛੇ ਫਾਰਨ ਹੈਂਡ ਹੈ । ਸਤੰਬਰ, 1981 ਦੀ ਉਨ੍ਹਾਂ ਦੀ ਸਟੇਟਮੈਂਟ ਹੈ । ਉਸ ਵਕਤ ਸਾਡੀ ਪਾਰਟੀ ਦੀ ਜੋ ਸਟੇਟਮੈਂਟ ਸੀ ਉਸ ਵਿਚ ਕਿਹਾ ਸੀ ਕਿ ਇਸ ਲੜਾਈ ਨੂੰ ਆਈਸੋਲੇਸ਼ਨ ਵਿਚ ਨਾ ਦੇਖੋ, ਹੁਣ ਦੁਨੀਆਂ ਵਿਚ ਕੀ ਵਾਪਰ ਰਿਹਾ ਹੈ ਇਸ ਚੌਕਟੇ ਵਿਚ ਅਗਰ ਦੇਖੋ ਤਾਂ ਤੁਹਾਨੂੰ ਪਤਾ ਲਗ ਜਾਏਗਾ ਕਿ ਇਹ ਮਹਿਜ਼ ਫਰਾਇਜ਼ੀ ਬਹਿਸ ਦਾ ਮਾਮਲਾ ਨਹੀਂ, ਮੁਲਕ ਦੀ ਸਾਵਰੇਨਿਟੀ ਦੀ ਪਰੇਜ਼ਰਵੇਸ਼ਨ ਦਾ ਸੁਆਲ ਹੈ, ਮੁਲਕ ਦੀ ਆਜ਼ਾਦੀ ਦਾ ਸੁਆਲ ਹੈ ਅਤੇ ਸਾਡੇ ਮੁਲਕ ਦੇ ਆਦਰਸ਼ਾਂ ਦਾ ਸੁਆਲ ਹੈ । ਇਸ ਕਰਕੇ, ਸਪੀਕਰ ਸਾਹਿਬ, ਮੈਂ ਇਸ ਦੇ ਵਿਚ ਬਹੁਤ ਨਹੀਂ ਜਾਣਾ ਚਾਹੁੰਦਾ । ਮੈਂ ਸਿਰਫ ਹਵਾਲਾ ਦੇਣਾ ਚਾਹੁੰਦਾ ਹਾਂ ਕਿ ਲੰਡਨ ਤੋਂ ਮਿਸਟਰ ਵੀ. ਕੇ. ਤਿਵਾੜੀ ਨੇ ਜੋ ਡਿਸਪੈਚੀ ਭੇਜੀ ਹੈ ਉਹ ਪੂਰੀ ਡਿਟੇਲ ਵਿਚ 16 ਸਤੰਬਰ ਦੀ ਇੰਡੀਅਨ ਐਕਸਪਰੈਸ ਵਿਚ ਛਪੀ ਹੈ ।

10-35 A.M.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਇਹ ਮਾਮਲਾ ਹੁਣ ਕਮਿਊਨਲਿਜ਼ਮ ਨੂੰ ਫਾਈਟ ਕਰਨ ਵਾਲਾ ਨਹੀਂ ਬਲਕਿ ਸੈਕੂਲਰਿਜ਼ਮ ਨੂੰ ਪਰਮੋਟ ਕਰਨ ਵਾਲਾ ਹੈ । ਇਸ ਕੰਮ ਲਈ ਅਗਰ ਸਾਨੂੰ ਸੈਲਫ ਕ੍ਰਿਟੀਕਲ ਹੋਣਾ ਪਵੇ ਤਾਂ ਕੋਈ ਐਸੀ ਗੱਲ ਨਹੀਂ । 1978 ਵਿਚ ਮਾਈਨਾਰਟੀ ਕਮਿਸ਼ਨ ਨੇ ਇਕ ਰਿਪੋਰਟ ਦਿੱਤੀ ਸੀ । ਰਿਪੋਰਟ ਦੇਣ ਤੋਂ ਬਾਦ ਉਹ ਕਮਿਸ਼ਨ ਕੀ ਕਹਿੰਦਾ ਹੈ, ਇਸ ਬਾਰੇ ਮੈਂ ਇੰਡੀਅਨ ਐਕਸਪਰੈਸ ਦੇ ਐਡੀਟੋਰੀਅਲ ਨੂੰ ਥੋੜ੍ਹਾ ਜਿਹਾ ਕੋਟ ਕਰਦਾ ਹਾਂ, ਜੋ ਇਸ ਪ੍ਰਕਾਰ ਹੈ :

"Its request to the Home Ministry for the establishment of regional offices at Hyderabad, Bombay, Calcutta and Madras which would give it a field organisation, is still under consideration. The commission reported that it had been restrained from visiting sites of communal incidents and that its references to the Central and State governments had only received perfunctory attention. The commission complained of being "seriously handicapped" in carrying out its charter in the absence of statutory or preferably, constitutional status. It desires that it might be remodelled on the lines of the Commission for Racial Equality in the UK with powers to conduct formal investigations and summon witnesses and documents in a quasi-judicial capacity and with complete financial discretion over its budget. It has also urged the desirability of setting up state-level commissions, which have in fact been established in embryonic form in certain States"

1978 ਵਿਚ ਮਾਈਨਾਰਟੀਜ਼ ਨੂੰ ਕਾਂਸਟੀਚਿਊਸ਼ਨਲ ਸੇਫਗਾਰਡ ਪ੍ਰੋਵਾਈਡ ਕਰਨ ਵਾਸਤੇ, ਜਿਹੜੇ ਕਾਂਸਟੀਚਿਊਸ਼ਨ ਵਿਚ ਪ੍ਰੋਵਾਈਡਿਡ ਹੈ, ਰਿਪੋਰਟ ਦਿੱਤੀ ਸੀ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਉਹ ਆਪ ਇਹ ਗੱਲ ਕਰ ਰਿਹਾ ਹੈ ਕਿ ਸਾਡੀ ਅਪਰੋਚ ਇਸ ਮਾਮਲੇ ਵਿਚ ਪਰਫੈਕਟਰੀ ਕਿਸਮ ਦੀ ਅਪਰੋਚ ਸੀ ਅੱਜ ਦੀ ਜਿਹੜੀ ਡਿਵੈਲਪਮੈਂਟ ਦੀ ਲੋੜ ਹੈ ਇਹ ਆਪਣੀ ਥਾਂ ਤੇ ਹੈ। ਡਿਵੈਲਪਮੈਂਟ ਦੀਆਂ ਕੁਝ ਆਪਣੀਆਂ ਜ਼ਰੂਰਤਾਂ ਹਨ। ਅਨਡਾਊਟਿਡਲੀ ਹਿੰਦੁਸਤਾਨ ਦੀ ਡਿਵੈਲਪਮੈਂਟ ਕੈਪੀਟਲਿਸਟਿਕ ਪੁਆਇੰਟ ਆਫ਼ ਵਿਊ ਤੇ ਬੇਸ ਕਰਦੀ ਹੈ। ਇਸ ਦੀ ਇੰਡਸਟਰੀਆਲਾਈਜ਼ੇਸ਼ਨ ਹੋਈ। ਹਿੰਦੋਸਤਾਨ ਦਾ ਇਨਫਰਾਸਟਰਕਚਰ ਸੋਸ਼ਿਓ ਕਲਚਰਲ ਹੈ ਔਰ ਇਸ ਤਰ੍ਹਾਂ ਦਾ ਕੁਝ ਕਲਚਰਲ ਇਨਫਰਾਸਟਰਕਚਰ ਹੈ ਜਿਸ ਦੇ ਨਾਲ ਮੁਲਕ ਦੇ ਅੰਦਰ ਕੈਪੀਟਾਲਿਸਟਿਕ ਅਕਾਨੋਮੀ ਗਰੋਅ ਹੋ ਗਈ ਔਰ ਇਸ ਦੀ ਮਾਰਕੀਟ ਐਕਸਪੈਂਡ ਹੋ ਗਈ ਔਰ ਇਸ ਦੀ ਅਕਾਨਮੀ ਅਗਾਂਹ ਹੋਵੇ ਇਸ ਦੇ ਲਈ ਮੁਲਕ ਦੇ ਅੰਦਰ ਐਮਿਟੀ ਹੋਵੇ, ਇੰਟੈਗਰੇਸ਼ਨ ਹੋਵੇ ਇਸ ਦੇ ਵਾਸਤੇ ਜ਼ਰੂਰੀ ਹੈ ਕਿ ਕਮਿਊਨਲਿਜ਼ਮ ਨਾ ਹੋਵੇ ਅਤੇ ਸੈਕੂਲਰਿਜ਼ਮ ਹੋਵੇ। ਲੇਕਿਨ ਅਸੀਂ ਵੇਖਣਾ ਇਹ ਹੈ ਕਿ ਅਸੀਂ ਇਸ ਖੇਤਰ ਵਿਚ ਕਿਥੋਂ ਤਕ ਪੂਰੇ ਉਤਰਦੇ ਹਾਂ। ਸਾਡੀ ਸਟੇਟ ਦੀ ਇੰਟੈਗਰੇਸ਼ਨ ਦਾ ਬੇਸਿਕ ਕਨਸੈਪਟ ਕੋਈ ਬੈਟਰ ਨਹੀਂ ਹੈ। ਸਾਡਾ ਸੈਕੂਲਰਿਜ਼ਮ ਦਾ ਕੀ ਮਤਲਬ ਹੈ, ਇੰਟੈਗਰੇਸ਼ਨ ਦਾ ਕੀ ਮਤਲਬ ਹੈ, ਇਹ ਕੋਈ ਬਹੁਤ ਵੱਡਾ ਕ੍ਰਿਟੀਸੀਜ਼ਮ ਨਹੀਂ ਹੈ। ਅਸੀਂ ਹੁਣ ਤਕ ਇਸ ਮਾਮਲੇ ਨੂੰ ਸੀਰੀਅਸਲੀ ਨਹੀਂ ਲਿਆ ਜਿੰਨਾ ਲੈਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਇਹ ਜੋ ਅਵਸਥਾ ਬਣ ਗਈ ਹੈ ਜੇ ਅਸੀਂ ਕਹੀਏ ਕਿ ਇਹ ਹਿੰਦੁਸਤਾਨ ਵਿਚ ਸਡਨ ਹੈ, ਇਹ ਨਹੀਂ। ਇਸ ਦੀ ਹਿਸਟਰੀ ਹੈ। ਇਸ ਦੇ ਹਿਸਟੋਰੀਕਲ ਫੈਕਟਸ ਨੂੰ ਵੇਖ ਕੇ ਹੀ ਹਿਸਟੋਰੀਕਲ ਹਲ ਕਢਣਾ ਪਏਗਾ ਔਰ ਇਮਜੀਏਟਲੀ ਕੱਢਣਾ ਪਏਗਾ। ਇਕ ਹੁੰਦਾ ਹੈ ਐਡਮਨਿਸਟ੍ਰੇਟਿਵ ਹਲ। ਇਸ ਦੇ ਵਾਸਤੇ ਐਡਮਨਿਸਟ੍ਰੇਟਿਵ ਹਲ ਕਿਸ ਤਰ੍ਹਾਂ ਕਰਨਾ ਹੈ, ਅਸੀਂ ਅਨਅਵੇਅਰ ਫੜੇ ਜਾਂਦੇ ਹਾਂ ਜਦੋਂ ਵਾਕਿਆਤ ਹੋ ਜਾਵੇ, ਫਿਰ ਅਪਰੋਚ ਹੁੰਦੀ ਹੈ। ਉਸ ਦੇ ਬਾਦ ਜਿਹੜੀ ਅਪਰੋਚ ਹੁੰਦੀ ਹੈ ਉਸ ਮਾਮਲੇ ਨੂੰ ਹੋਰ ਬਾਊਂਡਿਡ ਕਰ ਦਿੰਦੇ ਹਾਂ। ਪਿਛਲੀ ਵਿਧਾਨ ਸਭਾ ਵਿਚ ਇਸ ਸਦਨ ਵਿਚ ਮੈਂ ਇਕ ਬੇਨਤੀ ਕੀਤੀ ਸੀ, ਮੈਂ ਉਹ ਰਿਮਾਈਂਡ ਕਰਾਉਣੀ ਹੈ। ਸਿਮਰਨਜੀਤ ਸਿੰਘ ਮਾਨ ਇਕ ਸਾਡਾ ਪੁਲਿਸ ਅਫ਼ਸਰ ਹੈ ਜੋ ਪੰਜਾਬ ਵਿਚ ਜਥਿਆਂ ਨੂੰ ਆਰਗੇਨਾਈਜ਼ ਕਰਦਾ ਰਿਹਾ। ਜਿਨ੍ਹਾਂ ਵਿਚੋਂ ਇਕ ਬੰਦਾ ਤਾਂ ਬਾਹਰ ਚਲਾ ਗਿਆ ਹੈ, ਬਾਕੀ ਇਥੇ ਮੌਜੂਦ ਹਨ। ਇਸ ਸਬੰਧ ਵਿਚ ਮੇਰਾ ਖਿਆਲ ਹੈ ਕਿ ਇਨਵੈਸਟੀਗੇਸ਼ਨਜ਼ ਕੰਪਲੀਟ ਹੋ ਚੁਕੀਆਂ ਹਨ ਔਰ ਇਹ ਚੀਜ਼ ਅਸਟੇਬਲਿਸ਼ ਹੋ ਗਈ ਹੈ। ਇਕ ਆਦਮੀ ਸਟੇਟ ਨੂੰ ਡੀਸਟੇਬੇਲਾਈਜ਼ ਕਰਨ ਵਾਸਤੇ ਕੰਮ ਕਰਦਾ ਰਿਹਾ ਔਰ ਉਹ ਇਸ ਸਟੇਟ ਵਿਚ ਬੈਠਾ ਸਟੇਟ ਦੀ ਪਿੱਠ ਵਿਚ ਛੁਰਾ ਮਾਰਦਾ ਰਿਹਾ। ਸਟੇਟ ਨੂੰ ਲੁਟਾਉਣ ਵਾਸਤੇ ਕੰਮ ਕਰਦਾ ਰਿਹਾ। ਮੈਂ ਪੁੱਛਦਾ ਹਾਂ ਕਿ ਕੀ ਲੋੜ ਹੈ ਉਹ ਅਜੇ ਤਕ ਵੀ ਸਰਵਿਸ ਵਿਚ ਹੈ। ਸਭ ਕੁਝ ਜਾਣਦੇ ਹੋਏ ਫਿਰ ਵੀ ਚੁਪ ਬੈਠਣਾ ਕਿਥੋਂ ਤਕ ਦਰੁਸਤ ਹੈ। ਮੈਂ ਇਸ ਬਹਿਸ ਵਿਚ ਨਹੀਂ ਪੈਂਦਾ।

ਤੁਹਾਡੀ ਆਪਣੀ ਪਾਰਟੀ ਵਿਚ ਕੋਈ ਅੜਚਨ ਹੋਣੀ ਹੈ, ਕੋਈ ਰੁਕਾਵਟ ਹੋਣੀ ਹੈ ਐਕਸ਼ਨ ਲੈਣ ਵਾਸਤੇ, ਪਰ ਮੈਂ ਤੁਹਾਨੂੰ ਪੂਰਾ ਯਕੀਨ ਦਿਲਾਉਂਦਾ ਹਾਂ ਆਪਣੀ ਪਾਰਟੀ ਵਲੋਂ ਕਿ ਤੁਸੀਂ ਜਿਹੜਾ ਵੀ ਕੋਈ ਐਕਸ਼ਨ ਇਸ ਵਾਸਤੇ ਲਵੋਂਗੇ, ਸਾਡੀ ਪਾਰਟੀ ਤੁਹਾਡਾ ਪੂਰਾ ਸਾਥ ਦੇਵੇਗੀ।

Original with;
Punjab Vidhan Sabha
Digitized by;
Panjab Digital Library

ਇਹ ਮੈਂ ਇਕ ਵਾਕਿਆ ਦੱਸਿਆ ਹੈ। ਇਕ ਮੈਂ ਹੋਰ ਮੰਗ ਕੀਤੀ ਸੀ। ਓਵਰ ਈਯਰਜ਼ ਜਿਹੜੀ ਸਰਗਰਮੀ ਰਹੀ ਉਸ ਦੇ ਦੌਰਾਨ ਇਕ ਐਸੀ ਅਵਸਥਾ ਕ੍ਰੀਏਟ ਕੀਤੀ ਗਈ ਸਾਡੇ ਐਡਮਨਿਸਟ੍ਰੇਟਿਵ ਸੈਟ-ਅੱਪ ਵਿਚ। ਜਦੋਂ ਅਸੀਂ ਲੋਕਾਂ ਨੂੰ ਇੰਟੈਗਰੇਸ਼ਨ ਦੀ ਗੱਲ ਕਰਦੇ ਹਾਂ, ਐਮਿਟੀ ਦੀ ਗੱਲ ਕਰਦੇ ਹਾਂ, ਐਕਾਰਡ ਦੀ ਗੱਲ ਕਰਦੇ ਹਾਂ ਤਾਂ ਇਹ ਗੱਲ ਜ਼ਰੂਰੀ ਹੈ ਕਿ ਅਸੀਂ ਉਸ ਵਿਚਾਰਧਾਰਾ ਦੇ ਮੰਨਣ ਵਾਲੇ ਹੋਈਏ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਕੋਈ ਉਪਰਾਲਾ ਕਰਨ ਜਿਹੜਾ ਸਾਡਾ ਐਡਮਨਿਸਟ੍ਰੇਸ਼ਨ ਵਿਚ ਹੈਲਦੀ ਐਲੀਮੈਂਟ ਹੈ ਆਨ ਬੋਥ ਕਾਉਂਟਸ, ਉਸ ਨੂੰ ਅੱਗੇ ਲਿਆਂਦਾ ਜਾਵੇ। ਇਹ ਹਰ ਕਮਿਉਨਿਟੀ ਵਿਚ ਹੈ। ਮੈਂ ਇਸ ਗੱਲ ਤੋਂ ਮਾਯੂਸ ਨਹੀਂ ਕਿ ਸਾਡੀ ਐਡਮਨਿਸਟ੍ਰੇਸ਼ਨ ਵਿਚ ਐਸੇ ਲੋਕ ਨਹੀਂ। ਮੈਨੂੰ ਐਸੇ ਲੋਕਾਂ ਤੇ ਮਾਣ ਹੈ ਜਿਹੜੇ ਕਿ ਹੁਣ ਵੀ ਸਾਡੀ ਐਡਮਨਿਸਟ੍ਰੇਸ਼ਨ ਵਿਚ ਮੌਜੂਦ ਹਨ, ਜਿਨ੍ਹਾਂ ਨੇ ਸੈਕੂਲਰਿਜ਼ਮ ਨੂੰ ਆਪਣੀ ਜ਼ਿੰਦਗੀ ਦਾ ਰਸਤਾ ਬਣਾਇਆ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਤੇ ਰਿਲਾਈ ਕਰੋ। ਇਥੇ, ਡਿਪਟੀ ਸਪੀਕਰ ਸਾਹਿਬ, ਬੜੇ ਐਸੇ ਲੋਕ ਹਨ ਜਿਹੜੇ ਵੈਦਰ ਕਾਕਸ ਦੀ ਤਰ੍ਹਾਂ ਹਰ ਹਕੂਮਤ ਦੇ ਬਦਲਣ ਦੇ ਨਾਲ ਆਪ ਵੀ ਤਬਦੀਲ ਹੋ ਜਾਂਦੇ ਹਨ। ਉਹ ਕੇਵਲ ਆਪਣੇ ਆਪ ਨੂੰ ਉਪਰੋਂ ਹੀ ਤਬਦੀਲ ਨਹੀਂ ਕਰਦੇ ਸਗੋਂ ਇਹ ਨਕਸ਼ਾ ਹਾਕਮਾਂ ਦੇ ਸਾਹਮਣੇ ਰਖਦੇ ਹਨ ਕਿ ਅਸੀਂ ਮਾਨਸਿਕ ਤੌਰ ਤੇ ਵੀ ਤਬਦੀਲ ਹੋ ਗਏ ਹਾਂ ਪਰ ਮੈਂ ਕਹਿੰਦਾ ਹਾਂ ਕਿ ਕੋਈ ਆਦਮੀ ਓਵਰ-ਨਾਈਟ ਚੇਂਜ ਨਹੀਂ ਹੋ ਸਕਦਾ। ਇਸ ਕਿਸਮ ਦੇ ਵੈਦਰ ਕਾਕਸ ਕਦੇ ਕਿਸੇ ਨੂੰ ਚੰਗੇ ਨਹੀਂ ਹੋ ਸਕਦੇ। ਉਨ੍ਹਾਂ ਤੋਂ ਸਾਨੂੰ ਵਿਜੀਲੈਂਟ ਰਹਿਣਾ ਪਏਗਾ। ਉਹ ਚਾਪਲੂਸੀ ਕਰਨ ਵਿਚ ਮਾਹਰ ਹਨ। ਉਨ੍ਹਾਂ ਨੇ ਨਵਾਂ ਤਰੀਕਾ ਚਾਪਲੂਸੀ ਦਾ ਲਭ ਲਿਆ ਹੈ। ਉਹ ਬੜੇ ਸਿਆਣੇ ਹਨ। ਉਹ ਕਹਿੰਦੇ ਹਨ ਕਿ ਮੈਂ ਤੁਹਾਡਾ ਇਸ ਕਰਕੇ ਸਰਧਾਲੂ ਹਾਂ ਕਿਉਂਕਿ ਤੁਸੀਂ ਚਾਪਲੂਸੀ ਪਸੰਦ ਨਹੀਂ ਕਰਦੇ। ਐਸਿਆਂ ਅਫ਼ਸਰਾਂ ਤੋਂ ਬਚਣ ਦੀ ਲੋੜ ਹੈ। ਐਡਮਨਿਸਟ੍ਰੇਸ਼ਨ ਵਿਚ ਐਸੇ ਆਦਮੀਆਂ ਤੇ ਰਿਲਾਈ ਕਰਨ ਦੀ ਲੋੜ ਨਹੀਂ। ਜਿਹੜੇ ਲੋਕ ਕੁਮਿਟਿਡ ਹਨ ਐਡਮਨਿਸਟ੍ਰੇਸ਼ਨ ਦੇ ਅੰਦਰ ਇਸ ਕਿਸਮ ਦਾ ਗੰਦ, ਕਮਿਉਨਲਿਜ਼ਮ ਫੈਲਾਉਣ ਦਾ, ਜਿਹੜੇ ਇਸ ਦੇ ਮੁਜਰਮ ਹਨ, ਉਨ੍ਹਾਂ ਨੇ ਐਡਮਨਿਸਟ੍ਰੇਸ਼ਨ ਦਾ ਚੇਹਰਾ ਮੋਹਰਾ ਵਿਗਾੜ ਕੇ ਰਖ ਦਿੱਤਾ ਹੈ। ਉਨ੍ਹਾਂ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਲੈਣ ਦੀ ਲੋੜ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਪੁਲਿਟੀਕਲ ਅਤੇ ਮਾਸ ਐਕਸ਼ਨ ਲੈਣ ਦੀ ਲੋੜ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਲੇਟਲੀ ਮਾਸ ਐਕਸਨ ਵਿਚ ਕਾਂਗਰਸ ਪਾਰਟੀ ਵੀ ਆਈ ਹੈ। ਮੈਂ ਉਨ੍ਹਾਂ ਲੋਕਾਂ ਨਾਲ ਐਗਰੀ ਨਹੀਂ ਕਰਦਾ ਜਿਹੜੇ ਇਸ ਚੀਜ਼ ਨੂੰ ਡਿਨਾਈ ਕਰਦੇ ਹਨ ਅਤੇ ਕਹਿੰਦੇ ਹਨ ਕਿ ਨਹੀਂ ਆਈ। ਸਾਨੂੰ ਰਿਆਲਟੀਜ਼ ਨੂੰ ਰਿਕਗਨਾਈਜ਼ ਕਰਨ ਚਾਹੀਦਾ ਹੈ। ਲੇਕਿਨ ਮੇਰਾ ਕ੍ਰਿਟੀਸਿਜ਼ਮ ਇਹ ਹੈ ਕਿ ਮਾਸ ਐਕਸਨ ਵਿਚ ਇਹ ਇਨਐਡੀਕੁਏਟ ਆਈ ਹੈ, ਐਡੀਕੁਏਟਲੀ ਨਹੀਂ ਆਈ। ਐਡੀਕੁਏਟਲੀ ਆਉਣ ਦੀ ਲੋੜ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਬਿੱਗ ਵੇਅ ਵਿਚ ਕਮਿਊਨਲਿਜ਼ਮ ਨੂੰ ਫਾਈਟ ਕਰਨ ਦੀ ਲੋੜ ਹੈ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਸੈਕੂਲਰਿਜ਼ਮ ਦੀ ਪਰਮੋਸ਼ਨ ਲਈ ਚੀਫ਼ ਮਨਿਸਟਰ ਸਾਹਿਬ ਨੇ ਬਹੁਤ ਚੰਗਾ ਕਦਮ ਚੁਕਿਆ ਹੈ । ਪੰਜਾਬ ਦੇ ਅੰਦਰ ਇਨੀਸ਼ੀਏਟਿਵ ਲੈ ਕੇ ਇੰਟੈਗਰੇਸ਼ਨ ਕੌਂਸਲ ਬਣਾਈ ਹੈ । ਮੈਂ ਕਹਿੰਦਾ ਹਾਂ ਕਿ ਇਹ ਇੰਟੈਗਰੇਸ਼ਨ ਕੌਂਸਲ ਕੇਵਲ ਫਾਰਮ ਵਿਚ ਹੀ ਨਹੀਂ ਹੋਣੀ ਚਾਹੀਦੀ, ਇਹ ਕੰਟੈਂਟ ਵਿਚ ਅਤੇ ਫੰਕਸ਼ਨਿੰਗ ਵਿਚ ਹੋਣੀ ਚਾਹੀਦੀ ਹੈ । ਇਹ ਡੀਪ ਡਾਊਨ ਟੂ ਦੀ ਗਰਾਸ ਰੂਟਸ ਵਿਚ ਚਾਹੀਦੀ ਹੈ ਤਾਂ ਕਿ ਜਿਹੜੀ ਆਈਡਲ ਕੰਪੈਸਿਟੀ ਪੰਜਾਬ ਵਿਚ ਪਈ ਹੈ, ਅਨਯੂਜ਼ਡ ਰਿਸੋਰਸਿਜ਼ ਪਏ ਹੋਏ ਹਨ, ਉਨ੍ਹਾਂ ਦਾ ਫਾਇਦਾ ਉਠਾਇਆ ਜਾਵੇ । ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਪੰਜਾਬ ਵਿਚ ਕਮਿਊਨਲਿਸਟਾਂ ਨੇ ਟਿੱਲ ਲਾ ਕੇ ਵੇਖ ਲਿਆ, ਪਰ ਲੋਕਾਂ ਨੇ ਉਨ੍ਹਾਂ ਨੂੰ ਉਬਲਾਈਜ ਨਹੀਂ ਕੀਤਾ । ਦੋ ਸਾਲ ਦਾ ਅਰਸਾ ਕੋਈ ਮਾਮੂਲੀ ਨਹੀਂ ਹੁੰਦਾ । ਕਿਹੜਾ ਦੁਨੀਆਂ ਦਾ ਗੁਨਾਹ ਹੈ ਜਿਹੜਾ ਉਨ੍ਹਾਂ ਨੇ ਨਹੀਂ ਕੀਤਾ । ਕਿਸ ਦਾਇਰੇ ਵਿਚ, ਕਿਸ ਸ਼ਕਲ ਵਿਚ ਉਨ੍ਹਾਂ ਨੇ ਆਪਣੀ ਕਾਲੀ ਸੂਰਤ ਵਿਖਾਉਣ ਦਾ ਯਤਨ ਨਹੀਂ ਕੀਤਾ । ਮੈਂ ਸਮਝਦਾ ਹਾਂ ਕਿ ਅਸੀਂ ਪੰਜਾਬ ਦੇ ਲੋਕਾਂ ਦੇ ਅੱਗੇ ਆਪਣੇ ਸਿਰ ਝੁਕਾਈਏ, ਆਫਰੀਨ ਹਨ ਇਹ ਲੋਕ ਜਿਨ੍ਹਾਂ ਨੇ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦੀ ਗੱਲ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ (ਥੰਪਿੰਗ) । ਇਸ ਲਈ ਹੀ ਮੈਂ ਕਹਿੰਦਾ ਹਾਂ ਕਿ ਸਾਨੂੰ ਅਵੇਲੇਬਲ ਰਿਸੋਰਸਿਜ਼ ਨੂੰ ਮੋਬਲਾਈਜ਼ ਕਰਨਾ ਚਾਹੀਦਾ ਹੈ, ਜਿਹੜੀ ਆਈਡਲ ਕਪੈਸਿਟੀ ਹੈ ਐਜੂਕੇਟਿਵ ਅਤੇ ਇੰਟੈਲੀਜੈਂਟ ਲੋਕਾਂ ਵਿਚ ਉਸ ਨੂੰ ਯੂਟੇਲਾਈਜ਼ ਕਰਨਾ ਚਾਹੀਦਾ ਹੈ । ਗਰਾਸ ਰੂਟ ਲੈਵਲ ਤੇ ਉਨ੍ਹਾਂ ਦੀ ਮਦਦ ਲਈ ਜਾਵੇ । ਸਟੇਟ ਲੈਵਲ ਤੇ ਉਨ੍ਹਾਂ ਦੀ ਮਦਦ ਲਈ ਜਾਵੇ । ਸੈਕੂਲਰਿਜ਼ਮ ਨੂੰ ਪ੍ਰਮੋਟ ਕਰਨ ਵਾਸਤੇ ਉਨ੍ਹਾਂ ਦੀ ਮਦਦ ਲਈ ਜਾਵੇ । ਉਸ ਚੰਗੇ ਵੈਲ-ਕਮ ਸਟੈਪ ਦਾ ਫਾਲੋ-ਅੱਪ ਐਕਸ਼ਨ ਇਹੀ ਹੈ ਜਿਸ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਅਵਸਥਾ ਵਿਚ ਮੈਂ ਤੁਹਾਡਾ ਧਿਆਨ ਕੁਝ ਸਪੈਸੇਫਿਕ ਫੀਚਰਜ਼ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ । ਸਾਨੂੰ ਬਹੁਤਾ ਕੋਲਡ ਫੀਟ ਵੀ ਡਿਵੈਲਪ ਨਹੀਂ ਕਰਨਾ ਚਾਹੀਦਾ । ਫਾਰੇਨ ਪਾਵਰਜ਼ ਨੇ ਬੜੀ ਇਨਸਪੀਰੇਸ਼ਨ ਦਿੱਤੀ ਹੈ ਲੇਕਿਨ ਸਾਰੀਆ ਕੋਸ਼ਿਸ਼ਾ ਦੇ ਬਾਵਜੂਦ ਸਾਡੇ ਪੰਜਾਬ ਦੇ ਇੰਟਲੈਕਚੁਅਲਜ਼ ਅਤੇ ਇੰਟੈਲੀਜੈਂਸੀਆ ਦਾ ਕੇਵਲ ਇਕ ਹਿੱਸਾ ਹੀ ਇਨ੍ਹਾਂ ਨੂੰ ਸਪੋਰਟ ਦੇ ਸਕਿਆ ਹੈ । ਇਹ ਇਕ ਸਪੈਸੇਫਿਕ ਫੀਚਰ ਹੈ । ਇਹ ਸਾਡੇ ਕੰਮ ਦੀ ਬੁਨਿਆਦ ਹੈ । ਦੂਸਰਾ ਫੀਚਰ ਹੈ ਕਿ ਉਨ੍ਹਾਂ ਨੇ ਤਰ੍ਹਾਂ ਤਰ੍ਹਾਂ ਦੇ ਟੈਕਟਿਕਸ ਵਰਤੇ ਸਾਨੂੰ ਇਥੇ ਲੜਾਉਣ ਦੇ । ਸ਼ਾਇਦ ਉਨ੍ਹਾਂ ਦੇ ਦਿਮਾਗ ਵਿਚ ਹੋ ਸਕਦਾ ਹੈ ਕਿ ਇਹ ਗੱਲ ਹੋਵੇ ਕਿ 1947 ਦੇ ਹਾਲੋਕਾਸਟ ਦੇ ਬਾਅਦ ਪੰਜਾਬ ਦੇ ਲਹੂ ਲੁਹਾਨ ਹੋਣ ਦੇ ਬਾਅਦ ਪੰਜਾਬ ਦੇ ਲੋਕਾਂ ਦਾ ਸਾਈਕ ਉਹੀ ਹੋਣਾ ਹੈ, ਬਦਲਿਆ ਨਹੀਂ ਹੋਣਾ । ਜਿਹੜੇ ਐਡਵਾਈਜ਼ ਕਰਨ ਵਾਲੇ ਹਨ ਉਨ੍ਹਾਂ ਨੂੰ ਪਹਿਲੇ ਸਾਈਕ ਦਾ ਪਤਾ ਹੈ । ਉਨ੍ਹਾਂ ਨੇ ਪਾਕਿਸਤਾਨ ਬਣਨ ਦੇ ਬਾਅਦ ਹਿੰਦੁਸਤਾਨ ਅਤੇ ਪੰਜਾਬ ਦੇ ਲੋਕਾਂ ਦੀ ਮਾਨਸਿਕ ਅਵਸਥਾ ਨਹੀਂ ਪੜ੍ਹੀ । ਉਨ੍ਹਾ ਨੇ ਇਹ ਸਮਝ ਲਿਆ ਕਿ

Original with;
Punjab Vidhan Sabha
Digitized by;
Panjab Digital Library

ਹੁਣ ਹਿੰਦੂ-ਸਿੱਖਾਂ ਦੇ ਦਰਮਿਆਨ ਕਲੀਵੇਜ ਪਵਾਉਣ ਵਾਸਤੇ ਇਹ ਕੀਤਾ ਜਾਵੇ ਕਿ ਅਗਰ ਸਿੱਖ ਗਊ ਮਾਤਾ ਦਾ ਸਿਰ ਕਿਸੇ ਮੰਦਰ ਦੇ ਅੱਗੇ ਰੱਖ ਦੇਣਗੇ ਤਾਂ ਪੰਜਾਬ ਦੇ ਅੰਦਰ ਅੱਗ ਲਗ ਜਾਵੇਗੀ। ਇਹ ਉਨ੍ਹਾਂ ਦੀ ਅੰਡਰਸਟੈਂਡਿੰਗ ਦਾ ਸਬੂਤ ਹੈ। ਪਰ ਜੋ ਉਹ ਚਾਹੁੰਦੇ ਸਨ ਉਹ ਨਹੀਂ ਹੋਇਆ। ਫਿਰ ਉਨ੍ਹਾਂ ਨੇ ਇਕ ਕਮਿਊਨਟੀ ਨੂੰ ਰਾਈਡਰ ਬਣਾ ਲਿਆ ਅਤੇ ਦੂਜੀ ਕਮਿਊਨਟੀ ਨੂੰ ਚੁਣ ਚੁਣ ਕੇ ਕਤਲ ਕੀਤਾ ਇਸ ਖਿਆਲ ਨਾਲ ਕਿ ਪੰਜਾਬ ਵਿਚ ਅੱਗ ਲਗੇ। ਸਿੱਖ ਮਾਰਨ ਵਾਲੇ ਸਨ ਅਤੇ ਹਿੰਦੂ ਮਰਨ ਵਾਲੇ ਸਨ ਉਨ੍ਹਾਂ ਨੇ ਸੋਚਿਆ ਕਿ ਇਸ ਤਰ੍ਹਾਂ ਹਿੰਦੂ-ਸਿੱਖ ਫਸਾਦ ਭੜਕਣਗੇ। ਜਿਸ ਵੇਲੇ ਲਾਲਾ ਜਗਤ ਨਰਾਇਣ ਦਾ ਕਤਲ ਹੋਇਆ ਉਸ ਵੇਲੇ ਸ਼ਾਇਦ ਰਮੇਸ਼ ਜੀ ਨੂੰ ਪਤਾ ਵੀ ਨਹੀਂ ਸੀ ਕਿ ਲਾਲਾ ਜੀ ਦਾ ਕਤਲ ਹੋ ਗਿਆ ਹੈ ਪਰ 'ਅਜੀਤ' ਅਤੇ 'ਅਕਾਲੀ ਪੱਤ੍ਰਿਕਾ' ਦੇ ਬਾਹਰ ਪਿੱਟਣ ਵਾਲੇ ਅਤੇ ਸਿਆਪਾ ਪਾਉਣ ਵਾਲੇ ਪਹਿਲਾਂ ਪੁੱਜ ਗਏ ਸਨ। ਇਹ ਛੋਟੇ ਛੋਟੇ ਪੀਸ ਹਨ ਵਾਕਿਆਤ ਦੇ ਅਗਰ ਇਨ੍ਹਾਂ ਨੂੰ ਜੋੜਾਂਗੇ ਤਾਂ ਪੂਰਾ ਫਿਨਾਮਨਨ ਐਮਰਜ ਹੋਵੇਗਾ। ਮੈਂ ਉਸ ਜਲੂਸ ਵਿਚ ਵੀ ਸ਼ਾਮਲ ਸੀ ਜਿਹੜਾ ਉਨ੍ਹਾਂ ਦੀ ਲਾਸ਼ ਲੈ ਕੇ ਜਾ ਰਿਹਾ ਸੀ। ਉਥੇ ਵੀ ਝਗੜਾ ਪਵਾਉਣ ਦੀ ਕੋਸ਼ਿਸ਼ ਕੀਤੀ ਗਈ। ਉਹ ਟੈਕਟਿਕਸ ਚੇਂਜ ਕਰਦੇ ਰਹੇ। ਇਸ ਤੋਂ ਬਾਅਦ ਗੱਡੀਆਂ ਉਲਟਾਉਣ ਦਾ ਯਤਨ ਕੀਤਾ। ਜਦੋਂ ਇਹ ਵੀ ਚੀਜ਼ ਕਾਮਯਾਬ ਨਾ ਹੋਈ ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਪਾਵਰ ਦੇ ਸੈਂਟਰ ਵਿਚ ਦਾਖਲ ਹੋ ਕੇ ਐਕਸ਼ਨ ਕਰੋ। ਚੁਨਾਂਚੇ ਨਿਰੰਜਣ ਸਿੰਘ ਨੂੰ ਮਾਰਨ ਵਾਸਤੇ ਉਹ ਸਕੱਤਰੇਤ ਵਿਚ ਆਏ। ਇਸ ਤੋਂ ਬਾਅਦ ਵੀ ਉਨ੍ਹਾਂ ਦੀ ਗਲ ਨਾ ਬਣੀ। ਫਿਰ ਜੋ ਅਲਟੀਮੇਟ ਹੋ ਸਕਦਾ ਹੈ ਉਹ ਉਨ੍ਹਾਂ ਨੇ ਕੀਤਾ। ਇਸ ਦਾ ਮਤਲਬ ਇਹ ਨਾ ਸਮਝ ਲਿਆ ਜਾਵੇ ਕਿ ਉਹ ਹੁਣ ਚੁਪ ਹੋ ਗਏ ਹਨ। ਆਪਣੇ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬ ਦੇ ਅੰਦਰ ਫਿਰਕੇਦਾਰਾਨਾ ਹਾਲੋਕਾਸਟ ਇਹ ਕ੍ਰੀਏਟ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਲਈ ਇੰਟਰਨਲ ਵਿਜੀਲੈਂਸ ਦੀ ਲੋੜ ਹੈ। ਇਸ ਦੇ ਵਾਸਤੇ ਮੈਂ ਕਹਾਂਗਾ ਕਿ ਕੁਝ ਐਡਮਨਿਸਟ੍ਰੇਟਿਵ ਮਈਯਰਜ਼ ਲੈਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਪੁਲਿਟੀਕਲ ਸਟਰਗਲ ਦੀ ਵੀ ਲੋੜ ਹੈ। ਹੁਣ ਸਾਰੇ ਪੰਜਾਬ ਵਿਚ ਇਹ ਅਵਸਥਾ ਚਲ ਰਹੀ ਹੈ ਕਿ ਐਨਕਾਊਂਟਰਜ਼ ਵਿਚ ਲੋਕਾਂ ਨੂੰ ਮਰਵਾਇਆ ਜਾ ਰਿਹਾ ਹੈ। ਐਨਕਾਊਂਟਰਜ਼ ਵਿਚ ਮਾਰਨ ਵਾਲੀ ਸ਼ਾਇਦ ਸਰਕਾਰ ਅਜੇ ਤਕ ਤਾਂ ਅਸੀਂ ਵੇਖੀ ਨਹੀਂ। ਇਹ ਐਲੀਗੇਸ਼ਨਜ਼ ਲਗਦੀਆਂ ਰਹੀਆਂ ਹਨ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਸਨ ਉਦੋਂ ਵੀ ਲਗੀਆਂ, ਜਿਸ ਵਕਤ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸਨ ਉਸ ਵੇਲੇ ਵੀ ਲਗੀਆਂ ਅਤੇ ਹੁਣ ਵੀ ਲਗੀਆਂ ਹਨ। ਮੈਂ ਚਾਹੁੰਦਾ ਹਾਂ ਕਿ ਜਿਸ ਵਕਤ ਪੁਲਿਸ ਕਲੇਮ ਕਰੇ ਕਿ ਐਨਕਾਊਂਟਰ ਹੋਈ ਹੈ, ਸਾਡਾ ਜੋ ਕ੍ਰਿਮੀਨਲ ਪ੍ਰੋਸੀਜਰ ਕੋਡ ਹੈ ਉਸ ਨੂੰ ਬਦਲਣ ਦੀ ਲੋੜ ਹੈ, ਉਸ ਦੇ ਵਿਚ ਮੈਜਿਸਟੀਰੀਅਲ ਇਨਕੁਆਇਰੀ ਕਰਵਾਈ ਜਾਵੇ। ਮੈਂ ਰਿਕੁਐਸਟ ਕਰਾਂਗਾ ਕਿ ਇਹ ਜ਼ਰੂਰੀ ਪੁਲਿਟੀਕਲ ਐਡਮਨਿਸਟ੍ਰੇਟਿਵ ਐਕਸ਼ਨ ਹੈ। ਜਦੋਂ ਪੰਜਾਬ ਦੇ ਅੰਦਰ ਜਾਂ ਕਿਸੇ ਹੋਰ ਥਾਂ ਉਤੇ ਐਨਕਾਊਂਟਰ ਦਾ ਚਾਰਜ ਲਗ ਜਾਵੇ, ਡੈਥ ਹੋ ਜਾਵੇ ਉਥੇ ਸੂਓ-ਮੋਟੋ ਜੁਡੀਸ਼ੀਅਲ ਇਨਕੁਆਇਰੀ ਹੋ ਜਾਵੇ ਤਾਂਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਉਸ ਮਸਲੇ ਨੂੰ ਪੁਲਿਟੀਕਲੀ ਨਾ ਐਕਸਪਲਾਇਟ ਕੀਤਾ ਜਾ ਸਕੇ । ਇਸ ਲਈ ਮੇਰੀ ਇਹ ਮੰਗ ਹੈ ਕਿ ਇਸ ਪ੍ਰੋਪੋਜ਼ਲ ਨੂੰ ਐਗਜ਼ਾਮਿਨ ਕੀਤਾ ਜਾਵੇ ਔਰ ਜੇਕਰ ਕਿਸੇ ਐਕਟ ਨੂੰ ਅਮੈਂਡ ਕਰਨ ਦੀ ਜ਼ਰੂਰਤ ਹੈ ਤਾਂ ਉਹ ਅਮੈਂਡਮੈਂਟ ਕੀਤੀ ਜਾਵੇ, ਜੇਕਰ ਕਿਸੇ ਹੋਰ ਫੈਸਲੇ ਦੀ ਲੋੜ ਹੈ ਤਾਂ ਉਹ ਫੈਸਲਾ ਕਰ ਲਿਆ ਜਾਵੇ । ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਹ ਵੀ ਉਨ੍ਹਾਂ ਲੋਕਾਂ ਨੂੰ ਪੁੱਛਣਾ ਚਾਹੁੰਦਾ ਹਾਂ ਜਿਹੜੇ ਇਸ ਤਰ੍ਹਾਂ ਦੇ ਐਨਕਾਊਂਟਰਜ਼ ਦਾ ਐਲੀਗੇਸ਼ਨ ਲਗਾਉਂਦੇ ਹਨ ਕਿ ਜੋ ਦਹੇੜੂ ਵਿਚ ਵੈਲੀਐਂਟ ਪੁਲਿਸ ਅਫਸਰ ਗਏ ਸਨ, ਜਿਹੜੇ ਉਥੇ ਬਹੁਤ ਸਾਰੇ ਕਾਤਲਾਂ ਵਿਚ ਇਨਵਾਲਵਡ ਕਾਤਲ ਸਨ ਉਨ੍ਹਾਂ ਨੂੰ ਪਕੜਨ ਗਏ ਸਨ, ਔਰ ਉਨ੍ਹਾਂ ਦੀਆਂ ਗੋਲੀਆਂ ਨਾਲ ਉਹ ਬਹਾਦਰ ਪੁਲਿਸ ਅਫਸਰ ਸ਼ਹੀਦ ਹੋ ਗਏ ਹਨ, ਉਨ੍ਹਾਂ ਦੀ ਡੈਥ ਜਿਹੜੀ ਹੈ ਕੀ ਉਸ ਨੂੰ ਪੰਜਾਬ ਦੀ ਡੈਥ ਉਹ ਨਹੀਂ ਸਮਝਦੇ ? ਕੀ ਉਸ ਡੈਥ ਨੂੰ ਉਹ ਡੈਥ ਨਹੀਂ ਸਮਝਦੇ ਜੋ ਕਿ ਦੇਸ਼-ਭਗਤਾਂ ਦੀ ਡੈਥ ਹੁੰਦੀ ਹੈ ? ਕੀ ਉਨ੍ਹਾਂ ਪੁਲਿਸ ਅਫ਼ਸਰਾਂ ਦੇ ਪਰੀਵਾਰਾਂ ਨੂੰ ਜਿਹੜੇ ਪੁਲਿਸ ਅਫ਼ਸਰ ਉਥੇ ਕਾਤਲਾਂ ਨੂੰ ਫੜਨ ਗਏ ਸਨ ਔਰ ਸ਼ਹੀਦ ਹੋ ਗਏ, ਨੂੰ ਆਨਰ ਕਰਨ ਵਿਚ ਕੋਈ ਇਤਰਾਜ਼ ਹੈ ? ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪਿੱਛੇ ਵੀ ਕਿਹਾ ਸੀ ਕਿ ਉਨ੍ਹਾਂ ਪੁਲਿਸ ਅਫ਼ਸਰਾਂ ਦੀਆਂ ਫੈਮਿਲੀਜ਼ ਨੂੰ ਆਨਰ ਕਰੋ । ਜਿਨ੍ਹਾਂ ਨੇ ਪੰਜਾਬ ਦੀ ਵਿਵਸਥਾ ਨੂੰ ਠੀਕ ਕਰਨ ਵਾਸਤੇ ਅੱਗੇ ਜਾ ਕੇ ਕਾਤਲਾਂ ਤੋਂ ਗੋਲੀਆਂ ਖਾਧੀਆਂ । ਜੇਕਰ ਤੁਸੀਂ ਇਹੋ ਜਿਹੇ ਅਫ਼ਸਰਾਂ ਦੀ ਪਰਸੰਸਾ ਨਹੀਂ ਕਰਦੇ ਤਾਂ ਪੁਲਿਸ ਦਾ ਮੋਰੇਲ ਕਿਸ ਤਰ੍ਹਾਂ ਉੱਚਾ ਰਹਿ ਸਕਦਾ ਹੈ । ਜਿਹੜੇ ਲੋਕ ਇਹ ਕਹਿੰਦੇ ਹਨ ਕਿ ਸਾਡੇ ਆਦਮੀ ਐਨਕਾਊਂਟਰ ਵਿਚ ਮਾਰੇ ਗਏ ਹਨ, ਮੈਂ ਉਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਉਨ੍ਹਾਂ ਪੁਲਿਸ ਅਫ਼ਸਰਾਂ ਨਾਲ ਜਿਹੜੇ ਕਿ ਐਨਕਾਊਂਟਰ ਵਿਚ ਮਾਰੇ ਗਏ ਹਨ ਉਨ੍ਹਾਂ ਨਾਲ ਹਮਦਰਦੀ ਰੱਖਦੇ ਹੋ ? ਵੇਖੋ, ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਐਨਕਾਊਂਟਰ ਵਿਚ ਮਾਰਨਾ ਪੁਲਿਸ ਲਈ ਵੀ ਠੀਕ ਨਹੀਂ ਹੈ । ਜੇਕਰ ਪੁਲਿਸ ਅਫ਼ਸਰ ਕੋਈ ਐਸਾ ਕੰਮ ਕਰਦਾ ਹੈ ਤਾਂ ਉਸ ਦੇ ਲਈ ਇਹ ਠੀਕ ਨਹੀਂ ਹੈ ਔਰ ਜੇਕਰ ਉਸ ਨੂੰ ਕੋਈ ਪੁਲਿਟੀਕਲ ਆਦਮੀ ਕਨਾਈਵ ਕਰਦਾ ਹੈ ਤਾਂ ਉਸ ਦੇ ਵਾਸਤੇ ਵੀ ਇਹ ਗੱਲ ਠੀਕ ਨਹੀਂ ਹੈ । ਠੀਕ ਹੈ, ਪੁਲਿਸ ਨੂੰ ਪਾਵਰ ਚਾਹੀਦੀ ਹੈ, ਪੁਲਿਸ ਦਾ ਰੋਅਬ ਦਾਬ ਚਾਹੀਦਾ ਹੈ ਲੇਕਿਨ ਪੁਲਿਸ ਨੂੰ ਐਬਸੋਲਿਊਟ ਪਾਵਰਜ਼ ਨਹੀਂ ਦੇਣੀਆਂ ਚਾਹੀਦੀਆਂ, ਕਿਉਂਕਿ ਸਾਡੀ ਪੁਲਿਸ ਇਕ ਹੋਮੋਜੀਨੀਅਸ ਪੇਟਰੀ-ਆਟਿਕ ਫੋਰਸ ਇਸ ਤਰ੍ਹਾਂ ਦੀ ਨਹੀਂ ਹੈ । ਇਸ ਪੁਲਿਸ ਦੇ ਅੰਦਰ ਕਮਿਊਨਲਿਸਟ ਬੈਠਾ ਹੈ, ਪੁਲਿਸ ਵਿਚ ਕਈ ਥਾਵਾਂ ਤੇ ਗਲਤ ਕਿਸਮ ਦੇ ਬੰਦੇ ਬੈਠੇ ਹਨ । ਇਸ ਲਈ ਪੁਲਿਸ ਨੂੰ ਓਵਰਆਲ ਪਾਵਰਜ਼ ਦੇ ਦੇਣੀਆਂ ਤਾਂ ਠੀਕ ਨਹੀਂ ਹੈ । ਜੇਕਰ ਇਸ ਤਰ੍ਹਾਂ ਦੀਆਂ ਪਾਵਰਜ਼ ਦਿੱਤੀਆਂ ਜਾਣ ਤਾਂ ਨੈਚੁਰਲੀ ਉਹ ਉਸ ਦਾ ਮਿਸਯੂਜ਼ ਕਰੇਗੀ । ਪੁਲਿਸ ਅਫ਼ਸਰ ਦੀ ਅਗਰ ਕਿਸੇ ਨਾਲ ਨਿੱਜੀ ਦੁਸ਼ਮਣੀ ਹੈ ਔਰ ਉਸ ਦੇ ਪਾਸ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਤਾਂ ਉਹ ਐਨਕਾਊਂਟਰ ਦਾ ਕੇਸ ਉਸ ਤੇ ਪਾ ਦੇਵੇਗਾ । ਇਸ ਲਈ ਪੁਲਿਸ ਨੂੰ ਐਬਸੋਲਿਊਟ ਪਾਵਰਜ ਨਾ ਦਿਓ ਜੇਕਰ ਪਾਵਰਜ਼ ਦੇਣ ਲਗਿਆਂ ਸਿਲੈਕਟਿਵ ਨਹੀਂ ਹੋਵੋਗੇ ਔਰ ਐਬਸੋਲਿਊਟ ਪਾਵਰਜ਼ ਦੇ ਦਿਉਗੇ ਤਾਂ ਜ਼ਰੂਰੀ ਹੈ ਕਿ ਉਹ ਉਸ ਦਾ ਮਿਸਯੂਜ਼ ਕਰਨਗੇ । ਇਸ ਦੇ ਨਾਲ ਇਹ ਵੀ ਕਰ ਦਿਓ ਕਿ ਜਿਥੇ ਕਿਤੇ ਐਨਕਾਊਂਟਰ ਦਾ ਐਲੀਗੇਸ਼ਨ ਲਗਦਾ ਹੈ, ਉਥੇ ਜੁਡੀਸ਼ੀਅਲ

Original with;
Punjab Vidhan Sabha
Digitized by;
Panjab Digital Library

ਇਨਕੁਆਇਰੀ ਕਰਾਕੇ ਉਸ ਐਲੀਗੇਸ਼ਨ ਨੂੰ ਖਤਮ ਕਰ ਦਿਓ ਤਾਂਕਿ ਉਸ ਦੀ ਪੁਲਿਟੀਕਲ ਐਕਸਪਲਾਇਟੇਸ਼ਨ ਨਾ ਹੋ ਸਕੇ । ਇਹ ਮੈਂ ਪੰਜਾਬ ਦੀ ਅੱਜ ਦੀ ਵਿਵਸਥਾ ਵਿਚ ਮੰਗ ਕਰ ਰਿਹਾ ਹਾਂ ।

ਡਿਪਟੀ ਸਪੀਕਰ ਸਾਹਿਬ, ਇਕ ਇਹ ਗੱਲ ਅੱਜ ਕੋਈ ਵੀ ਨਹੀਂ ਕਹਿ ਰਿਹਾ ਕਿ ਉਹ ਮੁਲਕ ਦੇ ਹਿੱਸੇ ਕਰਨਾ ਚਾਹੁੰਦਾ ਹੈ । ਮੈਂ ਪੁੱਛਦਾ ਹਾਂ ਕਿ ਕੀ ਫਿਰ ਮੁਲਕ ਦੇ ਹਿੱਸੇ ਅਸੀਂ ਕਰਾਉਣਾ ਚਾਹੁੰਦੇ ਹਾਂ ਜਿਹੜੇ ਕਿ ਇਸ ਚੀਜ਼ ਨੂੰ ਕਨਡੈਮ ਕਰਦੇ ਹਾਂ, ਅਸੀਂ ਇਸ ਦੀ ਮੁਖਾਲਫਤ ਕਰਦੇ ਹਾਂ । ਕੀ ਨਾਰਮਲ ਆਦਮੀ ਦੀ ਹੱਦ ਉਤੇ ਕੋਈ ਸ਼ੱਕ ਹੈ ? ਜੇਕਰ ਕਿਸੇ ਨੇ ਇਸ ਤਰ੍ਹਾਂ ਦੀ ਕੋਈ ਮੰਗ ਕੀਤੀ ਹੋਵੇਗੀ ਤਾਂ ਉਸ ਨੇ ਵੀ ਕਿਸੇ ਚੀਜ਼ ਦੀ ਬਿਨਾ ਤੇ ਕੀਤੀ ਹੋਵੇਗੀ । ਡਾਕਟਰ ਭਗਤ ਸਿੰਘ ਜੀ ਬੈਠੇ ਹਨ, ਮੇਰੇ ਇਹ ਇਸ ਹਾਊਸ ਦੇ ਮਾਨਯੋਗ ਮੈਂਬਰ ਹਨ । ਇਨ੍ਹਾਂ ਦੀ ਪਾਰਟੀ ਦਾ ਹੀ ਇਹ ਇਕ ਪੇਪਰ ਮੇਰੇ ਹੱਥ ਵਿਚ ਹੈ, ਜਿਸ ਦੇ ਪਹਿਲੇ ਪੇਜ ਉਤੇ ਖਾਲਿਸਤਾਨ ਦਾ ਨਕਸ਼ਾ ਬਣਿਆ ਹੋਇਆ ਹੈ । ਹਾਂ, ਇਹ ਹੀ ਚੀਜ਼ ਸੀ ਜਿਸ ਉਤੇ ਆਨੰਦਪੁਰ ਸਾਹਿਬ ਵਿਚ ਜਲੂਸ ਨਿਕਲਿਆ ਸੀ । ਇਸ ਦੇ ਉਤੇ ਦਸਖਤ ਹਨ ਹਿੱਜ਼ ਐਕਸੇਲੇਂਸੀ ਦੀ ਜਨਰਲ ਸੈਕਟਰੀ ਸਾਹਿਬ ਦੇ । ਇਹ ਇਕ ਚਿੱਠੀ ਹੈ, ਇਸ ਦੇ ਨਾਲ ਇਕ ਅਨੈਕਸਚਰ ਲਗਿਆ ਹੋਇਆ ਹੈ । ਇਸ ਦਾ ਸਬਜੈਕਟ ਹੈ ।

'Associate membership of the United Nations Organisation for the Sikhs.'

**ਡਾਕਟਰ ਭਗਤ ਸਿੰਘ** : ਕੀ ਤੁਸੀਂ ਕਾਂਗਰਸ ਪਾਰਟੀ ਦੀ ਵਕਾਲਤ ਕਰ ਰਹੇ ਹੋ ਜਾਂ ਆਪਣੇ ਮੋਸ਼ਨ ਤੇ ਬੋਲ ਰਹੇ ਹੋ ?

**ਕਾਮਰੇਡ ਰਾਜ ਕੁਮਾਰ** : ਜਿਹੜੀ ਗੱਲ ਵਕਾਲਤ ਵਾਲੀ ਹੈ ਉਸ ਦੀ ਵਕਾਲਤ ਵੀ ਕਰਨੀ ਹੈ ਔਰ ਜਿਹੜੀ ਗੱਲ ਅਟੈਕ ਕਰਨ ਵਾਲੀ ਹੈ ਉਹ ਵੀ ਕਹਿਣੀ ਹੈ ।

ਡਿਪਟੀ ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਰੇਜ਼ੋਲਿਊਸ਼ਨ ਦੇ ਨਾਲ ਪੰਜ ਪੇਜ ਲੱਗੇ ਹੋਏ ਹਨ । ਇਹ ਚਿੱਠੀ ਹੈ ਮੇਰੇ ਹੱਥਾਂ ਵਿਚ । ਇਹ ਸ਼੍ਰੋਮਣੀ ਅਕਾਲੀ ਦੱਲ, ਅੰਮ੍ਰਿਤਸਰ ਤੋਂ ਗਈ ਹੈ । ਇਸ ਦੇ ਸਿਗਨੇਟਰੀਜ਼ ਵੀ ਕਹੋ ਤਾਂ ਮੈਂ ਦੱਸ ਦਿੰਦਾ ਹਾਂ । ਇਸ ਵਿਚ ਆਨੰਦਪੁਰ ਸਾਹਿਬ ਦੇ ਰੇਜ਼ੋਲਿਊਸ਼ਨ ਦਾ ਜ਼ਿਕਰ ਹੈ, ਉਸ ਦੀ ਕਾਪੀ ਹੈ ਔਰ ਵਰਲਡ ਸਿੱਖ ਕਾਨਫਰੰਸ ਦਾ ਜ਼ਿਕਰ ਹੈ। ਇਸ ਤੇ ਦਸਖਤ ਹਨ ਰਣਧੀਰ ਸਿੰਘ ਚੀਮਾਂ ਦੇ ਜੋ ਕਿ ਤੁਹਾਡੀ (ਡਾਕਟਰ ਭਗਤ ਸਿੰਘ ਜੀ ਵੱਲ ਇਸ਼ਾਰਾ) ਪਾਰਟੀ ਦੇ ਜਨਰਲ ਸੈਕਟਰੀ ਹੁੰਦੇ ਸਨ ਔਰ ਹੁਣ ਤਾਂ ਸ਼ਾਇਦ ਉਹ ਐਲੀਵੇਟ ਹੋ ਗਿਆ ਹੈ । ਮੇਰਾ ਖਿਆਲ ਹੈ ਕਿ ਸ਼ਾਇਦ ਉਹ ਹੁਣ ਡਿਕਟੇਟਰ ਬਣੇ ਹੋਏ ਹਨ, ਉਨ੍ਹਾਂ ਦੇ ਦਸਖਤ ਹਨ । ਇਸ ਵਿਚ ਇਨ੍ਹਾਂ ਨੇ ਮਕਸਦ ਵੀ ਦਿੱਤਾ ਹੋਇਆ ਹੈ । ਹੈਡਿੰਗ ਹੈ, "ਆਨੰਦਪੁਰ ਸਾਹਿਬ ਰੇਜ਼ੋਲਿਊਸ਼ਨ ਐਂਡ ਇਟਸ ਸੇਲੀਐਂਟ ਫੀਚਰਜ਼ ।" ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਮਕਸਦ ਤੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਬੜਾ ਪ੍ਰੇਰਤ ਹੋਇਆ ਹਾਂ, ਇਸ ਲਈ ਹੀ ਮੈਂ ਇਹ ਇਥੇ ਲਿਆਇਆ ਹਾਂ ਨਹੀਂ ਤਾਂ ਮੈਂ ਇਹ ਫਾਈਲ ਵਿਚ ਰਖਿਆ ਹੋਇਆ ਸੀ। . . .

ਡਾਕਟਰ ਭਗਤ ਸਿੰਘ : ਤੁਸੀਂ ਇਸ ਨੂੰ ਹਾਊਸ ਦੀ ਟੇਬਲ ਤੇ ਰੱਖੋ ।

ਕਾਮਰੇਡ ਰਾਜ ਕੁਮਾਰ : ਭਾਵੇਂ ਜਿਨ੍ਹਾਂ ਲੋਕਾਂ ਦੀ ਰਿਸਪਾਂਸੀਬਿਲਿਟੀ ਸੀ ਇਸ ਨੂੰ ਹਾਊਸ ਦੀ ਟੇਬਲ ਤੇ ਰੱਖਣ ਦੀ ਉਨ੍ਹਾਂ ਨੇ ਨਹੀਂ ਰੱਖਿਆ ਲੇਕਿਨ ਮੈਂ ਇਸ ਨੂੰ ਹਾਊਸ ਦੀ ਟੇਬਲ ਤੇ ਲੇ ਕਰਾਂਗਾ ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ** ** **

ਡਾਕਟਰ ਭਗਤ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਵਿਦਆਊਟ ਪਰਮਿਸ਼ਨ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । ਡਾਕਟਰ ਸਾਹਿਬ, ਜਦੋਂ ਤੁਹਾਨੂੰ ਟਾਈਮ ਮਿਲੇਗਾ ਉਸ ਵੇਲੇ ਤੁਸੀਂ ਕਹਿ ਲੈਣਾ । ਹੁਣ ਬੈਠੋ ।

ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ** ** **

ਪੰਡਿਤ ਸਰਵਣ ਰਾਮ : ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਬਗੈਰ ਪਰਮਿਸ਼ਨ ਦੇ ਕਿਹਾ ਜਾ ਰਿਹਾ ਹੈ, ਰਿਕਾਰਡ ਨਹੀਂ ਕਰਨਾ । ਜੱਥੇਦਾਰ ਸਾਹਿਬ, ਬੈਠੋ ਬੈਠੋ, ਪਲੀਜ਼ । ਪੰਡਿਤ ਜੀ, ਤੁਸੀਂ ਵੀ ਬੈਠੋ ।

ਕਾਮਰੇਡ ਬਲਦੇਵ ਸਿੰਘ ਲੂੰਬਾ : ਡਿਪਟੀ ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਕਹਿ ਰਹੇ ਹਨ ਕਿ ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਯੂਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ ਵਿਚ ਸਿੱਖਾਂ ਦੀ ਮੈਂਬਰਸ਼ਿਪ ਲਈ ਅਪਲਾਈ ਕੀਤਾ ਹੈ । ਜੇਕਰ ਉਨ੍ਹਾਂ ਨੇ ਮੈਂਬਰਸ਼ਿਪ ਨਹੀਂ ਮੰਗੀ ਤਾਂ ਉਹ ਦਸ ਦੇਣ ।

**Doctor Bhagat Singh** : ** ** **

**Mr. Deputy Speaker** : Whatever Doctor Bhagat Singh is saying without the permission of the Chair should not be recorded.

**Comrade Raj Kumar** : I do not need to say what I was going to say but I should better refer what Doctor Bhagat Singh has said that they have sought the membership through an application and it is exactly the same application.

**Doctor Bhagat Singh** : We have not made any such type of application.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Sardar Birdevinder Singh** : I want to know from Doctor Bhagat Singh. Can an associate Membership be sought without making an application ? If they stand by it, they must have sought by it and have applied to the Secretary, United Nations Organisation for associate membership.

**Doctor Bhagat Singh** : It is always done on application. Please do not discriminate with me. I may be given full time to explain the position.

**ਸ੍ਰੀ ਡਿਪਟੀ ਸਪੀਕਰ** : ਡਾਕਟਰ ਸਾਹਿਬ, ਜਿਹੜਾ ਟਾਈਮ ਤੁਹਾਡੀ ਪਾਰਟੀ ਨੂੰ ਅਲਾਟਿਡ ਹੈ, ਉਹ ਜ਼ਰੂਰ ਮਿਲੇਗਾ । ਤੁਸੀਂ ਬੈਠੋ ।

**ਡਾਕਟਰ ਭਗਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਨੂੰ ਇੰਟਰੱਪਟ ਨਹੀਂ ਕਰਦਾ ਪਰ ਤੁਸੀਂ ਮੈਨੂੰ ਬੋਲਣ ਵਕਤ ਸਮਾਂ ਪੂਰਾ ਦੇ ਦੇਣਾ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪੂਰਾ ਟਾਈਮ ਦੇ ਦੇਣਾ ਤਾਂਕਿ ਜਿਹੜੀ ਬਿੱਲੀ ਥੈਲੇ ਵਿਚ ਹੈ ਉਹ ਬਾਹਰ ਆ ਜਾਵੇ ।

**ਕਾਮਰੇਡ ਰਾਜ ਕੁਮਾਰ** : ਡਿਪਟੀ ਸਪੀਕਰ ਸਾਹਿਬ, ਮੈਂ ਉਸ ਜਨਰਲ ਏਮ ਦਾ ਜ਼ਿਕਰ ਕਰਾਂਗਾ ਜਿਹੜਾ ਤਿੰਨ ਲਾਈਨਾਂ ਦਾ ਹੈ । ਬਾਕੀ ਜਿਹੜਾ ਪੁਲਿਟੀਕਲ ਏਮ ਹੈ, ਉਸ ਲਈ ਟਾਈਮ ਚਾਹੀਦਾ ਹੈ, ਪਰ ਮੈਂ ਥੋੜ੍ਹਾ ਜਿਹਾ ਜ਼ਿਕਰ ਵੀ ਕਰਾਂਗਾ । ਮੈਂ ਦੱਸਦਾ ਹਾਂ ਕਿ ਜਿਹੜਾ ਆਨੰਦਪੁਰ ਸਾਹਿਬ ਦਾ ਮਤਾ ਇਨ੍ਹਾਂ ਨੇ ਹੁਣ ਤਕ ਬਾਹਰ ਨਹੀਂ ਕਢਿਆ ਉਹ ਮੈਂ ਕੱਢ ਰਿਹਾ ਹਾਂ । ਸੈਕੰਡਰੀ ਐਵੀਡੈਂਸ ਮੈਂ ਦੇ ਰਿਹਾ ਹੈ; ਇਸ ਮਤੇ ਬਾਰੇ ਫਸਟ ਐਵੀਡੈਂਸ ਡਾਕਟਰ ਸਾਹਿਬ ਦੇਣਗੇ । ਜਨਰਲ ਏਮ ਇਹ ਹੈ —

Propagation of the Sikh way of life and removal of etheism and un-Sikh thinking. This is general aim. The political aim of the Akali Dal is as under :

The political aims of the Panth are definitely ingrained in the orders of the 10th Guru in the pages of Sikh history and in the perspective of the Khalsa Panth, the purpose of which is the pre-eminence of the Khalsa 'Khalse Ka Bol Bala'.

To give this "birth right" of the Khalsa, a practical shape, creation of the necessary environment and achievement of a political constitution are necessary steps.

ਇਹ ਪੁਲਿਟੀਕਲ ਏਮ ਹੈ । ਮੇਰਾ ਖਿਆਲ ਹੈ ਕਿ ਇਸ ਏਮ ਨੂੰ ਸੁਣਨ ਤੋਂ ਬਾਅਦ ਹਰ ਇਕ ਨੂੰ ਕਲੀਅਰ ਹੋ ਜਾਣਾ ਚਾਹੀਦਾ ਹੈ ਕਿ ਅਗਰ ਕੋਈ ਆਰਗੇਨਾਈਜ਼ੇਸ਼ਨ ਇਸ ਏਮ ਤੇ ਚਲਦੀ ਹੈ ਤਾਂ ਉਸ ਦੇ ਰਿਜ਼ਲਟ ਕੀ ਹੋ ਸਕਦੇ ਹਨ, ਅਗਰ ਹੋਣ ਵਾਲੇ ਰਿਜ਼ਲਟ ਹਾਲੇ ਪਤਾ ਨਹੀਂ ਲਗ ਸਕਦੇ ਤਾਂ ਜਿਹੜੇ ਇਸ ਵੇਲੇ ਵਾਪਰ ਰਹੇ ਹਨ ਜਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਵਾਪਰ ਚੁਕੇ ਹਨ ਉਸ ਤੋਂ ਹੀ ਅੰਦਾਜ਼ਾ ਲਗਾ ਲਓ ਕਿ ਇਸ ਦੇ ਰਿਜ਼ਲਟ ਕੀ ਨਿਕਲਣਗੇ। ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ, ਜਿਹੜੇ ਮੈਂਬਰ ਸਾਹਿਬਾਨ ਤਾਂ ਜਿਉਗ੍ਰਾਫੀ ਜਾਣਦੇ ਹਨ ਉਹ ਤਾਂ ਇਨ੍ਹਾਂ ਦਾ ਇਹ ਨਕਸ਼ਾ ਜਿਹੜਾ ਇਨ੍ਹਾਂ ਨੇ ਤਿਆਰ ਕੀਤਾ ਹੈ ਸਮਝਣਗੇ ਕਿ ਜਿਸ ਤਰ੍ਹਾਂ ਇਹ ਚਾਹੁੰਦੇ ਹਨ ਉਸੇ ਤਰ੍ਹਾਂ ਉਨ੍ਹਾਂ ਇਲਾਕਿਆਂ ਨੂੰ ਇਕੱਠਾ ਕਰ ਦਿੱਤਾ ਹੈ ਔਰ ਮੈਂ ਇਹ ਵੀ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਹਰ ਆਦਮੀ ਪਹੁੰਚਣਾ ਇਕੋ ਥਾਂ ਤੇ ਚਾਹੁੰਦਾ ਹੈ ਪਰ ਉਨ੍ਹਾਂ ਨੇ ਇਸ ਵਾਸਤੇ ਹਾਲੇ ਰਸਤੇ ਵੱਖਰੇ ਅਖਤਿਆਰ ਕਰ ਲਏ ਹਨ। ਕੋਈ ਆਦਮੀ ਤਾਂ ਜੀ.ਟੀ. ਰੋਡ ਤੇ ਚਲਿਆ ਜਾ ਰਿਹਾ ਹੈ, ਕੋਈ ਪਗਡੰਡੀ ਤੇ ਚਲਿਆ ਜਾ ਰਿਹਾ ਹੈ ਔਰ ਕੋਈ ਕਿਸੇ ਹੋਰ ਰਸਤੇ ਤੇ ਚਲਿਆ ਜਾ ਰਿਹਾ ਹੈ ਪਰ ਜਿਹੜਾ ਉਨ੍ਹਾਂ ਸਭ ਦਾ ਏਮ ਹੈ ਉਹ ਇਕੋ ਹੀ ਹੈ।

ਡਿਪਟੀ ਸਪੀਕਰ ਸਾਹਿਬ, ਇਥੇ ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਅਗਰ ਹਿੰਦੁਸਤਾਨ ਦੀ ਸਾਵਰੇਨਟੀ, ਹਿੰਦੁਸਤਾਨ ਦੀ ਪ੍ਰਭੁਸਤਾ, ਹਿੰਦੁਸਤਾਨ ਦੀ ਇੰਟੈਗ੍ਰਿਟੀ ਵਿਚ ਇਨ੍ਹਾਂ ਦਾ ਵਿਸ਼ਵਾਸ ਹੈ ਔਰ ਇਹ ਮੌਜੂਦਾ ਜਿਹੜਾ ਹਿੰਦੁਸਤਾਨ ਦਾ ਬਰਾਡ ਕਾਂਸਟੀਚਿਊਸ਼ਨ ਹੈ ਉਸ ਨੂੰ ਕਬੂਲ ਕਰਦੇ ਹਨ ਤਾਂ ਫਿਰ ਸਵਾਲ ਤਾਂ ਸਿਰਫ ਇਹ ਰਹਿ ਜਾਂਦਾ ਹੈ ਪਾਵਰਜ਼ ਟੂ ਵੇਰੀਅਸ ਸਟੇਟਸ ਕੀ ਹੋਣ ਜਾਂ ਕੀ ਨਾ ਹੋਣ। ਪਰ ਇਸ ਦਾ ਮਤਲਬ ਇਹ ਨਹੀਂ ਕਿ ਹਰ ਇਕ ਸੂਬੇ ਦਾ ਵੱਖਰਾ ਵੱਖਰਾ ਝੰਡਾ ਹੋਵੇ, ਵੱਖਰਾ ਵੱਖਰਾ ਨੈਸ਼ਨਲ ਐਂਥਮ ਹੋਵੇ, ਔਰ ਖਿਆਲ ਹੋਵੇ ਕਿ ਹਿੰਦੂ ਥਿੰਕਿੰਗ ਖਤਮ ਕਰ ਦਿੱਤੀ ਜਾਵੇ ਤਾਂ ਫਿਰ ਤਾਂ ਕੱਲ ਨੂੰ ਇਹ ਗੱਲ ਵੀ ਆਵੇਗੀ ਕਿ ਕ੍ਰਿਸਚਨ ਥਿੰਕਿੰਗ ਖਤਮ ਕੀਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਵੀ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਨੂੰ ਮਨਾਉਣ ਲਈ ਇਨ੍ਹਾਂ ਦਾ ਪਲਾਨ ਕੀ ਹੈ। ਇਕ ਤਾਂ ਪਲਾਨ ਇਹ ਹੈ ਕਿ ਸਤਿਆਗ੍ਰਹਿ ਕੀਤਾ ਜਾਵੇ। ਜਿਸ ਦਿਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਤਿਆਗ੍ਰਹਿ ਕੀਤਾ ਸੀ ਉਸੇ ਦਿਨ ਹੀ ਕਿਸੇ ਨੇ ਦੂਜਾ ਰਸਤਾ ਅਖਤਿਆਰ ਕਰਕੇ ਹਵਾਈ ਜਹਾਜ਼ ਹਾਈਜੈਕ ਕੀਤਾ ਸੀ। ਉਹ ਇਨ੍ਹਾਂ ਦਾ ਮਤਲਬ ਸੀ ਕਿ ਇਕ ਤਾਂ ਤਰੀਕਾ ਇਹ ਹੈ ਜਿਹੜਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਅਖਤਿਆਰ ਕੀਤਾ ਔਰ ਦੂਜਾ ਹਵਾਈ ਜਹਾਜ਼ ਹਾਈਜੈਕ ਕਰਨ ਵਾਲਾ ਹੈ। ਇਸ ਦੇ ਪਿਛੇ ਇਨਸਪਾਈਰੇਸ਼ਨ ਕਿਸ ਦੀ ਸੀ? ਜਿਸ ਵੇਲੇ ਬੰਦੇ ਫੜੇ ਅਮਰੀਕ ਸਿੰਘ ਵਰਗੇ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਸਾਰਾ ਕੁਝ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨਾਲ ਮਿਲ ਕੇ ਹੋਇਆ ਹੈ। ਫਿਰ ਜਿਸ ਦਿਨ ਸਰਦਾਰ ਦਰਬਾਰਾ ਸਿੰਘ ਤੇ ਬੰਬ ਸੁੱਟੇ, ਉਹ ਉਨ੍ਹਾਂ ਨੇ ਦਸਿਆ ਕਿ ਦਿਸ ਇਜ਼ ਐਨਦਰ ਵੇ, ਜਿਸ ਤਰੀਕੇ ਨਾਲ ਉਹ ਨਾਨ-ਸਿਖਿਜ਼ਮ ਥਿੰਕਿੰਗ ਨੂੰ ਖਤਮ ਕਰ ਸਕਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਨੇ ਆਪਣੀ ਮੰਗ ਨੂੰ ਮਨਾਉਣ ਲਈ ਜਿਹੜੇ ਜਿਹੜੇ ਹਥਿਆਰ ਦੱਸੇ ਹਨ ਉਹ ਕੀ ਹਨ, ਉਹ ਮੈਂ ਦੱਸਦਾ ਹਾਂ।

Their party is of the view that all men and women, who have not been convicted of any offence involving moral turpitude by a court of law, have the right to possess small arms, such as, revolvers, pistols, guns, rifles or carbines and no licence is needed for these. Registration is enough for keeping them.

ਸਿਰਫ ਰਜਿਸਟਰੇਸ਼ਨ ਹੀ ਕਾਫੀ ਹੈ, ਲਾਈਸੈਂਸ ਦੀ ਲੋੜ ਨਹੀਂ। ਇਹ ਇਨ੍ਹਾਂ ਨੇ ਮੰਗਾਂ ਨੂੰ ਮਨਾਉਣ ਲਈ ਮੀਨਜ਼ ਦੱਸੇ ਹਨ।

Original with;
Punjab Vidhan Sabha
Digitized by;
Panjab Digital Library

ਇਸ ਸਬੰਧ ਵਿਚ ਜੋ ਕੁਝ ਸਰਕਾਰ ਨੂੰ ਕਰਨਾ ਚਾਹੀਦਾ ਸੀ ਉਹ ਸਰਕਾਰ ਨੇ ਹਾਲੇ ਤੱਕ ਨਹੀਂ ਕੀਤਾ। ਮੈਂ ਇਸ ਗੱਲ ਨੂੰ ਡਾਈਲੇਟ ਨਹੀਂ ਕਰਨਾ ਚਾਹੁੰਦਾ। ਬਾਕੀ ਕਮਿਊਨਲਿਜ਼ਮ ਇਕ ਪੁਲੀਟੀਕਲ ਸਕਿਊਰਿਟੀ ਦਾ ਮਾਮਲਾ ਸੀ ਇਸ ਨੂੰ ਐਡਮਨਿਸਟ੍ਰੇਟਿਵ ਮਈਅਰਜ਼ ਰਾਹੀਂ ਹੱਲ ਕੀਤਾ ਜਾ ਸਕਦਾ ਸੀ ਪਰ ਹੁਣ ਜਿਹੜਾ ਕਮਿਊਨਲਿਜ਼ਮ ਪੈਦਾ ਹੋ ਰਿਹਾ ਹੈ ਇਹ ਇਕ ਇਕਨੌਮਿਕ ਅਤੇ ਸ਼ੋਸ਼ਲ ਬੇਸ ਤੇ ਚਲ ਰਿਹਾ ਹੈ ਅਤੇ ਹੁਣ ਜ਼ਰੂਰਤ ਹੈ ਕਿ ਇਸ ਸੈਕੂਲਰਿਜ਼ਮ ਨੂੰ ਪਰਮੋਟ ਕੀਤਾ ਜਾਵੇ ਅਤੇ ਲੋਕਾਂ ਵਿਚ ਜਿਹੜੀ ਬੇਚੈਨੀ ਹੈ ਇਸ ਨੂੰ ਸਰਕਾਰ ਦੂਰ ਕਰੇ। ਇਸ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਤੁਸੀਂ ਦੇਖ ਲਵੋ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਇੰਡੀਆ ਵਿਚ ਕਾਸਟ ਆਫ ਲਿਵਿੰਗ ਇੰਡੈਕਸ ਕਿੰਨਾ ਉਪਰ ਚਲਾ ਗਿਆ ਹੈ ਔਰ ਕੈਪੀਟਲਿਸਟ ਸਾਰੀ ਮਨਾਪਲੀ ਤੇ ਕੰਟਰੋਲ ਕਰੀ ਜਾ ਰਿਹਾ ਹੈ। ਇਸ ਦਾ ਇਲਾਜ ਰੂਲਿੰਗ ਪਾਰਟੀ ਨੇ ਕਰਨਾ ਹੈ ਜਾਂ ਅਕਾਲੀ ਪਾਰਟੀ ਜਿਹੜੀ ਵੱਡੀ ਪਾਰਟੀ ਹੈ ਉਸਨੇ ਕਰਨਾ ਹੈ। ਮੇਰੀ ਪਾਰਟੀ ਸੀ. ਪੀ. ਆਈ. ਇਕ ਛੋਟੀ ਪਾਰਟੀ ਹੈ ਜਿੰਨਾ ਉਹ ਆਪਣਾ ਯੋਗਦਾਨ ਦੇ ਸਕਦੀ ਸੀ ਉਸ ਨਾਲੋਂ ਜ਼ਿਆਦਾ ਯੋਗਦਾਨ ਦੇ ਰਹੀ ਹੈ ਅਤੇ ਹਰ ਤਰ੍ਹਾਂ ਕੋਸ਼ਿਸ਼ ਕਰ ਰਹੀ ਹੈ ਕਿ ਲੋਕਾਂ ਦੀ ਬੇਚੈਨੀ ਨੂੰ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਜਾਵੇ। ਮੇਨ ਜ਼ਿੰਮੇਵਾਰੀ ਸਰਕਾਰ ਦੀ ਹੈ। ਸਰਕਾਰ ਨੂੰ ਇਨ੍ਹਾਂ ਅੱਤਵਾਦੀਆਂ ਅਤੇ ਸੈਪਰੇਟਿਸਟ ਫੋਰਸਿਜ਼ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਅਤੇ ਸੂਬੇ ਦੀ ਇਕਨੌਮਿਕ ਪੁਜ਼ੀਸ਼ਨ ਨੂੰ ਠੀਕ ਕਰਨਾ ਚਾਹੀਦਾ ਹੈ। ਜਿੰਨੇ ਸਟੈਪਸ ਲਏ ਗਏ ਹਨ ਉਹ ਥੋੜ੍ਹੇ ਹਨ। ਸਰਕਾਰ ਕੋਲ ਕਾਫੀ ਮੀਨਜ਼ ਹਨ ਜਿਹੜੇ ਇਸਤੇਮਾਲ ਕੀਤੇ ਜਾ ਸਕਦੇ ਹਨ। ਮਾਸਟਰ ਚੰਦ ਸਿੰਘ ਜੀ ਨੇ ਠੀਕ ਕਿਹਾ ਸੀ ਔਰ ਇਸ ਗੱਲ ਨੂੰ ਚੌਧਰੀ ਕਾਂਸ਼ੀ ਰਾਮ ਜੀ ਨੇ ਮੰਨਿਆ ਸੀ ਕਿ ਸਾਨੂੰ ਪੀਨਲ ਇੰਟਰੈਸਟ ਨਹੀਂ ਲਗਾਉਣਾ ਚਾਹੀਦਾ ਸੀ ਜਦ ਕਿ ਸੂਬੇ ਵਿਚ ਹਾਲਾਤ ਬੜੇ ਐਕਸਪਲੋਸਿਵ ਸਨ। ਤੁਹਾਨੂੰ ਪਤਾ ਹੈ ਕਿ ਇਸ ਵਕਤ ਪੁਲੀਟੀਕਲ ਸਿਚੂਏਸ਼ਨ ਬੜੀ ਹੀ ਗੜਬੜ ਵਾਲੀ ਹੈ, ਫੇਰ ਇਸ ਤਰ੍ਹਾਂ ਦੇ ਨੋਟਿਸ ਕਿਉਂ ਕਿਸਾਨਾਂ ਨੂੰ ਭੇਜਦੇ ਹੋ ਜਦ ਕਿ ਪਹਿਲੇ ਪ੍ਰਿਲਿਮਨਰੀ ਸਟੇਜ ਤੇ ਇਹ ਕਿਹਾ ਗਿਆ ਸੀ ਕਿ 50% ਖਰਚਾ ਮਾਰਕਿਟ ਕਮੇਟੀਆਂ ਦੇਣਗੀਆਂ ਅਤੇ 25% ਖਰਚਾ ਖਾਲਿਆਂ ਨੂੰ ਪੱਕਾ ਕਰਨ ਦਾ ਸਰਕਾਰ ਦੇਵੇਗੀ ਅਤੇ 25% ਖਰਚਾ ਕਿਸਾਨਾਂ ਤੇ ਪਵੇਗਾ। ਪਰ ਇਨ੍ਹਾਂ ਨੇ ਇਹ ਫੈਸਲਾ ਉਦੋਂ ਬਦਲ ਦਿੱਤਾ ਜਦੋਂ ਸੂਬੇ ਵਿਚ ਹਾਲਾਤ ਬੜੇ ਐਕਸਪਲੋਸਿਵ ਸਨ। ਤੁਹਾਨੂੰ ਪੀਨਲ ਇੰਟਰੈਸਟ ਦੇ ਨੋਟਿਸ ਬੰਦ ਕਰਨੇ ਚਾਹੀਦੇ ਹਨ ਅਤੇ ਇਸ ਦੇ ਲਈ ਤੁਹਾਨੂੰ ਕੋਈ ਹੋਰ ਰਸਤਾ ਅਖਤਿਆਰ ਕਰਨਾ ਚਾਹੀਦਾ ਸੀ। ਇਸ ਦੇ ਲਈ ਹੋਰ ਰਿਸੋਰਸਿਜ਼ ਪੈਦਾ ਕਰਨੇ ਚਾਹੀਦੇ ਹਨ। ਤੁਹਾਨੂੰ ਚਾਹੀਦਾ ਸੀ ਕਿ ਸੁਪਰੀਮ ਕੋਰਟ ਦੀ ਜਜਮੈਂਟ ਨੂੰ ਕਿਸ ਤਰ੍ਹਾਂ ਇਫੈਕਟਿਵ ਮਾਰਕਿਟ ਕਮੇਟੀਆਂ ਤੇ ਕੀਤਾ ਜਾ ਸਕਦਾ ਹੈ (ਘੰਟੀ) ਜੋ ਤੁਹਾਡੇ ਵਿਊਜ਼ ਹਨ ਉਹ ਦੱਸ ਦੇਣ। ਅੱਜ ਕਲ੍ਹ ਦਾ ਨੌਜਵਾਨ ਬੜਾ ਜਜ਼ਬਾਤੀ ਹੈ ਅਤੇ ਜਵਾਨੀ ਦਾ ਉਸ ਵਿਚ ਜਜ਼ਬਾ ਹੈ। ਉਹ ਚਾਹੁੰਦਾ ਹੈ ਕਿ ਮੇਰਾ ਭਵਿੱਖ ਕੀ ਹੋਵੇਗਾ, ਇਹ ਸਵਾਲ ਉਸ ਦੇ ਦਿਮਾਗ ਵਿਚ ਘੁੰਮਦੇ ਹਨ। ਬੇਰੁਜ਼ਗਾਰੀ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਜ਼ਿੰਮੇਵਾਰ ਹੈ ਅਤੇ ਜੇਕਰ ਕੋਈ ਇਹ ਕਹੇ ਕਿ ਮੈਂ ਓਵਰਨਾਈਟ ਇਸ ਬਿਮਾਰੀ ਦਾ ਇਲਾਜ ਕਰ ਸਕਦਾ ਹਾਂ ਤਾਂ ਮੁਸ਼ਕਿਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜਕੁਮਾਰ]

ਹੈ । ਹੁਣ ਬੇਰੁਜ਼ਗਾਰੀ ਬੜੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਸ ਬਲਦੀ ਅਗਨੀ ਦਾ ਇਲਾਜ ਫਾਇਰ ਬਰਗੇਡ ਦਾ ਪਾਣੀ ਹੀ ਕਰ ਸਕਦਾ ਹੈ । ਇਹ ਠੀਕ ਹੈ ਕਿ ਤੁਸੀਂ 40 ਰੁਪਏ ਤੋਂ 50 ਰੁਪਏ ਅਤੇ 50 ਰੁਪਏ ਵਾਲੇ ਦਾ 100 ਰੁਪਿਆ ਕਰ ਦਿੱਤਾ ਹੈ ਪਰ ਜਿਸ ਅਫ਼ਸਰ ਨੇ ਫੈਸਲਾ ਕਰਵਾਇਆ ਉਸ ਦੇ ਨਾਲ ਇਹ ਵੀ ਇੰਸਟ੍ਰਕਸ਼ਨਜ਼ ਕਰਵਾ ਦਿੱਤੀਆਂ ਹਨ ਕਿ ਇਸ ਨੂੰ ਪੀਲੇ ਕਾਰਡਾਂ ਵਾਲਿਆਂ ਦੇ ਨਾਲ ਜੋੜ ਦਿੱਤਾ ਜਾਵੇ ਤਾਕਿ ਜਿਹੜੇ ਲੋਕਾਂ ਨੂੰ ਪੈਸੇ ਸਰਕਾਰ ਤੋਂ ਮਿਲਦੇ ਸਨ ਉਹ ਵੀ ਨਾ ਮਿਲ ਸਕਣ (ਘੰਟੀ) ਮੈਂ ਚਾਹੁੰਦਾ ਹਾਂ ਕਿ ਤੁਹਾਡੀ ਐਡਮਨਿਸਟ੍ਰੇਸ਼ਨ ਵਿਚ ਯੂਨਿਟੀ ਹੋਣੀ ਚਾਹੀਦੀ ਹੈ ਅਤੇ ਇਹ ਇਕ ਕੰਪੈਕਟ ਯੂਨਿਟ ਵਾਂਗ ਕੰਮ ਕਰੇ । ਜਿਹੜੀ ਲੋਕਾਂ ਵਿਚ ਬੇਚੈਨੀ ਪੈਦਾ ਹੋ ਰਹੀ ਹੈ ਉਸ ਨੂੰ ਇਕੱਠੇ ਮਿਲ ਕੇ ਹੱਲ ਕਰ ਸਕੀਏ । ਇਸ ਦਾ ਕੋਈ ਤਰੀਕਾ ਕੱਢਣਾ ਚਾਹੀਦਾ ਹੈ ਔਰ ਮੈਕੇਨਿਜ਼ਮ ਨੂੰ ਆਬਾਦ ਕਰਨਾ ਚਾਹੀਦਾ ਹੈ ਤਾਕਿ ਲੋਕਾਂ ਦੇ ਜਿਹੜੇ ਗਰੀਵੈਂਸਿਜ਼ ਹਨ ਉਹ ਦੂਰ ਹੋ ਸਕਣ ।

ਇਸੇ ਤਰ੍ਹਾਂ ਕਲਾਸ 3 ਅਤੇ 4 ਇੰਪਲਾਈਜ਼ ਹਨ ਜਿੰਨ੍ਹਾਂ ਦੀਆਂ ਡੀਮਾਂਡਜ਼ ਕਾਫੀ ਦੇਰ ਤੋਂ ਲਟਕਦੀਆਂ ਆ ਰਹੀਆਂ ਹਨ । ਇਨ੍ਹਾਂ ਡੀਮਾਂਡਜ਼ ਨੂੰ ਪੂਰਾ ਕਰਨਾ ਚਾਹੀਦਾ ਹੈ । ਸਵੇਰੇ ਅਜਨਾਲਾ ਸਾਹਿਬ ਆਪਣੇ ਮਹਿਕਮੇ ਦੇ ਐਡਹਾਕ ਇੰਪਲਾਈਜ਼ ਵਾਸਤੇ ਬੜੇ ਚਿੰਤਤ ਸਨ ਕਿ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਰੈਗੂਲਰ ਕੀਤਾ ਜਾ ਸਕੇ । ਜਿਹੜੇ ਤੁਹਾਡੇ 30-9-1980 ਦੇ ਆਰਡਰ ਹਨ ਕਿ ਐਡਹਾਕ ਇੰਪਲਾਈਜ਼ ਨੂੰ ਰੈਗੂਲਰ ਕੀਤਾ ਜਾਵੇਗਾ ਉਸ ਨੂੰ ਪੂਰੀ ਤਰ੍ਹਾਂ ਨਾਲ ਇੰਪਲੀਮੈਂਟ ਕੀਤਾ ਜਾਵੇ । ਇਸ ਕੰਮ ਨੂੰ ਪਹਿਲ ਦੇਣੀ ਚਾਹੀਦੀ ਹੈ । (ਘੰਟੀ) ।

**ਸ੍ਰੀ ਡਿਪਟੀ ਸਪੀਕਰ** : ਕਾਮਰੇਡ ਸਾਹਿਬ, ਹੁਣ ਵਾਈਂਡ ਅੱਪ ਕਰੋ ।

**ਕਾਮਰੇਡ ਰਾਜ ਕੁਮਾਰ** : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ 4-5 ਮਿੰਟਾਂ ਦੇ ਵਿਚ ਹੀ ਵਾਈਂਡ ਅੱਪ ਕਰ ਦੇਵਾਂਗਾ । ਇਸੇ ਤਰ੍ਹਾਂ ਹੁਣ ਮੈਂ ਦੱਸਦਾ ਹਾਂ ਕਿ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ ਖਰਾਬ ਹੋ ਗਿਆ ਹੈ । ਇਸ ਸਿਸਟਮ ਨਾਲ ਪ੍ਰਾਈਵੇਟ ਦਾ ਕੰਟਰੋਲ ਮਾਰਕਿਟ ਤੇ ਜ਼ਿਆਦਾ ਹੋ ਗਿਆ ਹੈ ਅਤੇ 'ਪਨਸਪ' ਸਿਰਫ ਇਕ ਹੋਲਸੇਲ ਡਿਸ-ਟ੍ਰੀਬਿਊਸ਼ਨ ਦਾ ਏਜੈਂਟ ਬਣ ਗਿਆ ਹੈ ਅਤੇ ਸਾਰਾ ਕੰਮ ਪ੍ਰਾਈਵੇਟ ਬੰਦਿਆਂ ਦੇ ਹੱਥ ਵਿਚ ਚਲਾ ਗਿਆ ਹੈ । ਮੇਰੀ ਬੇਨਤੀ ਹੈ ਕਿ ਇਸ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ ਨੂੰ ਅਤੇ ਪਨਸਪ ਨੂੰ ਐਕਸਪੈਂਡ ਕਰਨ ਦੀ ਲੋੜ ਹੈ । ਇਸ ਨੂੰ ਰੀਆਰਗੇਨਾਈਜ਼ ਕਰੋ ਤਾਕਿ ਪਨਸਪ ਦੀ ਇਕ ਇਕ ਦੁਕਾਨ ਹਰ ਪਿੰਡ ਵਿਚ ਖੁਲ੍ਹੀ ਹੋਵੇ ਅਤੇ ਲੋਕਾਂ ਨੂੰ ਸਸਤੇ ਭਾਅ ਤੇ ਚੀਜ਼ਾਂ ਮਿਲਦੀਆਂ ਹੋਣ, ਇਹ ਤੁਸੀਂ ਕਿਸੇ ਵੀ ਕੀਮਤ ਤੇ ਕਰੋ । ਤੁਸੀਂ ਪਨਸਪ ਦੇ ਫੰਕਸ਼ਨ ਨੂੰ ਰੈਸਟੋਰ ਕਰੋ ਅਤੇ ਜ਼ਰੂਰੀ ਚੀਜ਼ਾਂ ਦੀ ਲਿਸਟ ਨੂੰ ਵਧਾਇਆ ਜਾਵੇ ਤਦ ਹੀ ਅਸੀਂ ਕੈਪੀਟਲਿਸਟ ਤੋਂ ਬਚ ਸਕਦੇ ਹਾਂ ਅਤੇ ਲੋਕਾਂ ਵਿਚ ਜਿਹੜੀ ਮਹਿੰਗਾਈ ਦੀ ਬੇਚੈਨੀ ਹੈ ਉਹ ਦੂਰ ਹੋ ਸਕਦੀ ਹੈ । ਮੈਂ ਕੋਈ ਪਲਾਨਰ ਤਾਂ ਨਹੀਂ ਹਾਂ ਪਰ ਇਕ ਰੀਅਲਿਸਟਿਕ ਜ਼ਰੂਰ ਹਾਂ । ਤੁਸੀਂ ਇਨ੍ਹਾਂ ਬਰਨਿੰਗ ਪੁਆਇੰਟਸ ਦਾ ਹੱਲ ਕਰ ਦਿਓ ਤਦ ਹੀ ਹਾਲਾਤ ਠੀਕ ਹੋ ਸਕਦੇ ਹਨ । ਇਸ ਦੇ ਕਰਨ ਨਾਲ ਹੀ ਲੋਕਾਂ ਨੂੰ ਇਕ ਉਜਾਲੇ ਦੀ ਕਿਰਨ ਨਜ਼ਰ ਆਵੇਗੀ । ਪਿਛੇ ਸਰਦਾਰ ਹਰਚੰਦ ਸਿੰਘ ਲੌਂਗੋਵਾਲ ਨੇ,

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਅਤੇ ਹੋਰ ਲੀਡਰਾਂ ਨੇ ਦਸਿਆ ਸੀ ਕਿ ਸਾਡਾ ਵਿਸ਼ਵਾਸ ਹਿੰਦੁਸਤਾਨ ਦੀ ਪ੍ਰਭੂਸਤਾ ਤੇ ਪੂਰਾ ਹੈ ਅਤੇ ਅਸੀਂ ਕੁਝ ਸਟੇਟਸ ਲਈ ਅਧਿਕਾਰ ਚਾਹੁੰਦੇ ਹਾਂ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਕਿਸੇ ਕੱਟ ਐਂਡ ਡਰਾਈਡ ਫਾਰਮੂਲੇ ਤੇ ਸਟ੍ਰਿਕ ਨਹੀਂ ਕਰਨਾ ਚਾਹੀਦਾ ਬਲਕਿ ਦੇਸ਼ ਦੀ ਬਿਹਤਰੀ ਲਈ, ਸੂਬੇ ਦੇ ਇੰਟਰੈਸਟ ਲਈ ਇਸ ਤਰ੍ਹਾਂ ਦੇ ਐਲੀਮੈਂਟ ਨੂੰ ਪਰਮੋਟ ਕਰਨਾ ਚਾਹੀਦਾ ਹੈ ਅਤੇ ਗੱਲਬਾਤ ਲਈ ਰਾਜ਼ੀ ਹੋ ਜਾਣਾ ਚਾਹੀਦਾ ਹੈ ਤਾਂਕਿ ਕਿਸੇ ਪਰਟੀਕੁਲਰ ਰਿਲੀਜਨ ਦੀ ਕੋਈ ਗੱਲ ਹੈ ਉਹ ਮੰਨੀ ਜਾ ਸਕਦੀ ਹੈ ਅਤੇ ਕੁਝ ਡੀਮਾਂਡਜ਼ ਦੀ ਸੈਟਲਮੈਂਟ ਹੋ ਸਕਦੀ ਹੈ। ਜਿਹੜੀਆਂ ਡੀਮਾਂਡਜ਼ ਪੰਜਾਬ ਦੀਆਂ ਹਨ ਉਸ ਦਾ ਫੈਸਲਾ ਪੰਜਾਬ ਦੇ ਲੋਕਾਂ ਤੇ ਛੱਡ ਦਿਓ, ਉਹ ਖੁਦ ਫੈਸਲਾ ਕਰ ਲੈਣਗੇ। ਇਹ ਹੀ ਇਕ ਤਰੀਕਾ ਹੈ ਤਾਂਕਿ ਹਾਲਾਤ ਠੀਕ ਹੋ ਸਕਣ।

ਇਸੇ ਤਰ੍ਹਾਂ ਜਿਹੜਾ ਰਾਵੀ ਬਿਆਸ ਦੇ ਪਾਣੀ ਦਾ ਐਗਰੀਮੈਂਟ ਹੈ ਉਸ ਉਤੇ ਰੀਥਿੰਕ ਕੀਤਾ ਜਾ ਸਕਦਾ ਹੈ। ਇਸ ਫਾਰਮੂਲੇ ਦੇ ਐਗਰੀਮੈਂਟ ਤੇ ਆਲ ਇੰਡੀਆ ਪਾਰਟੀਜ਼ ਦੀ ਮੀਟਿੰਗ ਬੁਲਾਈ ਜਾ ਸਕਦੀ ਹੈ ਅਤੇ ਰੀਜਨਲ ਪਾਰਟੀਆਂ ਨੂੰ ਬੁਲਾਇਆ ਜਾ ਸਕਦਾ ਹੈ ਤਾਂਕਿ ਪ੍ਰਧਾਨ ਮੰਤਰੀ ਸਾਰਿਆਂ ਦੀ ਰਾਏ ਲੈ ਕੇ ਠੀਕ ਫੈਸਲਾ ਕਰ ਸਕੇ। ਇਹ ਸਾਰੇ ਫੈਸਲੇ ਦਿੱਲੀ ਵਿਚ ਬੈਠ ਕੇ ਇਕ ਟੇਬਲ ਤੇ ਹੋ ਸਕਦੇ ਹਨ ਨਹੀਂ ਤਾਂ ਇਹ ਮਾਮਲਾ ਕਿਸੇ ਸੁਪਰੀਮ ਕੋਰਟ ਦੇ ਜੱਜ ਕੋਲ ਸਪੁਰਦ ਕਰ ਦਿਓ ਜਿਹੜਾ ਇਸ ਬਾਰੇ ਆਪਣਾ ਫੈਸਲਾ ਦੇ ਸਕੇ ਅਤੇ ਇਹ ਹੀ ਤਰੀਕਾ ਹੈ ਕਿ ਹੁਣ ਦੀ ਪੁਲੀਟੀਕਲ ਸਿਚੁਏਸ਼ਨ ਨੂੰ ਠੀਕ ਕਰਨ ਦਾ ਉਪਰਾਲਾ ਕੀਤਾ ਜਾ ਸਕਦਾ ਹੈ ਤਦ ਹੀ ਅਸੀਂ ਕਿਸੇ ਨਤੀਜੇ ਤੇ ਪਹੁੰਚ ਸਕਦੇ ਹਾਂ ਅਤੇ ਇਹ ਸਾਰਾ ਕੁਝ ਦੇਸ਼ ਦੀ ਖਾਤਰ ਕਰਨਾ ਚਾਹੀਦਾ ਹੈ। I am saying all these things in the best interest of my country, in the best interest of India and in the best interest of integrity of this country. ਡਿਪਟੀ ਸਪੀਕਰ ਸਾਹਿਬ, ਮੈਂ ਸਾਰਾ ਕੁਝ ਤੁਹਾਡੇ ਸਾਹਮਣੇ ਰਖਿਆ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

**Mr. Deputy Speaker** : Motion moved—

> That this House condemns the activities of divisive and extremist elements in the Punjab State inspired by reactionary and capitalist forces.

**ਸਰਦਾਰ ਗੁਰਨੈਬ ਸਿੰਘ ਬਰਾੜ** (ਫਿਰੋਜ਼ਪੁਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਜੋ ਮਤਾ ਕਾਮਰੇਡ ਰਾਜ ਕੁਮਾਰ ਜੀ ਨੇ ਅੱਤਵਾਦੀਆਂ ਅਤੇ ਵੱਖਵਾਦੀਆਂ ਦਾ ਲਿਆਂਦਾ ਹੈ, ਮੈਂ ਉਸ ਮਤੇ ਦੀ ਤਾਈਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਅੱਤਵਾਦੀਆਂ ਅਤੇ ਵੱਖਵਾਦੀਆਂ ਦੀ ਮੈਂ ਪੂਰੀ ਨਿੰਦਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਵਾਤਾਵਰਨ ਬੜਾ ਅੱਛਾ ਚਲ ਰਿਹਾ ਸੀ ਪਰ ਪਿਛਲੇ ਕੁਝ ਮਹੀਨਿਆਂ ਤੋਂ ਇਸ ਨੂੰ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਸਾਰੇ ਪੰਜਾਬ ਵਿਚ ਪੱਟੀ, ਅੰਮ੍ਰਿਤਸਰ, ਤਰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਤਾਰਨ ਅਤੇ ਜਲੰਧਰ ਆਦਿ ਵਿਚ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਹਨ। ਸਾਨੂੰ, ਡਿਪਟੀ ਸਪੀਕਰ ਸਾਹਿਬ, ਸਾਰਿਆਂ ਨੂੰ ਚਾਹੀਦਾ ਹੈ ਕਿ ਮਿਲ ਕੇ ਵੱਖਵਾਦੀਆਂ ਅਤੇ ਅੱਤ– ਵਾਦੀਆਂ ਦਾ ਮੁਕਾਬਲਾ ਕਰ ਸਕੀਏ। ਇਸ ਲਈ ਸਾਂਝੀਆਂ ਕਾਨਫਰੰਸਾਂ ਕਰੀਏ। ਡਿਪਟੀ ਸਪੀਕਰ ਸਾਹਿਬ, ਇਸ ਦਾ ਪਿਛੋਕੜ ਉਦੋਂ ਸ਼ੁਰੂ ਹੋਇਆ ਜਦੋਂ ਨਿਰੰਕਾਰੀ ਅਤੇ ਭਿੰਡਰਾਂ ਵਾਲੇ ਦੇ ਸਿੰਘਾਂ ਦੀ ਟੱਕਰ ਹੋਈ ਸੀ। ਉਸ ਤੋਂ ਬਾਅਦ ਦਿਨ-ਬ-ਦਿਨ ਇਕੜ ਦੁਕੜ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਇਸ ਦੇ ਪਿਛੇ ਕੀ ਵਿਦੇਸ਼ੀ ਤਾਕਤਾਂ ਦਾ ਹੱਥ ਹੈ ਜਾਂ ਇਸ ਦੇ ਪਿਛੇ ਕੋਈ ਹੋਰ ਕਿਸੇ ਦੀ ਸ਼ਹਿ ਹੈ। ਪਰ, ਡਿਪਟੀ ਸਪੀਕਰ ਸਾਹਿਬ, ਇਸ ਨੂੰ ਰੋਕਣ ਦੀ ਬੜੀ ਲੋੜ ਹੈ। ਜੇਕਰ ਇਨ੍ਹਾਂ ਘਟਨਾਵਾਂ ਨੂੰ ਨਾ ਰੋਕਿਆ ਗਿਆ ਤਾਂ ਇਹ ਸਾਰੀਆਂ ਪਾਰਟੀਆਂ ਲਈ ਖਤਰਨਾਕ ਸਾਬਤ ਹੋ ਸਕਦੀਆਂ ਹਨ। ਮੈਂ ਸਾਰੀਆਂ ਪਾਰਟੀਆਂ ਦਾ ਨਾਂ ਇਸ ਕਰਕੇ ਲੈ ਰਿਹਾ ਹਾਂ ਕਿਉਂਕਿ ਜਿਹੜੇ ਸਾਹਮਣੇ ਮੇਰੇ ਅਕਾਲੀ ਭਰਾ ਬੈਠੇ ਹਨ, ਉਹ ਇਨ੍ਹਾਂ ਨੂੰ ਸ਼ਹਿ ਦੇ ਰਹੇ ਹਨ। ਇਹ ਅਕਾਲੀ ਭਰਾਵਾਂ ਵਾਸਤੇ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਮੈਨੂੰ ਕਈ ਵਾਰੀ ਅਕਾਲੀ ਭਰਾਵਾਂ ਦੇ ਨਾਲ ਗਲ ਕਰਨ ਦਾ ਮੌਕਾ ਮਿਲਿਆ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਇਕ ਸੀਨੀਅਰ ਅਕਾਲੀ 9 ਮਹੀਨੇ ਪਾਰਟੀ ਦੇ ਦਫਤਰ ਵਿਚ ਨਹੀਂ ਗਿਆ। ਅਕਾਲੀ ਪਾਰਟੀ ਦਾ ਜਿਹੜਾ ਐਕਟਿਵਿਟੀਜ਼ ਦਾ ਸੈਂਟਰ ਹੈ, ਉਹ ਇਕ ਪਵਿਤਰ ਅਸਥਾਨ ਹੈ। ਉਸ ਪਵਿਤਰ ਅਸਥਾਨ ਦਾ ਸਾਰੀ ਦੁਨੀਆਂ ਵਿਚ ਚਰਚਾ ਹੈ। ਉਹ ਪਵਿਤਰ ਅਸਥਾਨ ਹੈ, ਹਰਿਮੰਦਰ ਸਾਹਿਬ। ਡਿਪਟੀ ਸਪੀਕਰ ਸਾਹਿਬ, ਹਰੀਮੰਦਰ ਸਾਹਿਬ ਨੂੰ ਪੁਲਿਟੀਕਲ ਸੈਂਟਰ ਬਣਾਇਆ ਗਿਆ ਹੈ। ਪੰਜਾਬ ਵਿਚ ਜੋ ਲੋਕ ਜ਼ੁਲਮ ਕਰਦੇ ਹਨ, ਉਹ ਉਥੇ ਜਾ ਕੇ ਲੁਕ ਜਾਂਦੇ ਹਨ। ਇਸ ਗੱਲ ਦੀ ਸਾਰੀਆਂ ਪਾਰਟੀਆਂ ਨੂੰ ਨਿੰਦਾ ਕਰਨੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਅਤੇ ਦੋ ਚਾਰ ਐਮ.ਐਲ. ਏਜ਼. ਨੇ ਲਿਖ ਕੇ ਵੀ ਦਿਤਾ ਹੈ ਕਿ ਇਨ੍ਹਾਂ ਨੂੰ ਇਥੋਂ ਕਢੋ ਜੋ ਜ਼ੁਲਮ ਕਰਦੇ ਹਨ। ਜੋ ਲੋਕ ਇਸ ਤਰ੍ਹਾਂ ਦੇ ਉਥੇ ਹਨ, ਉਨ੍ਹਾਂ ਨੂੰ ਉਥੋਂ ਕਢਿਆ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਜੋ ਚੜ੍ਹਾਵਾ ਪਹਿਲਾਂ ਹਰਿਮੰਦਰ ਸਾਹਿਬ ਚੜ੍ਹਦਾ ਸੀ, ਉਹ ਅੱਜ ਕੱਲ 70–80 ਹਜ਼ਾਰ ਰੁਪਿਆ ਮਹੀਨੇ ਦਾ ਚੜ੍ਹਾਵਾ ਘੱਟ ਗਿਆ ਹੈ। ਕਈ ਸਿਖ ਵੀ ਉਥੇ ਜਾਣ ਤੋਂ ਝਿਜਕਣ ਲਗ ਪਏ ਹਨ। ਡਿਪਟੀ ਸਪੀਕਰ ਸਾਹਿਬ, ਜੋ ਧਾਰਮਿਕ ਸਥਾਨ ਦੀ ਪਵਿਤਰਤਾ ਹੈ, ਉਹ ਕਾਇਮ ਰਖਣੀ ਚਾਹੀਦੀ ਹੈ। ਮਾੜਾ ਕੰਮ ਕਰਨ ਵਾਲੇ ਜੋ ਲੋਕ ਹਨ, ਉਨ੍ਹਾਂ ਨੂੰ ਕਿਸੇ ਕਿਸਮ ਦੀ ਸ਼ਹਿ ਨਹੀਂ ਦੇਣੀ ਚਾਹੀਦੀ। ਸਗੋਂ ਇਨ੍ਹਾਂ ਘਟਨਾਵਾਂ ਦੀ ਸਾਰੀਆਂ ਪਾਰਟੀਆਂ ਨੂੰ ਨਿੰਦਾ ਕਰਨੀ ਚਾਹੀਦੀ ਹੈ। ਪ੍ਰੰਤੂ ਡਿਪਟੀ ਸਪੀਕਰ ਸਾਹਿਬ, ਅਕਾਲੀ ਭਰਾਵਾਂ ਵਲੋਂ ਇਨ੍ਹਾਂ ਮਾੜੇ ਬੰਦਿਆਂ ਦੀ ਨਿੰਦਾ ਨਹੀਂ ਕੀਤੀ ਗਈ। ਅੰਮ੍ਰਿਤਸਰ, ਪੱਟੀ ਅਤੇ ਜਲੰਧਰ ਵਿਚ ਜੋ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦੀ ਅਕਾਲੀ ਪਾਰਟੀ ਵਲੋਂ ਨਿੰਦਾ ਨਹੀਂ ਕੀਤੀ ਗਈ ਅਕਾਲੀਆਂ ਵਲੋਂ ਉਨ੍ਹਾਂ ਨੂੰ ਸਰੋਪੇ ਭੇਂਟ ਕੀਤੇ ਗਏ ਹਨ। ਉਨ੍ਹਾਂ ਨੂੰ ਮਾਲੀ ਸਹਾਇਤਾ ਪਹੁੰਚਾਉਣ ਨਾਲ ਤਾਂ ਫਿਰ ਮਾੜੇ ਬੰਦਿਆਂ ਨੂੰ ਸ਼ਹਿ ਮਿਲਦੀ ਹੈ।

ਡਿਪਟੀ ਸਪੀਕਰ ਸਾਹਿਬ, ਜਦੋਂ ਹਾਈਜੈਕਿੰਗ ਹੋਈ ਤਾਂ ਉਸ ਵੇਲੇ ਹਾਈਜੈਕਿੰਗ ਕਰਨ ਵਾਲੇ ਬੰਦੇ ਨੇ ਕਿਹਾ ਕਿ ਮੈਨੂੰ 8-10 ਲੱਖ ਰੁਪਿਆ ਦੇ ਦਿਓ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਮੁੱਖ ਮੰਤਰੀ ਪੰਜਾਬ ਦਾ ਬਣਾ ਦਿਓ ਅਤੇ ਸਰਦਾਰ ਦਰਬਾਰਾ ਸਿੰਘ ਜੀ ਨੂੰ ਮੁੱਖ ਮੰਤਰੀ ਤੋਂ ਹਟਾ ਦਿਓ। ਅਕਾਲੀ ਭਰਾ ਇਹੋ ਜਿਹੀਆਂ ਵਾਰਦਾਤਾਂ

Original with;
Punjab Vidhan Sabha
Digitized by;
Panjab Digital Library

ਨੂੰ ਕੰਡੈਮ ਨਹੀਂ ਕਰਦੇ । ਇਹ ਘਟਨਾਵਾਂ ਨਿੰਦਣਯੋਗ ਹਨ । ਉਸ ਤੋਂ ਬਾਅਦ ਸਖਤੀ ਸ਼ੁਰੂ ਹੋ ਗਈ । ਇਹ ਸਖ਼ਤੀ ਵੈਸੇ ਤਾਂ ਸਾਰਿਆਂ ਤੇ ਹੀ ਹੈ ਪਰ ਸਿਖਾਂ ਤੇ ਜ਼ਿਆਦਾ ਹੋ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਗਵਾਲੀਅਰ ਹਵਾਈ ਜਹਾਜ਼ ਤੇ ਗਿਆ ਤਾਂ ਚੇਕਿੰਗ ਕਰਨ ਵਾਲੇ ਡੀਟੈਕਟਿਵ ਮਸ਼ੀਨ ਨੂੰ ਮੇਰੇ ਕਦੇ ਇਧਰ ਲਾਉਣ ਅਤੇ ਕਦੇ ਦੂਜੇ ਪਾਸੇ ਲਾਉਣ ਤਾਂ ਮੈਂ ਅਖੀਰ ਵਿਚ ਕਾਰਡ ਕੱਢ ਕੇ ਵਿਖਾਇਆ ਕਿ ਮੈਂ ਕਾਂਗਰਸ (ਆਈ) ਦਾ ਐਮ. ਐਲ. ਏ. ਹਾਂ ।

ਡਿਪਟੀ ਸਪੀਕਰ ਸਾਹਿਬ, ਜਲੰਧਰ ਵਿਚ ਕੁਝ ਮਾੜੇ ਅਨਸਰਾਂ ਨੇ ਕੁਝ ਭੋਲੇ ਭਾਲੇ ਲੋਕਾਂ ਨੂੰ ਫਾਇਰੰਗ ਕਰਕੇ ਜ਼ਖਮੀ ਕਰ ਦਿਤਾ । ਕੁਝ ਵਿਚਾਰੇ ਘਰੇਲੂ ਕੰਮਾਂ ਲਈ ਬਜ਼ਾਰ ਵਿਚ ਸੌਦਾ ਆਦਿ ਲੈਣ ਲਈ ਗਏ ਹੋਏ ਸੀ । ਉਨ੍ਹਾਂ ਨੇ ਠਾਹ ਠਾਹ ਕਰਕੇ 7-8, ਨਿਹੱਥੇ ਲੋਕਾਂ ਨੂੰ ਜ਼ਖਮੀ ਕਰ ਦਿਤਾ । ਇਹ ਸਾਰਾ ਕੁਝ ਅਕਾਲੀਆਂ ਦੀ ਸ਼ਹਿ ਤੇ ਹੋ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਬਹੁਤ ਵੱਡੇ ਸਿੱਖ ਹਨ । ਉਹ ਪੂਰਨ ਗੁਰਸਿੱਖ ਹਨ । ਪੰਜ ਬਾਣੀਆਂ ਦਾ ਪਾਠ ਉਹ ਦੋਨੋ ਵਕਤ ਕਰਦੇ ਹਨ । ਮੈਨੂੰ ਉਨ੍ਹਾਂ ਨਾਲ ਕਈ ਵਾਰ ਕਾਰ ਵਿਚ ਬੈਠ ਕੇ ਜਾਣ ਦਾ ਮੌਕਾ ਮਿਲਿਆ ਹੈ । ਜਦੋਂ ਉਹ ਗਲਬਾਤ ਕਰ ਚੁਕਦੇ ਹਨ ਤਾਂ ਉਹ ਵਾਹਿਗੁਰੂ ਦਾ ਨਾਮ ਜਪਦੇ ਹਨ । ਪੰਜ 'ਕੱਕੇ' ਇਨ੍ਹਾਂ ਦੇ ਕਾਇਮ ਹਨ । ਉਹ ਪੂਰਨ ਗੁਰਸਿੱਖ ਹਨ । ਉਹ ਹਰ ਧਰਮ ਦੀ ਇੱਜ਼ਤ ਕਰਦੇ ਹਨ । ਫਿਰ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਹ ਸਿੱਖਾਂ ਦੇ ਖਿਲਾਫ ਹਨ ।

ਸਾਡੇ ਮੁੱਖ ਮੰਤਰੀ ਸਾਹਿਬ ਸੈਕੂਲਰ ਹਨ ਅਤੇ ਉਹ ਸੈਕੂਲਰਿਜ਼ਮ ਵਿਚ ਵਿਸ਼ਵਾਸ ਰਖਦੇ ਹਨ । ਉਨ੍ਹਾਂ ਨੂੰ ਹਰ ਧਰਮ ਦੀ ਇਜ਼ਤ ਹੈ । ਹਰ ਧਰਮ ਦਾ ਸਤਿਕਾਰ ਕਰਦੇ ਹਨ । ਜਦੋਂ ਡਿਪਟੀ ਸਪੀਕਰ ਸਾਹਿਬ, ਅਕਾਲੀ ਭਰਾ ਗੱਦੀਆਂ ਤੇ ਬੈਠੇ ਹੁੰਦੇ ਹਨ ਤਾਂ ਫਿਰ ਸਿੱਖੀ ਦਾ ਖਿਆਲ ਭੁਲ ਜਾਂਦੇ ਹਨ ਅਤੇ ਜਦੋਂ ਗਦੀ ਤੋਂ ਲਹਿ ਜਾਂਦੇ ਹਨ ਤਾਂ ਫਿਰ ਇਨ੍ਹਾਂ ਨੂੰ ਸਿੱਖਾਂ ਦਾ ਖਿਆਲ ਆਉਂਦਾ ਹੈ ।

ਜਦੋਂ ਰਾਜ ਭਾਗ ਇਨ੍ਹਾਂ ਕੋਲ ਸੀ ਤਾਂ ਇਹ ਉਸ ਵੇਲੇ ਪੰਜਾਬੀ ਭਾਸ਼ਾ ਨੂੰ ਲਾਗੂ ਨਹੀਂ ਕਰ ਸਕੇ । ਪੰਜਾਬੀ ਜ਼ਬਾਨ ਨੂੰ ਲਾਗੂ ਕੀਤਾ ਸਰਦਾਰ ਲਛਮਨ ਸਿੰਘ ਗਿੱਲ ਨੇ ਅਤੇ ਉਦੋਂ ਲਾਗੂ ਕੀਤਾ ਜਦੋਂ ਉਹ ਮੁੱਖ ਮੰਤਰੀ ਬਣੇ, ਕਾਂਗਰਸ ਪਾਰਟੀ ਦੀ ਹਿਮਾਇਤ ਨਾਲ । ਇਹ ਫਿਰ ਪਬਲਿਕ ਸਰਵਿਸ ਕਮਿਸ਼ਨ ਵਿਚ ਲਾਗੂ ਕਰਾਉਣ ਦਾ ਸਿਹਰਾ ਵੀ ਸਰਦਾਰ ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ । ਇਹ ਆਪਣੇ ਰਾਜ ਵਿਚ ਪੰਜਾਬੀ ਭਾਸ਼ਾ ਵੀ ਲਾਗੂ ਨਹੀਂ ਕਰਵਾ ਸਕੇ ।

ਹਰਿਮੰਦਰ ਸਾਹਿਬ ਵਿਚ ਪਵਿੱਤਰ ਪਾਣੀ ਦਾ ਪਰਬੰਧ ਕਰਨ ਬਾਰੇ ਵੀ ਸਾਡੇ ਮੁੱਖ ਮੰਤਰੀ ਨੇ 25 ਲੱਖ ਰੁਪਏ ਦੀ ਮਸ਼ੀਨ ਲੈਕੇ ਦੇਣੀ ਹੈ ਤਾਕਿ ਉਸ ਪਵਿੱਤਰ ਸਰੋਵਰ ਵਿਚ ਪਵਿਤਰ ਪਾਣੀ ਦੀ ਸੇਵਾ ਹੋ ਜਾਵੇ । ਇਸ ਦੇ ਨਾਲ ਹੀ ਦੁਰਗਿਆਣਾ ਮੰਦਰ ਵਾਸਤੇ ਪੈਸੇ ਦਿਤੇ ਗਏ । ਇਹ ਹਿੰਦੂਆਂ ਦਾ ਧਾਰਮਿਕ ਸਥਾਨ ਹੈ । ਇਥੇ ਵੀ ਪਵਿੱਤਰ ਪਾਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਦਾ ਪਰਬੰਧ ਹੋਣਾ ਚਾਹੀਦਾ ਹੈ। ਬਾਹਰਲੀਆਂ ਸਟੇਟਾਂ ਦੇ ਗੁਰਦਵਾਰਿਆਂ ਵਾਸਤੇ ਵੀ ਸਾਡੀ ਸਰਕਾਰ ਕਾਫੀ ਕੁਝ ਕਰਦੀ ਹੈ। ਮੱਧ ਪ੍ਰਦੇਸ਼ ਵਿਚ ਬੰਦੀ ਛੋੜ ਗੁਰਦਵਾਰਾ ਹੈ ਉਥੇ ਗੁਰੂ ਸਾਹਿਬ ਨੂੰ ਕਿੱਲੇ ਵਿਚ ਕੈਦ ਰਖਿਆ ਸੀ। ਜਦੋਂ ਇਨ੍ਹਾਂ ਦੀ ਹਕੂਮਤ ਇਥੇ ਸੀ ਤਾਂ ਇਹ ਉਥੇ ਕਹਿ ਕੇ ਆਏ ਸਨ ਕਿ ਉਸ ਗੁਰਦਵਾਰੇ ਨੂੰ ਐਨੇ ਪੈਸੇ ਦਿਆਂਗੇ। ਪਰ ਉਥੇ ਪੈਸੇ ਨਹੀਂ ਪਹੁੰਚੇ। ਜਦੋਂ ਗੁਰੂ ਘਰ ਵਿਚ ਵਾਅਦਾ ਕੀਤਾ ਹੋਵੇ ਤਾਂ ਉਹ ਪੂਰਾ ਕਰਨਾ ਚਾਹੀਦਾ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ 51,000 ਰੁਪਏ ਉਸ ਗੁਰਦਵਾਰੇ ਨੂੰ ਪੰਜਾਬ ਸਰਕਾਰ ਵਲੋਂ ਹੁਣ ਦਿੱਤੇ ਹਨ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਤੁਸੀਂ ਫੈਸਲਾ ਕਰਕੇ ਦੱਸ ਦਿਓ ਕਿ ਇਸ ਤੋਂ ਮਹਾਨ ਔਰ ਪੂਰਨ ਗੁਰ ਸਿੱਖ ਹੋਰ ਕੌਣ ਹੋ ਸਕਦਾ ਹੈ। ਇਨ੍ਹਾਂ ਵਲੋਂ ਇਹ ਇਲਜ਼ਾਮ ਲਗਾਉਣਾ ਕਿ ਇਹ ਸਿੱਖਾਂ ਦੇ ਖਿਲਾਫ ਹਨ, ਔਰ ਸਿੱਖਾਂ ਦੇ ਮਸਲੇ ਨੂੰ ਹਲ ਨਹੀਂ ਕਰਨਾ ਚਾਹੁੰਦੇ, ਇਹ ਇਲਜ਼ਾਮ ਬੇ-ਬੁਨਿਆਦ ਹਨ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਿਚ ਕੁਰਸੀ ਦੀ ਲੜਾਈ ਚਲ ਰਹੀ ਹੈ। ਇਹ ਜੋ ਮੋਰਚਾ ਲਗਾਇਆ ਗਿਆ ਹੈ ਇਹ ਕੋਈ ਸਰਕਾਰ ਕਰਕੇ ਨਹੀਂ ਲਗਾਇਆ ਗਿਆ ਬਲਕਿ ਇਹ ਤਾਂ ਟੋਹੜਾ ਸਾਹਿਬ ਔਰ ਲੌਂਗੋਵਾਲ ਸਾਹਿਬ ਦੀ ਲੜਾਈ ਕਰਕੇ ਲਗਾਇਆ ਗਿਆ ਹੈ। ਇਹ ਆਨੰਦਪੁਰ ਸਾਹਿਬ ਦਾ ਮਤਾ ਲੈ ਲੈਂਦੇ ਹਨ। ਇਸ ਬਾਰੇ ਅਜੀਤ ਅਖਬਾਰ ਵਿਚ ਰੋਜ਼ ਆਉਂਦਾ ਹੈ ਔਰ ਮੈਨੂੰ ਅੱਠ ਦਿਨ ਹੋ ਗਏ ਹਨ ਇਸ ਨੂੰ ਪੜ੍ਹਦੇ ਹੋਏ ਪਰ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ ਲਗਿਆ। ਇਨ੍ਹਾਂ ਦੇ ਤਿੰਨ ਮਤੇ ਹਨ ਅਤੇ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਕਿਹੜਾ ਮਤਾ ਠੀਕ ਹੈ ਔਰ ਮਤੇ ਦੀ ਰੂਪ ਰੇਖਾ ਕੀ ਹੈ। ਇਕ ਮਤਾ ਡਾਕਟਰ ਭਗਤ ਸਿੰਘ ਨੇ ਲਿਖਿਆ ਹੈ। ਇਕ ਮਤਾ ਸਰਦਾਰ ਕਪੂਰ ਸਿੰਘ ਨੇ ਲਿਖਿਆ ਹੈ ਔਰ ਇਕ ਹੋਰ ਮਤਾ ਗਿਆਨੀ ਅਜਮੇਰ ਸਿੰਘ ਨੇ ਰੀਲੀਜ਼ ਕੀਤਾ ਸੀ। 1972 ਤੋਂ ਇਹ ਗੱਲ ਚਲਦੀ ਆ ਰਹੀ ਹੈ। ਇਹ ਆਨੰਦਪੁਰ ਸਾਹਿਬ ਦਾ ਮਤਾ 5 ਸਾਲ ਪਾਸ ਨਹੀਂ ਕਰਾ ਸਕੇ। ਇਸ ਸਬੰਧੀ ਲੁਧਿਆਣਾ ਕਾਨਫਰੰਸ ਹੋਈ ਔਰ ਲੋਕਾਂ ਨੂੰ ਹਾਲੇ ਤਕ ਨਹੀਂ ਪਤਾ ਲਗ ਸਕਿਆ ਕਿ ਉਥੇ ਕੀ ਮਤਾ ਪਾਸ ਕੀਤਾ ਗਿਆ। ਇਸ ਨੂੰ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਤੋਂ ਉਹਲੇ ਰਖਿਆ ਗਿਆ। ਹੁਣ ਤਕ ਇਹ ਨਹੀਂ ਪਤਾ ਲਗ ਸਕਿਆ ਕਿ ਆਨੰਦਪੁਰ ਸਾਹਿਬ ਦਾ ਮਤਾ ਕੀ ਹੈ। ਜੇਕਰ ਇਹ ਕੋਈ ਮਤਾ ਲੋਕਾਂ ਦੇ ਸਾਹਮਣੇ ਰਖਣ ਤਾਂ ਉਸ ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਵੱਖੋ ਵੱਖ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਚਰਚਾ ਕਰਦੇ ਹਨ। ਇਹ ਕਹਿੰਦੇ ਹਨ ਕਿ ਸਾਨੂੰ ਵਧ ਅਧਿਕਾਰ ਦਿੱਤੇ ਜਾਣ। ਸਾਨੂੰ ਪਤਾ ਨਹੀਂ ਲਗਦਾ ਕਿ ਜਦ ਇਹ ਮੁਖ ਮੰਤਰੀ ਸਨ ਔਰ ਸੈਂਟਰ ਵਿਚ ਇਨ੍ਹਾਂ ਦੀ ਸਾਂਝ ਸੀ ਔਰ ਉਥੇ ਮੋਰਾਰਜੀ ਡਿਸਾਈ ਪ੍ਰਧਾਨ ਮੰਤਰੀ ਸਨ ਉਸ ਵੇਲੇ ਇਨ੍ਹਾਂ ਨੇ ਇਹ ਗੱਲ ਕਿਉਂ ਨਹੀਂ ਉਠਾਈ ਔਰ ਸੈਂਟਰ ਤੋਂ ਮਨਜ਼ੂਰ ਕਰਾਈ। ਉਸ ਵੇਲੇ ਇਕ ਕਾਨਫਰੰਸ ਆਲ ਚੀਫ ਮਨਿਸਟਰਜ਼ ਦੀ ਚੰਡੀਗੜ੍ਹ ਵਿਖੇ ਹੋਣੀ ਨੀਯਤ ਹੋਈ ਜਿਸ ਵਿਚ ਕਿ ਸਟੇਟਾਂ ਨੂੰ ਵਧ ਅਧਿਕਾਰ ਦੇਣ ਵਾਸਤੇ ਫੈਸਲਾ ਹੋਣਾ ਸੀ। ਪਰ ਜਦੋਂ ਕੇਂਦਰ ਤੋਂ ਝਾੜ ਪਈ ਔਰ ਮੋਰਾਰਜੀ ਡਿਸਾਈ ਨੇ ਇਨ੍ਹਾਂ ਨੂੰ ਸਖ਼ਤ ਕੀਤਾ ਕਿ ਇਹੋ ਜਿਹੀ ਕਾਨਫ਼ਰੰਸ ਨਾ ਕੀਤੀ ਜਾਵੇ ਤਾਂ ਇਨ੍ਹਾਂ ਨੇ ਉਹ ਕਾਨਫਰੰਸ ਮੁਲਤਵੀ ਕਰ ਦਿੱਤੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਜੀ । ਹੋਰ ਵੀ ਕਈਆਂ ਨੇ ਬੋਲਣਾ ਹੈ।

**ਸਰਦਾਰ ਗੁਰਨੈਬ ਸਿੰਘ ਬਰਾੜ** : ਇਹ ਜੋ ਆਨੰਦਪੁਰ ਸਾਹਿਬ ਦੇ ਮਤੇ ਤੇ ਵਧ ਅਧਿਕਾਰ ਦੇਣ ਦੀ ਗੱਲ ਕਰਦੇ ਹਨ, ਜਦੋਂ ਇਨ੍ਹਾਂ ਦੀ ਗੌਰਮਿੰਟ ਆਉਂਦੀ ਹੈ ਤਾਂ ਇਹ ਇਸ ਤਰ੍ਹਾਂ ਦੀ ਗਲ ਨਹੀਂ ਕਰਦੇ । ਹੁਣ ਇਹ ਕਹਿੰਦੇ ਹਨ ਕਿ ਸਟੇਟਾਂ ਨੂੰ ਵਧ ਫਾਈਨੈਨਸ਼ਿਅਲ ਪਾਵਰਜ਼ ਦੇਣੀਆਂ ਚਾਹੀਦੀਆਂ ਹਨ, ਵੱਧ ਅਧਿਕਾਰ ਦੇਣੇ ਚਾਹੀਦੇ ਹਨ । ਕਦੇ ਇਹ ਕਹਿੰਦੇ ਹਨ ਕਿ ਫਾਈਨੈਂਸ, ਕਮਿਊਨੀਕੇਸ਼ਨ, ਡਿਫੈਂਸ ਸੈਂਟਰ ਕੋਲ ਰਹੇ ਔਰ ਬਾਕੀ ਦੀਆਂ ਪਾਵਰਜ਼ ਸਾਰੀਆਂ ਪੰਜਾਬ ਸਰਕਾਰ ਨੂੰ ਦੇਣੀਆਂ ਚਾਹੀਦੀਆਂ ਹਨ । ਜੇਕਰ ਇਹ ਇਕ ਅੱਧ ਮੰਗ ਵੀ ਮੋਰਾਰਜੀ ਡਿਸਾਈ ਤੋਂ ਪ੍ਰਵਾਨ ਕਰਾ ਲੈਂਦੇ ਤਾਂ ਕੋਈ ਪ੍ਰਮਪਰਾ ਪੈ ਜਾਂਦੀ ਔਰ ਅਸੀਂ ਵੀ ਕਹਿਣ ਵਾਲੇ ਬਣਦੇ ਕਿ ਸੈਂਟਰ ਵਾਲੇ ਸਿੱਖਾਂ ਨਾਲ ਇਨ੍ਹਾਂ ਦੀਆਂ ਪਰਾਬਲਮਜ਼ ਬਾਰੇ ਸੀਰੀਅਸ ਨਹੀਂ ਹਨ । ਜਦੋਂ ਇਹ ਆਪ ਰਾਜ ਵਿਚ ਬੈਠਦੇ ਹਨ ਤਾਂ ਇਨ੍ਹਾਂ ਨੂੰ ਐਸੀਆਂ ਗੱਲਾਂ ਦਾ ਖ਼ਿਆਲ ਨਹੀਂ ਆਉਂਦਾ ਔਰ ਜਦੋਂ ਇਹ ਰਾਜ ਵਿਚ ਨਹੀਂ ਰਹਿੰਦੇ ਤਾਂ ਫਿਰ ਇਹ ਅਜਿਹੀਆਂ ਗੱਲਾਂ ਕਰਨ ਲਗ ਜਾਂਦੇ ਹਨ । ਜਦੋਂ ਐਸ. ਜੀ. ਪੀ. ਸੀ. ਦੀ ਪ੍ਰਧਾਨਗੀ ਖੁਸਣ ਲਗਦੀ ਹੈ ਤਾਂ ਫਿਰ ਮੋਰਚੇ ਦੀ ਯਾਦ ਆ ਜਾਂਦੀ ਹੈ । ਇਹ ਕੁਰਸੀ ਲਈ ਇਨ੍ਹਾਂ ਦੀ, ਆਪਸ ਦੀ ਲੜਾਈ ਹੈ । ਜੱਥੇਦਾਰ ਗੁਰਬਚਨ ਸਿੰਘ ਜੀ ਵੀ ਉਨ੍ਹਾਂ ਨੂੰ ਛੱਡ ਕੇ ਇਧਰ ਆ ਗਏ ਹਨ । ਟੌਹੜਾ ਸਾਹਿਬ ਨੂੰ ਕਿਹਾ ਗਿਆ ਕਿ ਉਹ ਰਾਜ ਸਭਾਂ ਤੋਂ ਅਸਤੀਫਾ ਦੇ ਦੇਣ ਪਰ ਉਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ । ਇਹ ਪ੍ਰਧਾਨਗੀ ਕਰਕੇ ਹੀ ਤਾਂ ਜਥੇਦਾਰ ਤਲਵੰਡੀ ਨੇ ਦਿੱਲੀ ਮੋਰਚਾ ਲਗਾਇਆ ਹੋਇਆ ਹੈ । ਇਸੇ ਕਰਕੇ ਹੀ ਟੌਹੜਾ ਸਾਹਿਬ ਔਰ ਲੌਂਗੋਵਾਲ ਸਾਹਿਬ ਨੇ ਇਧਰ ਮੋਰਚਾ ਲਗਾਇਆ ਹੋਇਆ ਹੈ । ਇਥੇ ਮੋਡਰੇਟਸ ਔਰ ਐਕਸਟ੍ਰੀਮਿਸਟਸ ਦੀ ਇਨ੍ਹਾਂ ਦੀ ਆਪਸ ਵਿਚ ਲੜਾਈ ਹੈ । ਇਨ੍ਹਾਂ ਦਾ ਇਕ ਗਰੁੱਪ ਮੋਡਰੇਟਸ ਨਾਲ ਹੈ ਔਰ ਦੂਜਾ ਗਰੁੱਪ ਐਕਸਟ੍ਰੀਮਿਸਟਸ ਨਾਲ ਹੈ । ਐਸ. ਜੀ. ਪੀ. ਸੀ. ਦੀ ਪ੍ਰਧਾਨਗੀ ਦੀ ਕੁਰਸੀ ਨੂੰ ਕਾਇਮ ਰਖਣ ਕਰਕੇ ਇਹ ਮੋਰਚਾ ਲਗਿਆ ਹੋਇਆ ਹੈ । ਇਕ ਇਨ੍ਹਾਂ ਨੂੰ ਕੁਰਸੀ ਦੀ ਬੜੀ ਯਾਦ ਆਉਂਦੀ ਹੈ । ਪਿੰਡਾਂ ਵਿਚ ਇਹ ਆਮ ਕਹਾਵਤ ਹੈ ਕਿ ਬੰਦਾ ਸੱਪ ਦਾ ਡਸਿਆ ਬਚ ਜਾਂਦਾ ਹੈ ਪਰ ਕੁਰਸੀ ਦਾ ਡਸਿਆ ਬੰਦਾ ਨਹੀਂ ਬਚਦਾ । ਇਨ੍ਹਾਂ ਨੂੰ ਕੁਰਸੀ ਯਾਦ ਆ ਰਹੀ ਹੈ । ਇਨ੍ਹਾਂ ਦੀ ਮੰਗ ਹੈ ਕਿ ਸਰਦਾਰ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਤੋਂ ਲਾਹ ਦਿਓ । ਇਹ ਸਾਡੀ ਪਾਰਟੀ ਲੋਕਾਂ ਦੀ ਚੁਣੀ ਹੋਈ ਹੈ ਔਰ ਇਸ ਪਾਰਟੀ ਨੇ ਸਰਦਾਰ ਦਰਬਾਰਾ ਸਿੰਘ ਜੀ ਨੂੰ ਆਪਣਾ ਮੁੱਖ ਮੰਤਰੀ ਚੁਣਿਆ ਹੈ । ਇਹ ਪੰਜ ਸਾਲ ਪੂਰੇ ਕਰਨਗੇ ਔਰ ਇਨ੍ਹਾਂ ਨੂੰ ਲਾਹੁਣ ਵਾਲਾ ਕੋਈ ਨਹੀਂ ਹੈ । ਲੌਂਗੋਵਾਲ ਦੇ ਕਹਿਣ ਤੇ ਇਹ ਨਹੀਂ ਹਟਣਗੇ । ਸੰਤ ਭਿੰਡਰਾਂ ਵਾਲੇ ਨੇ ਕਿਹਾ ਹੈ ਕਿ ਮੈਂ ਦਿੱਲੀ ਜਾਵਾਂਗਾ ਔਰ ਅਗਰ ਮੈਨੂੰ ਪਕੜ ਲਿਆ ਗਿਆ ਤਾਂ ਮੈਂ ਸਾਰੀਆਂ ਮੰਗਾਂ ਛਡ ਦਿਆਂਗਾ । ਇਨ੍ਹਾਂ ਦੀ ਕੋਈ ਵੀ ਗੱਲ ਸੀਰੀਅਸ ਨਹੀਂ ਹੈ । ਪੰਜਾਬ ਦੇ ਲੋਕ ਸਿਆਣੇ ਹਨ ਔਰ ਉਹ ਇਨ੍ਹਾਂ ਦੀਆਂ ਬੇ-ਬੁਨਿਆਦ ਗੱਲਾਂ ਵਿਚ ਨਹੀਂ ਆਉਂਦੇ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]

ਰਾਜ ਕੁਮਾਰ ਜੀ ਨੇ ਪਾਣੀ ਦੇ ਮਸਲੇ ਬਾਰੇ ਕਿਹਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਦੇ ਵੇਲੇ ਦੇਖ ਲਓ 3.5 ਪਾਣੀ ਪੰਜਾਬ ਨੂੰ ਅੌਰ 3.5 ਪਾਣੀ ਹਰਿਆਣਾ ਨੂੰ ਮਿਲਣ ਦਾ ਫੈਸਲਾ ਹੋਇਆ ਸੀ ਅੌਰ ਇਸ ਲਈ ਇਨ੍ਹਾਂ ਦੇ ਮੁੱਖ ਮੰਤਰੀ ਬਾਦਲ ਸਾਹਿਬ ਨੇ ਇਕ ਕਰੋੜ ਰੁਪਏ ਦਾ ਚੈਕ ਲੈ ਲਿਆ ਸੀ। ਇਸ ਤੇ ਇਹ ਐਗਰੀ ਹੋਏ ਸਨ। ਪਰ ਜਦੋਂ ਸਾਡੀ ਪਾਰਟੀ ਦੀ ਹਕੂਮਤ ਇਥੇ ਆਈ ਤਾਂ ਸਰਦਾਰ ਦਰਬਾਰਾ ਸਿੰਘ ਜੀ ਨੇ ਪ੍ਰਧਾਨ ਮੰਤਰੀ ਜੀ ਦੀ ਮਨਜ਼ੂਰੀ ਨਾਲ ਇਹ ਮਸਲਾ ਹੱਲ ਕਰ ਦਿੱਤਾ। ਇਸ ਫੈਸਲੇ ਅਧੀਨ ਪੰਜਾਬ ਨੂੰ ਪਾਣੀ ਵੀ ਵਧ ਮਿਲੇਗਾ। ਥੀਨ ਡੈਮ ਦੀ ਮਨਜ਼ੂਰੀ ਬਾਰੇ ਇਨ੍ਹਾਂ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਹਿ ਦਿੱਤਾ ਕਿ I got clearance over a cup of tea. ਪਰ ਉਹ ਕਲੀਅਰੈਂਸ ਵਾਲੇ ਕਾਗਜ਼ ਲੱਭੇ ਹੀ ਨਹੀਂ ਗਏ। ਪਰ ਪਿਛੇ ਜਿਹੇ ਸਾਡੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਜਦੋਂ ਕਪੂਰੀ ਵਿਖੇ ਨਹਿਰ ਦਾ ਉਦਘਾਟਨ ਕਰਨ ਆਏ ਤਾਂ ਸਾਡੇ ਚੀਫ ਮਨਿਸਟਰ ਸਾਹਿਬ ਨੇ ਉਸੇ ਵੇਲੇ ਹੀ ਉਨ੍ਹਾਂ ਤੋਂ ਥੀਨ ਡੈਮ ਬਾਰੇ ਵੀ ਕਲੀਅਰੈਂਸ ਲੈ ਲਈ। ਇਨ੍ਹਾਂ ਨੇ ਬੜਾ ਚਰਚਾ ਕੀਤਾ ਕਿ ਥੀਨ ਡੈਮ ਦੀ ਕਲੀਅਰੈਂਸ ਨਹੀਂ ਮਿਲੀ। ਪਰ ਇਹ ਕਲੀਅਰੈਂਸ ਹੁਣ ਮਿਲੀ ਅੌਰ ਪੰਜਾਬ ਨੂੰ ਅੱਗੇ ਨਾਲੋਂ ਵਧ ਪਾਣੀ ਲੈ ਕੇ ਦਿੱਤਾ ਗਿਆ ਹੈ। ਇਸ ਚੀਜ਼ ਦਾ ਕਰੈਡਿਟ ਸਾਡੀ ਸਰਕਾਰ ਨੂੰ ਅਤੇ ਚੀਫ ਮਨਿਸਟਰ ਸਾਹਿਬ ਸਰਦਾਰ ਦਰਬਾਰਾ ਸਿੰਘ ਨੂੰ ਜਾਂਦਾ ਹੈ।

ਇਹ, ਡਿਪਟੀ ਸਪੀਕਰ ਸਾਹਿਬ, ਕਹਿੰਦੇ ਹਨ ਕਿ ਅਸੀਂ ਸਿੱਖ ਹਾਂ। ਦੋਨੋਂ ਵੇਲੇ ਅਰਦਾਸ ਕਰਦੇ ਹਾਂ। ਅਰਦਾਸ ਤਾਂ ਤੁਸੀਂ ਵੀ ਕਰਦੇ ਹੋ, ਅਸੀਂ ਵੀ ਕਰਦੇ ਹਾਂ ਗੁਰਬਾਣੀ ਵਿਚ ਸਰਬੱਤ ਦੇ ਭਲੇ ਵਾਸਤੇ ਲਿਖਿਆ ਹੋਇਆ ਹੈ। ਜਾਂ ਤਾਂ ਇਹ ਗੁਰਬਾਣੀ ਵਿਚ ਵਿਸ਼ਵਾਸ ਨਹੀਂ ਰਖਦੇ ਜਾਂ ਉਸਦੀ ਇਨ੍ਹਾਂ ਨੂੰ ਸਮਝ ਨਹੀਂ ਆਉਂਦੀ। ਇਹ ਸਰਬੱਤ ਦਾ ਭਲਾ ਕਿਸ ਤਰ੍ਹਾਂ ਚਾਹੁੰਦੇ ਹਨ। ਇਕ ਪਾਸੇ ਤਾਂ ਇਹ ਬੰਦੇ ਮਰਵਾਈ ਜਾਂਦੇ ਹਨ, ਬੰਦਿਆਂ ਤੇ ਫਾਇਰਿੰਗ ਕਰਾਈ ਜਾਂਦੇ ਹਨ। ਇਸ ਤੋਂ ਤਾਂ ਇਹੀ ਲਗਦਾ ਹੈ ਕਿ ਇਹ ਅਰਦਾਸ ਵਿਚ ਵਿਸ਼ਵਾਸ ਨਹੀਂ ਰੱਖਦੇ। ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਕਿਹਾ ਹੈ ਕਿ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਜੀ।

**ਸਰਦਾਰ ਗੁਰਨੈਬ ਸਿੰਘ ਬਰਾੜ** : ਗੁਰੂ ਮਹਾਰਾਜ ਨੇ ਲਿਖਿਆ ਹੈ 'ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ।' ਪਰ ਇਹ ਤਾਂ ਕਹਿੰਦੇ ਹਨ ਕਿ ਇਹ ਸਿੱਖ ਹੈ, ਇਹ ਮੁਸਲਮਾਨ ਹੈ, ਇਹ ਹਿੰਦੂ ਹੈ ਅਤੇ ਇਹ ਇਸਾਈ ਹੈ। ਇਨ੍ਹਾਂ ਦਾ ਵਿਸ਼ਵਾਸ ਗੁਰਬਾਣੀ ਵਿਚ ਫਿਰ ਕਿਸ ਤਰ੍ਹਾਂ ਹੋ ਸਕਦਾ ਹੈ। ਇਸ ਲਈ ਸਾਰੀਆਂ ਪਾਰਟੀਆਂ ਨੂੰ ਸੁਚੇਤ ਹੋ ਕੇ ਚਲਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਸ੍ਰੀਮਤੀ ਇੰਦਰਾ ਗਾਂਧੀ ਨੇ ਗਲਬਾਤ ਵਾਸਤੇ ਹਮੇਸ਼ਾ ਦਰਵਾਜ਼ੇ ਖੁੱਲ੍ਹੇ ਰਖੇ ਹਨ। ਨਿਊਯਾਰਕ ਵਿਚ ਵੀ ਉਹ ਗੁਰਦਵਾਰੇ ਗਏ ਸਨ। ਮੈਂ ਇਹ ਟੈਲੀਵੀਜ਼ਨ ਵਿਚ ਦੇਖਿਆ ਹੈ ਅਤੇ ਕਈ ਹੋਰ ਮੇਰੇ ਭਰਾਵਾਂ ਨੇ ਵੀ ਦੇਖਿਆ ਹੋਵੇਗਾ। ਉਥੇ ਉਨ੍ਹਾਂ ਨੇ ਪੰਜਾਬੀਆਂ ਦੀ, ਸਿੱਖਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਮਸਲਾ ਗਲਬਾਤ ਤੋਂ ਬਿਨਾਂ ਨਜਿੱਠਿਆ ਨਹੀਂ ਜਾ ਸਕਦਾ। ਪਰ

Original with;
Punjab Vidhan Sabha
Digitized by;
Panjab Digital Library

ਇਹ ਆਪ ਹੀ ਚੁਪ ਵੱਟ ਕੇ ਬੈਠ ਗਏ ਹਨ । ਉਹ ਹਾਲੇ ਤੱਕ ਵੀ ਇਹੀ ਕਹਿੰਦੇ ਹਨ ਕਿ ਗਲਬਾਤ ਲਈ ਸਾਡੇ ਦਰਵਾਜੇ ਖੁਲ੍ਹੇ ਹਨ । ਉਹ ਪੰਜਾਬੀਆਂ ਦਾ ਪੂਰਾ ਸਤਿਕਾਰ ਕਰਦੇ ਹਨ । ਇਸਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਅੱਜ ਜੋ ਮਤਾ ਏਥੇ ਆਇਆ ਹੈ ਉਹ ਅੱਤਵਾਦੀ, ਵੱਖਵਾਦੀ ਅਤੇ ਫਿਰਕਾਪ੍ਰਸਤ ਤਾਕਤਾਂ ਜਿਹੜੀਆਂ ਕਿ ਸਾਡੇ ਪੰਜਾਬ ਨੂੰ ਅਤੇ ਦੇਸ਼ ਨੂੰ ਟੁਕੜੇ ਟੁਕੜੇ ਕਰਨਾ ਚਾਹੁੰਦੀਆਂ ਹਨ, ਉਨ੍ਹਾਂ ਦੀ ਨਿਖੇਧੀ ਦਾ ਹੈ । ਡਿਪਟੀ ਸਪੀਕਰ ਸਾਹਿਬ, ਇਕੱਲੇ ਪੰਜਾਬ ਵਿਚ ਹੀ ਨਹੀਂ, ਹਿੰਦੁਸਤਾਨ ਦੇ ਹਰ ਸੂਬੇ ਵਿਚ ਇਹ ਵੱਖਵਾਦੀ, ਅੱਤਵਾਦੀ ਅਤੇ ਫਿਰਕਾਪ੍ਰਸਤ ਤਾਕਤਾਂ ਅਮਰੀਕਾ ਦੀ ਸ਼ਹਿ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪਹੁੰਚਾ ਰਹੀਆਂ ਹਨ । ਤੁਹਾਨੂੰ ਪਤਾ ਹੀ ਹੋਵੇਗਾ ਕਿ ਪਿਛਲੇ ਸਮੇਂ ਵਿਚ ਕਿਸ ਤਰ੍ਹਾਂ ਇਨ੍ਹਾਂ ਸਾਮਰਾਜੀ ਤਾਕਤਾਂ ਨੇ ਆਸਾਮ ਵਿਚ ਅਸਾਮੀਆਂ ਅਤੇ ਗੈਰ-ਅਸਾਮੀਆਂ ਦਾ ਮਸਲਾ ਖੜਾ ਕੀਤਾ ਸੀ । ਉਸ ਵੇਲੇ ਜਨਤਾ ਪਾਰਟੀ ਦਾ ਰਾਜ ਸੀ । ਅੱਜ ਤੱਕ ਵੀ ਉਥੇ ਜਮਹੂਰੀ ਲਹਿਰ ਦੀ ਤੋੜ ਫੋੜ ਹੋ ਰਹੀ ਹੈ । ਉਥੇ ਚੋਣਾਂ ਨਹੀਂ ਹੋ ਸਕਦੀਆਂ । ਸਾਮਰਾਜੀ ਤਾਕਤਾਂ ਉਥੇ ਕਿਸ ਤਰ੍ਹਾਂ ਚਾਲਾਂ ਚੱਲ ਰਹੀਆਂ ਹਨ । ਉਹ ਉਥੇ ਜਾ ਕੇ ਪੈਸੇ ਦਿੰਦੇ ਹਨ ਤਾਕਿ ਜਮਹੂਰੀ ਲਹਿਰ ਨੂੰ ਕਮਜ਼ੋਰ ਕੀਤਾ ਜਾ ਸਕੇ । ਏਥੇ ਹੀ ਨਹੀਂ, ਹਿੰਦੁਸਤਾਨ ਦੇ ਉਤਰ-ਪੂਰਬੀ ਇਲਾਕੇ ਜਿਥੇ ਤ੍ਰਿਪੁਰਾ ਅਤੇ ਮੇਘਾਲਿਆ ਹੈ, ਉਥੇ ਇਸਾਈ ਮਿਸ਼ਨਰੀ ਇਹੋ ਜਿਹਾ ਮਾਰੂ ਕੰਮ ਕਰ ਰਹੇ ਹਨ । ਉਹ ਕਬਾਇਲੀਆਂ ਅਤੇ ਗੈਰ-ਕਬਾਇਲੀਆਂ ਨੂੰ ਲੜਾ ਕੇ ਦੇਸ਼ ਦੀ ਏਕਤਾ ਨੂੰ ਕਮਜ਼ੋਰ ਕਰ ਰਹੇ ਹਨ । ਇਸ ਤਰ੍ਹਾਂ ਕਰਕੇ ਉਹ ਆਪਣਾ ਸਾਮਰਾਜੀ ਮਨੋਰਥ ਸਿੱਧ ਕਰਨਾ ਚਾਹੁੰਦੇ ਹਨ । ਪਿਛਲੇ ਸਮੇਂ ਤੋਂ ਹੀ ਇਸਾਈ ਮਿਸ਼ਨਰੀਆਂ ਦੇ ਕਾਰਨਾਮੇ ਹਿੰਦੁਸਤਾਨ ਵਿਚ ਸਪੱਸ਼ਟ ਹੋ ਚੁਕੇ ਹਨ । ਉਹ ਨੰਗੇ ਚਿੱਟੇ ਰੂਪ ਵਿਚ ਸਾਮਰਾਜੀ ਤਾਕਤਾਂ ਦੇ ਏਜੰਟ ਹਨ ਅਤੇ ਖਾਸ ਕਰਕੇ ਅਮਰੀਕਾ ਦੇ ਏਜੰਟ ਹਨ । ਇਹ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਤੋੜਨ ਵਾਸਤੇ ਪੰਜਾਬ ਵਿਚ ਖਾਲਿਸਤਾਨ ਦੀ ਲਹਿਰ, ਬੰਗਾਲ ਵਿਚ ਝਾਰਖੰਡ, ਗੁਜਰਾਤ ਵਿਚ ਰਿਜ਼ਰਵੇਸ਼ਨ ਔਰ ਐਂਟੀ-ਰਿਜ਼ਰਵੇਸ਼ਨ ਬਾਰੇ ਅਤੇ ਤਾਮਿਲਨਾਡੂ ਵਿਚ ਆਰ. ਐਸ. ਐਸ. ਵਾਲੇ ਅਤੇ ਜਨਸੰਘੀ ਹਿੰਦੀ, ਹਿੰਦੂ-ਹਿੰਦੁਸਤਾਨ ਦਾ ਨਾਹਰਾ ਦਿੰਦੇ ਹਨ ਅਤੇ ਦੂਜੇ ਪਾਸੇ ਨਾਲ ਦੀ ਨਾਲ ਇਹ ਸਾਮਰਾਜੀ ਤਾਕਤਾਂ ਦੇਸ਼ ਦੀ ਏਕਤਾ ਦੀ ਤੋੜ ਫੋੜ ਕਰਨ ਲਈ ਸ਼ਹਿ ਦਿੰਦੀਆਂ ਹਨ । ਇਨ੍ਹਾਂ ਸਾਮਰਾਜੀ ਤਾਕਤਾਂ ਤੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਹੁਤ ਵੱਡਾ ਖਤਰਾ ਹੈ । ਇਹ ਦੇਸ਼ ਨੂੰ ਟੋਟੇ ਟੋਟੇ ਕਰਨਾ ਚਾਹੁੰਦੀਆਂ ਹਨ ।

ਪਿਛਲੇ ਸਮੇਂ ਵਿਚ ਸਾਡੇ ਪੰਜਾਬ ਵਿਚ ਇਕ ਵਿਦਿਅਕ ਕਾਨਫਰੰਸ ਕੀਤੀ ਗਈ । ਇਸ ਵਿਦਿਅਕ ਕਾਨਫਰੰਸ ਵਿਚ ਚੰਡੀਗੜ੍ਹ ਵਿਖੇ ਗੰਗਾ ਸਿੰਘ ਢਿਲੋਂ ਨੇ ਕਿਹਾ ਕਿ ਪੰਜਾਬੀਆਂ ਅਤੇ ਸਿੱਖਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਖਾਲਿਸਤਾਨ ਚਾਹੀਦਾ ਹੈ । ਸਿੱਖ ਇਕ ਵੱਖਰੀ ਕੌਮ ਹਨ । ਆਨੰਦਪੁਰ ਸਾਹਿਬ ਦੇ ਮਤੇ ਦੀ ਵੀ ਏਥੇ ਗੱਲ ਕੀਤੀ ਗਈ ਹੈ । ਸਾਡੀ ਪਾਰਟੀ ਨੇ ਇਸਦੀ ਡਟਕੇ ਵਿਰੋਧਤਾ ਕੀਤੀ ਹੈ । ਅਸੀਂ ਸਮਝਦੇ ਹਾਂ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਕਿ ਖਾਲਿਸਤਾਨ ਦੀ ਮੰਗ ਦੇਸ਼ ਧਰੋਹੀ ਦੀ ਮੰਗ ਹੈ । ਪਿਛਲੇ ਸਮੇਂ ਵਿਚ 1947 ਵਿਚ ਕੀ ਹੋਇਆ ਸੀ ? ਮੁਸਲਿਮ-ਲੀਗ ਨੇ ਪਾਕਿਸਤਾਨ ਦੀ ਮੰਗ ਕੀਤੀ ਸੀ ਅਤੇ ਕੀ ਹੋਇਆ ਸੀ ? ਫਿਰਕੂ ਤਾਕਤਾਂ ਤਕੜੀਆਂ ਹੋਈਆਂ ਸਨ ਅਤੇ ਜਿਹੜੇ ਸਾਡੇ ਹਿੰਦੂ ਮੁਸਲਿਮ ਅਤੇ ਸਿਖ ਸਾਰੇ ਭਰਾ ਭਰਾ ਬਣ ਕੇ ਰਹਿੰਦੇ ਸਨ, ਇਨ੍ਹਾਂ ਫਿਰਕੂ ਤਾਕਤਾਂ ਨੇ ਉਨ੍ਹਾਂ ਦਾ ਕਤਲੇਆਮ ਕਰਵਾਇਆ, ਹਜ਼ਾਰਾਂ ਦੀ ਗਿਣਤੀ ਵਿਚ ਲਕਾਂ ਤੇ ਜ਼ੁਲਮ ਹੋਏ । ਹਿੰਦੂ ਅਤੇ ਸਿਖ ਨੇ ਮੁਸਲਮਾਨ ਨੂੰ ਭਰਾ ਭਰਾ ਮੰਨਣੋ ਇਨਕਾਰ ਕਰ ਦਿਤਾ। ਜੇ ਖਾਲਿਸਤਾਨ ਦੀ ਗੱਲ ਹੋ ਜਾਏ ਤਾਂ ਕੀ ਹੋਵੇਗਾ ? ਹਿੰਦੂ ਅਤੇ ਸਿਖਾਂ ਦੀ ਏਕਤਾ ਵਿਚ ਦੋ-ਫਾੜ ਆ ਜਾਵੇਗਾ । ਸਾਡਾ ਇਹ ਦੇਸ਼ ਟੋਟੇ ਟੋਟੇ ਹੋ ਜਾਵੇਗਾ ਅਤੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਜਮਹੂਰੀ ਲਹਿਰ ਨੂੰ ਧੱਕਾ ਪਹੁੰਚੇਗਾ। ਅਸੀਂ ਸਿਖਾਂ ਨੂੰ ਵਖਰੀ ਕੌਮ ਬਿਲਕੁਲ ਨਹੀਂ ਮੰਨਦੇ । ਕਿਸੇ ਨੂੰ ਕੌਮ ਕਿਸ ਤਰ੍ਹਾਂ ਕਿਹਾ ਜਾਂਦਾ ਹੈ । ਜੇ ਕੁਝ ਲੋਕਾਂ ਦੀ ਬੋਲੀ, ਪਹਿਰਾਵਾ, ਕਲਚਰ ਇਕੋ ਜਿਹਾ ਹੋਵੇ ਤਾਂ ਉਹ ਕੌਮ ਬਣ ਜਾਂਦੀ ਹੈ। ਇਹ ਸਾਰੀਆਂ ਗੱਲਾਂ ਇਕੋ ਜਿਹੀਆਂ ਹੀ ਪੰਜਾਬੀਆਂ ਵਿਚ ਪਾਈਆ ਜਾਂਦੀਆਂ ਹਨ । ਉਹ ਇਕੋ ਬੋਲੀ ਪੰਜਾਬੀ ਬੋਲਦੇ ਹਨ, ਇਕੋ ਜਿਹਾ ਉਨ੍ਹਾਂ ਦਾ ਪਹਿਰਾਵਾ ਹੈ ਅਤੇ ਇਕੋ ਜਿਹੀ ਕਲਚਰ ਹੈ । ਅਸੀਂ ਪੰਜਾਬੀ ਹਾਂ । ਸਾਡੀ ਕੌਮ ਪੰਜਾਬੀ ਕੌਮ ਹੈ । ਸਿਖ ਤਾਂ ਇਕ ਧਾਰਮਿਕ ਘੱਟ ਗਿਣਤੀ ਦੀ ਸੰਸਥਾ ਹੈ । ਚਾਹੇ ਗੁਰਦਵਾਰਾ ਪ੍ਰਬੰਧਕ ਕਮੇਟੀ, ਦਿੱਲੀ ਆਪਣੇ ਗੁਰਦਵਾਰਾ ਐਕਟ ਵਿਚ ਕੁਝ ਅਮੈਂਡਮੈਂਟਸ ਕਰਕੇ ਸੰਤੋਖ ਸਿੰਘ ਨੂੰ ਪ੍ਰਧਾਨ ਬਣਾ ਲਵੇ, ਪਰ ਇਸ ਧਾਰਮਿਕ ਸੰਸਥਾ ਨੂੰ ਸਰਕਾਰੀ ਕੰਮਾਂ ਵਿਚ ਦਖਲ ਨਹੀਂ ਦੇਣਾ ਚਾਹੀਦਾ । ਇਨ੍ਹਾਂ ਦਾ ਦਖ਼ਲ ਬਿਲਕੁਲ ਨਹੀਂ ਹੋਣਾ ਚਾਹੀਦਾ । ਧਰਮ ਇਕ ਵੱਖਰਾ ਅਦਾਰਾ ਹੈ ਅਤੇ ਕੰਮ-ਕਾਜ ਵੱਖਰਾ। ਦੂਜੇ ਪਾਸੇ ਜੋ ਸਿੱਖ ਧਰਮ ਹੈ ਜਾਂ ਕੋਈ ਹੋਰ ਧਰਮ ਹੈ, ਉਸ ਵਿਚ ਸਰਕਾਰ ਦਾ ਵੀ ਬਿਲਕੁਲ ਕੋਈ ਦਖਲ ਨਹੀਂ ਹੋਣਾ ਚਾਹੀਦਾ । ਮੇਰੀ ਗੱਲ ਦਾ ਸਾਰਾਂਸ਼ ਹੈ ਕਿ ਇਹ ਜਿਹੜਾ ਆਨੰਦਪੁਰ ਸਾਹਿਬ ਦਾ ਮਤਾ ਹੈ ਇਹ ਸਿੱਧੇ ਤੌਰ ਤੇ ਨਹੀਂ ਤਾਂ ਟੇਡੇ ਤੌਰ ਤੇ ਖਾਲਿਸਤਾਨ ਦੀ ਮੰਗ ਹੈ । ਇਸਦੀ ਅਸੀਂ ਡਟਕੇ ਵਿਰੋਧਤਾ ਕਰਦੇ ਹਾਂ । ਇਹ ਠੀਕ ਹੈ ਕਿ ਅਕਾਲੀ ਪਾਰਟੀ ਵਾਲੇ ਕਹਿੰਦੇ ਹਨ ਕਿ ਸਾਡਾ ਖਾਲਿਸਤਾਨ ਨਾਲ ਕੋਈ ਸਬੰਧ ਨਹੀਂ । ਇਹ ਵਾਧੂ ਅਧਿਕਾਰਾਂ ਦੀ ਗੱਲ ਕਹਿੰਦੇ ਹਨ । ਜਿਹੜੀਆਂ ਸਿੱਖਾਂ ਦੀਆ ਜਾਇਜ਼ ਮੰਗਾਂ ਹਨ, ਜੇ ਸਰਕਾਰ ਉਨ੍ਹਾਂ ਵਿਚ ਦਖ਼ਲ ਦਿੰਦੀ, ਅਸੀਂ ਉਸ ਗੱਲ ਦੇ ਵੀ ਵਿਰੁੱਧ ਹਾਂ । ਸਰਕਾਰ ਨੂੰ ਤਾਂ ਡੈਮੋਕਰੇਟਿਕ ਢੰਗ ਨਾਲ ਫੰਕਸ਼ਨਿੰਗ ਕਰਨੀ ਚਾਹੀਦੀ ਹੈ । ਦੂਜੇ ਪਾਸੇ ਧਰਮ ਨੂੰ ਵੀ ਸਰਕਾਰ ਦੀ ਨਰਮੀ ਦਾ ਨਾਜਾਇਜ਼ ਫਾਇਦਾ ਨਹੀਂ ਉਠਾਉਣਾ ਚਾਹੀਦਾ ।

ਇਥੋਂ ਦੇ ਅੱਤਵਾਦੀਆਂ ਨੇ, ਸਿੱਖ ਅੱਤਵਾਦੀਆਂ ਨੇ ਪੰਜਾਬ ਦਾ ਮਾਹੌਲ ਗੰਦਾ ਕੀਤਾ ਹੈ । ਅਕਾਲੀਆਂ ਨੇ ਪਿਛਲੇ ਸਮੇਂ ਵਿਚ ਆਪਣੀ ਇਸ ਮੰਗ ਨੂੰ ਲੈ ਕੇ ਕਿ ਸਿੱਖਾਂ ਨਾਲ ਧੱਕਾ ਹੋ ਰਿਹਾ ਹੈ, ਇਸ ਤਰ੍ਹਾਂ ਦੇ ਕੰਮ ਕੀਤੇ ਜਿਸ ਨਾਲ ਪੰਜਾਬ ਦੇ ਅਮਨ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ । ਅਕਾਲੀ ਪਾਰਟੀ ਨੇ 1-2 ਸਾਲਾਂ ਤੋਂ ਇਹ ਨਹੀਂ ਸਮਝਿਆ ਕਿ ਅਸੀਂ ਜੋ ਕਰ ਰਹੇ ਹਾਂ ਇਸ ਦਾ ਨਤੀਜਾ ਕੀ ਨਿਕਲੇਗਾ ? ਉਨ੍ਹਾਂ ਨੇ ਇਹ ਨਹੀਂ ਸਮਝਿਆ ਕਿ ਇਹ ਜਿਹੜੇ ਅੱਤਵਾਦੀ ਹਨ ਇਹ ਉਨ੍ਹਾਂ ਦੀ ਲਹਿਰ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ । ਉਹ ਇਹ ਵੀ ਨਹੀਂ ਸਮਝ ਸਕੇ ਕਿ ਅੱਤਵਾਦੀ ਤਾਕਤਾਂ ਪਿਛੇ ਸਾਮਰਾਜੀ ਤਾਕਤਾਂ

Original with;
Punjab Vidhan Sabha
Digitized by;
Punjab Digital Library

ਦਾ ਹੱਥ ਹੈ । ਅੱਤਵਾਦੀ ਸਿੱਖ ਜਿਹੜੇ ਹਨ ਉਹ ਪੰਜਾਬ ਦੇ ਮਾਹੌਲ ਨੂੰ ਖਰਾਬ ਕਰ ਰਹੇ ਹਨ । ਅੱਜ ਜੇ ਅਸੀਂ ਇਹ ਕਹੀਏ ਕਿ ਇਸ ਦੀ ਸਾਰੀ ਜ਼ਿਮੇਵਾਰੀ ਅਕਾਲੀ ਪਾਰਟੀ ਤੇ ਹੈ ਤਾਂ ਇਸ ਗੱਲ ਨੂੰ ਸਾਡੀ ਪਾਰਟੀ ਨਹੀਂ ਮੰਨਦੀ । ਅਸੀਂ ਕਹਿੰਦੇ ਹਾਂ ਕਿ ਇਸ ਪਿਛੇ ਉਹ ਸੰਜੀਦਾ ਅਨਸਰ ਹੈ ਜਿਹੜਾ ਕਿ ਸਾਨੂੰ ਵੱਖ ਵੱਖ ਕਰਨਾ ਚਾਹੁੰਦਾ ਹੈ । ਸਾਨੂੰ ਇਸ ਦੇ ਖਿਲਾਫ ਡਟਕੇ ਲੜਨਾ ਚਾਹੀਦਾ ਹੈ। ਪਿਛਲੇ ਸਮੇਂ ਵਿਚ ਜੋ ਘਟਨਾਵਾਂ ਹੋਈਆਂ ਹਨ, ਪਿਛਲੇ ਸਮੇਂ ਵਿਚ ਜੋ ਅੱਤਵਾਦੀ ਸਿੱਖਾਂ ਨੇ ਕਾਰਵਾਈਆਂ ਕੀਤੀਆਂ ਹਨ ਉਨ੍ਹਾਂ ਬਾਰੇ ਹਰਸਿਮਰਨ ਸਿੰਘ ਤੋਂ ਸਪੱਸ਼ਟ ਹੋ ਗਿਆ ਹੈ। ਪਿਛਲੇ ਸਮੇਂ ਤੋਂ ਉਨ੍ਹਾਂ ਕੋਲ ਨਵੀਂ ਕਿਸਮ ਦੇ ਹਥਿਆਰ ਹਨ। ਉਹ ਕਤਲ ਕਰ ਰਹੇ ਹਨ । ਪਿਛਲੇ ਸਮੇਂ ਵਿਚ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ 22 ਕਤਲ ਹੋ ਚੁਕੇ ਹਨ । ਪੰਜਾਬ ਵਿਚ ਕਿੰਨੇ ਹਿੰਦੂ ਮਾਰੇ ਗਏ। ਕਿਸ ਤਰ੍ਹਾਂ ਹਿੰਦੂਆਂ ਤੇ ਤਰਨ ਤਾਰਨ, ਪੱਟੀ ਅਤੇ ਹੋਰ ਥਾਵਾਂ ਤੇ ਹਮਲੇ ਕੀਤੇ ਗਏ । ਕਿਸ ਤਰ੍ਹਾਂ ਨਿਰੰਜਨ ਸਿੰਘ ਤੇ ਹਮਲਾ ਕੀਤਾ ਗਿਆ। ਉਸ ਦੇ ਭਰਾ ਨੂੰ ਮਾਰਿਆ ਗਿਆ। ਕੁਝ ਸਿੱਖ ਅੱਤਵਾਦੀ ਇਸ ਕਿਸਮ ਦੀਆਂ ਘਟਨਾਵਾਂ ਕਰਦੇ ਹਨ। ਤਰਨ ਤਾਰਨ ਦਾ ਵਾਕਿਆ ਹੈ ਕਿ ਦੋ ਭਰਾ ਖੜੇ ਸਨ, ਇਕ ਹਿੰਦੂ ਅਤੇ ਦੂਜਾ ਸਿੱਖ । ਹਿੰਦੂ ਨੂੰ ਮਾਰ ਦਿਤਾ ਗਿਆ । ਇਹ ਲੋਕ ਸਾਡੀ ਏਕਤਾ ਨੂੰ ਖਰਾਬ ਕਰਦੇ ਹਨ । ਇਨ੍ਹਾਂ ਦੇ ਖਿਲਾਫ ਡਟਕੇ ਲੜਨਾ ਚਾਹੀਦਾ ਹੈ । 22 ਹਿੰਦੂ ਮਰਨ ਤੇ ਅੱਜ ਜੇ ਕੋਈ ਲੀਡਰ ਜਾਂ ਭਿੰਡਰਾਂ ਵਾਲਾ ਇਹ ਕਹੇ ਕਿ ਕੋਈ ਗੱਲ ਨਹੀਂ ਹੋਈ ਤਾਂ ਇਹ ਗੱਲ ਠੀਕ ਨਹੀਂ ਹੈ। ਇਸ ਤੋਂ ਪਤਾ ਲਗਦਾ ਹੈ ਕਿ ਉਸ ਵਿਚ ਇਨਸਾਨੀਅਤ ਦਾ ਮਾਦਾ ਨਹੀਂ ਹੈ ।

ਫਿਰ ਰਾਹੋਂ ਦਾ ਕਾਂਡ ਹੋਇਆ । ਉਥੇ ਸੀ.ਐਮ. ਤੇ ਹਮਲਾ ਹੋਇਆ । ਸਾਡੀ ਪਾਰਟੀ ਨੇ ਇਸ ਨੂੰ ਕੰਡੈਮ ਕੀਤਾ ਸੀ । ਜਿਹੜੇ ਅੱਤਵਾਦੀ ਸਰਗਰਮੀਆਂ ਕਰਦੇ ਹਨ ਉਨ੍ਹਾਂ ਨੂੰ ਨਿੰਦਣਾ ਚਾਹੀਦਾ ਹੈ। ਫਿਰ ਜੰਡਿਆਲੇ ਘਟਨਾ ਹੋਈ । ਉਸ ਨੂੰ ਨਿੰਦਣਾ ਚਾਹੀਦਾ ਹੈ । ਫਿਰ ਹਵਾਈ ਜਹਾਜ਼ ਅਗਵਾ ਹੋਏ । ਹਵਾਈ ਜਹਾਜ਼ ਕਿਧਰ ਨੂੰ ਗਏ ? ਉਹ ਪਾਕਿਸਤਾਨ ਨੂੰ ਲੈ ਗਏ । ਕੀ ਪਾਕਿਸਤਾਨ ਉਨ੍ਹਾਂ ਦਾ ਘਰ ਹੈ ? ਇਸ ਪਿਛੇ ਸਾਮਰਾਜੀ ਤਾਕਤਾਂ ਦਾ ਹੱਥ ਹੈ । ਅੱਜ ਸਾਮਰਾਜੀ ਅਮਰੀਕਾ ਸਾਰੀ ਦੁਨੀਆਂ ਵਾਸਤੇ ਬਹੁਤ ਵੱਡਾ ਜੰਗ ਦਾ ਖ਼ਤਰਾ ਬਣਿਆ ਹੋਇਆ ਹੈ। ਉਹ ਪਾਕਿਸਤਾਨ ਨੂੰ ਹਿੰਦੁਸਤਾਨ ਦੇ ਖ਼ਿਲਾਫ ਜਹਾਜ਼ ਦੇ ਰਿਹਾ ਹੈ, ਉਸ ਨੂੰ ਹਥਿਆਰ ਦੇ ਰਿਹਾ ਹੈ । ਉਸ ਨੇ ਪਾਕਿਸਤਾਨ ਨੂੰ 300 ਕਰੋੜ ਰੁਪਏ ਦੇ ਐਫ-16 ਹਵਾਈ ਜਹਾਜ਼ ਦੇਣੇ ਹਨ । ਜੇ ਪਾਕਿਸਤਾਨ ਕੋਈ ਤਜਰਬਾ ਕਰਦਾ ਹੈ ਤਾਂ ਉਸ ਨੂੰ ਅਮਰੀਕਾ ਕੁਝ ਨਹੀਂ ਕਹਿੰਦਾ ਪਰ ਜੇ ਸਾਨੂੰ ਤਾਰਾਪੁਰ ਵਾਸਤੇ ਬਾਲਣ ਨਹੀਂ ਮਿਲਦਾ ਤਾਂ ਉਸ ਵਾਸਤੇ ਅਮਰੀਕਾ ਕੁਝ ਨਹੀਂ ਕਰਦਾ । ਸਾਨੂੰ ਪਿਛਲਾ ਤਜਰਬਾ ਵੀ ਹੈ ਕਿ ਅਮਰੀਕਾ ਨੇ ਸਾਡੇ ਖ਼ਿਲਾਫ ਪਾਕਿਸਤਾਨ ਨੂੰ ਹਥਿਆਰ ਦਿਤੇ ਅਤੇ ਉਸ ਨੇ ਸਾਡੇ ਖ਼ਿਲਾਫ ਵਰਤੇ । ਖਬਰਾਂ ਆਈਆਂ ਹਨ ਕਿ ਅੱਤਵਾਦੀ ਕਨੇਡਾ ਦੇ ਸ਼ਹਿਰ ਟੂਰੰਟੋ ਤੋਂ ਟਰੇਨਿੰਗ ਲੈ ਕੇ ਇਥੇ ਆਏ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਹਾਲਾਂ ਬਹੁਤ ਬੋਲਣਾ ਹੈ । ਉਹ ਲੋਕ ਸਾਡੇ ਹਵਾਈ ਜਹਾਜ਼ ਲੈ ਕੇ ਪਾਕਿਸਤਾਨ ਗਏ । ਇਨ੍ਹਾਂ ਅੱਤਵਾਦੀ ਤਾਕਤਾਂ ਪਿਛੇ ਸਾਮਰਾਜੀ ਤਾਕਤਾਂ ਦਾ ਹੱਥ ਹੈ । ਦਲ ਖਾਲਸਾ ਦੇ ਹਰਸਿਮਰਨ ਸਿੰਘ ਨੇ ਮੰਨਿਆ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]
ਹੈ ਕਿ ਅਸੀਂ ਕਤਲ ਕੀਤੇ ਹਨ।

* * * * * * * * *

ਐਸ.ਜੀ.ਪੀ.ਸੀ. ਦੀ ਚੋਣ ਹੋਈ। (ਵਿਘਨ) ਭਾਈ ਅਮਰੀਕ ਸਿੰਘ, ਜੋ ਕਿ ਅੰਦਰ ਹੈ, ਉਹ ਜੀਵਨ ਸਿੰਘ ਉਮਰਾਨੰਗਲ ਦੇ ਖ਼ਿਲਾਫ ਲੜਿਆ। ਭਿੰਡਰਾਂਵਾਲੇ ਨੇ ਕਾਂਗਰਸ ਦੀ ਮੱਦਦ ਕੀਤੀ ਸੀ। ਅੱਜ ਇਹ ਅੱਤਵਾਦੀਆਂ ਦੇ ਅੱਡੇ ਚੜ੍ਹੇ ਹੋਏ ਹਨ। ਇਹ ਆਪ ਹਿੰਦੁ-ਸਤਾਨ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ:** ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਭਿੰਡਰਾਂਵਾਲੇ ਨੇ ਕਾਂਗਰਸ ਦੀ ਮੱਦਦ ਕੀਤੀ। ਇਹ ਗਲਤ ਗੱਲ ਹੈ। ਕਾਂਗਰਸ ਨੇ ਨਾ ਭਿੰਡਰਾਂਵਾਲੇ ਦੀ ਮੱਦਦ ਕੀਤੀ ਅਤੇ ਨਾ ਉਸਦੀ ਮੱਦਦ ਮੰਗੀ। ਇਨ੍ਹਾਂ ਦਾ ਉਨ੍ਹਾਂ ਨਾਲ ਸਮਝੌਤਾ ਹੋ ਸਕਦਾ ਹੈ ਪਰ ਉਨਾਂ ਦਾ ਕਾਂਗਰਸ ਨਾਲ ਕੋਈ ਸਬੰਧ ਨਹੀਂ ਹੈ।

**ਸਰਦਾਰ ਬੀਰਦਵਿੰਦਰ ਸਿੰਘ:** ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਾਸਟਰ ਚੰਦ ਸਿੰਘ ਨੇ ਰਾਸ਼ਟਰਪਤੀ ਜੀ ਦੇ ਖ਼ਿਲਾਫ ਕੁਝ ਕਿਹਾ ਹੈ, ਉਹ ਐਕਸਪੰਜ ਹੋਣਾ ਚਾਹੀਦਾ ਹੈ।

**ਸ਼੍ਰੀ ਡਿਪਟੀ ਸਪੀਕਰ:** ਉਹ ਐਕਸਪੰਜ ਕੀਤਾ ਜਾਂਦਾ ਹੈ।

**ਮਾਸਟਰ ਚੰਦ ਸਿੰਘ:** ਪਿਛਲੇ ਸਮੇਂ, ਵਿਚ ਅਕਾਲੀ ਪਾਰਟੀ ਨੇ ਉਨ੍ਹਾਂ ਨੂੰ ਕੰਡੈਮ ਕੀਤਾ ਹੈ। ਪਰ ਪਿਛਲੇ ਸਮੇਂ ਵਿਚ ਜੋ ਹਵਾਈ ਜਹਾਜ਼ ਅਗਵਾ ਹੋਏ ਅਤੇ ਜੋ ਕਤਲ ਹੋਏ, ਜੋ ਬੰਬ ਸੁੱਟੇ ਗਏ, ਉਨ੍ਹਾਂ ਨੂੰ ਵੀ ਕੰਡੈਮ ਕਰਨਾ ਚਾਹੀਦਾ ਹੈ। ਪਰ ਉਹ ਕੰਡੈਮ ਕਰਨ ਦੀ ਬਜਾਏ 4 ਅਗਸਤ ਤੋਂ ਮੋਰਚਾ ਲਾ ਕੇ ਬੈਠ ਗਏ। ਇਸ ਤਰ੍ਹਾਂ ਉਨ੍ਹਾਂ ਨੇ ਅੱਤਵਾਦੀ ਤਾਕਤਾਂ ਨੂੰ ਪਨਪ ਕੀਤਾ ਹੈ। ਅਜਿਹੀਆਂ ਤਾਕਤਾਂ ਦੇ ਖ਼ਿਲਾਫ ਡਟਕੇ ਲੜਨਾ ਚਾਹੀਦਾ ਹੈ ਤਾਂਕਿ ਸਾਡਾ ਜਮਹੂਰੀ ਢਾਂਚਾ ਜਿਹੜਾ ਕਮਜ਼ੋਰ ਹੋ ਰਿਹਾ ਹੈ ਉਹ ਮਜ਼ਬੂਤ ਕੀਤਾ ਜਾ ਸਕੇ।

ਪਿਛਲੇ ਸਮੇਂ ਵਿਚ ਜੋ ਕੁਝ ਹੋਇਆ ਹੈ ਉਸ ਤੋਂ ਸਾਡੀ ਸਰਕਾਰ ਬਰੀ ਨਹੀਂ ਹੋ ਸਕਦੀ। ਸਰਕਾਰ ਦਾ ਵੀ ਕੁਝ ਫਰਜ਼ ਬਣਦਾ ਹੈ। ਸਰਕਾਰ ਨੂੰ ਕੀ ਕਰਨਾ ਚਾਹੀਦਾ ਸੀ? ਪਿਛਲੇ ਸਮੇਂ ਵਿਚ ਜਦ ਇਕ ਪਾਸੇ ਇਹ ਅੱਤਵਾਦੀ ਤਾਕਤਾਂ ਮਜ਼ਬੂਤ ਹੋ ਰਹੀਆਂ ਸਨ ਤਾਂ ਉਦੋਂ ਅਮਨ ਕਮੇਟੀ ਦੀਆਂ ਮੀਟਿੰਗਾਂ ਹੋਈਆਂ। ਉਸ ਸਮੇਂ ਦੌਰਾਨ ਜਨਸੰਘ ਅਤੇ ਆਰ. ਐਸ .ਐਸ. ਵਾਲੇ ਜਿਹੜੇ ਹਨ ਉਨ੍ਹਾਂ ਨੇ ਪੰਜਾਬ ਵਿਚ ਫਤੂਰ ਪਾਉਣ ਦੀ ਕੋਸ਼ਿਸ਼ ਕੀਤੀ। ਦਲ ਖਾਲਸਾ ਨੇ ਕਿਹਾ ਕਿ ਜੇ 13 ਅਪ੍ਰੈਲ ਤਕ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਸੀਂ ਗਊਆਂ ਦੇ ਸਿਰ ਵੱਢਾਂਗੇ। ਪਰ ਇਸ ਤੇ ਸਰਕਾਰ ਨੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਤੁਫਰਕੇ ਦੀ ਭਾਵਨਾ ਨੂੰ ਉਤੇਜਤ ਕੀਤਾ ਅਤੇ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕੀਤਾ। ਗਊਆਂ ਦੇ ਸਿਰ ਵੱਢੇ ਗਏ ਅਤੇ ਮੰਦਰਾਂ ਅੱਗੇ ਸੁੱਟੇ ਗਏ। ਇਸ ਤਰ੍ਹਾਂ

* * Expunged as ordered by the Chair.

Original with;
Punjab Vidhan Sabha
Digitized by;
Panjab Digital Library

ਤੁਫਰਕੇ ਦੀ ਭਾਵਨਾ ਨੂੰ ਉਤੇਜਤ ਕੀਤਾ। ਦੂਜੇ ਪਾਸੇ ਆਰ.ਐਸ.ਐਸ. ਕਹਿੰਦਾ ਰਿਹਾ ਕਿ ਅਸੀਂ ਅਮਨ ਚਾਹੁੰਦੇ ਹਾਂ ਪਰ ਇਸ ਦੇ ਉਲਟ ਉਹ ਹਿੰਦੂਆਂ ਦੇ ਜਲੂਸ ਦੀ ਅਗਵਾਈ ਕਰਦੇ ਰਹੇ ਅਤੇ ਗੁਰਦਵਾਰਿਆਂ ਵਿਚ ਸਿਗਰਟਾਂ ਸੁੱਟੀਆਂ ਗਈਆਂ। ਇਸ ਤਰ੍ਹਾਂ ਹਿੰਦੂ ਸਿੱਖ ਏਕਤਾ ਦੀ ਭਾਵਨਾ ਨੂੰ ਠੇਸ ਪਹੁੰਚਦੀ ਹੈ। ਸਾਨੂੰ ਇਨ੍ਹਾਂ ਤਾਕਤਾਂ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਡਟਕੇ ਉਨ੍ਹਾਂ ਦੇ ਖਿਲਾਫ ਲੜਨਾ ਪਵੇਗਾ। ਇਸ ਤਰ੍ਹਾਂ ਕਰਕੇ ਹੀ ਪੰਜਾਬ ਵਿਚ ਅਮਨ ਕਾਇਮ ਕੀਤਾ ਜਾ ਸਕੇਗਾ। ਸਰਕਾਰ ਨੇ ਪਿਛਲੇ ਸਮੇਂ ਵਿਚ ਇਲੈਕਸ਼ਨਾਂ ਵਿਚ ਭਿੰਡਰਾਂ ਵਾਲੇ ਨੂੰ ਵਰਤਿਆ। ਇਹ ਹਮੇਸ਼ਾ ਹੀ ਪਿਛਲੇ ਸਮੇਂ ਦੇ ਵਿੱਚ ਫਿਰਕੂ ਲਹਿਰਾਂ ਨੂੰ ਉਤਸ਼ਾਹ ਦੇਂਦੇ ਰਹੇ ਹਨ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਡੱਟ ਕੇ ਇਹਨਾਂ ਅੱਤ-ਵਾਦੀਆਂ, ਇਹਨਾਂ ਵੱਖਵਾਦੀਆਂ ਦਾ ਟਾਕਰਾ ਕਰੇ। ਸਰਕਾਰ ਜਿਹੜੀ ਹੈ ਜੇ ਇਨ੍ਹਾਂ ਤਾਕਤਾਂ ਦਾ ਕੋਈ ਹੱਲ ਨਹੀਂ ਸੋਚੇਗੀ ਤਾਂ ਇਹ ਸਰਕਾਰ ਬੱਚ ਨਹੀਂ ਸਕਦੀ। ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਲੀਡਰਸ਼ਿਪ ਕਾਇਮ ਕਰਨ ਵਿੱਚ ਇਨ੍ਹਾਂ ਨੂੰ ਚਾਹੀਦਾ ਸੀ ਕਿ ਡੱਟ ਕੇ ਮੁਕਾਬਲੇ ਕਰਦੇ, ਉਸਦੀ ਮੁਖਾਲਫ਼ਤ ਕਰਦੇ। ਪੰਜਾਬ ਵਿੱਚ ਸਾਡੀ ਕਮਿਊਨਿਸਟ ਪਾਰਟੀ ਹੀ ਇੱਕੋ ਇੱਕ ਪਾਰਟੀ ਹੈ ਜਿਸ ਨੇ ਪਿਛਲੇ ਸਮੇਂ ਵਿੱਚ ਇਨ੍ਹਾਂ ਦੇ ਖ਼ਿਲਾਫ਼ ਡੱਟ ਕੇ ਲੜਾਈ ਲੜੀ। ਅਸੀਂ ਇਨ੍ਹਾਂ ਤਾਕਤਾਂ ਦੇ ਖਿਲਾਫ਼ ਆਪਣਾ ਇਕ ਹਫਤਾ ਮਨਾਇਆ ਸੀ ਤਾਂ ਕਿ ਅੱਤਵਾਦੀ, ਵੱਖਵਾਦੀ ਲੋਕਾਂ ਨਾਲ ਕਿਸੇ ਤਰ੍ਹਾਂ ਨਜਿੱਠਿਆ ਜਾ ਸਕੇ। ਪਰ ਇਹ ਸਰ-ਕਾਰ ਇਨ੍ਹਾਂ ਮਸਲਿਆ ਦੇ ਬਾਰੇ ਕੋਈ ਮੁਹਿੰਮ ਨਹੀਂ ਚਲਾ ਸਕੀ। ਅਸੀਂ ਹਰ ਸਮੇਂ ਲੋਕਾਂ ਵਿਚ ਜਾ ਕੇ ਉਨ੍ਹਾਂ ਨੂੰ ਇਨ੍ਹਾਂ ਦੇ ਗਲਤ ਕਾਰਨਾਮਿਆਂ ਬਾਰੇ ਸੁਚੇਤ ਕਰਦੇ ਹਾਂ। ਪੰਜਾਬ ਵਿੱਚ ਜੋ ਕੁਝ ਵੀ ਵਾਪਰਦਾ ਹੈ ਇਸ ਸਰਕਾਰ ਨੂੰ ਇਸ ਬਾਰੇ ਵਾਈਟ ਪੇਪਰ ਛਾਪਣਾ ਚਾਹੀਦਾ ਹੈ ਤਾਂ ਕਿ ਆਮ ਜਨਤਾ ਨੂੰ ਪਤਾ ਲੱਗ ਜਾਵੇ ਕਿ ਪੰਜਾਬ ਵਿੱਚ ਕਿੱਥੇ ਕਿੱਥੇ ਕੀ ਮਾੜੇ ਕੰਮ, ਕਾਰਨਾਮੇ ਹੋ ਰਹੇ ਹਨ ਅਤੇ ਇਸ ਨੂੰ ਕਰਨ ਵਾਲਾ ਕੌਣ ਹੈ? ਸਾਡੀ ਪਾਰਟੀ ਦੇ ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਨੇ ਇਨ੍ਹਾਂ ਦੇ ਖਿਲਾਫ਼ ਡਟ ਕੇ ਆਵਾਜ਼ ਉਠਾਈ। ਇਹ ਜਿਹੜੇ ਅੱਤਵਾਦੀ ਅਤੇ ਵੱਖਵਾਦੀ ਹਨ ਇਹ ਸਾਡੇ ਦੇਸ਼ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਇਹ ਸਾਡੇ ਦੇਸ਼ ਵਿਚ ਆਪਸੀ ਫੁੱਟ ਪਾ ਕੇ ਆਪਣਾ ਮਨੋਰਥ ਸਿੱਧ ਕਰਨਾ ਚਾਹੁੰਦੇ ਹਨ, ਪਰ ਸਰਕਾਰ ਇਸ ਬਾਰੇ ਕੁਝ ਨਹੀਂ ਕਰ ਸਕੀ। ਸਰਕਾਰ ਨੂੰ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿ ਕਿਵੇਂ ਇਨ੍ਹਾਂ ਤੋਂ ਬਚਿਆ ਜਾਵੇ। ਪਿੱਛੇ ਜਿਹੇ 20 ਬੰਦੇ ਮਾਰੇ ਗਏ। ਉਨ੍ਹਾਂ ਤੇ ਕੋਈ ਕੇਸ ਨਹੀਂ ਚਲਾਇਆ। ਕੋਈ ਅਦਾਲਤੀ ਜਾਂਚ ਨਹੀਂ ਕਰਵਾਈ ਗਈ। ਇਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੈ। 1968 ਤੋਂ ਮਗਰੋਂ ਜਿੰਨੇ ਕਤਲ ਹੋਏ ਹਨ ਉਹ ਇਨ੍ਹਾਂ ਨੇ ਸਾਰੇ ਨਕਸਲਵਾੜੀਆਂ ਦੇ ਨਾਂ ਲਾ ਦਿੱਤੇ। ਸਰਕਾਰ ਨੇ 33 ਬੰਦੇ ਆਪਣੀ ਹਿਰਾਸਤ ਵਿੱਚ ਰੱਖੇ। ਉਨ੍ਹਾਂ ਬੰਦਿਆਂ ਨੂੰ ਮਾਰਿਆ ਗਿਆ। ਜੇਕਰ ਸਰਕਾਰ ਵਿੱਚ ਕੋਈ ਦਮ ਹੈ ਤਾਂ ਸਰਕਾਰ ਇਨ੍ਹਾਂ ਦੀ ਪੜਤਾਲ ਕਰਾਵੇ, ਜਿਹੜੇ ਦੋਸ਼ੀ ਹਨ ਉਨ੍ਹਾਂ ਨੂੰ ਨੰਗਾ ਕਰੇ। ਉਨ੍ਹਾਂ ਤੇ ਕੇਸ ਚਲਾਵੇ। ਕੇਸ ਚਲਾ ਕੇ ਬੇਸ਼ੱਕ ਫਾਂਸੀ ਦੀ ਸਜ਼ਾ ਹੋਵੇ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਦੋਸ਼ੀ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਜੇ ਦੋਸ਼ੀ ਨੂੰ ਸਜ਼ਾ ਨਾ ਮਿਲੇ ਤਾਂ ਇਸ ਨਾਲ ਉਨ੍ਹਾਂ ਦਾ ਹੌਸਲਾ ਹੋਰ ਵਧਦਾ ਹੈ। ਅਸੀਂ ਪਿਛਲੇ ਸਮੇਂ ਦੇ ਵਿੱਚ ਇਨ੍ਹਾਂ ਅੱਤਵਾਦੀਆਂ ਨਾਲ ਲੜਦੇ ਰਹੇ ਹਾਂ। ਹੁਣ ਸੰਗਰੂਰ ਵਿਚ ਇਨ੍ਹਾਂ ਨੇ ਦਫ਼ਾ 144 ਲਗਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਦਿੱਤੀ ਹੈ । ਸਾਨੂੰ ਬੋਲਣ ਦਾ ਕੋਈ ਅਧਿਕਾਰ ਨਹੀਂ ਹੈ । ਅਸੀਂ ਜਲਸੇ ਨਹੀਂ ਕਰ ਸਕਦੇ. ਅਸੀਂ ਕੋਈ ਜਲੂਸ ਨਹੀਂ ਕੱਢ ਸਕਦੇ । ਮੈਂ ਡਿਸਟ੍ਰਿਕਟ ਮੈਜਿਸਟ੍ਰੇਟ ਕੋਲ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਕੋਈ ਆਗਿਆ ਤਾਂ ਨਹੀਂ ਦੇ ਸਕਦੇ । ਤੁਸੀਂ ਆਪਣੇ ਰਿਸਕ ਤੇ ਜੋ ਚਾਹੋ ਕਰੀ ਜਾਵੋ ।

ਮੈਂ ਇਥੇ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਪਿੱਛੇ ਜਿਹੇ ਇਸ ਮਹੀਨੇ ਦੀ ਚਾਰ ਤਾਰੀਖ਼ ਨੂੰ ਧਨੌਲਾ ਪਿੰਡ ਵਿਖੇ ਬੋਲ ਰਿਹਾ ਸੀ । ਉਸ ਵੇਲੇ ਵੀ ਅੱਤਵਾਦੀਆਂ ਨੇ ਉਥੇ ਫਾਇਰ ਕੀਤੇ । ਅਸੀਂ ਆਪਣੇ ਨਿਸ਼ਚੇ ਨਾਲ ਤੁਰੇ ਹਾਂ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਕੱਢਣਾ ਹੈ । ਇਹ ਸਾਡੇ ਬੜੇ ਜ਼ਰੂਰੀ ਕੰਮ ਹਨ ਜਿਹੜੇ ਅਸੀਂ ਕਰਨੇ ਹਨ । ਪਰ ਸਰਕਾਰ ਕੋਈ ਕੰਮ ਕਰ ਹੀ ਨਹੀਂ ਰਹੀ । ਇਹ ਆਪਸ ਵਿਚ ਹੀ ਲੜੀ ਜਾਂਦੇ ਹਨ । ਪੰਜਾਬ ਦੇ ਕਈ ਮਸਲੇ ਹਨ । ਪੰਜਾਬ ਦੇ ਅਮਨ ਦਾ ਮਸਲਾ ਹੈ, ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਹੈ, ਚੰਡੀਗੜ੍ਹ ਦਾ ਮਸਲਾ ਹੈ । ਇਸੇ ਤਰ੍ਹਾਂ ਹੀ ਪੰਜਾਬ ਦੀਆਂ ਹੋਰ ਕਈ ਜ਼ਰੂਰੀ ਮੰਗਾਂ ਹਨ । ਜੇ ਅਸੀਂ ਅੱਤਵਾਦੀ, ਫਿਰਕੂ ਤਾਕਤਾਂ ਨੂੰ ਨਾ ਰੋਕਿਆ ਤਾਂ ਉਹ ਆਪਣਾ ਮਨੋਰਥ ਸਿੱਧ ਕਰਨ ਵਿੱਚ ਸਫ਼ਲ ਹੋ ਜਾਣਗੀਆਂ ਅਤੇ ਸਾਡੀ ਏਕਤਾ ਨੂੰ ਭੰਗ ਕਰ ਦੇਣਗੀਆਂ । ਸਰਕਾਰ ਨੂੰ ਪਿਛਲੇ ਸਮੇਂ ਵਿੱਚ ਚਾਹੀਦਾ ਸੀ ਕਿ ਇਨ੍ਹਾਂ ਨੂੰ ਆਈਸੋਲੇਟ ਕਰਦੀ । ਇਹ ਪੰਜਾਬ ਵਿੱਚ ਹਿੰਦੂ ਸਿੱਖਾਂ ਦੇ ਫਸਾਦ ਕਰਾ ਰਹੇ ਹਨ । ਪਾਣੀਆਂ ਪਿੱਛੇ ਝਗੜੇ ਪੈਂਦੇ ਹਨ। ਮੈਂ ਪੁੱਛਦਾ ਹਾਂ ਕਿ ਜੇ ਸਿੱਖ ਨੇ ਪਾਣੀ ਲਾਉਣਾ ਹੈ ਤਾਂ ਚੋਧਰੀ ਕਾਂਸ਼ੀ ਰਾਮ ਨੇ ਵੀ ਪਾਣੀ ਲਾਉਣਾ ਹੈ। ਪਾਣੀਆਂ ਦੀ ਵੰਡ ਬਾਰੇ ਸੁਪਰੀਮ ਕੋਰਟ ਦਾ ਕੋਈ ਜੱਜ ਲਾ ਦਿੱਤਾ ਜਾਵੇ ਜੋ ਇਸ ਦੀ ਪੜਤਾਲ ਕਰੇ । ਅਸੀਂ ਗਵਰਨਰ ਸਾਹਿਬ ਨੂੰ ਵੀ ਮਿਲੇ ਸੀ ਕਿ ਗੋਦਾਵਰੀ ਦਾ ਜੋ ਪਾਣੀ ਦਾ ਮਸਲਾ ਹੈ ਇਸ ਕੇਸ ਨੂੰ ਨਜਿੱਠ ਲਿਆ ਜਾਵੇ ਪਰ ਇਹ ਕੋਈ ਕਰਨ ਲਈ ਤਿਆਰ ਹੀ ਨਹੀਂ । ਪੰਜਾਬ ਦੇ ਮਸਲੇ ਹਨ । ਇਨ੍ਹਾਂ ਦੀ ਡੀਵੈਲਪਮੈਂਟ ਦਾ ਸਵਾਲ ਹੈ। ਇਸ ਵੱਲ ਖਾਸ ਤਵਜੋ ਦੇਣ ਦੀ ਲੋੜ ਹੈ। ਇਨ੍ਹਾਂ ਦੇ ਹੋਰ ਵੀ ਕਈ ਮਸਲੇ ਹਨ। ਪੰਜਾਬੀ ਸਪੀਕਿੰਗ ਏਰੀਆ ਹੈ ਕੌਣ ਕਹਿੰਦਾ ਹੈ ਕਿ ਇਹ ਪੰਜਾਬ ਵਿਚ ਸ਼ਾਮਲ ਨਾ ਕੀਤਾ ਜਾਵੇ । ਪਿੰਡ ਨੂੰ ਆਧਾਰ ਮੰਨ ਕੇ, ਇਕਾਈ ਮੰਨ ਕੇ ਪੰਜਾਬੀ ਸਪੀਕਿੰਗ ਇਲਾਕੇ ਪੰਜਾਬ ਵਿੱਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ । ਇਸ ਤੋਂ ਇਲਾਵਾ ਭਾਖੜਾ ਮੈਨੇਜਮੈਂਟ ਦਾ ਮਸਲਾ ਹੈ, ਇਸ ਮਸਲੇ ਨੂੰ ਸਰਕਾਰ ਨੂੰ ਫੌਰੀ ਤੌਰ ਤੇ ਹੱਲ ਕਰਨਾ ਚਾਹੀਦਾ ਹੈ । ਸਾਡੀ ਹਿੰਦੁਸਤਾਨ ਦੀ ਸਰਕਾਰ ਨੂੰ, ਪੰਜਾਬ ਦੀ ਸਰਕਾਰ ਨੂੰ ਇਸ ਵੱਲ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਸੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਨੂੰ ਦੇਸ਼ ਦੀਆਂ ਸਾਰੀਆਂ ਪਾਰਟੀਆਂ ਦੀ ਇੱਕ ਮੀਟਿੰਗ ਬੁਲਾ ਕੇ ਉਨ੍ਹਾਂ ਦੇ ਮਸਲਿਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਹੱਲ ਲੱਭਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਅੱਤਵਾਦੀਆਂ ਅਤੇ ਵੱਖਵਾਦੀਆਂ ਦੀਆਂ ਕਾਰਵਾ-ਈਆਂ ਨੂੰ ਰੋਕਿਆ ਜਾ ਸਕੇ ਜੋ ਕਿ ਸਾਡੇ ਦੇਸ਼ ਦੀ ਡੀਵੈਲਪਮੈਂਟ ਵਿਚ ਬੰਨ੍ਹ ਮਾਰੀ ਬੈਠੀਆਂ ਹਨ । ਇਨ੍ਹਾਂ ਤਾਕਤਾਂ ਨੂੰ ਆਈਸੋਲੇਟ ਕਰਨਾ ਚਾਹੀਦਾ ਹੈ ਅਤੇ ਜੋ ਲੋਕਾਂ ਦੀਆਂ ਜਾਇਜ਼ ਮੰਗਾਂ ਹਨ ਉਨ੍ਹਾਂ ਨੂੰ ਪਰਵਾਨ ਕੀਤਾ ਜਾਣਾ ਚਾਹੀਦਾ ਹੈ ਤਾਂ ਹੀ ਇਹ ਅੱਤਵਾਦੀ ਲੋਕਾਂ ਦੇ ਪੰਜੇ ਵਿੱਚੋਂ ਨਿਕਲਣਗੇ ਨਹੀਂ ਤਾਂ ਅੱਤਵਾਦੀਆਂ ਨੂੰ ਹੱਲਾਸ਼ੇਰੀ ਮਿਲਦੀ ਹੈ, ਉਨ੍ਹਾਂ ਨੂੰ ਸ਼ਹਿ ਮਿਲਦੀ ਹੈ । ਜਿਹੜੀਆਂ ਇਸ ਸਰਕਾਰ ਨੇ ਗ੍ਰਿਫਤਾਰੀਆਂ ਕੀਤੀਆਂ ਹਨ, ਇਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ । ਜੇ ਅਸੀਂ ਸਹੀ ਅਰਥਾਂ ਵਿੱਚ ਆਪਣੇ ਮਨੋਰਥ ਵਿੱਚ ਸਫ਼ਲ

Original with;
Punjab Vidhan Sabha
Digitized by;
Panjab Digital Library

ਹੋਣਾ ਚਾਹੁੰਦੇ ਹਾਂ, ਆਪਣੇ ਦੇਸ਼ ਦੀ ਪੰਜਾਬ ਦੀ ਡੀਵੈਲਪਮੈਂਟ ਕਰਨੀ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਅੱਤਵਾਦੀਆਂ ਨੂੰ ਜ਼ਰੂਰ ਆਈਸੋਲੇਟ ਕਰਨਾ ਪਵੇਗਾ । ਜੇ ਅਸੀਂ ਅਜਿਹਾ ਨਾ ਕਰ ਸਕੇ ਤਾਂ ਇਹ ਸਾਮਰਾਜੀ ਮਨਸੂਬੇ ਹਿੰਦੁਸਤਾਨ ਦੀ ਏਕਤਾ ਨੂੰ ਟੋਟੇ ਟੋਟੇ ਕਰਨ ਵਿੱਚ ਕਾਮਯਾਬ ਹੋ ਜਾਣਗੇ । ਪਾਕਿਸਤਾਨ ਨੂੰ ਹਥਿਆਰ ਦਿੱਤੇ ਜਾ ਰਹੇ ਹਨ । ਉਹ ਲੰਕਾ ਵਿਚ ਆਪਣੇ ਹਵਾਈ ਅੱਡੇ ਬਣਾਈ ਜਾ ਰਹੇ ਹਨ। ਬੰਗਲਾ ਦੇਸ਼ ਵਿਚ ਆਪਣੀ ਫੌਜੀ ਸਰਕਾਰ ਉਨ੍ਹਾਂ ਨੇ ਬਣਾਈ ਹੈ । ਸਾਡੇ ਦੇਸ਼ ਦੀ ਏਕਤਾ ਨੂੰ ਤੋੜਨ ਵਿਚ ਬਦੇਸ਼ੀ ਤਾਕਤਾਂ ਆਪਣਾ ਹਿੱਸਾ ਪਾ ਰਹੀਆਂ ਹਨ ।

**ਸ੍ਰੀ ਡਿਪਟੀ ਸਪੀਕਰ:** ਹੁਣ ਵਾਈਂਡ ਅੱਪ ਕਰੋ ਜੀ ।

**ਮਾਸਟਰ ਚੰਦ ਸਿੰਘ:** ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਾਡੇ ਦੇਸ਼ ਵਿਚ ਬਹੁਤ ਵੱਡਾ ਜੰਗੀ ਖ਼ਤਰਾ ਹੈ ਇਸ ਨੂੰ ਟਾਲਿਆ ਜਾ ਸਕਦਾ ਹੈ, ਜੇ ਅਸੀਂ ਸਾਰੇ ਅਮਨ ਪਸੰਦ ਲੋਕ, ਜਮਹੂਰੀ ਲੋਕ, ਇਕੱਠੇ ਹੋ ਕੇ ਉਨ੍ਹਾਂ ਦਾ ਮੁਕਾਬਲਾ ਕਰੀਏ ਨਹੀਂ ਤਾਂ ਸਾਡੇ ਦੇਸ਼ ਵਿੱਚ ਬਹੁਤ ਵੱਡਾ ਜੰਗੀ ਖਤਰਾ ਬਣਿਆ ਰਹੇਗਾ। ਪੰਜਾਬ, ਤ੍ਰਿਪੁਰਾ, ਗੁਜਰਾਤ, ਤਾਮਿਲਨਾਡੂ ਹਰ ਥਾਂ ਤੇ ਇਹ ਅੱਤਵਾਦੀ ਸ਼ਕਤੀਆਂ ਸਾਡੀ ਜਮਹੂਰੀ ਲਹਿਰ ਨੂੰ ਖ਼ਤਮ ਕਰ ਰਹੀਆਂ ਹਨ । ਇਨ੍ਹਾਂ ਲੋਕਾਂ ਨੂੰ ਅੱਡ ਕਰਨਾ ਪਵੇਗਾ । ਜੇਕਰ ਸਰਕਾਰ ਆਪਣਾ ਫਰਜ਼ ਪੂਰਾ ਕਰੇ ਤਾਂ ਹੀ ਇਨ੍ਹਾਂ ਲੋਕਾਂ ਨੂੰ ਦਬਾਇਆ ਜਾ ਸਕਦਾ ਹੈ । ਅੰਤ ਵਿੱਚ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ।

**ਸਰਦਾਰ ਬੀਰ ਦਵਿੰਦਰ ਸਿੰਘ (ਸਰਹਿੰਦ):** ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਬੜੇ ਅਹਿਮ ਮਸਲੇ ਤੇ ਵਿਚਾਰ ਕਰ ਰਹੇ ਹਾਂ ਔਰ ਮੇਰੇ ਤੋਂ ਪਹਿਲਾਂ ਕਾਮਰੇਡ ਰਾਜ ਕੁਮਾਰ ਜੀ ਨੇ ਇਸ ਬਾਰੇ ਬੜਾ ਕੁਝ ਸਪਸ਼ਟ ਕਿਹਾ ਹੈ। ਮੇਰੇ ਦੋਸਤ ਸਰਦਾਰ ਗੁਰਨੈਬ ਸਿੰਘ ਬਰਾੜ ਹੋਰਾਂ ਨੇ ਬਹੁਤ ਅੱਛੇ ਢੰਗ ਨਾਲ ਔਰ ਮਾਸਟਰ ਚੰਦ ਸਿੰਘ ਹੋਰਾਂ ਨੇ ਦੋਨੋਂ ਪਾਸੇ ਦੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਤੋਂ ਪਹਿਲਾਂ ਕਿ ਮੈਂ ਐਸੇ ਨਾਜ਼ੁਕ ਮਸਲੇ ਨੂੰ ਛੂਹਾਂ, ਮੈਂ ਇਹ ਗੱਲ ਨਜ਼ਰ ਕਰ ਦੇਣੀ ਚਾਹੁੰਦਾ ਹਾਂ ਕਿ ਮੇਰੇ ਨਾਂ ਤੋਂ ਤੁਸੀਂ ਸਾਰੇ ਵਾਕਫ ਹੋ। ਮੇਰਾ ਹਲਕਾ ਸਰਹਿੰਦ ਹੈ । ਚੋਣਾਂ ਵਿੱਚ ਵੋਟਾਂ ਜੋ ਮੈਨੂੰ ਪਈਆਂ ਉਹ ਤਕਰੀਬਨ 50 ਹਜ਼ਾਰ ਸਨ। ਉਨ੍ਹਾਂ ਵਿੱਚੋਂ 15 ਹਜ਼ਾਰ ਹਿੰਦੂ ਵੋਟਾਂ ਸਨ ਅਤੇ 35 ਹਜ਼ਾਰ ਦੇ ਲਗਭਗ ਸਿੱਖ ਵੋਟ ਪਏ ਸਨ । ਮੈਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਰਜਿਸਟਰਡ ਵੋਟਰ ਹਾਂ । ਇਸ ਵਾਸਤੇ ਸਿੱਖ ਪੰਥ ਨਾਲ ਸਬੰਧਤ ਮਸਲੇ ਚਾਹੇ ਉਹ ਸਿੱਖ ਇਤਿਹਾਸ ਨਾਲ ਬਾਵਸਤਾ ਹੋਣ, ਚਾਹੇ ਉਹ ਸਿੱਖ ਸਕਰਿਪਚਰ ਨਾਲ ਬਾਵਸਤਾ ਹੋਣ, ਚਾਹੇ ਉਹ ਸਿੱਖ ਪ੍ਰੰਪਰਾਵਾਂ ਨਾਲ ਬਾਵਸਤਾ ਹੋਣ ਅਤੇ ਚਾਹੇ ਅੰਮ੍ਰਿਤਧਾਰੀ ਸਿੱਖਾਂ ਦੀਆਂ ਪ੍ਰੰਪਰਾਵਾਂ ਨਾਲ ਬਾਵਸਤਾ ਹੋਣ, ਉਨ੍ਹਾਂ ਸਾਰਿਆਂ ਤੇ ਮੈਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਪੂਰਨ ਅਧਿਕਾਰ ਹੈ । ਇਹ ਮੈਂ ਇਸ ਕਰਕੇ ਕਿਹਾ ਹੈ ਕਿ ਹੁਣ ਤਕ ਇਹ ਖਿਆਲ ਕੀਤਾ ਜਾਂਦਾ ਰਿਹਾ ਹੈ ਕਿ ਸਿੱਖਾਂ ਦੇ ਮਸਲਿਆਂ ਤੇ ਗੱਲ ਕਰਨ ਦਾ ਅਧਿਕਾਰ, ਅੰਮ੍ਰਿਤਧਾਰੀਆਂ ਦੀਆਂ ਪ੍ਰੰਪਰਾਵਾਂ ਬਾਰੇ ਗਲ ਕਰਨ ਦਾ ਅਧਿਕਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਸ਼੍ਰੋਮਣੀ ਅਕਾਲੀ ਦਲ ਨੂੰ ਹੀ ਹੈ, ਹੋਰ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਪਿਛਲੇ ਸਵਾ ਕੁ ਸਾਲ ਵਿੱਚ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਦੀ ਪੁਰਜ਼ੋਰ ਨਿੰਦਾ ਕਰਨ ਲਈ ਗਲ ਕਰ ਰਹੇ ਹਾਂ ਔਰ ਅੱਜ ਇਹ ਰੇਜ਼ੋਲਿਊਸ਼ਨ ਇਨ੍ਹਾਂ ਵਾਪਰੀਆਂ ਘਟਨਾਵਾਂ ਦੀ ਪੁਰਜ਼ੋਰ ਨਿੰਦਾ ਕਰਨ ਲਈ ਤਿੰਨ ਪਾਰਟੀਆਂ ਵਲੋਂ ਪੇਸ਼ ਕੀਤਾ ਗਿਆ ਹੈ। ਲਾਲਾ ਜਗਤ ਨਾਰਾਇਣ ਹੋਰਾਂ ਦੇ ਕਤਲ ਤੋਂ ਲੈ ਕੇ ਅੱਜ ਤਕ ਜੋ ਕੁਝ ਪੰਜਾਬ ਵਿੱਚ ਹੋਇਆ ਹੈ ਉਸ ਦੇ ਵਿੱਚ ਕਿਹੜੀ ਕਿਹੜੀ ਪਾਰਟੀ ਦਾ ਕਿਸ ਕਿਸਮ ਦਾ ਰੋਲ ਰਿਹਾ, ਇਹ ਡਿਸਕਸ ਕਰਨਾ ਜ਼ਰੂਰੀ ਹੈ ਔਰ ਇਹ ਠੀਕ ਸਮਾਂ ਹੈ ਜਦੋਂ ਕਿ ਸਾਨੂੰ ਇਸ ਮਸਲੇ ਤੇ ਇਕ ਕੰਸਟੀਚਿਊਸ਼ਨਲ ਫੋਰਮ ਤੇ ਖੜੇ ਹੋ ਕੇ ਸਾਨੂੰ ਵਿਚਾਰ ਕਰਨੀ ਚਾਹੀਦੀ ਸੀ। ਮੈਂ ਧੰਨਵਾਦੀ ਹਾਂ ਆਪ ਸਭ ਦਾ ਕਿ ਆਪ ਨੇ ਇਸ ਮਸਲੇ ਤੇ ਸਾਨੂੰ ਬਹਿਸ ਕਰਨ ਦਾ ਮੌਕਾ ਦਿਤਾ ਹੈ। ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਵਿਚ ਇਕ ਪਾਰਟੀ ਨਹੀਂ, ਦੋ ਪਾਰਟੀਆਂ ਨੇ ਮੋਰਚਾ ਲਗਾਇਆ ਹੈ। ਇਕ ਦਿੱਲੀ ਨੂੰ ਜਾਂਦੇ ਹਨ ਅਤੇ ਦੂਸਰੇ ਅੰਮ੍ਰਿਤਸਰ ਨੂੰ ਜਾਂਦੇ ਹਨ। ਹੁਣ ਸ਼ਾਇਦ ਦਿੱਲੀ ਵਾਲੇ ਦਿੱਲੀ ਤੋਂ ਪਰਤ ਕੇ ਮੁੜ ਅੰਮ੍ਰਿਤਸਰ ਨੂੰ ਜਾਣ ਵਾਲੇ ਹਨ। ਦੋਵਾਂ ਦਾ ਇਹ ਵਾਵਰੋਲਾ ਹੈ ਕਿ ਪੰਜਾਬ ਵਿੱਚ ਸਿੱਖਾਂ ਨਾਲ ਜ਼ੁਲਮ ਹੋ ਰਿਹਾ ਹੈ, ਪੰਜਾਬ ਵਿੱਚ ਸਿੱਖਾਂ ਨਾਲ ਧੱਕਾ ਹੋ ਰਿਹਾ ਹੈ, ਅੰਮ੍ਰਿਤਧਾਰੀ ਸਿੱਖਾਂ ਤੇ ਜ਼ੁਲਮ ਹੋ ਰਿਹਾ ਹੈ ਅੰਮ੍ਰਿਤਧਾਰੀਆਂ ਦੀਆਂ ਪ੍ਰੰਪਰਾਵਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਔਰ ਸਿੱਖੀ ਪ੍ਰਸਾਰ ਨੂੰ ਸਰਕਾਰੀ ਤੌਰ ਤੇ ਰੋਕਣ ਲਈ ਹੀਲੇ ਵਸੀਲੇ ਕੀਤੇ ਜਾ ਰਹੇ ਹਨ। ਦੋਵੇਂ ਹੀ ਵੱਖ ਵੱਖ ਤੌਰ ਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਪੂਰਾ ਕਰਨ ਲਈ ਜੱਦੋ ਜਹਿਦ ਕਰ ਰਹੇ ਹਨ। ਅਕਾਲੀ ਦੱਲ (ਟੀ) ਵੀ ਅਤੇ ਅਕਾਲੀ ਦੱਲ (ਐਲ) ਵੀ ਦੋਨੋਂ ਹੀ ਇਸ ਦੀ ਜੱਦੋ ਜਹਿਦ ਕਰ ਰਹੇ ਹਨ। ਦੋਹਾਂ ਦੇ ਮਤੇ ਵੱਖੋ ਵੱਖਰੇ ਹਨ। ਅਕਾਲੀ ਦਲ (ਟੀ) ਦਾ ਮਤਾ ਕੁਝ ਹੋਰ ਹੈ ਅਤੇ ਅਕਾਲੀ ਦਲ (ਐਲ) ਦਾ ਕੁਝ ਹੋਰ ਹੈ ਪਰ ਦੋਨਾਂ ਦੀ ਗਲ ਘੁੰਮ ਘੁੰਮਾ ਕੇ ਇਕੋ ਥਾਂ ਤੇ ਆ ਅੱਪੜਦੀ ਹੈ। ਤਲਵੰਡੀ ਸਾਹਿਬ ਦਾ ਜੋ ਮਤਾ ਹੈ ਉਸ ਵਿੱਚ ਬੜਾ ਕਲੀਅਰ ਕਿਹਾ ਹੈ—

> "ਉਤਰੀ ਭਾਰਤ ਵਿੱਚ ਇਕ ਅਜਿਹਾ ਸੁਤੰਤਰ ਇਲਾਕਾ ਸਥਾਪਤ ਕੀਤਾ ਜਾਵੇ ਜਿਸ ਵਿੱਚ ਸਿੱਖਾਂ ਦੇ ਹਿੱਤ ਕਾਨੂੰਨੀ ਤੌਰ ਤੇ, ਬੁਨਿਆਦੀ, ਸਰਕਾਰੀ ਨੀਤੀ ਦੇ ਤੌਰ ਤੇ, ਵਿਸ਼ੇਸ਼ ਅਤੇ ਮਹੱਤਵਪੂਰਣ ਸੰਗਤ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੋਵੇ।"

To establish a sovereign theocratic State ਜਿਸ ਵਿੱਚ ਸਿੱਖਾਂ ਦੇ ਇਕ ਸੰਗਤ ਦੇ ਰੂਪ ਵਿੱਚ ਵਿਸ਼ੇਸ਼ ਅਧਿਕਾਰ ਸ਼ਰੇਣੀ ਦੇ ਰੂਪ ਵਿੱਚ ਕੰਸਟੀਚਿਊਸ਼ਨਲ ਸੇਫ ਗਾਰਡ ਪ੍ਰੋਵਾਈਡ ਹੋਣ। (ਡਾਕਟਰ ਭਗਤ ਸਿੰਘ ਵੱਲੋਂ ਵਿਘਨ) ਸੁਤੰਤਰ ਇਲਾਕਾ ਸਥਾਪਤ ਕੀਤਾ ਜਾਵੇ ਕਿਹਾ ਹੈ। ਸੁਤੰਤਰ ਤੋਂ ਮਤਲਬ ਤੁਹਾਡਾ ਸਾਵਰਨ ਨਹੀਂ How do you translate?

ਡਾਕਟਰ ਭਗਤ ਸਿੰਘ: ਇਹ ਪੰਜਾਬੀ ਵਿਚ ਅਟਾਨਮਸ ਹੈ।

**Sardar Birdevinder Singh**: A separate sovereign State having the right of independence.

Original with;
Punjab Vidhan Sabha
Digitized by;
Panjab Digital Library

ਅਗੇ ਚਲ ਕੇ ਇਸ ਦੀ ਧਾਰਾ 3 ਵਿਚ ਲਿਖਿਆ ਹੈ—

'ਇਸ ਸੁਤੰਤਰ ਸਿਖ ਇਲਾਕੇ ਨੂੰ ਸਿਰਫ ਬਦੇਸ਼ੀ ਨੀਤੀ, ਸੁਰੱਖਿਆ ਅਤੇ ਸੰਚਾਰ ਦੇ ਮਹਿਕਮਿਆਂ ਨੂੰ ਫੈਡਰਲ ਭਾਰਤੀ ਸਰਕਾਰ ਕੋਲ ਛੱਡ ਕੇ ਆਪਣੇ ਅਤੇ ਆਪਣੇ ਸੰਵਿਧਾਨ ਬਣਾਉਣ ਦੇ ਸਾਰੇ ਬਾਕੀ ਅਧਿਕਾਰ ਦਿੱਤੇ ਜਾਣ ਅਤੇ ਘੋਸ਼ਿਤ ਕੀਤੇ ਜਾਣ ।

ਸ਼ਾਲਾ! ਅਕਾਲ ਪੁਰਖ, ਨੀਲੇ ਘੋੜੇ ਵਾਲਾ ਸਾਡੇ ਸਿਰ ਤੇ ਆਪਣਾ ਮਿਹਰ ਭਰਿਆ ਹੱਥ ਰਖੇ ।

ਕਿਹਾ ਹੈ ਕਿ ਨੀਲੇ ਘੋੜੇ ਵਾਲਾ ਸਾਡੇ ਸਿਰ ਤੇ ਆਪਣਾ ਮਿਹਰ ਭਰਿਆ ਹੱਥ ਰਖੇ, ਯਾਨੀ ਨੀਲੇ ਘੋੜੇ ਵਾਲੇ ਨੂੰ ਇਨ੍ਹਾਂ ਦੇ ਮੋਰਚਿਆਂ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਰਿਹਾ ।

ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹੇ ਜਿਹੇ ਇਤਿਹਾਸ ਵਿੱਚ, ਜਿਥੋਂ ਖਾਲਸਾ ਪੰਥ ਦੀ ਸਿਰਜਣਾ ਹੋਈ ਉਸ ਦੇ ਹਵਾਲਿਆਂ ਵਿੱਚ ਜਾਣਾ ਚਾਹੁੰਦਾ ਹਾਂ । ਆਪ ਨੂੰ ਯਾਦ ਹੈ ਇਤਹਾਸ ਤੋਂ ਵਾਕਿਫ ਲੋਕ ਜਾਣਦੇ ਹਨ ਕਿ ਜਦੋਂ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤਾਂ ਉਦੋਂ ਗੁਰੂ ਨਾਨਕ ਪਾਤਸ਼ਾਹ ਦੀ ਰਚਨਾ ਬਾਬਰਵਾਣੀ ਦਾ ਮਹੱਤਵਪੂਰਣ ਇਤਿਹਾਸ ਹੈ। Guru Nanak cried—He cried as a Power, he cried as a Leader and he cried as a Saint.

'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ' ।

ਇਥੋਂ ਤਕ ਕਿ ਗੁਰੂ ਨਾਨਕ ਪਾਤਸ਼ਾਹ ਨੇ ਰੱਬ ਨੂੰ ਵੀ ਮਿਹਣਾ ਮਾਰ ਕੇ ਕਿਹਾ—

'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ' ।

ਇਸ ਵਿਚ, ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਦੀ ਵਿਜ਼ਡਮ ਕਹੀ ਜਾਵੇ। ਇਹ ਕਹਿੰਦੇ ਹਨ ਕਿ ਸਰਦਾਰ ਦਰਬਾਰਾ ਸਿੰਘ ਬਹੁਤ ਸਖਤੀ ਕਰ ਰਿਹਾ ਹੈ । ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਬਾਬਰਵਾਣੀ ਵਿਚ ਫਰਮਾਇਆ ਹੈ—

'ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨ ਰੋਸ ਨਾ ਹੋਈ। ਜੇ ਸਕਤਾ ਸ਼ੀਂਹ ਮਾਰੇ ਪੈ ਵਗੇ ਤਾਂ ਫਿਰ ਖਸਮੇ ਰਾਸ ਨਾ ਹੋਈ ।'

ਜਿਸ ਨੂੰ ਪੰਜਾਬ ਦੇ ਲੋਕਾਂ ਨੇ ਆਪਣੀ ਸੁਰੱਖਿਆ ਦੀ ਜ਼ਿਮੇਵਾਰੀ ਸੌਂਪੀ ਹੈ ਉਸ ਦੇ ਵਿੱਚ ਜੇ ਕੋਈ ਤਕੜਾ ਤਕੜੇ ਨੂੰ ਮਾਰਦਾ ਹੈ ਤਾਂ ਇਸ ਦੇ ਵਾਸਤੇ ਰੋਸ ਨਹੀਂ ਹੋਣਾ ਚਾਹੀਦਾ।

'ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨ ਰੋਸ ਨਾ ਹੋਈ ।

ਜੇ ਟੌਹੜਾ ਸਾਹਿਬ ਤਲਵੰਡੀ ਸਾਹਿਬ ਨੂੰ ਘਸੁੰਨ ਮਾਰਨ ਅਤੇ ਤਲਵੰਡੀ ਸਾਹਿਬ ਟੌਹੜਾ ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਨੂੰ ਕੁੱਟਣ ਤਾਂ ਸਾਨੂੰ ਉਸ ਦਾ ਕੋਈ ਇਤਰਾਜ਼ ਨਹੀਂ ਕਿਉਂਕਿ ਉਹ ਦੋਨੋਂ ਤਕੜੇ ਹਨ । ਗੁਰਦੁਆਰਿਆਂ ਦੇ ਅੰਦਰ ਕਤਲ ਹੋ ਰਹੇ ਹਨ, ਗੁਰਦੁਆਰਿਆਂ ਦੇ ਅੰਦਰ ਬੰਬ ਚਲ ਰਹੇ ਹਨ, ਗੁਰਦੁਆਰਿਆਂ ਦੇ ਅੰਦਰ ਗੋਲੀਆਂ ਚਲ ਰਹੀਆਂ ਹਨ । ਪਰ ਜੇ ਉਹੀ ਗੋਲੀਆਂ ਬਜ਼ਾਰਾਂ ਵਿੱਚ ਚਲਣ ਅਤੇ ਮਾਸੂਮ ਲੋਕਾਂ ਨੂੰ ਗਲੀਆਂ ਅਤੇ ਬਜ਼ਾਰਾਂ ਵਿਚ ਭੁੰਨਣ ਤਾਂ ਸਰਦਾਰ ਦਰਬਾਰਾ ਸਿੰਘ, ਸਰਦਾਰ ਦਰਬਾਰਾ ਸਿੰਘ ਦੇ ਮਨਿਸਟਰ, ਸਰਦਾਰ ਦਰਬਾਰਾ ਸਿੰਘ ਦੇ ਸਾਥੀ, ਸਰਦਾਰ ਦਰਬਾਰਾ ਸਿੰਘ ਦੀ ਪਾਰਟੀ ਚੁੱਪ ਕਰਕੇ ਨਹੀਂ ਬੈਠ ਸਕਦੀ । (ਥੰਪਿੰਗ) ਮੈਂ ਸਮਝਦਾ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਇਨ੍ਹਾਂ ਲਈ ਇਨਸਪੀਰੇਸ਼ਨ ਹੈ । ਜੋ ਸਰਕਾਰ ਨੇ ਐਸੇ ਹਾਲਾਤ ਵਿੱਚ ਕਦਮ ਚੁਕੇ ਹਨ ਉਹ ਸਿਖਾਂ ਦੀਆਂ ਬੁਨਿਆਦੀ ਰਵਾਇਤਾਂ ਦੇ ਅਨੁਸਾਰ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਤਿਹਾਸ ਦੀ ਇਕ ਘਟਨਾ ਕੋਟ ਕਰਨਾ ਚਾਹੁੰਦਾ ਹਾਂ । ਗੁਰੂ ਦਸਮ ਪਾਤਸ਼ਾਹ ਮਹਾਰਾਜ ਪਾਉਂਟਾ ਸਾਹਿਬ ਵਿੱਚ ਸਨ ਤਾਂ ਉਨ੍ਹਾਂ ਦੇ ਦਰਸ਼ਨ ਕਰਨ ਲਈ ਇਕ ਹਿੰਦੂ ਸ਼ਰਧਾਲੂ ਚਲ ਪਿਆ । ਉਸ ਦੇ ਨਾਲ ਉਸ ਦੀ ਬੇਟੀ ਵੀ ਸੀ । ਰਸਤੇ ਵਿੱਚ ਇਕ ਪਿੰਡ ਦੇ ਚੌਧਰੀਆਂ ਨੇ ਉਸ ਮਾਂ ਬਾਪ ਕੋਲੋਂ ਬੇਟੀ ਖੋਹ ਲਈ । ਜਦੋਂ ਉਹ ਗੁਰੂ ਦਸਮ ਪਾਤਸ਼ਾਹ ਦੇ ਪਾਸ ਗਏ ਤਾਂ ਉਨ੍ਹਾਂ ਨੇ ਆਪਣੀ ਜ਼ਬਾਨ ਬੰਦ ਰੱਖੀ । ਸ਼ਾਮ ਨੂੰ ਇਕੱਠ ਵੇਲੇ, ਸ਼ਾਮ ਦੇ ਦੀਵਾਨ ਵੇਲੇ ਵੀ ਕੁਝ ਨਾ ਕਿਹਾ । ਰਾਤ ਨੂੰ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਘੋੜੇ ਤਿਆਰ ਕਰੋ । ਸਿੰਘਾਂ ਨੇ ਘੋੜੇ ਤਿਆਰ ਕਰ ਲਏ । ਫਿਰ ਦਸਮਪਾਤਸ਼ਾਹ ਉਸ ਪਿੰਡ ਵਿੱਚ ਚਲੇ ਗਏ ਜਿਥੇ ਉਸ ਲੜਕੀ ਨੂੰ ਉਸ ਦੇ ਮਾਂ ਬਾਪ ਤੋਂ ਖੋਹਿਆ ਗਿਆ ਸੀ । ਗੁਰੂ ਸਾਹਿਬ ਕਹਿਣ ਲਗੇ ਕਿ ਇਸ ਪਿੰਡ ਨੂੰ ਘੇਰਾ ਪਾ ਲਓ । ਇਸ ਪਿੰਡ ਵਿਚੋਂ ਬਹੂ ਬੇਟੀਆਂ ਔਰ ਛੋਟੀ ਉਮਰ ਦੇ ਬੱਚਿਆਂ ਨੂੰ ਬਾਹਰ ਕੱਢ ਲਿਆਓ। ਸਿੰਘਾਂ ਨੇ ਉਂਜ ਹੀ ਕੀਤਾ ਅਤੇ ਫਿਰ ਗੁਰੂ ਸਾਹਿਬ ਨੂੰ ਕਹਿਣ ਲਗੇ ਕਿ ਹੋਰ ਹੁਕਮ ਦਿਓ । Now kill everybody who is left in the village and everybody was killed. Then he said that the village should be set on fire and the village was set on fire. ਉਨ੍ਹਾਂ ਨੇ ਕਿਹਾ ਕਿ ਹੁਣ ਦੱਸੋ ਤਾਂ ਉਹ ਕਹਿਣ ਲਗੇ ਕਿ ਇਨ੍ਹਾਂ ਬੱਚਿਆਂ ਨੂੰ, ਬਹੂ ਬੇਟੀਆਂ ਨੂੰ ਰੀਹੈਬਿਲੀਟੇਟ ਕਰਨਾ ਹੈ । ਕਹਿ ਦਿਤੇ ਪਹਾੜੀ ਰਾਜਿਆਂ ਨੂੰ ਚੋਟ ਨਾਲ ਕਿ any body who will try to rehabilitate this village he would meet the samc fate as this village has met. ਬੇਗੁਨਾਹ ਲੋਕਾਂ ਤੇ, ਮਾਸੂਮ ਲੋਕਾਂ ਤੇ ਜਿਨ੍ਹਾਂ ਨੇ ਜ਼ੁਲਮ ਕੀਤੇ, ਰਾਹਜ਼ਨੀਆਂ ਕੀਤੀਆਂ ਉਨ੍ਹਾਂ ਦੀਆਂ ਔਰਤਾਂ ਲੁੱਟਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਇਹ ਰਸਤਾ ਵਿਖਾਇਆ। ਡਿਪਟੀ ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਮੈਂ ਕਾਨਫਰੰਸਾਂ ਐਡਰੈਸ ਕੀਤੀਆਂ । ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ, ਡਾਕਟਰ ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਨੂੰ ਤੁਹਾਡੇ ਰਾਹੀਂ ਪੁੱਛਦਾ ਹਾਂ ਕਿ ਉਨ੍ਹਾਂ ਨੇ ਕਿਹਾ ਕਿ ਸਾਡੇ ਧਾਰਮਿਕ ਮਾਮਲਿਆਂ ਵਿਚ ਮੁਦਾਖ਼ਲਤ ਕੀਤੀ ਜਾ ਰਹੀ ਹੈ, ਸਿਖੀ ਨੂੰ ਪਿਛੇ ਸੁਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੋਈ ਇਕ ਘਟਨਾ ਸਾਰੇ ਪੰਜਾਬ ਵਿਚ ਦੱਸ ਦੇਣ ਜੋ ਕਿਸੇ ਗੁਰੂ ਦੇ ਸਿਖ ਨਾਲ ਵਾਪਰੀ ਹੋਵੇ । ਕੋਈ ਗੁਰਸਿਖ ਇਸ਼ਨਾਨ ਕਰਕੇ ਨਿਤਨੇਮ ਕਰ ਰਿਹਾ ਹੋਵੇ ਤਾਂ ਕਦੇ ਪੁਲੀਸ ਨੇ ਜਾ ਕੇ ਰੋਕ ਦਿਤਾ ਹੋਵੇ ਕਿ ਤੂੰ ਇਹ ਨਹੀਂ ਕਰ ਸਕਦਾ ਜਾਂ ਕਿਤੇ ਅੰਮ੍ਰਿਤ ਛਕਾਉਣ ਦਾ ਪ੍ਰਚਾਰ ਕਰਨ ਇਹ ਗਏ ਹੋਣ ਅਤੇ ਖੰਡੇ ਬਾਟੇ ਦਾ ਪ੍ਰਸ਼ਾਦ ਤਿਆਰ ਹੋਵੇ ਅਤੇ ਕੋਈ ਅਫ਼ਸਰ ਜਾਂ ਡਿਪਟੀ ਕਮਿਸ਼ਨਰ ਨੇ ਜਾ ਕੇ ਰੋਕਿਆ ਹੋਵੇ

Original with;
Punjab Vidhan Sabha
Digitized by;
Panjab Digital Library

ਕਿ ਇਹ ਖਿਲਾਫ਼ ਕਾਨੂੰਨ ਹੈ ਕਿ ਤੁਸੀਂ ਅੰਮ੍ਰਿਤ ਨਹੀਂ ਛਕ ਸਕਦੇ । ਪੰਜਾਬ ਦਾ ਕੋਈ ਇਕ ਪਿੰਡ ਦੱਸੋ ਕੋਈ ਇਕ ਪੰਚਾਇਤ ਦੱਸੋ ਜਿਸ ਨੇ ਇਹ ਕਿਹਾ ਹੋਵੇ ਕਿ ਉਨ੍ਹਾਂ ਨੇ ਗੁਰ-ਪੁਰਬ ਮਨਾਉਣੀ ਸੀ ਜਾਂ ਅਖੰਡ ਪਾਠ ਰਖਾਉਣਾ ਸੀ ਅਤੇ ਸਾਨੂੰ ਰੋਕਿਆ ਗਿਆ ਹੈ । ਜਾਂ ਇਹ ਦੱਸ ਦੇਣ ਕਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਿਸੇ ਲਾਈਨ ਵਿਚ ਸਰਕਾਰ ਨੇ ਸਰ-ਕਾਰੀ ਤੌਰ ਤੇ ਜਾਂ ਪਾਰਟੀ ਨੇ ਪਾਰਟੀ ਦੇ ਤੌਰ ਤੇ ਕੋਈ ਕਿੰਤੂ ਕੀਤਾ ਹੋਵੇ ਜਾਂ ਅਸਹਿਮਤੀ ਪ੍ਰਗਟ ਕੀਤੀ ਹੋਵੇ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਪ੍ਰਧਾਨ, ਐਸ.ਜੀ.ਪੀ.ਸੀ ਦੇ ਪਿੰਡ ਦੇ ਨਾਲ ਦੇ ਪਿੰਡ ਵਿਚ ਗਿਆ ਅਤੇ ਮੈਂ ਲੋਕਾਂ ਨੂੰ ਕਿਹਾ ਕਿ ਪਿਛਲੇ ਦੋ ਤਿੰਨ ਸਾਲਾਂ ਵਿਚ ਜਿਸ ਸੱਜਣ ਨੇ ਅੰਮ੍ਰਿਤ ਛਕਿਆ ਹੋਵੇ ਮੈਂ ਉਸ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ । ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਐਸ.ਜੀ.ਪੀ.ਸੀ. ਦੇ ਪ੍ਰਧਾਨ ਦੇ ਨਾਲ ਦਾ ਪਿੰਡ ਹੋਵੇ ਅਤੇ ਪਿਛਲੇ ਤਿੰਨ ਸਾਲਾਂ ਵਿਚ ਇਕ ਆਦਮੀ ਨੇ ਵੀ ਅੰਮ੍ਰਿਤ ਨਾ ਛਕਿਆ ਹੋਵੇ, ਮੈਂ ਦਰਸ਼ਨ ਨਹੀਂ ਕਰ ਸਕਿਆ । (ਵਿਘਨ) ਮਾਸਟਰ ਚੰਦ ਸਿੰਘ ਹੋਰਾਂ ਨੂੰ ਬੜੀ ਤਕਲੀਫ਼ ਹੋ ਰਹੀ ਹੈ । ਮਤਾ ਇਨ੍ਹਾਂ ਨੇ ਪੇਸ਼ ਕੀਤਾ ਹੈ ਕੰਡੈਮ ਕਰਨ ਲਈ । ਜਿੰਨੀ ਕਨਫਿਊਜ਼ਡ ਸਟੇਟ ਆਫ਼ ਮਾਈਂਡ ਇਸ ਪਾਰਟੀ ਦੀ ਹੈ ਉਨੀ ਕਿਸੇ ਦੀ ਨਹੀਂ । ਕਿਤੇ ਇਹ ਉਨ੍ਹਾਂ ਨਾਲ ਜੱਫੀਆਂ ਪਾਉਂਦੇ ਹਨ, ਕਦੇ ਅਸਿੱਧੇ ਤੌਰ ਤੇ ਉਨ੍ਹਾਂ ਨਾਲ ਸਹਿਮਤੀ ਕਰਦੇ ਹਨ ।

'ਹਮਾਰੇ ਸਾਮਨੇ ਗ਼ੈਰੋਂ ਕੀ ਹੌਸਲਾ-ਅਫ਼ਜਾਈ ਯੇਹ ਆਦਤ ਹਮੇਂ ਪਸੰਦ ਨਹੀਂ'

ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੈ ਕਿ ਜਦੋਂ ਵਿਧਾਨ ਸਭਾ ਦਾ ਘਿਰਾਉ ਹੋਇਆ ਸੀ ਤਾਂ ਉਸ ਵਕਤ ਲਾਲ ਔਰ ਪੀਲੇ ਦੋਨੋਂ ਝੰਡੇ ਮੌਜੂਦ ਸਨ । ਮੈਂ ਇਸ ਹਾਊਸ ਵਿਚ ਤਕਰੀਰ ਕਰਦਿਆਂ ਹੋਇਆਂ ਕਿਹਾ ਸੀ ਇਨ੍ਹਾਂ ਭਾਈਆਂ ਨੂੰ ਸੰਬੋਧਨ ਕਰਕੇ that you are adding fuel to the fire.

ਇਹ ਗੱਲ ਵਿਧਾਨ ਸਭਾ ਦੇ ਘਿਰਾਓ ਤਕ ਨਹੀਂ ਮੁਕਣੀ, ਇਸ ਦੇ ਦੂਰ ਰਸ ਨਤਾਇਜ ਨਿਕਲਗੇ । ਇਸ ਦੇ ਬਾਦ ਕਪੂਰੀ ਮੋਰਚਾ ਲਗਿਆ ਸੀ, ਨਹਿਰ ਦੀ ਖੁਦਾਈ ਰੋਕਣ ਵਾਸਤੇ । ਇਕ ਜੱਥਾ ਜਿਸ ਦੀ ਅਗਵਾਈ ਐਸ.ਜੀ.ਪੀ.ਸੀ. ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਕਰ ਰਹੇ ਸਨ, ਇਨ੍ਹਾਂ ਦੇ ਵਲੰਟੀਅਰ ਉਨ੍ਹਾਂ ਵਿਚ ਸ਼ਾਮਲ ਸਨ ਔਰ ਇਨ੍ਹਾਂ ਨੇ ਇਕੱਠੀਆਂ ਗ੍ਰਿਫ਼ਤਾਰੀਆਂ ਦਿਤੀਆਂ । ਇਹ ਇਸ ਗੱਲ ਨੂੰ ਕੰਟਰਾਡਿਕਟ ਨਹੀਂ ਕਰ ਸਕਣਗੇ ਕਿ ਦੋ ਮਹੀਨੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀਆਂ ਸਾਰੀਆਂ ਮੀਟਿੰਗਾਂ ਇਨ੍ਹਾਂ ਦੇ ਦਫ਼ਤਰ ਜਲੰਧਰ ਵਿਚ ਹੁੰਦੀਆਂ ਰਹੀਆਂ । (ਵਿਘਨ)

**ਮਾਸਟਰ ਚੰਦ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਬਿਲਕੁਲ ਨਿਰਮੂਲ ਹੈ ਔਰ ਬਿਲਕੁਲ ਝੂਠ ਹੈ ।

**ਸਰਦਾਰ ਬੀਰਦਵਿੰਦਰ ਸਿੰਘ** : ਬਿਲਕੁਲ ਝੂਠ ਹੋਵੇਗਾ, ਨਿਰਮੂਲ ਹੋਵੇਗਾ ਪਰ ਇਹ ਗੱਲ ਤਾਂ ਝੂਠ ਨਹੀਂ ਕਿ ਇਨ੍ਹਾਂ ਦੇ * * * * * * ਸ਼੍ਰੋਮਣੀ ਅਕਾਲੀ ਦਲ ਦੀਆਂ ਵੋਟਾਂ ਲੈ ਕੇ ਪਾਰਲੀਮੈਂਟ ਵਿਚ ਗਏ । ਕਹਿ ਦਿਉ ਝੂਠ ਹੈ ?

* * Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ**: ਡਿਪਟੀ ਸਪੀਕਰ ਸਾਹਿਬ, ਇਹ ਨਾਂ ਨਹੀਂ ਲੈ ਸਕਦੇ ।

**ਸ੍ਰੀ ਡਿਪਟੀ ਸਪੀਕਰ**: ਨਾਂ ਕਟ ਦਿਓ ।

**ਸਰਦਾਰ ਬੀਰਦਵਿੰਦਰ ਸਿੰਘ**: ਇਹ ਆਪਣੇ ਲੀਡਰ ਦਾ ਨਾਂ ਨਹੀਂ ਰਹਿਣ ਦੇਣਾ ਚਾਹੁੰਦੇ ।

**ਡਾਕਟਰ ਭਗਤ ਸਿੰਘ**: ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਸੰਤ ਜਰਨੈਲ ਸਿੰਘ ਦਾ ਨਾਂ ਲਿਆ ਸੀ ਉਹ ਵੀ ਕਟਾ ਦਿਉ ।

**ਸਰਦਾਰ ਬੀਰਦਵਿੰਦਰ ਸਿੰਘ**: ਮਾਸਟਰ ਚੰਦ ਸਿੰਘ ਹੋਰਾਂ ਦਾ ਮਤਾ ਸੀ, ਬਜਾਏ ਉਨ੍ਹਾਂ ਦੀਆਂ ਐਕਟੀਵਿਟੀਜ਼ ਸਟਰੇਟਵੇ ਨਾਲ ਕੰਡੈਮ ਕਰਦੇ ਇਨ੍ਹਾਂ ਨੇ ਨਾਲ ਦੀ ਨਾਲ ਉਨ੍ਹਾਂ ਨੂੰ ਪ੍ਰੋਟੈਕਸ਼ਨ ਵੀ ਦਿਤੀ । ਜੋ ਮੌਜੂਦਾ ਪੰਜਾਬ ਦੀ ਹਾਲਤ ਹੈ ਇਸ ਦੇ ਵਿਚ ਅਚੇਤ ਤੌਰ ਤੇ ਜਾਂ ਸੁਚੇਤ ਤੌਰ ਤੇ ਇਨ੍ਹਾਂ ਦੀ ਖਾਸੀ ਕੰਟਰੀਬਿਊਸ਼ਨ ਹੈ ਰੌਲਾ ਰੱਪਾ ਪਾਉਣ ਵਿਚ, ਅਤਿਵਾਦ ਤਕ ਪਹੁੰਚਾਉਣ ਲਈ । ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਨੇ ਇਸ ਵੇਲੇ ਤਕ ਜ਼ਿੰਮੇਵਾਰੀ ਤੋਂ ਕੰਮ ਨਹੀਂ ਲਿਆ । ਇਹ ਕਹਿੰਦੇ ਹਨ ਕਿ ਇਹ ਤਾਂ ਸਾਰਾ ਕੁਝ ਕਾਂਗਰਸ ਨੇ ਕਰਵਾਇਆ ਹੈ । ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਬੰਬ ਸਰਦਾਰ ਦਰਬਾਰਾ ਸਿੰਘ ਤੇ ਸੁਟਿਆ ਗਿਆ ਹੈ ਕੀ ਉਹ ਵੀ ਕਾਂਗਰਸ ਨੇ ਕਰਵਾਇਆ ਹੈ ?

**ਮਾਸਟਰ ਚੰਦ ਸਿੰਘ**: ਜੇ ਤੇਰਾ ਕੰਨ ਬੰਦ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ ।

**ਸਰਦਾਰ ਬੀਰਦਵਿੰਦਰ ਸਿੰਘ**: 'ਬਾਤ ਚਾਹੇ ਬੇਸਲੀਕਾ ਹੋ,
ਬਾਤ ਕਹਿਨੇ ਕਾ ਸਲੀਕਾ ਚਾਹੀਏ ।'

12.40 P.M. (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਇਥੇ ਮਸਲਾ ਆਇਆ ਨਹਿਰ ਦੀ ਖੁਦਾਈ ਦਾ । ਐਜੀਟੇਸ਼ਨ ਕੀਤੀ ਗਈ । ਮੈਂ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਕੋਈ ਆਦਮੀ ਇਸ ਸਦਨ ਵਿਚ ਬਾਂਹ ਖੜੀ ਕਰਕੇ ਨਹੀਂ ਕਹਿ ਸਕਦਾ ਕਿ ਉਹ ਇਕੱਲਾ ਜੀ ਸਕਦਾ ਹੈ ਇਸ ਸਮਾਜ ਤੋਂ ਬਿਨਾਂ । ਜਿਊਣ ਲਈ ਤੁਹਾਨੂੰ ਛੋਟੇ ਮੋਟੇ ਜ਼ਰਾਏ ਦੀ ਲੋੜ ਹੈ । ਪਿੰਡ ਵਿਚ ਪਿੰਡ ਦੇ ਲੋਕਾਂ ਦੀ, ਭੈਣਾਂ ਦੀ, ਭਰਾਵਾਂ ਦੀ, ਰਿਸ਼ਤੇਦਾਰਾਂ ਦੀ, ਦੋਸਤਾਂ ਦੀ, ਸਾਥੀਆਂ ਦੀ ਲੋੜ ਹੈ because individual cannot survive as a single independent unit. ਪਿੰਡ ਨੂੰ ਸੂਬੇ ਦੀ ਲੋੜ ਹੈ, ਸੂਬੇ ਨੂੰ ਮੁਲਕ ਦੀ ਲੋੜ ਹੈ, ਉਹ ਵੀ ਇਕੱਲਾ ਸਰਵਾਈਵ ਨਹੀਂ ਕਰ ਸਕਦਾ । ਅਸੀਂ ਅੰਨ ਪੈਦਾ ਕਰਦੇ ਹਾਂ ਸਾਨੂੰ ਮਾਣ ਹੈ ਇਸ ਗਲ ਤੇ । ਇਕੱਲੇ ਅੰਨ ਨਾਲ ਤਾਂ ਕੰਮ ਨਹੀਂ ਚਲ ਸਕਦਾ, ਹੋਰ ਵੀ ਕਿੰਨਾ ਕੁਝ ਚਾਹੀਦਾ ਹੈ । ਡੀਜ਼ਲ ਦੀ ਲੋੜ ਹੈ। ਕੋਈ ਖੂਹ ਨਹੀਂ ਡੀਜ਼ਲ ਦਾ ਨਾ ਤੁਹਾਡੇ ਪਿੰਡ ਵਿਚ, ਨਾ ਮੇਰੇ ਪਿੰਡ ਵਿਚ, ਨਾ ਡਾਕਟਰ ਸਾਹਿਬ ਦੇ ਪਿੰਡ ਵਿਚ । ਕਿਸੇ ਪਿੰਡ ਵਿਚ ਡੀਜ਼ਲ ਦਾ ਖੂਹ ਨਹੀਂ । ਜੇਕਰ ਡੀਜ਼ਲ ਹੋਵੇਗਾ ਤਾਂ ਟਰੈਕਟਰ ਚਲੇਗਾ ਪੈਟਰੋਲ ਨਾ ਹੋਵੇ ਤਾਂ ਮੋਟਰਾਂ ਨਹੀਂ ਚਲਦੀਆਂ । ਅਸੀਂ ਖਾਦਾਂ ਵੀ ਦੂਸਰੇ ਸੂਬਿਆਂ ਤੋਂ ਲੈਂਦੇ ਹਾਂ ਲੋਹਾ, ਕੋਇਲਾ, ਡੀਜ਼ਲ ਦੂਸਰੇ ਸੂਬੇ ਸਾਨੂੰ ਦਿੰਦੇ ਹਨ। ਅਸੀਂ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਅੰਨ ਪੈਦਾ ਕਰਕੇ ਦਿੰਦੇ ਹਾਂ ਅਤੇ ਇਸ ਤਰ੍ਹਾਂ ਇਕ ਦੂਜੇ ਦੀਆਂ ਲੋੜਾਂ ਪੂਰੀਆਂ ਕਰਦੇ ਹਾਂ। ਮੈਂ ਨਹਿਰ ਰੋਕਣ ਵਾਲਿਆਂ ਨੂੰ ਪੁੱਛਦਾ ਹਾਂ ਕਿ ਇੰਜ ਤਾਂ ਨਹਿਰਾਂ ਸਾਡੇ ਇਲਾਕੇ ਵਿਚੋਂ ਵੀ ਵਗਦੀਆਂ ਹਨ। ਆਉਂਦੀਆਂ ਤਾਂ ਉਪਰੋਂ ਹਨ। ਪਹਾੜ ਸਾਡੇ ਪਾਸ ਹੈ ਨਹੀਂ। ਇਹ ਇਨ੍ਹਾਂ ਦੀ ਮਿਹਰਬਾਨੀ ਹੈ ਕਿ ਸਾਡੇ ਕੋਲ ਕੋਈ ਪਹਾੜ ਨਹੀਂ। ਇਸ ਸਾਰੀ ਦੀ ਸਾਰੀ ਪਰਕ੍ਰਿਤੀ ਵਿੱਚ ਹਵਾ ਹੈ, ਪਾਣੀ ਹੈ, ਅੱਗ ਹੈ, ਧਰਤੀ ਹੈ, ਚੰਨ ਹੈ ਤਾਰੇ ਹਨ। ਇਹ ਸਭ ਸਾਂਝੇ ਹਨ। ਸੂਰਜ ਚੜ੍ਹਦਾ ਹੈ। ਕੀ ਕਦੇ ਇੰਜ ਵੀ ਹੋਇਆ ਹੈ ਕਿ ਸੂਰਜ ਉਥੇ ਹੀ ਚਮਕਣਾ ਦਮਕਣਾ ਹੈ ਜਿਥੇ ਸਿਖ ਬੈਠੇ ਹਨ ਅੱਗੇ ਨਹੀਂ ਚਲਣਾ। ਹਵਾਵਾਂ ਚਲਦੀਆਂ ਹਨ। ਕੀ ਕਦੇ ਇੰਜ ਵੀ ਹੋਇਆ ਹੈ ਕਿ ਜਿਥੇ ਹਿੰਦੂ ਬੈਠੇ ਹਨ ਉਥੇ ਹਵਾਵਾਂ ਨਾ ਚਲਣ ਅਤੇ ਜਿਥੇ ਸਿੱਖ ਬੈਠੇ ਹਨ ਉਥੇ ਚਲਣ। ਪਾਣੀ ਕੌੜੇ ਵੀ ਹਨ ਅਤੇ ਮਿੱਠੇ ਵੀ ਹਨ। ਇਹ ਦੋਵੇਂ ਸਾਂਝੇ ਹਨ। ਚੰਨ ਅਤੇ ਤਾਰੇ ਸਭ ਦੇ ਸਾਂਝੇ ਹਨ। ਇਨ੍ਹਾਂ ਸਭਨਾਂ ਦੀ ਛਾਂਵੇ ਹੀ ਇਨਸਾਨੀਅਤ ਦਾ ਖੂਬਸੂਰਤ ਪਰਿਵਾਰ ਪ੍ਰਵਰਿਸ਼ ਕਰ ਰਿਹਾ ਹੈ। ਪਾਣੀ ਰੋਕਣ ਦੀਆਂ ਕਿਤਨੀਆਂ ਇੰਪਲੀਕੇਸ਼ਨਜ਼ ਹਨ। ਮੈਂ ਕਿਸਾਨਾਂ ਨੂੰ ਕਿਹਾ ਕਿ ਤੁਸੀਂ ਅੱਜ ਨਹਿਰ ਰੋਕ ਰਹੇ ਹੋ। ਕੱਲ ਨੂੰ ਦੂਜੇ ਸੂਬੇ ਵਾਲੇ ਡੀਜ਼ਲ ਦੀਆਂ ਗੱਡੀਆਂ ਰੋਕ ਦੇਣਗੇ। ਉਹ ਕਹਿਣਗੇ ਕਿ ਅਗਰ ਸਾਡੇ ਪਾਸੇ ਪਾਣੀ ਨਹੀਂ ਆਉਣ ਦਿਉਗੇ ਤਾਂ ਅਸੀਂ ਡੀਜ਼ਲ ਤੁਹਾਡੇ ਵੱਲ ਨਹੀਂ ਆਉਣ ਦਿਆਂਗੇ। ਅਗਰ ਡੀਜ਼ਲ ਆਉਣਾ ਬੰਦ ਹੋ ਗਿਆ ਤਾਂ ਫਸਲਾਂ ਤਬਾਹ ਹੋ ਜਾਣਗੀਆਂ ਅਤੇ ਇਸੇ ਤਰ੍ਹਾਂ ਅਗਰ ਕੋਇਲਾ ਆਉਣਾ ਬੰਦ ਹੋ ਗਿਆ ਤਾਂ ਇੰਡਸਟਰੀ ਤਬਾਹ ਹੋ ਜਾਏਗੀ। ਵੱਸਦੇ ਸ਼ਹਿਰ ਮੜ੍ਹੀਆਂ ਅਤੇ ਮਸਾਣਾਂ ਦੀ ਥਾਂ ਲੈ ਲੈਣਗੇ। ਕੋਈ ਪਾਰਟੀ ਜਦੋਂ ਮੋਰਚਾ ਲਾਉਣ ਦਾ ਫੈਸਲਾ ਕਰਦੀ ਹੈ ਤਾਂ ਉਸ ਨੂੰ ਸੋਚਣਾ ਚਾਹੀਦਾ ਹੈ ਕਿ ਇਸ ਦੀਆਂ ਕੀ ਇੰਪਲੀਕੇਸ਼ਨਜ਼ ਹਨ। ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ। ਸਾਰੇ ਦੇਸ਼ ਦੀ ਟਰਾਂਸਪੋਰਟ ਉਤੇ ਪੰਜਾਬੀਆਂ ਦਾ ਕਬਜ਼ਾ ਹੈ। ਅੱਜ ਡੇਢ ਦੋ ਲੱਖ ਦੇ ਟਰੱਕ ਨੂੰ ਲੈ ਕੇ ਪਿੰਡ ਦੇ ਦੋ ਮੁੰਡੇ ਸਾਰੇ ਦੇਸ਼ ਦਾ ਚੱਕਰ ਲਾ ਆਉਂਦੇ ਹਨ। ਗੋਬਿੰਦਗੜ੍ਹ ਦੀ ਮੰਡੀ ਤੋਂ ਮਾਲ ਲੱਦ ਕੇ ਕਲਕੱਤੇ ਅਤੇ ਬੰਬਈ ਤਕ ਮੁੰਡੇ ਘੁੰਮ ਆਉਂਦੇ ਹਨ। ਮਾਣਕ ਵਰਗੇ ਗੀਤਕਾਰ ਨੇ ਤਾਂ ਇਹ ਵੀ ਕਿਹਾ ਹੈ ਕਿ ਜੀ.ਟੀ. ਰੋਡ ਤੇ ਦੁਹਾਈਆਂ ਪਾਵੇ, ਯਾਰਾਂ ਦਾ ਟਰੱਕ ਬੱਲੀਏ। ਅਗਰ ਯਾਰਾਂ ਦੇ ਟਰੱਕ ਵਿੱਚ ਬੈਠੇ ਮੁੰਡਿਆਂ ਨੂੰ ਦੂਜੇ ਸੂਬੇ ਵਾਲੇ ਕਤਲ ਕਰ ਦੇਣ ਤਾਂ ਉਨ੍ਹਾਂ ਮਾਵਾਂ ਅਤੇ ਭੈਣਾਂ ਦਾ ਕੀ ਬਣੇਗਾ ਜੋ ਉਨ੍ਹਾਂ ਦੀ ਉਡੀਕ ਵਿੱਚ ਘਰ ਬੈਠੀਆਂ ਹਨ। ਜੇ ਇਥੇ ਬੇਗੁਨਾਹ ਮਾਸੂਮਾਂ ਦਾ ਸਰੇ-ਬਾਜ਼ਾਰ ਕਤਲ ਹੋ ਸਕਦਾ ਹੈ ਤਾਂ ਦੂਸਰੇ ਸੂਬੇ ਵਿਚ ਸਾਡੇ ਮੁੰਡੇ ਕਿਉਂ ਨਹੀਂ ਕਤਲ ਕੀਤੇ ਜਾ ਸਕਦੇ। ਉਹ ਲੋਕ ਸਿੰਪੈਥਾਈਜ਼ ਕਰਦੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਪਗੜੀਆਂ ਵਾਲਿਆਂ ਦਾ ਦੂਜਿਆਂ ਸੂਬਿਆਂ ਵਿਚ ਕਤਲ ਹੋ ਸਕਦਾ ਹੈ। ਇਨ੍ਹਾਂ ਐਜੀਟੇਸ਼ਨਜ਼ ਦੇ ਇਤਨੇ ਖਤਰਨਾਕ ਨਤੀਜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਨਿਕਲ ਸਕਦੇ ਹਨ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਐਸੇ ਹਾਲਾਤ ਪੈਦਾ ਕਰਨ ਲਈ ਨਾ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਵਿੱਚ ਅੰਕਿਤ ਆਸ਼ਿਆਂ ਵਿਚ ਲਿਖਿਆ ਹੈ ਅਤੇ ਨਾ ਹੀ ਦਸਵੀਂ ਪਾਤਸ਼ਾਹੀ ਹਜ਼ੂਰ ਵਲੋਂ ਖਾਲਸੇ ਨੂੰ ਦਿੱਤੇ ਗਏ ਪ੍ਰੋਗਰਾਮ ਵਿਚ ਇਹ ਲਿਖਿਆ ਹੈ। ਇਨ੍ਹਾਂ ਨੇ ਇੱਕੋ ਚੀਜ਼ ਦਾ ਖਿਆਲ ਰਖਿਆ ਹੈ ਕਿ ਖੁੱਸੀ ਹੋਈ ਗੱਦੀ ਨੂੰ ਘਟੀਆ ਤਰੀਕੇ ਅਖਤਿਆਰ ਕਰਕੇ ਕਿਸੇ ਤਰ੍ਹਾਂ ਪ੍ਰਾਪਤ ਕਰਨਾ ਹੈ ਅਤੇ ਪੰਜਾਬ ਦੀ ਸਰਕਾਰ ਨੂੰ ਕਿਸੇ ਤਰ੍ਹਾਂ ਡੀਸਟੇਬੇਲਾਈਜ਼ ਕਰਨਾ ਹੈ ਅਤੇ ਡੈਮੋਕਰੈਟਿਕ ਕਦਰਾਂ ਨੂੰ ਕਿਸੇ ਤਰੀਕੇ ਨਾਲ ਬਰਬਾਦ ਕਰਨਾ ਹੈ। ਅਗਰ ਕੋਈ ਬੰਦਾ ਕਤਲ ਕਰਦਾ ਹੈ ਅਤੇ ਸਰਕਾਰ ਉਸ ਨੂੰ ਗ੍ਰਿਫਤਾਰ ਕਰ ਲੈਂਦੀ ਹੈ ਤਾਂ ਬੜੇ ਜ਼ੋਰ ਨਾਲ ਅਖਬਾਰਾਂ ਵਿਚ ਇਹ ਗਲ ਆਉਂਦੀ ਹੈ ਕਿ ਅੰਮ੍ਰਿਤਧਾਰੀ ਲੋਕਾਂ ਤੇ ਜ਼ੁਲਮ ਹੋ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਅੱਛਾ ਹੁੰਦਾ ਅਗਰ ਅਕਾਲੀ ਦਲ ਦੇ ਨੁਮਾਇੰਦੇ ਅੱਜ ਸਾਹਮਣੇ ਬੈਂਚਾਂ ਤੇ ਬੈਠੇ ਹੁੰਦੇ ਅਤੇ ਗਲ ਖੁੱਲ੍ਹ ਕੇ ਹੋ ਜਾਂਦੀ। ਸਪੀਕਰ ਸਾਹਿਬ, ਲਾਲਾ ਜਗਤ ਨਰਾਇਣ ਦੇ ਕਤਲ ਦੀ ਕੁਝ ਬੰਦੇ ਰਿਸਪਾਂਸੀਬਿਲਟੀ ਓਨ ਕਰਦੇ ਰਹੇ। ਉਨ੍ਹਾਂ ਕਾਤਲਾਂ ਨੂੰ ਪਿੰਡਾਂ ਵਿਚ ਜਾ ਕੇ ਸਰੋਪੇ ਦਿੱਤੇ ਜਾਂਦੇ ਰਹੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਉਨ੍ਹਾਂ ਕਾਤਲਾਂ ਦੇ ਪਿੰਡਾਂ ਵਿਚ ਜਾ ਕੇ ਐਲਾਨ ਕੀਤਾ ਕਿ ਉਨ੍ਹਾਂ ਦੇ ਮੁਕਦਮੇ ਅਕਾਲੀ ਪਾਰਟੀ ਲੜੇਗੀ। They have already become Advocates for all the killers in Punjab. Hence they have conceded that they were in the background. ਉਨ੍ਹਾਂ ਨੇ ਆਪ ਇਸ ਗਲ ਨੂੰ ਸਵੀਕਾਰ ਕੀਤਾ ਹੈ। ਉਨ੍ਹਾਂ ਦੇ ਪਿੰਡਾਂ ਵਿੱਚ ਜਾ ਕੇ ਕਾਨਫਰੰਸਾਂ ਕੀਤੀਆਂ। ਫਿਰ ਚੀਫ ਮਨਿਸਟਰ ਸਾਹਿਬ ਨੇ ਇੱਕ ਦਫਾ ਨਹੀ ਹਜ਼ਾਰ ਦਫਾ ਇਹ ਕਿਹਾ ਹੈ ਕਿ ਦੋਸ਼ੀ ਗੁਨਾਹ ਕਰਕੇ ਗੁਰਦੁਆਰਿਆਂ ਵਿੱਚ ਚਲੇ ਜਾਂਦੇ ਹਨ। ਗੁਰਦੁਆਰੇ ਦੋਸ਼ੀਆਂ ਦੀ ਪਨਾਹਗਾਹ ਨਹੀਂ ਮੇਰੇ ਨਾਲ ਡਾਕਟਰ ਸਾਹਿਬ ਇਸ ਗਲ ਤੇ ਸਹਿਮਤ ਹੋਣਗੇ। ਪਰ ਇਹ ਕਹਿੰਦੇ ਹਨ ਕਿ ਇਹ ਗਲ ਝੂਠੀ ਹੈ, ਉਹ ਗੁਰਦੁਆਰਿਆਂ ਵਿਚ ਨਹੀਂ ਹਨ। ਕਈਆਂ ਨੇ ਤਾਂ ਇਹ ਵੀ ਕਿਹਾ ਹੈ ਕਿ ਦੋਸ਼ੀਆਂ ਨਾਲ ਸਾਡਾ ਕੋਈ ਵੀ ਸਬੰਧ ਨਹੀਂ ਇੱਕ ਦੋਸ਼ੀ ਪੁਲਿਸ ਮੁਕਾਬਲੇ ਵਿਚ ਹਲਾਕ ਹੋਇਆ। ਸਪੀਕਰ ਸਾਹਿਬ, ਉਸਦੀ ਡੈਡ ਬਾਡੀ ਲੈਣ ਲਈ ਦਰਖਾਸਤ ਕਿਸ ਨੇ ਦਿੱਤੀ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੇ ਦਰਖਾਸਤ ਦਿੱਤੀ ਕਿ ਇਹ ਲਾਸ਼ ਸਾਡੇ ਹਵਾਲੇ ਕੀਤੀ ਜਾਵੇ। ਮੈਂ ਇਹ ਪੁਛਣਾ ਚਾਹੁੰਦਾ ਹਾ ਕਿ ਅਗਰ ਕਿਸੇ ਵਿਅਕਤੀ ਦੀ ਐਕਸੀਡੈਂਟ ਵਿੱਚ ਮੌਤ ਹੋ ਜਾਵੇ ਅਨਕਾਊਂਟਰ ਵਿਚ ਮੌਤ ਹੋ ਜਾਵੇ ਕਿਸੇ ਦੋ ਧੜ੍ਹਿਆਂ ਦੀ ਮੁਠ ਭੇੜ ਵਿਚ ਮੌਤ ਹੋ ਜਾਵੇ ਤਾਂ ਉਨ੍ਹਾਂ ਦੀਆਂ ਲਾਸ਼ਾਂ ਕਲੇਮ ਕਰਨ ਵਾਸਤੇ ਕੌਣ ਜਾਂਦਾ ਹੈ। ਜੋ ਉਨ੍ਹਾਂ ਦੇ ਵਾਰਸ ਹੁੰਦੇ ਹਨ ਜਿਨਾਂ ਦੇ ਨਾਲ ਉਨ੍ਹਾ ਦਾ ਸਬੰਧ ਹੁੰਦਾ ਹੈ ਉਹ ਲਾਸ਼ ਲੈਣ ਲਈ ਜਾਂਦੇ ਹਨ ਜਿਨ੍ਹਾਂ ਦੇ ਪੁੱਤਰ ਹੁੰਦੇ ਹਨ ਉਹ ਲੈਣ ਜਾਂਦੇ ਹਨ ਇੱਕ ਕੰਸਟੀਚਿਊਸ਼ਨਲੀ ਐਸਟੇਬਲਿਸ਼ਡ ਆਰਗੇਨਾਈਜ਼ੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਕੱਤਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ

ਇਹ ਕਹੇ ਕਿ ਲਾਸ਼ ਸਾਨੂੰ ਦੇ ਦਿਉ ਅਸੀ ਸੰਸਕਾਰ ਕਰ ਦਿੰਦੇ ਹਾਂ ਅਤੇ ਉਸ ਦੇ ਸੰਸਕਾਰ ਸਮੇਂ ਕੌਣ ਕੌਣ ਹਾਜ਼ਰ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਇੱਕ ਮੋਢਾ ਇਕ ਪਾਸੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਮੋਢਾ ਦੂਜੇ ਪਾਸੇ ਸੀ ਉਸ ਆਦਮੀ ਦੀ ਅਰਥੀ ਨੂੰ ਜਿਸ ਨੇ ਦੋ ਬੇਗੁਨਾਹ ਮਾਂ ਦੇ ਲਾਡਲੇ ਪੁਤਰਾਂ ਨੂੰ ਦੁਕਾਨ ਵਿਚ ਬੈਠੇ ਸਰੇ ਬਜ਼ਾਰ ਕਤਲ ਕਰ ਦਿੱਤਾ।

**Doctor Bhagat Singh**: (while sitting) These were fake encounters.

**Sardar Birdevinder Singh**: The murder was not fake. They were sons of a mother. They were actually killed and the mother has no sons.

**ਰਾਜ ਮੰਤਰੀ, ਪੁਨਰਵਾਸ ਅਤੇ ਉਦਯੋਗ**: ਸਪੀਕਰ ਸਾਹਿਬ, ** **

**ਸ਼੍ਰੀ ਸਪੀਕਰ**: ਇਹ ਸ਼ਬਦ ਐਕਸਪੰਜ ਕੀਤੇ ਜਾਂਦੇ ਹਨ।

**ਸਰਦਾਰ ਬੀਰਦਵਿੰਦਰ ਸਿੰਘ**: ਸਪੀਕਰ ਸਾਹਿਬ ਆਪਾਂ ਬਹੁਤ ਹੀ ਨਾਜ਼ਕ ਮਸਲੇ ਤੇ ਵਿਚਾਰ ਸਾਂਝੇ ਕਰ ਰਹੇ ਹਾਂ। ਇਸ ਨੂੰ ਹਾਸੇ ਵਾਲੀ ਗਲ ਵਿਚ ਨਾ ਪਾਇਆ ਜਾਵੇ। ਉਨ੍ਹਾਂ ਐਨਕਾਊਂਟਰਜ਼ ਵਿਚ ਜਿਹੜੇ ਬੰਦੇ ਮਾਰੇ ਗਏ ਉਨ੍ਹਾਂ ਦੀਆਂ ਲਾਸ਼ਾਂ ਇਨ੍ਹਾਂ ਨੇ ਕਲੇਮ ਕੀਤੀਆਂ। ਜਿਵੇਂ ਪਹਿਲਾਂ ਕਿਹਾ ਗਿਆ ਹੈ ਜਿਸ ਦਿਨ ਐਜੀਟੇਸ਼ਨ ਸ਼ੁਰੂ ਹੋਈ, ਉਸ ਦਿਨ ਅਮਰੀਕ ਸਿੰਘ ਗ੍ਰਿਫਤਾਰ ਕੀਤਾ ਗਿਆਂ। ਮੈਂ ਖੁਦ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਰਿਹਾ ਹਾਂ। ਇਸਦਾ ਕਦੇ ਇਹ ਨਿਸ਼ਾਨਾ ਨਹੀਂ ਸੀ ਕਿ ਬੇਗੁਨਾਹ ਲੋਕਾਂ ਨੂੰ ਕਤਲ ਕੀਤਾ ਜਾਵੇ, ਜਹਾਜ਼ ਉਧਾਲੇ ਜਾਣ, ਲੋਕਾਂ ਨੂੰ ਬੰਬ ਸਪਲਾਈ ਕੀਤੇ ਜਾਣ। ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਸੰਤ ਭਿੰਡਰਾਂ ਵਾਲੇ ਨੇ ਮੋਰਚਾ ਲਾ ਦਿੱਤਾ। ਗੁਰਦਰਸ਼ਨ ਪ੍ਰਕਾਸ਼ ਵਿਚ ਬੰਬ ਫਟਿਆ। ਬੰਬ ਫਟਣ ਨਾਲ ਗੁਰਦਵਾਰੇ ਦੀਆਂ ਦੀਵਾਰਾਂ ਦਾ ਇਸ ਤਰ੍ਹਾਂ ਦਾ ਹਾਲ ਹੋਵੇ, ਇਹ ਠੀਕ ਨਹੀਂ ਹੈ।

ਸਪੀਕਰ ਸਾਹਿਬ, ਮੈਂ ਬਹੁਤ ਹੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਗੁਰਦਵਾਰਾ ਗੁਰਦਰਸ਼ਨ ਪਰਕਾਸ਼ ਦੀ ਪਰੰਪਰਾ ਅੱਜ ਉਹ ਨਹੀਂ ਹੈ ਜੋ ਸੰਤ ਬਾਬਾ ਗੁਰਬਚਨ ਸਿੰਘ ਵੇਲੇ ਸੀ। ਉਥੇ ਉਦੋਂ ਗੁਰਬਾਣੀ ਦਾ ਅਲਾਪ ਹੁੰਦਾ ਸੀ, ਗੁਰਬਾਣੀ ਦਾ ਕੀਰਤਨ ਹੁੰਦਾ ਸੀ ਪਰ ਅੱਜ ਉਥੇ ਇਸ ਦੇ ਉਲਟ ਬੰਬਾਂ ਦੇ ਧਮਾਕਿਆਂ ਦੀ ਆਵਾਜ਼ ਆ ਰਹੀ ਹੈ। ਉਸ ਵੇਲੇ ਉਸ ਗੁਰਦਵਾਰੇ ਦੀਆਂ ਕੰਧਾਂ ਵਿਚੋਂ ਪ੍ਰਸ਼ਾਦ ਦੀ ਖੁਸ਼ਬੋ ਆਉਂਦੀ ਹੁੰਦੀ ਸੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਪਰ ਅੱਜ ਉਥੋਂ ਮਰੇ ਹੋਏ ਬੰਦਿਆਂ ਦੀਆਂ ਲਾਸ਼ਾਂ ਦੀ ਔਰ ਇਨਸਾਨੀ ਮਿੱਝ ਦੀ ਬਦਬੂ ਆ ਰਹੀ ਹੈ। ਅੱਜ ਦੀਵਾਰਾਂ ਤੇ ਮਰੇ ਬੰਦਿਆਂ ਦੀ ਮਿੱਝ ਲੱਗੀ ਹੋਈ ਹੈ। ਫਿਰ, ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਦੱਸਦਾ ਹਾਂ ਕਿ ਉਸ ਗੁਰਦਵਾਰੇ ਵਿਚ ਮਰੇ ਬੰਦਿਆਂ ਦਾ ਸੰਸਕਾਰ ਵੀ ਇਸ ਤਰ੍ਹਾਂ ਕੀਤਾ ਗਿਆ ਜਿਸ ਤਰ੍ਹਾਂ ਕਿ ਕੋਈ ਇਨਸਾਨ ਬੜਾ ਹੀ ਘਟੀਆ ਕੰਮ ਕਰਕੇ ਮਰ ਗਿਆ ਹੁੰਦਾ ਹੈ। ਜਿਸ ਤਰ੍ਹਾਂ, ਸਪੀਕਰ ਸਾਹਿਬ, ਅੰਗਰੇਜ਼ਾਂ ਨੇ ਸਾਡੇ ਦੇਸ਼-ਭਗਤ ਸਰਦਾਰ ਭਗਤ ਸਿੰਘ ਜੀ ਦੀ ਲਾਸ਼ ਨੂੰ ਦਰਿਆ ਵਿਚ ਸੁੱਟ ਦਿੱਤਾ ਸੀ ਉਸ ਤਰ੍ਹਾਂ ਹੀ ਉਨ੍ਹਾਂ ਲੋਕਾਂ ਦਾ ਸੰਸਕਾਰ ਕੀਤਾ ਗਿਆ। ਪਰ ਜੇਕਰ ਉਹ ਹੀ ਆਦਮੀ ਪੁਲਿਸ ਦੇ ਹੱਥੋਂ ਮੋਰੇ ਹੁੰਦੇ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਲਾਸ਼ਾਂ ਦਾ ਜਲੂਸ ਸਾਰੇ ਪੰਜਾਬ ਵਿਚ ਕੱਢਿਆ ਜਾਣਾ ਸੀ ਔਰ ਇਹ ਕਿਹਾ ਜਾਣਾ ਸੀ ਕਿ ਇਹ ਸਿੱਖੀ ਦੀ ਖਾਤਰ ਸ਼ਹੀਦ ਹੋਏ ਹਨ। ਮੈਂ, ਡਾਕਟਰ ਸਾਹਿਬ, ਤੁਹਾਨੂੰ ਪੁੱਛਦਾ ਹਾਂ ਕਿ ਗੁਰਦਵਾਰਿਆਂ ਦੀਆਂ ਪਰਕਰਮਾਂ ਵਿਚ ਬੰਬ ਫਟਣ, ਕੀ ਇਹ ਵਾਜਿਬ ਗੱਲ ਹੈ? ਜਿਨ੍ਹਾਂ ਗੁਰਦਵਾਰਿਆਂ ਵਿਚੋਂ ਗੁਰਬਾਣੀ ਦਾ ਅਲਾਪ ਹੁੰਦਾ ਸੀ ਅੱਜ ਉਨ੍ਹਾਂ ਗੁਰਦਵਾਰਿਆਂ ਦੀਆਂ ਪਰਕਰਮਾਂ ਵਿਚ ਬੰਬ ਫਟ ਰਹੇ ਹਨ, ਜਿਸ ਸਰੋਵਰ ਬਾਰੇ ਗੁਰੂ ਸਾਹਿਬ ਨੇ ਫੁਰਮਾਇਆ ਸੀ "ਰਾਮਦਾਸ ਸਰੋਵਰ ਨਾਤੇ, ਸਭ ਉਤਰੇ ਪਾਪ ਕਮਾਤੇ" ਉਥੇ ਅੱਜ ਬੰਦੇ ਕਤਲ ਹੋਣ, ਲੋਕਾਂ ਨੂੰ ਗੋਲੀਆਂ ਮਾਰੀਆਂ ਜਾਣ, ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡਾ ਹੋਰ ਕੋਈ ਪਾਪ ਨਹੀਂ ਹੋ ਸਕਦਾ। ਅੱਜ ਉਸ ਗੁਰਦਵਾਰੇ ਦੇ ਅੰਦਰ ਵੜਨ ਲਗਿਆਂ ਮਾਸੂਮ ਆਦਮੀ ਝਿਜਕਦਾ ਹੈ ਜਿੱਥੇ ਕਿ ਉਹ ਪਹਿਲਾਂ ਬੜੀ ਸ਼ਰਧਾ ਨਾਲ ਆਉਂਦਾ ਹੁੰਦਾ ਸੀ। ਅੱਜ ਉਸ ਗੁਰਦਵਾਰੇ ਦੇ ਅੰਦਰ ਜ਼ਿੰਦਾਬਾਦ ਤੇ ਮੁਰਦਾਬਾਦ ਹੋ ਰਹੀ ਹੈ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਪਵਿੱਤਰ ਪਰਕਰਮਾ ਵਿਚ ਅੱਜ ਜ਼ਿੰਦਾਬਾਦ ਤੇ ਮੁਰਦਾਬਾਦ ਦਾ ਸ਼ੋਰ ਮਚਿਆ ਹੋਇਆ ਹੈ। ਇਸ ਲਈ ਜ਼ਿੰਮੇਵਾਰੀ ਕਿਸ ਦੀ ਹੈ? ਇਹ ਸ਼੍ਰੋਮਣੀ ਅਕਾਲੀ ਦਲ ਦੀ ਔਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਹੈ। ਜਿੱਥੇ ਇਨਸਾਨ ਨੂੰ ਜਿਉਂਦਾ ਰੱਖਣ ਲਈ, ਇਨਸਾਨ ਦੀ ਇਨਸਾਨੀਅਤ ਨੂੰ ਜਿਉਂਦਾ ਰੱਖਣ ਲਈ, ਉਸ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਗੁਰੂ ਰਾਮਦਾਸ ਜੀ ਨੇ ਪਵਿੱਤਰ ਉਪਦੇਸ਼ ਦਿੱਤਾ ਸੀ, ਉਥੇ ਅੱਜ ਜ਼ਿੰਦਾਬਾਦ ਔਰ ਮੁਰਦਾਬਾਦ ਕਿਹਾ ਜਾਵੇ ਤਾਂ ਇਸ ਤੋਂ ਵੱਡਾ ਹੋਰ ਕੋਈ ਗੁਨਾਹ ਮੈਂ ਸਮਝਦਾ ਹਾਂ ਕਿ ਉਥੇ ਨਹੀਂ ਕੀਤਾ ਜਾ ਸਕਦਾ।

ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਂਦਾ। ਮੈਂ ਇਹ ਸਮਝਦਾ ਹਾਂ ਕਿ ਅੱਜ ਹਾਲਾਤ ਬੜੇ ਗਲਤ ਮੋੜ ਤੇ ਪੈ ਰਹੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਗੱਲ ਵਲ ਸੋਚਣਾ ਪਵੇਗਾ। ਅਕਾਲੀ ਪਾਰਟੀ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਡਿਮਾਂਡਜ਼ ਅਡਾਪਟ ਕਰ ਲਈਆਂ ਹਨ। ਉਹ ਹੁਣ ਕਹਿੰਦੇ ਹਨ ਕਿ ਅਮਰੀਕ ਸਿੰਘ ਨੂੰ ਰਿਹਾਅ ਕਰੋ, ਜੋ ਕਾਤਲ ਜੇਲ੍ਹਾਂ ਵਿਚ ਹਨ ਉਨ੍ਹਾਂ ਨੂੰ ਰਿਹਾਅ ਕਰੋ। ਮੈਂ, ਸਪੀਕਰ ਸਾਹਿਬ, ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਵਿਅਕਤੀ ਅਕਾਲੀ ਦਲ ਦੇ ਹੀ ਕਿਸੇ ਲੀਡਰ ਨੂੰ ਕਤਲ ਕਰ ਦੇਵੇ, ਫਿਰ ਸਰਕਾਰ ਉਸ ਕਾਤਲ ਨੂੰ ਗ੍ਰਿਫਤਾਰ ਕਰ ਲਵੇ, ਕੋਈ ਪਾਰਟੀ ਇਹ ਜਹਾਦ ਸ਼ੁਰੂ ਕਰ ਦੇਵੇ ਕਿ ਕਾਤਲ ਨੂੰ ਰਿਹਾਅ ਕਰ ਦੇਵੋ ਤਾਂ ਤੁਸੀਂ ਹੀ ਦੱਸੋ ਕਿ ਕੀ ਉਸ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ? ਇਕ

Original with;
Punjab Vidhan Sabha
Digitized by;
Panjab Digital Library

ਪਾਸੇ ਤਾਂ ਤੁਸੀਂ ਇਹ ਕਹਿੰਦੇ ਹੋ ਕਿ—when constitutional remedies are available no body should be killed in police encounter. I do not agree that some people were killed by the police. They are involved in encounters. Those people have created a situation where police had no wayout except to shoot them. But on the other hand you are supporting the ideas that no constitutional follow up should take place. People should be released as if they have done nothing. ਕਤਲ ਕਰਨ ਵਾਲੇ ਨੂੰ, ਬੰਬਾਂ ਦੀ ਸਾਜ਼ਸ਼ ਵਿਚ ਇਨਵਾਲਵ ਹੋਣ ਵਾਲੇ ਨੂੰ ਕਿਸ ਤਰ੍ਹਾਂ ਛੱਡਿਆ ਜਾ ਸਕਦਾ ਹੈ ? ਨਹੀਂ ਛੱਡਿਆ ਜਾ ਸਕਦਾ......

**ਸ੍ਰੀ ਸਪੀਕਰ**: ਤੁਸੀਂ ਹੁਣ ਵਾਈਂਡ ਅੱਪ ਕਰੋ ।

**ਸਰਦਾਰ ਬੀਰਦਵਿੰਦਰ ਸਿੰਘ**: ਠੀਕ ਹੈ ਜੀ, ਮੈਂ ਵਾਈਂਡ ਅੱਪ ਕਰਦਾ ਹਾਂ । ਸਪੀਕਰ ਸਾਹਿਬ, ਦਸਵੇਂ ਪਾਤਸ਼ਾਹ ਨੇ ਸਾਰੇ ਸਿੱਖਾਂ ਨੂੰ ਸਾਰੇ ਦੇਸ਼ ਨੂੰ ਬੜਾ ਹੀ ਪਵਿੱਤਰ ਤੇ ਅੱਛਾ ਸਿਧਾਂਤ ਦਿੱਤਾ । ਮੈਂ ਸਮਝਦਾ ਹਾਂ ਕਿ ਉਸ ਸਿਧਾਂਤ ਦੀ ਜੋ ਉਸ ਵੇਲੇ ਸਾਡੇ ਸਮਾਜ ਨਾਲ ਰੈਲੇਵੈਂਸੀ ਸੀ ਉਸ ਤੋਂ ਅੱਜ ਦੇ ਜ਼ਮਾਨੇ ਵਿਚ ਕਿਤੇ ਵੱਧ ਰੈਲੇਵੈਂਸੀ ਹੈ । ਉਨ੍ਹਾਂ ਨੇ ਫ਼ੁਰਮਾਇਆ ਸੀ :—

"ਕੋਈ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬਰਹਮਚਾਰੀ ਕੋਊ ਜਤੀ ਅਨਮਾਨਬੋ ॥
ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮਸਾਫ਼ੀ
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥"

ਸਪੀਕਰ ਸਾਹਿਬ, ਇਹ ਪਵਿੱਤਰ ਸਿਧਾਂਤ ਸਾਡੇ ਦਸਵੇਂ ਪਾਤਸ਼ਾਹ ਨੇ ਸਾਨੂੰ ਦਿੱਤਾ ਸੀ, ਜਿਸ ਨੂੰ ਅੱਜ ਇਹ ਭੁਲ ਗਏ ਹਨ । ਸਪੀਕਰ ਸਾਹਿਬ, ਇਕ ਮੈਂ ਹੋਰ ਦ੍ਰਿਸ਼ਟਾਂਤ ਦਿੰਦਾ ਹਾਂ । ਜਿਸ ਵੇਲੇ ਮੇਰੇ ਦਸਵੇਂ ਪਾਤਸ਼ਾਹ ਨੇ ਚਮਕੌਰ ਦੀ ਗੜ੍ਹੀ ਛੱਡੀ ਤਾਂ ਮੁਗਲੀਆ ਫੌਜ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ । ਉਸ ਸਮੇਂ ਸੱਚੇ ਪਾਤਸ਼ਾਹ ਗਨੀ ਖਾਂ ਔਰ ਨਬੀ ਖਾਂ ਦੀ ਹਵੇਲੀ ਵਿਚ ਬਰਾਜੇ ਹੋਏ ਸਨ । ਹਵੇਲੀ ਦੇ ਉਪਰਲੇ ਚੁਬਾਰੇ ਵਿਚ ਉਹ ਬੈਠੇ ਹੋਏ ਸਨ । ਮੁਗਲੀਆ ਫੌਜ ਉਸ ਪਿੰਡ ਵਿਚ ਆ ਗਈ ਔਰ ਤਲਾਸ਼ੀ ਨਬੀ ਖਾਂ ਔਰ ਗਨੀ ਖਾਂ ਦੇ ਘਰ ਦੀ ਕਰਨ ਲੱਗ ਪਈ । ਜਦੋਂ ਮੁਗਲੀਆ ਫੌਜ ਦੇ ਆਦਮੀ ਕਹਿਣ ਲੱਗੇ ਕਿ ਅਸੀਂ ਇਸ ਚੁਬਾਰੇ ਦੀ ਵੀ ਤਲਾਸ਼ੀ ਲੈਣੀ ਚਾਹੁੰਦੇ ਹਾਂ ਤਾਂ ਨਬੀ ਖਾਂ ਨੇ ਕਿਹਾ

Original with;
Punjab Vidhan Sabha
Digitized by;
Punjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਕਿ ਇਸ ਤੋਂ ਅੱਗੇ ਇਕ ਕਦਮ ਨਹੀਂ ਚੁਕਣਾ । ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਇਸ ਕਮਰੇ ਦੀ ਤਲਾਸ਼ੀ ਲੈਣੀ ਹੈ ਤਾਂ ਨਬੀ ਖਾਂ ਕਹਿਣ ਲੱਗਾ ਕਿ ਇਸ ਕਮਰੇ ਵਿਚ ਮੇਰੀ ਬੇਟੀ ਤੇ ਮੇਰਾ ਦਾਮਾਦ ਅੱਲਾ ਤਾਲਾ ਦੇ ਪਰਵਾਣਿਤ ਹੱਕਾਂ ਨਾਲ ਆਰਾਮ ਕਰ ਰਹੇ ਹਨ, ਇਸ ਦਾ ਦਰਵਾਜ਼ਾ ਤਾਂ ਅੱਲਾ ਤਾਲਾ ਖੁਦ ਨਹੀਂ ਖੜਕਾ ਸਕਦਾ, ਤੇਰੀ ਤਾਂ ਤਾਕਤ ਹੀ ਨਹੀਂ ਹੈ । ਉਸ ਤੋਂ ਬਾਅਦ ਮੇਰੇ ਦਸਵੇਂ ਪਾਤਸ਼ਾਹ ਨੂੰ ਉਥੋਂ ਉੱਚ ਦਾ ਪੀਰ ਬਣਾ ਕੇ ਨਬੀ ਖਾਂ ਅਤੇ ਗਨੀ ਖਾਂ ਨੇ ਪਿੰਡ ਤੋਂ ਬਾਹਰ ਲਿਆਂਦਾ । ਸਪੀਕਰ ਸਾਹਿਬ, ਫਿਰ ਜਦੋਂ ਸਾਹਿਬਜ਼ਾਦੇ ਜਿਉਂਦੇ ਨੀਹਾਂ ਵਿਚ ਚੁਣੇ ਗਏ ਤਾਂ ਉਨ੍ਹਾਂ ਦਾ ਸੰਸਕਾਰ ਕਰਨ ਵਾਲਿਆਂ ਵਿਚ ਕੌਣ ਅੱਗੇ ਸਨ ? ਟੋਡਰ ਮੱਲ ਸਨ । ਫਿਰ ਇਸ ਤਰ੍ਹਾਂ ਹੀ ਉਨ੍ਹਾਂ ਨੇ ਮੋਹਰੇ ਹੋ ਕੇ ਮਾਤਾ ਗੁਜਰੀ ਜੀ ਦਾ ਸੰਸਕਾਰ ਕੀਤਾ । ਮੈਂ ਸਮਝਦਾ ਹਾਂ ਕਿ ਹੁਣ ਇਹ ਉਸ ਭਾਵਨਾ ਤੇ ਜ਼ਖਮ ਕਰਨ ਲਗੇ ਹਨ, ਉਸ ਭਾਵਨਾ ਨੂੰ ਲੀਰੋ ਲੀਰ ਕਰਨ ਲਗੇ ਹਨ । ਹੁਣ ਇਹ ਕਾਨਸਟੀਚਿਊਸ਼ਨਲ ਸੇਫਗਾਰਡ ਸਿੱਖਾਂ ਲਈ ਮੰਗਣ ਲੱਗੇ ਹੋਏ ਹਨ । ਇਸ ਮਤੇ ਵਿਚ ਲਿਖਿਆ ਹੋਇਆ ਹੈ ਕਿ ਸਿੱਖਾਂ ਦੇ ਹਿੱਤ ਕਾਨੂੰਨੀ ਤੌਰ ਤੇ ਬੁਨਿਆਦੀ ਅਤੇ ਸਰਕਾਰੀ ਨੀਤੀ ਦੇ ਤੌਰ ਤੇ ਵਿਸ਼ੇਸ਼ ਅਤੇ ਮਹੱਤਵਪੂਰਣ ਸੰਗਤ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋਣ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ, ਇਹ ਦੱਸੋ ਕਿ ਜਦੋਂ ਇਹ ਤੁਹਾਡੀਆਂ ਮੰਗਾਂ ਮੰਨ ਲਈਆਂ ਜਾਣ ਤਾਂ ਨਬੀ ਖਾਂ ਤੇ ਗਨੀ ਖਾਂ ਦੇ ਵਾਰਸਾਂ ਦੀ ਇਥੇ ਕੀ ਥਾਂ ਹੋਵੇਗੀ, ਇਸ ਤਰ੍ਹਾਂ ਹੀ ਟੋਡਰ ਮੱਲ ਦੇ ਵਾਰਸਾਂ ਦੀ ਕੀ ਥਾਂ ਹੋਵੇਗੀ ? ਇਸ ਵਾਸਤੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਐਸੀ ਬਦਨਸੀਬ ਘਟਨਾ ਵਾਪਰੀ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਜੀ, ਜਿਨ੍ਹਾਂ ਨੇ ਪੰਜਾਬ ਦੇ ਸਾਰੇ ਲੋਕਾਂ ਦੀ ਜਾਨ ਔਰ ਮਾਲ ਦੀ ਹਿਫ਼ਾਜ਼ਤ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਹੈ, ਉਨ੍ਹਾਂ ਦੀ ਜ਼ਾਨ ਲਈ ਖ਼ਤਰਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ । ਲੇਕਿਨ ਮੈਂ ਕਹਿੰਦਾ ਹਾਂ ਕਿ ਹਰ ਇਨਸਾਨ ਨੂੰ, ਹਰ ਬੰਦੇ ਨੂੰ ਜਿਊਣ ਦਾ ਅਧਿਕਾਰ ਹੈ ਔਰ ਇਹ ਅਧਿਕਾਰ ਉਸ ਨੂੰ ਕੁਦਰਤ ਵਲੋਂ ਮਿਲਿਆ ਹੋਇਆ ਹੈ, ਇਸ ਨੂੰ ਕੋਈ ਖੋਹ ਨਹੀਂ ਸਕਦਾ । ਉਨ੍ਹਾਂ ਤੇ ਦੋ ਹਮਲੇ ਹੋਏ ਹਨ । ਇਕ ਹਮਲਾ ਤਾਂ ਇਤਨਾ ਭਿਆਨਕ ਸੀ ਜਿਸ ਵਿਚ ਸਕੂਲ ਦੇ ਮਾਸੂਮ ਬੱਚਿਆਂ ਨੂੰ ਵੀ ਨੁਕਸਾਨ ਹੋਇਆ ਹੈ । ਜੇਕਰ ਬੰਬ ਮਾਰਦੇ ਕਿਸੇ ਸ਼ਰਾਬ-ਖਾਨੇ ਵਿਚ ਤਾਂ ਸ਼ਾਇਦ ਇਤਨਾਂ ਦੁੱਖ ਨਾ ਹੁੰਦਾ, ਜੇਕਰ ਬੰਬ ਮਾਰਦੇ ਕਿਸੇ ਅਯਾਸ਼ੀ ਦੇ ਅੱਡੇ ਤੇ ਤਾਂ ਸਾਨੂੰ ਇਤਨਾ ਦੁਖ ਨਾ ਹੁੰਦਾ ਲੇਕਿਨ ਬੰਬ ਮਾਰਿਆ ਗਿਆ ਮਾਸੂਮ ਬੱਚਿਆਂ ਦੇ ਇਕੱਠ ਤੇ । ਇਸ ਤਰ੍ਹਾਂ ਨਾਲ ਬੰਬਾਂ ਦੇ ਧਮਾਕੇ ਦੁਨੀਆ ਵਿਚ ਵਸਣ ਵਾਲੇ ਮੁਅੱਜ਼ਜ਼ ਇਨਸਾਨ ਨੂੰ ਕਿਸੇ ਵੀ ਵਿਅਕਤੀ ਨੂੰ ਪਸੰਦ ਨਹੀਂ ਹੋਏ । ਡਾਕਟਰ ਸਾਹਿਬ, ਦੇਖੋ ਬੰਦਾ ਤਾਂ ਬੰਦਾ ਹੈ, ਬੰਦੇ ਵਿਚ ਲਹੂ ਹੈ, ਬੰਦੇ ਵਿਚ ਸਾਹ ਹੈ, ਬੰਦੇ ਦਾ ਸਰੀਰ ਹੈ, ਬੰਦਾ ਰੋਂਦਾ ਹੈ, ਬੰਦਾ ਹੱਸਦਾ ਹੈ, ਬੰਦੇ ਦੀਆਂ ਆਪਣੀਆਂ ਭਾਵਨਾਵਾਂ ਹਨ, ਜੋ ਬੰਬ ਸੁਟਣ ਆਏ, ਉਹ ਵੀ ਬੰਦੇ ਸਨ, ਜਿਨ੍ਹਾਂ ਨੇ ਭੇਜਿਆ ਉਹ ਵੀ ਬੰਦੇ ਸਨ, ਜਿਨ੍ਹਾਂ ਨੇ ਬੰਬ ਤਿਆਰ ਕਰਕੇ ਦਿੱਤੇ ਉਹ ਵੀ ਬੰਦੇ ਸਨ ਔਰ ਜਿਨ੍ਹਾਂ ਤੇ ਮਾਰੇ ਗਏ ਉਹ ਵੀ ਬੰਦੇ ਸਨ । ਪਰ ਬੰਬ ਜਿਹੜਾ ਕਿ ਲੋਹੇ ਦਾ ਬਣਿਆ ਹੋਇਆ ਸੀ, ਜਿਸ ਵਿਚ ਬਾਰੂਦ ਸੀ, ਮੈਂ ਸਮਝਦਾ ਹਾਂ ਕਿ ਉਥੇ ਬੰਬ ਸੁੱਟਣ ਵੇਲੇ ਨਾ ਤਾਂ ਬੰਦੇ ਨੂੰ ਭੇਜਣ ਵਾਲੇ ਨੂੰ ਸ਼ਰਮ ਆਈ ਔਰ ਨਾ ਹੀ ਬੰਬ ਮਾਸੂਮ ਬੱਚਿਆਂ ਤੇ ਸੁੱਟਣ ਵਾਲੇ ਨੂੰ ਸ਼ਰਮ ਆਈ, ਪਰ ਜਿਹੜਾ ਬੰਬ ਸੀ ਉਸ ਨੂੰ ਸ਼ਰਮ ਆ

Original with;
Punjab Vidhan Sabha
Digitized by;
Panjab Digital Library

ਗਈ, ਉਹ ਨਾ ਫਟਿਆ (ਥੰਪਿੰਗ) ਉਸ ਲੋਹੇ ਨੂੰ ਸ਼ਰਮ ਆ ਗਈ, ਉਸ ਬਾਰੂਦ ਨੂੰ ਸ਼ਰਮ ਆ ਗਈ। ਅਕਾਲ ਪੁਰਖ ਵਾਹਿਗੁਰੂ ਨੇ ਹੱਥ ਦੇਕੇ ਉਨ੍ਹਾਂ ਦੀ ਰਖਿਆ ਕੀਤੀ। ਸਪੀਕਰ ਸਾਹਿਬ, ਵਾਹਿਗੁਰੂ ਆਪਣੇ ਸਿੱਖ ਦੀ ਆਪ ਹੱਥ ਦੇਕੇ ਰਖਿਆ ਕਰਦਾ ਹੈ, ਕੋਈ ਵਾਲ ਵਿੰਗਾ ਨਹੀਂ ਕਰ ਸਕਦਾ ਜਿਸ ਤੇ ਅਕਾਲ ਪੁਰਖ ਦੀ ਛਤਰੀ ਹੋਵੇ। ਗੁਰਦੁਆਰਿਆਂ ਵਿਚ ਬਣਿਆ ਹੋਇਆ ਬੰਬ ਚੀਫ਼ ਮਨਿਸਟਰ ਨੂੰ ਨਹੀਂ ਸੀ ਮਾਰ ਸਕਦਾ। ਜਦੋਂ ਤਕ ਅਕਾਲ ਪੁਰਖ ਦਾ ਹੱਥ ਸਰਦਾਰ ਦਰਬਾਰਾ ਸਿੰਘ ਤੇ ਹੈ, ਉਨ੍ਹਾਂ ਨੂੰ ਕੋਈ ਬੰਬ ਨਹੀਂ ਮਾਰ ਸਕਦਾ। ਇਨ੍ਹਾਂ ਸ਼ਬਦਾਂ ਦੇ ਨਾਲ ਪੰਜਾਬ ਦੀ ਧਰਤੀ ਤੇ ਜਿਹੜੀਆਂ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਨੂੰ ਗੁਰਬਾਣੀ ਦੇ ਅਧਾਰ ਤੇ, ਸਿੱਖ ਰਿਵਾਇਤਾਂ ਦੇ ਆਧਾਰ ਤੇ ਔਰ ਗੁਰੂ ਮਹਾਰਾਜ ਦਾ ਆਸਰਾ ਲੈਕੇ, ਉਨ੍ਹਾਂ ਨੂੰ ਕੰਡੈਮ ਕਰਦਾ ਹਾਂ। ਪਰ ਮੈਂ ਇਹ ਫਿਰ ਕਹਿੰਦਾ ਹਾਂ ਕਿ...

"ਜੇ ਰਤ ਲਗੇ ਕਪੜੇ, ਜਾਮਾ ਹੋਏ ਪਲੀਤ"

ਬੰਦੇ ਦਾ ਲਹੂ ਪੀਣ ਵਾਲਾ ਕਦੇ ਬਚ ਨਹੀਂ ਸਕਦਾ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਜਿਥੇ ਅਸੀਂ ਨਿੰਦ ਰਹੇ ਹਾਂ ਉਥੇ ਸਾਨੂੰ ਤਕੜੇ ਹੋਕੇ, ਸਾਰੀਆਂ ਪਾਰਟੀਆਂ ਨੂੰ ਇਕੱਠੇ ਹੋਕੇ, ਉਹ ਲੋਕ ਜਿਹੜੇ ਇਨਸਾਨੀਅਤ ਵਿਚ ਯਕੀਨ ਰਖਦੇ ਹਨ, ਜਿਹੜੇ ਭਾਈਚਾਰੇ ਵਿਚ ਯਕੀਨ ਰਖਦੇ ਹਨ, ਉਨ੍ਹਾਂ ਸਭ ਨੂੰ ਇਕੱਠੇ ਹੋਕੇ ਇਨ੍ਹਾਂ ਘਟਨਾਵਾਂ ਦਾ ਟਾਕਰਾ ਕਰਨਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਇਹ ਵੀ ਕਹਾਂਗਾ ਕਿ ਜੋ ਗੁਰਦੁਆਰਿਆਂ ਦਾ ਆਸਰਾ ਲੈਕੇ, ਗੁਰਦੁਆਰਿਆਂ ਵਿਚ ਬੈਠਕੇ ਇਨਸਾਨੀਅਤ ਦੇ ਖਿਲਾਫ਼ ਕੰਮ ਕਰ ਰਹੇ ਹਨ, ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਗੁਰਦੁਆਰਿਆਂ ਨੂੰ ਪਲੀਤ ਨਹੀਂ ਕਰਨਾ ਚਾਹੀਦਾ, ਬਾਹਰ ਆਕੇ ਲੜਾਈ ਲੜਨੀ ਚਾਹੀਦੀ ਹੈ ਤਾਕਿ ਪਤਾ ਲਗੇ।

ਮੈਂ ਜਾਨਤਾ ਹੂੰ ਬੁਲਬੁਲ ਤੇਰੀ ਤੌਫ਼ੀਕ ਕੋ
ਦੋ ਹੱਡੀਯੋਂ ਪਰ ਬਸ ਪੜਾ ਹੈ ਮਾਸ ਕਾ ਪਰਦਾ"

ਇਸੇ ਲਈ ਸਾਡੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਸੰਤ ਭਿੰਡਰਾਂਵਾਲਾ ਬੇਗੁਨਾਹਾਂ ਦੇ ਲਹੂ ਵਿਚ ਹੱਥ ਧੋਕੇ ਹਰਿਮੰਦਰ ਸਾਹਿਬ ਵਿਚ ਨਾ ਬੈਠੇ, ਜੇ ਬੰਦੇ ਦਾ ਪੁੱਤਰ ਹੈ ਤਾਂ ਇਸ ਚਾਰ ਦਿਵਾਰੀ ਤੋਂ ਬਾਹਰ ਨਿਕਲ ਕੇ ਦੇਖੇ। ਸੋ, ਸਪੀਕਰ ਸਾਹਿਬ, ਮੈਂ ਅੱਜ ਫਿਰ ਇਨ੍ਹਾਂ ਸ਼ਬਦਾਂ ਦੀ ਪ੍ਰੌੜ੍ਹਤਾ ਕਰਦਾ ਹਾਂ।

ਐਨੀ ਗੱਲ ਕਹਿਕੇ ਮੈਂ ਖਤਮ ਕਰਦਾ ਹਾਂ ਕਿ ਇਨ੍ਹਾਂ ਬੰਦਿਆਂ ਦੇ ਇਸ ਤਰ੍ਹਾਂ ਲੁਕਣ ਨਾਲ ਉਹ ਬਚ ਨਹੀਂ ਸਕਦੇ, ਉਸ ਅਕਾਲ ਪੁਰਖ ਦੀ ਅੱਖ ਤੋਂ ਉਹ ਬਚ ਨਹੀਂ ਸਕਦੇ, ਉਹ ਅਕਾਲ ਪੁਰਖ ਸਭ ਨੂੰ ਵੇਖਦਾ ਹੈ। ਉਸ ਦੀ ਨਜ਼ਰ ਤਾਂ ਕੀੜਿਆਂ ਤੇ ਵੀ ਪਹੁੰਚਦੀ ਹੈ, ਇਸ ਲਈ ਉਨ੍ਹਾਂ ਦਾ ਹਿਸਾਬ ਕਿਤਾਬ ਇਕ ਦਿਨ ਜ਼ਰੂਰ ਹੋਵੇਗਾ ਔਰ ਇਕ ਦਿਨ ਇਹ ਨਬੇੜਾ ਇਸ ਧਰਤੀ ਤੇ ਹੀ ਹੋ ਜਾਵੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਦਰਦ ਭਰੇ ਹਾਲਾਤ ਵਿਚ, ਜਦੋਂ ਕਿ ਮਾਸੂਮ ਬੱਚਿਆਂ ਨੂੰ ਬੇਦਰਦੀ ਨਾਲ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਕਈ ਕਤਲ ਕੀਤੇ ਹਨ, ਜਹਾਜ਼ ਹਾਈਜੈਕ ਕਰਕੇ ਲੈ ਗਏ ਹਨ, ਆਪਦਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੁੰਬਾ** ਸਪੀਕਰ ਸਾਹਿਬ, ਪਹਿਲੇ ਡਾਕਟਰ ਸਾਹਿਬ ਨੂੰ ਬੋਲ ਲੈਣ ਦਿਓ ।

**ਸ੍ਰੀ ਸਪੀਕਰ** : ਮੈਂ ਤੁਹਾਨੂੰ ਸਮਾਂ ਦਿੱਤਾ ਹੈ, ਤੁਸੀਂ ਬੋਲੋ ।

**ਕਾਮਰੇਡ ਬਲਦੇਵ ਸਿੰਘ ਲੁੰਬਾ**: (ਸੁਤਰਾਣਾ, ਐਸ. ਸੀ.): ਸਪੀਕਰ ਸਾਹਿਬ ਮੈਂ ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਮੈਨੂੰ ਖੁਸ਼ੀ ਹੁੰਦੀ ਜੇ ਤੁਸੀਂ ਇਸ ਮਤੇ ਦੇ ਮੂਵ ਕਰਨ ਵਿਚ ਸਾਡੀ ਪਾਰਟੀ ਦਾ ਨਾਂ ਵੀ ਲੈ ਲੈਂਦੇ ।

ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਨੇ ਸੋਹਣੇ ਤਰੀਕੇ ਨਾਲ ਔਰ ਸਾਰੇ ਮਸਲੇ ਨੂੰ ਗੁਰਬਾਣੀ ਦੀਆਂ ਮਿਸਾਲਾਂ ਦੇਕੇ ਔਰ ਬੜੇ ਅੱਛੇ ਤਰੀਕੇ ਨਾਲ ਆਪਣੀ ਸਪੀਚ ਕੀਤੀ ਹੈ ਔਰ ਆਪਣੇ ਖਿਆਲ ਦਸੇ ਹਨ । ਪਰ ਮੈਂ ਹੁਣ ਇਸ ਦੇ ਕੁਝ ਪਿਛੋਕੜ ਵਿਚ ਜਾਣਾ ਚਾਹੁੰਦਾ ਹਾਂ । ਇਥੇ ਅਮਰੀਕਨ ਸਾਮਰਾਜਵਾਦ ਦੇ ਕੰਮਾਂ ਬਾਰੇ ਦੱਸਣਾ ਚਾਹੁੰਦਾ ਹਾਂ । ਸਾਲ ਡੇਢ ਸਾਲ ਤੋਂ ਜੋ ਇਹ ਹਿੰਦੁਸਤਾਨ ਦੇ ਖਿਲਾਫ਼ ਸਾਜਸ਼ਾਂ ਚਲ ਰਹੀਆਂ ਹਨ, ਇਸ ਦੇ ਪਿਛੇ ਵੀ ਅਮਰੀਕਨ ਸਾਮਰਾਜਵਾਦ ਦਾ ਹੱਥ ਹੈ । ਜਦੋਂ ਦਾ ਸਾਡਾ ਦੇਸ਼ ਆਜ਼ਾਦ ਹੋਇਆ ਹੈ, ਅਮਰੀਕਨ ਸਾਮਰਾਜਵਾਦ ਇਸ ਨੂੰ ਮੁੜ ਗੁਲਾਮ ਬਣਾਉਣਾ ਚਾਹੁੰਦਾ ਹੈ । ਸਿਰਫ਼ ਹਿੰਦੁਸਤਾਨ ਤੇ ਹੀ ਨਹੀਂ ਬਲਕਿ ਸਾਰੀ ਦੁਨੀਆਂ ਤੇ ਆਪਣਾ ਦਬਦਬਾ ਰਖਣਾ ਚਾਹੁੰਦਾ ਹੈ ਪਹਿਲੇ ਤਾਂ ਅਮਰੀਕਨ ਸਾਮਰਾਜਵਾਦ ਇਹ ਯਤਨ ਕਰਦਾ ਹੈ ਕਿ ਗਲਬਾਤ ਨਾਲ ਕੋਈ ਦੇਸ਼ ਸਾਡੇ ਹੇਠ ਆ ਜਾਵੇ, ਫਿਰ ਉਹ ਇਹ ਯਤਨ ਕਰਦਾ ਹੈ ਕਿ ਕਿਸੇ ਤਰੀਕੇ ਨਾਲ ਵੋਟਾਂ ਦੇ ਤਰੀਕੇ ਨਾਲ ਰਾਜ ਬਦਲ ਦਿੱਤਾ ਜਾਵੇ, ਜੇ ਵੋਟਾਂ ਦੇ ਤਰੀਕੇ ਨਾਲ ਰਾਜ ਨਾ ਬਦਲੇ ਤਾਂ ਫਿਰ ਉਸ ਦੇ ਦੇਸ਼ ਨੇਤਾ ਨੂੰ ਕਤਲ ਕਰ ਦਿੱਤਾ ਜਾਵੇ । ਇਸ ਪਾਸੇ ਵਲ ਯਤਨ ਕਰਦਾ ਹੈ ਔਰ ਜੇ ਇਹ ਵੀ ਨਾ ਕਰ ਸਕੇ ਤਾਂ ਫਿਰ ਦੇਸ਼ ਦੇ ਵਿਚ ਫਿਰਕੂ ਭਾਵਨਾ ਪੈਦਾ ਕਰਕੇ ਉਸ ਦੇ ਦੇਸ਼ ਅਮਨ ਨੂੰ ਤਬਾਹ ਕਰਨਾ ਚਾਹੁੰਦਾ ਹੈ । ਮੈਂ ਸਮਝਦਾ ਹਾਂ ਕਿ 1947 ਤੋਂ ਬਾਅਦ ਇਹ ਕਾਲੀਆਂ ਤਾਕਤਾਂ ਜਿਹੜੀਆਂ ਕਿ ਅਮਰੀਕਨ ਸਾਮਰਾਜਵਾਦ ਨੇ ਚਲਾ ਰਖੀਆਂ ਹਨ, ਹਿੰਦੁਸਤਾਨ ਨੂੰ ਮੁੜ ਗੁਲਾਮ ਬਣਾਉਣ ਲਈ ਕੋਸ਼ਿਸ਼ ਕਰ ਰਹੀਆਂ ਹਨ । 1977 ਵਿਚ ਜਦੋਂ ਸਾਡੇ ਮੁਲਕ ਵਿਚ ਰਾਜ ਬਦਲਿਆ ਤਾਂ ਉਸ ਵੇਲੇ ਰਾਜ ਨਰਾਇਣ, ਮੋਰਾਰ ਜੀ ਡਿਸਾਈ ਔਰ ਚਰਨ ਸਿੰਘ ਵਰਗਿਆਂ ਨੂੰ ਪਹਿਲੇ ਤਾਂ ਇਕਠੇ ਕਰ ਦਿੱਤਾ, ਔਰ ਫਿਰ ਉਨ੍ਹਾਂ ਨੂੰ ਜਨਤਾ ਪਾਰਟੀ ਦਾ ਨਾਂ ਦੇਕੇ ਹੋਰ ਇਕਠੇ ਕਰ ਦਿੱਤਾ ਪਰ ਬਾਅਦ ਵਿਚ ਉਨ੍ਹਾਂ ਦੀਆਂ ਆਪਸ ਵਿਚ ਲੜਾਈਆਂ ਕਰਵਾਕੇ ਉਹ ਸਰਕਾਰ ਤੁੜਵਾ ਦਿੱਤੀ । ਇਸ ਤੋਂ ਸਪਸ਼ਟ ਹੈ ਕਿ ਅਮਰੀਕਨ ਸਾਮਰਾਜ-ਵਾਦ ਨੇ ਹਿੰਦੁਸਤਾਨ ਤੇ ਕਬਜ਼ਾ ਕਰਨ ਲਈ, ਮੁੜ ਗੁਲਾਮ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਕੀਤੀਆਂ ਪਰ ਉਸ ਤੋਂ ਬਾਅਦ ਵੀ ਜਦੋਂ ਇਹ ਵੇਖਿਆ ਕਿ ਇਸ ਤਰ੍ਹਾਂ ਨਾਲ ਉਸ ਦੀਆਂ ਸਾਜਸ਼ਾਂ ਕਾਮਯਾਬ ਨਹੀਂ ਹੋ ਸਕਦੀਆਂ ਤਾਂ ਹੁਣ ਫਿਰਕਾਪ੍ਰਸਤੀ ਦੀ ਭਾਵਨਾ ਨੂੰ ਪੰਜਾਬ ਵਿਚ ਪੈਦਾ ਕਰ ਦਿੱਤਾ ਹੈ । ਫੇਰ ਇਹ ਲੋਕ ਕਹਿਣਗੇ ਕਿ ਸਾਡਾ ਵਿਸ਼ਵਾਸ਼ ਵੋਟਾਂ ਵਿਚ ਨਹੀਂ ਰਿਹਾ ਅਤੇ ਇਹ ਇਕ ਵੱਡਾ ਜਿਹਾ ਜਰਨੈਲ ਅਮਰੀਕਾ ਤੋਂ ਲੈ ਆਉਣਗੇ ਤਾਂਕਿ ਹਿੰਦੁਸਤਾਨ ਉਤੇ ਡਿਕਟੇਟਰਸ਼ਿਪ ਪੈਦਾ ਕੀਤੀ ਜਾ ਸਕੇ; ਇਹੀ ਕੁਝ

Original with;
Punjab Vidhan Sabha
Digitized by;
Panjab Digital Library

ਇਹ ਅਕਾਲੀ ਪਾਰਟੀ ਵਾਲੇ ਚਾਹੁੰਦੇ ਹਨ । ਇਹ ਸਾਰਾ ਕੁਝ ਅਮਰੀਕਾ ਦੀਆਂ ਚਾਲਾਂ ਤੇ ਚਲ ਰਹੇ ਹਨ । ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਦ ਜਿੰਨੇ ਵੀ ਪੰਜਾਬ ਵਿਚ ਕਤਲ ਹੋਏ ਹਨ ,ਇਨ੍ਹਾਂ ਨੇ ਕਿਸੇ ਦੀ ਵੀ ਨਿੰਦਾ ਨਹੀਂ ਕੀਤੀ ਸੀ, ਇਹ ਸਿਰਫ਼ ਇਹ ਹੀ ਕਹਿੰਦੇ ਸਨ ਕਿ ਸਾਡਾ ਇਸ ਨਾਲ ਕੋਈ ਸਬੰਧ ਨਹੀਂ ਹੈ । ਪਰ ਜਦੋਂ ਹਵਾਈ ਜਹਾਜ਼ ਅਗਵਾਹ ਕੀਤੇ ਜਾਂਦੇ ਹਨ ਤਾਂ ਇਨ੍ਹਾਂ ਦੀਆਂ ਮੰਗਾਂ ਕੀ ਹੁੰਦੀਆਂ ਹਨ ਕਿ ਪੰਜਾਬ ਦਾ ਚੀਫ਼ ਮਨਿਸਟਰ ਸਰਦਾਰ ਦਰਬਾਰਾ ਸਿੰਘ ਦੀ ਬਜਾਏ ਪ੍ਰਕਾਸ਼ ਸਿੰਘ ਬਾਦਲ ਹੋਵੇ । ਪਰ ਇਨ੍ਹਾਂ ਦਾ ਇਤਨਾ ਕਹਿ ਦੇਣ ਨਾਲ ਕਿ ਸਾਡਾ ਇਸ ਨਾਲ ਕੋਈ ਸਬੰਧ ਨਹੀਂ ਹੈ, ਇਸ ਵਿਚ ਲੋਕਾਂ ਦੀ ਸੰਤੁਸ਼ਟੀ ਨਹੀਂ ਹੋ ਜਾਂਦੀ । (ਵਿਘਨ) ਆਇਆ ਇਸ ਗੱਲ ਦੀ ਅਕਾਲੀ ਪਾਰਟੀ ਦੇ ਕਿਸੇ ਲੀਡਰ ਟੌਹੜਾ, ਲੌਂਗੋਵਾਲ, ਬਾਦਲ, ਤਲਵੰਡੀ ਨੇ ਨਿਖੇਧੀ ਕੀਤੀ ? ਪਰ ਇਹ ਕਹਿੰਦੇ ਹਨ ਕਿ ਸਾਡਾ ਹਵਾਈ ਜਹਾਜ਼ ਅਗਵਾਹ ਕਰਨ ਵਿਚ ਕੋਈ ਸਬੰਧ ਨਹੀਂ ਹੈ । ਅਗਵਾਹ ਕਰਨ ਵਾਲਿਆਂ ਦੀਆਂ ਮੰਗਾਂ ਉਹੀ ਹਨ ਜਿਹੜੀਆਂ ਇਨ੍ਹਾਂ ਨੂੰ ਰੀਲੇਟ ਕਰਦੀਆਂ ਹਨ । ਸਪੀਕਰ ਸਾਹਿਬ, ਇਥੇ ਆਨੰਦਪੁਰ ਸਾਹਿਬ ਦਾ ਮਤਾ ਆਇਆ, ਖਾਲਿਸਤਾਨ ਦੀ ਗੱਲ ਆਈ, ਇਨ੍ਹਾਂ ਇਸ਼ੂਜ਼ ਤੇ ਖੁਦ ਅਕਾਲੀ ਪਾਰਟੀ ਦੇ ਮੈਂਬਰ ਕਨਫਿਊਜ਼ਨ ਵਿਚ ਹਨ । ਕੋਈ ਕਹਿੰਦਾ ਹੈ ਕਿ ਅਸੀਂ ਅਟੌਨਮੀ ਮੰਗਦੇ ਹਾਂ ਅਤੇ ਕੋਈ ਕਹਿੰਦਾ ਹੈ ਕਿ ਸਾਨੂੰ ਸਟੇਟ ਵਿਚ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ । ਕੀ ਇਨ੍ਹਾਂ ਨੂੰ ਅਟੌਨਮੀ ਦਾ ਮਤਲਬ ਨਹੀਂ ਪਤਾ ? ਕੀ ਇਨ੍ਹਾਂ ਦੀ ਅਟੌਨਮੀ ਦਾ ਮਤਲਬ ਵੱਧ ਅਧਿਕਾਰ ਹਨ ? ਕੀ ਅਟੌਨਮੀ ਦਾ ਮਤਲਬ ਖੁਦਮੁਖਤਿਆਰੀ ਨਹੀਂ ਹੈ ? ਇਹ ਵਾਧੂ ਅਧਿਕਾਰਾਂ ਦੇ ਚੱਕਰਾਂ ਵਿਚ ਭੋਲੇ ਭਾਲੇ ਲੋਕਾ ਨੂੰ ਉਲਝਾ ਰਹੇ ਹਨ । ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ । ਦੂਜੇ ਪਾਸੇ ਇਹ ਕਹਿੰਦੇ ਹਨ ਕਿ ਸਾਨੂੰ ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਯੂ.ਐਨ.ਓ. ਵਿਚ ਮੈਂਬਰਸ਼ਿਪ ਦਿੱਤੀ ਜਾਵੇ । ਸਪੀਕਰ ਸਾਹਿਬ, ਇਨ੍ਹਾਂ ਦਾ ਰਸਤਾ ਉਹੀ ਹੈ ਚਾਹੇ ਜਹਾਜ਼ ਰਾਹੀਂ ਹੋਵੇ, ਚਾਹੇ ਰੇਲ ਰਾਹੀਂ, ਚਾਹੇ ਬੱਸ ਰਾਹੀਂ ਅਤੇ ਚਾਹੇ ਕਿਸੇ ਪਗਡੰਡੀ ਰਾਹੀਂ, ਚਾਹੇ ਸਾਈਕਲ ਰਾਹੀਂ ਹੋਵੇ, ਨਿਸ਼ਾਨਾ ਇਨ੍ਹਾਂ ਦਾ ਉਹੀ ਹੈ । ਇਹ ਅਕਾਲੀ ਪਾਰਟੀ ਵਾਲੇ ਪੰਜਾਬ ਦੇ ਖਿਲਾਫ ਅਤੇ ਦੇਸ਼ ਦੇ ਖਿਲਾਫ ਸਾਜਿਸ਼ਾਂ ਅਮਰੀਕਾ ਦੇ ਨਾਲ ਮਿਲ ਕੇ ਕਰ ਰਹੇ ਹਨ । ਪੰਜਾਬ ਵਿਚ ਕੋਈ ਵੀ ਸਰਮਾਏਦਾਰ ਇੰਡਸਟਰੀ ਵੱਡੀ ਲਗਾਉਣ ਲਈ ਤਿਆਰ ਨਹੀਂ ਹੈ ਕਿਉਂਕਿ ਪੰਜਾਬ ਦੇ ਅਮਨ ਨੂੰ ਹਰ ਵਕਤ ਇਨ੍ਹਾਂ ਲੋਕਾਂ ਨੇ ਭੰਗ ਕੀਤਾ ਹੋਇਆ ਹੈ ਅਤੇ ਕਾਰਖਾਨੇਦਾਰ ਪੰਜਾਬ ਵਿਚੋਂ ਬਾਹਰ ਜਾ ਰਹੇ ਹਨ ਅਤੇ ਦਿੱਲੀ ਤੋਂ ਪਰੇ ਆਪਣੇ ਕਾਰਖਾਨੇ ਲਗਾ ਰਹੇ ਹਨ । ਇਸ ਦੇ ਨਾਲ ਇਹ ਪੰਜਾਬ ਨੂੰ ਤਬਾਹ ਕਰ ਰਹੇ ਹਨ । ਪੰਜਾਬ ਵਿਚੋਂ ਲੋਕ ਆਪਣੀਆਂ ਜਾਇਦਾਦਾਂ ਵੇਚ ਕੇ ਬਾਹਰ ਜਾ ਰਹੇ ਹਨ ਤਾਕਿ ਆਪਣੇ ਬਿਜ਼ਨੈਸ ਨੂੰ ਵਧਾ ਸਕਣ । ਡਾਕਟਰ ਸਾਹਿਬ ਫੇਰ ਕਹਿੰਦੇ ਹਨ ਕਿ ਸਿੱਖਾਂ ਨਾਲ ਧੱਕਾ ਹੋ ਰਿਹਾ ਹੈ । ਇਹ ਕਾਂਗਰਸ ਪਾਰਟੀ ਦੇ ਸਿੱਖਾਂ ਨੂੰ ਸਿੱਖ ਨਹੀਂ ਸਮਝਦੇ ਅਤੇ ਕਿਸੇ ਦੂਜੀ ਪਾਰਟੀ ਦੇ ਸਿੱਖਾਂ ਨੂੰ ਸਿੱਖ ਨਹੀਂ ਸਮਝਦੇ । ਇਹ ਸਿਰਫ ਅਕਾਲੀ ਪਾਰਟੀ ਦੇ ਸਿੱਖਾਂ ਨੂੰ ਹੀ ਸਿੱਖ ਸਮਝਦੇ ਹਨ । ਤੁਸੀਂ ਤਾਂ ਉਨ੍ਹਾਂ ਸਿੱਖਾਂ ਦਾ, ਪੰਜਾਬੀਆਂ ਦਾ ਬੇੜਾ ਗਰਕ ਕਰ ਰਹੇ ਹੋ ਜਿਹੜੇ ਹਿੰਦੁਸਤਾਨ ਦੇ ਕੋਨੇ ਕੋਨੇ ਤੇ ਬੈਠੇ ਹੋਏ ਹਨ ਅਤੇ ਬਿਜ਼ਨੈਸ ਕਰ ਰਹੇ ਹਨ । ਅਸਲ ਵਿਚ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਤੁਸੀਂ ਉਨ੍ਹਾਂ ਦਾ ਕਤਲ ਕਰ ਰਹੇ ਹੋ। ਤੁਸੀਂ ਅਸਲ ਵਿਚ ਸਿੱਖਾਂ ਨਾਲ ਹਮਦਰਦੀ ਨਹੀਂ ਕਰ ਰਹੇ ਬਲਕਿ ਉਨ੍ਹਾਂ ਦਾ ਸਤਿਆਨਾਸ ਕਰ ਰਹੇ ਹੋ। ਆਇਆ ਤੁਸੀਂ ਪੰਜਾਬ ਦੇ ਉਨ੍ਹਾਂ ਸਿੱਖਾਂ ਬਾਰੇ ਸੋਚਿਆ ਜਿਹੜੇ ਇਥੇ ਕਾਰਖਾਨੇ ਲਗਾ ਕੇ ਬੈਠੇ ਹੋਏ ਹਨ, ਟਰਾਂਸਪੋਰਟਰਜ਼ ਹਨ, ਜਗੀਰਦਾਰ ਹਨ ? ਇਹ ਲੋਕ ਤੁਹਾਨੂੰ ਚੰਗਾ ਨਹੀਂ ਸਮਝਦੇ। ਤੁਸੀਂ ਅਮਰੀਕਾ ਦੀਆਂ ਚਾਲਾਂ ਵਿਚ ਆ ਕੇ ਹਿੰਦੁਸਤਾਨ ਨੂੰ ਫਿਰ ਗੁਲਾਮ ਕਰਨਾ ਚਾਹੁੰਦੇ ਹੋ। ਜਿਵੇਂ ਮਾਸਟਰ ਚੰਦ ਸਿੰਘ ਜੀ ਨੇ ਦੱਸਿਆ ਸੀ ਕਿ ਅਮਰੀਕਾ ਸਾਮਰਾਜਵਾਦ ਨੂੰ ਕਿਸ ਤਰ੍ਹਾਂ ਫੈਲਾ ਰਿਹਾ ਹੈ ਅਤੇ ਉਸ ਨੇ ਆਪਣੇ ਮਿਲਟਰੀ ਅੱਡੇ ਡੀਗੋ ਗਾਰਸ਼ੀਆ, ਬੰਗਲਾ ਦੇਸ਼, ਪਾਕਿਸਤਾਨ ਦੇ ਆਲੇ ਦੁਆਲੇ ਅਤੇ ਸਮੁੰਦਰ ਵਿਚ ਬਣਾ ਲਏ ਹਨ ਅਤੇ ਇਸ ਤਰ੍ਹਾਂ ਦੇ ਹਾਲਾਤ ਕਰੀਏਟ ਹੋ ਰਹੇ ਹਨ। ਜਦੋਂ ਅਮਰੀਕਾ ਆਪਣੇ ਸਾਮਰਾਜ ਨੂੰ ਵਧਾ ਰਿਹਾ ਹੋਵੇ ਔਰ ਇਹ ਅਕਾਲੀ ਪਾਰਟੀ ਵਾਲੇ ਉਨ੍ਹਾਂ ਦੀਆਂ ਸਾਜ਼ਿਸ਼ਾਂ ਵਿਚ ਆ ਕੇ ਦੇਸ਼ ਨੂੰ ਤਬਾਹ ਕਰਨ ਦੀ ਸੋਚ ਰਹੇ ਹੋਣ, ਕਿੰਨੀ ਮਾੜੀ ਗੱਲ ਹੈ। ਇਥੇ ਮੋਰਾਰਜੀ ਡਿਸਾਈ ਨੇ ਕਿਹਾ ਕਿ ਪਾਕਿਸਤਾਨ ਨੂੰ ਅਮਰੀਕਾ ਵਲੋਂ ਹਥਿਆਰ ਦੇਣਾ ਉਚਿਤ ਹੈ ਕਿਉਂਕਿ ਪਾਕਿਤਸਾਨ ਨੂੰ ਤਕੜਾ ਹੋਣਾ ਚਾਹੀਦਾ ਹੈ ਅਤੇ ਇਸ ਵਿਚ ਸਾਨੂੰ ਕੋਈ ਖਤਰਾ ਨਹੀਂ ਹੈ। ਇਹ ਪਾਕਿਸਤਾਨ ਦਾ ਹੱਕ ਹੈ ਕਿ ਉਹ ਹਥਿਆਰਬੰਦ ਹੋਵੇ। ਇਸੇ ਤਰ੍ਹਾਂ ਜਲੰਧਰ ਵਿਚ ਪ੍ਰੈਸ ਕਾਨਫਰੰਸ ਵਿਚ ਬੋਲਦੇ ਹੋਏ ਵਾਜਪਾਈ ਨੇ ਕਿਹਾ ਸੀ ਕਿ ਪਾਕਿਸਤਾਨ ਨੂੰ ਹਥਿਆਰਬੰਦ ਕਰਨਾ ਜ਼ਰੂਰੀ ਸੀ ਇਹ ਉਸ ਦੀ ਸੇਫਟੀ ਲਈ ਹੈ ਅਤੇ ਹਿੰਦੁਸਤਾਨ ਨੂੰ ਇਸ ਨਾਲ ਕੋਈ ਖਤਰਾ ਨਹੀਂ ਹੈ। ਉਹ ਚੌਧਰੀ ਚਰਨ ਸਿੰਘ ਜਿਹੜਾ ਆਪਣੇ ਆਪ ਨੂੰ ਅਮਰੀਕਾ ਦਾ ਏਜੰਟ ਕਹਿੰਦਾ ਹੈ ਉਹ ਹਿੰਦੁਸਤਾਨ ਵਿਚ ਅਮਰੀਕੀ ਸਾਮਰਾਜਵਾਦ ਨੂੰ ਪੈਦਾ ਕਰਨਾ ਚਾਹੁੰਦਾ ਹੈ। ਇਸ ਲਈ ਮੇਰੀ ਬੇਨਤੀ ਹੈ ਅਕਾਲੀ ਭਰਾਵਾਂ ਨੂੰ ਕਿ ਇਹ ਜੋ ਵੀ ਰਸਤਾ ਅਖਤਿਆਰ ਕਰਨਾ ਚਾਹੁੰਦੇ ਹਨ ਉਹ ਪੁਰਅਮਨ ਤਰੀਕੇ ਦਾ ਹੋਣਾ ਚਾਹੀਦਾ ਹੈ ਔਰ ਇਹ ਅਮਰੀਕੀ ਸਾਮਰਾਜਵਾਦ ਨੂੰ ਕਹਿ ਦੇਣ ਕਿ ਅਸੀਂ ਤੁਹਾਡੀਆਂ ਚਾਲਾਂ ਵਿਚ ਨਹੀਂ ਆਉਣਾ ਅਤੇ ਅਸੀਂ ਦੇਸ਼ ਨੂੰ ਮਜ਼ਬੂਤ ਕਰਨਾ ਹੈ। ਸਾਰੀਆਂ ਰੈਡੀਕਲ ਫੋਰਸਿਜ ਨੂੰ ਇਕੱਠਾ ਹੋਕੇ ਅਮਰੀਕਾ ਦੀਆਂ ਸਾਜ਼ਿਸ਼ਾਂ ਨੂੰ ਨੰਗਾ ਕਰਨਾ ਚਾਹੀਦਾ ਹੈ ਅਤੇ ਦੇਸ਼ ਨੂੰ ਗੁਲਾਮ ਹੋਣ ਤੋਂ ਬਚਾਉਣਾ ਚਾਹੀਦਾ ਹੈ। ਇਸ ਗੱਲ ਵੱਲ ਸਾਰੀਆਂ ਪਾਰਟੀਆਂ ਨੂੰ ਪਹਿਲ ਦੇਣੀ ਚਾਹੀਦੀ ਹੈ।

ਇਸ ਦੇ ਨਾਲ ਮੈਂ ਇਕ ਨਵੀਂ ਸੂਚਨਾ ਹਾਊਸ ਵਿਚ ਦੇਣੀ ਚਾਹੁੰਦਾ ਹਾਂ ਕਿ ਅਸੀਂ ਇਕ ਆਲ ਇੰਡੀਆ ਪਾਰਟੀਜ਼ ਦੀ ਕਾਨਫਰੰਸ ਪਟਿਆਲੇ ਵਿਖੇ ਕਰ ਰਹੇ ਹਾਂ ਔਰ ਜਿਸ ਦੀ ਪ੍ਰਧਾਨਗੀ ਕਾਮਰੇਡ ਡਾਂਗੇ ਕਰਨਗੇ। ਮੈਂ ਆਪਣੀ ਪਾਰਟੀ ਵੱਲੋਂ ਸਾਰੀਆ ਪਾਰਟੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਉਥੇ ਕਾਨਫਰੰਸ ਵਿਚ ਆਉਣ ਅਤੇ ਲੋਕਾਂ ਨੂੰ ਅਮਰੀਕਾ ਦੀਆਂ ਸਾਜ਼ਿਸ਼ਾਂ ਬਾਰੇ ਰੌਸ਼ਨੀ ਪਾਉਣ ਤਾਂਕਿ ਸੈਪਰੇਟਿਸਟ ਫੋਰਸਿਜ਼ ਨੂੰ ਕੰਡੈਮ ਕੀਤਾ ਜਾ ਸਕੇ ਅਤੇ ਅਤਵਾਦੀਆਂ ਦੇ ਖਿਲਾਫ ਆਵਾਜ਼ ਨੂੰ ਬੁਲੰਦ ਕੀਤਾ ਜਾ ਸਕੇ। ਮੈਂ ਫਿਰ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਕਾਲ ਦਿੰਦਾ ਹਾਂ ਕਿ ਉਹ 10 ਅਕਤੂਬਰ ਨੂੰ ਪਟਿਆਲੇ ਸਾਡੀ ਪਾਰਟੀ ਦੀ ਕਾਨਫਰੰਸ ਵਿਚ ਆਉਣ ਅਤੇ ਆਪਣਾ ਆਪਣਾ ਯੋਗਦਾਨ ਦੇਣ ਤਾਂਕਿ ਅਮਰੀਕੀ ਸਾਮਰਾਜਵਾਦ ਦੀਆਂ ਸਾਜ਼ਿਸ਼ਾਂ ਦਾ ਕੋਈ ਹੱਲ ਕੱਢ ਸਕੀਏ। ਮੈਂ ਅਤੇ

Original with;
Punjab Vidhan Sabha
Digitized by;
Panjab Digital Library

ਮੇਰੀ ਪਾਰਟੀ ਇਨ੍ਹਾਂ ਫੋਰਸਿਜ਼ ਦੇ ਖਿਲਾਫ ਡੱਟਕੇ ਮੁਕਾਬਲਾ ਕਰੇਗੀ ਅਤੇ ਕਰਦੀ ਰਹੇਗੀ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਸਪੀਕਰ**: ਡਾਕਟਰ ਸਾਹਿਬ, ਤੁਸੀਂ ਚਿੰਤਾ ਨਾ ਕਰੋ, ਤੁਹਾਨੂੰ ਬੋਲਣ ਦਾ ਪੂਰਾ ਮੌਕਾ ਮਿਲੇਗਾ ।

**ਡਾਕਟਰ ਭਗਤ ਸਿੰਘ** (ਪੱਕਾਂ ਕਲਾਂ, ਐਸ.ਸੀ.): ਸਪੀਕਰ ਸਾਹਿਬ, ਵੰਨ ਮੈਨ ਪਾਰਟੀ ਨੂੰ ਤੁਸੀਂ ਬੋਲਣ ਲਈ 21 ਮਿੰਟ ਦਿੱਤੇ ਹਨ । ਸੋ ਉਸ ਹਿਸਾਬ ਨਾਲ ਮੈਨੂੰ 63 ਮਿੰਟ ਦੇਣੇ ਚਾਹੀਦੇ ਹਨ ।

**ਸ੍ਰੀ ਸਪੀਕਰ**: ਇਹ ਡਾਕਟਰ ਸਾਹਿਬ, ਹਿਸਾਬ ਮੈਂ ਰਖਣਾ ਹੈ । ਤੁਸੀਂ ਆਪਣਾ ਹਿਸਾਬ ਆਪ ਰਖੋ । ਮੈਂ ਸਾਰੇ ਕਾਂਗਰਸ (ਆਈ) ਦੇ ਮੈਂਬਰਾਂ ਨੂੰ ਅਨੁਰੋਧ ਕਰਾਂਗਾ ਕਿ ਜਦੋਂ ਡਾਕਟਰ ਭਗਤ ਸਿੰਘ ਜੀ ਬੋਲ ਰਹੇ ਹੋਣ ਤਾਂ ਕਿਸੇ ਨੇ ਕੋਈ ਇੰਟਰਪਟ ਨਹੀਂ ਕਰਨਾ । ਮੈਂ ਕਿਸੇ ਦਾ ਪੁਆਇੰਟ ਆਫ ਆਰਡਰ ਅਲਾਓ ਨਹੀਂ ਕਰਨਾ ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸਪੀਕਰ ਸਾਹਿਬ, ਇੱਕ ਗੱਲ ਅਖਬਾਰਾਂ ਵਿਚ ਵੀ ਨਿਕਲੀ ਸੀ ਕਿ ਤਲਵੰਡੀ ਗਰੁਪ ਨੇ ਲੌਂਗੋਵਾਲ ਗਰੁੱਪ ਦੇ ਸਾਹਮਣੇ ਘੁਟਣੇ ਟੇਕ ਦਿੱਤੇ । ਇਸ ਲਈ ਹੁਣ ਇਹ ਦੱਸਣ ਕਿ ਇਹ ਕਿਹੜੇ ਗਰੁੱਪ ਨੂੰ ਰੀਪ੍ਰੈਜ਼ੈਂਟ ਕਰਦੇ ਹਨ ?

**ਸ੍ਰੀ ਸਪੀਕਰ**: ਤੁਸੀਂ ਸੀਜ਼ਨਡ ਪਾਰਲੀਮੈਂਟੇਰੀਅਨ ਹੋ । ਇਸ ਤਰ੍ਹਾਂ ਦਾ ਕੋਈ ਹਵਾਲਾ ਨਹੀਂ ਦਿੱਤਾ ਜਾ ਸਕਦਾ ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਜੋ ਮੋਸ਼ਨ ਹਾਊਸ ਵਿਚ ਲਿਆਂਦੀ ਗਈ ਹੈ, ਉਹ ਤਜਵੀਜ਼ ਦੇ ਉਲਟ ਹੈ । ਮੈਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀਆਂ ਤਿੰਨ ਮੀਟਿੰਗਾਂ ਅਟੈਂਡ ਕੀਤੀਆਂ ਹਨ । ਚੌਥੀ ਮੀਟਿੰਗ ਸ਼ਾਮ ਨੂੰ ਕੱਲ ਹੋ ਗਈ ਹੈ, ਉਹ ਮੈਂ ਅਟੈਂਡ ਨਹੀਂ ਕਰ ਸਕਿਆ । ਉਸ ਰਾਤ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੀ ਪੁਲਿਟੀਕਲ ਸਿਚੁਏਸ਼ਨ ਨੂੰ ਡਿਸਕਸ ਕਰਨਾ ਹੈ । This was the framework of the motion.

**ਸ੍ਰੀ ਸਪੀਕਰ**: ਡਾਕਟਰ ਭਗਤ ਸਿੰਘ ਜੀ, ਜੋ ਮੀਟਿੰਗ ਵਿਚ ਹੋਇਆ ਹੈ, ਉਹ ਯੂਨੈਨੀਮਸਲੀ ਹੋਇਆ ਹੈ ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਇੱਕ ਪੱਖੀ ਹੋ ਗਿਆ ਹੈ ।

**ਸ੍ਰੀ ਸਪੀਕਰ**: ਡਾਕਟਰ ਸਾਹਿਬ, ਕਾਮਰੇਡ ਬਲਦੇਵ ਸਿੰਘ ਲੂੰਬਾ ਜੀ ਨੇ ਵੀ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਹੈ ।

Original with;
Punjab Vidhan Sabha
Digitized by;
Panjab Digital Library

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਦਾ ਰੱਵਈਆ ਡਰਾਮਈ ਹੈ, ਜਿਸ ਤਰ੍ਹਾਂ ਡਰਾਮੇ ਅਤੇ ਕਲੱਬਾਂ ਵਿਚ ਹੁੰਦਾ ਹੈ। ਇਹ ਕੋਈ ਸਿਨਮਾ ਹਾਲ ਨਹੀਂ ਹੈ। ਮੇਰੇ ਕੋਲ ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਹੈ। ਬੇਸ਼ੱਕ ਕਿਸੇ ਮੈਂਬਰ ਸਾਹਿਬ ਨੂੰ ਡਾਊਟ ਹੋਵੇ ਤਾਂ ਘਰ ਬੈਠ ਕੇ ਡਿਸਕਸ ਕਰ ਲਵੇ ਤਾਂ ਮੈਂ ਡਿਸਕਸ ਕਰਨ ਲਈ ਤਿਆਰ ਹਾਂ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਇਸ ਹਾਊਸ ਦਾ ਡਾਕਟਰ ਸਾਹਿਬ ਸਿਨਮਾ ਹਾਲ ਨਾਲ ਕੰਪੈਰੀਜ਼ਨ ਕਰਦੇ ਹਨ। ਇਹ ਆਗਸਟ ਹਾਊਸ ਹੈ।

ਸ੍ਰੀ ਸਪੀਕਰ: ਡਾਕਟਰ ਸਾਹਿਬ, ਤੁਹਾਡੇ ਬੋਲਣ ਤੋਂ ਪਹਿਲਾਂ ਮੈਂ ਸਾਰੇ ਕਾਂਗਰਸ (ਆਈ) ਦੇ ਮਾਨਯੋਗ ਮੈਂਬਰਾਂ ਨੂੰ ਕਿਹਾ ਹੈ ਕਿ ਕੋਈ ਇੰਟਰਪਟ ਨਾ ਕਰਨਾ ਅਤੇ ਮੈਂ ਕੋਈ ਪੁਆਇੰਟ ਆਫ ਆਰਡਰ ਅਲਾਓ ਨਹੀਂ ਕਰਨਾ।

ਵਿਕਾਸ ਮੰਤਰੀ: ਸਪੀਕਰ ਸਾਹਿਬ, ਜੇਕਰ ਤੁਸੀਂ ਕੋਈ ਪੁਆਇੰਟ ਆਫ ਆਰਡਰ ਅਲਾਓ ਨਹੀਂ ਕਰਨਾ ਤਾਂ ਤੁਸੀਂ ਆਪਣੇ ਆਪ ਹੀ ਜੋ ਡਾਕਟਰ ਭਗਤ ਸਿੰਘ ਜੀ ਗਲਤ ਬੋਲਣ ਤਾਂ ਐਕਸਪੰਜ ਕਰਾ ਦੇਣਾ।

ਡਾਕਟਰ ਭਗਤ ਸਿੰਘ: ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਇਥੇ ਹਾਊਸ ਵਿਚ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਗੱਲ ਕੀਤੀ ਗਈ ਹੈ। ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਮੇਰੇ ਕੋਲ ਹੈ। ਇਹ ਰੈਜ਼ੋਲਿਊਸ਼ਨ ਪੰਜਾਬ ਦੀ ਏਕਤਾ ਅਤੇ ਹਿੰਦੁਸਤਾਨ ਦੀ ਤਰੱਕੀ ਦਾ ਪ੍ਰਤੀਕ ਹੈ। ਉਹ ਰੈਜ਼ੋਲਿਊਸ਼ਨ ਇਸ ਤਰ੍ਹਾਂ ਹੈ।

*Official* : **Sri Anandpur Sahib Resolution**

'Whereas the Sikhs of India are a historically recognised political Nation ever since the inauguration of the Order of the Khalsa in the concluding year of the 17th century (1699), and

Whereas, this status of the Sikh Nation has been Internationally Recognised and accepted by the major powers of Europe & Asia, to wit, France, England, Itally, Russia, China and Tibet, Persia, Afganistan, Nepal and the East India Company Bahadur : Fort William Calcutta, till the middle of the 19th Century, and again by the outgoing British & the Hindu Congress Party and the Muslim Leage of India in the middle of the 20th Century, and

Whereas, the brute majority in India, in 1950, have imposed constitutional arrangements in India which denude the Sikhs of their political identity, and subordinates them as Cultural particularity, thus liquidating the Sikhs politically by depriving the Sikhs of the control of their own history and exposing them to spiritual & cultural decay calculated to submerge and dissolve them into the saltish sea waters of inchoate Hinduism, and

Whereas the Sikhs have been thus shackled and enslaved in unethical and cynical repudiation of solemn and binding commitments & public promises earlier made to the Sikhs by the Hindus, while the Sikh representatives in the Indian Constituent Assembly in 1950, refused to become a consenting party to these devious and loaded arrangements & they declined to affix their signatures to the official

Original with;
Punjab Vidhan Sabha
Digitized by;
Panjab Digital Library

copy of the Indian Constitution Act, thus promulgated; The Shiromani Akali Dal, in the name, and on behalf of the Sikhs (Interruptions).

## EXTENSION OF TIME OF THE SITTING

**Mr. Speaker**: Is it the pleasure of the House that the time of the sitting of the House be extended by half an hour ?

**Voices**: Yes, yes.

**Mr. Speaker**: The time of the sitting of the House is extended by half an hour i.e. upto 2.00 P.M.

## SUBSTANTIVE MOTION *RE*. CONDEMNATION OF THE ACTIVITIES OF DIVISIVE AND EXTREMIST ELEMENTS IN THE PUNJAB STATE INSPIRED BY REACTIONARY AND CAPITALIST FORCES (*Resumption*)

**ਸ੍ਰੀ ਸਪੀਕਰ**: ਡਾਕਟਰ ਭਗਤ ਸਿੰਘ ਜੀ, ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ ।

**ਸਿਹਤ ਮੰਤਰੀ**: ਸਪੀਕਰ ਸਾਹਿਬ, ਡਾਕਟਰ ਭਗਤ ਸਿੰਘ ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਤੇ ਨਹੀਂ ਬੋਲ ਸਕਦੇ । ਜੋ ਰੈਜ਼ੋਲਿਊਸ਼ਨ ਹਾਊਸ ਵਿਚ ਆਇਆ ਹੈ, ਉਸ ਤੇ ਬੋਲਣ

**ਸ੍ਰੀ ਸਪੀਕਰ**: ਇਸ ਸਬੰਧੀ ਮੈਂ ਡਾਕਟਰ ਭਗਤ ਸਿੰਘ ਜੀ ਨੂੰ ਆਪ ਹੀ ਕਹਿ ਚੁਕਾ ਹਾਂ (ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

**ਸ੍ਰੀ ਸਪੀਕਰ**: ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੈਠ ਜਾਓ ?

**ਵਿੱਤ ਮੰਤਰੀ**: ਸਪੀਕਰ ਸਾਹਿਬ, ਇਸ ਤਰ੍ਹਾਂ ਦਾ ਰੈਜ਼ੋਲਿਊਸ਼ਨ ਇਥੇ 18 ਮਾਰਚ, 1979 ਨੂੰ ਵੀ ਰਖਣ ਦੀ ਕੋਸ਼ਿਸ਼ ਕੀਤੀ ਗਈ ਪਰ ਉਦੋਂ ਸਪੀਕਰ ਸਾਹਿਬ ਨੇ ਅਲਾਓ ਨਹੀਂ ਸੀ ਕੀਤਾ । ਇਸ ਕਰਕੇ ਸਪੀਕਰ ਸਾਹਿਬ, ਹੁਣ ਇਹ ਰੈਜ਼ੋਲਿਊਸ਼ਨ ਇਥੇ ਹਾਊਸ ਵਿਚ ਪੜ੍ਹਨ ਦੀ ਲੋੜ ਨਹੀਂ ਹੈ ।

**ਸ੍ਰੀ ਸਪੀਕਰ**: ਡਾਕਟਰ ਭਗਤ ਸਿੰਘ ਜੀ, ਤੁਸੀਂ ਮੇਰੀ ਗੱਲ ਸੁਣੋ । ਮੈਂ ਤੁਹਾਡੀ ਸਪੀਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਰੇ ਮਾਨਯੋਗ ਮੈਂਬਰਾਂ ਨੂੰ ਅਨੁਰੋਧ ਕਰ ਦਿਤਾ ਸੀ ਕਿ ਕੋਈ ਮੈਂਬਰ ਡਾਕਟਰ ਸਾਹਿਬ ਨੂੰ ਬੋਲਣ ਵੇਲੇ ਇੰਟਰਪਟ ਨਾ ਕਰੇ । ਮੈਂ ਇਹ ਵੀ ਕਹਿ ਦਿਤਾ ਸੀ ਕਿ ਕਿਸੇ ਮੈਂਬਰ ਦਾ ਮੈਂ ਕੋਈ ਪੁਆਇੰਟ ਆਫ ਆਰਡਰ ਅਲਾਓ ਨਹੀਂ ਕਰਾਂਗਾ । ਇਸ ਲਈ ਮੈਂ, ਡਾਕਟਰ ਸਾਹਿਬ, ਤੁਹਾਨੂੰ ਵੀ ਅਨੁਰੋਧ ਕਰਦਾ ਹਾਂ ਕਿ ਤੁਸੀਂ ਰੈਜ਼ੋਲਿਊਸ਼ਨ ਤੋਂ ਇਧਰ ਉਧਰ ਨਾ ਜਾਵੋ ਨਹੀਂ ਤਾਂ ਕਿਸੇ ਗੱਲ ਦਾ ਸੁਆਦ ਨਹੀਂ ਆਵੇਗਾ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

The resolution is 'that this House condemns the activities of divisive and extremist elements in the Punjab State inspired by reactionary and capitalist forces.' If you want to discuss Anandpur Sahib resolution, we can sit separately (*Interruptions*)

**Doctor Bhagat Singh**: Proclaims that the Sikhs are determined, by all **Legitimate means**, to extricate and free themselves from this degrading & death dealing situation, so as to ensure finally their honourable survival, and salvage their inherent dignity, and their birth right to influence meaningfully the main stream of the World History.

The Sikhs, therefore,

**Demand**: Firstly, that an Autonomous Region in the North of India should be set up forthwith wherein the Sikh interests are consitutionally recognised as of primary and special importance as **The Public and Fundamental State Policy**. Secondly, that this Autonomous Region should include the present Indian Punjab, Karnal and Ambala districts of Haryana, inclusive of Kangra Distt. and Kulu valley of Himachal Pradesh comprised in Paunta Sahib, Chandigarh Pinjore, Kalka, Dalhousie, Dera-Doon Valley, Nalagarh Desh, Sirsa, Guhla, and Rattiya Areas and Ganganagar Distt. of Rajasthan and Tarai Region of the U.P. recently re-claimed and colonised by the Sikhs out of thousands of years old virgin & dangerously infested forests, thus bringing the main contiguous Sikh Population & traditional & Natural Sikh habitates still parts of and included in India, within this Autonomous Sikh Region, as a Region of the Union of India, and (Interruptions-Noise).

ਸਪੀਕਰ ਸਾਹਿਬ, ਇਥੇ ਹਾਊਸ ਵਿਚ ਬੀਰਦਵਿੰਦਰ ਸਿੰਘ ਜੀ ਨੇ ਵੀ ਪੜ੍ਹਿਆ ਹੈ ਅਤੇ ਹੋਰ ਮੈਂਬਰਾਂ ਨੇ ਵੀ ਪੜ੍ਹਿਆ ਹੈ । ਤੁਸੀਂ ਮੈਨੂੰ ਸੁਣ ਤਾਂ ਲਓ । ਜਦੋਂ ਬਾਕੀ ਮੈਂਬਰ ਬੋਲ ਰਹੇ ਸਨ ਤਾਂ ਵਿਚ ਕੋਈ ਨਹੀਂ ਬੋਲਿਆ ।

**ਸ੍ਰੀ ਸਪੀਕਰ**: ਡਾਕਟਰ ਭਗਤ ਸਿੰਘ ਜੀ, ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਵਖਵਾਦੀਆਂ ਅਤੇ ਅੱਤਵਾਦੀਆਂ ਦੀ ਨਿਖੇਧੀ ਕਰਦਾ ਹੈ । ਇਸ ਲਈ ਤੁਸੀਂ ਇਸ ਰੈਜ਼ੋਲਿਊਸ਼ਨ ਤੇ ਬੋਲੋ ।

**ਸਿਹਤ ਮੰਤਰੀ**: ਇਹ ਰੈਜ਼ੋਲਿਊਸ਼ਨ ਵਾਸਤੇ ਤਾਂ ਮੀਟਿੰਗ ਨਹੀਂ ਹੋਈ । ਸਪੀਕਰ ਸਾਹਿਬ, ਇਨ੍ਹਾਂ ਦੇ ਬੋਲਣ ਦਾ ਮਤਲਬ ਹੈ ਕਿ ਰਿਕਾਰਡ ਹੋਵੇ ਔਰ ਉਹ ਰਿਕਾਰਡ ਹੋ ਰਿਹਾ ਹੈ (ਵਿਘਨ) ਇਹ ਜੋ ਕੁਝ ਕਹਿ ਰਹੇ ਹਨ ਇਹ ਐਕਸਪੰਜ ਕਰਾਓ ।

**ਡਾਕਟਰ ਭਗਤ ਸਿੰਘ**: ਚਾਰ ਲਾਈਨਾਂ ਰਹਿ ਗਈਆਂ ਹਨ (ਵਿਘਨ)

**ਵਿਕਾਸ ਮੰਤਰੀ**: ਸਪੀਕਰ ਸਾਹਿਬ, 1979 ਵਿਚ ਇਨ੍ਹਾਂ ਦੀ ਸਰਕਾਰ ਸੀ । ਉਸ ਵੇਲੇ ਇਹ ਮਤਾ ਪੇਸ਼ ਨਹੀਂ ਹੋਣ ਦਿੱਤਾ ਸੀ ।

**ਡਾਕਟਰ ਭਗਤ ਸਿੰਘ**: ਮੇਰੀਆਂ ਚਾਰ ਲਾਈਨਾਂ ਪੜ੍ਹਨ ਵਾਲੀਆਂ ਰਹਿ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

Thirdly, this Sikh Autonomous Region may be conceded & declared as entitled to frame its own constitution on the basis of having all powers to and for itself except, Foreign Relations, Defence and General Communications to remain as subjects with the Federal Indian Government.

May the God of History, the Rider of Blue Horse help us.

ਇਹ ਪੜ੍ਹਨਾ ਜ਼ਰੂਰੀ ਹੈ ।

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼ :** ਇਨ੍ਹਾਂ ਨੇ ਜੋ ਕੁਝ ਪੜ੍ਹਿਆ ਹੈ ਉਸ ਨੂੰ ਐਕਸਪੰਜ ਕਰਾਓ ।

**ਸ੍ਰੀ ਸਪੀਕਰ :** ਐਨੀ ਸੀਰੀਅਸ ਔਰ ਐਨੀ ਮਹੱਤਵਪੂਰਣ ਡਿਸਕਸ਼ਨ ਹੋ ਰਹੀ ਸੀ, ਇਸ ਦੀ ਇੰਪਾਰਟੈਂਸ ਨੂੰ ਮੱਦੇਨਜ਼ਰ ਰਖਦੇ ਹੋਏ ਹੀ ਗੱਲ ਕਰਨੀ ਚਾਹੀਦੀ ਹੈ । ਇਹ ਇੰਪਾਰਟੈਂਸ ਤਾਂ ਰਹਿੰਦੀ ਹੈ ਜੇ ਇਹ ਆਪਣੇ ਆਪ ਨੂੰ ਉਸ ਮਤੇ ਉਤੇ ਮਖਸੂਸ ਰਖਣ ।

**ਡਾਕਟਰ ਭਗਤ ਸਿੰਘ :** ਸਾਡੀ ਜੋ ਮੰਗ ਹੈ ਉਹ ਵਿਦਿਨ ਇੰਡੀਅਨ ਯੂਨੀਅਨ ਹੀ ਹੈ (ਵਿਘਨ) ਜੇਕਰ ਮੇਰੀ ਗੱਲ ਸੁਣਨੀ ਹੈ ਤਾਂ ਮੈਂ ਸੁਣਾਵਾਂ । ਜਿਹੜਾ ਅਸੀਂ ਅਟਾਨੋਮਸ ਰਿਜਨ ਮੰਗਦੇ ਹਾਂ ਉਹ ਵਿਦਿਨ ਇੰਡੀਅਨ ਯੂਨੀਅਨ ਹੀ ਹੈ । ਸੈਂਟਰ ਵਾਲੇ ਜਨਰਲ ਕਮਿਊਨੀਕੇਸ਼ਨ, ਡਿਫੈਂਸ ਔਰ ਫਾਰੇਨ ਅਫੇਅਰਜ਼ ਆਪਣੇ ਕੋਲ ਰਖਕੇ ਬਾਕੀ ਸਾਰੇ ਅਧਿਕਾਰ ਇਸ ਸਟੇਟ ਨੂੰ ਦੇ ਦੇਣ, । (ਵਿਘਨ) ਅਜਿਹੇ ਅਧਿਕਾਰ ਹਿੰਦੁਸਤਾਨ ਦੀਆਂ ਬਾਕੀ ਰਿਆਸਤਾਂ ਨੂੰ ਵੀ ਦੇਣੇ ਚਾਹੀਦੇ ਹਨ ।

**ਵਿਕਾਸ ਮੰਤਰੀ :** ਇਹ ਐਕਸਪੰਜ ਕਰਾਓ ਜੀ ।

**ਸਿਹਤ ਮੰਤਰੀ :** ਇਹ ਹੋਰ ਪਾਸੇ ਇਸ ਨੂੰ ਲਿਜਾਣਾ ਚਾਹੁੰਦੇ ਹਨ । (ਵਿਘਨ)

**ਡਾਕਟਰ ਭਗਤ ਸਿੰਘ :** ਹੋਰ ਕਿਧਰ ਨੂੰ ਲਿਜਾਣਾ ਚਾਹੁੰਦਾ ਹਾਂ (ਵਿਘਨ) ਸਾਡੀ ਮੰਗ ਵਿਦਿਨ ਇੰਡੀਅਨ ਯੂਨੀਅਨ ਹੀ ਹੈ । (ਵਿਘਨ)

**Sardar Birdevinder Singh :** On a point of order, Sir. This House is not competent to discuss the reorganisation of States even it their Resolution is within Indian Union. It cannot be discussed.

**ਡਾਕਟਰ ਭਗਤ ਸਿੰਘ :** ਹਾਊਸ ਨੇ ਮੈਨੂੰ 19 ਮਿੰਟ ਦਿੱਤੇ ਹਨ । ਪਹਿਲੇ ਕਾਗਜ਼ ਮੇਜ਼ ਤੇ ਰਖਿਆ ਗਿਆ ਔਰ ਕਿਸੇ ਮਾਈ ਦੇ ਲਾਲ ਨੇ ਕੋਈ ਇਤਰਾਜ਼ ਨਹੀਂ ਕੀਤਾ ਸੀ ।

**ਵਿੱਤ ਮੰਤਰੀ :** ਜਿਸ ਚੀਜ਼ ਦਾ ਜ਼ਿਕਰ ਇਹ ਕਰ ਰਹੇ ਹਨ, ਇਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ 29-1-1981 ਨੂੰ ਡਾਕਟਰ ਸਾਹਿਬ ਨੇ ਕਿਹਾ ਕਿ ਰੈਜ਼ੋਲਿਊਸ਼ਨ ਮੈਂ ਮੇਜ਼ ਤੇ ਰਖਦਾ ਹਾਂ ਪਰ ਉਹ ਆਨਰੇਬਲ ਮੈਂਬਰ ਨੂੰ ਮਿਤੀ 10-2-1981 ਨੂੰ ਰਿਟਰਨ ਹੋ ਗਿਆ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਤੁਸੀਂ ਮਤੇ ਤੇ ਗੱਲ ਕਰੋ (ਵਿਘਨ) ।

**ਸਿਹਤ ਮੰਤਰੀ:** ਡਾਕਟਰ ਸਾਹਿਬ ਕੋਲ ਮਤੇ ਦੀ ਵਰਡਿੰਗ ਨਹੀਂ ਹੈ ।

**ਸ੍ਰੀ ਰਾਮ ਸਵਰੂਪ ਬਾਗੀ:** ਡਾਕਟਰ ਸਾਹਿਬ ਦੇ ਮੂੰਹ ਵਿਚ ਕਿਰਲੀ ਆ ਗਈ ਹੈ । ਅਗਰ ਇਹ ਬੋਲਦੇ ਹਨ ਤਾਂ ਵੀ ਮਾੜਾ ਔਰ ਜੇਕਰ ਨਹੀਂ ਬੋਲਦੇ ਤਾਂ ਵੀ ਮਾੜਾ ।

**ਡਾਕਟਰ ਭਗਤ ਸਿੰਘ:** ਤਹੱਮਲ ਨਾਲ ਗਲ ਕਰੋ (ਵਿਘਨ) (ਸ਼ੋਰ) ਸਬਰ ਨਾਲ ਸੁਣੋ । ਮਤਾ ਪੜਿਆ ਗਿਆ ਹੈ । ਸਾਡੀ ਜੋ ਮੰਗ ਹੈ ਉਹ ਵਿਦਿਨ ਇੰਡੀਅਨ ਯੂਨੀਅਨ ਹੈ । ਇਹ ਜਿਹੜੇ ਵੀਰ (ਕਮਿਊਨਿਸਟ ਪਾਰਟੀ ਵਲ ਇਸ਼ਾਰਾ) ਇਥੇ ਬੈਠੇ ਹਨ 1945-47 ਵਿਚ ਇਹਨਾਂ ਨੇ ਪਾਕਿਸਤਾਨ ਦੀ ਮੰਗ ਦੀ ਹਮਾਇਤ ਕੀਤੀ ਸੀ ।

**ਕਾਮਰੇਡ ਰਾਜ ਕੁਮਾਰ:** ਮੇਰਾ ਹੱਕ ਹੈ ਕਿ ਮੈਂ ਵੀ ਕੁਝ ਕਹਾਂ । ਇਨ੍ਹਾਂ ਨੇ ਸਾਡੀ ਪਾਰਟੀ ਤੇ ਇਲਜ਼ਾਮ ਲਗਾਇਆ ਹੈ । ਸਾਡੀ ਪਾਰਟੀ ਕਿਸੇ ਵੀ ਹਿਸਟਾਰੀਕਲ ਡਾਕੂਮੈਂਟ ਦੀ ਸਿਗਨੇਟਰੀ ਨਹੀਂ ਹੈ ਕਿ ਪਾਕਿਸਤਾਨ ਬਣਾਇਆ ਜਾਏ ।

**ਡਾਕਟਰ ਭਗਤ ਸਿੰਘ:** ਸਪੀਕਰ ਸਾਹਿਬ ਮੈਂ ਥੋੜਾ ਜਿਹਾ ਟਾਈਮ ਲਵਾਂਗਾ । (ਵਿਘਨ) ਜੇਕਰ ਇਹ ਚੁੱਪ ਨਹੀਂ ਕਰਨਗੇ ਤਾਂ ਫਿਰ ਮੈਂ ਕੀ ਜਵਾਬ ਦੇ ਸਕਦਾ ਹਾਂ । (ਵਿਘਨ)

**ਸ੍ਰੀ ਸਪੀਕਰ:** ਕੋਈ ਇੰਟ੍ਰਪਸ਼ਨ ਨਹੀਂ ਹੋਣੀ ਚਾਹੀਦੀ ।

**ਡਾਕਟਰ ਭਗਤ ਸਿੰਘ:** ਅਸੀਂ ਇਸ ਹਿੰਦੁਸਤਾਨ ਨੂੰ ਬਚਾਇਆ । ਹਿੰਦੁਸਤਾਨ ਦੀ ਪਾਰਟੀਸ਼ਨ ਦੇ ਅਕਾਲੀ ਪਾਰਟੀ ਔਰ ਸਾਰੇ ਸਿੱਖ ਖਿਲਾਫ ਸਨ । ਗਾਂਧੀ ਜੀ ਨੇ ਕਿਹਾ ਸੀ ਕਿ ਮੇਰੀ ਲਾਸ਼ ਤੇ ਪਾਕਿਸਤਾਨ ਬਣੇਗਾ । ਉਸ ਨੂੰ ਇਕ ਹਿੰਦੂ ਨੇ ਗੋਲੀ ਮਾਰ ਦਿੱਤੀ ਅਤੇ ਪਾਕਿਸਤਾਨ ਉਨ੍ਹਾਂ ਦੀ ਜ਼ਿੰਦਗੀ ਵਿਚ ਹੀ ਬਣ ਗਿਆ । (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਿੱਖ ਕੌਮ ਨੇ 15ਵੀਂ ਸਦੀ ਤੋਂ ਹੀ ਇਸ ਦੇਸ਼ ਵਿਚ ਬੜਾ ਵੱਡਾ ਕਲਚਰਲ ਰੈਵੋਲਿਊਸ਼ਨ ਲਿਆਂਦਾ । ਇਹ ਕਲਾਸਲੈਸ ਸੋਸਾਇਟੀ ਹੈ । ਇਹ ਰੈਵੋਲਿਊਸ਼ਨ ਜਮਨਾ ਤੋਂ ਅੱਗੇ ਨਹੀਂ ਗਿਆ । ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਵੇਲੇ 19% ਸਿੱਖਾਂ ਦੀ ਪਾਪੂਲੇਸ਼ਨ ਸੀ । ਕੀ ਉਸ ਵੇਲੇ ਹਿੰਦੂਆਂ ਨੂੰ ਬਾਹਰ ਕੱਢ ਦਿੱਤਾ ਗਿਆ ਸੀ ? ਸਵਾਲ ਇੱਕ ਅਸੂਲ ਦਾ ਹੈ । ਸਿੱਖ ਜੋ ਬਣਿਆ ਹੈ ਉਹ ਮਨੁੱਖਤਾ ਦੀ ਪ੍ਰੋਟੈਕਸ਼ਨ ਵਾਸਤੇ ਬਣਿਆ ਹੈ । ਜਿਹੜੀ ਪਾਰਟੀ ਉਸ ਮਗਰ ਚਲਦੀ ਹੈ ਤੁਸੀਂ ਉਸ ਨੂੰ ਕੰਡੈਮ ਕਰਦੇ ਹੋ । ਮੈਂ ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਦੇ ਸਿਧਾਂਤ ਨੂੰ ਲੈ ਕੇ ਗੱਲ ਕਰਦਾ ਹਾਂ । ਤੁਸੀਂ ਕਾਂਗਰਸੀਆਂ ਨੇ ਇਸ ਦੇਸ਼ ਦਾ ਸਤਿਆਨਾਸ ਕਰ ਦਿਤਾ ਹੈ । ਤੁਸੀਂ ਇਸ ਦੇਸ਼ ਦੀ ਨਾ ਇਕਨਾਮੀਕਲ ਔਰ ਨਾਂ ਹੀ ਪੁਲਿਟੀਕਲ ਪੁਜ਼ੀਸ਼ਨ ਠੀਕ ਰਹਿਣ ਦਿੱਤੀ ਹੈ ।

ਉਸ ਵੇਲੇ ਜਦੋਂ ਪਾਕਿਸਤਾਨ ਬਣਿਆ, ਸਾਨੂੰ ਵੀ ਅਲੱਗ ਸਟੇਟ ਮਿਲਦੀ ਸੀ । ਪਰ ਅਸੀਂ ਇਸ ਜ਼ਮੀਨ ਤੇ, ਆਪਣੀ ਜ਼ਮੀਨ ਸਮਝ ਕੇ ਵਾਪਸ ਆਏ । ਅਸੀਂ ਆਪਣੀਆਂ ਉਥੇ ਜ਼ਮੀਨਾਂ ਵੀ ਛੱਡੀਆਂ । ਏਨੀਆਂ ਮੁਸ਼ਕਲਾਂ ਝੱਲੀਆਂ ਅਤੇ ਆਪਣੀਆਂ ਬਹੂ-ਬੇਟੀਆਂ ਦੇ ਖੂਨ ਵੀ ਕਰਵਾਏ, ਸਿਰਫ ਇਸ ਲਈ ਕਿ ਅਸੀਂ ਇਸ ਭੂਮੀ ਨੂੰ ਆਪਣਾ ਦੇਸ਼ ਸਮਝਦੇ

Original with;
Punjab Vidhan Sabha
Digitized by;
Panjab Digital Library

ਸੀ । ਪਰ ਆਉਂਦਿਆਂ ਨੂੰ ਹੀ ਮਿਸਟਰ ਤ੍ਰਿਵੇਦੀ ਗਵਰਨਰ ਪੰਜਾਬ ਨੇ ਇਕ ਸਰਕੂਲਰ, ਇਹ ਅਕਤੂਬਰ, 1945 ਦੀ ਹੀ ਗੱਲ ਹੈ, ਕਢਵਾ ਦਿੱਤਾ ਕਿ ਸਿੱਖ ਇਕ ਜ਼ਰਾਇਮ-ਪੇਸ਼ਾ ਕੌਮ ਹੈ । ਇਹ ਸਾਨੂੰ ਆਉਂਦਿਆਂ ਨੂੰ ਹੀ ਇਨਾਮ ਮਿਲਿਆ ਕਿ ਸਾਡੀਆਂ ਏਡੀਆਂ ਏਡੀਆਂ ਵੱਡੀਆਂ ਕੁਰਬਾਨੀਆਂ ਦਾ ਜਿਹੜੀਆਂ ਅਸੀਂ ਦੇਸ਼ ਦੀ ਅਜ਼ਾਦੀ ਦੇ ਵਕਤ ਕੀਤੀਆਂ, ਸਾਡੀਆਂ ਜ਼ਮੀਨਾਂ ਨੂੰ ਕੱਟ ਲੱਗੇ; ਅਸੀਂ ਤਾਂ ਏਥੇ ਆਪਣਾ ਘਰ ਸਮਝਕੇ ਆਏ ਸੀ । 100 ਕਿਲੇ ਦੀ ਥਾਂ 8 ਕਿਲੇ ਜ਼ਮੀਨ ਮਿਲੀ. . . .(ਵਿਘਨ) ਕਿਹੜੀਆਂ ਕਿਹੜੀਆਂ ਕੁਰਬਾਨੀਆਂ ਇਸ ਕੌਮ ਨੇ ਨਹੀਂ ਕੀਤੀਆਂ । ਸਾਡੀ ਕੌਮ ਨੂੰ ਬਰਬਾਦ ਕਰਨ ਦਾ ਪੂਰਾ ਪੂਰਾ ਯਤਨ ਕੀਤਾ ਜਾ ਰਿਹਾ ਹੈ । ਚੀਫ ਮਨਿਸਟਰ ਸਾਹਿਬ ਅੰਮ੍ਰਿਤਧਾਰੀ ਸਿੱਖ ਹੋਣ ਦਾ ਦਾਵਾ ਕਰਦੇ ਹਨ, ਰੋਜ਼ਾਨਾ ਪਾਠ ਕਰਦੇ ਹਨ, ਅਰਦਾਸ ਕਰਦੇ ਹਨ, ਇਹ ਚੰਗੀ ਗੱਲ ਹੈ । ਪਰ ਇਹ ਭੁਲੇਖੇ, ਗਲਤ–ਫਹਿਮੀਆਂ ਕਿਸ ਤਰ੍ਹਾਂ ਪਈਆਂ ਹਨ । ਆਲ ਇੰਡੀਆ ਲੈਵਲ ਤੇ ਤਾਂ ਲੀਡਰਜ਼ ਬੰਗਾਲੀ ਹਨ, ਮਦਰਾਸੀ ਹਨ ਜਾਂ ਹੋਰ ਭਾਸ਼ਾਈ ਸੂਬਿਆਂ ਦੇ ਹਨ । ਉਨ੍ਹਾਂ ਨੂੰ ਪੰਜਾਬ ਦੇ ਹਿੱਤਾਂ ਬਾਰੇ ਕੀ ਪਤਾ ਹੈ । ਉਹ ਪੰਜਾਬ ਦੀਆਂ ਸਮੱਸਿਆਵਾਂ ਨੂੰ ਨਹੀਂ ਸਮਝਦੇ । ਕੋਈ ਵੀ ਗੱਲ ਹੋਵੇ, ਇਹ ਕਹਿ ਦਿੰਦੇ ਹਨ ਕਿ ਸਾਡੀ ਹਾਈ ਕਮਾਂਡ ਨਹੀਂ ਮੰਨਦੀ । ਇਹ ਰਿਜਨਲ ਮੈਟਰ ਹੈ । ਇਸ ਨੂੰ ਡਿਸਕਸ ਕਰਨ ਲਈ ਪੰਜਾਬ ਅਸੰਬਲੀ ਹੀ ਕੰਪੀਟੈਂਟ ਹੈ । ਆਓ, ਮਿਲਕੇ ਬੈਠੋ । ਅਸੀਂ ਇਹ ਕੰਮ ਪੂਰਾ ਕਰ ਲਈਏ । ਜਿਸ ਵੇਲੇ ਮੈਂ ਅੰਮ੍ਰਿਤਸਰ ਵਿੱਚ ਪਿਛਲੇ ਮੋਰਚੇ ਦਾ ਡਿਕਟੇਟਰ ਬਣਿਆ, ਉਸ ਵੇਲੇ ਜਿਹੜੀਆਂ ਟੈਲੀਗ੍ਰਾਮਜ਼ ਮੈਂ ਪ੍ਰਾਈਮ ਮਨਿਸਟਰ ਨੂੰ ਪਾਈਆਂ ਸਨ, ਉਨ੍ਹਾਂ ਦੀਆਂ ਕਾਪੀਆਂ ਮੈਂ ਹਾਊਸ ਦੀ ਟੇਬਲ ਤੇ ਰਖਦਾ ਹਾਂ । ਮੈਂ ਉਸ ਵੇਲੇ ਵੀ ਕਿਹਾ ਸੀ ਕਿ ਇਸ ਗੱਲ ਦਾ ਨੋਟਿਸ ਲਓ । ਇਸ ਗੱਲ ਨੂੰ ਰੋਕੋ । ਰਲ ਮਿਲ ਕੇ ਗੱਲਬਾਤ ਕਰ ਲਓ ਅਤੇ ਝਗੜੇ ਵਿੱਚ ਨਾ ਪਓ । 11 ਦਿਨ ਤੱਕ ਮੇਰੀ ਨੋ-ਕਾਨਫੀਡੈਂਸ ਮੋਸ਼ਨ ਇਨ੍ਹਾਂ ਮੇਜ਼ ਤੇ ਹੀ ਰੱਖ ਛੱਡੀ । ਤੁਸੀਂ ਜਦੋਂ ਤੱਕ ਬਾਦਲ ਸਾਹਿਬ ਨੇ ਭਰੋਸਾ ਨਹੀਂ ਦਿਵਾਇਆ, ਉਦੋਂ ਤੱਕ ਮੋਸ਼ਨ ਹਾਊਸ ਵਿੱਚ ਨਹੀਂ ਲਿਆਂਦੀ । ਤੁਸੀਂ ਕੋਸ਼ਿਸ਼ ਕੀਤੀ ਕਿ ਪੰਜਾਬ ਵਿੱਚ ਲੋਕਾਂ ਨੂੰ ਲੜਾਇਆ ਜਾਵੇ । ਤੁਸੀਂ ਮੋਸ਼ਨ ਵੀ ਕਾਨਫੀਡੈਂਸ ਦੀ ਪਾਸ ਕੀਤੀ ਸੀ । ਉਹ ਨੋ-ਕਾਨਫੀਡੈਂਸ ਮੋਸ਼ਨ ਇਸ ਹਾਊਸ ਵਿੱਚ 11 ਦਿਨ ਤੱਕ ਪਈ ਰਹੀ ਸੀ । ਅਸੀਂ ਪ੍ਰਾਈਮ ਮਨਿਸਟਰ ਨੂੰ ਵੀ ਤਾਰਾਂ ਦਿੱਤੀਆਂ ਕਿ ਜਿਹੜੀ ਗੱਲ ਹੋ ਰਹੀ ਹੈ, ਉਸਦੇ ਸਿੱਟੇ ਬੜੇ ਭਿਆਨਕ ਨਿਕਲ ਸਕਦੇ ਹਨ । ਲੀਡਰਸ਼ਿਪ ਅਜਿਹਿਆਂ ਲੋਕਾਂ ਦੇ ਹੱਥ ਵਿੱਚ ਆ ਜਾਵੇਗੀ, ਜਿਹੜੇ ਅਮਨ ਕਾਇਮ ਨਹੀਂ ਰਖਣਗੇ ਪਰ ਸਾਡੀ ਗੱਲ ਕਿਸੇ ਨੇ ਨਹੀਂ ਸੁਣੀ । ਅਫਸਰਾਂ ਦੀ ਛਾਣ-ਬੀਣ ਕੀਤੀ ਗਈ । ਇਕ ਸ਼ਿਡਿਊਲਡ ਕਾਸਟ ਨੂੰ ਆਈ.ਜੀ. ਨਹੀਂ ਬਣਾਇਆ ਗਿਆ । ਇਸੇ ਕਰਕੇ ਕਿ ਹਿੰਦੂ ਨੂੰ ਅੱਗੇ ਲਿਆਉਣਾ ਹੈ । ਮੈਂ ਹਿੰਦੂ ਸਿੱਖ ਦਾ ਕੋਈ ਸਵਾਲ ਨਹੀਂ ਪਾਉਂਦਾ ਪਰ ਇਹ ਗੌਰਮਿੰਟ ਇਹੋ ਜਿਹੇ ਕੰਮ ਕਰਦੀ ਰਹਿੰਦੀ ਹੈ ।

** ** ** **

**Mr. Speaker** : You are not to cast aspersion on the Members of this House. It stands expunged.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Doctor Bhagat Singh** : If anything amounts to aspersion, I very humbly withdraw it. ਮੈਨੂੰ ਪਤਾ ਨਹੀਂ ਹੈ ਕਿ ਕੁਝ ਬਾਹਰ ਦੀਆਂ ਤਾਕਤਾਂ ਕਈ ਲੋਕਾਂ ਦੀ ਸਪੋਰਟ ਕਰ ਰਹੀਆਂ ਹਨ । ਪਰ ਇਹ ਗੱਲ ਠੀਕ ਹੈ ਕਿ ਰਾਜ ਕੁਮਾਰ ਜੀ ਹੋਰਾਂ ਨੂੰ ਵੀ ਕੋਈ ਬਾਹਰ ਦੀ ਤਾਕਤ ਸਪੋਰਟ ਕਰ ਰਹੀ ਹੈ ਇਸ ਵਿੱਚ ਤਾਂ ਕੋਈ ਸ਼ੱਕ ਨਹੀਂ; . . . .

**ਸ਼੍ਰੀ ਸਪੀਕਰ**: ਵਾਈਂਡ ਅੱਪ ਕਰੋ ਜੀ ।

**ਡਾਕਟਰ ਭਗਤ ਸਿੰਘ** : ਮੈਂ ਅੱਗੇ ਵੀ ਕਿਹਾ ਹੈ ਕਿ ਕਿਸੇ ਦਾ ਕੋਈ ਮਤਲਬ ਨਹੀਂ ਕਿ ਪੰਜਾਬ ਦੇ ਅਮਨ ਨੂੰ ਭੰਗ ਕਰੇ ਅਤੇ ਮੈਂ ਇਹ ਗੱਲ ਕਲੀਅਰ ਕਰ ਦੇਵਾਂ, ਨਾ ਹੀ ਇਹ ਸਾਡਾ ਮਕਸਦ ਹੈ । ** ** **

**ਵਿਕਾਸ ਮੰਤਰੀ**: ਪ੍ਰਾਈਮ ਮਨਿਸਟਰ ਨੂੰ ਏਥੇ ਕੋਈ ਡਿਸਕਸ ਨਹੀਂ ਕਰ ਸਕਦਾ ।

**ਸ਼੍ਰੀ ਸਪੀਕਰ** : ਇਸ ਨੂੰ ਐਕਸਪੰਜ ਕੀਤਾ ਜਾਂਦਾ ਹੈ ।

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ**: ** ** **

**ਸ਼੍ਰੀ ਸਪੀਕਰ** : ਇਸ ਨੂੰ ਰਿਕਾਰਡ ਨਾ ਕੀਤਾ ਜਾਵੇ ।

**ਸ਼੍ਰੀ ਸਪੀਕਰ** : ਡਾਕਟਰ ਸਾਹਿਬ, ਮੈਂ ਤੁਹਾਡਾ ਟਾਈਮ ਖਤਮ ਕਰਨ ਲਗਾ ਹਾਂ । ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਦੱਸੋ ਕਿ ਤੁਸੀਂ ਇਸ ਰੈਜ਼ੋਲਿਊਸ਼ਨ ਦੀ ਪਰੋੜਤਾ ਕਰਦੇ ਹੋ ਜਾਂ ਮੁਖਾਲਫਤ ਕਰਦੇ ਹੋ ?

**ਡਾਕਟਰ ਭਗਤ ਸਿੰਘ** : ਤੁਸੀ 19 ਮਿੰਟ ਇਕ ਬੰਦੇ ਨੂੰ ਦਿੰਦੇ ਹੋ । ਮੈਂ ਅਖੀਰ ਵਿੱਚ ਇਕ ਗੱਲ ਕਰਨੀ ਚਾਹੁੰਦਾ ਹਾਂ. . . . . . .

**ਸ਼੍ਰੀ ਸਪੀਕਰ**: ਤੁਸੀਂ ਸਿਰਫ ਏਨਾ ਦੱਸੋ ਕਿ ਇਸ ਦੀ ਪਰੋੜਤਾ ਕਰਦੇ ਹੋ ਜਾਂ ਮੁਖਾਲਫਤ ?

**ਡਾਕਟਰ ਭਗਤ ਸਿੰਘ** : ਮੈਂ ਸੀ.ਐਮ. ਸਾਹਿਬ ਦੇ ਅੱਗੇ ਰੱਖਣ ਲੱਗਾ ਹਾਂ ਕਿ ਉਹ ਇਸ ਦੀ ਤਰਦੀਦ ਰੈਕਟੀਫਾਈ ਕਰ ਦੇਣ । ਇਹ ਰਸਾਲਾ ਹੈ 'ਸਨਡੇ' 8-14 ਤਾਰੀਖ਼ ਦੇ ਦਰਮਿਆਨ ਦਾ । ਜੇ ਉਨ੍ਹਾਂ ਕੋਲੋਂ ਇਹ ਭੁਲੇਖੇ ਨਾਲ ਜਾਂ ਗਲਤੀ ਨਾਲ ਕਿਹਾ ਗਿਆ ਹੈ, ਤਾਂ ਰੈਕਟੀਫਾਈ ਕਰ ਦੇਣ ।

**Finance Minister**: Mr. Speaker, he should not be allowed to repeat it.

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਇਹ ਮੇਰੇ ਕੋਲ ਰਸਾਲੇ ਹਨ. . . .

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪਕੀਰ**: ਡਾਕਟਰ ਸਾਹਿਬ, ਤੁਹਾਡੇ ਕੋਲ 2 ਮਿੰਟ ਹਨ, ਤੁਸੀਂ ਇਹ ਦਸੋ ਕਿ ਕੀ ਤੁਸੀਂ ਇਸ ਰੈਜ਼ੋਲਿਊਸ਼ਨ ਦੀ ਹਮਾਇਤ ਕਰਦੇ ਹੋ ਜਾਂ ਇਸ ਦੇ ਖ਼ਿਲਾਫ ਹੋ ?

**ਡਾਕਟਰ ਭਗਤ ਸਿੰਘ**: ਤੁਸੀਂ ਮੇਰੀ ਗੱਲ ਤਾਂ ਸੁਣ ਲਓ। ਇਸ ਮੈਗਜ਼ੀਨ ਵਿਚ ਲਿਖਿਆ ਹੈ That Sikh culture has now reached the limit. Sikh culture is dead now. ਇਹ ਸਰਦਾਰ ਦਰਬਾਰਾ ਸਿੰਘ ਨੇ ਇਸ ਰਸਾਲੇ ਵਿਚ ਬਿਆਨ ਦਿੱਤਾ ਹੈ ਜ ਇੰਟਰਵਿਊ ਦੀ ਸੂਰਤ ਵਿੱਚ 'ਸਨਡੇ' ਮੈਗਜ਼ੀਨ ਵਿੱਚ ਛਪਿਆ ਹੈ।

**ਸਿਹਤ ਮੰਤਰੀ**: ਸੀ.ਐਮ. ਸਾਹਿਬ ਨੇ ਇਸ ਦੀ ਤਰਦੀਦ ਕੀਤੀ ਹੈ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਡਾਕਟਰ ਸਾਹਿਬ ਰੇਪੀਟੀਸ਼ਨ ਕਰੀ ਜਾ ਰਹੇ ਹਨ, ਇਨ੍ਹਾਂ ਨੂੰ ਰੋਕੋ।

**Mr. Speaker**: Any reference to any paper is not allowed in the House.

**Dr. Bhagat Singh**: Why not ? ਮੈਂ ਉਸ ਦੇ ਕਾਰਸਪੌਂਡੈਂਟ ਪਾਸੋਂ ਇਸ ਗੱਲ ਦਾ ਪੱਤਾ ਕਰਵਾਇਆ ਹੈ ਉਸ ਨੇ ਕਿਹਾ ਹੈ ਕਿ ਮੇਰੇ ਕੋਲ ਕੋਈ ਤਰਦੀਦ ਨਹੀਂ ਆਈ।

**ਸਿਹਤ ਮੰਤਰੀ**: ਟਾਈਮਜ਼ ਆਫ ਇੰਡੀਆ ਵਿਚ ਇਸ ਦੀ ਤਰਦੀਦ ਆਈ ਹੈ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਜੇ ਇਹ ਰੈਜ਼ੋਲਿਊਸ਼ਨ ਤੇ ਬੋਲਣਾ ਚਾਹੁੰਦੇ ਹਨ ਤਾਂ ਇਨ੍ਹਾਂ ਨੂੰ ਅਲਾਓ ਕੀਤਾ ਜਾਵੇ ਨਹੀਂ ਤਾਂ ਇਨ੍ਹਾਂ ਨੂੰ ਰੋਕੋ।

**ਡਾਕਟਰ ਭਗਤ ਸਿੰਘ**: ਅਗਰ ਇਨ੍ਹਾਂ ਨੇ ਕੋਈ ਤਰਦੀਦੀ ਲੈਟਰ ਲਿਖਿਆ ਹੈ ਤਾਂ ਇਹ ਹਾਊਸ ਦੀ ਟੇਬਲ ਤੇ ਰੱਖ ਦੇਣ ਤਾਂਕਿ ਅਸੀਂ ਇਸ ਬਾਰੇ ਕੋਈ ਗੱਲ ਨਾ ਕਰੀਏ।

**ਸ੍ਰੀ ਸਪੀਕਰ**: ਡਾਕਟਰ ਸਾਹਿਬ, ਤੁਸੀਂ ਇਹ ਦੱਸੋ ਕਿ ਕੀ ਤੁਸੀਂ ਇਸ ਰੈਜ਼ੋਲਿਊਸ਼ਨ ਦੀ ਹਮਾਇਤ ਕਰਦੇ ਹੋ ਜਾਂ ਇਸ ਦੇ ਖ਼ਿਲਾਫ ਹੋ ?

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਜਿਹੜੇ ਇਨਕਾਊਂਟਰ ਬਣਾਕੇ, ਜੇਲ੍ਹਾਂ ਵਿਚ ਪਾ ਕੇ ਬੰਦਿਆਂ ਨੂੰ ਮਾਰ ਰਹੇ ਹਨ, ਇਸ ਨਾਲ ਕੀ ਹੋਵੇਗਾ ਕਿ ਲੋਕੀਂ ਕਹਿਣਗੇ ਕਿ ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ਜਿਹੜੀ ਹੈ ਉਹ ਐਕਸਟਰੀਮਿਸਟਸ ਨੂੰ ਬੜ੍ਹਾਵਾ ਦੇ ਰਹੀ ਹੈ। ਹੁਣ ਗੱਲ ਇਥੋਂ ਤਕ ਵੱਧ ਗਈ ਹੈ ਕਿ ਅਸੀਂ ਸਾਰੇ ਸੋਚਦੇ ਹਾਂ ਕਿ ਅਸੀਂ ਭੰਬਲ ਭੂਸੇ ਵਿਚ ਪਏ ਹੋਏ ਹਾਂ ਅਤੇ ਗੌਰਮਿੰਟ ਆਫ ਇੰਡੀਆ ਵੀ ਭੰਬਲ ਭੂਸੇ ਵਿਚ ਪਈ ਹੈ ਕਿ ਇਸਦਾ ਸਿੱਟਾ ਕੀ ਹੋਵੇਗਾ ?

*Original with;*
Punjab Vidhan Sabha
*Digitized by;*
Panjab Digital Library

**ਸ੍ਰੀ ਸਪੀਕਰ**: ਪਰ ਸਿਵਾਏ ਤੁਹਾਡੇ ।

**ਸ੍ਰੀ ਰਾਮ ਸਵਰੂਪ ਬਾਗੀ**: ਸਾਡੇ ਲੀਡਰ ਨੇ ਅਨਾਊਂਸ ਕੀਤਾ ਹੈ ਕਿ ਬਜ਼ੁਰਗਾਂ ਨੂੰ ਛੱਡ ਦਿੱਤਾ ਜਾਵੇ, ਬਿਮਾਰਾਂ ਨੂੰ ਛੱਡ ਦਿੱਤਾ ਜਾਵੇ ਅਤੇ ਜਿਹੜੇ ਬਾਹਿਰ ਆਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਛੱਡ ਦਿੱਤਾ ਜਾਵੇ । ਇਹ ਐਵੇਂ ਗਲਤ ਗੱਲਾਂ ਕਰ ਰਹੇ ਹਨ ।

**ਸ੍ਰੀ ਸਪੀਕਰ**: ਡਾਕਟਰ ਸਾਹਿਬ, ਤੁਸੀਂ ਵਾਈਂਡ ਅੱਪ ਕਰੋ ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਮੈਂ ਨਿਮਰਤਾ ਸਹਿਤ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ । ਮੈਨੂੰ ਖੁਸ਼ੀ ਹੁੰਦੀ ਕਿ ਜਿਹੜੀ ਅੱਜ ਦੀ ਡਿਬੇਟ ਹੋਈ ਹੈ ਉਸ ਵਿਚ ਹਿੰਦੂ ਮੈਂਬਰਾਂ ਤੋਂ ਵੀ ਕੋਈ ਗੱਲ ਕਹਾਈ ਜਾਂਦੀ ਪਰ ਜਿਹੜੇ ਮੈਂਬਰ ਬੋਲੇ ਹਨ, ਉਹ ਸਾਰੇ ਸਿੱਖ ਹਨ ਅਤੇ ਉਨ੍ਹਾਂ ਦੀ ਤਾਂ ਉਹ ਗਲ ਹੈ ਕਿ ਜਿਵੇਂ ਕੌਰਵ ਅਤੇ ਪਾਂਡਵ ਦੀ ਲੜਾਈ ਹੋਈ ਤਾਂ ਭੀਸ਼ਮ ਪਿਤਾਮੇ ਨੇ ਕੌਰਵ ਦਾ ਸਾਥ ਦਿੱਤਾ ਜਦ ਕਿ ਉਸ ਦੀ ਹਮਦਰਦੀ ਪਾਂਡਵ ਨਾਲ ਸੀ । ਜਦ ਉਸ ਨੂੰ ਪੁੱਛਿਆ ਗਿਆ ਕਿ ਤੁਸੀਂ ਇਸ ਤਰ੍ਹਾਂ ਕਿਉਂ ਕੀਤਾ ਹੈ ਤਾਂ ਉਸ ਨੇ ਕਿਹਾ ਕਿ ਪੇਟ ਦੀ ਖਾਤਰ । ਸੋ ਇਹ ਵੀ ਸਿੱਖ ਮੈਂਬਰ ਪੇਟ ਦੀ ਖਾਤਰ ਹੀ ਲੜਦੇ ਹਨ । ਇਨ੍ਹਾਂ ਦੀ ਹਮਦਰਦੀ ਅਸਲ ਵਿਚ ਸਾਡੇ ਨਾਲ ਹੈ ਅਤੇ ਮੈਨੂੰ ਇਨ੍ਹਾਂ ਦੀ ਹਾਲਤ ਤੇ ਤਰਸ ਆਉਂਦਾ ਹੈ । (ਹਾਸਾ)

**ਸ੍ਰੀ ਸਪੀਕਰ**: ਤੁਸੀਂ ਵਾਈਂਡ ਅੱਪ ਕਰੋ ।

**ਡਾਕਟਰ ਭਗਤ ਸਿੰਘ**: ਮੈਂ ਇਹੋ ਜਿਹੀਆਂ ਐਕਟਿਵਿਟੀਜ਼ ਨੂੰ ਕੰਡੈਮ ਕਰਦਾ ਹਾਂ । (ਥੰਪਿੰਗ)

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ**: ** ** **

**ਰਾਜ ਮੰਤਰੀ, ਖੁਰਾਕ ਅਤੇ ਸਪਲਾਈ**: ** ** **

**ਸ੍ਰੀ ਸਪੀਕਰ**: ਮੇਰੀ ਇਜਾਜ਼ਤ ਤੋਂ ਬਗੈਰ ਇਹ ਜੋ ਕੁਝ ਬੋਲੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

---

## EXTENSION OF TIME OF THE SITTING

**Mr. Speaker**: Is it the pleasure of the House that the time of the sitting of the House be extended by half an hour ?

**Voices**: Yes, yes.

**Mr. Speaker**: The time of the sitting of the House is extended by half an hour i.e., up to 2.30 P.M.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## SUBSTANTIVE MOTION RE. CONDEMNATION OF THE ACTIVITIES OF DIVISIVE AND EXTREMIST ELEMENTS IN THE PUNJAB STATE INSPIRED BY REACTIONARY AND CAPITALIST FORCES (*RESUMPTION*)

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਇਹ ਜਿਹੜਾ ਤੁਸੀਂ ਸਦਨ ਦਾ ਵਕਤ ਵਧਾਇਆ ਹੈ, ਕਿਉਂਕਿ ਕੁਝ ਜੋ ਗਲਾਂ ਇਥੇ ਕਹੀਆਂ ਹਨ ਅਤੇ ਖਾਸ ਕਰਕੇ ਜੋ ਕਿਸੇ ਸੱਜਣ ਨੇ ਆਖਿਰ ਵਿਚ ਕਹੀਆਂ ਹਨ ਉਨ੍ਹਾਂ ਦਾ ਨਿਰਣਾ ਹੋ ਸਕੇ। ਮੈਂ ਮਸ਼ਕੂਰ ਹਾਂ ਸਾਰੇ ਮੈਂਬਰਾਂ ਦਾ, ਐਕਸੈਪਟ 1—2 ਸੱਜਣਾ ਦੇ, ਮੈਂ ਸਾਰੀਆਂ ਪਾਰਟੀਆਂ ਦਾ ਮਸ਼ਕੂਰ ਹਾਂ ਭਾਵੇਂ ਉਨ੍ਹਾਂ ਨੇ ਆਪਣੇ ਆਪਣੇ ਪੱਖ ਨਾਲ ਕਿਹਾ ਹੋਵੇ ਮਗਰ ਇਸ ਮਤੇ ਤੇ ਬੋਲਦੇ ਹੋਏ ਉਨ੍ਹਾਂ ਨੇ ਇਸ ਦੀ ਕੰਡੈਮਨੇਸ਼ਨ ਪੂਰੀ ਕੀਤੀ ਹੈ। ਇਹ ਸਾਬਤ ਕਰਦਾ ਹੈ ਕਿ ਬਾਹਰ ਵੀ ਬਦਕਿਸਮਤੀ ਨਾਲ ਜਿਹੜੇ ਲੋਕ ਹਨ ਉਹ ਇਸ ਗਲ ਦੇ ਹੱਕ ਵਿਚ ਹਨ ਕਿ ਕੋਈ ਕਿਸੇ ਤੇ ਕਿਸੇ ਕਿਸਮ ਦਾ ਤਸ਼ੱਦਦ ਨਹੀਂ ਹੋਣਾ ਚਾਹੀਦਾ। ਇਸ ਦੀ ਕੰਡੈਮਨੇਸ਼ਨ ਹਾਊਸ ਦੇ ਸਾਰੇ ਰੀਪਰੀਜ਼ੈਂਟੇਟਿਵਜ਼ ਨੇ ਕੀਤੀ ਹੈ। ਮੈਂ ਇਸ ਹਾਊਸ ਦੇ ਸਾਰੇ ਮੈਂਬਰਾਂ ਦਾ ਮਸ਼ਕੂਰ ਹਾਂ। ਲੇਕਿਨ ਇਕ ਮੈਂ ਅਰਜ਼ ਕਰਦਾ ਹਾਂ ਕਿ ਪਹਿਲਾਂ ਬੋਲਣ ਵਾਲੇ ਕਾਮਰੇਡ ਰਾਜਕੁਮਾਰ, ਜੋ ਕਿ ਸੀ. ਪੀ. ਆਈ. ਦੇ ਲੀਡਰ ਹਨ, ਉਨ੍ਹਾਂ ਨੇ 2-4 ਗੱਲਾਂ ਬਹੁਤ ਢੁਕਦੀਆਂ ਅਤੇ ਅੱਜ ਦੇ ਹਾਲਾਤ ਤੇ ਢੁਕਦੀਆਂ ਕੀਤੀਆਂ ਹਨ ਅਤੇ ਅੱਜ ਕੱਲ੍ਹ ਦੇ ਹਾਲਾਤ ਤੋਂ ਜਾਣੂ ਕਰਨ ਵਾਲੀਆਂ ਕੀਤੀਆਂ ਹਨ। ਉਨ੍ਹਾਂ ਦੀਆਂ ਇਹ ਗੱਲਾਂ ਠੀਕ ਹਨ। ਉਹ ਗੱਲਾਂ ਸੁਣਨ ਤੋਂ ਬਾਅਦ ਮੈਨੂੰ ਕੁਝ ਕਹਿਣ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਬਹੁਤ ਸੁਲਝੇ ਹੋਏ ਤਰੀਕੇ ਨਾਲ ਬਿਆਨ ਕੀਤਾ ਹੈ। ਮੈਂ ਉਸ ਵਿਚ ਬਹੁਤਾ ਨਹੀਂ ਜਾਣਾ ਚਾਹੁੰਦਾ ਕਿਉਂਕਿ ਉਸ ਲਈ ਸਮਾਂ ਚਾਹੀਦਾ ਹੈ। ਮੈਂ ਬੈਕਗਰਾਊਂਡ ਦੇਣੀ ਚਾਹੁੰਦਾ ਹਾਂ ਕਿ ਇਹ ਹਾਲਾਤ ਕਿਉਂ ਪੈਦਾ ਹੋਏ। ਇਹ ਹਾਲਾਤ ਸਾਡੇ ਪੈਦਾ ਕੀਤੇ ਹੋਏ ਨਹੀਂ ਹਨ। ਇਥੇ ਇਕ ਮੈਂਬਰ ਨੇ ਕਿਹਾ ਕਿ ਕਾਂਗਰਸੀਆ ਦੀ ਆਪਸ ਵਿਚ ਲੜਾਈ ਕਾਰਨ ਇਹ ਹਾਲਾਤ ਪੈਦਾ ਹੋਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਨੇ ਕਦੇ ਕੋਈ ਅਜਿਹਾ ਕੰਮ ਨਹੀਂ ਕੀਤਾ ਜਿਹੜਾ ਕਮਿਊਨਲ ਹੈ ਜਿਸ ਦੇ ਵਿਚ ਫਿਊਡਲਿਜ਼ਮ ਲੁਕੀ ਹੋਈ ਹੈ। ਫਿਊਡਲਿਜ਼ਮ ਨੇ ਇਸ ਨੂੰ ਪਨਪਿਆ ਹੈ, ਫਿਊਡਲਿਜ਼ਮ ਦੀ ਛਾਇਆ ਹੇਠ ਇਹ ਪਨਪਦਾ ਰਿਹਾ ਹੈ। ਜਿਹੜੇ ਇਸ ਤਰ੍ਹਾਂ ਦੇ ਬੰਦੇ ਹਨ, ਉਹ ਆਪਣੇ ਵੈਸਟਿਡ ਇੰਟਰੈਸਟ ਵਾਸਤੇ ਸ਼ੈਲਟਰ ਕਮਿਊਲਿਜ਼ਮ/ਫਿਊਡਲਿਜ਼ਮ ਤੋਂ ਲੈਂਦੇ ਹਨ। (ਵਿਘਨ) ਹਰਿਆਣੇ ਵਾਲਿਆਂ ਨੇ ਕੀ ਕੀਤਾ ਹੈ, ਉਨ੍ਹਾਂ ਨੂੰ ਪੁੱਛੋ। ਅਸੀਂ ਇਸ ਨੂੰ ਵੱਖ ਦੇਖ ਲਵਾਂਗੇ। ਪਰ ਇਹ ਹਾਲਾਤ ਕਿਉਂ ਪੈਦਾ ਹੋਏ। ਪਿਛਲੇ ਇਨ੍ਹਾਂ ਸਾਲਾਂ ਵਿਚ ਕੀ ਕੀਤਾ ਗਿਆ ਕਿ ਫੇਕਡ ਨਾਵਾਂ ਉਤੇ ਲਾਇਸੰਸ ਦਿਤੇ ਗਏ ਜਿਨ੍ਹਾਂ ਦੀ ਅਸੀਂ ਪੜਤਾਲ ਕਰ ਰਹੇ ਹਾਂ। ਬੇਨਾਮੀ ਸੌਦੇ ਕਰ ਦਿਤੇ। ਨਾਮ ਕਿਸੇ ਤੇ ਆਰਮ ਹੈ ਅਤੇ ਭੇਜ ਕਿਸੇ ਹੋਰ ਥਾਂ ਦਿਤੀ। ਉਦੋਂ ਇਹ ਪਤਾ ਨਹੀਂ ਲਿਆ ਗਿਆ, ਆਰਮ ਜਿੰਨੇ ਮਰਜ਼ੀ ਕੋਈ ਲੈ ਲਵੇ। ਆਰਮ ਸਾਰਿਆਂ ਨੂੰ ਦੇ ਦਿਤੀਆਂ ਗਈਆਂ ਜਿਨ੍ਹਾਂ ਦਾ ਪੰਜਾਬ ਵਿਚ ਨਾਮੋ ਨਿਸ਼ਾਨ ਨਹੀਂ ਹੈ ਅਤੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਹ ਵੀ ਫੇਕਡ ਨਾਵਾਂ ਤੇ । ਇਹ ਕੰਮ ਉਸ ਪਾਰਟੀ ਦੀ ਸਰਕਾਰ ਨੇ ਕੀਤਾ ਜਿਹੜੀ ਪਾਰਟੀ ਕਹਿੰਦੀ ਹੈ ਕਿ ਅਸੀਂ ਅਮਨ ਰਖਣਾ ਚਾਹੁੰਦੇ ਹਾਂ । ਉਨ੍ਹਾਂ ਨੇ ਫੇਕਡ ਨਾਵਾਂ ਤੇ ਆਰਮ ਦਿਤੇ । ਅੱਜ ਦਰਬਾਰ ਸਾਹਿਬ ਜੋ ਕਿ ਸਾਡਾ ਪਵਿੱਤਰ ਅਸਥਾਨ ਹੈ ਅਤੇ ਜਿਸ ਨੂੰ ਸਾਰੇ ਮੰਨਦੇ ਹਨ, ਉਥੇ ਕਿਲਾ ਬੰਦੀ ਕਰਕੇ ਉਸ ਦੀ ਪਰਸਿਟੰਸ ਕਾਇਮ ਕੀਤੀ ਗਈ । ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ, ਇਹ ਸਾਰੇ ਜਾਣਦੇ ਹਨ ਦਰਬਾਰ ਸਾਹਿਬ ਦੀਆਂ ਪਰਕਰਮਾ ਜਿਥੇ ਪੈਰ ਧੋ ਕੇ ਅੰਦਰ ਜਾਂਦੇ ਹਨ, ਉਹ ਐਨਾ ਪਵਿੱਤਰ ਸਥਾਨ ਹੈ ਕਿ ਉਥੇ ਜੁੱਤੀ ਲਾਹ ਕੇ ਅੰਦਰ ਜਾਦੇ ਹਾਂ ਅਤੇ ਉਥੇ ਨਸ਼ਾ ਨਹੀਂ ਹੋ ਸਕਦਾ । ਉਥੇ ਕੋਈ ਆਬਜੈਕਸ਼ਨੇਬਲ ਚੀਜ਼ ਨਹੀਂ ਲਿਜਾਈ ਜਾ ਸਕਦੀ । ਇਹ ਉਥੋਂ ਦੀ ਪਰੰਪਰਾ ਹੈ । ਲੇਕਿਨ ਉਸ ਦੇ ਬਾਹਿਰ ਜੋ ਜਗ੍ਹਾ ਹੈ ਜਿਸ ਨੂੰ ਗੁਰੂ ਨਾਨਕ ਨਿਵਾਸ ਕਿਹਾ ਜਾਂਦਾ ਹੈ, ਜਿਸ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਕਿਹਾ ਜਾਂਦਾ ਹੈ, ਜਿਸ ਨਾਲ ਗੁਰੂ ਰਾਮਦਾਸ ਸਿਰਾਏ ਹੈ, ਉਥੇ ਮੋਟਰ, ਟਾਂਗੇ ਦੇ ਰਾਹੀਂ ਲੋਕ ਬੜੀ ਅਸਾਨੀ ਨਾਲ ਜਾਂਦੇ ਰਹੇ ਹਨ ਪਰ ਜੋੜਾ ਉਤਾਰ ਕੇ ਨਹੀਂ ਸੀ ਜਾਣਾ ਪੈਂਦਾ । ਲੇਕਿਨ ਅੱਜ ਉਨ੍ਹਾਂ ਨੇ ਉਸ ਥਾਂ ਦੀ ਕਿਲੇਬੰਦੀ ਕੀਤੀ ਹੋਈ ਹੈ । ਇਕ ਪਾਸੇ ਲੋਹੇ ਦੇ ਦਰਵਾਜ਼ੇ ਖੜ੍ਹੇ ਕੀਤੇ ਹੋਏ ਹਨ ਅਤੇ ਦੂਜੇ ਪਾਸੇ ਪਹਿਰੇਦਾਰ ਖੜ੍ਹੇ ਕਰ ਦਿਤੇ ਹਨ । ਗੁਰੂ ਨਾਨਕ ਨਿਵਾਸ ਉਹ ਜਗ੍ਹਾ ਹੈ ਜਿਥੇ ਐਸ. ਜੀ. ਪੀ. ਸੀ. ਦਾ ਮੈਂਬਰ, ਕੋਈ ਹੋਰ ਸੱਜਣ ਜਾ ਕੇ ਠਹਿਰ ਸਕਦਾ ਸੀ । ਉਥੇ ਉਹ ਰਹਿ ਸਕਦਾ ਸੀ. ਪਰ ਉਥੇ ਹੁਣ ਸਿਪਾਹੀ ਬੰਦੂਕਾਂ ਲੈ ਕੇ ਖੜ੍ਹੇ ਕੀਤੇ ਹੋਏ ਹਨ । ਜਿਹੜੇ ਲੋਕ ਕਿਲਰਜ਼ ਹਨ ਉਨ੍ਹਾਂ ਨੂੰ ਇਨ੍ਹਾਂ ਸਥਾਨਾਂ ਤੇ ਸ਼ੈਲਟਰ ਦਿਤੀ ਜਾ ਰਹੀ ਹੈ । ਮੈਂ ਕਹਿੰਦਾ ਹਾਂ ਕਿ ਸਾਨੂੰ ਇਹ ਬਗ਼ੈਰ ਵਰਦੀ ਤੋਂ ਅੰਦਰ ਦਾਖਲ ਹੋਣ ਦੀ ਆਗਿਆ ਦੇਣ ਅਸੀਂ ਇਨ੍ਹਾਂ ਨੂੰ ਲਿਆ ਕੇ ਦੱਸ ਦਿਆਂਗੇ । ਅਸੀਂ ਇਹ ਨਹੀਂ ਕਹਿੰਦੇ ਕਿ ਸਾਡੇ ਸਪੁਰਦ ਕਰੋ । ਅਸੀਂ ਤਾਂ ਇਹ ਕਹਿੰਦੇ ਹਾਂ ਕਿ ਤੁਸੀਂ ਆਪ ਹੀ ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰੋ । ਜੇ ਕੋਈ ਗੁਨਾਹਗਾਰ ਉਥੇ ਸਿੱਧ ਹੁੰਦਾ ਹੈ ਤਾਂ ਆਪੇ ਉਹ ਫਾਂਸੀ ਟੰਗਿਆ ਜਾਵੇਗਾ । ਜੇ ਕੋਈ ਗੁਨਾਹ ਸਾਬਤ ਨਹੀਂ ਹੁੰਦਾ ਤਾਂ ਫਿਰ ਕੋਈ ਇਨ੍ਹਾਂ ਨੂੰ ਕੁਝ ਨਹੀਂ ਕਹਿ ਸਕਦਾ । ਉਹ ਬਚ ਜਾਣਗੇ । ਡਾਕਟਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਪਵਿੱਤਰ ਅਸਥਾਨ ਹੈ । ਲੋਕੀ ਏਥੇ ਜਾ ਕੇ ਸਿਰ ਨਿਵਾਉਂਦੇ ਹਨ । ਆਪਣੇ ਮਨ ਦੀ ਸ਼ਾਂਤੀ ਲਈ ਲੋਕੀ ਏਥੇ ਜਾਂਦੇ ਹਨ । ਇਨ੍ਹਾਂ ਸਥਾਨਾਂ ਤੇ ਇਹੋ ਜਿਹੇ ਕੰਮ ਨਹੀਂ ਹੋਣੇ ਚਾਹੀਦੇ । ਡਾਕਟਰ ਸਾਹਿਬ, ਤੁਸੀਂ ਦੇਖ ਲਓ ਹੁਣ ਹਰ ਹਫਤੇ ਇਨ੍ਹਾਂ ਗੁਰਦਵਾਰਿਆਂ ਦੀਆਂ ਔਫਰਿੰਗਜ਼ ਘੱਟ ਕਿਉਂ ਰਹੀਆਂ ਹਨ ? ਦੁਖ ਭੰਜਨੀ ਬੇਰੀ ਜਿਥੇ ਕਿ ਲੋਕੀ ਜਾ ਕੇ ਇਸ਼ਨਾਨ ਕਰਦੇ ਹਨ, ਲੋਕਾਂ ਦੇ ਦੁੱਖ ਦੂਰ ਹੁੰਦੇ ਹਨ, ਉਨ੍ਹਾਂ ਦੇ ਕਸ਼ਟ ਦੂਰ ਹੁੰਦੇ ਹਨ, ਉਥੇ ਇਕ ਨਿਹੰਗ ਦਾ ਖੂਨ ਕੀਤਾ ਗਿਆ । ਖੂਨ ਦਾ ਪਤਾ ਲਾਉਣ ਲਈ ਰਿਪੋਰਟ ਲਿਖਾਈ ਗਈ । ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਬਗ਼ੈਰ ਵਰਦੀ ਤੋਂ ਸਾਨੂੰ ਅੰਦਰ ਜਾਣ ਦੀ ਆਗਿਆ ਦਿੱਤੀ ਜਾਵੇ ਲੇਕਿਨ ਕਿਸੇ ਨੇ ਇਜਾਜ਼ਤ ਨਹੀਂ ਦਿਤੀ । ਗੁਰਦਵਾਰਿਆਂ ਵਿਚ ਇਨ੍ਹਾਂ ਕਾਤਲਾਂ ਦੀ ਗਲਤ ਕੰਮ ਕਰਨ ਵਾਲਿਆਂ ਦੀ ਪਰੋਟੈਕਸ਼ਨ ਕੀਤੀ ਜਾਂਦੀ ਹੈ । ਇਸ ਨਾਲ ਇਨ੍ਹਾਂ ਪਵਿੱਤਰ ਸਥਾਨਾਂ ਦੀ ਮਰਯਾਦਾ ਭੰਗ ਹੁੰਦੀ ਹੈ ਔਰ ਲੋਕਾਂ ਨੂੰ ਇਨ੍ਹਾਂ ਸਥਾਨਾਂ ਦੀ ਨਿੰਦਿਆ ਕਰਨ ਵਾਸਤੇ ਮੌਕਾ ਮਿਲਦਾ ਹੈ । ਡਾਕਟਰ ਸਾਹਿਬ ਨੇ ਕਿਹਾ ਹੈ ਕਿ ਸਿੱਖ ਕਲਚਰ ਨੂੰ

Original with;
Punjab Vidhan Sabha
Digitized by;
Panjab Digital Library

ਖ਼ਤਮ ਕਰਨ ਲਈ ਪੈਸੇ ਦਾਨ ਦਿੱਤੇ ਗਏ। ਇਹ ਗੱਲ ਬਿਲਕੁਲ ਗ਼ਲਤ ਹੈ। ਕੰਪੋਜ਼ਿਟ ਕਲਚਰ ਵਾਸਤੇ ਪੈਸੇ ਜ਼ਰੂਰ ਦਿੱਤੇ ਗਏ ਹਨ। (ਵਿਘਨ)

1978 ਵਿਚ ਵਾਇਉਲੈਂਸ ਹੋਈ। ਜਦੋਂ ਨਿਰੰਕਾਰੀਆਂ ਦੇ ਨਾਲ ਮੁੱਠ ਭੇੜ ਹੋਈ, ਕੌਣ ਸੱਜਣ ਸਨ ? ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਜਰਨੈਲ ਸਿੰਘ ਭਿੰਡਰਾਂ ਵਾਲੇ ਇਹ ਇਨ੍ਹਾਂ ਦੇ ਨਾਲ ਗਏ ਫਿਰ ਵਿਚੋਂ ਭੱਜ ਆਏ। ਉਸ ਵੇਲੇ ਦੀ ਗੌਰਮਿੰਟ ਨੇ ਉਨ੍ਹਾਂ ਨੂੰ ਇਹ ਇਜਾਜ਼ਤ ਕਿਉਂ ਦਿਤੀ ਜਦੋਂ ਕਿ ਉਨ੍ਹਾਂ ਨੂੰ ਪਤਾ ਸੀ ਕਿ ਉਸ ਦਿਨ ਵਿਸਾਖੀ ਨੂੰ ਉਥੇ ਜਲਸਾ ਕੀਤਾ ਜਾ ਰਿਹਾ ਸੀ। ਇਹ ਸਰਕਾਰ ਦਾ ਗੈਰ-ਐਡਮਨਿਸਟ੍ਰੇਟਿਵ ਐਟੀਚਿਊਡ ਸੀ। ਇਹ ਨਾਨ-ਫੰਕਸ਼ਨਡ ਗੌਰਮਿੰਟ ਸੀ ਜਿਸ ਨੇ ਉਨ੍ਹਾਂ ਨੂੰ ਜਲੂਸ ਕੱਢਣ ਦੀ ਇਜਾਜ਼ਤ ਦਿੱਤੀ। ਇਹ ਤਿੰਨ ਕਿਲੋਮੀਟਰ ਜਲੂਸ ਦੀ ਸ਼ਕਲ ਵਿਚ ਗਏ। ਜੇ ਕਿਸੇ ਨਾਲ ਸਾਡੇ ਧਾਰਮਿਕ ਖ਼ਿਆਲ ਨਹੀਂ ਮਿਲਦੇ ਤਾਂ ਅਸੀਂ ਕਿਸੇ ਦਾ ਮਰਡਰ ਕਰਕੇ ਉਸਨੂੰ ਆਪਣੇ ਨਾਲ ਨਹੀਂ ਲਾ ਸਕਦੇ। ਕਈ ਖ਼ੂਨ ਖਰਾਬਾ ਕਰਕੇ ਉਸ ਨੂੰ ਆਪਣੇ ਨਾਲ ਨਹੀਂ ਲਾ ਸਕਦੇ। ਅਸੀਂ ਆਪਣੇ ਨਾਲ ਕਿਸੇ ਨੂੰ ਵੀ ਪਰਸੂਏਸਿਵ ਮੈਥਡ ਨਾਲ ਜੋੜ ਸਕਦੇ ਹਾਂ। ਇਨ੍ਹਾਂ ਦੇ ਜਿਹੜੇ 40 ਮੈਟਾਡੋਰ ਫਿਰਦੇ ਹਨ ਇਹ ਉਨ੍ਹਾਂ ਨੂੰ ਸਿੱਖ ਬਣਾਉਣ ਵਾਸਤੇ ਪ੍ਰਚਾਰ ਕਰਨ ਲਈ ਦਿਤੇ ਗਏ ਹਨ ਨਾ ਕਿ ਇਸ ਗੱਲ ਲਈ ਕਿ ਜੋ ਸਿੱਖ ਹਨ ਉਨ੍ਹਾਂ ਨੂੰ ਇਨ੍ਹਾਂ ਦੇ ਵਿਚ ਭਰ ਕੇ ਅੰਦਰ ਲਿਆਂਦਾ ਜਾਵੇ ਅਤੇ ਗੁਰਦੁਆਰਿਆਂ ਵਿਚ ਪਰੋਟੈਕਸ਼ਨ ਦਿਤੀ ਜਾਵੇ। ਇਹ ਇਨ੍ਹਾਂ ਦਾ ਗਲਤ ਇਸਤੇਮਾਲ ਕਰ ਰਹੇ ਹਨ ਜੋ ਕਿ ਬੰਦ ਹੋਣਾ ਜ਼ਰੂਰੀ ਹੈ। ਹਾਊਸ ਵਿਚ ਇੱਥੇ ਕਿਹਾ ਗਿਆ ਹੈ ਕਿ ਸਿੱਖਾਂ ਦਾ ਬੋਲ ਬਾਲਾ ਹੈ, ਮੈਂ ਕਹਿੰਦਾ ਹਾਂ ਕਿ ਸਿਰਫ ਸਿੱਖਾਂ ਦਾ ਹੀ ਬਲ ਬਾਲਾ ਕਿਉਂ ਹੈ, ਬਾਕੀਆਂ ਦਾ ਕਿਉਂ ਨਹੀਂ,। ਅਕਾਲ ਤਖ਼ਤ ਤੋਂ ਤਕਰੀਰਾਂ ਆਉਂਦੀਆਂ ਹਨ ਜਿਹੜੀਆਂ ਬੜੀਆਂ ਭੜਕਾਊ ਹੁੰਦੀਆਂ ਹਨ। ਅਜਿਹੀਆਂ ਤਕਰੀਰਾਂ ਦੀ ਅਜਿਹੇ ਪਵਿੱਤਰ ਸਥਾਨਾਂ ਤੇ ਕੋਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਪਵਿੱਤਰ ਸਥਾਨਾਂ ਦੀ ਉਸੇ ਤਰ੍ਹਾਂ ਹੀ ਇੱਜ਼ਤ ਕੀਤੀ ਜਾਣੀ ਚਾਹੀਦੀ ਹੈ ਜਿਸ ਕੰਮ ਲਈ ਇਹ ਬਣੇ ਹਨ। ਕਰੀਮੀਨਲਜ਼ ਨੂੰ ਗੁਰਦਵਾਰਿਆਂ ਵਿਚ ਛੁਪਾਉਣ ਦੀ, ਉਨ੍ਹਾਂ ਨੂੰ ਸ਼ੈਲਟਰ ਦੇਣ ਦੀ ਆਗਿਆ ਬਿਲਕੁਲ ਨਹੀਂ ਹੋਣੀ ਚਾਹੀਦੀ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਸਾਡੇ ਨਾਲ ਚਲਣ ਅਸੀਂ ਇਨ੍ਹਾਂ ਨੂੰ ਦੱਸ ਦਿੰਦੇ ਹਾਂ ਕਿ ਕਰੀਮੀਨਲਜ਼ ਉਥੇ ਹੀ ਹਨ। ਪਰ ਸਾਨੂੰ ਜਾਣ ਦੀ ਇਜਾਜ਼ਤ ਨਹੀਂ ਮਿਲਦੀ। ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੈਜ਼ੀਡੈਂਟ ਨੂੰ ਇਕ ਚਿੱਠੀ ਲਿਖੀ ਸੀ ਕਿ ਅਸੀਂ ਚਾਹੁੰਦੇ ਹਾਂ ਕਿ ਤੁਹਾਡਾ ਇਹ ਪਵਿੱਤਰ ਅਸਥਾਨ ਹੈ ਜਿਸ ਨੂੰ ਅਸੀਂ ਸਾਰੇ ਸਿਰ ਨਿਵਾਉਂਦੇ ਹਾਂ। ਸਾਨੂੰ ਜਿਹੜੇ ਬੰਦੇ ਚਾਹੀਦੇ ਹਨ ਉਹ ਇਨ੍ਹਾਂ ਦੇ ਵਿਚ ਲੁਕੇ ਹੋਏ ਹਨ। ਤੁਸੀਂ ਸਾਡੇ ਨਾਲ ਚਲੋ, ਅਸੀਂ ਤੁਹਾਨੂੰ ਉਥੇ ਇਹ ਲੁਕੇ ਹੋਏ ਦਿਖਾ ਸਕਦੇ ਹਾਂ ਪਰ ਇਨ੍ਹਾਂ ਨੇ ਸਾਨੂੰ ਕੋਈ ਇਜਾਜ਼ਤ ਨਹੀਂ ਦਿੱਤੀ। ਤੁਸੀਂ (ਡਾਕਟਰ ਭਗਤ ਸਿੰਘ ਵੱਲ ਇਸ਼ਾਰਾ) ਵਾਹਿਗੁਰੂ ਦੀ ਕਸਮ ਖਾ ਕੇ ਦੱਸ ਦਿਓ ਕਿ ਇਹ ਲੋਕ ਏਥੇ ਨਹੀਂ ਛੁਪੇ ਹੋਏ। ਚਲੋ ਮੈਂ ਤੁਹਾਡੇ ਤੇ ਹੀ ਛੱਡ ਦਿੰਦਾ ਹਾਂ।

**ਡਾਕਟਰ ਭਗਤ ਸਿੰਘ :** (ਬੈਠੇ, ਬੈਠੇ) ਮੈਨੂੰ ਕੋਈ ਨਹੀਂ ਪਤਾ ਜੀ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਡਾਕਟਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕਰੀਮੀਨਲਜ਼ ਦੀ ਉਥੇ ਪਰੋਟੈਕਸ਼ਨ ਕੀਤੀ ਜਾਂਦੀ ਹੈ। ਆਰਮਡ ਵੈਪਨਜ਼ ਦੇ ਨਾਲ ਪਰੋਟੈਕਸ਼ਨ ਕੀਤੀ ਜਾ ਰਹੀ ਹੈ। ਕਾਮਰੇਡ ਰਾਜ ਕੁਮਾਰ ਜੀ ਨੇ ਅਤੇ ਮਾਸਟਰ ਚੰਦ ਸਿੰਘ ਨੇ ਵੀ ਕਿਹਾ ਹੈ ਕਿ ਜਿੰਨੀਆਂ ਕੈਪਟਲਿਸਟ ਫੋਰਸਿਜ਼ ਹਨ ਉਨ੍ਹਾਂ ਦੀ ਵੀ ਐਨਕਰੇਜਮੈਂਟ ਕਿਸੇ ਨਾ ਕਿਸੇ ਢੰਗ ਨਾਲ ਉਨ੍ਹਾਂ ਨੂੰ ਪਹੁੰਚਦੀ ਹੈ। ਜਿਹੜੇ ਅਫਰੀਕਨ ਕੰਟਰੀਜ਼ ਹਨ ਉਹ ਛੋਟੇ ਛੋਟੇ ਮੁਲਕ ਹਨ, ਉਥੇ ਕੀ ਹੋ ਰਿਹਾ ਹੈ। ਸਪੀਕਰ ਸਾਹਿਬ, ਤੁਸੀਂ ਅਖਬਾਰ ਵਿਚ ਕੱਲ੍ਹ ਪੜ੍ਹਿਆ ਹੋਵੇਗਾ ਕਿ ਲਿਬਨਾਨ ਵਿਚ ਕੀ ਹੋ ਰਿਹਾ ਹੈ। ਹਰ ਥਾਂ ਡਿਸਟਰੱਸਟ ਐਂਡ ਪੀਸਲੈਸ ਚੀਜ਼ਾਂ ਹੀ ਹਨ। ਇਹ ਕਿਉਂ ਹੋ ਰਹੀਆਂ ਹਨ ? ਇਹ ਸਭ ਕੁਝ ਫਿਰਕੂ ਤਾਕਤਾਂ ਦੀ ਉਕਸਾਹਟ ਕਾਰਨ ਹੁੰਦਾ ਹੈ। ਜਿਹੜੇ ਨਿਰੰਕਾਰੀ ਹਨ ਇਹ ਦੇਹਧਾਰੀ ਗੁਰੂਆਂ ਵਿਚ ਯਕੀਨ ਰਖਦੇ ਹਨ ਪਰ ਅਸੀਂ ਨਹੀਂ ਰਖਦੇ ਅਤੇ ਨਾ ਹੀ ਸਾਡੇ ਤੇ ਇਹ ਲਾਗੂ ਹੁੰਦਾ ਹੈ। ਜੇ ਅਸੀਂ ਉਨ੍ਹਾਂ ਤੇ ਹਮਲੇ ਕਰੀਏ ਤਾਂ ਇਹ ਕਤਈਨ ਠੀਕ ਨਹੀਂ ਹੋਵੇਗਾ। ਉਹ ਇਤਰਾਜ਼ਯੋਗ ਚੀਜ਼ਾਂ ਆਪਣੀਆਂ ਕਿਤਾਬਾਂ ਵਿਚੋਂ ਕੱਢਣ ਲਈ ਤਿਆਰ ਵੀ ਹਨ। ਸ੍ਰੀ ਅਕਾਲ ਤਖਤ ਦੇ ਜੱਥੇਦਾਰ ਸਨ ਉਨ੍ਹਾਂ ਨੇ ਹਮੇਸ਼ਾਂ ਕੋਸ਼ਿਸ਼ ਕੀਤੀ ਇਨ੍ਹਾਂ ਨੂੰ ਆਪਣੇ ਅਨੁਸਾਰ ਮਨਾਉਣ ਦੀ ਔਰ ਨਿਰੰਕਾਰੀ ਕਾਫੀ ਮੰਨ ਵੀ ਗਏ ਪਰ ਉਨ੍ਹਾਂ ਦਾ ਅਚਾਨਕ ਅਕਾਲ ਚਲਾਣਾ ਹੋ ਗਿਆ ਜਿਸ ਕਰਕੇ ਇਹ ਫਿਰ ਵਿਚੇ ਹੀ ਰਹਿ ਗਿਆ। ਜੇਕਰ ਉਹ ਜਿਊਂਦੇ ਰਹਿੰਦੇ ਤਾਂ ਸ਼ਾਇਦ ਇਹ ਕੰਮ ਸਿਰੇ ਚੜ੍ਹ ਜਾਂਦਾ। ਲੇਕਿਨ ਇਹ ਕੋਈ ਫੈਸਲਾ ਕਰਨਾ ਹੀ ਨਹੀਂ ਚਾਹੁੰਦੇ। ਇਹ ਚਾਹੁੰਦੇ ਹਨ ਕਿ ਲੜਾਈ ਜਾਰੀ ਰਹੇ। ਇਹ ਸ਼ਕਤੀ-ਹੀਣ ਲੋਕ ਤਾਕਤ ਨਾਲ ਸ਼ਕਤੀ ਪ੍ਰਾਪਤ ਕਰਨਾ ਚਾਹੁੰਦੇ ਹਨ ਪਰ ਮੈਂ ਕਹਿੰਦਾ ਹਾਂ ਕਿ ਜੇ ਇਕ ਦਰਬਾਰੇ ਨੂੰ ਇਹ ਮਾਰ ਵੀ ਲੈਂਦੇ ਹਨ ਤਾਂ ਦਰਬਾਰਾ ਸਿੰਘ ਹੋਰ ਬੜੇ ਹਨ, ਸਾਰੇ ਹੀ ਇਸ ਪ੍ਰੋਸੈਸ ਵਿਚ ਦੀ ਲਗੇ ਹਨ। ਜੇ ਕਿਸੇ ਨੂੰ ਹੁਣ ਗਲੋਂ ਲਾਹੁਣਾ ਸੋਚਿਆ ਹੈ ਤਾਂ ਉਹ ਕਹਿ ਦੇਣ ਕਿ ਅਸੀਂ ਇਸ ਡੈਮੋਕਰੈਟਿਕ ਸੈਟ ਅੱਪ ਵਿਚ ਡਿਸਬੀਲੀਵ ਕਰਦੇ ਹਾਂ। ਜੇ ਡੈਮੋਕਰੈਟਿਕ ਸੈਟ ਅੱਪ ਵਿਚ ਡਿਸਬੀਲੀਵ ਕਰਦੇ ਹਨ ਤਾਂ ਅਸਤੀਫ਼ੇ ਦੇਣ ਅਤੇ ਕਹਿ ਦੇਣ ਕਿ ਅਸੀਂ ਇਸ ਵਿਚ ਬੀਲੀਵ ਨਹੀਂ ਕਰਦੇ, ਫਾਸਿਜ਼ਮ ਵਿਚ ਬੀਲੀਵ ਕਰਦੇ ਹਾਂ। ਇਤਨੇ ਕੇਸਿਜ਼ ਹੋਏ ਹਨ ਪਰ ਇਨ੍ਹਾਂ ਵਿਚੋਂ ਕਿਸੇ ਨੇ ਵੀ ਕੋਈ ਕੰਡੈਮਨੇਸ਼ਨ ਨਹੀਂ ਕੀਤੀ। ਮੈਂ ਨਿਰੰਕਾਰੀਆਂ ਦੀ ਗੱਲ ਬਾਰੇ ਕੰਡੈਮਨੇਸ਼ਨ ਦੀ ਗੱਲ ਨਹੀਂ ਕਰਦਾ। ਇਹ ਜਿਹੜੀਆਂ ਹੁਣ ਨਵੀਆਂ ਗੱਲਾਂ ਹੋ ਰਹੀਆਂ ਹਨ, ਇਸ ਦੀ ਗੱਲ ਕਰ ਰਿਹਾ ਹਾਂ ਕਿ ਇਸ ਦੀ ਕਿਸ ਨੇ ਕੰਡੈਮਨੇਸ਼ਨ ਕੀਤੀ ਹੈ। ਬਜਾਏ ਇਸ ਦੇ ਕਿ ਜਿਹੜੇ ਗਰੀਬ ਮਾਸੂਮ ਵਿਚਾਰੇ ਆਪਣੇ ਕਾਰੋਬਾਰ ਤੇ ਜਾ ਰਹੇ ਸਨ, ਕੋਈ ਦਵਾਈ ਵਗੈਰਾ ਲੈਣ ਵਾਸਤੇ ਜਾ ਰਿਹਾ ਸੀ, ਉਨ੍ਹਾਂ ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਔਰ ਉਸ ਦੀ ਇਹ ਕੋਈ ਕੰਡੈਮਨੇਸ਼ਨ ਕਰਦੇ, ਇਸ ਦੀ ਬਜਾਏ ਜੋ ਇਸ ਸਿਲਸਿਲੇ ਵਿਚ ਕਾਬੂ ਆ ਗਏ ਹਨ ਉਨ੍ਹਾਂ ਨੂੰ, ਉਨ੍ਹਾਂ ਦੇ ਘਰ ਵਾਲਿਆਂ ਨੂੰ ਗੁਰਦੁਆਰਿਆਂ ਵਿਚ, ਇਨ੍ਹਾਂ ਪਵਿੱਤਰ ਅਸਥਾਨਾਂ ਤੇ ਸਰੋਪੇ ਦਿੱਤੇ ਜਾ ਰਹੇ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਸਰੋਪੇ ਕਿਸ ਗੱਲ ਦੇ ? ਕਿਹੜੀ ਇਸ ਦੇ ਵਿਚ ਸਿੱਖਇਜ਼ਮ ਹੈ, ਇਹ ਜ਼ਰਾ ਸਾਨੂੰ ਸਮਝਾ ਦੇਣ। ਇਹ ਕਿਉਂ ਕੀਤਾ ? ਇਹ ਇਸ ਕਰਕੇ ਕਿ ਇਸ ਨਾਲ ਹੋਰ ਪ੍ਰੋਤਸਾਹਨ ਮਿਲੇ, ਹੋਰ ਪ੍ਰੋਵੋਕੇਸ਼ਨ ਵਧੇ। ਡਾਇਰੈਕਟਲੀ ਜਾਂ ਇਨਡਾਇਰੈਕਟਲੀ ਇਹ ਸਾਰੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ।

Original with;
Punjab Vidhan Sabha
Digitized by;
Panjab Digital Library

ਵਾਇਓਲੈਂਸ ਦੀ ਗੱਲ ਕੀਤੀ ਗਈ । ਸਾਡੇ ਲਾਗੇ ਗਵਾਂਢੀ ਮੁਲਕ ਵਿਚ ਕੀ ਹੋ ਰਿਹਾ ਹੈ । ਐਫ-16 ਜਹਾਜ਼ ਉਨ੍ਹਾਂ ਕੋਲ 40 ਆ ਰਹੇ ਹਨ । ਇਸ ਦਾ ਕਿੰਨਾ ਅਸਰ ਪੈ ਰਿਹਾ ਹੈ, ਮੈਂ ਉਸ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ ਲੇਕਿਨ ਇਸ ਦਾ ਅਸਰ ਲਾਜ਼ਮੀ ਤੌਰ ਤੇ ਹਿੰਦੁਸਤਾਨ ਦੇ ਇਸ ਬਾਰਡਰ ਤੇ ਹੈ । ਐਸੀ ਵਾਇਓਲੈਂਸ ਜੇ ਕਾਇਮ ਰਹੀ ਤਾਂ ਸਾਰਾ ਹਿੰਦੁਸਤਾਨ ਨਹੀਂ ਬਲਕਿ ਦੁਨੀਆਂ ਦੀਆਂ ਡੈਮੋਕਰੈਟਿਕ ਫੋਰਸਿਜ਼ ਇਸ ਗੱਲ ਤੇ ਆਉਣਗੀਆਂ ਤੇ ਕਹਿਣਗੀਆਂ ਕਿ ਕੋਈ ਸੈਕਸ਼ਨ ਆਫ ਸੋਸਾਇਟੀ ਪੰਜਾਬ ਵਿਚ ਐਸੀ ਹੈ ਜੋ ਇਨਡਾਇਰੈਕਟਲੀ ਇਸ ਦੀ ਮੱਦਦ ਵਿਚ ਖੜ੍ਹੀ ਹੈ । ਇਹ ਬੜੀ ਭਿਆਨਕ ਗੱਲ ਹੈ । ਇਸ ਨੂੰ ਸੋਚ ਵਿਚ ਲਿਆਉਣਾ ਚਾਹੀਦਾ ਹੈ ।

ਫਿਰ ਡੀਮਾਂਡਜ਼ ਕੀ ਹਨ ? ਇਨ੍ਹਾਂ ਦੀਆਂ 45 ਡੀਮਾਂਡਜ਼ ਹਨ । ਮੈਡਮ ਨੇ ਕਿਹਾ ਹੈ ਕਿ ਤੁਸੀਂ ਆਪਣੀਆਂ ਡੀਮਾਂਡਜ਼ ਲੈ ਆਓ । ਅਸੀਂ ਤਾਂ ਕੋਈ ਸੁਣਨ ਨੂੰ ਇਤਰਾਜ਼ ਨਹੀਂ ਕੀਤਾ । ਇਹ ਕਹਿਣਾ ਕਿ ਅਸੀਂ 10 ਦਿਨਾਂ ਬਾਅਦ ਆ ਜਾਵਾਂਗੇ ਤੇ ਸਾਰੀਆਂ 45 ਡੀਮਾਂਡਜ਼ ਮੰਨੀਆਂ ਜਾਣਗੀਆਂ, ਇਹ ਵਾਜਿਬ ਨਹੀਂ । ਫਿਰ ਇਹ ਜਿਹੜੀਆਂ ਡੀਮਾਂਡਜ਼ ਹਨ ਇਨ੍ਹਾਂ ਵਿਚ ਰਿਲੀਜੀਅਸ ਡੀਮਾਂਡਜ਼ ਹਨ । ਧਰਮ ਨਾਲ ਸਬੰਧਤ ਡੀਮਾਂਡਜ਼ ਹਨ । ਇਹ ਕਹਿੰਦੇ ਹਨ ਕਿ ਰੀਲੇ ਵਾਸਤੇ ਇਨਸਟਾਲੇਸ਼ਨ ਹੋਣੀ ਚਾਹੀਦੀ ਹੈ । ਕਿਧਰੇ ਕੋਈ ਇਸ ਤਰ੍ਹਾਂ ਦੀ ਇਨਸਟਾਲੇਸ਼ਨ ਨਹੀਂ ਹੋਈ । ਫਿਰ ਮੰਦਰਾਂ ਵਾਲੇ ਜਾਂ ਮਸਜਿਦਾਂ ਵਾਲੇ ਕਹਿਣਗੇ ਕਿ ਸਾਨੂੰ ਵੀ ਪ੍ਰੋਵਾਈਡ ਕਰੋ । ਫਿਰ ਐਸਾ ਕੋਈ ਨਹੀਂ ਕਿ ਕੋਈ ਪ੍ਰਚਾਰ ਕਰਨਾ ਹੈ । ਜੇ ਰੀਲੇ ਵਾਸਤੇ ਕੋਈ ਟਾਈਮ ਘੱਟ ਹੈ ਤਾਂ ਟਾਈਮ ਜ਼ਿਆਦਾ ਕਰਵਾ ਲਓ । ਫਿਰ ਕਿਰਪਾਨ ਦੇ ਬਾਰੇ ਕਿਹਾ ਗਿਆ । ਛੋਟੀ ਕਿਰਪਾਨ ਦੀ ਗੱਲ ਕੀਤੀ ਗਈ । ਬਾਵਜੂਦ ਇਸ ਗੱਲ ਦੇ ਹਾਈਜੈਕਿੰਗ ਕੀਤੀ ਗਈ, ਅੰਮ੍ਰਿਤਸਰ ਵਿਚ ਜੋ ਹਾਈਜੈਕਿੰਗ ਕੀਤੀ ਉਹ ਇਨ੍ਹਾਂ ਦੇ ਬੰਦੇ ਨੇ ਕੀਤੀ ਜਿਸ ਦਾ ਵਾਜ਼ੇ ਸਬੂਤ ਉਸ ਦਾ ਬਿਆਨ ਹੈ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਸਭ ਕੁਝ ਹੋਣ ਦੇ ਬਾਵਜੂਦ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਕਿਹਾ ਹੈ ਕਿ ਛੋਟੀ ਕਿਰਪਾਨ ਦੀ ਇਜਾਜ਼ਤ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪਿੱਛੇ ਸਾਰੇ ਕੈਦੀ ਕੈਦ ਵਿਚ ਜਾਂਦੇ ਸਨ ਤਾਂ ਉਨ੍ਹਾਂ ਨਾਲ ਇਹ ਕਿਰਪਾਨ ਜਾਣ ਦਿੰਦੇ ਸਨ ? ਹੁਣ ਤਾਂ ਸਾਰੇ ਕਿਰਪਾਨ ਪਾਈ ਜਾਂਦੇ ਹਨ । ਸਿੱਖ ਇਹ ਹਨ ? ਸਿੱਖੀ ਦਾ ਕਿਸੇ ਕੋਲ ਕੰਟਰੈਕਟ ਨਹੀਂ ਹੈ । ਇਹ ਸਿੱਖ ਸਿੱਖ ਵਿਚ ਡਿਸਕ੍ਰਿਮੀਨੇਸ਼ਨ ਅਕਾਲੀ ਪਾਰਟੀ ਵਲੋਂ ਹੈ ਕਿਸੇ ਹੋਰ ਵਲੋਂ ਨਹੀਂ ਹੈ । ਫਿਰ ਇਹ ਕਹਿੰਦੇ ਹਨ ਕਿ ਗੱਡੀ ਦਾ ਨਾਮ ਗੋਲਡਨ ਟੈਂਪਲ ਰੱਖ ਲਓ । ਅਸੀਂ ਤਾਂ ਕੋਈ ਇਤਰਾਜ ਨਹੀਂ ਕੀਤਾ ਭਾਵੇਂ ਕਿਸੇ ਦੇ ਨਾਮ ਤੇ ਰੱਖ ਲਓ ।

**ਡਾਕਟਰ ਭਗਤ ਸਿੰਘ** : ਤੁਸੀਂ ਉਨ੍ਹਾਂ ਨੂੰ ਇਥੇ ਆਉਣ ਹੀ ਨਹੀਂ ਦਿੱਤਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਬਗੈਰ ਕਿਸੇ ਰੀਜ਼ਨ ਦੇ ਇਨ੍ਹਾਂ ਇਹ ਗੱਲ ਆਖ ਦਿੱਤੀ ਹੈ । ਮੈਂ ਇਹ ਇਥੇ ਬਾਰ ਬਾਰ ਕਿਹਾ ਹੈ ਕਿ ਉਨ੍ਹਾਂ ਨੂੰ ਇਜਾਜ਼ਤ ਹੈ, ਉਹ ਹਾਊਸ ਅਟੈਂਡ ਕਰਨ । ਤੁਸੀਂ ਕਿਸ ਤਰ੍ਹਾਂ ਆ ਕੇ ਇਥੇ ਬੈਠ ਰਏ ? ਤੁਸੀਂ ਇਥੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਾਊਸ ਵਿਚ ਆਏ ਹੋ, ਬਾਕੀਆਂ ਨੂੰ ਵੀ ਕਿਹਾ ਹੈ ਕਿ ਉਹ ਅਟੈਂਡ ਕਰਨ। ਅਸੀਂ ਕਿਹਾ ਹੈ ਕਿ ਅਗਰ ਉਹ ਚਾਹੁਣ, ਉਹ ਹਾਊਸ ਅਟੈਂਡ ਕਰਨ। ਜਿਹੜੇ ਮੈਂਬਰ ਜੇਲ੍ਹ ਵਿਚ ਹਨ ਅਸੀਂ ਕਿਹਾ ਹੈ ਕਿ ਉਨ੍ਹਾਂ ਦੇ ਰਸਤੇ ਵਿਚ ਕੋਈ ਹਰਡਲ ਨਹੀਂ ਹੋਵੇਗੀ।

ਡਾਕਟਰ ਭਗਤ ਸਿੰਘ : ਤੁਸੀਂ ਕਿਹਾ ਹੈ ਕਿ ਜ਼ਮਾਨਤਾਂ ਕਰਵਾ ਕੇ ਆਓ।

**Chief Minister** : Don't try to interrupt me. You are absolutely wrong and doing disservice to the community. Please keep quiet.

ਡਾਕਟਰ ਭਗਤ ਸਿੰਘ : ਰਾਸ਼ਟਰਪਤੀ ਦੀ ਚੋਣ ਵੇਲੇ ਤਾਂ ਤੁਸੀਂ ਵੋਟਾਂ ਪੁਆ ਲਈਆਂ ਸਨ।

ਮੁੱਖ ਮੰਤਰੀ : ਰਾਸ਼ਟਰਪਤੀ ਦੀ ਚੋਣ ਵੇਲੇ ਮੈਂ ਨਹੀਂ ਕਹਿੰਦਾ ਕਿ ਤੁਸੀਂ ਵੋਟਾਂ ਦਿੱਤੀਆਂ ਹਨ ਪਰ ਤੁਹਾਡੀਆਂ ਵੋਟਾਂ ਤੋਂ ਬਗੈਰ ਵੀ ਉਨ੍ਹਾਂ ਨੇ ਚੁਣਿਆ ਜਾਣਾ ਸੀ।

Mr. Speaker, I would request you that he should be asked not to interrupt me as I have not interrupted him otherwise I would not have allowed him to speak even a minute.

You have to extend the time of the sitting of the House because everybody has got about 40 minutes to speak

## EXTENSION OF TIME OF THE SITTING

**Mr. Speaker** : Is it the pleasure of the House that the time of the sitting of the House be extended by half-an-hour ?

**Voices** : Yes, yes

**Mr. Speaker** : The time of the sitting of the House is extended upto 3-00 P.M.

## SUBSTANTIVE MOTION RE. CONDEMNATION OF THE ACTIVITIES OF DIVISIVE AND EXTREMIST ELEMENTS IN THE PUNJAB STATE INSPIRED BY REACTIONARY AND CAPITALIST FORCES (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਹਾਈਜੈਕਿੰਗ ਹੋਈ, ਕਿਸੇ ਨੇ ਕੋਈ ਕੰਡੇਮ ਨਹੀਂ ਕੀਤੀ। ਹਾਈਜੈਕਿੰਗ ਵੇਲੇ ਇਨ੍ਹਾਂ ਨੇ ਕਹਿ ਦਿੱਤਾ ਕਿ ਅਸੀਂ ਨਾ ਹੱਕ ਵਿਚ ਹਾਂ ਨਾ ਖ਼ਿਲਾਫ਼ ਹਾਂ। ਕਿਉਂ ? ਕਿਉਂਕਿ ਬੰਦਾ ਆਪਣਾ ਤੋਰਿਆ ਹੋਇਆ ਸੀ। ਉਨ੍ਹਾਂ ਦਾ ਬਿਆਨ ਲਿਆ ਕਿਸ ਨੇ ? ਉਨ੍ਹਾਂ ਦਾ ਬਿਆਨ ਇਨ੍ਹਾਂ ਦੇ ਲੀਡਰਾਂ ਨੇ ਲਿਆ। ਇਸ ਦਾ ਮਤਲਬ ਕੀ ਹੈ ? ਇਸ ਦਾ ਮਤਲਬ ਹੈ ਕਿ ਕਿਸੇ ਸਟੇਜ ਤੇ ਕਨਾਈਵੈਂਸ ਹੈ ਡਾਇਰੈਕਟਲੀ ਜਾਂ ਇਨਡਾਇਰੈਕਟਲੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਬਾਰਡਰ ਤੇ ਅਸੀਂ ਬੈਠੇ ਹਾਂ ਉਸ ਦਾ ਕੁਝ ਤਾਂ ਧਿਆਨ ਰੱਖਣਾ ਚਾਹੀਦਾ ਹੈ। ਇਹ ਧਿਆਨ ਰੱਖਣਾ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਫਿਰ ਇਹ ਗੁਰਦੁਆਰਿਆਂ ਦੀ ਗੱਲ ਕਰਦੇ ਹਨ। ਗੁਰਦੁਆਰਾ

Original with;
Punjab Vidhan Sabha
Digitized by;
Panjab Digital Library

ਹਰਿਮੰਦਰ ਸਾਹਿਬ ਦੀ ਬੁਨਿਆਦ ਕਿਸ ਨੇ ਰਖੀ । ਗੁਰੂ ਸਾਹਿਬ ਨੇ ਸਾਂਈਂ ਮੀਆਂ ਮੀਰ ਨੂੰ ਲਿਆਂਦਾ ਔਰ ਉਸ ਨੇ ਉਸ ਦੀ ਬੁਨਿਆਦ ਰੱਖੀ । ਇਹ ਦੱਸ ਦੇਣ ਕਿ ਗੁਰੂ ਸਾਹਿਬਾਨ ਨੇ ਕਦੇ ਕੋਈ ਤਾਮੀਜ਼ ਕੀਤੀ ਹੋਵੇ ਹਿੰਦੂ, ਸਿੱਖ ਅਤੇ ਮੁਸਲਮਾਨ ਦੀ । ਗੁਰੂ ਮਹਾਰਾਜ ਨੇ ਤਾਂ ਕਿਹਾ ਹੈ :—

'ਨੀਚਾਂ ਅੰਦਰ ਨੀਚ ਜਾਤ, ਨੀਚੀ ਹੂੰ ਅਤਿ ਨੀਚ'

ਮੈਂ ਸੀ. ਪੀ. ਆਈ. ਔਰ ਦੂਸਰਿਆਂ ਨੂੰ ਅਰਜ਼ ਕਰਾਂਗਾ ਕਿ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਮਿਊਨਿਜ਼ਮ ਦੀ ਗੱਲ ਕੀਤੀ ਉਹ ਤੁਹਾਡੇ ਵਿਚੋਂ ਨਾ ਕਿਸੇ ਨੇ ਕੀਤੀ ਹੈ ਔਰ ਨਾ ਕਰਨੀ ਹੈ । (ਥੰਪਿੰਗ) ਤੁਹਾਡੇ ਵਿਚ ਉਹ ਗੱਲ ਨਹੀਂ ਹੈ । ਐਸੀ ਅਵਸਥਾ ਪੈਦਾ ਕੀਤੀ ਕਿ ਗੁਰੂ ਕੇ ਲੰਗਰ ਵਿਚ ਬੈਠ ਕੇ ਕੋਈ ਅਕਬਰ ਬਾਦਸ਼ਾਹ ਹੋਵੇ ਜਾਂ ਗਰੀਬ ਆਦਮੀ ਹੋਵੇ ਉਹ ਪੰਗਤ ਵਿਚ ਬੈਠ ਕੇ ਲੰਗਰ ਛਕੇਗਾ । ਉਨ੍ਹਾਂ ਨੇ ਕਮਪਲੈਕਸ ਦੂਰ ਕੀਤਾ । ਗੁਰੂ ਗੋਬਿੰਦ ਸਿੰਘ ਜੀ ਨੇ ਦਸਵਾਂ ਹਿੱਸਾ ਮੰਗਿਆ ਹੈ। ਇਨ੍ਹਾਂ ਵਿਚੋਂ ਕਿੰਨੇ ਹਨ ਜਿਹੜੇ ਦਸਵਾਂ ਹਿੱਸਾ ਦਿੰਦੇ ਹਨ ? ਦਸਵਾਂ ਦੇਣਾ ਨਹੀਂ ਸੌ ਹਿੱਸੇ ਲੈਂਦੇ ਭਾਵੇਂ ਹੋਣ । ਗੁਰੂ ਸਾਹਿਬ ਨੇ ਕਿਹਾ ਗੁਰੂ ਦੀ ਗੋਲਕ ਕਿਹੜੀ ਹੈ । ਗੁਰੂ ਦੀ ਗੋਲਕ ਗਰੀਬ ਦਾ ਮੂੰਹ ਹੈ । ਇਸ ਦਾ ਮਤਲਬ ਹੈ ਕਿ ਜੋ ਰੁਪਿਆ ਗੋਲਕ ਦਾ ਹੈ ਉਹ ਗਰੀਬਾਂ ਤੇ ਖ਼ਰਚ ਹੋਣਾ ਚਾਹੀਦਾ ਹੈ । ਪਰ ਇਹ ਪੈਸਾ ਕਾਹਦੇ ਤੇ ਲਗ ਰਿਹਾ ਹੈ ? ਫਿਊਡਲਰਜ਼ ਲਈ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਇਹ ਕੋਈ ਛੋਟੀ ਜਿਹੀ ਗੱਲ ਨਹੀਂ । ਇਹ ਸਾਜ਼ਿਸ਼ ਹੈ । ਇਹ ਇਕੱਲੇ ਪੰਜਾਬ ਵਿਚ ਨਹੀਂ । ਚਰਨ ਸਿੰਘ ਇਸ ਦੇ ਪਿੱਛੇ ਹੈ, ਹੋਰ ਕਈ ਪਾਰਟੀਆਂ ਹਨ । ਕੀ ਇਨ੍ਹਾਂ ਨੇ ਉਨ੍ਹਾਂ ਪਾਰਟੀਆਂ ਨਾਲ ਸਬੰਧ ਨਹੀਂ ਜੋੜੇ ? ਪਰ ਇਨ੍ਹਾਂ ਨੂੰ ਗਿਣਤੀ ਨਹੀਂ ਆਉਂਦੀ । ਜੇਕਰ ਗਿਣਤੀ ਆਉਂਦੀ ਹੁੰਦੀ ਤਾਂ ਜਿਸ ਵੇਲੇ ਪ੍ਰਾਈਮ ਮਨਿਸਟਰ ਬਣਨਾ ਸੀ ਤਾਂ ਉਸ ਵੇਲੇ ਸਾਰਿਆਂ ਨੇ ਦਸਤਖ਼ਤ ਦੋਨਾਂ ਦੇ ਹਕ ਵਿਚ ਕਰ ਦਿੱਤੇ । ਚਰਨ ਸਿੰਘ ਦੇ ਹੱਕ ਵਿਚ ਵੀ ਅਤੇ ਡਿਸਾਈ ਦੇ ਹੱਕ ਵਿਚ ਵੀ। ਜਦੋਂ ਗਿਣਤੀ ਹੋਈ ਤਾਂ ਕਹਿਣ ਲਗੇ ਇਹ ਕਿਸ ਤਰ੍ਹਾਂ ਵੱਧ ਗਏ ਤਾਂ ਇਨ੍ਹਾਂ ਨੇ ਕਿਹਾ ਕਿ ਸਾਡੀ ਤਾਂ ਗਿਣਤੀ ਇਸ ਤਰ੍ਹਾਂ ਹੁੰਦੀ ਹੈ । ਇਨ੍ਹਾਂ ਨੂੰ ਡਿਮਾਂਡਜ਼ ਦਾ ਪਤਾ ਨਹੀਂ ਕਿ ਇਨ੍ਹਾਂ ਦੀਆਂ ਡਿਮਾਂਡਜ਼ ਕੀ ਹਨ ਔਰ ਜਿਹੜੀਆਂ ਡਿਮਾਂਡਜ਼ ਹਨ ਉਨ੍ਹਾਂ ਨਾਲ ਇਨ੍ਹਾਂ ਦਾ ਕੁਝ ਨਹੀਂ । ਉਹ ਸਾਰੇ ਪੰਜਾਬ ਦਾ ਮਸਲਾ ਹੈ, ਸਾਰੇ ਹਿੰਦੁਸਤਾਨ ਦਾ ਮਸਲਾ ਹੈ । ਰਾਜਸੀ ਤਾਕਤ ਨੂੰ ਧਾਰਮਿਕਤਾ ਤੋਂ ਅਲਹਿਦਾ ਕਰੋ । ਰਾਜਸੀ ਤਾਕਤ ਵਾਸਤੇ ਧਰਮ ਦਾ ਵਾਸਤਾ ਪਾ ਕੇ ਲੋਕਾਂ ਕੋਲ ਜਾਣਾ ਕਿ ਸਾਡਾ ਆਖਰੀ ਮੋਰਚਾ ਹੈ, ਅਸੀਂ ਤਾਕਤ ਵਿਚ ਆ ਜਾਵਾਂਗੇ, ਸਾਡੇ ਨਾਲ ਚਲੋ । ਗੁਰੂ ਸਾਹਿਬਾਨ ਨੇ ਕਦੇ ਪਾਲੀਟਿਕਸ ਵਿਚ ਦਖ਼ਲ ਨਹੀਂ ਦਿੱਤਾ ਸੀ ਚਾਹੇ ਹਿੰਦੂਆਂ ਦੀ ਲੜਾਈ ਹੋਈ, ਚਾਹੇ ਮੁਸਲਮਾਨਾਂ ਦੀ, ਉਹ ਜ਼ਾਬਰਾਂ ਦੇ ਖਿਲਾਫ਼ ਲੜੇ । ਉਨ੍ਹਾਂ ਨੇ ਮਸੰਦਾਂ ਨੂੰ ਸਾੜਿਆ । ਤੇਲ ਦੇ ਕੜਾਹੇ ਵਿਚ ਮਿਰਚ ਮਿਸਾਲਾ ਲਾ ਕੇ ਸਾੜ ਸੁਟਿਆ ਤਾਕਿ ਉਨ੍ਹਾਂ ਦੀ ਗੰਦਗੀ ਨਾ ਰਹੇ । ਮੈਂ ਕੋਈ ਇਹੋ ਜਿਹੀ ਗੱਲ ਇਨ੍ਹਾਂ ਨੂੰ ਨਹੀਂ ਕਹਿਣਾ ਚਾਹੁੰਦਾ ਉਥੇ ਬਹੁਤ ਕੁਝ ਹੋ ਰਿਹਾ ਹੈ, ਪਰ ਜਿਹੜੇ ਲੋਕ ਉਥੇ ਪੀਸ ਆਫ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਾਈਂਡ ਲੈਣ ਲਈ ਜਾਂਦੇ ਹਨ ਉਹ ਚੀਜ਼ ਉਨ੍ਹਾਂ ਨੂੰ ਉਥੇ ਨਹੀਂ ਮਿਲਦੀ। ਉਥੇ ਗੁਨਾਹ-ਗਾਰਾਂ ਨੂੰ ਪਨਾਹ ਦਿੱਤੀ ਜਾਂਦੀ ਹੈ ਅਤੇ ਜਿਹੜੇ ਮਾਸੂਮ ਹਨ ਉਨ੍ਹਾਂ ਨੂੰ ਬਾਹਰ ਕਢਿਆ ਜਾਂਦਾ ਹੈ। ਜਾਬਰ ਔਰ ਕਿਲੱਰਜ਼ ਨੂੰ ਪਨਾਹ ਦਿੱਤੀ ਜਾਂਦੀ ਹੈ। ਇਹ ਕਿਥੋਂ ਤਕ ਠੀਕ ਹੈ

ਇਥੇ ਕਿਹਾ ਗਿਆ ਕਿ ਐਨਕਾਊਂਟਰ ਵਿਚ ਨਹੀਂ ਹੋਣਾ ਚਾਹੀਦਾ। ਅਗਰ ਕੋਈ ਭਜ ਜਾਏ ਔਰ ਉਸ ਦੇ ਕੋਲ ਹਥਿਆਰ ਹੋਣ ਔਰ ਪੁਲੀਸ ਪਿਛਾ ਕਰੇ ਤਾਂ ਤੁਸੀਂ ਦੱਸੋ ਕਿ ਕਿਸ ਤਰ੍ਹਾਂ ਪਕੜਿਆ ਜਾਏ। ਦਹੇੜੂ ਵਿਚ ਜੋ ਕੁਝ ਹੋਇਆ ਪੁਲੀਸ ਦੇ ਬੰਦੇ ਕੁਝ ਮਾਰੇ ਗਏ, ਇਨ੍ਹਾਂ ਵਿਚੋਂ ਕਿਸੇ ਨੇ ਇਕ ਲਫਜ਼ ਨਹੀਂ ਕਢਿਆ। ਅਕਾਲੀ ਪਾਰਟੀ ਦਾ ਮੂੰਹ ਸੜ ਜਾਏ ਅਗਰ ਇਕ ਲਫ਼ਜ਼ ਸਿੰਪਥੀ ਵਿਚ ਕਿਹਾ ਹੋਵੇ। ਕੌਣ ਸਿੱਖ ਹੈ ਕੌਣ ਅੰਮ੍ਰਿਤਧਾਰੀ ਸਿੱਖ ਹੈ, ਕੌਣ ਹਿੰਦੂ ਹੈ ਕਾਨੂੰਨ ਦੇ ਸਾਹਮਣੇ ਸਭ ਇਕ ਹਨ। ਜਿਹੜਾ ਮੁਲਜ਼ਮ ਹੈ, ਮੁਲਜ਼ਮ ਰਹੇਗਾ। (ਥੰਪਿੰਗ) ਮੈਨੂੰ ਉਤਾਰਨ ਦਾ ਤਰੀਕਾ ਇਹ ਨਹੀਂ। ਮੈਨੂੰ ਉਤਾਰਨ ਦਾ ਤਰੀਕਾ ਹੈ ਕਿ ਇਥੇ ਹਾਊਸ ਵਿਚ ਮੈਜਾਰਟੀ ਲਿਆਓ। ਇਥੇ ਮੈਨੂੰ ਮੇਰੀ ਕਾਂਗਰਸ ਪਾਰਟੀ ਲਿਆਈ ਹੈ। ਤੁਸੀਂ ਇਸ ਪਾਸੇ ਤਵਜੋ ਦਿਓ। 41 ਆਦਮੀ ਜ਼ਖਮੀ ਹੋਏ ਹਨ, ਕਿਸੇ ਨੇ ਕੁਝ ਨਹੀਂ ਕੀਤਾ। ਸਰਕਾਰ ਨੇ ਕੁਝ ਕਰਨਾ ਸੀ, ਕੀਤਾ ਹੈ। ਅੱਨ–ਫਾਰਚੂਨੇਟਲੀ ਫਾਟਕ ਖੁੱਲ੍ਹਾ ਸੀ। ਦੋ ਮੋਟਰਾਂ ਲੰਘ ਗਈਆਂ ਸਨ, ਤੀਸਰੀ ਲੰਘਣ ਲਗੀ ਤਾਂ ਇਹ ਐਕਸੀਡੈਂਟ ਹੋ ਗਿਆ। ਮਨਿਸਟਰ ਉਥੇ ਭੇਜਿਆ, ਰੇਲਵੇ ਵਾਲੇ ਆਏ। ਸਭ ਕੁਝ ਹੋ ਜਾਣ ਦੇ ਬਾਦ ਇਹ ਸਾਡੇ ਕੋਲ ਆਏ ਕਿ ਲਾਸ਼ਾਂ ਅਸੀਂ ਲਿਜਾਵਾਂਗੇ। ਅਸੀਂ ਕਿਹਾ ਕਿ ਅਸੀਂ ਪ੍ਰਬੰਧ ਕਰ ਦਿਆਂਗੇ ਅਗਰ ਤੁਸੀਂ ਕਰਨਾ ਚਾਹੁੰਦੇ ਹੋ ਤੁਸੀਂ ਕਰ ਲਵੋ। ਇਤਨੀ ਗੱਲ ਸੀ। ਫਿਰ ਇਹ ਕਹਿਣਾ ਕਿ ਅਤਿਆਚਾਰ ਹੋਇਆ ਹੈ, ਇਹ ਠੀਕ ਨਹੀਂ।

ਇਹ ਰਾਤ ਨੂੰ ਗ੍ਰਿਫਤਾਰੀਆਂ ਦਿੰਦੇ ਹਨ ਜਦੋਂ ਸਾਰਾ ਬਾਜ਼ਾਰ ਬੰਦ ਹੋ ਜਾਂਦਾ ਹੈ। ਮੈਂ ਮੋਰਚੇ ਦੀ ਗੱਲ ਨਹੀਂ ਕਰਦਾ, ਚਲੀ ਚਲੇ। ਜਦ ਤਕ ਪੀਸਫੁੱਲ ਹੈ ਅਸੀਂ ਕੁਝ ਨਹੀਂ ਕਰਾਂਗੇ ਔਰ ਜਦੋਂ ਪੀਸ ਤੋੜਨਗੇ ਤਾਂ ਪੀਸ ਤੋੜਨ ਵਾਲੇ ਲਈ ਜਿਹੜਾ ਕਾਨੂੰਨ ਹੈ, ਲਾਗੂ ਹੋਵੇਗਾ। ਮੈਂ ਪੁਛਦਾ ਹਾਂ ਕਿ ਜਿਹੜੇ ਅੱਤਵਾਦੀ ਹਨ ਉਹ ਰੋਟੀ ਕਿਥੋਂ ਖਾਂਦੇ ਹਨ? ਪੈਸੇ ਕਿਥੋਂ ਲਿਆਉਂਦੇ ਹਨ? ਗੁਰੂਦੁਆਰੇ ਤੋਂ ਬਾਹਰ ਨਹੀਂ ਜਾਂਦੇ, ਬਾਰੂਦ ਸਿੱਕਾ ਕਿਥੋਂ ਆਇਆ ਉਨ੍ਹਾਂ ਕੋਲ? ਅਸੀਂ ਗੁਰਦੁਆਰਿਆਂ ਨੂੰ ਬਾਰੂਦ-ਘਰ ਨਹੀਂ ਬਣਾਉਣਾ। ਇਹ ਬਾਰ ਬਾਰ ਕਹਿੰਦੇ ਹਨ, ਮੈਂ ਦਸ ਵਾਰੀ ਇਥੇ ਹਾਊਸ ਵਿਚ ਕਿਹਾ ਕਿ ਅਸੀਂ ਗੁਰਦੁਆਰਿਆਂ ਵਿਚ ਨਹੀਂ ਵੜਨਾ। ਜਿਹੜੇ ਇੰਤਜ਼ਾਮ ਕਰਨ ਵਾਲੇ ਹਨ ਅਸੀਂ ਉਨ੍ਹਾਂ ਦੀ ਇਜ਼ਤ ਕਰਦੇ ਹਾਂ। ਅਸੀਂ ਇਤਨਾ ਕਹਿੰਦੇ ਹਾਂ ਕਿ ਜਿਹੜੇ ਗੁਨਾਹਗਾਰ ਹਨ ਉਨ੍ਹਾਂ ਨੂੰ ਬਾਹਰ ਕੱਢੋ। ਅਗਰ ਮੈਂ ਇਕੱਲੇ ਇਕੱਲੇ ਦੀ ਹਿਸਟਰੀ ਦੱਸਣ ਲੱਗਾ ਤਾਂ ਦੋ ਤਿੰਨ ਘੰਟੇ ਚਾਹੀਦੇ ਹਨ। ਮੈਂ ਇੰਡੀਵਿਜੁਅਲਜ਼ ਨੂੰ ਜਾਣਦਾ ਹਾਂ ਕਿਸੇ ਨੇ ਕੀ ਕੀਤਾ। ਇਹ ਕਹਿੰਦੇ ਹਨ ਕਿ ਹਿੰਦੁਸਤਾਨ ਦੀ ਸਰਕਾਰ ਗੱਲ ਨਹੀਂ ਕਰਨਾ ਚਾਹੁੰਦੀ। ਅਮਰੀਕਾ ਵਿਚ ਮੈਡਮ ਗਈ ਉਥੇ ਨਿਊਯਾਰਕ ਗੁਰਦੁਆਰੇ ਵਿਚ ਸਪੀਚ ਕੀਤੀ ਹੈ। ਇਹ ਦਿਮਾਗ ਵਿਚੋਂ ਕੱਢ ਦੇਣ ਕਿ ਕੋਈ ਮਿਨਤਾਂ ਕਰੇਗਾ। ਇਨ੍ਹਾਂ ਨੇ ਕਿਹਾ ਕਿ ਬਾਹਰ ਦੇ ਗੁਰਦੁਆਰਿਆਂ ਵਿਚ ਜਾਣ ਦੀ ਇਜਾਜ਼ਤ ਦਿੱਤੀ ਜਾਏ, ਉਹ ਦੇ ਦਿੱਤੀ। ਦਸ ਰੁਪਏ ਖਰਚ ਆਉਂਦੇ ਹਨ ਅਤੇ 30 ਰੁਪਏ ਇਕੱਠੇ ਕਰਕੇ ਲਿਆਉਂਦੇ ਹਨ। ਕੋਈ ਗੱਲ ਨਹੀਂ ਇਹ ਵੀ ਇਜਾਜ਼ਤ

Original with;
Punjab Vidhan Sabha
Digitized by;
Panjab Digital Library

ਦੇ ਦਿੱਤੀ । ਅਸੀਂ ਗੁਰਦੁਆਰੇ ਦੇ ਪਰਸਿੰਕਟ ਤੋਂ ਸ਼ਰਾਬ ਦੀਆਂ ਦੁਕਾਨਾਂ, ਮਾਸ ਦੀਆਂ ਦੁਕਾਨਾਂ ਹਟਾ ਦਿੱਤੀਆਂ । ਬਾਕੀ ਸਾਰੇ ਇਲਾਕੇ ਵਿਚ ਜਿਥੋਂ ਤੱਕ ਬੰਦ ਕਰਨ ਦਾ ਸੁਆਲ ਹੈ, ਕਾਰਪੋਰੇਸ਼ਨ ਤੋਂ ਲਿਆਓ ਰੈਜ਼ੋਲਿਊਸ਼ਨ ਕਰਾਕੇ । ਲੇਕਿਨ ਇਹ ਕਹਿਣਾ ਕਿ ਅਸੀਂ ਕੋਈ ਇਸ ਦੇ ਨਾਲ ਜ਼ਿਦ ਕਰਦੇ ਹਾਂ ਇਹ ਠੀਕ ਨਹੀਂ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦਾ ਰੈਜ਼ੋਲਿਊਸ਼ਨ ਕੁਝ ਹੋਵੇ, ਮੈਂ ਕੋਈ ਪਰਵਾਹ ਨਹੀਂ ਕਰਦਾ । ਮੈਂ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਅਤੇ ਪੰਜਾਬੀਆਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਆਪਸ ਵਿਚ ਹਿੰਦੂ ਸਿੱਖ ਦਾ ਕਲੇਸ਼ ਨਹੀਂ ਹੋਣ ਦਿੱਤਾ । ਪੁਲੀਸ ਨੇ ਵੀ ਸਭ ਕੁਝ ਆਪਣੇ ਉਤੇ ਲੈ ਕੇ, ਭਾਵੇਂ ਉਨ੍ਹਾਂ ਦੇ ਬੰਦੇ ਮਾਰੇ ਗਏ, ਖੂਨ ਖਰਾਬਾ ਨਹੀਂ ਹੋਣ ਦਿੱਤਾ । ਦੋ ਕਮਿਊਨਟੀਜ਼ ਨੂੰ ਆਪਸ ਵਿਚ ਕਲੈਸ਼ ਵਿਚ ਨਹੀਂ ਆਉਣ ਦਿੱਤਾ ਆਪਣੇ ਆਪ ਸੱਟਾਂ ਖਾ ਲਈਆਂ । ਉਹ ਵੀ ਸਾਡੇ ਭਾਈ ਭਰਾ ਹਨ, ਉਹ ਕੋਈ ਦੁਸ਼ਮਣ ਨਹੀਂ । ਉਨ੍ਹਾਂ ਵਿੱਚੋਂ ਸਪਲਿੰਟਰਜ਼ ਕੱਢੋ । ਪੁਲਿਸ ਨੇ ਆਪਣੀ ਡਿਊਟੀ ਨਿਭਾਈ ਹੈ । ਪੁਲਿਸ ਨੇ ਆਪਣਾ ਮੋਰਲ ਦਿਖਾਇਆ ਹੈ । ਉਨ੍ਹਾਂ ਨੇ ਖੁਦ ਦੁਖ ਉਠਾਇਆ ਪਰ ਕਲੇਸ਼ ਨਹੀਂ ਹੋਣ ਦਿੱਤਾ (ਥੰਪਿੰਗ) ਇਥੇ ਜਿੰਨੀਆਂ ਗੱਲਾਂ ਕਹੀਆਂ ਗਈਆਂ ਹਨ ਡਿਮਾਂਡਜ਼ ਬਾਰੇ ਮੈਂ ਕਹਿ ਦਿੱਤਾ ਹੈ ਕਿ ਉਨ੍ਹਾਂ ਦੀ ਕੋਈ ਗੱਲ ਨਹੀਂ । ਮੇਰੇ ਕੋਲ ਛੋਟਾ ਜਿਹਾ ਕਾਗਜ਼ ਹੈ ਜੋ ਭਰਿਆ ਹੋਇਆ ਹੈ । ਕਿਸ ਤਰ੍ਹਾਂ ਹਿੰਦੁਸਤਾਨ ਵਿਚ ਫੋਰਸਿਜ਼ ਹਨ ਜਿਹੜੀਆਂ ਇੰਟਰਨਲ ਤੌਰ ਤੇ ਡਿਸਲੋਕੇਸ਼ਨ ਕਰਨਾ ਚਾਹੁੰਦੀਆ ਹਨ । ਅਗਰ ਮੈਂ ਦੱਸ ਦਿਆਂ ਤਾਂ ਤੁਸੀਂ ਸਾਰੇ ਮੂੰਹ ਵਿਚ ਉਂਗਲੀਆਂ ਪਾਉਂਦੇ ਫਿਰੋਗੇ । ਕਾਗਜ਼ ਛੋਟਾ ਹੈ ਪਰ ਇਸ ਵਿਚ ਵਿਸਤਾਰ ਬਹੁਤ ਹੈ ।

ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ 1978 ਤੋਂ 1980 ਤਕ ਇਥੇ ਇੱਕ ਮਨਿਸਟਰੀ ਰਹੀ ਹੈ । ਇਹ ਦੱਸ ਦੇਣ ਜੇ ਕੋਈ ਸਿੱਖਾਂ ਦਾ ਕੰਮ ਕਿਸੇ ਨੇ ਕੀਤਾ ਹੋਵੇ । ਡਾਕਟਰ ਸਾਹਿਬ ਵੀ ਉਸ ਪਾਰਟੀ ਦੇ ਮੈਂਬਰ ਸਨ । ਇਹ ਆਪ ਕੀ ਕਰਦੇ ਰਹੇ ਹਨ ? ਹੁਣ ਇਹ ਕਹਿੰਦੇ ਹਨ ਕਿ ਸਿੱਖਾਂ ਦਾ ਅਸੀਂ ਕੁਝ ਨਹੀਂ ਕੀਤਾ । ਇਨ੍ਹਾਂ ਨੇ ਤਾਂ ਛੋਟੀਆ ਛੋਟੀਆ ਗੱਲਾਂ ਨਹੀਂ ਕੀਤੀਆਂ ਫਾਈਲਾਂ ਤੇ ਤਾਂ ਘੱਟਾ ਮਿੱਟੀ ਪਈ ਰਹਿੰਦੀ ਸੀ । ਦਸਤਖਤ ਹੁੰਦੇ ਸਨ ਅਤੇ 'ਸੀਨ' ਲਿਖਿਆ ਹੁੰਦਾ ਸੀ । ਸੀਨ ਵੀ ਉਰਦੂ ਵਾਲਾ ਹੁੰਦਾ ਹੋਵੇਗਾ । ਠੀਕ ਹੈ ਗੁਰਦੁਆਰਿਆਂ ਵਿੱਚ ਪੜ੍ਹੇ ਲਿਖੇ ਆਦਮੀ ਬੈਠੇ ਹਨ । ਉਹ ਕਾਫੀ ਕੁਝ ਕਹਿ ਸਕਦੇ ਹਨ । ਬਾਣੀ ਦਾ ਪਾਠ ਵੀ ਸਾਡੇ ਨਾਲੋਂ ਜ਼ਿਆਦਾ ਕਰ ਸਕਦੇ ਹਨ । ਪਰ ਮੈਂ ਕਹਿੰਦਾ ਹਾਂ ਕਿ ਅਕਾਲੀ ਪਾਰਟੀ ਇੱਕ ਪੁਲੀਟੀਕਲ ਪਾਰਟੀ ਹੈ । ਇਹ ਬਾਹਰ ਆ ਕੇ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਕਿ ਅਸੀਂ ਇਹ ਚਾਹੁੰਦੇ ਹਾਂ । ਦੱਸੋ ਕਿਥੇ ਗੁਰੂ ਸਾਹਿਬ ਨੇ ਕਿਹਾ ਕਿ ਅਕਾਲੀ ਦਲ ਮੇਰਾ ਪੰਥ ਹੋਵੇਗਾ । ਇਹ ਆਪਣੇ ਆਪ ਨੂੰ ਇਤਨਾ ਸੀਮਤ ਕਰ ਰਹੇ ਹਨ । ਇਥੇ ਪੰਜਾਬੀ ਸੂਬਾ ਬਣਿਆ । ਇਹ ਲੈਂਗੂਏਜ ਦੇ ਬੇਸਿਜ਼ ਤੇ ਬਣਿਆ । ਕਾਂਗਰਸੀ ਅਤੇ ਦੂਜੀਆਂ ਪਾਰਟੀਆਂ ਦੇ ਆਦਮੀ ਉਸ ਕਮਿਸ਼ਨ ਦੇ ਸਾਹਮਣੇ ਪੇਸ਼ ਹੋਏ । ਉਦੋਂ ਸੰਤ ਫਤਹਿ ਸਿੰਘ ਅਤੇ ਉਸਦੇ ਸਾਥੀ ਇੰਗਲੈਂਡ ਵਿੱਚ ਸਨ । ਕਿਸ ਨੇ ਕਿਹਾ ਸੀ ਕਿ ਇਹ ਇਲਾਕਾ ਹਿਮਾਚਲ ਨੂੰ ਦੇ ਦਿਓ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਨ੍ਹਾਂ ਨੇ ਕਿਹਾ ਕਿ ਭਾਵੇਂ ਚਿੜੀ ਦੀ ਪੂਛ ਜਿਤਨਾ ਇਲਾਕਾ ਦੇ ਦਿਓ ਪਰ ਉਸਦਾ ਨਾਂ ਪੰਜਾਬੀ ਸੂਬਾ ਰਖ ਦਿਓ, ਸਾਨੂੰ ਮਨਜ਼ੂਰ ਹੈ । ਹੁਣ ਇਹ ਕਿਸ ਤਰ੍ਹਾਂ ਇਥੇ ਗੱਲਾਂ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਜਿਤਨੀ ਤੁਹਾਡੀ ਵਾਈਡਰ ਲੁੱਕ ਹੋਵੇਗੀ, ਉਤਨਾ ਹੀ ਚੰਗਾ ਹੋਵੇਗਾ । ਹਿੰਦੁਸਤਾਨ ਇੱਕ ਨੇਸ਼ਨ ਹੈ । ਬਾਕੀ ਸਾਰੀਆਂ ਕਮਿਊਨਟੀਜ਼ ਹਨ । ਹਿੰਦੁਸਤਾਨ ਵਿੱਚ ਮੁਖਤਲਿਫ ਧਰਮਾਂ ਦੇ ਬੇਸਿਜ਼ ਤੇ ਕਮਿਊਨਟੀਜ਼ ਬਣੀਆਂ ਹਨ । ਪਰ ਜੇ ਹਰ ਕਮਿਊਨਿਟੀ ਕਹੇ ਕਿ ਮੈਂ ਆਪ ਨੇਸ਼ਨ ਹਾਂ ਤਾਂ ਹਿੰਦੁਸਤਾਨ ਦੇ ਟੁਕੜੇ ਟੁਕੜੇ ਹੋ ਸਕਦੇ ਹਨ । ਪੰਜਾਬ ਹਿੰਦੁਸਤਾਨ ਦਾ ਇੱਕ ਹਿੱਸਾ ਹੈ, ਬ੍ਰਾਂਚ ਹੈ । ਇੱਕ ਗੱਲ ਜ਼ਰੂਰ ਹੋ ਸਕਦੀ ਹੈ ਕਿ ਅਸੀਂ ਕਹੀਏ ਕਿ ਸਾਡੀਆਂ ਇਹ ਥੁੜ੍ਹਾਂ ਪੂਰੀਆਂ ਕੀਤੀਆਂ ਜਾਣ । ਪਰ ਇਹ ਕਹਿਣਾ ਕਿ ਸੈਂਸੇਸ਼ਨ ਹੋ ਜਾਵੇ, ਇਹ ਠੀਕ ਨਹੀਂ । ਸਰਦਾਰ ਕਪੂਰ ਸਿੰਘ ਦਾ ਰੈਜ਼ੋਲਿਊਸ਼ਨ ਪੜ੍ਹ ਲਓ । ਉਸ ਨੇ ਇੰਡੀਪੈਂਡੈਂਟ ਸਟੇਟ ਪੰਜਾਬ ਨੂੰ ਕਿਹਾ ਹੈ । ਇਨ੍ਹਾਂ ਸਾਰਿਆਂ ਨੇ ਇਸ ਨੂੰ ਮੰਨਿਆ ਹੈ । ਇਹ ਕਹਿੰਦੇ ਹਨ ਕਿ ਹਿੰਦੁਸਤਾਨ ਵਿੱਚ ਸਾਡਾ ਕੰਸਟੀਚਿਊਸ਼ਨ ਨਵਾਂ ਹੋਵੇ, ਫਲੈਗ ਅਲਹਿਦਾ ਹੋਵੇ । ਇਸ ਤੋਂ ਕਿਹੜੀ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ । ਡਾਇਰੈਕਟਲੀ ਜਾਂ ਇਨਡਾਇਰੈਕਟਲੀ ਇੱਕੋ ਗੱਲ ਇਨ੍ਹਾਂ ਸਾਰਿਆਂ ਨੇ ਕਹੀ ਹੈ । ਇਥੇ ਮੇਰੇ ਦੋਸਤ ਨੇ ਕਿਹਾ ਕਿ ਕੋਈ ਆਸਮਾਨ ਤੋਂ ਉਤਰਦਾ ਹੈ, ਕੋਈ ਗੱਲੀ ਕੂਚੇ ਵਿੱਚੋਂ ਆਉਂਦਾ ਹੈ ਪਰ ਰਸਤਾ ਭਾਵੇਂ ਵਖਰਾ ਹੋਵੇ ਮੰਜਲ ਤਾਂ ਸਭ ਦੀ ਇੱਕ ਹੈ ।

ਕੁਝ ਸਵਾਲ ਇਥੇ ਉਠਾਏ ਗਏ ਹਨ । ਮੈਨੂੰ ਅਫ਼ਸੋਸ ਹੈ ਕਿ ਇੱਕ ਪੁਲਿਟੀਕਲ ਪਾਰਟੀ ਨਾਲ ਸਬੰਧਤ ਮੈਂਬਰ ਨੇ ਕਿਹਾ ਕਿ ਐਵੇਂ ਪੁਲਿਸ ਐਨਕਾਊਂਟਰਜ਼ ਵਿੱਚ ਲੋਕਾਂ ਨੂੰ ਮਾਰੀ ਜਾਂਦੇ ਹਨ । ਇਹ ਫੇਕਡ ਹਨ । ਉਨ੍ਹਾਂ ਦੀਆਂ ਮੈਜਿਸਟੀਰੀਅਲ ਇਨ-ਕੁਆਇਰੀਆਂ ਹੋਈਆਂ ਹਨ । ਕੋਈ ਆਦਮੀ ਇਹ ਸਾਬਤ ਕਰ ਦੇਵੇ ਕਿ ਉਨ੍ਹਾਂ ਨੇ ਐਨਕਾਊਂਟਰ ਨਾ ਕੀਤੀ ਹੋਵੇ, ਕੀ ਉਹ ਮੁਕਦਮਿਆਂ ਵਿੱਚ ਸ਼ਾਮਲ ਤਫਤੀਸ਼ ਨਹੀਂ ਸੀ ਜਾਂ ਬੇਗੁਨਾਹ ਬੰਦੇ ਉਨ੍ਹਾਂ ਨੇ ਨਹੀਂ ਮਾਰੇ ਸਨ ? ਜੇ ਕੋਈ ਬੰਦਾ 10 ਆਦਮੀਆਂ ਨੂੰ ਮਾਰ ਦਿੰਦਾ ਹੈ ਅਤੇ ਸਰਕਾਰ ਉਸ ਨੂੰ ਪਕੜੇ ਜਾਂ ਐਨਕਾਊਂਟਰ ਵਿੱਚ ਉਹ ਮਾਰਿਆ ਜਾਵੇ ਤਾਂ ਇਹ ਲੋਕ ਕਹਿਣ ਕਿ ਜ਼ਿਆਦਤੀ ਹੈ ਤਾਂ ਇਹ ਡੈਮੋਕਰੇਸੀ ਨਾਲ ਬੇਇਨਸਾਫੀ ਹੈ । ਇਹ ਠੀਕ ਗੱਲ ਨਹੀਂ ਹੈ ਕਿ ਕਿਸੇ ਆਦਮੀ ਨੂੰ ਇਜਾਜ਼ਤ ਹੋਵੇ ਕਿ ਜਿਤਨੇ ਮਰਜ਼ੀ ਬੰਦੇ ਮਾਰੀ ਜਾਵੇ । ਪੁਲਿਸ ਨੇ ਐਨਕਾਊਂਟਰਜ਼ ਵਿੱਚ ਉਹ ਬੰਦੇ ਮਾਰੇ ਹਨ ਜਿਹੜੇ ਪ੍ਰੋਫੈਸ਼ਨਲ ਸਨ । ਉਨ੍ਹਾਂ ਨੇ ਪੰਜ ਪੰਜ ਹਜ਼ਾਰ ਰੁਪਏ ਲੈ ਕੇ ਕਤਲ ਕੀਤੇ ਹਨ । ਐਨਕਾ-ਊਂਟਰਜ਼ ਵਿੱਚ ਉਹ ਆਏ ਹਨ ਜਿਨ੍ਹਾਂ ਨੇ ਡਕੈਤੀਆਂ ਕੀਤੀਆਂ ਹਨ । ਉਨ੍ਹਾਂ ਨੇ ਹਰਿਆਣੇ ਵਿੱਚ ਡਕੈਤੀਆਂ ਕੀਤੀਆਂ । ਅੰਮ੍ਰਿਤਸਰ ਦੇ ਨੇੜੇ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਵਾਲੇ ਆਦਮੀ ਤੋਂ ਪੈਸਾ ਖੋਹਿਆ ਗਿਆ । ਉਨ੍ਹਾਂ ਦੇ ਖਿਲਾਫ 12, 15 ਕੇਸ ਸਨ । ਉਹ ਅੜਿੱਕੇ ਆ ਗਏ । ਕੀ ਉਹ ਗੁਰਮੁੱਖ ਸਨ ? ਕੀ ਉਹ ਨੇਕ ਕੰਮ ਕਰਦੇ ਸਨ ? ਕੀ ਇਸ ਕਰਕੇ ਉਨ੍ਹਾਂ ਦੀ ਪ੍ਰੋੜ੍ਹਤਾ ਹੋ ਰਹੀ ਹੈ ? ਕੀ ਇਸ ਕਾਰਣ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨਾਲ ਜ਼ਿਆਦਤੀ ਹੋ ਰਹੀ ਹੈ । ਮਾਸੂਮ ਬੱਚੇ ਰਾਹੋਂ ਵਿਚ ਜ਼ਖਮੀ ਹੋਏ । ਜਿਨ੍ਹਾਂ ਬੱਚਿਆਂ ਦੇ ਪਿਤਾ ਅਤੇ ਦਾਦਿਆਂ ਨੇ ਪੈਸੇ ਇਕੱਠੇ ਕਰਕੇ ਉਸ ਸਕੂਲ ਦੀ ਬਿਲਡਿੰਗ ਬਣਾਉਣ ਵਿੱਚ ਸ਼ੇਅਰ ਪਾਇਆ ਸੀ ਉਹ ਬੱਚੇ ਉਸ ਦੁਕਾਨ ਵਿੱਚ ਆਏ ਸਨ । ਉਨ੍ਹਾ ਦਾ ਹਾਲ

Original with;
Punjab Vidhan Sabha
Digitized by;
Panjab Digital Library

ਜਾ ਕੇ ਵੇਖਣਾ ਚਾਹੀਦਾ ਹੈ। ਇਹ ਪੁਲਿਟੀਕਲ ਪਾਰਟੀ ਜਿਹੜੀ ਗੈਰ-ਹਾਜ਼ਰ ਹੈ, ਜਿਹੜੀ ਕਿ ਇਨ੍ਹਾਂ ਦਾ ਦਮ ਭਰਦੀ ਹੈ, ਇਹ ਦੱਸਣ ਕਿ ਠੀਕ ਕੰਮ ਕੀਤਾ ਹੈ ? ਇਹ ਮੇਰੇ ਕੋਲ ਵੀ ਆਏ ਸਨ ਕਿ ਸਾਡੀ ਵੀ ਪ੍ਰੋਟੈਕਸ਼ਨ ਕਰੋ। ਸਟੇਟ ਦਾ ਕੰਮ ਹੈ ਕਿ ਬਗੈਰ ਕਿਸੇ ਵਿਤਕਰੇ ਦੇ ਅਗਰ ਕੋਈ ਜ਼ਿਆਦਤੀ ਹੁੰਦੀ ਹੈ ਤਾਂ ਉਸਦੀ ਰੋਕਥਾਮ ਕਰੇ। ਪੰਜਾਬ ਵਿੱਚ ਐਸੇ ਹਾਲਾਤ ਪੈਦਾ ਨਹੀਂ ਹੋਣ ਦਿੱਤੇ ਜਾਣਗੇ ਕਿ ਕਿਸੇ ਗਰੀਬ ਉਤੇ ਕੋਈ ਡਾਮੀਨੇਸ਼ਨ ਕਰੇ। ਜਿਤਨੀ ਦੇਰ ਤਕ ਡੈਮੋਕਰੇਸੀ ਕਾਇਮ ਹੈ ਇਹ ਭੁੱਲ ਜਾਣ ਕਿ ਇਹ ਜ਼ੋਰ ਨਾਲ ਇਥੇ ਆ ਸਕਦੇ ਹਨ। ਇਹ ਬੈਲਟ ਨਾਲ ਤਾਂ ਇਥੇ ਆ ਸਕਦੇ ਹਨ ਪਰ ਬੁੱਲਟ ਨਾਲ ਨਹੀਂ ਆ ਸਕਦੇ। ਇਹ ਜਿਹੜੇ ਬੁੱਲਟ ਤੇ ਯਕੀਨ ਕਰਨ ਵਾਲੇ ਹਨ ਇਹ ਵੀ ਮੈਨੂੰ ਆ ਆ ਕੇ ਕਹਿੰਦੇ ਰਹੇ ਹਨ ਕਿ ਸਾਨੂੰ ਵੀ ਬਚਾ ਲਓ, ਪਤਾ ਨਹੀਂ ਸਾਡੇ ਤੇ ਵੀ ਹਮਲਾ ਹੋ ਸਕਦਾ ਹੈ। ਜੇ ਉਹ ਇਥੇ ਹੁੰਦੇ ਤਾਂ ਮੈਂ ਇਹ ਵੀ ਦੱਸ ਦਿੰਦਾ ਕਿ ਕੌਣ ਕੌਣ ਇਹ ਚੀਜ਼ ਕਹਿੰਦਾ ਸੀ। ਜੇ ਇਹ ਆਪ ਪ੍ਰੋਟੈਕਸ਼ਨ ਚਾਹੁੰਦੇ ਹਨ ਤਾਂ ਫਿਰ ਉਨ੍ਹਾਂ ਦੇ ਖਿਲਾਫ ਰੈਜ਼ੋਲਿਊਸ਼ਨ ਕਿਉਂ ਨਹੀਂ ਪਾਸ ਕਰ ਸਕੇ। ਮੈਂ ਕਹਿੰਦਾ ਹਾਂ ਕਿ ਸਾਧੂਆਂ ਅਤੇ ਸੰਤਾਂ ਦਾ ਕੀ ਕੰਮ ਹੈ ਕਿ ਉਹ ਹਥਿਆਰ ਰੱਖੀ ਫਿਰਨ। ਮੈਂ ਤਾਂ ਨਹੀਂ ਕਿਹਾ ਕਿ ਉਹ ਅੰਦਰ ਹੀ ਬੈਠਾ ਰਹੇ। ਉਹ ਗੁਰਦੁਆਰੇ ਵਾਲਿਆਂ ਦੇ ਕਹਿਣ ਦੇ ਬਾਵਜੂਦ ਉਥੇ ਬੈਠਾ ਹੈ। ਬਾਹਰ ਨਹੀਂ ਆਉਂਦਾ। ਗੁਰਦਰਸ਼ਨ ਪ੍ਰਕਾਸ਼ ਗੁਰਦੁਆਰੇ ਵਿੱਚ ਬੰਬ ਫਟਣ ਨਾਲ ਤਿੰਨ ਬੰਦੇ ਮਾਰੇ ਗਏ। ਕੀ ਉਹ ਬੰਬ ਕਿਸੇ ਨਿਰੰਕਾਰੀ ਨੇ ਸੁਟਿਆ ਸੀ ? ਥੜ੍ਹਾ ਸਿੰਘ ਦਾ ਬਿਆਨ ਲੈ ਲਿਆ ਗਿਆ। ਉਹ ਕਹਿੰਦਾ ਹੈ ਕਿ ਭਿੰਡਰਾਂਵਾਲੇ ਨੇ ਕਿਹਾ ਸੀ। ਮਾਲ ਸਾਡਾ ਸੀ। ਉਹ ਬੰਬ ਵੀ ਅੰਦਰ ਬਣਿਆ ਸੀ। ਸਾਡੇ ਪਾਸ ਸਬੂਤ ਵੀ ਹਨ। ਜਿਥੇ ਜਿਥੇ ਖਿੰਡ ਕੇ ਪੀਸਜ਼ ਗਏ ਹਨ ਉਹ ਸਾਨੂੰ ਮਿਲੇ ਹਨ। ਸੁੱਕਾ ਮਸਾਲਾ ਵੀ ਸਾਡੇ ਕਾਬੂ ਆਇਆ ਹੈ।

ਫਿਰ ਇਹ ਕਹਿੰਦੇ ਹਨ ਕਿ ਅਮਰੀਕ ਸਿੰਘ ਨੂੰ ਛੱਡ ਦਿਓ। ਭਿੰਡਰਾਂਵਾਲੇ ਨੇ ਜਾ ਕੇ ਕਿਉਂ ਇਹ ਕੰਮ ਸ਼ੁਰੂ ਕੀਤਾ ? ਉਸ ਨੇ ਇਸ ਕਰਕੇ ਇਹ ਮੋਰਚਾ ਸ਼ੁਰੂ ਨਹੀਂ ਸੀ ਕੀਤਾ ਕਿ ਉਥੇ ਬਹੁਤ ਅੱਤਿਆਚਾਰ ਹੋ ਰਿਹਾ ਸੀ ਬਲਕਿ ਇਸ ਗੱਲ ਲਈ ਕਿ ਅਮਰੀਕ ਸਿੰਘ ਪਕੜਿਆ ਗਿਆ ਹੈ। ਦੋ ਨੇਕਸਲਾਈਟ ਦੇ ਗਰੁੱਪ ਆਪਸ ਵਿੱਚ ਲੜੇ ਸਨ। ਬੰਦੇ ਮਾਰੇ ਗਏ ਸਨ। ਅਸੀਂ ਉਨ੍ਹਾਂ ਦੀ ਭਾਲ ਵਿੱਚ ਸੀ। ਇੱਕ ਇਨ੍ਹਾਂ ਦੀ ਜੀਪ ਬਾਰਾਂ, ਸਾਢੇ ਬਾਰਾਂ ਵਜੇ ਸਾਨੂੰ ਮਿਲ ਗਈ। ਉਸਦੇ ਵਿੱਚ ਗੁਰਦੁਆਰੇ ਦਾ ਡਰਾਈਵਰ ਸੀ। ਉਸਦੇ ਨਾਲ ਇੱਕ ਬੰਦਾ ਬਗੈਰ ਲਾਇਸੰਸ ਦੇ ਦੇਸੀ ਬੰਦੂਕ ਲੈ ਕੇ ਫਿਰਦਾ ਸੀ। ਉਨ੍ਹਾਂ ਤੋਂ ਪੁਲਿਸ ਨੇ ਪਤਾ ਕੀਤਾ ਕਿ ਕਿਥੋਂ ਆਏ ਹੋ। ਫਿਰ ਇਹ ਆ ਪਹੁੰਚੇ ਅਤੇ ਡਰਾਉਣ ਧਮਕਾਉਣ ਲੱਗੇ ਅਤੇ ਕਹਿਣ ਲੱਗੇ ਕਿ ਤੁਸੀਂ ਰੋਕਣ ਵਾਲੇ ਕੌਣ ਹੋ। ਪੁਲਿਸ ਵਾਲਿਆਂ ਨੇ ਕਿਹਾ ਕਿ ਤੁਸੀਂ ਵੀ ਤਸ਼ਰੀਫ ਲੈ ਆਓ। 15 ਮਿੰਟਾਂ ਵਿੱਚ ਅਮਰੀਕ ਸਿੰਘ ਨੇ ਸਾਰੀ ਸਟੋਰੀ ਸੁਣਾ ਦਿੱਤੀ ਕਿ ਕਿਸ ਤਰ੍ਹਾਂ ਬਾਰਾਂ ਨਿਰੰਕਾਰੀਆਂ ਦਾ ਕਤਲ ਕੀਤਾ ਗਿਆ ਸੀ। ਟੇਪ ਰਿਕਾਰਡਰ ਸਾਡੇ ਪਾਸ ਹੈ। ਇਹ ਆ ਕੇ ਸੁਣ ਲੈਣ। ਕੋਈ ਝੂਠੀ ਗੱਲ ਨਹੀਂ ਹੈ। ਡਾਕਟਰ ਸਾਹਿਬ ਬੇਸ਼ਕ ਆ ਕੇ ਸੁਣ ਲੈਣ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਹ ਬੜੀ ਲੰਬੀ ਸਟੋਰੀ ਹੈ । 14 ਸਫੇ ਦਾ ਬਿਆਨ ਹੈ । ਉਸ ਨੇ ਕਿਹਾ ਹੈ ਕਿ ਕਦੋਂ ਗਏ ਔਰ ਮੁੜਕੇ ਕਿਥੋਂ ਦੀ ਆਏ । ਇਸ ਤਰ੍ਹਾਂ ਨਾਲ ਉਸ ਨੇ ਸਭ ਕੁਝ ਦਸਿਆ ਹੈ । ਉਸ ਨੇ ਤਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਵੀ ਮਿੱਟੀ ਪਲੀਤ ਕਰ ਦਿੱਤੀ ਹੈ ਕਿਉਂਕਿ ਜਿਹੜਾ ਆਦਮੀ ਬਹੁਤ ਤਸ਼ੱਦਦ ਕਰਨ ਵਾਲਾ ਹੁੰਦਾ ਹੈ ਉਸ ਵਿਚ ਜਾਨ ਨਹੀਂ ਹੁੰਦੀ । ਇਹ ਜਿਹੜੇ ਬੰਦੇ ਰਾਜ ਕੁਮਾਰ ਜੀ ਹੋਰਾਂ ਦੇ ਪਿਛੇ ਬੈਠੇ ਹਨ ਔਰ ਇਸ ਪਾਸੇ ਵਿਚ ਕੁਝ ਸੱਜਣ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਅਸੀਂ ਕਿਸ ਤਰ੍ਹਾਂ ਨਾਲ ਆਜ਼ਾਦੀ ਹਾਸਿਲ ਕੀਤੀ ਹੈ । ਉਸ ਵੇਲੇ ਸਿਰਫ ਸਾਡਾ ਮਕਸਦ ਸੀ ਕਿ ਹਿੰਦੁਸਤਾਨ ਵਿਚੋਂ ਅੰਗਰੇਜ਼ ਨੂੰ ਕੱਢਣਾ ਹੈ ਚਾਹੇ ਕੁਝ ਵੀ ਹੋ ਜਾਵੇ,ਪਰ ਇਹ ਸਾਡੀ ਕੁਮਿਟਮੈਂਟ ਸੀ । (ਥੰਪਿੰਗ) ਪਰ ਇਨ੍ਹਾਂ ਦੀ ਕਿਹੜੀ ਕੁਮਿਟਮੈਂਟ ਹੈ ਜਿਹੜੇ ਕਿ ਇਸ ਤਰ੍ਹਾਂ ਸ਼ਰੇਆਮ ਗੋਲੀਆਂ ਚਲਾਉਂਦੇ ਹਨ । ਡਾਕਟਰ ਭਗਤ ਸਿੰਘ ਜੀ, ਤੁਸੀਂ ਕੁਝ ਸਿਆਣੇ ਆਦਮੀ ਹੋ, ਤੁਹਾਨੂੰ ਮੈਂ ਕੁਝ ਨਹੀਂ ਕਹਿੰਦਾ । ਤੁਹਾਡੀ ਸਫੈਦ ਦਾਹੜੀ ਹੈ, ਤੁਸੀਂ ਇਸ ਪਾਸੇ ਬਹੁਤ ਦੇਰ ਨਾਲ ਆਏ ਹੋ ।

**ਡਾਕਟਰ ਭਗਤ ਸਿੰਘ** : ਮੈਂ ਵੀ ਨੌਵੀਂ ਜਮਾਤ ਤੋਂ ਹੀ ਸਿਆਸਤ ਵਿਚ ਆ ਗਿਆ ਸੀ । ਆਜ਼ਾਦੀ ਲਈ ਅਸੀਂ ਵੀ ਗੋਲੀਆਂ ਦੇ ਸਾਏ ਹੇਠ ਰਹੇ ਹਾਂ ।

**ਮੁੱਖ ਮੰਤਰੀ**: ਮੈਨੂੰ ਪਤਾ ਹੈ ਜਿਹੜੀਆਂ ਗੋਲੀਆਂ ਤੁਸੀਂ ਖਾਂਦੇ ਰਹੇ ਹੋ । ਸੋ, ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਇਨ੍ਹਾਂ ਦੀ ਕੀ ਕੁਮਿਟਮੈਂਟ ਹੈ ? ਇਨ੍ਹਾਂ ਦੀ ਤਾਂ ਇਕੋ ਹੀ ਕੁਮਿਟਮੈਂਟ ਹੈ ਕਿ ਡਰਾਉ, ਧਮਕਾਉ, ਸ਼ਾਇਦ ਇਸ ਤਰ੍ਹਾਂ ਹੀ ਇਹ ਸਰਕਾਰ ਭੱਜ ਜਾਵੇ । ਤੁਸੀਂ ਕਹਿੰਦੇ ਹੋ, ਡਾਕਟਰ ਸਾਹਿਬ ਕਿ ਅਸੀਂ ਉਪਰ ਤੋਂ ਮਸ਼ਵਰਾ ਲਿਆਉਂਦੇ ਹਾਂ। ਠੀਕ ਹੈ, ਜਿਸ ਦਾ ਕੋਈ ਉਪਰ ਹੋਵੇਗਾ ਤਾਂ ਉਹ ਹੀ ਮਸ਼ਵਰਾ ਲਿਆਵੇਗਾ, ਤੁਹਾਡੇ ਤਾਂ ਉਪਰ ਵੀ ਕੋਈ ਨਹੀਂ ਹੈ । ਫਿਰ, ਸਪੀਕਰ ਸਾਹਿਬ, ਇਹ ਕੀ ਚਾਹੁੰਦੇ ਹਨ? ਸੈਂਟਰੇਲਾਈਜੇਸ਼ਨ ਆਫ ਪਾਵਰਜ਼ ਡੀਸੈਂਟਰੇਲਾਈਜੇਸ਼ਨ ਪਾਵਰ ਨਹੀਂ ਚਾਹੁੰਦੇ । ਇਹ ਕਹਿੰਦੇ ਹਨ ਕਿ ਜੇਕਰ ਕਿਸੇ ਨੇ ਪਾਕਿਸਤਾਨ ਜਾਣਾ ਹੋਵੇ ਤਾਂ ਪਹਿਲਾਂ ਇਨ੍ਹਾਂ ਤੋਂ ਸਰਟੀਫਿਕੇਟ ਲਵੇ, ਜਿਹੜਾ ਗੁਰੂ ਵਿਚ ਸ਼ਰਧਾ ਰੱਖਦਾ ਹੈ ਉਸ ਨੂੰ ਜਾਣ ਦਿਓ । ਜੇਕਰ ਇਸ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਗੇ ਤਾਂ ਫਿਰ ਉਸ ਤਰ੍ਹਾਂ ਹੋਵੇਗਾ ਜਿਸ ਤਰ੍ਹਾਂ ਸਰਦਾਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਟੌਹੜਾ ਸਾਹਿਬ ਜਿੱਥੋਂ ਦੇ ਰਹਿਣ ਵਾਲੇ ਹਨ ਉਥੇ ਨੇੜੇ ਤੇੜੇ ਵੀ ਕਿਸੇ ਨੇ ਅੰਮ੍ਰਿਤ ਨਹੀਂ ਛੱਕਿਆ ਹੋਇਆ । ਲੱਖਾਂ ਰੁਪਿਆ ਜਿਹੜਾ ਕਿ ਸਿੱਖੀ ਦੇ ਪਰਚਾਰ ਵਾਸਤੇ ਹੁੰਦਾ ਹੈ ਉਹ ਇਸ ਪਾਸੇ ਲਗਾਇਆ ਨਹੀਂ ਜਾਂਦਾ ਔਰ ਹੋਰ ਪਾਸੇ ਵਰਤਿਆ ਜਾਂਦਾ ਹੈ ।

ਸਪੀਕਰ ਸਾਹਿਬ, ਮੈਂ ਹੋਰ ਵੀ ਗੱਲ ਕਹਿ ਸਕਦਾ ਹਾਂ ਪਰ ਮੈਂ ਕਹਿਣੀ ਨਹੀਂ ਚਾਹੁੰਦਾ । ਡਾਕਟਰ ਸਾਹਿਬ, ਮੈਂ ਤਾਂ ਤੁਹਾਨੂੰ ਹੀ ਕਹਾਂਗਾ ਕਿ ਤੁਸੀਂ ਉਨ੍ਹਾਂ ਨੂੰ ਕਹੋ ਕਿ ਇਹ ਜਿਹੜਾ ਕੰਮ ਤੁਸੀਂ ਫੜਿਆ ਹੈ ਛੱਡ ਦਿਓ । ਮੈਂ ਤਾਂ ਫੇਰ ਤੁਹਾਡੇ ਨਾਲ ਜਾ ਨਹੀਂ ਸਕਦਾ ਤੁਹਾਡੀ ਤਾਂ ਉਨ੍ਹਾਂ ਨਾਲ ਨਵੀਂ ਨਵੀਂ ਦੋਸਤੀ ਬਣ ਰਹੀ ਹੈ, ਤੁਸੀਂ ਉਨ੍ਹਾਂ ਨੂੰ ਮੇਰੇ ਵੱਲੋਂ ਕਹਿ ਦੇਣਾ । (ਹਾਸਾ)

ਸਪੀਕਰ ਸਾਹਿਬ, ਇਕ ਫਾਰਸੀ ਦਾ ਸ਼ੇਅਰ ਹੈ, ਮੈਂ ਉਹ ਇਸ ਕਰਕੇ ਨਹੀਂ ਬੋਲਦਾ ਕਿਉਂਕਿ ਉਹ ਫਾਰਸੀ ਜ਼ਬਾਨ ਵਿਚ ਹੈ । ਉਸ ਦਾ ਮਤਲਬ ਹੈ ਕਿ ਕੋਈ ਦੀ ਆਦਮੀ

Original with;
Punjab Vidhan Sabha
Digitized by;
Panjab Digital Library

ਸੰਸਾਰ ਵਿਚ ਕਿਸੇ ਨੂੰ ਮਾਰ ਨਹੀਂ ਸਕਦਾ ਜਿਸ ਵੇਲੇ ਕਿਸੇ ਦਾ ਵਕਤ ਨਾ ਆਇਆ ਹੋਵੇ। ਮੇਰੀ ਅਰਜ਼ ਹੈ ਕਿ ਦੋ ਤਿੰਨ ਪੁਆਇੰਟਸ ਹਨ। ਮੈਂ ਉਨ੍ਹਾਂ ਦੀ ਡੀਟੇਲ ਵਿਚ ਨਹੀਂ ਜਾਂਦਾ ਕਿ ਕਿਹੜੇ ਕਿਹੜੇ ਬੰਦੇ ਹਨ ਔਰ ਉਹ ਕੀ ਕੀ ਕਰਦੇ ਹਨ; ਸ਼ਾਇਦ ਇਸ ਗੱਲ ਵਿਚ ਤੁਹਾਨੂੰ ਵੀ ਇਤਨੀ ਦਿਲਚਸਪੀ ਨਾ ਹੋਵੇ। ਲੇਕਿਨ ਭਾਈ ਅਮਰੀਕ ਸਿੰਘ ਹੋਰਾਂ ਨੇ ਸਭ ਕੁਝ ਬੜੀ ਸਿਆਣਪ ਨਾਲ ਦੱਸ ਦਿੱਤਾ ਹੈ। ਮੈਂ ਇਕ ਗੱਲ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਕੋਈ ਵੀ ਗਲਤ ਗੱਲ ਰਿਕਾਰਡ ਨਹੀਂ ਹੋਣ ਦਿੱਤੀ ਔਰ ਨਾ ਹੀ ਮੈਂ ਗਲਤ ਗੱਲ ਕਹਾਂਗਾ।

ਸਪੀਕਰ ਸਾਹਿਬ, ਦੋ ਤਿੰਨ ਪੁਆਇੰਟਸ ਰਾਜ ਕੁਮਾਰ ਜੀ ਨੇ ਰੇਜ਼ ਕੀਤੇ ਹਨ। ਮੈਂ ਉਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ ਕਿ ਜਿਹੜੀ ਨੈਸ਼ਨਲ ਇੰਟੈਗਰੇਸ਼ਨ ਹੈ ਉਸ ਨੂੰ ਅੱਗੇ ਚਲਾਇਆ ਜਾਵੇ। ਅਸੀਂ ਇਕ ਕਮੇਟੀ ਬਣਾਈ ਹੈ ਜਿਸ ਦੇ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਉਸ ਨੂੰ ਤਿੱਖਿਆਂ ਕਰਨ ਦੀ ਲੋੜ ਹੈ ਮੈਂ ਇਸ ਗੱਲ ਨਾਲ ਐਗਰੀ ਕਰਦਾ ਹਾਂ। ਅਸੀਂ ਸਬ-ਕਮੇਟੀਆਂ ਬਣਾਈਆਂ ਹਨ ਉਹ ਆਪਣੇ ਖਿਆਲ ਜਲਦੀ ਦੇ ਦੇਣਗੀਆਂ। ਸਪੀਕਰ ਸਾਹਿਬ, ਕਾਂਗਰਸ ਵਾਲਿਆਂ ਨੇ ਠੀਕ ਹੀ ਕਿਹਾ ਸੀ ਕਿ ਇਸ ਪਾਸੇ ਬੈਠੇ ਸੱਜਣਾਂ ਨੇ ਲੋਕਾਂ ਨੂੰ ਜਾ ਜਾ ਕੇ ਦੱਸਿਆ ਹੈ ਕਿ ਇਹ ਇਹ ਡਿਵੈਲਪਮੈਂਟ ਸਟੇਟ ਦੀ ਹੋਈ ਹੈ, ਸਾਡੀ ਆਰਥਿਕ ਡਿਵੈਲਪਮੈਂਟ ਹੋਈ ਹੈ। ਇਸ ਕਰਕੇ ਹੀ ਲੋਕਾਂ ਨੂੰ ਦੂਸਰੇ ਪਾਸੇ ਵਾਲੇ ਗਲਤ ਪਾਸੇ ਨਹੀਂ ਲਗਾ ਸਕੇ। ਇਨਾਂ ਨੇ ਕਿਹਾ ਹੈ ਕਿ ਇਸ ਕੰਮ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ। ਮੈਂ ਇਹ ਗਲ ਵੀ ਮੰਨਦਾ ਹਾਂ। ਹੁਣ ਜਦੋਂ ਇਥੋਂ ਇਹ ਕਾਂਗਰਸ ਪਾਰਟੀ ਵਾਲੇ ਜਾਣਗੇ ਤਾਂ ਜਿਹੜੀਆਂ ਪਾਰਟੀਆਂ ਨੇ ਅੱਜ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਕੰਡੈਮ ਕੀਤਾ ਹੈ ਉਨ੍ਹਾਂ ਪਾਰਟੀਆਂ ਨੂੰ ਵੀ ਅਸੀਂ ਨਾਲ ਲਵਾਂਗੇ। ਉਨ੍ਹਾਂ ਪਾਰਟੀਆਂ ਦੀ, ਜਿਹਨਾਂ ਨੇ ਕਨਡੈਮਨੇਸ਼ਨ ਕੀਤੀ ਹੈ, ਮੈਂ ਸ਼ਲਾਘਾ ਕੀਤੇ ਬਗੈਰ ਨਹੀਂ ਰਹਿ ਸਕਦਾ। ਮੈਂ ਇਹ ਕਹਿੰਦਾ ਹਾਂ ਕਿ ਨੈਸ਼ਨੇਲਿਜ਼ਮ ਕਾਇਮ ਰਿਹਾ ਹੈ ਭਾਵੇਂ ਹਿੰਦੁਸਤਾਨ ਨੂੰ ਬਾਹਰਲੀਆਂ ਸ਼ਕਤੀਆਂ ਬੁਰੀ ਨਿਗਾਹ ਨਾਲ ਝਾਕ ਰਹੀਆਂ ਹਨ। ਉਹ ਬਾਹਰਲੀਆਂ ਸ਼ਕਤੀਆਂ ਕਿਹੜੀਆਂ ਹਨ, ਉਨ੍ਹਾਂ ਬਾਰੇ ਮੇਰੇ ਦੋਸਤਾਂ ਨੇ ਦੱਸ ਹੀ ਦਿੱਤਾ ਹੈ। ਅਮਰੀਕਾ ਵਾਲਿਆਂ ਨੇ ਕਿਹਾ ਹੈ ਕਿ ਜਿਹੜੀ ਸੀ. ਆਈ. ਏ. ਹੈ ਉਸ ਵਿਚੋਂ ਵੀ ਇਕ ਹੋਰ ਵਿੰਗ ਨਿਕਲ ਆਇਆ ਹੈ ਜਿਸ ਦਾ ਕਿਸੇ ਨੂੰ ਪਤਾ ਨਹੀਂ ਸੀ, ਇਥੋਂ ਤਕ ਕਿ ਸੀ. ਆਈ. ਏ. ਵਾਲਿਆਂ ਨੂੰ ਵੀ ਨਹੀਂ ਸੀ ਪਤਾ ਉਹ ਕੋਈ ਸਪਲਿੰਟਰ ਗਰੁਪ ਹੈ। ਉਸ ਨੇ ਦੂਸਰੇ ਸਾਰਿਆਂ ਨੂੰ ਕੰਟਰੋਲ ਕੀਤਾ ਹੋਇਆ ਹੈ। ਡਾਕਟਰ ਸਾਹਿਬ, ਕੁਝ ਬੰਦੇ ਤਾਂ ਬਾਹਰਲੇ ਦੇਸ਼ਾਂ ਵਿਚ ਭੱਜ ਗਏ ਹਨ, ਉਨ੍ਹਾਂ ਦਾ ਵੀ ਪ੍ਰਬੰਧ ਕਰਨਾ ਹੈ, ਬਾਕੀ ਦਸ ਪੰਦਰਾਂ ਜਿਹੜੇ ਇਥੇ ਰਹਿੰਦੇ ਹਨ ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਉਨ੍ਹਾਂ ਨੂੰ ਕਹੋ ਕਿ ਉਹ ਬਾਹਰ ਤਾਂ ਆ ਜਾਣ। ਠੀਕ ਹੈ ਜਿਸ ਤਰ੍ਹਾਂ ਦਾ ਤੁਸੀਂ ਕਹੋਗੇ ਉਨ੍ਹਾਂ ਨੂੰ ਭੋਜਨ ਪਾਣੀ ਛਕਾ ਦੇਵਾਂਗੇ। ਪਰ ਜਿਸ ਤਰ੍ਹਾਂ ਦਾ ਉਥੇ ਮਿਲ ਰਿਹਾ ਹੈ ਉਸ ਤਰ੍ਹਾਂ ਦਾ ਤਾਂ ਸ਼ਾਇਦ ਨਾ ਮਿਲ ਸਕੇ। ਤੁਸੀਂ ਜਾਕੇ ਉਨ੍ਹਾਂ ਨੂੰ ਸਮਝਾਓ

ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਫੇਕ ਐਨਕਾਊਂਟਰਜ਼ ਕੀਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਕ ਰਿਪੋਰਟ ਮੇਰੇ ਹੱਥ ਵਿਚ ਆਈ ਕਿ ਕੁਝ ਅਕਾਲੀ ਇਨਕੁਆਇਰੀ ਕਰਕੇ ਆਏ ਹਨ ਅੌਰ ਉਹ ਕਹਿੰਦੇ ਹਨ ਕਿ ਫੇਕ ਐਨਕਾਉਂਟਰ ਕੀਤੇ ਗਏ ਹਨ। ਉਨ੍ਹਾਂ ਨੂੰ ਪਤਾ ਨਹੀਂ ਹੈ ਕਿਸੇ ਤੁਰੇ ਜਾਂਦੇ ਨੂੰ ਪੁੱਛ ਲਿਆ ਹੈ ਅਤੇ ਕਹਿ ਦਿਤਾ ਹੈ ਕਿ ਉਹ ਬੰਦਾ ਉਹ ਨਹੀਂ ਸੀ, ਹੋਰ ਸੀ। ਉਹ ਆਪ ਹੀ ਡਰਾਉਣ ਵਾਲੇ ਹਨ ਅੌਰ ਆਪ ਹੀ ਡਰਨ ਵਾਲੇ ਹਨ, ਉਨ੍ਹਾਂ ਨੇ ਕਿਸੇ ਦਾ ਵੀ ਨਾਮ ਨਹੀਂ ਲਿਆ। ਉਸਦੀ ਬਾਤ ਨਾਲ ਹੀ ਸਾਰੀ ਚੀਜ਼ ਲੁਕੀ ਹੋਈ ਹੈ। ਕੀ ਉਹ ਬੰਬ ਅਸੀਂ ਮੁਹੱਈਆ ਕੀਤੇ ਸਨ? ਜਿਹੜਾ ਬੰਦਾ ਕਾਬੂ ਆਇਆ ਹੈ ਉਸ ਨੇ ਦੱਸਿਆ ਹੈ ਕਿ ਕਿਸ ਨੇ ਉਸ ਨੂੰ ਬੰਬ ਦਿੱਤਾ ਅੌਰ ਕਿਸ ਨੇ ਭੇਜਿਆ ਹੈ। ਹੋਰ ਵੀ ਕਈ ਤਰ੍ਹਾਂ ਦੀ ਇਨਫ਼ਰਮੇਸ਼ਨ ਮਿਲੀ ਹੈ ਅੌਰ ਮਿਲੇਗੀ ਵੀ। ਸ਼ੇਖ ਸਾਹਿਬ ਅੱਜ ਸਾਡੇ ਪਾਸ ਨਹੀਂ ਹਨ ਲੇਕਿਨ ਉਨ੍ਹਾਂ ਦੇ ਲਫ਼ਜ਼ ਹਮੇਸ਼ਾ ਗੂੰਜਦੇ ਹਨ। ਉਨ੍ਹਾਂ ਨੇ ਨਿਹਾਇਤ ਚੰਗੇ ਅਤੇ ਸੁਲਝੇ ਹੋਏ ਖਿਆਲਾਂ ਦਾ ਪ੍ਰਗਟਾਵਾ ਕੀਤਾ ਹੈ। ਉਸ ਤੋਂ ਬਾਅਦ ਜਦੋਂ ਮੈਂ ਫ਼ਾਰੂਕ ਸਾਹਿਬ ਪਾਸ ਅਫ਼ਸੋਸ ਕਰਨ ਲਈ ਗਿਆ ਸੀ ਤਾਂ ਉਨ੍ਹਾਂ ਨੇ ਮੈਨੂੰ ਇਹ ਅਲਫਾਜ਼ ਕਹੇ ਸਨ ਕਿ ਹਿੰਦੁਸਤਾਨ ਦਾ, ਅਸੀਂ ਇਕ ਹਿੱਸਾ ਹਾਂ। ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ। ਪਰ ਬੜੇ ਅਫ਼ਸੋਸ ਦੀ ਗਲ ਹੈ ਕਿ ਅੱਜ ਜਦੋਂ ਸਾਡੇ ਪੰਜਾਬ ਵਿਚ ਇਹ ਹਾਲਾਤ ਪੈਦਾ ਹੋਏ ਹਨ ਅੌਰ ਕਤਲ ਕੀਤੇ ਗਏ ਹਨ ਤਾਂ ਮੇਰੇ ਕੋਲ ਸਿਪੰਥੀ ਸੇਕ ਹਜ਼ਾਰਾਂ ਤਾਰਾਂ ਆਈਆਂ ਹਨ ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਮੂੰਹ ਵਿਚੋਂ ਇਨ੍ਹਾਂ ਦਰਦਨਾਕ ਵਾਕਿਆਤ ਤੇ ਇਕ ਲਫ਼ਜ਼ ਨਹੀਂ ਨਿਕਲਿਆ ਬਲਕਿ ਜਿਨ੍ਹਾਂ ਨੇ ਕਤਲ ਕੀਤੇ, ਉਨ੍ਹਾਂ ਨੂੰ ਸਪੋਰਟ ਕੀਤਾ ਹੈ। ਇਨ੍ਹਾਂ ਨੇ ਇਕ ਵਾਰ ਵੀ ਇਹ ਨਹੀਂ ਕਿਹਾ ਕਿ ਇਹ ਮਾੜਾ ਕੰਮ ਹੋਇਆ ਹੈ, ਉਲਟਾ ਗੁਰਦੁਆਰਿਆਂ ਵਿਚ ਉਨ੍ਹਾਂ ਆਦਮੀਆਂ ਦਾ ਸਨਮਾਨ ਕੀਤਾ ਜਾਂਦਾ ਰਿਹਾ ਹੈ। ਸੋ ਮੈਂ ਅਰਜ ਕਰਨੀ ਚਾਹੁੰਦਾ ਹਾਂ ਕਿ ਸਾਡਾ ਜਿਹੜਾ ਵਰਕ ਇਨ੍ਹਾਂ ਐਕਸਟ੍ਰੀਮਿਸਟਸ ਦੇ ਖਿਲਾਫ ਚਲ ਰਿਹਾ ਹੈ ਇਹ ਚਲਦਾ ਰਹੇਗਾ ਅੌਰ ਪੰਜਾਬ ਵਿਚ ਸ਼ਾਂਤੀ ਕਾਇਮ ਰਖਣ ਲਈ ਹੋਰ ਵੀ ਕਦਮ ਚੁਕਾਂਗੇ।

ਇਸ ਤੋਂ ਇਲਾਵਾ ਜਿਹੜੇ ਪਰੋਜੈਕਟ ਚਲ ਰਹੇ ਹਨ ਉਨਾਂ ਨੂੰ ਵੀ ਜਾਰੀ ਰਖਾਂਗੇ ਅੌਰ ਜਿਥੇ ਹੋਰ ਚਾਹੀਦੇ ਹਨ ਉਥੇ ਹੋਰ ਵੀ ਚਲਾਵਾਂਗੇ। ਅਸੀਂ ਕੋਸ਼ਿਸ਼ ਕਰਾਂਗੇ ਕਿ ਸਾਡੇ ਪੰਜਾਬ ਦਾ ਜਿਸ ਤਰ੍ਹਾਂ ਵੀ ਭਲਾ ਹੋ ਸਕਦਾ ਹੋਵੇ, ਕੀਤਾ ਜਾਵੇ। ਅਸੀਂ ਆਪਣੇ ਨੌਜਵਾਨਾਂ ਲਈ ਜਿਹੜਾ ਬੇਰੁਜ਼ਗਾਰੀ ਭੱਤਾ ਦੇਣ ਲਈ 3600 ਰੁਪਏ ਦੀ ਹੱਦ ਮੁਕਰਰ ਕੀਤੀ ਸੀ ਉਹ ਹੁਣ ਨਹੀਂ ਰਹੇਗੀ ਅੌਰ ਇਰਿਸਪੈਕਟਿਵ ਆਫ਼ ਦੀ ਇਨਕਮ ਸਭ ਨੂੰ ਇਹ ਪੈਸੇ ਮਿਲਣਗੇ। ਇਸ ਤਰ੍ਹਾਂ ਨਾਲ ਹੋਰ ਵੀ ਜਿਹੜੀਆਂ ਕੋਈ ਮੁਸ਼ਕਲਾਂ ਹੋਣਗੀਆਂ ਉਹ ਅਸੀਂ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸੰਸਾਰ ਵਿਚ ਕੋਈ ਮੁਲਕ ਐਸਾ ਨਹੀਂ ਹੁੰਦਾ ਜਿਥੇ ਇਸ ਤਰ੍ਹਾਂ ਦੇ ਇਨਸੀਡੈਂਟਸ ਨਾ ਹੋਣ। ਐਨੀ ਪੁਲਿਸ ਫੋਰਸ ਹੁੰਦਿਆਂ ਹੋਇਆਂ ਕੈਨੇਡੀ ਦਾ ਕਤਲ ਹੋਇਆ। ਸੋ ਇਸ ਤਰ੍ਹਾਂ ਦੇ ਇਨਸੀਡੈਂਟਸ ਹੁੰਦੇ ਰਹਿੰਦੇ ਹਨ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਇਨਸੀਡੈਂਟਸ ਦੇ ਪਿਛੇ ਬਾਹਰ ਦੀਆਂ ਫੋਰਸਿਜ਼ ਕੰਮ ਕਰ ਰਹੀਆਂ ਹਨ ਕਿਉਂਕਿ ਜਿਹੜੇ ਹਥਿਆਰ ਇਨ੍ਹਾਂ ਨੂੰ ਮਿਲੇ ਹਨ ਉਹ ਸਰਕਾਰ ਨੇ ਤਾਂ ਨਹੀਂ ਦਿੱਤੇ, ਨਾ ਹੀ ਇਥੇ ਬਣੇ ਹਨ, ਉਹ ਤਾਂ ਇਨ੍ਹਾਂ ਨੂੰ ਬਾਹਰੋਂ ਆਏ ਹਨ। ਇਸ ਲਈ ਜਦੋਂ ਬਾਹਰਲੀਆਂ ਫੋਰਸਿਜ਼ ਕੰਮ ਕਰ ਰਹੀਆਂ ਹੋਣ ਤਾਂ ਅਜਿਹੇ ਚਾਂਸ ਹੋ ਜਾਂਦੇ ਹਨ ਪਰ ਮੈਂ ਇਹ ਸਮਝਦਾ ਹਾਂ ਕਿ ਸਾਡੀਆਂ ਆਪਣੀਆਂ ਕੋਸ਼ਿਸ਼ਾਂ ਦੇ ਨਾਲ ਜਿਹੜੇ ਇਹ ਹਾਲਾਤ ਪੈਦਾ ਕਰ ਰਹੇ ਹਨ ਉਹ ਬੱਚ ਨਹੀਂ ਸਕਣਗੇ। ਅਸੀਂ ਇਨ੍ਹਾਂ ਇਨਸੀਡੈਂਟਸ ਨੂੰ ਕ੍ਰੀਏਟ ਕਰਨ

Original with;
Punjab Vidhan Sabha
Digitized by;
Panjab Digital Library

ਵਾਲਿਆ ਨਾਲ ਪ੍ਰਾਪਰਲੀ ਡੀਲ ਕਰਾਂਗੇ । ਇਸ ਲਈ ਮੈਂ ਸਾਰੀਆਂ ਪਾਰਟੀਆਂ ਪਾਸ ਅਪੀਲ ਕਰਾਂਗਾ ਕਿ ਅਜਿਹੀਆਂ ਜਿਹੜੀਆਂ ਤਾਕਤਾਂ ਹਨ ਉਨ੍ਹਾਂ ਦੇ ਖਿਲਾਫ਼ ਮਿਲਕੇ ਲੜਣ। ਮੈਂ ਸਮਝਦਾ ਹਾਂ ਕਿ ਉਨ੍ਹਾਂ ਕੁਝ ਐਕਸਟ੍ਰੀਮਿਸਟਸ ਨੂੰ ਛੱਡ ਕੇ ਜਿਹੜੇ ਇਹ ਇਨਸੀਡੈਂਟਸ ਕਰਦੇ ਹਨ ਜਾਂ ਜਿਹੜੇ ਅਜਿਹੇ ਲੋਕਾਂ ਨੂੰ ਪਿਛੋਂ ਉਤਸਾਹ ਦਿੰਦੇ ਹਨ, ਬਾਕੀ ਸਭ ਨੂੰ ਮਿਲ ਕੇ, ਸਾਰੇ ਪੰਜਾਬ ਨੂੰ ਇਕੱਠੇ ਹੋਕੇ ਉਨ੍ਹਾਂ ਨੂੰ ਦਬਾਉਣਾ ਚਾਹੀਦਾ ਹੈ ਔਰ ਇਨ੍ਹਾਂ ਹਾਲਾਤ ਨੂੰ ਠੀਕ ਕਰਨਾ ਚਾਹੀਦਾ ਹੈ ।

ਪਰਸੋਂ ਮੈਂ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ ਅਸੀਂ ਆਪਣੇ ਪੰਜਾਬ ਵਿਚ ਲੋਕਾਂ ਨੂੰ ਤਰੱਕੀ ਵਲ ਨੂੰ ਲੈ ਜਾਣਾ ਹੈ ਔਰ ਇਸ ਵਾਸਤੇ ਜਿਹੜੀ ਪਾਣੀ ਦੀ ਗੱਲ ਇਥੇ ਆਈ ਸੀ ਉਸ ਵੇਲੇ ਮੈਂ ਕਿਹਾ ਸੀ ਕਿ ਇਹ ਜਿਹੜਾ ਪਾਣੀ ਦੇ ਬਾਰੇ ਫੈਸਲਾ ਕੀਤਾ ਹੈ, ਇਹ ਸਾਰਿਆਂ ਨੇ ਮਨਜ਼ੂਰ ਕੀਤਾ ਹੈ ਔਰ ਸਾਡੇ ਪੰਜਾਬ ਨੂੰ ਵੱਧ ਪਾਣੀ ਮਿਲਿਆ ਹੈ । ਜੇ ਅੱਜ ਹਰਿਆਣਾ ਔਰ ਪੰਜਾਬ ਇਕੱਠੇ ਹੁੰਦੇ ਤਾਂ ਇਹ ਸਾਰੇ ਦਾ ਸਾਰਾ ਪਾਣੀ ਹਰਿਆਣੇ ਨੂੰ ਜਾਣਾ ਸੀ । ਪਰ ਹੁਣ 60 : 40 ਦੀ ਰੇਸ਼ੋ ਨਾਲ ਪਾਣੀ ਨੂੰ ਵੰਡਿਆ ਗਿਆ ਹੈ ਔਰ ਮੈਂ ਤਾਂ ਸਮਝਦਾ ਹਾਂ ਕਿ ਇਸ ਨਾਲ ਸਾਡੀ ਪੰਜਾਬ ਦੀ 3 ਲੱਖ ਏਕੜ ਜ਼ਮੀਨ ਹੋਰ ਸੈਰਾਬ ਹੋਵੇਗੀ ਔਰ ਅਸੀਂ ਪੰਜਾਬ ਦੀ ਧਰਤੀ ਨੂੰ ਸੁੱਕਾ ਨਹੀਂ ਰਹਿਣ ਦੇਵਾਂਗੇ । ਇਸ ਤੋਂ ਇਲਾਵਾ ਜੇ ਕੋਈ ਹੋਰ ਵੀ ਤਕਲੀਫ਼ ਇਸ ਮਸਲੇ ਤੇ ਪੰਜਾਬ ਨੂੰ ਆਵੇਗੀ, ਕੋਈ ਟੈਕਨੀਕਲ ਖਿੱਚ ਹੋਵੇਗੀ ਤਾਂ ਉਹ ਸੈਂਟਰ ਨਾਲ ਗੱਲਬਾਤ ਕਰਕੇ ਪੂਰੀ ਕਰਾਂਗੇ । ਸਾਨੂੰ ਜਦੋਂ ਵੀ ਦਿੱਲੀ ਜਾਣ ਦਾ ਮੌਕਾ ਮਿਲਦਾ ਹੈ ਤਾਂ ਅਸੀਂ ਲੋਕਾਂ ਦੇ ਭਲੇ ਲਈ ਜਿਹੜੀ ਵੀ ਕੋਈ ਗੱਲ ਕਰਨੀ ਹੁੰਦੀ ਹੈ, ਉਹ ਕਰਦੇ ਹਾਂ । ਪਰ ਅਸੀਂ ਇਹ ਚਾਹੁੰਦੇ ਹਾਂ ਕਿ ਹਿੰਦੁਸਤਾਨ ਸਾਰਾ ਇਕ ਹੈ ਔਰ ਸਮੁੱਚੇ ਹਿੰਦੁਸਤਾਨ ਦੀ ਤਰੱਕੀ ਹੋਣੀ ਚਾਹੀਦੀ ਹੈ । ਅਸੀਂ ਆਰਥਿਕ ਤੌਰ ਤੇ ਤਾਂ ਹੀ ਮਜ਼ਬੂਤ ਹੋ ਸਕਦੇ ਹਾਂ ਜੇ ਸਾਰਾ ਹਿੰਦੁਸਤਾਨ ਮਜ਼ਬੂਤ ਹੋਵੇਗਾ ।

---

## EXTENSION OF TIME OF THE SITTING

**ਸ੍ਰੀ ਸਪੀਕਰ** : ਹਾਊਸ ਦੀ ਮਰਜ਼ੀ ਨਾਲ ਹਾਊਸ ਦੀ ਬੈਠਕ ਦਾ 15 ਮਿੰਟ ਸਮਾਂ ਹੋਰ ਐਕਸਟੈਂਡ ਕੀਤਾ ਜਾਂਦਾ ਹੈ ।

**ਮੁੱਖ ਮੰਤਰੀ** : ਬੱਸ ਜੀ, ਮੈਂ ਖਤਮ ਕਰ ਦਿੰਦਾ ਹਾਂ ।

**ਸ੍ਰੀ ਸਪੀਕਰ** : ਹਾਊਸ ਦਾ ਸਮਾਂ ਐਕਸਟੈਂਡ ਕਰ ਦਿੱਤਾ ਹੈ, ਹੁਣ ਚਾਹੇ ਬੋਲ ਲਵੋ ।

---

## SUBSTANTIVE MOTION *RE*: CONDEMNATION OF THE ACTIVITIES OF DIVISIVE AND EXTREMIST ELEMENTS IN THE PUNJAB STATE INSPIRED BY REACTIONARY AND CAPITALIST FORCES (*Resumption*),

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਇਹ ਜਿਹੜੇ ਆਰਥਿਕ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਸਲੇ ਹਨ, ਇਨ੍ਹਾਂ ਨੂੰ ਹਲ ਕਰਨ ਲਈ ਸਾਡੀ ਸਰਕਾਰ ਪੂਰੀ ਕੋਸ਼ਿਸ਼ ਕਰਦੀ ਹੈ । ਅਸੀਂ ਵੀ ਚਾਹੁੰਦੇ ਹਾਂ ਕਿ ਸਾਡਾ ਪੰਜਾਬ ਦਾ ਕੋਈ ਖੇਤ ਸੁੱਕਾ ਨਾ ਰਹੇ, ਹਰ ਆਦਮੀ ਚਾਹੁੰਦਾ ਹੈ ਕਿ ਪਾਣੀ ਮਿਲੇ, ਥੀਨ ਡੈਮ ਜਲਦੀ ਬਣੇ ਅਤੇ ਇਸ ਤੋਂ ਇਲਾਵਾ ਜਿਹੜੇ ਹੋਰ ਪਰੋਜੈਕਟ ਚਲ ਰਹੇ ਹਨ ਉਹ ਤਿਆਰ ਹੋਣ । ਇਨ੍ਹਾਂ ਦੇ ਬਣ ਜਾਣ ਨਾਲ ਬਿਜਲੀ ਜ਼ਿਆਦਾ ਹੋਵੇਗੀ ਔਰ ਪਾਣੀ ਵੀ ਜ਼ਿਆਦਾ ਵਧੇਗਾ । ਅਸੀਂ ਤਾਂ ਪੰਜਾਬ ਦੀ ਤਰੱਕੀ ਲਈ ਹਰ ਕੋਸ਼ਿਸ਼ ਕਰਦੇ ਹਾਂ । ਮਾਲਵੇ ਬੈਲਟ ਵਿਚ ਜਿਥੇ ਕਦੇ ਕਿਸੇ ਨੇ ਵੀ ਖਿਆਲ ਨਹੀਂ ਸੀ ਕੀਤਾ, ਇਨ੍ਹਾਂ ਦਾ ਆਪਣਾ ਇਲਾਕਾ ਹੁੰਦੇ ਹੋਏ ਵੀ ਇਨ੍ਹਾਂ ਨੇ ਖਿਆਲ ਨਹੀਂ ਸੀ ਕੀਤਾ, ਅਸੀਂ ਉਥੇ ਵੀ ਕਈ ਕੋਆਪਰੇਟਿਵ ਮਿਲਾਂ ਔਰ ਸਪਿੰਨਿੰਗ ਮਿਲਾਂ ਲਾਈਆਂ ਹਨ । ਅਸੀਂ ਚਾਹੁੰਦੇ ਹਾਂ ਕਿ ਉਸ ਇਲਾਕੇ ਦੀ ਵੀ ਤਰੱਕੀ ਹੋਵੇ ਔਰ ਲੋਕਾਂ ਨੂੰ ਰੋਜ਼ਗਾਰ ਮਿਲੇ । ਮੇਰੇ ਇਕ ਦੋਸਤ ਨੇ ਇਹ ਕਿਹਾ ਸੀ ਕਿ ਇਸ ਇਲਾਕੇ ਵਿਚ ਇਹ ਮਿਲਾਂ ਲਾਉਣ ਨਾਲ ਜਿਹੜੀ ਲੇਬਰ ਕੰਮ ਕਰੇਗੀ ਉਹ ਕਮਿਊਨਿਸਟ ਮਾਈਂਡਿਡ ਹੋ ਜਾਵੇਗੀ । ਇਸ ਤੇ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਇਨ੍ਹਾਂ ਅਕਾਲੀਆਂ ਨਾਲੋਂ ਤਾਂ ਕਮਿਊਨਿਸਟ ਮਾਈਂਡਿਡ ਲੇਬਰ ਚੰਗੀ ਹੈ । ਜੇ ਕਦੇ ਉਹ ਮੰਗ ਕਰੇਗੀ ਤਾਂ ਇਹ ਕਰੇਗੀ ਕਿ ਸਾਡੀ ਦਿਹਾੜੀ ਥੋੜੀ ਹੈ, ਇਹ ਵਧਾਓ, ਸਾਨੂੰ ਹੋਰ ਸਹੂਲਤਾਂ ਦਿਓ, ਸਾਡੀ ਸਿਹਤ ਦਾ ਖਿਆਲ ਰੱਖੋ, ਸਾਨੂੰ ਜ਼ਰੂਰੀ ਵਸਤਾਂ ਸਪਲਾਈ ਕਰੋ, ਹੋਰ ਸਹੂਲਤਾਂ ਦਿਓ, ਜਿਹੜੀ ਅਸੀਂ ਕਰ ਸਕਦੇ ਹੋਵਾਂਗੇ, ਕਰਾਂਗੇ ਪਰ ਇਨ੍ਹਾਂ ਵਾਂਗ ਕੋਈ ਇਸ ਤਰ੍ਹਾਂ ਤਾਂ ਨਹੀਂ ਕਹੇਗਾ ਕਿ ਪੰਥ ਖਤਰੇ ਵਿਚ ਹੈ । ਇਸ ਲਈ ਅਸੀਂ ਚਾਹੁੰਦੇ ਹਾਂ ਕਿ ਪੁਲਿਟੀਕਲੀ ਅਸੀਂ ਸਾਰੇ ਇਕੱਠੇ ਹੋ ਕੇ ਇਸ ਆਰਥਿਕ ਸਥਿਤੀ ਨੂੰ ਠੀਕ ਕਰਨਾ ਹੈ । ਪਰ ਮੈਂ ਇਹ ਦਸਦਾ ਹਾਂ ਕਿ ਜੇ ਅਸੀਂ ਕਿਸੇ ਮੁਲਕ ਨੂੰ ਅਨਾਜ ਦਿੰਦੇ ਹਾਂ ਤਾਂ ਉਨ੍ਹਾਂ ਮੁਲਕਾਂ ਤੋਂ ਤੇਲ ਵੀ ਲੈਂਦੇ ਹਾਂ, ਪੈਟ੍ਰੋਲ ਵੀ ਲੈਂਦੇ ਹਾਂ, ਹੋਰ ਵੀ ਚੀਜ਼ਾਂ ਲੈਂਦੇ ਹਾਂ । ਇਹ ਤਾਂ ਹਿੰਦੁਸਤਾਨ ਵਿਚ ਇੰਟਰ ਡਿਪੈਂਡੈਂਟ ਸਾਰੀ ਚੀਜ਼ ਹੁੰਦੀ ਹੈ । ਕੋਈ ਹਿੰਦੁਸਤਾਨ ਵਿਚ ਇਹ ਨਹੀਂ ਕਹਿ ਸਕਦਾ ਕਿ ਸਾਡੀ ਸਟੇਟ ਹਿੰਦੁਸਤਾਨ ਦਾ ਹਿੱਸਾ ਨਹੀਂ । ਅਸੀਂ ਆਪਣੇ ਆਪ ਨੂੰ ਅਲਹਿਦਾ ਨਹੀਂ ਰੱਖਣਾ ਚਾਹੁੰਦੇ, ਅਸੀਂ ਇਹ ਸੋਚਦੇ ਹਾਂ ਕਿ ਅਸੀਂ ਸਾਰੇ ਇਕੱਠੇ ਹਾਂ ਜਿਹੜੇ ਦੂਜਿਆਂ ਨੂੰ ਉਜਾੜਣਾ ਚਾਹੁੰਦੇ ਹਨ ਉਹ ਖੁਦ ਆਪ ਉਜੜ ਜਾਣਗੇ । ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਕਿ ਅਸੀਂ ਸਾਰੇ ਨੈਸ਼ਨਲ ਇੰਟੇਗਰੇਸ਼ਨ ਨੂੰ ਮਜ਼ਬੂਤ ਕਰੀਏ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜਾ ਮਤਾ ਅੱਜ ਪੇਸ਼ ਹੋਇਆ ਹੈ ਇਸ ਨੂੰ ਸਰਬ-ਸੰਮਤੀ ਨਾਲ ਪਾਸ ਕਰੀਏ ਅਤੇ ਇਸ ਮਤੇ ਤੇ ਅਮਲ ਕਰੀਏ ।

**Mr. Speaker** : Question is—

That this House condemns the activities of divisive and extremist elements in the Punjab State inspired by reactionary and capitalist forces.

**Doctor Bhagat Singh** : No, its form is wrong. The form of the resolution which was agreed upon in the Business Advisory Committee is not here, hence I oppose it.

**Mr. Speaker** : The form is the same which was agreed upon in

Original with;
Punjab Vidhan Sabha
Digitized by;
Panjab Digital Library

the Business Advisory Committee.

*The Motion was carried.*

**Mr. Speaker**: The House stands adjourned *sine-die*.

*3.03 P.M.

(*The Sabha then adjourned* sine-die*)*

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the Authority of the Punjab Vidhan Sabha and printed by the Controller, Printing & Stationery, Punjab, at the Govt. Press, Patiala

Original with;
Punjab Vidhan Sabha
Digitized by;
Panjab Digital Library

B-19117

Original with;
Punjab Vidhan Sabha
Digitized by;
Panjab Digital Library

46

Original with;
Punjab Vidhan Sabha
Digitized by;
Panjab Digital Library